
# ਖੂਨ ਕੇ ਸੋਹਿਲੇ ਗਾਵੀਅਹਿ



ਡਾ. ਹਰਮਿੰਦਰ ਸਿੰਘ ਬੇਦੀ

Digitized by Panjab Digital Library | www.panjabdigilib.org



652231

ਡਾ. ਹਰਬੰਸ ਸਿੰਘ ਚਾਵਲਾ (ਐਮ.ਏ. ਯੂ.ਐਸ.ਏ., ਪੀ.ਐਚ.ਡੀ. ਦਿੱਲੀ ਯੂਨੀਵਰਸਿਟੀ) ਪੰਜਾਬ ਅਤੇ ਸਿੱਖ ਇਤਿਹਾਸ ਦੇ ਗੰਭੀਰ ਚਿੰਤਕ ਅਤੇ ਖੋਜੀ ਹਨ। ਸੇਵਾ ਸਿਫ਼ਤੀ ਇਨਾਮ ਨਾਲ ਸਨਮਾਨਿਤ ਡਾ. ਚਾਵਲਾ ਆਪਣੇ ਵਿਦਿਆਰਥੀ ਜੀਵਨ ਤੋਂ ਹੀ ਸਿੱਖ ਇਤਿਹਾਸ ਨਾਲ ਜੁੜੇ ਹੋਏ ਹਨ। ਉਹ 1955-56 ਵਿੱਚ ਦਿੱਲੀ ਯੂਨੀਵਰਸਿਟੀ ਵੱਲੋਂ ਪਾਕਿਸਤਾਨ ਭੇਜੇ ਗਏ ਛੇ ਮੈਂਬਰੀ ਡੈਲੀਗੇਸ਼ਨ ਵਿੱਚ ਸ਼ਾਮਲ ਸਨ। ਇਸ ਡੈਲੀਗੇਸ਼ਨ ਦਾ ਮਕਸਦ ਦੋਹਾਂ ਦੇਸ਼ਾਂ ਵਿੱਚ ਸਾਹਿਤਕ ਅਤੇ ਸਭਿਆਚਾਰਕ ਮੇਲ-ਜੋਲ ਵਧਾਉਣਾ ਸੀ। 1961-1963 ਅਤੇ 1974-1976 ਦੌਰਾਨ ਅਮਰੀਕਾ ਵਿੱਚ ਪੜ੍ਹਦਿਆਂ ਡਾ. ਚਾਵਲਾ ਨੇ ਨਿਊਯਾਰਕ , ਵਾਸ਼ਿੰਗਟਨ ਅਤੇ ਟੋਰੋਂਟੋ ਆਦਿ ਸ਼ਹਿਰਾਂ ਵਿੱਚ ਸਿੱਖ ਧਰਮ ਸਬੰਧੀ ਕਈ ਲੈਕਚਰ ਦਿੱਤੇ। ਨਿਊਯਾਰਕ ਤੋਂ ਸ਼ੁਰੂ ਕੀਤੇ ਗਏ 'The American Sikh Review' ਦੇ ਇਹ ਮੋਢੀ ਸਨ, ਪਰ ਇਨ੍ਹਾਂ ਦੇ ਸੁਦੇਸ਼ ਪਰਤ ਆਉਣ ਤੋਂ ਬਾਅਦ ਇਹ ਪਰਚਾ ਬੰਦ ਹੋ ਗਿਆ। ਆਪ ਪੰਜਾਬੀ ਕੋਔਪਰੇਟਿਵ ਸੁਸਾਇਟੀ ਨਵੀਂ ਦਿੱਲੀ ਅਤੇ ਜੇਹਲਮ ਗੁਜਰਾਤ ਸਿੱਖ ਬਰਾਦਰੀ ਦੇ ਜਨਰਲ ਸਕੱਤਰ ਰਹੇ। ਡਾ. ਚਾਵਲਾ ਅਨੇਕ ਪੰਜਾਬੀ ਮਾਸਕ ਪੱਤਰਾਂ ਦੀ ਸੰਪਾਦਨਾ ਨਾਲ ਜੁੜੇ ਰਹੇ ਹਨ ਜਿਨ੍ਹਾਂ ਵਿਚ ਸੀਸ ਗੰਜ, ਕੇਸਰ ਕਿਆਰੀ, ਸਾਂਝਾ ਸੰਦੇਸ਼, ਸਿੱਖ ਬਾਲ ਫੁਲਵਾੜੀ ਅਤੇ ਗੁਰਮਤਿ ਮਿਸ਼ਨਰੀ ਆਦਿ ਸ਼ਾਮਲ ਹਨ। ਹੁਣ ਤਕ ਅੱਧੀ ਦਰਜਨ ਤੋਂ ਵੱਧ ਪੁਸਤਕਾਂ ਦੇ ਲੇਖਕ ਡਾ. ਚਾਵਲਾ ਦੇ ਖੋਜ ਭਰਪੂਰ ਲੇਖ ਅਖ਼ਬਾਰਾਂ ਅਤੇ ਮਾਸਕ ਪੱਤਰਾਂ ਵਿੱਚ ਛਪਦੇ ਰਹਿੰਦੇ ਹਨ। ਡਾ. ਚਾਵਲਾ ਨੇ ਸਿੱਖ ਇਤਿਹਾਸ ਸਬੰਧੀ ਹੁੰਦੇ ਕਈ ਸੈਮੀਨਾਰਾਂ ਵਿੱਚ ਹਿੱਸਾ ਲਿਆ ਹੈ ਅਤੇ ਵਿਦਵਾਨ ਸਰੋਤਿਆਂ ਨੂੰ ਆਪਣੀ ਵਿਦਵਤਾ ਨਾਲ ਪ੍ਰਭਾਵਿਤ ਕੀਤਾ ਹੈ। ਹੱਥਲੀ ਪੁਸਤਕ 'ਪੰਜਾਬ ਦੇ ਕੌਮੀ ਸ਼ਹੀਦ' ਉਨ੍ਹਾਂ ਦੀ ਗੰਭੀਰ ਸੋਚ ਅਤੇ ਖੋਜ ਦੀ ਵਡੀ ਪ੍ਰਾਪਤੀ ਹੈ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਪੰਜਾਬ ਦੇ ਕੌਮੀ ਸ਼ਹੀਦ

## (Punjab Martyrs)

Digitized by Panjab Digital Library | www.panjabdigilib.org

## *ਏਸੇ ਕਲਮ ਤੋਂ*

- ਗੁਰੂ ਗ੍ਰੰਥ ਬਾਣੀ ਵਿਚ ਸਮਕਾਲੀ ਸਮਾਜਕ ਚਿੱਤਰ
- ਗੁਰੂ ਅਮਰਦਾਸ ਜੀ (ਜੀਵਨ ਅਤੇ ਸੰਦੇਸ਼)
- ਅਣਖੀਲਾ ਜਰਨੈਲ, ਅਕਾਲੀ ਫੂਲਾ ਸਿੰਘ
- Guru Nanak - Prophet of the People (ਸੰਪਾਦਿਤ)
- Guru Amar Dass(a short biography)

### ਕਹਾਣੀ ਸੰਗ੍ਰਹਿ

  - ਕੌੜੇ ਸੱਚ
  - ਕਾਲੇ ਚਿੱਟੇ ਪੱਥਰ
  - ਬੁੱਢੀ ਚੁੜੇਲ ਤੇ ਹੋਰ ਕਹਾਣੀਆਂ (ਬਚਿਆਂ ਲਈ)

- ਬਾਬਰਨਾਮਾ (ਪੰਜਾਬੀ ਅਨੁਵਾਦ – ਤੁਜ਼ਕੇ ਬਾਬਰੀ) (ਅਪ੍ਰਕਾਸ਼ਿਤ)
- ਹਰਿਮੰਦਰ ਸਾਹਿਬ ਦੀ ਕਲਾ (,,)
- 17ਵੀਂ ਅਤੇ 18ਵੀਂ ਸਦੀ ਦੇ ਸਿੱਖ ਸ਼ਹੀਦ (,,)

Digitized by Panjab Digital Library | www.panjabdigilib.org

# ਪੰਜਾਬ ਦੇ ਕੌਮੀ ਸ਼ਹੀਦ

ਡਾ: ਹਰਬੰਸ ਸਿੰਘ ਚਾਵਲਾ

ਦਿ.ਸਿ.ਗੁ.ਪ੍ਰ.ਕਮੇਟੀ
ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਨਵੀ ਦਿੱਲੀ

Digitized by Panjab Digital Library | www.panjabdigilib.org

**Punjab De Kaumi Shaheed**
*(Punjab Martyrs)*
**ਪੰਜਾਬ ਦੇ ਕੌਮੀ ਸ਼ਹੀਦ**

ਡਾ: ਹਰਬੰਸ ਸਿੰਘ ਚਾਵਲਾ
ਰੀਡਰ, ਇਤਿਹਾਸ ਵਿਭਾਗ
ਸ੍ਰੀ ਗੁਰੂ ਤੇਗ਼ ਬਹਾਦਰ ਖ਼ਾਲਸਾ ਕਾਲਜ, ਦਿੱਲੀ ਯੂਨੀਵਰਸਿਟੀ

*All rights reserved*

ਪਹਿਲੀ ਵਾਰ : ਨਵੰਬਰ, 2000
ਕੀਮਤ : 120 ਰੁਪੈ

ਪ੍ਰਕਾਸ਼ਕ
ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

ਪ੍ਰਿੰਟਰ
ਗੁਰ ਉਪਦੇਸ਼ ਪ੍ਰਿੰਟਰਜ਼
ਗੁਰਦੁਆਰਾ ਰਕਾਬ ਗੰਜ ਸਾਹਿਬ,
ਨਵੀਂ ਦਿੱਲੀ - 110 001

Digitized by Panjab Digital Library | www.panjabdigilib.org

# ਸਮਰਪਣ

ਅਮਰੀਕਾ ਅਤੇ ਕੈਨੇਡਾ ਵਿਚ ਵਸਦੇ
ਉਨ੍ਹਾਂ ਵਿਛੜੇ ਪਾਣੀਆਂ (ਭੈਣਾਂ ਅਤੇ ਭਰਾਵਾਂ)
ਨੂੰ
ਜਿੱਥੇ ਭਾਰਤ ਦੀ ਆਜ਼ਾਦੀ ਲਈ
ਗ਼ਦਰ ਲਹਿਰ
ਸ਼ੁਰੂ ਹੋਈ ਸੀ।

Digitized by Panjab Digital Library | www.panjabdigilib.org

# ਤਤਕਰਾ


| ਕ੍ਰਮ ਨੰ: | | ਪੰਨਾ |
|---|---|---|
| 1. | Foreword, Dr. Mohinder Singh | ੳ |
| 2. | ਮੁਖਬੰਧ, ਐਮ. ਐਲ. ਆਹਲੂਵਾਲੀਆ | ਅ |
| 3. | ਪਰਸੰਸਾ | ਸ |
| 4. | ਆਪਣੇ ਵਲੋਂ | ਕ |
| 5. | ਭਾਈ ਮਹਾਰਾਜ ਸਿੰਘ | 1 |
| 6. | ਬਾਬਾ ਰਾਮ ਸਿੰਘ | 12 |
| 7. | ਮਦਨ ਲਾਲ ਢੀਂਗਰਾ | 28 |
| 8. | ਸ੍ਰ: ਬਲਵੰਤ ਸਿੰਘ ਕੈਨੇਡੀਅਨ | 42 |
| 9. | ਭਾਈ ਭਾਗ ਸਿੰਘ ਭਿੱਖੀ ਵਿੰਡ | 50 |
| 10. | ਭਾਈ ਬਤਨ ਸਿੰਘ | 57 |
| 11. | ਭਾਈ ਮੇਵਾ ਸਿੰਘ | 63 |
| 12 | ਪੰਡਿਤ ਕਾਂਸ਼ੀ ਰਾਮ | 71 |
| 13. | ਬਾਬਾ ਗੁਰਦਿੱਤ ਸਿੰਘ | 80 |
| 14. | ਸੋਹਨ ਲਾਲ ਪਾਠਕ | 94 |
| 15. | ਬਾਬੂ ਹਰਨਾਮ ਸਿੰਘ ਕਾਹਰੀ ਸਾਹਰੀ | 102 |
| 16. | ਡਾ: ਅਰੂੜ ਸਿੰਘ | 109 |
| 17. | ਡਾ: ਮਥਰਾ ਸਿੰਘ | 111 |
| 18. | ਬਾਬਾ ਸੋਹਣ ਸਿੰਘ ਭਕਨਾ | 115 |
| 19. | ਸ੍ਰ: ਕਰਤਾਰ ਸਿੰਘ ਸਰਾਭਾ | 127 |
| 20. | ਭਾਈ ਰਣ ਸਿੰਘ | 146 |
| 21. | ਕਿਸ਼ਨ ਸਿੰਘ ਗੜਗੱਜ | 152 |
| 22. | ਹਰੀ ਕਿਸ਼ਨ | 164 |
| 23. | ਸ੍ਰ: ਅਜੀਤ ਸਿੰਘ | 169 |
| 24. | ਲਾਲਾ ਲਾਜਪਤ ਰਾਏ | 182 |
| 25. | ਸ੍ਰ: ਭਗਤ ਸਿੰਘ | 199 |
| 26. | ਸ੍ਰ: ਸੇਵਾ ਸਿੰਘ ਠੀਕਰੀਵਾਲਾ | 219 |
| 27. | ਸ੍ਰ: ਆਤਮਾ ਸਿੰਘ | 228 |
| 28. | ਸ੍ਰ: ਊਧਮ ਸਿੰਘ ਸੁਨਾਮ | 231 |
| 29. | ਡਾ: ਦੀਵਾਨ ਸਿੰਘ ਕਾਲੇਪਾਣੀ | 251 |
| 30. | ਡਾ: ਗੁਰਬਖ਼ਸ਼ ਰਾਏ ਨਾਲ ਇਕ ਮੁਲਾਕਾਤ | 263 |
| 31. | ਬਾਬਾ ਖੜਕ ਸਿੰਘ | 275 |
| 32. | ਸਿੱਖ ਗੁਰਦੁਆਰਿਆਂ ਦਾ ਯੋਗਦਾਨ | 288 |
| 33. | ਪੁਸਤਕ ਸੂਚੀ | 300 |


Digitized by Panjab Digital Library | www.panjabdigilib.org

## ਤਸਵੀਰਾਂ ਦਾ ਵੇਰਵਾ


1. ਬਾਬਾ ਰਾਮ ਸਿੰਘ
2. ਭਾਈ ਮਹਾਰਾਜ ਸਿੰਘ
3. ਸ੍ਰ: ਬਲਵੰਤ ਸਿੰਘ ਕੈਨੇਡੀਅਨ
4. ਮਦਨ ਲਾਲ ਢੀਂਗਰਾ
5. ਭਾਈ ਭਾਗ ਸਿੰਘ ਭਿੱਖੀਵਿੰਡ
6. ਸ੍ਰ: ਮੇਵਾ ਸਿੰਘ
7. ਬਾਬਾ ਗੁਰਦਿੱਤ ਸਿੰਘ
8. ਪੰਡਿਤ ਕਾਂਸ਼ੀ ਰਾਮ
9. ਸੋਹਨ ਲਾਲ ਪਾਠਕ
10. ਡਾ: ਅਰੂੜ ਸਿੰਘ
11. ਡਾ: ਮਥਰਾ ਸਿੰਘ
12. ਬਾਬੂ ਹਰਨਾਮ ਸਿੰਘ
13. ਸ੍ਰ: ਸੋਹਣ ਸਿੰਘ ਭਕਨਾ
14. ਅਕਾਲੀ ਮੋਰਚਿਆਂ ਦੀ ਇਕ ਦੁਰਲੱਭ ਤਸਵੀਰ
15. ਸ੍ਰ: ਕਿਸ਼ਨ ਸਿੰਘ ਗੜਗੱਜ
16. ਸ਼ਹੀਦ ਹਰੀ ਕਿਸ਼ਨ
17. ਸ੍ਰ: ਅਜੀਤ ਸਿੰਘ
18. ਡਾ: ਗੁਰਬਖ਼ਸ਼ ਰਾਏ ਅਤੇ ਉਨ੍ਹਾਂ ਦੀ ਪਤਨੀ ਸੁਖਦੇਈ
19. ਲਾਲਾ ਲਾਜਪਤ ਰਾਏ
20. ਗੁਰੂ ਕੇ ਬਾਗ਼ ਦਾ ਇਕ ਦ੍ਰਿਸ਼
21. ਸ੍ਰ: ਭਗਤ ਸਿੰਘ
22. ਸ੍ਰ: ਸੇਵਾ ਸਿੰਘ ਠੀਕਰੀਵਾਲਾ
23. ਸ੍ਰ: ਆਤਮਾ ਸਿੰਘ
24. ਸ੍ਰ: ਕਰਤਾਰ ਸਿੰਘ ਸਰਾਭਾ
25. ਸੈਲੂਲਰ ਜੇਲ੍ਹ ਕਾਲੇਪਾਣੀ
26. ਡਾ: ਦੀਵਾਨ ਸਿੰਘ ਕਾਲੇਪਾਣੀ
27. ਬਾਬਾ ਖੜਕ ਸਿੰਘ
28. 'ਗ਼ਦਰ' ਅਖ਼ਬਾਰ ਦਾ ਇਕ ਪੰਨਾ
29. ਸਿੱਖ ਗੁਰਦੁਆਰਾ ਵੈਨਕੂਵਰ
30. ਯੁਗਾਂਤਰ ਆਸ਼ਰਮ, ਸਾਨਫ੍ਰਾਂਸਿਸਕੋ
31. 'ਗ਼ਦਰ' ਅਖਬਾਰ ਦਾ ਇਕ ਪੰਨਾ, ਫ਼ਾਂਸੀ ਲਟਕੇ ਨੌਜਵਾਨ
32. ਸ੍ਰ: ਊਧਮ ਸਿੰਘ ਸੁਨਾਮ


Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ੴ

## FOREWORD

During their two hundred years' rule in India the British administrators and historians invented and perpetuated many myths to strengthen their hold over this subcontinent and to weaken popular people's movements. The most significant of these all was the myth of the proverbial loyalty of the Punjab to the British Raj. It was with this aim in mind that the British administrators and historians presented a distorted and one-sided version of the popular uprisings in India and presented a dismal picture of India's unity in diversity. While in independent India large body of literature has been produced on the country's struggle for independence not much has been done to demolish the myths popularised by the British rulers and historians.

Soon after the defeat of the Sikhs in two Anglo-Sikh Wars (1844-45 and 1848-49) the Punjab was annexed to the British empire in May, 1849 through a Declaration of Lord Dalhousie, the Governor General of India. It is interesting to note that while the new masters of Punjab cleverly tried to win back the landed aristocracy by giving them huge jagirs and by leaving their religious endowments undisturbed, freedom loving Punjabis did not reconcile to the loss of sovereignty. This became evident when Diwan Mul Raj, Governor of Multan, heralded the revolt against the British and all patriotic Punjabis rallied under his banner. Even when Maharaja Duleep Singh had been moved from the political control the loyal Diwan continued to fight under the banner of the deposed Maharaja. Other chiefs like Sardar Sham Singh Attariwala also raised the banners of revolt against the British and died fighting in the field of action.

While the Universities in Punjab and Punjab Research Groups outside have done considerable work highlighting Punjab's pioneering role in country's struggle for freedom some of the lessor known freedom fighters and martyrs still remain in oblivion. Dr. Harbans Singh Chawla has done a singular service to these freedom fighters of Punjab by writing brief sketches about them in this monograph. Dr. Chawla, a keen student of Punjab history, has been collecting material on these heroes from different repositories at home and abroad, especially material on the Ghadrites from Canada and California, has done well in utilizing his source-material in the present volume. I am sure the volume will be read with interest and will make good addition to the extant literature on the subject.

**MOHINDER SINGH**

**NATIONAL INSTITUTE OF PANJAB STUDIES**
**NEW DELHI**

Digitized by Panjab Digital Library | www.panjabdigilib.org

# ਮੁਖਬੰਧ

ਮੈਂ ਪ੍ਰੋਫ਼ੈਸਰ ਚਾਵਲਾ ਸਾਹਿਬ ਨੂੰ ਕੋਈ ਅਰਸਾ ਚਾਲ੍ਹੀ ਸਾਲ ਤੋਂ ਜਾਣਦਾ ਹਾਂ ਜਿਸ ਸਮੇਂ ਉਹ ਨੈਸ਼ਨਲ ਆਰਕਾਈਵਜ਼, ਨਵੀਂ ਦਿੱਲੀ, ਇਤਿਹਾਸ ਦੀ ਖੋਜ ਲਈ ਆਇਆ ਕਰਦੇ ਸਨ। ਪ੍ਰੋਫ਼ੈਸਰ ਚਾਵਲਾ ਜੀ ਮੈਨੂੰ ਸ਼ੁਰੂ ਤੋਂ ਹੀ ਇਕ ਉਭਰਦੇ ਹੋਏ ਇਤਿਹਾਸ ਦੇ ਵਿਚਾਰਵਾਨ ਅਤੇ ਖੋਜੀ ਨਜ਼ਰ ਆਉਂਦੇ ਸਨ। ਇਹ ਗੱਲ ਹੁਣ ਉਨ੍ਹਾਂ ਦੇ ਦੋ ਦਰਜਨ ਦੇ ਕਰੀਬ ਸਿੱਖ ਇਤਿਹਾਸ ਤੇ ਲੇਖ ਅਤੇ ਪੁਸਤਕਾਂ ਤੋਂ ਸਿੱਧ ਹੋ ਜਾਂਦੀ ਹੈ। ਪ੍ਰੋਫ਼ੈਸਰ ਸਾਹਿਬ ਪੰਜਾਬ ਦੇ ਇਤਿਹਾਸ ਨੂੰ ਨਵੇਂ ਸਿਰੇ ਨਾਲ ਵੇਖਣ ਲਈ ਪੰਜਾਬ ਇਤਿਹਾਸ ਸੁਸਾਇਟੀ ਦੇ ਦਿੱਲੀ ਦੇ ਆਗੂਆਂ ਵਿਚੋਂ ਇਕ ਮੰਨੇ-ਪ੍ਰਮੰਨੇ ਕਾਰਜਕਰਤਾ ਵੀ ਰਹੇ ਹਨ। ਉਦੋਂ ਅਸੀਂ ਇਕ ਸੰਸਥਾ ਕਾਇਮ ਕੀਤੀ ਸੀ ਜਿਸ ਵਿਚ ਡਾ: ਫੌਜਾ ਸਿੰਘ, ਡਾ: ਹਰੀ ਰਾਮ ਗੁਪਤਾ, ਡਾ: ਸੰਗਤ ਸਿੰਘ, ਦਾਸ, ਪ੍ਰੋ: ਗੁਰਦਿਆਲ ਸਿੰਘ, ਸ੍ਰ: ਮਾਨ ਸਿੰਘ ਅਤੇ ਪ੍ਰੋਫੈਸਰ ਹਰਬੰਸ ਸਿੰਘ ਚਾਵਲਾ ਇਤਿਆਦਿ ਮੈਂਬਰ ਸ਼ਾਮਲ ਸਨ। ਪ੍ਰੋਫ਼ੈਸਰ ਸਾਹਿਬ ਦੀ ਇਹ ਪੁਸਤਕ, ਜੋਕਿ ਪੰਜਾਬ ਦੇ ਮੰਨੇ ਪ੍ਰਮੰਨੇ ਸੁਤੰਤਰਤਾ ਸੈਨਾਨੀਆਂ ਨੂੰ ਸ਼ਰਧਾਂਜਲੀ ਦੇਣੇ ਵਜੋਂ ਲਿਖੀ ਗਈ ਹੈ, ਮੇਰੇ ਉਪਰ ਵਾਲੇ ਵਿਚਾਰਾਂ ਦੀ ਹੋਰ ਵੀ ਪੁਸ਼ਟੀ ਕਰਦੀ ਹੈ। ਇਨ੍ਹਾਂ ਨੇ ਕਿਸੀ ਵੀ ਪੱਖ ਪਾਤ ਤੋਂ ਉਤੇ ਉੱਠਕੇ ਨਿਰੋਲ ਇਤਿਹਾਸਕਾਰ ਦੇ ਤੌਰ ਵਜੋਂ ਭਾਈ ਮਹਾਰਾਜ ਸਿੰਘ, ਬਾਬਾ ਰਾਮ ਸਿੰਘ ਨਾਮਧਾਰੀ ਗੁਰੂ ਅਤੇ ਲਾਲਾ ਲਾਜਪਤ ਰਾਏ ਜੈਸੀਆਂ ਮਹਾਨ ਸ਼ਖ਼ਸੀਅਤਾਂ ਨੂੰ ਇਸ ਸੰਗ੍ਰਹਿ ਵਿਚ ਸ਼ਾਮਲ ਕੀਤਾ ਹੈ।

ਅਜ ਤੋਂ ਕੋਈ ਚਾਲੀ ਸਾਲ ਪਹਿਲਾਂ ਤਾਂ ਕੋਈ ਭਾਈ ਮਹਾਰਾਜ ਸਿੰਘ ਦਾ ਨਾਮ ਤੱਕ ਨਹੀਂ ਜਾਣਦਾ ਸੀ। ਇਨ੍ਹਾਂ ਦੇ ਮੁਤਅੱਲਕ ਸਭ ਤੋਂ ਪਹਿਲਾਂ ਅੰਗਰੇਜ਼ੀ ਪ੍ਰਸ਼ਾਸਨ ਦੇ ਖੁਫ਼ੀਆ ਵਿਭਾਗ ਦੇ ਰਿਕਾਰਡਾਂ ਦੀ ਖੋਜ ਕਰਦਿਆਂ ਪਤਾ ਲਗਾ ਸੀ ਅਤੇ ਜਦ ਭਾਈ ਸਾਹਿਬ ਦੀ ਸ਼ਹਾਦਤ ਉੱਤੇ ਮੇਰੇ ਵਲੋਂ ਲਿਖਿਆ ਇਕ ਲੇਖ ਕਲਕੱਤਾ ਤੋਂ ਛਪਣ ਵਾਲੇ ਮੈਗਜ਼ੀਨ 'ਦੀ ਸਿੱਖ ਰੀਵੀਊ' ਵਿਚ ਛਪਿਆ ਅਤੇ ਉਸ ਵਕਤ ਦੇ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਪ੍ਰਤਾਪ ਸਿੰਘ ਕੈਰੋਂ ਸਾਹਿਬ ਦੀ ਨਜ਼ਰਾਂ 'ਚੋਂ ਗੁਜ਼ਰਿਆ ਤਾਂ ਸਰਦਾਰ ਸਾਹਿਬ ਨੇ ਮੈਨੂੰ ਆਦੇਸ਼ ਦਿੱਤਾ ਕਿ ਮੈਂ ਇਸ ਕਿਸਮ ਦੇ ਕੁਛ ਹੋਰ ਭੁੱਲੇ ਭਟਕੇ ਪੰਜਾਬ ਦੇ ਸੁਤੰਤਰਤਾ ਸੈਨਾਨੀਆਂ ਉਤੇ ਐਸੇ ਹੀ ਰਿਕਾਰਡ ਢੂੰਢਾਂ। ਅਤੇ ਜਦ ਮੈਂ ਉਨ੍ਹਾਂ ਨੂੰ ਦੱਸਿਆ ਕਿ ਮੇਰੇ ਪਾਸ ਮਹਾਰਾਣੀ ਜਿੰਦ ਕੌਰ, ਉਨ੍ਹਾਂ ਦੇ ਸਪੁੱਤਰ ਮਹਾਰਾਜਾ ਦਲੀਪ ਸਿੰਘ ਅਤੇ ਦੀਵਾਨ ਮੂਲਰਾਜ ਜੈਸੇ ਭੁੱਲੇ ਭਟਕੇ ਨਾਇਕਾਂ ਦੀਆਂ ਜੀਵਨੀਆਂ ਉੱਤੇ ਬਹੁਤ ਸਾਰੀ ਸਾਮੱਗਰੀ ਇਕੱਠੀ ਕੀਤੀ ਹੋਈ ਹੈ ਤਾਂ ਉਨ੍ਹਾਂ ਨੇ ਇਸ ਸਾਰੀ ਸਾਮੱਗਰੀ ਦੀ ਜਾਂਚ ਪੜਤਾਲ ਕਰਵਾਕੇ ਪੰਜਾਬ ਸਰਕਾਰ ਦੇ ਖ਼ਰਚੇ ਤੇ ਇਕ ਪੁਸਤਕ 1963 ਵਿਚ ਛਪਵਾਈ। ਅਸਲ ਵਿਚ ਇਹ ਪੁਸਤਕ ਡਾ: ਤਾਰਾ ਚੰਦ ਦੇ ਹਿੰਦੁਸਤਾਨ ਦੀ ਸੁਤੰਤਰਤਾ ਦੇ ਇਤਿਹਾਸ ਦੇ Vol.1 ਦੇ ਜਵਾਬ ਵਜੋਂ ਸਮਝੀ ਜਾਂਦੀ ਹੈ ਜਿਸ ਵਿਚ ਜਨਾਬ ਡਾ: ਸਾਹਿਬ ਨੇ ਪੰਜਾਬ ਵਲੋਂ ਆਜ਼ਾਦੀ ਦੀ ਪਹਿਲੀ ਜੰਗ ਤੱਕ, ਜਿਸਨੂੰ ਅੰਗਰੇਜ਼ਾਂ ਨੇ ਫੌਜੀ ਵਿਦਰੋਹ 1857-58 ਕਹਿ ਕੇ ਸਚਾਈ ਤੇ ਪਰਦਾ ਪਾਣ ਦਾ ਜਤਨ ਕੀਤਾ ਸੀ, ਪੰਜਾਬੀਆਂ ਨੂੰ ਸੁਤੰਤਰਤਾ ਪ੍ਰਤੀ ਕੋਈ ਉਤਾਵਲਾ ਨਾ ਹੋਣ ਵਾਲਾ ਇਲਜ਼ਾਮ ਲਗਾਇਆ ਸੀ। ਉਨ੍ਹਾਂ ਨੇ ਆਪਣੀ ਇਸ ਪੁਸਤਕ

Digitized by Panjab Digital Library | www.panjabdigilib.org

ਵਿਚ ਬਾਬਾ ਰਾਮ ਸਿੰਘ ਜੀ ਨਾਮਧਾਰੀ ਗੁਰੂ ਦਾ ਜ਼ਿਕਰ ਤੱਕ ਭੀ ਨਹੀਂ ਕੀਤਾ ਅਤੇ ਭਾਈ ਮਹਾਰਾਜ ਸਿੰਘ ਦੀ ਕੁਰਬਾਨੀ ਨੂੰ ਵੀ ਇਸ ਆਜ਼ਾਦੀ ਦੀ ਲੜਾਈ ਦਾ ਅੰਗ ਨਹੀਂ ਸਮਝਿਆ। ਬਲਕਿ ਸਵਦੇਸ਼ੀ ਦੀ ਵਿਚਾਰਧਾਰਾ, ਖੱਦਰ ਪਹਿਨਣਾ ਅਤੇ ਸਰਕਾਰੀ ਨੌਕਰੀਆਂ ਦਾ ਬਹਿਸ਼ਕਾਰ ਕਰਨ ਦਾ ਪ੍ਰੋਗਰਾਮ ਜੋਕਿ ਸੱਭ ਤੋਂ ਪਹਿਲਾਂ ਬਾਬਾ ਰਾਮ ਸਿੰਘ ਨੇ ਭਾਰਤ ਦੀ ਅੰਗਰੇਜ਼ੀ ਸਰਕਾਰ ਅਤੇ ਭਾਰਤ ਵਿਚ ਈਸਾਈ ਧਰਮ ਦੇ ਪ੍ਰਚਾਰਕਾਂ ਦਾ ਮੁਕਾਬਲਾ ਕਰਨੇ ਸਬੰਧੀ ਦਿੱਤਾ, ਇਸ ਚੀਜ਼ ਦਾ ਵੀ ਜ਼ਿਕਰ ਉਸ ਕਿਤਾਬ ਵਿਚ ਨਹੀਂ ਕੀਤਾ ਗਿਆ। ਮੇਰੇ ਵਿਚਾਰ ਵਿਚ ਭਾਰਤ ਵਿਚ ਹਿੰਦੁਸਤਾਨ ਦੀ ਆਜ਼ਾਦੀ ਦੀ ਬੁਨਿਆਦ ਰੱਖਣ ਦਾ ਸਿਹਰਾ ਸਿਰਫ਼ ਸਿੱਖ ਗੁਰੂ ਸਾਹਿਬਾਨ ਅਤੇ ਇਨ੍ਹਾਂ ਸ਼ਹੀਦਾਂ ਨੂੰ ਜਾਣਾ ਚਾਹੀਦਾ ਹੈ, ਜਿਨ੍ਹਾਂ ਦਾ ਜ਼ਿਕਰ ਡਾ: ਚਾਵਲਾ ਨੇ ਆਪਣੇ ਆਖ਼ਰੀ ਲੇਖ ਵਿਚ ਕੀਤਾ ਹੈ।

ਹਿੰਦੁਸਤਾਨ ਦੀ ਸੁਤੰਤਰਤਾ ਲਈ ਕੀਤੇ ਜਦੋ-ਜਹਿਦ ਵਿਚ ਪੰਜਾਬੀਆਂ ਦਾ ਯੋਗਦਾਨ 1846-47 ਯਾਨਿ ਭਾਈ ਮਹਾਰਾਜ ਸਿੰਘ ਜੀ ਦੇ ਵਿਦਰੋਹ ਤੋਂ ਮਿਲਦਾ ਹੈ ਅਤੇ ਬਾਬਾ ਰਾਮ ਸਿੰਘ ਜੀ ਨਾਮਧਾਰੀ ਗੁਰੂ ਅਤੇ ਇਸਦੇ ਬਾਦ ਦੇ ਨਾਮਧਾਰੀਆਂ ਦਾ ਵਿਦੇਸ਼ੀ ਸਰਕਾਰ ਦੇ ਖਿਲਾਫ਼ ਅੰਦੋਲਨ ਇਸੇ ਲੜਾਈ ਦਾ ਹਿੱਸਾ ਹੈ। ਲਾਲਾ ਲਾਜਪਤ ਰਾਇ, ਸਰਦਾਰ ਅਜੀਤ ਸਿੰਘ ਅਤੇ ਸਰਦਾਰ ਭਗਤ ਸਿੰਘ ਦਾ ਸਾਰਾ ਪ੍ਰਵਾਰ ਅਤੇ ਗ਼ਦਰੀ ਬਾਬਿਆਂ ਤੱਕ ਦਾ ਇਤਿਹਾਸ ਉਨ੍ਹਾਂ ਦੀਆਂ ਕੁਰਬਾਨੀਆਂ ਨਾਲ ਓਤਪੋਤ ਹੈ। ਮਦਨ ਲਾਲ ਢੀਂਗਰਾ, ਕਾਸ਼ੀਰਾਮ, ਸੋਹਨ ਲਾਲ ਪਾਠਕ ਅਤੇ ਸ੍ਰ: ਊਧਮ ਸਿੰਘ ਵਰਗੇ ਨੌਜਵਾਨ ਅੰਦੋਲਨਕਾਰੀ ਵੀ ਇਸੇ ਸ਼੍ਰੇਣੀ ਵਿਚ ਗਿਣੇ ਜਾਣੇ ਚਾਹੀਦੇ ਹਨ। ਜਿਸ ਤਰ੍ਹਾਂ ਲਾਲਾ ਹਰਦਿਆਲ ਅਤੇ ਲਾਲਾ ਲਾਜਪਤ ਰਾਏ ਧੜਲੇਦਾਰ ਤਕਰੀਰ ਅਤੇ ਤਹਿਰੀਰ ਦੇ ਧਨੀ ਸਨ ਉਸੇ ਤਰ੍ਹਾਂ ਸਰਦਾਰ ਭਗਤ ਸਿੰਘ ਵੀ ਸੀ। ਉਨ੍ਹਾਂ ਦੀਆਂ ਲਿਖਤਾਂ ਨੂੰ ਪੜ੍ਹ ਕੇ ਅਜ ਵੀ ਹਰ ਨੌਜਵਾਨ ਦਾ ਖ਼ੂਨ, ਮਾਤ੍ਰ ਭੂਮੀ ਦੀ ਸੇਵਾ ਵਿਚ ਜਾਨ ਕੁਰਬਾਨ ਕਰਨੇ ਲਈ ਜ਼ਰੂਰ ਖੌਲਦਾ ਹੈ। ਮੈਂ ਤਾਂ ਇਕ ਇਤਿਹਾਸਕਾਰ ਲੇਖਕ ਹੋਣ ਦੇ ਨਾਤੇ ਇਹ ਜ਼ੋਰ ਦੇਕੇ ਕਹਿਣਾ ਚਾਹਵਾਂਗਾ ਕਿ ਉਨ੍ਹਾਂ ਦੇਸ਼ ਭਗਤਾਂ ਦੀਆਂ ਜੀਵਨੀਆਂ ਅਤੇ ਵਿਚਾਰ ਸਕੂਲਾਂ ਅਤੇ ਕਾਲਜਾਂ ਵਿਚ ਲਗੀਆਂ ਪੁਸਤਕਾਂ ਵਿਚ ਜਰੂਰ ਸ਼ਾਮਲ ਕਰਨੇ ਚਾਹੀਦੇ ਹਨ। ਜਾਂਦੇ ਜਾਂਦੇ ਅੰਗਰੇਜ਼ ਮਜ਼੍ਹਬ ਦੇ ਨਾਮ ਤੇ ਹਿੰਦੁਸਤਾਨ ਵਿਚ ਨਫ਼ਰਤ ਫੈਲਾ ਕੇ ਹਿੰਦੁਸਤਾਨ ਨੂੰ ਦੋ ਹਿਸਿਆਂ ਵਿਚ ਵੰਡ ਗਏ। ਅਜ ਵੀ ਵਿਘਟਨ ਕਾਰੀ ਤਾਕਤਾਂ ਦੁਬਾਰਾ ਕਿਸੇ ਨਾ ਕਿਸੇ ਤਰ੍ਹਾਂ ਇਸ ਦੇਸ਼ ਵਿਚ ਹੋਰ ਵੰਡੀਆਂ ਪਾਣ ਦੇ ਜਤਨ ਕਰਦੀਆਂ ਰਹਿੰਦੀਆਂ ਹਨ। ਅਜੇਹੀਆਂ ਤਾਕਤਾਂ ਇਤਿਹਾਸ ਨੂੰ ਤੋੜ ਮੋੜ ਕੇ ਪੇਸ਼ ਕਰਨ ਨਾਲ ਪਨਪਦੀਆਂ ਅਤੇ ਆਪਣੇ ਮੰਦੇ ਮਨਸੂਬਿਆਂ ਵਿਚ ਕਾਮਯਾਬ ਹੁੰਦੀਆਂ ਹਨ। ਇਨ੍ਹਾਂ ਨੂੰ ਠਲ੍ਹ ਪਾਉਣ ਲਈ ਸਾਨੂੰ ਆਪਣੇ ਇਤਿਹਾਸ ਦੀ ਸਹੀ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ। ਇਹ ਪੁਸਤਕ ਇਸ ਦਿਸ਼ਾ ਵਲ ਇਕ ਸ਼ਲਾਘਾ ਯੋਗ ਕਦਮ ਹੈ। ਮੈਂ ਪ੍ਰੋਫ਼ੈਸਰ ਚਾਵਲਾ ਸਾਹਿਬ ਨੂੰ ਇਹ ਪੁਸਤਕ ਲਿਖਣ ਲਈ ਵਧਾਈ ਦਿੰਦਾ ਹਾਂ।

M.L.Ahluwalia
(Author : Pioneer Freedom Fighters of the Punjab)
B-20, South Extn. Part I,
New Delhi - 110049

Digitized by Panjab Digital Library | www.panjabdigilib.org

# ਪਰਸ਼ੰਸਾ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਦੀ ਸਰਵ-ਉੱਚ ਧਾਰਮਿਕ ਅਤੇ ਪ੍ਰਬੰਧਕੀ ਸੰਸਥਾ ਹੈ ਜੋ ਦਿੱਲੀ ਦੇ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਚਲਾਉਂਦੀ ਹੈ। ਦਿੱਲੀ ਗੁਰਦੁਆਰਾ ਕਮੇਟੀ ਦੇ ਅਧੀਨ ਕਈ ਖਾਲਸਾ ਸਕੂਲ, ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਚਾਰ ਪੋਸਟ ਗ੍ਰੈਜੂਏਟ ਕਾਲਜ ਅਤੇ ਅਨੇਕ ਤਕਨੀਕੀ ਸੰਸਥਾਵਾਂ ਬੜੀ ਸਫ਼ਲਤਾ ਨਾਲ ਚਲਾਈਆਂ ਜਾ ਰਹੀਆਂ ਹਨ। ਜਿੱਥੇ ਕਮੇਟੀ ਵਲੋਂ ਵਿੱਦਿਆ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਇਹ ਜਤਨ ਜਾਰੀ ਹਨ, ਉਥੇ ਸਿੱਖ ਧਰਮ ਅਤੇ ਸਿੱਖ ਇਤਿਹਾਸ ਦੀ ਸਹੀ ਜਾਣਕਾਰੀ ਨੂੰ ਆਮ ਲੋਕਾਂ ਤਕ ਪਹੁੰਚਾਉਣ ਲਈ ਵਿਦਵਾਨ ਲੇਖਕਾਂ ਦੀਆਂ ਖੋਜ ਭਰਪੂਰ ਪੁਸਤਕਾਂ ਨੂੰ ਛਪਵਾਉਣ ਵਲ ਵੀ ਕਈ ਉਪਰਾਲੇ ਕੀਤੇ ਗਏ ਹਨ। ਡਾ. ਗੰਡਾ ਸਿੰਘ, ਡਾ. ਤਰਲੋਚਨ ਸਿੰਘ, ਪ੍ਰਿੰਸੀਪਲ ਸਤਿਬੀਰ ਸਿੰਘ, ਡਾ. ਮਹਿੰਦਰ ਕੌਰ ਗਿੱਲ, ਗਿਆਨੀ ਭਜਨ ਸਿੰਘ, ਸ੍ਰ: ਪ੍ਰੀਤਮ ਸਿੰਘ ਸਫ਼ੀਰ ਅਤੇ ਸ੍ਰ: ਮੇਹਰ ਸਿੰਘ ਚੱਢਾ ਇਤਿਆਦਿ ਅਜੇਹੇ ਵਿਦਵਾਨ ਹਨ ਜਿਨ੍ਹਾਂ ਦੀਆਂ ਰਚਨਾਵਾਂ ਨੂੰ ਕਮੇਟੀ ਵਲੋਂ ਪ੍ਰਕਾਸ਼ਿਤ ਕਰਕੇ ਸਿੱਖ ਅਤੇ ਗੈਰ ਸਿੱਖ ਪਾਠਕਾਂ ਤਕ ਪਹੁੰਚਾਇਆ ਗਿਆ ਹੈ। ਹੁਣ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਡਾ. ਹਰਬੰਸ ਸਿੰਘ ਚਾਵਲਾ ਦੁਆਰਾ ਲਿਖਤ 'ਪੰਜਾਬ ਦੇ ਕੌਮੀ ਸ਼ਹੀਦ' ਨਾਮਕ ਪੁਸਤਕ ਛਾਪਣ ਦੀ ਪ੍ਰਸੰਨਤਾ ਲੈ ਰਹੀ ਹੈ।

ਡਾ. ਹਰਬੰਸ ਸਿੰਘ ਚਾਵਲਾ, ਸ੍ਰੀ ਗੁਰੂ ਤੇਗ਼ ਬਹਾਦਰ ਖਾਲਸਾ ਕਾਲਜ, ਦਿੱਲੀ ਯੂਨੀਵਰਸਿਟੀ ਵਿਚ ਇਤਿਹਾਸ ਵਿਭਾਗ ਵਿਚ ਰੀਡਰ ਹਨ। ਉਨ੍ਹਾਂ ਪੰਜਾਬ ਦੇ ਕੌਮੀ ਸ਼ਹੀਦਾਂ ਦੀਆਂ ਜੀਵਨੀਆਂ ਲਿਖ ਕੇ ਬੜਾ ਸ਼ਲਾਘਾ ਯੋਗ ਕੰਮ ਕੀਤਾ ਹੈ। ਇਸ ਪੁਸਤਕ ਨੂੰ ਲਿਖਣ ਲਈ ਵਿਦਵਾਨ ਲੇਖਕ ਨੇ ਬਹੁਤ ਮਿਹਨਤ ਕੀਤੀ ਹੈ। ਜਿਥੇ ਉਨ੍ਹਾਂ ਨੇ ਪੁਸਤਕ ਵਿਚ ਦਰਜ ਸਮੱਗਰੀ ਨੂੰ ਅਮਰੀਕਾ, ਕੈਨੇਡਾ, ਅਤੇ ਲੰਡਨ ਦੀਆਂ ਲਾਇਬ੍ਰੇਰੀਆਂ ਤੋਂ ਇਕੱਤਰ ਕੀਤਾ ਹੈ ਉਥੇ ਦਿੱਲੀ ਦੀ ਨੈਸ਼ਨਲ ਆਰਕਾਈਵਜ਼, ਨਹਿਰੂ ਲਾਇਬਰੇਰੀ, ਦਿੱਲੀ ਯੂਨੀਵਰਸਿਟੀ ਲਾਇਬਰੇਰੀ ਅਤੇ ਭਾਈ ਵੀਰ ਸਿੰਘ ਸਾਹਿਤ ਸਦਨ ਦੀਆਂ ਲਾਇਬ੍ਰੇਰੀਆਂ ਤੋਂ ਬਹੁਤ ਸਹਾਇਤਾ ਲਈ ਹੈ। ਕਿਤਾਬ ਦੇ ਅੰਤ ਵਿਚ ਦਰਜ ਕੀਤੀ ਗਈ ਸਹਾਇਕ ਪੁਸਤਕਾਂ ਦੀ ਸੂਚੀ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ।

'ਪੰਜਾਬ ਦੇ ਕੌਮੀ ਸ਼ਹੀਦ' ਵਿਚ ਕੁਲ 28 ਆਰਟੀਕਲਜ਼ ਦਰਜ ਹਨ ਜਿਸ ਵਿਚ ਡਾ. ਚਾਵਲਾ ਨੇ ਕੁਝ ਜਾਣੇ ਪਛਾਣੇ ਅਤੇ ਕੁਝ ਅਗਿਆਤ ਸ਼ਹੀਦਾਂ ਦੇ ਜੀਵਨ ਚਰਿਤਰ ਪੇਸ਼ ਕਰਕੇ ਪੰਜਾਬ ਦੇ ਇਸ ਅਮੀਰ ਵਿਰਸੇ ਨੂੰ ਉਜਾਗਰ ਕੀਤਾ ਹੈ। ਪਜੰਬ ਅਤੇ ਪੰਜਾਬ ਤੋਂ ਬਾਹਰ ਵੱਸਦੇ ਪੰਜਾਬੀ ਤਾਂ ਇਸ ਪੁਸਤਕ ਤੋਂ ਲਾਭ ਉਠਾਉਣਗੇ ਹੀ ਪਰ ਨਾਲ ਹੀ ਇਸ ਵਿਸ਼ੇ ਤੇ ਖੋਜ ਕਰਨ ਵਾਲੇ ਵਿਦਿਆਰਥੀਆਂ ਅਤੇ ਵਿਦਵਾਨਾਂ ਨੂੰ ਵੀ ਇਸ ਵਿਚੋਂ ਬਹੁਤ ਸਾਰੇ ਵੇਰਵੇ ਐਸੇ ਮਿਲ ਜਾਣਗੇ ਜੋ ਸ਼ਾਇਦ ਅਜੇ ਤਕ ਲੋਕਾਂ ਦੇ ਸਨਮੁਖ ਨਹੀਂ ਆਏ।

ਡਾ. ਚਾਵਲਾ ਦੇਸ਼ ਦੀ ਅਜ਼ਾਦੀ ਦੀ ਲੜਾਈ ਨੂੰ ਭਾਈ ਮਹਾਰਾਜ ਸਿੰਘ ਅਤੇ ਬਾਬਾ ਰਾਮ ਸਿੰਘ ਦੁਆਰਾ ਚਲਾਏ ਗਏ ਅੰਦੋਲਨ ਤੋਂ ਸ਼ੁਰੂ ਕਰਦੇ ਹਨ। ਇਨ੍ਹਾਂ ਦੀ ਪੁਸਤਕ ਦਾ ਇਕ ਵਡਾ ਭਾਗ ਉਨ੍ਹਾਂ ਕੌਮੀ ਸ਼ਹੀਦਾਂ ਨੂੰ ਸਮਰਪਿਤ ਹੈ ਜਿਨ੍ਹਾਂ ਨੇ ਵਤਨ ਤੋਂ ਦੂਰ ਜਾ ਕੇ ਕੈਨੇਡਾ ਅਤੇ ਅਮਰੀਕਾ ਵਿਚ 'ਗ਼ਦਰ ਲਹਿਰ' ਨੂੰ ਜਨਮ ਦਿੱਤਾ ਸੀ। ਪੁਸਤਕ ਵਿਚ ਪੰਜਾਬ ਦੀਆਂ ਉਨ੍ਹਾਂ ਸਾਰੀਆਂ ਕੌਮੀ ਲਹਿਰਾਂ ਦਾ ਵੀ

Digitized by Panjab Digital Library | www.panjabdigilib.org

ਜ਼ਿਕਰ ਹੈ ਜੋ ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ ਸ਼ੁਰੂ ਹੋਈਆਂ ਤੇ ਦੇਸ਼ ਦੀ ਅਜ਼ਾਦੀ ਦੇ ਨਾਲ ਆਪਣੀ ਮੰਜ਼ਿਲ ਤੇ ਪਹੁੰਚੀਆਂ। ਪੁਸਤਕ ਦਾ ਆਖ਼ਰੀ ਲੇਖ ਅਸਲੋਂ ਨਵੀਂ ਸੋਚ ਦਾ ਲਖਾਇਕ ਹੈ ਜਿਸ ਵਿਚ ਡਾ. ਚਾਵਲਾ ਨੇ ਦੇਸ਼ ਅਤੇ ਵਿਦੇਸ਼ ਦੇ ਗੁਰਦੁਆਰਿਆਂ ਦਾ ਉਲੇਖ ਕੀਤਾ ਹੈ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਦੀ ਲਹਿਰ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਅਤੇ ਕੌਮੀ ਪ੍ਰਵਾਨਿਆਂ ਨੂੰ ਪਨਾਹ ਦਿੱਤੀ। ਦੇਸ਼ ਦੀ ਆਜ਼ਾਦੀ ਸਬੰਧੀ ਲਿਖੀਆਂ ਗਈਆਂ ਪੁਸਤਕਾਂ ਵਿਚ ਇਹ ਰਚਨਾ ਇਕ ਨਿੱਘਰ ਵਾਧਾ ਸਾਬਤ ਹੋਵੇਗੀ।

ਅਸੀਂ ਪੰਜਾਬ ਦੇ ਕੌਮੀ ਵਿਰਸੇ ਸਬੰਧੀ ਲਿਖੀ ਗਈ ਇਸ ਪੁਸਤਕ ਦਾ ਸੁਆਗਤ ਕਰਦੇ ਹਾਂ ਅਤੇ ਵਿਦਵਾਨ ਲੇਖਕ ਨੂੰ ਵਧਾਈ ਦੇਂਦੇ ਹਾਂ ਕਿ ਉਨ੍ਹਾਂ ਨੇ ਆਜ਼ਾਦੀ ਦੀ ਲੜਾਈ ਵਿਚ ਪੰਜਾਬੀਆਂ ਅਤੇ ਵਿਸ਼ੇਸ਼ ਕਰਕੇ ਸਿੱਖਾਂ ਦੇ ਯੋਗਦਾਨ ਨੂੰ ਬੜੀ ਵਿਦਵਤਾ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਨ ਦਾ ਸਫ਼ਲ ਜਤਨ ਕੀਤਾ ਹੈ। ਇਹ ਜ਼ਰੂਰੀ ਨਹੀਂ ਕਿ ਗੁਰਦੁਆਰਾ ਕਮੇਟੀ ਲੇਖਕ ਦੇ ਸਾਰੇ ਵਿਚਾਰਾਂ ਨਾਲ ਸਹਿਮਤ ਹੋਵੇ ਪਰ ਅਸੀਂ ਨਿਰਸੰਕੋਚ ਉਨ੍ਹਾਂ ਦੇ ਇਸ ਸ਼ਲਾਘਾਯੋਗ ਉੱਦਮ ਦੀ ਪ੍ਰਸੰਸਾ ਕਰਦੇ ਹਾਂ ਅਤੇ ਉਨ੍ਹਾਂ ਨੂੰ ਮੁਬਾਰਕਬਾਦ ਦੇਂਦੇ ਹਾਂ।

ਸ੍ਰ: ਅਵਤਾਰ ਸਿੰਘ ਹਿੱਤ
ਪ੍ਰਧਾਨ

ਸ੍ਰ: ਕੁਲਮੋਹਨ ਸਿੰਘ
ਜਨਰਲ ਸਕੱਤਰ

ਸ੍ਰ: ਇੰਦਰਪਾਲ ਸਿੰਘ ਖ਼ਾਲਸਾ
(ਚੇਅਰਮੈਨ ਧਰਮ ਪ੍ਰਚਾਰ ਕਮੇਟੀ)

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

Digitized by Panjab Digital Library | www.panjabdigilib.org

# ਆਪਣੇ ਵੱਲੋਂ

ਇਸ ਪੁਸਤਕ ਨੂੰ ਲਿਖਣ ਅਤੇ ਛਪਵਾਉਣ ਦੀ ਯੋਜਨਾ 1995-1996 ਵਿਚ ਉਲੀਕੀ ਗਈ ਸੀ ਤਾਂਕਿ (ਅਗਸਤ 1997) ਨੂੰ ਦੇਸ਼ ਦੀ ਆਜਾਦੀ ਦੀ ਪੰਜਾਂਵੀਂ ਵਰ੍ਹੇ ਗੰਢ ਤੇ ਮੌਕੇ ਤੇ ਦੇਸ਼ ਦੇ ਸੁਤੰਤਰਤਾ ਸੰਗ੍ਰਾਮ ਵਿੱਚ ਪੰਜਾਬ ਅਤੇ ਵਿਸ਼ੇਸ਼ ਕਰਕੇ ਸਿੱਖਾਂ ਦੇ ਯੋਗਦਾਨ ਨੂੰ ਦੇਸ਼ ਵਾਸੀਆਂ ਸਾਮ੍ਹਣੇ ਰਖਿਆ ਜਾ ਸਕੇ। ਪਰ ਅਚਾਨਕ ਬੀਮਾਰ ਪੈ ਜਾਣ ਕਾਰਨ ਇਹ ਕੰਮ ਅੱਗੇ ਤੋਂ ਅੱਗੇ ਪੈਂਦਾ ਚਲਾ ਗਿਆ। ਹੁਣ ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਮੈਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪੂਰਨ ਸਹਿਯੋਗ ਸਦਕਾ ਇਹ ਪੁਸਤਕ ਪਾਠਕਾਂ ਦੀ ਸੇਵਾ ਵਿਚ ਪੇਸ਼ ਕਰ ਰਿਹਾ ਹਾਂ।

1975-76 ਵਿਚ ਜਦੋਂ ਮੈਂ ਆਪਣੀ ਪੀ. ਐਚ. ਡੀ. ਦੇ ਸਬੰਧ ਵਿਚ ਅਮਰੀਕਾ ਗਿਆ ਹੋਇਆ ਸਾਂ ਤਾਂ ਮੈਨੂੰ ਉਥੋਂ ਅਤੇ ਕੈਨੇਡਾ ਦੀਆਂ ਲਾਇਬਰੇਰੀਆਂ ਵਿਚੋਂ ਗ਼ਦਰ ਲਹਿਰ ਸਬੰਧੀ ਬਹੁਤ ਕੁਝ ਵੇਖਣ ਅਤੇ ਪੜ੍ਹਣ ਦਾ ਮੌਕਾ ਮਿਲਿਆ। ਮੈਂ ਇਸ ਲਹਿਰ ਦੀਆਂ ਪ੍ਰਮੁੱਖ ਘਟਨਾਵਾਂ ਅਤੇ ਗ਼ਦਰੀ ਵੀਰਾਂ ਦੀਆਂ ਜੀਵਨੀਆਂ ਦੇ ਨਾਲ ਨਾਲ ਪੰਜਾਬ ਤੋਂ ਬਾਹਰ ਪੈਦਾ ਹੋਈ ਗ਼ਦਰ-ਕਵਿਤਾ ਦਾ ਵੀ ਲੜੀਵਾਰ ਉਤਾਰਾ ਤਿਆਰ ਕੀਤਾ ਸੀ ਜੋ (1913 ਤੋਂ 1917) ਦੇ ਵਿਚਕਾਰ ਗ਼ਦਰ ਪਰਚਿਆਂ ਵਿਚ ਛਪਦੀਆਂ ਰਹੀਆਂ ਸਨ। ਸੁਦੇਸ਼ ਪਰਤ ਕੇ ਮੈਂ ਇਨ੍ਹਾਂ ਕਵਿਤਾਵਾਂ ਨੂੰ ਪੁਸਤਕ ਦੇ ਰੂਪ ਵਿਚ ਛਪਵਾਉਣਾ ਚਾਹੁੰਦਾ ਸਾਂ ਪਰ ਕੁਝ ਵਿਸ਼ੇਸ਼ ਮਜਬੂਰੀਆਂ ਕਾਰਨ ਮੈਂ ਅਜੇਹਾ ਨਾ ਕਰ ਸਕਿਆ। ਇਸ ਪੁਸਤਕ ਵਿਚ ਦਰਜ ਪੰਜਾਬ ਦੇ ਕੌਮੀ ਸ਼ਹੀਦਾਂ ਦੀਆਂ ਜੀਵਨੀਆਂ ਲਿਖਣ ਦਾ ਕੰਮ ਮੈਂ ਉਦੋਂ ਹੀ ਸ਼ੁਰੂ ਕਰ ਦਿੱਤਾ ਸੀ। ਮੇਰਾ ਇਹ ਵਿਸ਼ਵਾਸ ਹੈ ਕਿ ਜਦੋਂ ਗ਼ਦਰ ਲਹਿਰ ਸ਼ੁਰੂ ਹੋਈ ਸੀ ਜੇ ਦੇਸ਼ ਵਾਸੀਆਂ ਵਲੋਂ ਇਸ ਲਹਿਰ ਨੂੰ ਉਦੋਂ ਪੂਰਨ ਸਹਿਯੋਗ ਅਤੇ ਭਰਵਾਂ ਹੁੰਗਾਰਾ ਮਿਲਿਆ ਹੁੰਦਾ ਤਾਂ ਦੇਸ਼ 30 ਵਰ੍ਹੇ ਪਹਿਲਾਂ ਹੀ ਆਜ਼ਾਦ ਹੋ ਗਿਆ ਹੁੰਦਾ।

ਇਹ ਇਕ ਬੜਾ ਵੱਡਾ ਭੁਲੇਖਾ ਹੈ ਕਿ ਦੇਸ਼ ਦੀ ਆਜ਼ਾਦੀ ਕਿਸੇ ਇਕ ਪਾਰਟੀ ਜਾਂ ਕਿਸੇ ਇਕ ਵਿਅਕਤੀ ਵਿਸ਼ੇਸ਼ ਦੀਆਂ ਕੁਰਬਾਨੀਆਂ ਕਰਕੇ ਪ੍ਰਾਪਤ ਹੋਈ ਸੀ। ਇਸ ਦੇ ਨਾਲ ਹੀ ਨਾਲ ਇਹ ਧਾਰਨਾ ਵੀ ਗ਼ਲਤ ਹੈ ਕਿ ਆਜ਼ਾਦੀ ਕੇਵਲ ਅਹਿੰਸਾਵਾਦੀ ਨੀਤੀ ਦੇ ਕਾਰਨ ਹੀ ਹਾਸਲ ਕੀਤੀ ਗਈ ਸੀ। ਇਸ ਸਾਰੇ ਘੋਲ ਵਿਚ ਕ੍ਰਾਂਤੀਕਾਰੀ ਨੌਜਵਾਨਾਂ, ਅਕਾਲੀ ਮੋਰਚੇ ਦੇ ਸ਼ਹੀਦਾਂ ਅਤੇ ਆਈ. ਐਨ. ਏ. ਦੇ ਸੈਨਿਕਾਂ ਦਾ ਵੀ ਉਤਨਾ ਹੀ ਵੱਡਾ ਯੋਗਦਾਨ ਹੈ ਜਿਤਨਾਂ ਕਿਸੇ ਵੀ ਇਕ ਸਿਆਸੀ ਪਾਰਟੀ ਜਾਂ ਵਿਅਕਤੀ ਵਿਸ਼ੇਸ਼ ਦਾ ਹੋ ਸਕਦਾ ਹੈ। ਆਜ਼ਾਦੀ ਦੀ ਜ਼ਮੀਨ ਤਿਆਰ ਕਰਨ ਵਾਲੇ ਮੁੱਢਲੇ ਸੁਤੰਤਰਤਾ ਸੰਗਰਾਮੀਏ - ਭਾਈ ਮਹਾਰਾਜ ਸਿੰਘ, ਬਾਬਾ ਰਾਮ ਸਿੰਘ ਅਤੇ ਗ਼ਦਰੀ ਨੌਜਵਾਨ ਪੰਜਾਬ ਦੇ ਹੀ ਸਨ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਆਪਣੇ ਜੀਵਨ ਕੁਰਬਾਨ ਕਰ ਦਿੱਤੇ। ਕਾਲੇਪਾਣੀ ਦੀਆਂ ਸਜ਼ਾਵਾਂ ਕਟਣ ਵਾਲੇ ਅਤੇ ਫਾਂਸੀ ਤੇ ਲਟਕਣ ਵਾਲੇ ਬਹੁਤੇ ਨੌਜਵਾਨ ਪੰਜਾਬ ਦੇ ਹੀ ਸਨ ਅਤੇ ਉਨ੍ਹਾਂ ਵਿਚੋਂ ਵੀ ਬਹੁਤੀ ਸੰਖਿਆ ਸਿੱਖਾਂ ਦੀ ਸੀ। ਪਰ ਇਤਿਹਾਸ ਦੇ ਇਸ ਸੱਚ ਨੂੰ ਅੱਜ ਅਸਲੋਂ ਹੀ ਵਿਸਾਰ ਦਿੱਤਾ ਗਿਆ ਹੈ। ਚਾਬੀਆਂ ਦੇ ਮੋਰਚੇ ਦੀ ਸਫ਼ਲਤਾ ਤੋਂ ਬਾਦ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਨੇ ਬਾਬਾ ਖੜਕ ਸਿੰਘ ਨੂੰ ਇਕ ਤਾਰ ਰਾਹੀਂ ਵਧਾਈ ਦਿੰਦਿਆਂ ਲਿਖਿਆ ਸੀ ਕਿ "ਆਜ਼ਾਦੀ ਦੀ ਪਹਿਲੀ ਲੜਾਈ ਜਿੱਤੀ ਗਈ ਹੈ"। ਮੈਂ ਇਸ ਪੁਸਤਕ ਵਿਚ ਦੇਸ਼ ਲਈ ਕੁਰਬਾਨ ਹੋਣ ਵਾਲੇ ਅਣਗਿਣਤ ਪੰਜਾਬੀ ਵੀਰਾਂ ਵਿਚੋਂ ਕੁਝ ਇਕ ਦੇ ਹੀ ਜੀਵਨ ਚਰਿਤਰ ਪੇਸ਼ ਕਰ ਸਕਿਆ ਹਾਂ। ਸ਼ਹੀਦ ਸਾਡੇ ਕੌਮੀ ਵਿਰਸੇ ਦਾ ਅਨਮੋਲ ਖ਼ਜ਼ਾਨਾ ਹਨ ਜਿਨ੍ਹਾਂ ਤੇ ਆਉਣ ਵਾਲੀਆਂ ਪੀੜ੍ਹੀਆਂ ਸਦਾ ਮਾਣ ਕਰਦੀਆਂ ਰਹਿਣਗੀਆਂ।

Digitized by Panjab Digital Library | www.panjabdigilib.org

ਮੈਂ ਡਾ. ਮਹਿੰਦਰ ਸਿੰਘ, ਡਾਰੈਕਟਰ, ਨੈਸ਼ਨਲ ਇੰਸਟੀਚਿਊਟ ਆਫ਼ ਪੰਜਾਬ ਸਟਡੀਜ਼ ਅਤੇ ਸ੍ਰੀ ਐਮ. ਐਲ. ਆਹਲੂਵਾਲੀਆ ਦਾ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਪੁਸਤਕ ਦਾ ਫੋਰਵਰਡ ਅਤੇ ਮੁੱਖਬੰਧ ਲਿਖ ਕੇ ਮੈਨੂੰ ਕ੍ਰਿਤਾਰਥ ਕੀਤਾ ਹੈ। ਮੈਂ ਜੱਥੇਦਾਰ ਅਵਤਾਰ ਸਿੰਘ ਹਿੱਤ, ਪ੍ਰਧਾਨ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਜਨਰਲ ਸਕੱਤਰ ਸ੍ਰ: ਕੁਲਮੋਹਨ ਸਿੰਘ ਅਤੇ ਸ੍ਰ: ਇੰਦਰਪਾਲ ਸਿੰਘ ਖਾਲਸਾ, ਚੇਅਰਮੈਨ ਧਰਮ ਪ੍ਰਚਾਰ ਕਮੇਟੀ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਦੇ ਭਰਵੇਂ ਸਹਿਯੋਗ ਕਾਰਨ ਇਹ ਪੁਸਤਕ ਆਪ ਦੇ ਹੱਥਾਂ ਤੱਕ ਪਹੁੰਚ ਸਕੀ ਹੈ। ਮੈਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮੂੰਹ ਮੈਂਬਰਾਂ, ਅਹੁਦੇਦਾਰਾਂ ਅਤੇ ਗੁਰਉਪਦੇਸ਼ ਪ੍ਰੈਸ ਦੇ ਕਰਮਚਾਰੀਆਂ, ਵਿਸ਼ੇਸ਼ ਕਰਕੇ ਸ੍ਰ. ਸੁਰਿੰਦਰ ਸਿੰਘ ਦਾ ਵੀ ਧੰਨਵਾਦ ਕਰਨਾ ਆਪਣਾ ਫ਼ਰਜ਼ ਸਮਝਦਾ ਹਾਂ ਜਿਨ੍ਹਾਂ ਨੇ ਇਸ ਪੁਸਤਕ ਨੂੰ ਛਾਪਣ ਵਿਚ ਪੂਰਨ ਦਿਲਚਸਪੀ ਲੈ ਕੇ ਇਸ ਕਾਰਜ ਨੂੰ ਸਿਰੇ ਚੜ੍ਹਾਇਆ ਹੈ। ਇਸ ਪੁਸਤਕ ਦਾ ਟਾਈਟਲ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਰਟਿਸਟ ਸ੍ਰ. ਅਮੋਲਕ ਸਿੰਘ ਨੇ ਤਿਆਰ ਕੀਤਾ ਹੈ।

ਮੈਂ ਆਪਣੇ ਵੱਡੇ ਵੀਰ ਸ੍ਰ: ਸੰਤੋਖ ਸਿੰਘ (ਯੂ. ਐਸ. ਏ.), ਧਰਮ ਸੁਪੱਤਨੀ ਸਰਦਾਰਨੀ ਕੁਲਦੀਪ ਕੌਰ, ਆਪਣੇ ਬੇਟੇ ਸਤਵਿੰਦਰ ਸਿੰਘ, ਬੇਟੀ ਮਨਪ੍ਰੀਤ ਕੌਰ ਅਤੇ ਪਰਮਿੰਦਰ ਕੌਰ (ਪੰਮੀ) ਦਾ ਵੀ ਰਿਣੀ ਹਾਂ ਜਿਨ੍ਹਾਂ ਵਲੋਂ ਮਿਲੇ ਉਤਸ਼ਾਹ ਅਤੇ ਸਹਿਯੋਗ ਤੋਂ ਬਗ਼ੈਰ ਸ਼ਾਇਦ ਮੈਂ ਇਹ ਕੰਮ ਪੂਰਾ ਨਾ ਕਰ ਸਕਦਾ।

ਅੰਤ ਵਿਚ ਮੈਂ ਵਾਹਿਗੁਰੂ ਅਕਾਲ ਪੁਰਖ ਦਾ ਕੋਟਾਨ ਕੋਟ ਧੰਨਵਾਦ ਕਰਦਾ ਹਾਂ ਕਿ ਜਿਨ੍ਹਾਂ ਨੇ ਮੈਨੂੰ ਬੀਮਾਰੀ ਵਿੱਚ ਵੀ ਇਤਨੀ ਕੁ ਸਮਰਥੱਾ ਪ੍ਰਦਾਨ ਕੀਤੀ ਰੱਖੀ ਕਿ ਮੈਂ ਨਿਰੰਤਰ ਕਈ-ਕਈ ਘੰਟੇ ਬੈਠ ਕੇ ਲਿਖਣ ਦਾ ਇਹ ਕਾਰਜ ਕਰ ਸਕਿਆ।

ਨਵੀਂ ਦਿੱਲੀ

27 ਅਕਤੂਬਰ 2000

(ਡਾ:) ਹਰਬੰਸ ਸਿੰਘ ਚਾਵਲਾ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਭਾਈ ਮਹਾਰਾਜ ਸਿੰਘ

ਭਾਰਤ ਦੀ ਆਜ਼ਾਦੀ ਦੀ ਲੰਮੀ ਜੱਦੋ-ਜਹਿਦ ਵਿਚ ਭਾਈ ਮਹਾਰਾਜ ਸਿੰਘ ਪਹਿਲਾ ਸ਼੍ਰੋਮਣੀ ਸਿੱਖ ਸ਼ਹੀਦ ਹੈ ਜਿਸਨੇ ਆਪਣੇ ਸੀਮਿਤ ਸਾਧਨਾਂ ਦੇ ਬਾਵਜੂਦ ਇਕ ਵੱਡੀ ਸਾਮਰਾਜੀ ਸ਼ਕਤੀ ਨਾਲ ਟੱਕਰ ਲਈ ਅਤੇ ਆਖ਼ਰ ਜਲਾਵਤਨੀ ਦੇ 6 ਸਾਲ ਸਿੰਘਾਪੁਰ ਦੀ ਜੇਲ੍ਹ ਵਿਚ ਕੱਟ ਕੇ 5 ਜੁਲਾਈ ਸੰਨ 1856 ਨੂੰ ਆਪਣੀ ਜਿੰਦ ਦੇਸ਼ ਦੇ ਲੇਖੇ ਲਗਾਕੇ ਇਸ ਸੰਸਾਰ ਤੋਂ ਰੁਖਸਤ ਹੋ ਗਿਆ। ਪੰਜਾਬ ਦੇ ਇਸ ਅਦੁੱਤੀ ਸੰਤ ਸਿਪਾਹੀ ਅਤੇ ਵੀਰ ਨਾਇਕ ਦੇ ਸੰਘਰਸ਼ ਅਤੇ ਸ਼ਹੀਦੀ ਬਾਰੇ ਬਹੁਤ ਘੱਟ ਭਾਰਤੀਆਂ ਨੂੰ ਪਤਾ ਹੋਵੇਗਾ ਕਿ ਸਮਕਾਲੀ ਅੰਗਰੇਜ਼ੀ ਸਰਕਾਰ ਉਸ ਨੂੰ ਆਪਣਾ ਸਭ ਤੋਂ ਵੱਡਾ ਤੇ ਸਭ ਤੋਂ ਖ਼ਤਰਨਾਕ ਦੁਸ਼ਮਨ ਸਮਝਦੀ ਸੀ। ਲੋਕ ਮਨਾਂ ਵਿਚ ਉਸ ਲਈ ਪਿਆਰ ਅਤੇ ਸਤਿਕਾਰ ਨੂੰ ਵੇਖਦੇ ਹੋਏ ਜਲੰਧਰ ਦੇ ਡਿਪਟੀ ਕਮਿਸ਼ਨਰ ਮਿਸਟਰ ਵੈਨਿਸਟਾਰਟ ਨੇ ਲਿਖਿਆ ਸੀ, 'ਗੁਰੂ (ਮਹਾਰਾਜ ਸਿੰਘ) ਕੋਈ ਸਾਧਾਰਨ ਵਿਅਕਤੀ ਨਹੀਂ। ਸਥਾਨਕ ਵਸਨੀਕਾਂ ਲਈ ਉਸਦਾ ਦਰਜਾ ਉਹੀ ਹੈ ਜੋ ਬਹੁਤ ਗਰਮ ਜੋਸ਼ ਇਸਾਈਆਂ ਲਈ ਯਸੂਹ ਮਸੀਹ ਦਾ ਹੈ।' ਇਸੇ ਤਰ੍ਹਾਂ ਭਾਰਤ ਦੇ ਗਵਰਨਰ-ਜਨਰਲ ਲਾਰਡ ਡਲਹੌਜ਼ੀ ਨੇ ਇਕ ਚਿੱਠੀ ਵਿਚ ਪੰਜਾਬ ਦੇ ਗਵਰਨਰ ਹੈਨਰੀ ਲਾਰੰਸ ਨੂੰ ਲਿਖਿਆ ਸੀ ਕਿ 'ਰੂਹਾਨੀ ਬਾਗ਼ੀ (ਭਾਈ) ਮਹਾਰਾਜ ਸਿੰਘ ਵੱਲੋਂ ਪੰਜਾਬ ਭਰ ਵਿਚ ਉਤਪਨ ਕੀਤੀ ਗਈ ਲਹਿਰ ਨੂੰ ਕੁਚਲੇ ਬਿਨਾਂ ਪੰਜਾਬ ਵਿਚ ਅੰਗਰੇਜ਼ਾਂ ਦੇ ਪੈਰ ਨਹੀਂ ਟਿਕ ਸਕਦੇ।' ਐਮ. ਐਲ. ਆਹਲੂਵਾਲੀਆ ਅਨੁਸਾਰ ਉਸ ਦੀ ਜੱਦੋ-ਜਹਿਦ ਅਤੇ ਸ਼ਹੀਦੀ, ਭਾਰਤ ਦੇ ਲੋਕਾਂ ਵਲੋਂ ਅੰਗ੍ਰੇਜ਼ਾਂ ਦੀ ਗੁਲਾਮੀ ਤੋਂ ਮੁਕਤ ਹੋਣ ਲਈ ਕੀਤੀਆਂ ਗਈਆਂ ਕੁਰਬਾਨੀਆਂ ਦੀ ਲੰਮੀ ਸੰਗਲੀ ਵਿਚ ਇਕ ਬਹੁਮੁੱਲੀ ਕੜੀ ਹੈ ਜਿਸ ਨੂੰ ਅਖੋਂ ਉਹਲੇ ਨਹੀਂ ਕੀਤਾ ਜਾ ਸਕਦਾ।

ਭਾਈ ਮਹਾਰਾਜ ਸਿੰਘ ਜਿਸਦਾ ਅਸਲੀ ਨਾਮ ਨਿਹਾਲ ਸਿੰਘ ਸੀ, ਦਾ ਜਨਮ ਪਿੰਡ ਰਬੋਂ (ਨੇੜੇ ਮਲੌਦ), ਜ਼ਿਲਾ ਲੁਧਿਆਣਾ ਵਿਚ 13 ਜਨਵਰੀ ਸੰਨ 1780 ਵਿਚ ਹੋਇਆ। ਉਹ ਬਚਪਨ ਤੋਂ ਹੀ ਬੜੇ ਕੋਮਲ ਭਾਵਾਂ ਤੇ ਅਧਿਆਤਮਕ ਮਨ-ਬਿਰਤੀ ਵਾਲਾ ਬਾਲਕ ਸੀ। ਹੋਸ਼ ਸੰਭਾਲਦਿਆਂ ਹੀ ਉਹ ਸੰਤਾਂ, ਮਹਾਂਪੁਰਸ਼ਾਂ ਅਤੇ ਧਾਰਮਿਕ ਰੁਚੀ ਰੱਖਣ ਵਾਲੇ ਵਿਅਕਤੀਆਂ ਦੀ ਸੰਗਤ ਵਿਚ ਰਹਿਣ ਲਗ ਪਿਆ। ਮੁੱਢਲੇ ਜੀਵਨ ਦੇ ਕੁਝ ਵਰ੍ਹੇ ਉਸਨੇ ਭਾਈ ਤੋਤਾ ਸਿੰਘ ਨਿਰਮਲੇ ਦੇ ਡੇਰੇ ਵਿਚ ਬਿਤਾਏ। ਇਹ ਡੇਰਾ ਉਸਦੇ ਜਨਮ ਸਥਾਨ ਰਬੋਂ ਤੋਂ ਕੁਝ ਹੀ ਦੂਰ ਪਿੰਡ ਠੀਕਰੀ ਵਾਲਾ ਦੇ ਨੇੜੇ ਸੀ। ਇਸ ਮਗਰੋਂ ਉਹ ਭਾਈ ਬੀਰ ਸਿੰਘ ਨੌਰੰਗਾਬਾਦ ਵਾਲਿਆਂ ਦੇ ਸੰਪਰਕ ਵਿਚ ਆਇਆ। ਭਾਈ ਬੀਰ ਸਿੰਘ ਬੜੇ ਬਾਰਸੂਖ ਅਤੇ ਕਰਨੀ ਵਾਲੇ ਮਹਾਂਪੁਰਸ਼ ਸਨ। ਭਾਈ ਨਿਹਾਲ ਸਿੰਘ (ਮਹਾਰਾਜ ਸਿੰਘ) ਨੇ ਆਪਣੀ ਸਾਰੀ ਅਧਿਆਤਮਿਕ ਸਿੱਖਿਆ ਇਨ੍ਹਾਂ ਦੇ ਡੇਰੇ ਤੇ ਹੀ ਰਹਿਕੇ ਪ੍ਰਾਪਤ ਕੀਤੀ ਸੀ। ਉਹ ਭਾਈ ਬੀਰ ਸਿੰਘ ਹੋਰਾਂ ਦੇ ਡੇਰੇ ਤੇ ਆਕੇ ਉਨ੍ਹਾਂ ਦੀ ਸੇਵਾ ਵਿਚ ਇਸ ਤਰ੍ਹਾਂ ਜੁਟ ਗਿਆ ਜਿਵੇਂ ਕਈ ਸਦੀਆਂ ਪਹਿਲਾਂ ਬਾਸਰਕੇ ਤੋਂ ਖਡੂਰ ਸਾਹਿਬ ਆਕੇ ਗੁਰੂ ਅਮਰਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਅਤੇ ਸਿੱਖ ਸੰਗਤਾਂ ਦੀ ਸੇਵਾ

Digitized by Panjab Digital Library | www.panjabdigilib.org

ਕੀਤੀ ਸੀ। ਇਥੇ ਰਹਿੰਦਿਆ ਉਸਨੇ ਆਪਣੀਆਂ ਨਿੱਜੀ ਲੋੜਾਂ ਬਿਲਕੁਲ ਘਟਾ ਦਿਤਿਆ ਸਨ। ਸਰਦੀ ਗਰਮੀ ਉਸਦਾ ਇਕੋ ਹੀ ਤਰ੍ਹਾਂ ਦਾ ਪਹਿਰਾਵਾ ਹੋਇਆ ਕਰਦਾ ਸੀ - ਖੱਦਰ ਦਾ ਕੁਰਤਾ, ਕਛਹਿਰਾ ਤੇ ਬਸ ਇਕ ਕੰਬਲ, ਜੋ ਉਸਦੇ ਫ਼ਰਸ਼ ਤੇ ਵਿਛਾਣ ਅਤੇ ਉਪਰ ਲੈਣ ਦੇ ਕੰਮ ਆਉਂਦਾ ਸੀ। ਉਹ ਸਦਾ ਅੰਤਰਮੁਖੀ ਵਿਸਮਾਦ ਵਿਚ ਮਗਨ ਰਹਿੰਦਾ ਤੇ ਉਸਦੇ ਹੋਂਠ ਪ੍ਰਭੂ ਸਿਮਰਨ ਵਿਚ ਜੁੜੇ ਰਹਿੰਦੇ। ਨੌਰੰਗਾਬਾਦ ਆਉਣ ਵਾਲੀਆਂ ਸੰਗਤਾਂ ਅਤੇ ਡੇਰੇ ਦੇ ਲੋਕ ਸਤਿਕਾਰ ਵੱਜੋਂ ਉਸਨੂੰ 'ਮਹਾਰਾਜ' ਜੀ ਕਰਕੇ ਬੁਲਾਣ ਲਗ ਪਏ। ਅੱਗੇ ਚਲ ਕੇ ਭਾਈ ਨਿਹਾਲ ਸਿੰਘ ਹੀ ਇਤਿਹਾਸ ਵਿਚ ਭਾਈ ਮਹਾਰਾਜ ਸਿੰਘ ਦੇ ਨਾਮ ਨਾਲ ਪ੍ਰਸਿੱਧ ਹੋਇਆ।

ਜੂਨ 1839 ਵਿਚ ਪੰਜਾਬ ਦੇ ਸ਼ਕਤੀਸ਼ਾਲੀ ਅਤੇ ਹਰਮਨ ਪਿਆਰੇ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਹੋ ਗਈ। ਉਸਦੀ ਮੌਤ ਦੇ ਨਾਲ ਹੀ ਪੰਜਾਬ ਵਿਚ ਖਾਨਾ ਜੰਗੀ ਦਾ ਦੌਰ ਸ਼ੁਰੂ ਹੋ ਗਿਆ। ਅੰਗਰੇਜ਼ ਜੋ ਕਿ ਹੁਣ ਤਕ ਉਡੀਕ ਲਾਈ ਬੈਠੇ ਸਨ, ਉਨ੍ਹਾਂ ਨੇ ਪੰਜਾਬ ਨੂੰ ਹਤਿਆਉਣ ਦੀਆਂ ਚਾਲਾਂ ਚਲਣੀਆਂ ਸ਼ੁਰੂ ਕਰ ਦਿਤੀਆਂ। ਹਰ ਪਾਸੇ ਰਾਜਨੀਤਿਕ ਕਤਲ, ਭ੍ਰਸ਼ਟਾਚਾਰ ਅਤੇ ਅਸੁਰੱਖਿਆ ਦੀ ਸਥਿਤੀ ਉਤਪਨ ਹੋ ਗਈ। ਲਾਹੌਰ ਦਰਬਾਰ ਵਿਚ ਡੋਗਰਿਆਂ ਅਤੇ ਗ਼ਦਾਰ ਪੂਰਬੀਏ (ਸਿੱਖ) ਜਰਨੈਲਾਂ ਦੀ ਚੜ੍ਹਤ ਮਚ ਗਈ। ਪੰਜਾਬ ਵਿਚ ਪੈਦਾ ਹੋਏ ਅਜੇਹੇ ਹਾਲਾਤ ਨੂੰ ਵੇਖ ਕੇ ਨੌਰੰਗਾਬਾਦ ਦੇ ਭਾਈ ਬੀਰ ਸਿੰਘ ਅਤੇ ਉਨ੍ਹਾਂ ਦੇ ਸਭ ਤੋਂ ਨਿਕਟ ਵਰਤੀ ਸਾਥੀ ਭਾਈ ਮਹਾਰਾਜ ਸਿੰਘ ਵੀ ਆਪਣੇ ਆਪ ਨੂੰ ਅਭਿੱਜ ਨਾ ਰੱਖ ਸਕੇ। ਉਹ ਖ਼ਾਲਸਾ ਰਾਜ ਵਿਚ ਉਤਪੰਨ ਇਨ੍ਹਾਂ ਹਾਲਾਤ ਤੋਂ ਵਿਆਕੁਲ ਹੋ ਉਠੇ। ਉਨ੍ਹਾਂ ਨੇ ਹਰ ਖ਼ੇਤਰ ਵਿਚ ਆ ਰਹੀ ਗਿਰਾਵਟ ਤੇ ਉਸਨੂੰ ਠਲ੍ਹ ਪਾਉਣ ਸਬੰਧੀ ਖੁਲ੍ਹ ਕੇ ਆਪਣੇ ਵਿਚਾਰ ਪ੍ਰਗਟ ਕਰਨੇ ਸ਼ੁਰੂ ਕਰ ਦਿੱਤੇ। ਲਾਹੌਰ ਦਰਬਾਰ ਦੇ ਦੋ ਧੜਿਆਂ ਵਿਚਕਾਰ ਸਰਹਾਲੀ ਨੇੜੇ ਹੋਈ ਇਕ ਮੁੱਠਭੇੜ ਦੌਰਾਨ ਇਕ ਗੋਲੀ ਭਾਈ ਬੀਰ ਸਿੰਘ ਨੂੰ ਲੱਗ ਗਈ, ਜਿਸ ਕਾਰਨ ਉਨ੍ਹਾਂ ਦਾ ਦੇਹਾਂਤ ਹੋ ਗਿਆ। ਉਨ੍ਹਾਂ ਦੀ ਅਚਾਨਕ ਹੋਈ ਮੌਤ ਮਗਰੋਂ ਭਾਈ ਮਹਾਰਾਜ ਸਿੰਘ ਨੂੰ ਉਨ੍ਹਾਂ ਦੀ ਗੱਦੀ ਤੇ ਬਿਠਾ ਦਿੱਤਾ ਗਿਆ। ਭਾਈ ਮਹਾਰਾਜ ਸਿੰਘ ਨੂੰ ਇਸ ਗੱਲ ਦਾ ਦੁੱਖ ਸੀ ਕਿ ਉਨ੍ਹਾਂ ਦੇ ਅਧਿਆਤਮਿਕ ਗੁਰੂ ਅਥਵਾ ਰਹਿਬਰ ਭਾਈ ਬੀਰ ਸਿੰਘ ਨੂੰ ਪੰਜਾਬ ਵਿਚ ਫੈਲੀ ਅਰਾਜਕਤਾ ਅਤੇ ਗੁੱਟ ਬੰਦੀ ਦਾ ਸ਼ਿਕਾਰ ਹੋਣਾ ਪਿਆ ਸੀ।

1845-46 ਵਿਚ ਹੋਈ ਸਿੱਖਾਂ ਅਤੇ ਅੰਗਰੇਜ਼ਾਂ ਦੀ ਪਹਿਲੀ ਜੰਗ ਵਿਚ ਗ਼ਦਾਰ ਜਰਨੈਲਾਂ ਦੀ ਕਾਰਗੁਜ਼ਾਰੀ ਕਰਕੇ ਲਾਹੌਰ ਦਰਬਾਰ ਦੀਆਂ ਫੌਜਾਂ ਹਾਰ ਗਈਆਂ। ਅੰਗਰੇਜ਼ਾਂ ਨੇ ਇਸ ਜਿੱਤ ਦਾ ਲਾਭ ਉਠਾਂਦੇ ਹੋਏ 16 ਦਸੰਬਰ 1846 ਨੂੰ ਹੋਈ ਭੈਰੋਵਾਲ ਦੀ ਸੰਧੀ ਅਨੁਸਾਰ ਸਤਲੁਜ-ਬਿਆਸ ਵਿਚਕਾਰਲਾ ਮੈਦਾਨੀ ਅਤੇ ਪਹਾੜੀ ਇਲਾਕਾ ਆਪਣੀ ਹਕੂਮਤ ਵਿਚ ਮਿਲਾ ਲਿਆ। ਰੈਜ਼ੀਡੈਂਟ ਹੈਨਰੀ ਲਾਰੰਸ ਪੰਜਾਬ ਦਾ ਗ਼ੈਰ-ਕਾਨੂੰਨੀ ਵਾਹਿਦ ਮਾਲਕ ਬਣਾ ਦਿੱਤਾ ਗਿਆ। ਪੰਜਾਬ ਰਾਜ ਨੂੰ ਪੂਰੇ ਤੌਰ ਤੇ ਆਪਣੇ ਰਾਜ ਵਿਚ ਮਿਲਾਣ ਵਲ ਇਹ ਪਹਿਲਾ ਵੱਡਾ ਕਦਮ ਸੀ। ਭਾਈ ਮਹਾਰਾਜ ਸਿੰਘ ਨੇ ਅੰਗਰੇਜ਼ਾਂ ਦੀ ਇਸ ਕਾਰਵਾਈ ਨੂੰ ਪੰਜਾਬ ਅਤੇ ਦੇਸ਼ ਦੀ ਸੁਤੰਤਰਤਾ ਲਈ ਇਕ ਵੱਡੀ ਚੁਣੌਤੀ ਸਮਝਿਆ ਤੇ ਉਨ੍ਹਾਂ ਨੇ ਅੰਗਰੇਜ਼ਾਂ ਨੂੰ ਦੇਸ਼ ਚੋਂ ਬਾਹਰ ਕੱਢ ਦੇਣ ਦਾ ਫੈਸਲਾ ਕਰ ਲਿਆ। ਇਸ ਆਸ਼ੇ ਦੀ ਪੂਰਤੀ ਲਈ ਉਨ੍ਹਾਂ ਨੇ ਭਾਈ ਬੀਰ ਸਿੰਘ ਨੌਰੰਗਾਬਾਦ ਦੀ ਗੱਦੀ ਦੀ ਜ਼ਿਮੇਵਾਰੀ ਉਨ੍ਹਾਂ ਦੇ ਇਕ ਹੋਰ ਚੇਲੇ ਬੀਰ ਸਿੰਘ ਨੂੰ ਸੌਂਪ ਕੇ ਆਪਣੇ ਕਾਰਜ ਖੇਤਰ ਲਈ ਅੰਮ੍ਰਿਤਸਰ ਦੇ ਨੇੜੇ 'ਸਮਦੂ ਦਾ ਤਲਾਬ' ਨੂੰ ਆਪਣਾ ਸਦਰ ਮੁਕਾਮ ਬਣਾ

Digitized by Panjab Digital Library | www.panjabdigilib.org

ਲਿਆ। ਉਨ੍ਹਾਂ ਨੇ ਲੋਕਾਂ ਨੂੰ ਅੰਗਰੇਜ਼ਾਂ ਦੀ ਇਸ ਕਾਰਵਾਈ ਅਤੇ ਦੇਸ਼ ਵਿਚ ਉਤਪੰਨ ਹੋਏ ਖ਼ਤਰਿਆਂ ਪ੍ਰਤੀ ਜਾਗਰਿਤ ਕਰਨ ਲਈ ਪੰਜਾਬ ਦੇ ਪਿੰਡਾ ਦਾ ਦੌਰਾ ਕਰਨਾ ਸ਼ੁਰੂ ਕਰ ਦਿੱਤਾ। ਪੰਜਾਬ ਦੇ ਰੈਜ਼ੀਡੈਂਟ ਹੈਨਰੀ ਲਾਰੰਸ ਨੇ ਗਵਰਨਰ ਜਨਰਲ ਨੂੰ ਇਕ ਗੁਪਤ ਰਿਪੋਰਟ ਵਿਚ ਲਿਖਿਆ ਸੀ ਕਿ ਮਹਾਰਾਜ ਸਿੰਘ ਨੇ ਦੁਆਬੇ ਵਿਚ ਆਪਣੇ ਤਿੰਨ ਹਫ਼ਤਿਆਂ ਦੇ ਦੌਰੇ ਵਿਚਕਾਰ ਇਤਨੀ ਉਤੇਜਨਾਂ ਪੈਦਾ ਕਰ ਦਿੱਤੀ ਹੈ ਕਿ ਬਗ਼ਾਵਤ ਦੇ ਹਾਲਾਤ ਪੈਦਾ ਹੋ ਗਏ ਹਨ।

ਭਾਈ ਮਹਾਰਾਜ ਸਿੰਘ ਦੇ ਕ੍ਰਾਂਤੀਕਾਰੀ ਜੀਵਨ ਦਾ ਆਰੰਭ ਪ੍ਰਸਿੱਧ ਪ੍ਰੇਮਾ ਸਾਜ਼ਸ਼ ਕੇਸ ਨਾਲ ਹੁੰਦਾ ਹੈ। ਪ੍ਰੇਮਾ ਅਤੇ ਉਸਦਾ ਭਰਾ ਮੋਹਰਾ ਜੋ ਇਸ ਸਾਜ਼ਸ਼ ਕੇਸ ਦੇ ਮੁੱਖ ਪਾਤਰ ਸਨ ਨੂੰ ਮਹਾਰਾਣੀ ਜਿੰਦਾਂ ਅਤੇ ਭਾਈ ਮਹਾਰਾਜ ਸਿੰਘ ਦੀ ਅਸ਼ੀਰਵਾਦ ਪ੍ਰਾਪਤ ਸੀ। ਤਜ਼ਵੀਜ਼ ਇਹ ਸੀ ਕਿ ਜਦ ਅੰਗਰੇਜ਼ ਰੈਜ਼ੀਡੈਂਟ ਹੈਨਰੀ ਲਾਰੰਸ ਅਤੇ ਅੰਗਰੇਜ਼ ਪੱਖੀ ਸਰਦਾਰ 21 ਅਪ੍ਰੈਲ 1847 ਨੂੰ ਹੋਣ ਵਾਲੀ ਇਕ ਮੀਟਿੰਗ ਵਿਚ ਸ਼ਾਮਲ ਹੋਣ ਲਈ ਸ਼ਾਲੀਮਾਰ ਬਾਗ਼ ਵਿਚ ਆਉਣ ਤਾਂ ਉਨ੍ਹਾਂ ਸਭ ਨੂੰ ਕਤਲ ਕਰ ਦਿੱਤਾ ਜਾਵੇ। ਇਸ ਹਮਲੇ ਦੀ ਅਗਵਾਈ ਪ੍ਰੇਮਾ ਅਤੇ ਸ੍ਰ: ਲਾਲ ਸਿੰਘ ਅਦਾਲਤੀ ਨੇ ਕਰਨੀ ਸੀ। ਮੰਦੇ ਭਾਗਾਂ ਨੂੰ ਮਿੱਥੀ ਹੋਈ ਤਰੀਕ ਤੋਂ ਤਿੰਨ ਹਫ਼ਤੇ ਪਹਿਲਾਂ ਇਸ ਸਾਜ਼ਸ਼ ਦਾ ਭੇਦ ਖੁਲ੍ਹ ਗਿਆ ਤੇ ਸਾਜ਼ਸ਼ੀਆਂ ਨੂੰ ਪਕੜਨ ਲਈ ਧੜ ਪਕੜ ਸ਼ੁਰੂ ਕਰ ਦਿੱਤੀ ਗਈ । ਸਾਰੇ ਲਾਹੌਰ-ਰਾਜ ਵਿਚ ਦਹਿਸ਼ਤ ਦਾ ਦੌਰ ਸ਼ੁਰੂ ਹੋ ਗਿਆ। ਭਾਈ ਮਹਾਰਾਜ ਸਿੰਘ ਨੂੰ ਫੜਨ ਲਈ ਸਭ ਤੋਂ ਵੱਧ ਸਖ਼ਤੀ ਕੀਤੀ ਗਈ। ਅੰਗਰੇਜ਼ ਰੈਜ਼ੀਡੈਂਟ ਨੇ ਅੰਮ੍ਰਿਤਸਰ ਤੋਂ ਉਸਦੇ ਸਾਰੇ ਸੇਵਕਾਂ ਨੂੰ ਗ੍ਰਿਫਤਾਰ ਕਰ ਲਿਆ ਅਤੇ ਉਸਦੀ ਸਾਰੀ ਜ਼ਮੀਨ ਜ਼ਬਤ ਕਰ ਲਈ। ਭਾਈ ਮਹਾਰਾਜ ਸਿੰਘ ਦੇ ਸੇਵਕਾਂ ਨੂੰ ਕਈ ਤਰ੍ਹਾਂ ਦੇ ਤਸੀਹੇ ਦਿੱਤੇ ਗਏ ਤਾਂਕਿ ਉਨ੍ਹਾਂ ਕੋਲੋਂ ਉਨ੍ਹਾਂ ਦੇ ਥਹੁ ਟਿਕਾਣੇ ਦਾ ਪਤਾ ਪੁਛਿਆ ਜਾ ਸਕੇ। ਇਸਦੇ ਨਾਲ ਹੀ ਭਾਈ ਮਹਾਰਾਜ ਸਿੰਘ ਦੀ ਗ੍ਰਿਫਤਾਰੀ ਲਈ ਇਕ ਹਜ਼ਾਰ ਰੂਪੈ ਦਾ ਇਨਾਮ ਰੱਖ ਦਿੱਤਾ ਗਿਆ। ਮਗਰੋਂ ਇਨਾਮ ਦੀ ਰਾਸ਼ੀ ਵਧਾ ਕੇ ਦਸ ਹਜ਼ਾਰ ਕਰ ਦਿੱਤੀ ਗਈ।

ਮਈ 1847 ਵਿਚ ਪ੍ਰੇਮਾ ਅਤੇ ਉਸਦੇ ਭਰਾ ਦੇ ਪਕੜੇ ਜਾਣ ਮਗਰੋਂ ਭਾਈ ਮਹਾਰਾਜ ਸਿੰਘ ਦੇ ਗ੍ਰਿਫਤਾਰ ਹੋ ਜਾਣ ਦੀ ਸੰਭਾਵਨਾਂ ਵੱਧ ਗਈ। ਇਸ ਲਈ ਉਹ ਆਉਣ ਵਾਲੇ ਕੁਝ ਸਮੇਂ ਲਈ ਰੂਪੋਸ਼ ਹੋ ਗਏ। 21 ਜੂਨ 1847 ਨੂੰ ਅੰਮ੍ਰਿਤਸਰ ਦੇ ਕੋਤਵਾਲ ਬਾਬਾ ਲਛਮਣ ਸਿੰਘ ਨੇ ਲਾਹੌਰ ਦੇ ਰੈਜ਼ੀਡੈਂਟ ਕੋਲ ਰਿਪੋਰਟ ਭੇਜੀ ਕਿ ਭਾਈ ਮਹਾਰਾਜ ਸਿੰਘ ਅੰਮ੍ਰਿਤਸਰ ਦੇ ਨੇੜੇ ਪਿੰਡ ਹੁਡਿਆਰਾ ਵਿਚ ਪਨਾਹਾ ਲੈ ਰਿਹਾ ਹੈ। ਖ਼ਬਰ ਮਿਲਦਿਆਂ ਹੀ ਰੈਜ਼ੀਡੈਂਟ ਨੇ 100 ਸਵਾਰ ਹੁਡਿਆਰੇ ਭੇਜ ਦਿੱਤੇ ਤੇ ਇਲਾਕੇ ਦੇ ਕਾਰ ਮੁਖ਼ਤਿਆਰ ਲਾਲਾ ਹੰਸ ਰਾਜ ਨੂੰ ਹੁਕਮ ਜਾਰੀ ਕੀਤਾ ਕਿ ਉਹ ਪਿੰਡ ਦੇ ਸਾਰੇ ਜ਼ਿਮੀਂਦਾਰਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਤੋਂ ਪੁੱਛ ਪੜਤਾਲ ਕਰੇ ਕਿ ਭਾਈ ਮਹਾਰਾਜ ਸਿੰਘ ਕਿਸ ਕੋਲ ਠਹਿਰਿਆ ਹੋਇਆ ਸੀ। ਪਰ ਸਰਕਾਰ ਦੀ ਇਸ ਕਾਰਵਾਈ ਦਾ ਕੋਈ ਵੀ ਅਸਰ ਨਾ ਹੋਇਆ ਕਿਉਂਕਿ ਇਲਾਕੇ ਦੇ ਲੋਕ ਜੋਕਿ ਭਾਈ ਮਹਾਰਾਜ ਸਿੰਘ ਦੇ ਸ਼ਰਧਾਲੂ ਸਨ ਉਨ੍ਹਾਂ ਚੋਂ ਕਿਸੇ ਨੇ ਵੀ ਮਹਾਰਾਜ ਸਿੰਘ ਬਾਰੇ ਕੁਝ ਦਸਣ ਤੋਂ ਇਨਕਾਰ ਕਰ ਦਿੱਤਾ ਸੀ। 30 ਸਤੰਬਰ 1848 ਦੀ ਆਪਣੀ ਡਾਇਰੀ ਵਿਚ ਲਾਰਡ ਡਲਹੌਜ਼ੀ ਨੇ ਲਿਖਿਆ ਸੀ ਕਿ ਜ਼ਿਮੀਂਦਾਰਾਂ, ਆਮ ਜਨਤਾ ਅਤੇ ਸਰਦਾਰਾਂ ਨੇ ਖੁਲ੍ਹਮ ਖੁਲ੍ਹਾ ਉਸ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਅਤੇ ਦਰਬਾਰ ਦੇ ਜਿਨ੍ਹਾਂ ਕਰਮਚਾਰੀਆਂ ਅਤੇ ਕਾਰਦਾਰਾਂ ਨੂੰ ਉਹਦਾ ਪਿੱਛਾ ਕਰਨ ਦੇ ਹੁਕਮ ਦਿੱਤੇ ਗਏ ਸਨ ਉਨ੍ਹਾਂ ਨੇ ਵੀ ਬੜੀ ਢਿਲ ਮੱਠ ਵਿਖਾਈ ਤੇ ਉਹ ਆਪਣੇ

Digitized by Panjab Digital Library | www.panjabdigilib.org

ਮਿਸ਼ਨ ਵਿਚ ਕਾਮਯਾਬ ਨਾ ਹੋ ਸਕੇ।

ਅੰਗਰੇਜ਼ ਕਾਫੀ ਲੰਮੇ ਸਮੇਂ ਤੋਂ ਮੁਲਤਾਨ ਉਪਰ ਨਜ਼ਰ ਲਗਾਈ ਬੈਠੇ ਸਨ। ਇਹ ਥਾਂ ਉਨ੍ਹਾਂ ਲਈ ਵਿਉਪਾਰਕ ਅਤੇ ਸੈਨਿਕ ਦ੍ਰਿਸ਼ਟੀ ਤੋਂ ਬੜੀ ਮਹੱਤਵਪੂਰਨ ਸੀ। ਮੁਲਤਾਨ ਖ਼ਾਲਸਾ-ਰਾਜ ਦਾ ਇਕ ਵੱਡਾ ਸੂਬਾ ਸੀ। ਜਦੋਂ ਉੱਥੋਂ ਦੇ ਹਾਕਮ ਮੂਲਰਾਜ ਨੂੰ ਅੰਗਰੇਜ਼ਾਂ ਦੀ ਕੂਟਲ ਨੀਤੀ ਦਾ ਪਤਾ ਚਲਿਆ ਤਾਂ ਉਸਨੇ ਅੰਗਰੇਜ਼ਾਂ ਵਿਰੁੱਧ ਬਗ਼ਾਵਤ ਦਾ ਝੰਡਾ ਖੜਾ ਕਰ ਦਿੱਤਾ। ਉਸਨੇ ਆਪਣੇ ਇਕ ਦੂਤ ਖੀਰਾ ਨੂੰ ਭਾਈ ਮਹਾਰਾਜ ਸਿੰਘ ਕੋਲ ਸਹਾਇਤਾ ਲਈ ਭੇਜਿਆ। ਇਹ ਭਾਈ ਮਹਾਰਾਜ ਸਿੰਘ ਨੂੰ ਬਟਾਲਾ ਤਹਿਸੀਲ ਦੇ ਪਿੰਡ ਪਰਮਾਨੰਦ (ਜੋ ਕਿ ਦੀਨਾ ਨਗਰ ਕੋਲ ਹੈ) ਵਿਚ ਮਿਲਿਆ ਤੇ ਦੀਵਾਨ ਮੂਲ ਰਾਜ ਵਲੋਂ ਕੀਤੀ ਗਈ ਬੇਨਤੀ ਦਾ ਜ਼ਿਕਰ ਕੀਤਾ। ਭਾਈ ਸਾਹਿਬ ਨੇ ਇਸਨੂੰ ਰੱਬੋਂ ਮਿਲਿਆ ਮੌਕਾ ਸਮਝ ਕੇ ਇਸ ਦਾ ਸੁਆਗਤ ਕੀਤਾ ਤੇ ਆਪਣੇ 400 ਸੇਵਕਾਂ ਨੂੰ ਨਾਲ ਲੈਕੇ ਮੁਲਤਾਨ ਵਲ ਕੂਚ ਕਰ ਦਿੱਤਾ। ਭਾਈ ਮਹਾਰਾਜ ਸਿੰਘ ਆਮ ਕਰਕੇ ਆਪਣੇ ਤਕੜੇ ਜੁੱਸੇ ਵਾਲੇ ਕਾਲੇ ਘੋੜੇ ਤੇ ਹੀ ਸਫ਼ਰ ਕਰਿਆ ਕਰਦੇ ਸਨ। ਬਟਾਲੇ ਤੋਂ ਚਲਕੇ ਮੁਲਤਾਨ ਪਹੁੰਚਣ ਤਕ ਉਨ੍ਹਾਂ ਦੇ ਵਾਲੰਟੀਅਰਾਂ ਦੀ ਸੰਖਿਆ ਇਕ ਹਜ਼ਾਰ ਤਕ ਪਹੁੰਚ ਗਈ। ਦੀਵਾਨ ਮੂਲ ਰਾਜ ਜ਼ਾਤੀ ਤੌਰ ਤੇ ਉਨ੍ਹਾਂ ਦਾ ਸੁਆਗਤ ਕਰਨ ਲਈ ਆਪ ਕਿਲ੍ਹੇ ਵਿਚੋਂ ਬਾਹਰ ਆਇਆ ਤੇ ਉਨ੍ਹਾਂ ਅਗੇ ਨਜ਼ਰਾਨੇ ਵਜੋਂ ਸੋਨੇ ਦੀਆਂ ਚਾਲੀ ਮੋਹਰਾਂ ਭੇਂਟ ਕੀਤੀਆਂ। ਸ਼ਾਇਦ ਹਾਲਾਤ ਨੂੰ ਇਹ ਮੰਜ਼ੂਰ ਨਹੀਂ ਸੀ ਕਿ ਅੰਗਰੇਜ਼ਾਂ ਦੇ ਇਹ ਦੋ ਕੱਟੜ ਵਿਰੋਧੀ ਇਕ ਝੰਡੇ ਥਲੇ ਅੰਗਰੇਜ਼ਾਂ ਦੀਆਂ ਫੌਜਾਂ ਦਾ ਮੁਕਾਬਲਾ ਕਰਦੇ। ਛੇਤੀ ਹੀ ਇਨ੍ਹਾਂ ਦੋਹਾਂ ਆਗੂਆਂ ਵਿਚਕਾਰ ਕਿਸੇ ਗਲੋਂ ਮਤਭੇਦ ਪੈਦਾ ਹੋ ਗਏ ਤੇ ਭਾਈ ਮਹਾਰਾਜ ਸਿੰਘ ਅਠ-ਦਸ ਦਿਨ ਮਗਰੋਂ ਆਪਣੇ ਸਾਥੀਆਂ ਸਮੇਤ ਮੁਲਤਾਨ ਤੋਂ ਵਾਪਸ ਚਲ ਪਏ।

ਜਦੋਂ ਮੁਲਤਾਨ ਦੇ ਮੂਲਰਾਜ ਨੇ ਅੰਗਰੇਜ਼ਾਂ ਵਿਰੁੱਧ ਬਗਾਵਤ ਕੀਤੀ ਤਾਂ ਉਸੇ ਵੇਲੇ ਕਾਂਗੜਾ, ਹੁਸ਼ਿਆਰਪੁਰ, ਕਰਤਾਰਪੁਰ, ਨੂਰਪੁਰ ਅਤੇ ਰੰਗ੍ਹੜ-ਨੰਗਲ ਦੇ ਰਾਜਿਆਂ ਅਥਵਾ ਸਰਦਾਰਾਂ ਨੇ ਵੀ ਅੰਗਰੇਜ਼ਾਂ ਵਿਰੁੱਧ ਬਗ਼ਾਵਤ ਕਰ ਦਿੱਤੀ। ਭਾਈ ਮਹਾਰਾਜ ਸਿੰਘ ਨੇ ਇਨ੍ਹਾਂ ਬਾਗ਼ੀਆਂ ਨੂੰ ਸੰਗਠਿਤ ਕਰਨ ਵਿਚ ਬੜਾ ਮਹੱਤਵ ਪੂਰਨ ਕੰਮ ਕੀਤਾ ਸੀ। ਇਨ੍ਹਾਂ ਬਾਗ਼ੀਆਂ ਨੂੰ ਮਹਾਰਾਣੀ ਜਿੰਦਾਂ ਦਾ ਵੀ ਸਹਿਯੋਗ ਹਾਸਲ ਸੀ। ਇਸ ਗੱਲ ਦਾ ਪਤਾ 1849 ਵਿਚ ਨੂਰਪੁਰ ਰਿਆਸਤ ਦੇ ਵਜ਼ੀਰ ਰਾਮ ਸਿੰਘ ਦੀ ਗ੍ਰਿਫ਼ਤਾਰੀ ਮਗਰੋਂ ਲੱਗਾ ਸੀ।

ਜੂਨ 1848 ਨੂੰ ਮੁਲਤਾਨ ਤੋਂ ਵਾਪਸ ਆਉਣ ਮਗਰੋਂ ਭਾਈ ਮਹਾਰਾਜ ਸਿੰਘ ਨੇ ਅਟਾਰੀ ਵਾਲੇ ਸਿੱਖ ਸਰਦਾਰਾਂ ਨਾਲ ਸੰਪਰਕ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜੇਹੜੇ ਕਿ ਹਾਲਾਤ ਦੀ ਮਜਬੂਰੀ ਕਾਰਨ ਪਹਿਲਾਂ ਹੀ ਅੰਗਰੇਜ਼ਾਂ ਦੇ ਵਿਰੋਧੀ ਬਣ ਚੁਕੇ ਸਨ। ਭਾਈ ਮਹਾਰਾਜ ਸਿੰਘ ਪੰਜਾਬ ਦੇ ਅਨੇਕ ਨਗਰਾਂ ਅਤੇ ਇਲਾਕਿਆਂ ਦਾ ਸਫ਼ਰ ਕਰਦਾ ਹਜ਼ਾਰੇ ਪਹੁੰਚਿਆ। ਚਤਰ ਸਿੰਘ ਅਟਾਰੀ ਵਾਲਾ ਇੱਥੋਂ ਦਾ ਗਵਰਨਰ ਸੀ। ਉਹ 3 ਮੱਘਰ ਨੂੰ ਰਾਮ ਨਗਰ ਦੇ ਸਥਾਨ ਤੇ ਸ਼ੇਰ ਸਿੰਘ ਅਟਾਰੀਵਾਲਾ ਨੂੰ ਵੀ ਮਿਲਿਆ ਤੇ ਆਪਣੇ ਬਹੁਤ ਸਾਰੇ ਵਾਲੰਟੀਅਰਾਂ ਨੂੰ ਸ਼ੇਰ ਸਿੰਘ ਦੀ ਸੈਨਾ ਵਿਚ ਸ਼ਾਮਲ ਕਰਵਾ ਦਿੱਤਾ। ਅੰਗਰੇਜ਼ਾਂ ਨਾਲ ਦੂਜੀ ਜੰਗ ਦੀਆਂ ਤਿਆਰੀਆਂ ਹੋ ਰਹੀਆਂ ਸਨ। ਭਾਈ ਮਹਾਰਾਜ ਸਿੰਘ ਅਜੇ ਤਕ ਅੰਗਰੇਜ਼ਾਂ ਦੇ ਕਾਬੂ ਨਹੀਂ ਸੀ ਆ ਸਕਿਆ। 9 ਜੂਨ 1848 ਨੂੰ ਕੈਪਟਨ ਐਬਟ ਵਲੋਂ ਲਿਖੀ ਚਿੱਠੀ ਤੋਂ ਇਹ ਸਪਸ਼ਟ ਹੈ ਕਿ ਭਾਈ ਮਹਾਰਾਜ ਸਿੰਘ

Digitized by Panjab Digital Library | www.panjabdigilib.org

ਦੇ ਇਸ ਇਲਾਕੇ ਵਿਚ ਪਹੁੰਚ ਜਾਣ ਨਾਲ ਸਿੱਖ ਸਰਦਾਰਾਂ ਅਤੇ ਖਾਲਸਾ ਫ਼ੌਜ ਦੇ ਹੌਸਲੇ ਬਹੁਤ ਬੁਲੰਦ ਹੋ ਗਏ। ਮੇਜਰ ਨੇਪੀਅਰ ਨੇ ਵੀ ਆਪਣੀ ਇਕ ਰਿਪੋਰਟ ਵਿਚ ਇਸ ਗੱਲ ਨੂੰ ਸਵੀਕਾਰ ਕੀਤਾ ਸੀ ਕਿ ਉਹ ਸਿੱਖਾਂ ਦੇ ਸੰਤ (ਭਾਈ) ਮਹਾਰਾਜ ਸਿੰਘ ਨੂੰ ਗ੍ਰਿਫ਼ਤਾਰ ਕਰਨ ਵਿਚ ਸਫ਼ਲ ਨਹੀਂ ਸੀ ਹੋ ਸਕਿਆ।

ਇਸ ਖੇਤਰ ਵਿਚ ਅੰਗਰੇਜ਼ਾਂ ਨਾਲ ਤਿੰਨ ਲੜਾਈਆਂ ਲੜੀਆਂ ਗਈਆਂ : ਰਾਮਨਗਰ (4 ਦਸੰਬਰ 1848), ਚੇਲਿਆਂ ਵਾਲਾ (13 ਜਨਵਰੀ 1849) ਅਤੇ ਗੁਜਰਾਤ (21 ਫਰਵਰੀ 1849)। ਇਨ੍ਹਾਂ ਤਿੰਨੋ ਲੜਾਈਆਂ ਵਿਚ ਭਾਈ ਮਹਾਰਾਜ ਸਿੰਘ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਉਹ ਆਪਣੀ ਕਾਲੀ ਘੋੜੀ ਤੇ ਸਵਾਰ ਹੋਕੇ ਫ਼ੌਜਾਂ ਵਿਚ ਵਿਚਰਦਾ ਅਤੇ ਉਨ੍ਹਾਂ ਨੂੰ ਉਤਸ਼ਾਹਿਤ ਕਰਦਾ ਰਿਹਾ ਕਿ ਦੇਸ਼ ਅਤੇ ਧਰਮ ਦੀ ਆਣ ਲਈ ਜੂਝ ਮਰਨ ਨਾਲੋਂ ਹੋਰ ਕੋਈ ਗੱਲ ਵੱਡੀ ਨਹੀਂ ਹੋ ਸਕਦੀ। ਉਸ ਦੀ ਹਲਾ ਸ਼ੇਰੀ ਅਤੇ ਪ੍ਰੇਰਨਾਂ ਸਦਕਾ ਚੇਲਿਆਂਵਾਲਾ ਦੀ ਲੜਾਈ ਵਿਚ ਖ਼ਾਲਸਾ ਫ਼ੌਜਾਂ ਦਾ ਹੱਥ ਉਚਾ ਰਿਹਾ ਪਰ ਉਹ ਗੁਜਰਾਤ ਦੀ ਆਖ਼ਰੀ ਲੜਾਈ ਵਿਚ ਹਾਰ ਗਏ। ਇਨ੍ਹਾਂ ਲੜਾਈਆਂ ਵਿਚ ਫ਼ੌਜੀਆਂ ਲਈ ਰਸਦ ਪਾਣੀ ਦੀ ਥੁੜ ਨੂੰ ਦੂਰ ਕਰਨ ਲਈ ਭਾਈ ਮਹਾਰਾਜ ਸਿੰਘ ਨੇ ਕਈ ਸਪਲਾਈ ਕੇਂਦਰ ਸਥਾਪਿਤ ਕੀਤੇ ਸਨ ਤੇ ਉਨ੍ਹਾਂ ਕੇਂਦਰਾਂ ਦੀ ਜ਼ਿਮੇਂਵਾਰੀ ਆਪਣੇ ਇਤਬਾਰੀ ਸੇਵਕਾਂ, ਸ੍ਰ: ਮਿੱਠਾ ਸਿੰਘ, ਸ੍ਰ: ਜਵਾਹਰ ਸਿੰਘ ਅਤੇ ਸ੍ਰ: ਗੁਰਮੁਖ ਸਿੰਘ ਨੂੰ ਸੌਂਪੀ ਸੀ। ਬਹੁਤ ਸਾਰੀ ਸਪਲਾਈ ਜੰਮੂ ਦੇ ਗਵਰਨਰ ਸ਼ਾਹਜ਼ਾਦਾ ਰਣਬੀਰ ਸਿੰਘ ਦੇ ਸਹਿਯੋਗ ਨਾਲ ਪ੍ਰਾਪਤ ਹੁੰਦੀ ਰਹੀ। ਉਸਦੇ ਭਾਈ ਮਹਾਰਾਜ ਸਿੰਘ ਨਾਲ ਚੰਗੇ ਸੰਬੰਧ ਸਨ। ਮਗਰੋਂ ਇਹ ਸਪਲਾਈ ਮਿਲਣੀ ਬੰਦ ਹੋ ਗਈ। ਸ਼ਾਇਦ ਰਣਬੀਰ ਸਿੰਘ ਨੇ ਅਜੇਹਾ ਆਪਣੇ ਪਿਤਾ ਮਹਾਰਾਜਾ ਗੁਲਾਬ ਸਿੰਘ ਵਲੋਂ ਮਿਲੀਆਂ ਖੁਫ਼ੀਆ ਹਦਾਇਤਾਂ ਕਾਰਨ ਕੀਤਾ ਸੀ। ਮਹਾਰਾਜਾ ਗੁਲਾਬ ਸਿੰਘ ਕਿਸੇ ਵੀ ਕੀਮਤ ਤੇ ਅੰਗਰੇਜ਼ਾਂ ਦੀ ਨਾਰਾਜ਼ਗੀ ਮੁੱਲ ਲੈਣ ਲਈ ਤਿਆਰ ਨਹੀਂ ਸੀ।

ਅੰਗਰੇਜ਼ਾਂ ਨਾਲ ਹੋਈ ਗੁਜਰਾਤ ਦੀ ਆਖ਼ਰੀ ਲੜਾਈ ਮਗਰੋਂ ਜਿਸ ਵਿਚ ਕਿ ਖ਼ਾਲਸਾ ਦਰਬਾਰ ਦੀਆਂ ਫ਼ੌਜਾਂ ਬੁਰੀ ਤਰ੍ਹਾਂ ਨਾਲ ਹਾਰ ਗਈਆਂ ਸਨ, ਅਟਾਰੀ ਵਾਲੇ ਸਰਦਾਰ, ਭਾਈ ਮਹਾਰਾਜ ਸਿੰਘ ਅਤੇ ਬਾਬਾ ਬਿਕਰਮ ਸਿੰਘ, ਰਾਵਲਪਿੰਡੀ ਵਲ ਚਲੇ ਗਏ। ਅਜੇ ਅਟਾਰੀ ਵਾਲੇ ਸਰਦਾਰਾਂ ਕੋਲ ਵਡੀ ਮਾਤਰਾ ਵਿਚ ਸੈਨਿਕ ਅਤੇ ਤੋਪਾਂ ਮੌਜੂਦ ਸਨ। ਭਾਈ ਮਹਾਰਾਜ ਸਿੰਘ ਚਾਹੁੰਦਾ ਸੀ ਕਿ ਅੰਗਰੇਜ਼ਾਂ ਨਾਲ ਰਾਵਲਪਿੰਡੀ ਜਾਂ ਹਸਨ ਅਬਦਾਲ (ਪੰਜਾ ਸਾਹਿਬ) ਦੇ ਸਥਾਨ ਤੇ ਇਕ ਹੋਰ ਫ਼ੈਸਲਾਕੁਨ ਲੜਾਈ ਲੜੀ ਜਾਵੇ, ਪਰ ਸ਼ੇਰ ਸਿੰਘ ਅਟਾਰੀ ਪੂਰੀ ਤਰ੍ਹਾਂ ਨਾਲ ਹੌਸਲਾ ਹਾਰ ਬੈਠਾ ਸੀ ਤੇ ਉਸਨੇ ਭਾਈ ਮਹਾਰਾਜ ਸਿੰਘ ਦੀ ਸਲਾਹ ਦੀ ਪ੍ਰਵਾਹ ਨਾ ਕਰਦੇ ਹੋਏ ਅੰਗਰੇਜ਼ੀ ਫੌਜਾਂ ਦੇ ਜਰਨੈਲ ਗਿਲਬਰਟ ਅਗੇ 14 ਮਾਰਚ 1849 ਨੂੰ ਆਪਣੇ ਹਥਿਆਰ ਸੁੱਟ ਦਿਤੇ ਸਨ। ਭਾਈ ਮਹਾਰਾਜ ਸਿੰਘ ਅਤੇ ਉਸ ਦੇ ਬਾਗ਼ੀ ਸੈਨਿਕਾਂ ਨੂੰ ਇਸ ਗੱਲ ਦਾ ਬੜਾ ਦੁੱਖ ਹੋਇਆ। ਉਨ੍ਹਾਂ ਨੂੰ ਅਟਾਰੀ ਵਾਲੇ ਸਰਦਾਰਾਂ ਤੋਂ ਵਡੀਆਂ ਆਸਾਂ ਸਨ, ਪਰ ਸਪਸ਼ਟ ਸੀ ਕਿ ਗੁਜਰਾਤ ਦੀ ਹਾਰ ਮਗਰੋਂ ਉਨ੍ਹਾਂ ਨੇ ਵੀ ਕੌੜੇ ਸੱਚ ਨਾਲ ਸਮਝੌਤਾ ਕਰ ਲਿਆ ਸੀ ਕਿ ਹੁਣ ਅੰਗਰੇਜ਼ਾਂ ਨਾਲ ਜੰਗ ਜਾਰੀ ਰਖਣ ਦਾ ਕੋਈ ਲਾਭ ਨਹੀਂ ਸੀ। ਇਨ੍ਹਾਂ ਲੜਾਈਆਂ ਵਿਚ ਭਾਰਤ ਦਾ ਕੋਈ ਵੀ ਪ੍ਰਾਂਤ ਅੰਗਰੇਜ਼ਾਂ ਵਿਰੁੱਧ ਪੰਜਾਬ ਦੀ ਮਦਦ ਕਰਨ ਲਈ ਅਗੇ ਨਹੀਂ ਸੀ ਆਇਆ, ਜਦ ਕਿ ਉਹ ਇਕੱਲੇ ਹੀ ਦੇਸ਼ ਦੇ ਇਸ ਖਿੱਤੇ ਨੂੰ ਆਜ਼ਾਦ ਰੱਖਣ ਲਈ ਜੂਝ ਰਹੇ ਸਨ।

Digitized by Panjab Digital Library | www.panjabdigilib.org

ਖ਼ਾਲਸਾ ਫ਼ੌਜਾਂ ਦੁਆਰਾ ਹਥਿਆਰ ਸੁਟੇ ਜਾਣ ਮਗਰੋਂ ਭਾਈ ਮਹਾਰਾਜ ਸਿੰਘ ਨੇ ਇਹ ਫ਼ੈਸਲਾ ਕਰ ਲਿਆ ਕਿ ਜਦੋਂ ਤਕ ਉਸਦੇ ਸ਼ਰੀਰ ਵਿਚ ਪ੍ਰਾਣ ਹਨ ਉਹ ਅੰਗ੍ਰੇਜ਼ਾਂ ਵਿਰੁੱਧ ਇਕੱਲਿਆਂ ਹੀ ਆਪਣੀ ਜੰਗ ਜਾਰੀ ਰਖੇਗਾ। ਉਸ ਸਮੇਂ ਸਾਰੇ ਹਿੰਦੁਸਤਾਨ ਉਤੇ ਕਾਬਜ਼ ਅਤੇ ਸੰਸਾਰ ਦੀ ਸਭ ਤੋਂ ਵੱਧ ਸ਼ਕਤੀਸ਼ਾਲੀ ਬ੍ਰਿਟਿਸ਼ ਹਕੂਮਤ ਨੂੰ ਵੰਗਾਰਨਾ ਅਤੇ ਉਸ ਵਿਰੁੱਧ ਜੰਗ ਜਾਰੀ ਰਖਣਾ ਰੂਹਾਨੀ ਵਿਰਾਸਤ ਸਦਕਾ ਹੀ ਸੰਭਵ ਸੀ। ਇਸ ਲਿਹਾਜ਼ ਨਾਲ ਉਸ ਕੋਲ ਸਿੱਖ ਧਰਮ ਅਤੇ ਕੁਰਬਾਨੀਆਂ ਦਾ ਇਕ ਅਮੀਰ ਵਿਰਸਾ ਸੀ ਜੋ ਉਸ ਲਈ ਉਤਸ਼ਾਹ ਅਤੇ ਪ੍ਰੇਰਨਾ ਦਾ ਸਰੋਤ ਸੀ। ਇਸ ਦੇ ਨਾਲ ਹੀ ਉਸ ਨੇ ਪੰਜਾਬ ਦੀ ਲੋਕ ਸ਼ਕਤੀ ਦਾ ਆਸਰਾ ਲੈਕੇ ਜੰਗ ਜਾਰੀ ਰੱਖਣ ਦਾ ਪ੍ਰੋਗਰਾਮ ਬਣਾ ਲਿਆ। ਅਜੇਹਾ ਕਰਨ ਨਾਲ ਨਾ ਤਾਂ ਉਸਨੇ ਆਪਣੀ ਕੋਈ ਨਿੱਜੀ ਗਰਜ਼ ਪੂਰੀ ਕਰਨੀ ਸੀ ਅਤੇ ਨਾ ਹੀ ਉਸਦਾ ਉਦੇਸ਼ ਅੰਗਰੇਜ਼ਾਂ ਕੋਲੋਂ ਕੋਈ ਜ਼ਾਤੀ ਬਦਲਾ ਚੁਕਾਣਾ ਸੀ। ਉਸਦਾ ਮਨੋਰਥ ਆਪਣੇ ਦੇਸ਼ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਮੁਕਤ ਕਰਾਉਣਾ ਸੀ ਤੇ ਇਸ ਉਦੇਸ਼ ਦੀ ਸਫ਼ਲਤਾ ਲਈ ਉਸ ਨੇ ਆਪਣੀ ਜ਼ਾਤੀ ਸੁਤੰਤਰਤਾ, ਸੁੱਖ, ਸ਼ੁਹਰਤ ਅਤੇ ਅੰਤ ਵਿਚ ਆਪਣਾ ਜੀਵਨ ਤਕ ਕੁਰਬਾਨ ਕਰ ਦਿੱਤਾ।

ਮਾਰਚ 1849 ਵਿਚ ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਜਾਣ ਮਗਰੋਂ ਹੁਣ ਭਾਈ ਮਹਾਰਾਜ ਸਿੰਘ ਨੇ ਆਪਣੀਆਂ ਗਤੀਵਿਧੀਆਂ ਨੂੰ ਜਾਰੀ ਰੱਖਣ ਲਈ ਕਿਸੇ ਸੁਰਖ਼ਿਸ਼ਤ ਥਾਂ ਦੀ ਭਾਲ ਸ਼ੁਰੂ ਕਰ ਦਿੱਤੀ। ਅਜੇਹਾ ਅੰਗਰੇਜ਼ਾਂ ਹਥੋਂ ਗ੍ਰਿਫਤਾਰ ਹੋਣ ਤੋਂ ਬਚਣ ਲਈ ਵੀ ਜ਼ਰੂਰੀ ਸੀ। ਪਹਿਲਾਂ ਉਹ ਪੰਜਾਬ ਤੋਂ ਜੰਮੂ ਪਹੁੰਚਿਆ, ਫਿਰ ਭਿੰਬਰ ਅਤੇ ਫ਼ਿਰ ਅਖਨੂਰ। ਉਸਨੇ ਆਪਣੇ ਸਾਥੀਆਂ ਅਤੇ ਸੇਵਕਾਂ ਨੂੰ ਇਹ ਹਦਾਇਤ ਕਰ ਦਿੱਤੀ ਸੀ ਕਿ ਜਿਤਨੀ ਦੇਰ ਤਕ ਉਨ੍ਹਾਂ ਨੂੰ ਨਵੇਂ ਆਦੇਸ਼ ਪ੍ਰਾਪਤ ਨਾ ਹੋਣ ਉਹ ਪਿੰਡਾਂ ਵਿਚ ਖਿੰਡ ਪੁੰਡ ਜਾਣ ਤੇ ਕਿਸੇ ਵੀ ਇਕ ਥਾਂ ਤੇ ਇਕੱਤਰ ਨਾ ਹੋਣ। ਅਖਨੂਰ ਤੋਂ ਭਾਈ ਮਹਾਰਾਜ ਸਿੰਘ ਦੇਵੀ ਬਟਾਲਾ ਚਲਿਆ ਗਿਆ। ਇਹ ਥਾਂ ਹਰ ਲਿਹਾਜ਼ ਨਾਲ ਸੁਰਖ਼ਿਸ਼ਤ ਸੀ। ਆਸ ਪਾਸ ਸੰਘਣਾ ਜੰਗਲ, ਡੂੰਘੀਆਂ ਖਾਈਆਂ ਤੇ ਆਮ ਪ੍ਰਚਲਤ ਰਸਤਿਆਂ ਤੋਂ ਦੂਰ ਹੋਣ ਕਰਕੇ ਆਜ਼ਾਦੀ ਦੀ ਜੰਗ ਲੜਨ ਲਈ ਇਹ ਚੰਗੀ ਠਾਹਰ ਸੀ। ਜਦੋਂ ਭਾਈ ਮਹਾਰਾਜ ਸਿੰਘ ਦੇ ਇੱਥੇ ਪਹੁੰਚਣ ਦੀ ਖ਼ਬਰ ਉਸ ਦੇ ਸਾਥੀ ਸੇਵਕਾਂ ਨੂੰ ਹੋਈ ਤਾਂ ਉਹ ਭਾਰੀ ਗਿਣਤੀ ਵਿਚ ਇੱਥੇ ਪਹੁੰਚਣੇ ਸ਼ੁਰੂ ਹੋ ਗਏ। ਇਨ੍ਹਾਂ ਵਿਚ ਉਹ ਸਿੱਖ ਸਰਦਾਰ ਵੀ ਸਨ ਜਿਨ੍ਹਾਂ ਦੀ ਜ਼ਮੀਨ ਜਾਇਦਾਦ ਅਤੇ ਪਦਵੀਆਂ ਅੰਗਰੇਜ਼ਾਂ ਨੇ ਖੋਹ ਲਈਆਂ ਸਨ ਤੇ ਖ਼ਾਲਸਾ ਫ਼ੌਜ ਦੇ ਉਹ ਸੈਨਿਕ ਵੀ ਸ਼ਾਮਲ ਸਨ ਜਿਨ੍ਹਾਂ ਨੂੰ ਪੰਜਾਬ ਤੇ ਕਬਜ਼ਾ ਕਰ ਲੈਣ ਮਗਰੋਂ ਅੰਗਰੇਜ਼ਾਂ ਨੇ ਜ਼ਬਰਦਸਤੀ ਸੇਵਾ-ਮੁਕਤ ਕਰ ਦਿਤਾ ਸੀ ਤੇ ਹੁਣ ਉਹ ਬੇਕਾਰ ਸਨ। ਡੇਰਿਆਂ ਦੇ ਮਹੰਤ ਅਤੇ ਗੁਰਦੁਆਰਿਆਂ ਦੇ ਗ੍ਰੰਥੀ ਵੀ ਸ਼ਾਮਲ ਸਨ ਜਿਨ੍ਹਾਂ ਨੇ ਖ਼ਾਲਸਾ ਰਾਜ ਦੇ ਸਮੇਂ ਬੜੇ ਚੰਗੇ ਦਿਨ ਵੇਖੇ ਸਨ।

ਇੱਥੇ ਪਹੁੰਚਣ ਵਾਲੇ ਸੇਵਕਾਂ ਅਤੇ ਸਾਥੀਆਂ ਨੂੰ ਭਾਈ ਮਹਾਰਾਜ ਸਿੰਘ ਇਹ ਹਦਾਇਤ ਦੇਕੇ ਮੁੜ ਪੰਜਾਬ ਭੇਜ ਦੇਂਦਾ ਕਿ ਉਹ ਪਿੰਡਾਂ ਪਿੰਡਾਂ ਵਿਚ ਜਾਕੇ ਲੋਕਾਂ ਵਿਚ ਅੰਗਰੇਜ਼ਾਂ ਵਿਰੁੱਧ ਅੰਦੋਲਨ ਸ਼ੁਰੂ ਕਰਨ ਲਈ ਯੋਗ ਵਾਤਾਵਰਣ ਪੈਦਾ ਕਰਨ, ਮਾਇਕ ਸਾਧਨ ਅਤੇ ਹਥਿਆਰ ਇਕੱਠੇ ਕਰਨ ਦਾ ਜਤਨ ਕਰਨ ਤਾਕਿ ਲੋੜ ਪੈਣ ਤੇ ਉਨ੍ਹਾਂ ਦੀ ਸਫ਼ਲ ਵਰਤੋਂ ਕੀਤੀ ਜਾ ਸਕੇ। ਕੁਝ ਸਮੇਂ ਬਾਦ ਭਾਈ ਮਹਾਰਾਜ ਸਿੰਘ ਨੇ ਦੇਵੀ ਬਟਾਲਾ ਵਾਲੀ ਥਾਂ ਵੀ ਛੱਡ ਦਿੱਤੀ ਅਤੇ ਉਥੋਂ ਹੋਰ ਅੰਦਰਲੇ ਭਾਗ 'ਚੰਬੀ' ਦੇ ਸਥਾਨ ਤੇ ਚਲਿਆ ਗਿਆ। ਇੱਥੇ ਉਸਨੇ ਆਪਣੇ

Digitized by Panjab Digital Library | www.panjabdigilib.org

ਨਿਕਟਵਰਤੀ ਸਲਾਹਕਾਰਾਂ - ਭਾਈ ਹਰੀ ਸਿੰਘ, ਜਵਾਲਾ ਸਿੰਘ, ਮੇਹਰ ਸਿੰਘ, ਕਾਹਨ ਸਿੰਘ, ਖੜਕ ਸਿੰਘ, ਗੁਰਮੁੱਖ ਸਿੰਘ ਅਤੇ ਨਾਨੂੰ ਸਿੰਘ ਦੀ ਸਹਾਇਤਾ ਨਾਲ ਭਵਿੱਖ ਲਈ ਉਲੀਕੇ ਪ੍ਰੋਗਰਾਮ ਨੂੰ ਅਮਲੀ ਰੂਪ ਦੇਣਾ ਸ਼ੁਰੂ ਕਰ ਦਿੱਤਾ।

ਚੰਬੀ ਵਿਚ ਰਹਿੰਦਿਆਂ ਭਾਈ ਮਹਾਰਾਜ ਸਿੰਘ ਨੂੰ ਪਤਾ ਚਲਿਆ ਕਿ ਅੰਗਰੇਜ਼ ਪੰਜਾਬ ਦੀ ਗੱਦੀ ਤੋਂ ਲਾਹੇ ਗਏ ਮਹਾਰਾਜਾ ਦਲੀਪ ਸਿੰਘ ਨੂੰ ਜਲਾਵਤਨ ਕਰਨ ਦੇ ਇਰਾਦੇ ਨਾਲ ਪੰਜਾਬ ਚੋਂ ਬਾਹਰ ਲਿਜਾਣ ਦਾ ਪ੍ਰੋਗਰਾਮ ਬਣਾ ਰਹੇ ਹਨ। ਉਸ ਨੇ ਫ਼ੌਰਨ ਮਹਿਸੂਸ ਕਰ ਲਿਆ ਕਿ ਮਹਾਰਾਜੇ ਦੇ ਬਾਹਰ ਚਲੇ ਜਾਣ ਨਾਲ ਉਸ ਦੁਆਰਾ ਸ਼ੁਰੂ ਕੀਤੇ ਲੋਕ-ਅੰਦੋਲਨ ਨੂੰ ਭਾਰੀ ਸੱਟ ਵਜੇਗੀ। ਸੁਤੰਤਰਤਾ ਸੰਗਰਾਮ ਨੂੰ ਜਾਰੀ ਰਖਣ ਲਈ ਦਲੀਪ ਸਿੰਘ ਦਾ ਉਨ੍ਹਾਂ ਕੋਲ ਹੋਣਾ ਬਹੁਤ ਜ਼ਰੂਰੀ ਸੀ। ਇਸ ਮੰਤਵ ਦੀ ਪ੍ਰਾਪਤੀ ਲਈ ਉਸਨੇ ਆਪਣੇ ਕੁਝ ਇਤਬਾਰੀ ਤੇ ਭਰੋਸੇ ਯੋਗ ਸਾਥੀਆਂ ਦਾ ਇਕ ਜਥਾ ਲਾਹੌਰ ਭੇਜਿਆ ਤਾਂ ਜੋ ਮਹਾਰਾਜੇ ਨੂੰ ਅਗ਼ਵਾ ਕਰਕੇ ਜੰਮੂ ਦੀਆਂ ਪਹਾੜੀਆਂ ਵਿਚ ਲੈ ਆਂਦਾ ਜਾਏ ਤੇ ਉੱਥੋਂ ਉਸਦੇ ਨਾਮ ਥੱਲੇ ਬਕਾਇਦਾ ਕਾਰਵਾਈ ਕੀਤੀ ਜਾਏ। ਇਸ ਜਥੇ ਦੇ ਮੈਂਬਰਾਂ ਵਿਚ ਪਹਿਲਾਂ ਰਹਿ ਚੁਕਿਆ ਕਮਾਂਡਰ ਪ੍ਰੇਮ ਸਿੰਘ, ਰਾਵਲ ਦਾ ਰਾਮ ਸਿੰਘ, ਸਰਹਾਲੀ ਦੇ ਬੂਟਾ ਸਿੰਘ ਤੇ ਜਵਾਹਰ ਸਿੰਘ, ਬਟਾਲੇ ਦੇ ਨੇੜੇ ਨੌਸ਼ਹਿਰੇ ਦਾ ਮਹਿਤਾਬ ਸਿੰਘ, ਭੂਪ ਸਿੰਘ ਅਤੇ ਰਣ ਸਿੰਘ ਸ਼ਾਮਲ ਸਨ। ਲਾਹੌਰ ਵਿਚ ਮੀਆਂ ਗਨੇਸ਼ੀ ਸਿੰਘ ਨਾਂ ਦੇ ਇਕ ਵਿਅਕਤੀ ਨੇ ਉਨ੍ਹਾਂ ਦੀ ਸਹਾਇਤਾ ਕਰਨੀ ਸੀ। ਇਸ ਤੋਂ ਪਹਿਲਾਂ ਕਿ ਮਹਾਰਾਜਾ ਦਲੀਪ ਸਿੰਘ ਨੂੰ ਅਗ਼ਵਾ ਕਰਨ ਦੀ ਇਹ ਯੋਜਨਾ ਕਾਮਯਬ ਹੁੰਦੀ, ਇਸਦੀ ਖ਼ਬਰ ਅੰਗਰੇਜ਼ਾਂ ਤਕ ਪਹੁੰਚ ਗਈ। ਉਨ੍ਹਾਂ ਨੇ ਸਾਜਸ਼ ਵਿਚ ਭਾਗ ਲੈਣ ਵਾਲੇ ਕੁਝ ਬੰਦਿਆਂ ਨੂੰ ਪਕੜ ਲਿਆ ਤੇ ਇਸ ਤਰ੍ਹਾਂ ਇਹ ਸਕੀਮ ਨੇਪਰੇ ਚੜ੍ਹਣ ਤੋਂ ਪਹਿਲਾਂ ਹੀ ਫੇਲ ਹੋ ਗਈ।

ਜੰਗੀ ਕਾਰਵਾਈ ਲਈ ਬੰਦਿਆਂ ਅਤੇ ਮਾਇਕ ਸਾਧਨਾਂ ਦੀ ਲੋੜ ਹੋਇਆ ਕਰਦੀ ਹੈ। ਮਾਇਕ ਸਾਧਨਾਂ ਦੀ ਪੂਰਤੀ ਕਰਨ ਲਈ ਭਾਈ ਮਹਾਰਾਜ ਸਿੰਘ ਨੇ ਚੰਬੀ ਦੇ ਨੇੜੇ ਰਾਮ ਨਗਰ ਦੇ ਕਿਲ੍ਹੇ ਤੇ ਹਮਲਾ ਬੋਲ ਦਿੱਤਾ। ਇਹ ਕਿਲ੍ਹਾ ਜੰਮੂ ਦੇ ਮਹਾਰਾਜਾ ਗੁਲਾਬ ਸਿੰਘ ਦੀ ਵਿਧਵਾ ਭਰਜਾਈ ਦੀ ਮਲਕੀਅਤ ਸੀ। ਕਿਲ੍ਹੇ ਤੇ ਤਾਂ ਕਬਜ਼ਾ ਹੋ ਗਿਆ ਪਰ ਇਸ ਕਾਰਵਾਈ ਨਾਲ ਸ਼ਾਹਜ਼ਾਦਾ ਰਣਬੀਰ ਸਿੰਘ ਅਤੇ ਜੰਮੂ ਦੇ ਡੋਗਰੇ ਕਾਫ਼ੀ ਨਾਰਾਜ਼ ਹੋ ਗਏ। ਉਨ੍ਹਾਂ ਨੇ ਭਾਈ ਮਹਾਰਾਜ ਸਿੰਘ ਨੂੰ ਜੰਮੂ ਦੀ ਰਿਆਸਤ ਛੱਡ ਕੇ ਪੰਜਾਬ ਚਲੇ ਜਾਣ ਲਈ ਕਹਿ ਦਿੱਤਾ। ਜੰਗੀ ਨੀਤੀ ਦੇ ਲਿਹਾਜ਼ ਨਾਲ ਰਾਮ ਨਗਰ ਦੇ ਕਿਲ੍ਹੇ ਤੇ ਹਮਲਾ ਕਰਨਾ ਮਹਾਰਾਜ ਸਿੰਘ ਦੀ ਇਕ ਬੜੀ ਵਡੀ ਭੁੱਲ ਸੀ। ਹੁਣ ਉਹ ਜੰਮੂ ਛੱਡ ਕੇ ਬਟਾਲੇ ਦੇ ਨੇੜੇ ਜੱਸੋਵਾਲ ਆ ਗਿਆ। ਜੁਲਾਈ ਤੋਂ ਅਕਤੂਬਰ 1849 ਤਕ ਉਹ ਬਟਾਲਾ ਜ਼ਿਲ੍ਹੇ ਵਿਚ ਸਾਜੂਵਾਲ ਦੇ ਸਥਾਨ ਤੇ ਠਹਿਰਿਆ ਰਿਹਾ। ਇੱਥੇ ਉਸਨੇ ਹੁਸ਼ਿਆਰਪੁਰ ਅਤੇ ਜਲੰਧਰ ਦੀਆਂ ਛਾਉਣੀਆਂ ਉਤੇ ਹਮਲਾ ਕਰਨ ਅਤੇ ਸ਼ਾਹੀ ਖ਼ਜ਼ਾਨਿਆਂ ਨੂੰ ਲੁੱਟਣ ਦੀ ਯੋਜਨਾ ਬਣਾਈ। ਕਾਬਲ ਦੇ ਅਮੀਰ ਦੋਸਤ ਮੁਹੰਮਦ ਖਾਂ ਅਤੇ ਸੁਲਤਾਨ ਮੁਹੰਮਦ ਖਾਂ ਦੀ ਸਹਾਇਤਾ ਪ੍ਰਾਪਤ ਕਰਨ ਲਈ ਆਪਣੇ ਬੰਦਿਆਂ ਨੂੰ ਅਫਗਾਨਿਸਤਾਨ ਭੇਜਿਆ। ਉਸਨੇ ਆਪਣੇ ਅਨੁਯਾਈਆਂ ਨੂੰ ਜਥਿਆਂ ਵਿਚ ਵੰਡ ਕੇ ਪੰਜਾਬ ਦੇ ਵੱਖ ਵੱਖ ਇਲਾਕਿਆਂ ਵਿਚ ਭੇਜਿਆ ਤਾਕਿ ਮਿੱਥੀ ਹੋਈ ਤਰੀਕ ਤੇ ਹਰ ਪਾਸੇ ਬਗ਼ਾਵਤ ਦੀ ਅੱਗ ਫ਼ੈਲ ਜਾਵੇ। ਪੰਜਾਬ ਦੇ ਪਹਾੜੀ ਇਲਾਕਿਆਂ ਨਾਲ ਵੀ ਸੰਪਰਕ ਪੈਦਾ ਕੀਤਾ ਗਿਆ ਜਿੱਥੋਂ ਭਾਈ ਮਹਾਰਾਜ ਸਿੰਘ ਨੂੰ ਮਾਇਕ ਅਤੇ ਸੈਨਿਕ ਸਹਾਇਤਾ ਮਿਲਣ ਦੀ ਬੜੀ ਆਸ ਸੀ। ਹਾਜੀਪੁਰ

Digitized by Panjab Digital Library | www.panjabdigilib.org

ਅਤੇ ਕਾਂਗੜੇ ਦੇ ਸ਼ਾਹੀ ਪ੍ਰਵਾਰਾਂ ਵਲੋਂ ਇਸ ਨੇਕ ਕੰਮ ਲਈ 1000 ਬੰਦੂਕਚੀ, 10 ਤੋਂ 20 ਹਜ਼ਾਰ ਤਕ ਰੁਪਿਆ ਅਤੇ ਕਰੀਬ 10 ਹਜ਼ਾਰ ਮਣ ਅਨਾਜ ਦੇਣ ਦਾ ਇਕਰਾਰ ਕੀਤਾ ਗਿਆ। ਮਾਝੇ, ਮਾਲਵੇ ਅਤੇ ਹਜ਼ਾਰੇ ਦੇ ਅਸੰਤੁਸ਼ਟ ਸੈਨਿਕਾਂ ਨੇ ਵੀ ਇਸੇ ਤਰ੍ਹਾਂ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਸਨ। ਅੰਗਰੇਜ਼ਾਂ ਦੀਆਂ ਛਾਉਣੀਆਂ ਤੇ ਹਮਲਾ ਬੋਲਣ ਅਤੇ ਸਾਰੇ ਪੰਜਾਬ ਵਿਚ ਵਿਦਰੋਹ ਕਰਨ ਲਈ 3 ਜਨਵਰੀ 1850 ਦਾ ਦਿਨ ਨੀਯਤ ਕੀਤਾ ਗਿਆ। ਇਸ ਮੰਤਵ ਵਾਸਤੇ ਟਾਂਡੇ ਦੇ ਨੇੜੇ ਅਨਾਜ ਅਤੇ ਹਥਿਆਰਾਂ ਦਾ ਇਕ ਬਹੁਤ ਵੱਡਾ ਜ਼ਖ਼ੀਰਾ ਇਕੱਠਾ ਕੀਤਾ ਗਿਆ ਤੇ ਰਿਆਸਤ ਕਪੂਰਥਲਾ ਦੇ ਦੋ ਤੋਪਚੀਆਂ, ਦੇਵਾ ਸਿੰਘ ਤੇ ਕਾਹਨ ਸਿੰਘ ਦੀ ਸੇਵਾ ਵੀ ਪ੍ਰਾਪਤ ਕਰ ਲਈ ਗਈ।

ਜਦੋਂ ਪੰਜਾਬ ਅਤੇ ਦੇਸ਼ ਨੂੰ ਅੰਗਰੇਜ਼ਾਂ ਤੋਂ ਮੁਕਤ ਕਰਾਉਣ ਲਈ ਇਹ ਤਿਆਰੀਆਂ ਮੁਕੰਮਲ ਹੋ ਗਈਆਂ ਤਾਂ ਕਿਸੇ ਮੁਸਲਮਾਨ ਸੂਹੀਏ ਨੇ ਜਲੰਧਰ ਤੇ ਡਿਪਟੀ ਕਮਿਸ਼ਨਰ ਹੈਨਰੀ ਵੈਨਿਸਟਾਰਟ ਨੂੰ ਇਹ ਖ਼ਬਰ ਜਾ ਪਹੁੰਚਾਈ ਕਿ ਇਸ ਵੇਲੇ ਭਾਈ ਮਹਾਰਾਜ ਸਿੰਘ ਆਪਣੇ 20 ਤੋਂ 30 ਸਾਥੀਆਂ ਸਮੇਤ ਜਲੰਧਰ ਤੋਂ 14 ਮੀਲ ਦੂਰ ਆਦਮਪੁਰ ਅਤੇ ਸ਼ਾਂਮ-ਚੌਰਾਸੀ ਦੇ ਵਿਚਾਲੇ ਖੇਤਾਂ ਵਿਚ ਲੁਕਿਆ ਹੋਇਆ ਹੈ। ਜੇ ਉਸਨੂੰ ਪਕੜਨ ਲਈ ਫ਼ੌਰੀ ਕਾਰਵਾਈ ਨਾ ਕੀਤੀ ਗਈ ਤਾਂ ਅਗਲੀ ਸਵੇਰ ਤਕ ਉਹ ਉੱਥੋਂ ਨਿਕਲ ਜਾਵੇਗਾ।

ਅੰਗਰੇਜ਼ਾਂ ਲਈ ਇਸ ਤੋਂ ਵੱਡੀ ਖੁਸ਼ੀ ਦੀ ਗੱਲ ਹੋਰ ਕੀ ਹੋ ਸਕਦੀ ਸੀ ਕਿ ਉਹ 'ਬਾਗੀ ਸੰਤ' ਜੋ ਪਿਛਲੇ ਚਾਰ ਸਾਲਾਂ ਤੋਂ ਉਨ੍ਹਾਂ ਲਈ ਇਕ ਵਡੀ ਸਿਰਦਰਦੀ ਬਣਿਆ ਹੋਇਆ ਸੀ ਹੁਣ ਉਸਨੂੰ ਗ੍ਰਿਫ਼ਤਾਰ ਕਰਨ ਦਾ ਇਹ ਸੁਨਹਿਰੀ ਮੌਕਾ ਉਨ੍ਹਾਂ ਦੇ ਹੱਥ ਲੱਗ ਗਿਆ ਸੀ। 28 ਦਸੰਬਰ 1849 ਨੂੰ ਖ਼ਬਰ ਮਿਲਣ ਤੋਂ 8 ਮਿੰਟ ਦੇ ਅੰਦਰ ਅੰਦਰ ਵੈਨਿਸਟਾਰਟ ਉਸ ਸੂਹੀਏ ਅਤੇ 20 ਘੋੜਸਵਾਰਾਂ ਨੂੰ ਨਾਲ ਲੈਕੇ ਉਸ ਦਿਸ਼ਾ ਵੱਲ ਚਲ ਪਿਆ ਜਿਧਰ ਉਸ ਨੇ ਭਾਈ ਮਹਾਰਾਜ ਸਿੰਘ ਦੇ ਛਿਪੇ ਹੋਣ ਦੀ ਖ਼ਬਰ ਦਿਤੀ ਸੀ। ਅੰਗਰੇਜ਼ਾਂ ਦੇ ਚੰਗੇ ਭਾਗਾਂ ਨੂੰ ਐਸ ਵੇਲੇ ਭਾਈ ਮਹਾਰਾਜ ਸਿੰਘ ਅਤੇ ਉਸ ਦੇ ਸਾਥੀਆਂ ਕੋਲ ਕੋਈ ਖ਼ਾਸ ਹਥਿਆਰ ਨਹੀਂ ਸਨ ਜਿਸ ਕਰਕੇ ਇਕ ਮਾਮੂਲੀ ਜਹੀ ਮੁੱਠ ਭੇੜ ਮਗਰੋਂ ਮਹਾਰਾਜ ਸਿੰਘ ਅਤੇ ਉਸਦੇ 21 ਸਾਥੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਭਾਈ ਮਹਾਰਾਜ ਸਿੰਘ ਦੀ ਸ਼ਨਾਖ਼ਤ ਹੋ ਜਾਣ ਮਗਰੋਂ ਜਲੰਧਰ ਦੇ ਕਮਿਸ਼ਨਰ ਡਾਨਲਡ-ਐਫ਼ ਮੈਕਲੋਡ ਅਤੇ ਡਿਪਟੀ ਕਮਿਸ਼ਨਰ ਵੈਨਿਸਟਾਰਟ ਨੇ ਬੜੇ ਮਾਣ ਨਾਲ 5 ਜਨਵਰੀ 1850 ਨੂੰ ਪ੍ਰਸ਼ਾਸਕੀ ਬੋਰਡ ਨੂੰ ਇਹ ਖ਼ਬਰ ਦਿਤੀ ਕਿ ਸਿੱਖਾਂ ਦਾ 'ਬਾਗ਼ੀ ਗੁਰੂ' ਮਹਾਰਾਜ ਸਿੰਘ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਉਨ੍ਹਾਂ ਨੂੰ ਆਸ ਨਹੀਂ ਸੀ ਕਿ ਇਕ ਸ਼ਕਤੀਸ਼ਾਲੀ ਸਾਮਰਾਜ ਨੂੰ ਵੰਗਾਰਨ ਵਾਲਾ ਇਹ ਸ਼ੇਰ ਇਤਨੀ ਆਸਾਨੀ ਨਾਲ ਉਨ੍ਹਾਂ ਦੀ ਪਕੜ ਵਿਚ ਆ ਜਾਵੇਗਾ।

ਗ੍ਰਿਫ਼ਤਾਰ ਕਰਨ ਮਗਰੋਂ ਭਾਈ ਮਹਾਰਾਜ ਸਿੰਘ ਨੂੰ ਜੰਜੀਰਾਂ ਵਿਚ ਜਕੜਕੇ ਜਲੰਧਰ ਦੀ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ। ਜਿਸ ਕੋਠੜੀ ਵਿਚ ਉਸ ਨੂੰ ਬੰਦ ਕੀਤਾ ਗਿਆ, ਉਸਦੇ ਬਾਹਰ ਸੈਨਿਕਾਂ ਦਾ ਡਬਲ ਪਹਿਰਾ ਲਗਾ ਦਿੱਤਾ ਗਿਆ। ਇਕ ਘੋੜ-ਸਵਾਰ ਦਸਤੇ ਨੂੰ ਦਿਨ-ਰਾਤ ਜੇਲ੍ਹ ਦੇ ਇਰਦ ਗਿਰਦ ਚੱਕਰ ਲਗਾਣ ਲਈ ਤੈਨਾਤ ਕਰ ਦਿੱਤਾ ਗਿਆ। ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਜੇਲ੍ਹ ਦੀ ਗਾਰਦ ਦੀ ਨਫ਼ਰੀ ਵਧਾ ਦਿਤੀ ਗਈ। ਇਸ ਦੇ ਨਾਲ ਹੀ ਭਾਈ ਮਹਾਰਾਜ ਸਿੰਘ ਨੂੰ ਜਲੰਧਰ ਜੇਲ੍ਹ ਚੋਂ ਕਿਤੇ ਦੂਰ ਭੇਜ ਦੇਣ ਦਾ ਪ੍ਰਬੰਧ ਕਰ

Digitized by Panjab Digital Library | www.panjabdigilib.org

ਲਿਆ ਗਿਆ ਤਾਕਿ ਉਸ ਨੂੰ ਉਸਦੇ ਰਸੂਖ ਵਾਲੇ ਖੇਤਰ ਨਾਲੋਂ ਤੋੜ ਤੇ ਅਲੱਗ ਥਲੱਗ ਕਰ ਦਿੱਤਾ ਜਾਵੇ।

13 ਜਨਵਰੀ 1850 ਨੂੰ ਗਵਰਨਰ ਜਨਰਲ ਲਾਰਡ ਡਲਹੌਜ਼ੀ ਨੇ ਆਪਣੀ ਇਕ ਟਿੱਪਣੀ ਵਿਚ ਇਹ ਲਿੱਖਿਆ ਕਿ ਭਾਈ ਮਹਾਰਾਜ ਸਿੰਘ ਨੂੰ ਅਲਾਹਬਾਦ ਦੇ ਰਸਤੇ ਕਲਕੱਤਾ ਭੇਜ ਦਿੱਤਾ ਜਾਵੇ ਜਿੱਥੋਂ ਉਸਨੂੰ ਜਲਾਵਤਨ ਕਰ ਕੇ ਸਿੰਘਾਪੁਰ ਭੇਜਿਆ ਜਾਣਾ ਸੀ। ਭਾਈ ਮਹਾਰਾਜ ਸਿੰਘ ਦੇ ਗ੍ਰਿਫ਼ਤਾਰ ਹੋ ਜਾਣ ਮਗਰੋਂ ਕਈ ਸਿੱਖ ਸਰਦਾਰ ਜਿਨ੍ਹਾਂ ਨੇ ਅੰਗਰੇਜ਼ਾਂ ਨਾਲ ਹੋਈ ਆਖ਼ਰੀ ਲੜਾਈ (ਫਰਵਰੀ 1849) ਮਗਰੋਂ ਹਥਿਆਰ ਸੁੱਟ ਦਿੱਤੇ ਸਨ ਨੂੰ ਵੀ ਪੰਜਾਬ ਚੋਂ ਬਾਹਰ ਭੇਜ ਦਿੱਤਾ ਗਿਆ ਤਾਕਿ ਉਹ ਪੰਜਾਬ ਵਿਚ ਰਹਿੰਦਿਆਂ ਅੰਗਰੇਜ਼ਾਂ ਵਿਰੁੱਧ ਕਿਸੇ ਹੋਰ ਸਾਜ਼ਸ਼ ਵਿਚ ਹਿੱਸਾ ਨਾ ਲੈ ਸਕਣ। ਇਨ੍ਹਾਂ ਜਲਾਵਤਨ ਕੀਤੇ ਗਏ ਸਰਦਾਰਾਂ ਵਿਚ ਪ੍ਰਮੁੱਖ ਸਨ : ਦੀਵਾਨ ਮੂਲ ਰਾਜ, ਰਾਜਾ ਸ਼ੇਰ ਸਿੰਘ, ਅਵਤਾਰ ਸਿੰਘ, ਲਾਲ ਸਿੰਘ ਮੁਗਰੀਆਂ, ਮਹਿਤਾਬ ਸਿੰਘ ਮਜੀਠਾ, ਦੀਵਾਨ ਹਾਕਮ ਰਾਏ, ਕ੍ਰਿਸ਼ਨ ਕੌਰ ਅਤੇ ਸ੍ਰ: ਅਰਜਨ ਸਿੰਘ।

ਭਾਈ ਮਹਾਰਾਜ ਸਿੰਘ ਅਤੇ ਉਸ ਦੇ ਨਿਕਟ ਵਰਤੀ ਸਾਥੀ ਭਾਈ ਖੜਕ ਸਿੰਘ ਨੂੰ 15 ਮਈ 1850 ਨੂੰ ਕਲੱਕਤਾ ਤੋਂ 'ਮੁਹੰਮਦ ਸ਼ਾਹ' ਨਾਮ ਦੇ ਜਹਾਜ਼ ਤੇ ਸਵਾਰ ਕਰਕੇ ਪੁਲਿਸ ਦੇ ਸਖ਼ਤ ਪਹਿਰੇ ਥਲੇ ਸਿੰਘਾਪੁਰ ਲਈ ਰਵਾਨਾ ਕਰ ਦਿੱਤਾ ਗਿਆ। ਇਸ ਜਹਾਜ਼ ਨੇ 9 ਜੂਨ 1850 ਨੂੰ ਸਿੰਘਾਪੁਰ ਦੀ ਬੰਦਰਗਾਹ ਤੇ ਲੰਗਰ ਸੁਟਿਆ ਜਿੱਥੇ ਸਿੰਘਾਪੁਰ ਦਾ ਰੈਜ਼ੀਡੈਂਟ ਮਿਸਟਰ ਟੀ-ਚਰਚ, ਇਸ 'ਖ਼ਤਰਨਾਕ ਬਾਗੀ' ਨੂੰ ਲੈਣ ਲਈ ਪਹੁੰਚਿਆ ਹੋਇਆ ਸੀ।

ਭਾਈ ਮਹਾਰਾਜ ਸਿੰਘ ਨੂੰ ਸਿੰਘਾਪੁਰ ਦੀ ਜੇਲ੍ਹ ਵਿਚ ਛੇ ਸਾਲ ਤਕ ਰਖਿਆ ਗਿਆ ਜਿੱਥੇ ਇਨ੍ਹਾਂ ਨਾਲ ਹੁੰਦੇ ਮਾੜੇ ਸਲੂਕ ਕਰਕੇ ਇਨ੍ਹਾਂ ਦੀ ਸੇਹਤ ਦਿਨ ਬਦਿਨ ਵਿਗੜਣੀ ਸ਼ੁਰੂ ਹੋ ਗਈ। ਯੋਗ ਡਾਕਟਰੀ ਉਪਚਾਰ ਨਾ ਮਿਲਣ ਕਾਰਨ ਜਨਵਰੀ 1853 ਤਕ ਇਨ੍ਹਾਂ ਦੀ ਨਜ਼ਰ ਬਿਲਕੁਲ ਜਾਂਦੀ ਰਹੀ। ਫਿਰ ਇਨ੍ਹਾਂ ਨੂੰ ਜ਼ਬਾਨ ਦਾ ਕੈਂਸਰ ਹੋ ਗਿਆ। 1856 ਤਕ ਇਹ ਰੋਗ ਗੰਭੀਰ ਰੂਪ ਧਾਰਨ ਕਰ ਗਿਆ ਤੇ ਇਨ੍ਹਾਂ ਦੀ ਜ਼ਬਾਨ ਅਤੇ ਮੂੰਹ ਚੋਂ ਭੈੜੀ ਦੁਰਗੰਧ ਆਉਣੀ ਸ਼ੁਰੂ ਹੋ ਗਈ। ਸਿੰਘਾਪੁਰ ਜੇਲ੍ਹ ਦੇ ਕਰਮਚਾਰੀਆਂ ਨੇ ਬਾਰ ਬਾਰ ਭਾਰਤ ਦੀ ਅੰਗਰੇਜ਼ ਸਰਕਾਰ ਨੂੰ ਭਾਈ ਮਹਾਰਾਜ ਸਿੰਘ ਪ੍ਰਤੀ ਕੁਝ ਢੀਲ ਦੇਣ ਦੀ ਮੰਗ ਕੀਤੀ ਪਰ ਭਾਰਤੀ ਅਧਿਕਾਰੀਆਂ ਵਲੋਂ ਜੁਆਬ ਹਰ ਵਾਰ 'ਨਾਂਹ' ਵਿਚ ਹੀ ਪ੍ਰਾਪਤ ਹੁੰਦਾ ਰਿਹਾ। ਹੈਰਾਨੀ ਦੀ ਗੱਲ ਇਹ ਹੈ ਕਿ ਇਨ੍ਹਾਂ ਸਖ਼ਤੀਆਂ ਦੇ ਬਾਵਜੂਦ ਭਾਈ ਮਹਾਰਾਜ ਸਿੰਘ ਹਮੇਸ਼ਾਂ ਚੜ੍ਹਦੀ ਕਲਾ ਵਿਚ ਵਿਚਰਦਾ ਰਿਹਾ ਤੇ ਉਸਨੇ ਕਦੇ ਵੀ ਆਪਣੇ ਨਾਲ ਹੁੰਦੇ ਇਸ ਮਾੜੇ ਵਿਉਹਾਰ ਦਾ ਗਿਲਾ ਜਾਂ ਸ਼ਿਕਵਾ ਤਕ ਨਾ ਕੀਤਾ। ਉਨ੍ਹਾਂ ਦੇ ਸੇਵਕ ਭਾਈ ਖੜਕ ਸਿੰਘ ਨੇ ਕਈ ਵਾਰ ਉਨ੍ਹਾਂ ਦੀ ਵਿਗੜ ਰਹੀ ਸੇਹਤ ਦਾ ਜ਼ਿਕਰ ਜੇਲ੍ਹ ਅਧਿਕਾਰੀਆਂ ਨਾਲ ਕੀਤਾ ਪਰ ਭਾਈ ਮਹਾਰਾਜ ਸਿੰਘ ਨੇ ਹਰ ਵਾਰ ਉਸ ਨੂੰ ਧੀਰਜ ਦਿੰਦਿਆਂ ਇਹੀ ਕਿਹਾ ਕਿ ਇਹ ਵੀ ਰੱਬ ਦੀ ਰਜ਼ਾ ਹੈ ਤੇ ਉਸਦੇ ਭਾਣੇ ਨੂੰ ਖੁਸ਼ੀ ਖੁਸ਼ੀ ਪ੍ਰਵਾਨ ਕਰ ਲੈਣ ਵਿਚ ਹੀ ਸਾਡੀ ਭਲਾਈ ਹੈ। ਅੱਖਾਂ ਦੀ ਜੋਤ ਚਲੇ ਜਾਣ ਅਤੇ ਕੈਂਸਰ ਦੀ ਪੀੜਾ ਦੇ ਬਾਵਜੂਦ ਭਾਈ ਮਹਾਰਾਜ ਸਿੰਘ ਹਮੇਸ਼ਾਂ ਪ੍ਰਭੂ ਦੀ ਬੰਦਗੀ ਵਿਚ ਜੁੜਿਆ ਰਹਿੰਦਾ ਸੀ ਤੇ ਹਰ ਰੋਜ਼ ਇਹੀ ਅਰਦਾਸ ਕਰਿਆ ਕਰਦਾ ਸੀ ਕਿ ਜਿਤਨੀ ਦੇਰ ਤਕ ਉਸਦਾ ਦੇਸ਼ ਆਜ਼ਾਦ ਨਹੀਂ ਹੋ ਜਾਂਦਾ, ਉਹ ਜਨਮ ਲੈਂਦਾ ਤੇ ਆਪਣੀ ਮਾਤ੍ਰ ਭੂਮੀ ਲਈ ਕੁਰਬਾਨ ਹੁੰਦਾ ਰਹੇ।

Digitized by Panjab Digital Library | www.panjabdigilib.org


ਆਖ਼ਰ ਛੇ ਸਾਲ ਤਕ ਜਲਾਵਤਨੀ ਅਤੇ ਕੈਦ ਦੇ ਕਸ਼ਟ ਸਹਾਰਦਾ, ਦੇਸ਼ ਦੀ ਆਜ਼ਾਦੀ ਦਾ ਇਹ ਮੁੱਢਲਾ ਸੁਤੰਤਰਤਾ ਸੰਗ੍ਰਾਮੀਆ 5 ਜੁਲਾਈ 1856 ਨੂੰ ਸਿੰਘਾਪੁਰ ਦੀ ਜੇਲ੍ਹ ਵਿਚ ਸ਼ਹਾਦਤ ਦਾ ਜਾਮ ਪੀ ਗਿਆ। ਦੇਸ਼ ਦੀ ਆਜ਼ਾਦੀ ਲਈ ਲੜੀ ਗਈ 1857 ਦੀ ਪਹਿਲੀ ਜੰਗ, ਭਾਈ ਮਹਾਰਾਜ ਸਿੰਘ ਦੀ ਸ਼ਹਾਦਤ ਤੋਂ ਕਰੀਬ ਇਕ ਸਾਲ ਬਾਦ ਸ਼ੁਰੂ ਹੋਈ। ਇਸ ਤਰ੍ਹਾਂ ਭਾਈ ਮਹਾਰਾਜ ਸਿੰਘ ਆਜ਼ਾਦੀ ਦੇ ਸੰਗਰਾਮ ਨੂੰ ਸ਼ੁਰੂ ਕਰਨ ਵਾਲਾ ਦੇਸ਼ ਅਤੇ ਪੰਜਾਬ ਦਾ ਪਹਿਲਾ ਕੌਮੀ ਸ਼ਹੀਦ ਸੀ।

ਨਿਰਸੰਦੇਹ ਉਹ ਇਕ ਸਿਆਣਾ ਆਗੂ, ਵਤਨ-ਪ੍ਰਸਤ ਅਤੇ ਧਰਮੀ ਪੁਰਸ਼ ਸੀ। ਮਿਸਟਰ ਭਾਰਗਵਾ ਨੇ ਉਸਨੂੰ **'The Divine Patriot'** ਦੇ ਨਾਮ ਨਾਲ ਯਾਦ ਕੀਤਾ ਹੈ। ਉਸਦੇ ਸੇਵਕਾਂ ਦਾ ਘੇਰਾ ਬੜਾ ਵਿਸ਼ਾਲ ਸੀ। ਗੁਜਰਾਤ ਦੀ ਆਖ਼ਰੀ ਲੜਾਈ ਮਗਰੋਂ ਜਦੋਂ ਪੰਜਾਬ ਦੇ ਵੱਡੇ ਵੱਡੇ ਸਿੱਖ ਅਤੇ ਗ਼ੈਰ ਸਿੱਖ ਸਰਦਾਰਾਂ ਨੇ ਅੰਗਰੇਜ਼ਾਂ ਅਗੇ ਆਪਣੇ ਹਥਿਆਰ ਸੁੱਟ ਦਿਤੇ ਸਨ ਤਾਂ ਕੇਵਲ ਭਾਈ ਮਹਾਰਾਜ ਸਿੰਘ ਹੀ ਐਸਾ ਕੌਮੀ ਨਾਇਕ ਸੀ ਜਿਸਨੇ ਇਕੱਲਿਆਂ ਹੀ ਅੰਗਰੇਜ਼ਾਂ ਵਿਰੁੱਧ ਜੰਗ ਜਾਰੀ ਰਖਣ ਦਾ ਫ਼ੈਸਲਾ ਕਰ ਲਿਆ ਸੀ। M.L. Bhargava, 'Architects of Indian Freedom struggle' ਵਿਚ ਲਿਖਦਾ ਹੈ ਕਿ **'To him belonged the credit of having kept up the struggle against the British even after Punjab was annexed in March 1849.** ਆਪਣੀ ਇਕ ਰਿਪੋਰਟ ਵਿਚ ਹੈਨਰੀ ਲਾਰੰਸ ਨੇ ਲਿਖਿਆ ਸੀ, 'ਅੰਗਰੇਜ਼ਾਂ ਲਈ ਇਹ ਸਮਾਂ ਬੜਾ ਹੀ ਨਾਜ਼ਕ ਸੀ, ਲੋਕਾਂ ਦੇ ਮਨ ਬੜੇ ਹੀ ਭੜਕੇ ਹੋਏ ਸਨ... ਭਾਈ ਮਹਾਰਾਜ ਸਿੰਘ ਦੇ ਨਾਮ ਦਾ ਇਕ ਸਿੱਖ ਸੰਤ, ਜੋ ਆਪਣੇ ਪਵਿੱਤਰ ਆਚਰਨ ਕਰਕੇ ਬੜਾ ਉੱਘਾ ਤੇ ਚੋਖੇ ਰਸੂਖ ਦਾ ਮਾਲਕ ਸੀ, ਇਸ ਵੇਲੇ ਲਾਹੌਰ ਵਿਚ ਪੰਜਾਬੀ ਰਸਾਲੇ ਦੇ ਇਕ ਦਸਤੇ ਦੇ ਸਿੱਖਾਂ ਨੂੰ ਬਦਰਾਹ ਕਰਨ ਦਾ ਜਤਨ ਕਰ ਰਿਹਾ ਹੈ। 1848 ਵਿਚ ਮੁਲਤਾਨ ਦੀ ਹੱਦ ਤੋਂ ਬਾਹਰ ਇਹ ਪਹਿਲਾ ਪੁਰਸ਼ ਸੀ, ਜਿਸ ਨੇ ਬਗ਼ਾਵਤ ਦਾ ਝੰਡਾ ਖੜਾ ਕੀਤਾ ਸੀ ਤੇ ਬਾਗ਼ੀ ਸਰਦਾਰਾਂ ਵਿਚੋਂ ਕੇਵਲ ਇਹੀ ਇਕੋ ਇਕ ਉਘਾ ਆਗੂ ਸੀ, ਜਿਸ ਨੇ ਰਾਵਲਪਿੰਡੀ ਵਿਚ ਸਰ ਵਾਲਟਰ ਗਿਲਬਰਟ ਦੇ ਸਾਮ੍ਹਣੇ ਹਥਿਆਰ ਨਹੀਂ ਸੁੱਟੇ ਸਨ'। ...ਇਸੇ ਤਰ੍ਹਾਂ ਜਲੰਧਰ ਦੇ ਕਮਿਸ਼ਨਰ ਨੇ ਉਸਦੇ ਵਿਅਕਤੀਗਤ ਗੁਣਾਂ ਦੀ ਪ੍ਰਸ਼ੰਸਾ ਕਰਦਿਆਂ ਲਿਖਿਆ ਸੀ ਕਿ ਮੈਨੂੰ ਇਸ ਬਾਰੇ ਪੱਕਾ ਨਿਸ਼ਚਾ ਹੈ ਕਿ ਗੁਰੂ (ਮਹਾਰਾਜ ਸਿੰਘ) ਕਈ ਪੱਖਾਂ ਤੋਂ ਇਕ ਬਹੁਤ ਮਹੱਤਵਪੂਰਨ ਵਿਅਕਤੀ ਹੈ। ਉਸ ਕੋਲ ਬਹੁਤ ਸ੍ਵੈ-ਵਿਸ਼ਵਾਸ ਅਤੇ ਸਿਆਣਪ ਹੈ। ਉਹ ਇਤਨਾ ਗਹਿਰ ਗੰਭੀਰ ਹੈ ਕਿ ਉਸਦੇ ਮਨ ਦੇ ਸੰਕਲਪ ਬਾਰੇ ਕੇਵਲ ਉਸ ਨੂੰ ਹੀ ਪਤਾ ਹੁੰਦਾ ਸੀ ਜਾਂ ਉਨ੍ਹਾਂ ਬਾਰੇ ਫ਼ਿਰ ਗਿਆਨ ਉਦੋਂ ਹੁੰਦਾ ਸੀ ਜਦ ਉਨ੍ਹਾਂ ਨੂੰ ਅਮਲੀ ਰੂਪ ਦਿੱਤਾ ਜਾਂਦਾ ਸੀ। ਉਹ ਸੈਂਕੜੇ ਵਿਅਕਤੀਆਂ ਨੂੰ ਇਕੱਠੇ ਕਰਕੇ ਇਕ ਸਥਾਨ ਤੇ ਲਿਆਉਣ ਦੇ ਸਮਰੱਥ ਸੀ ਅਤੇ ਮੈਨੂੰ ਇਹ ਗੱਲ ਮੰਨਦਿਆਂ ਝਿਜਕ ਨਹੀਂ ਕਿ ਭੀੜ ਬਣਨ ਤੇ ਇਹ ਸੈਂਕੜੇ ਲੋਕ ਹਜ਼ਾਰਾਂ ਦੀ ਗਿਣਤੀ ਵਿਚ ਵੀ ਆ ਸਕਦੇ ਹਨ...'। ਜੇ ਭਾਈ ਮਹਾਰਾਜ ਸਿੰਘ ਵਲੋਂ 3 ਜਨਵਰੀ 1850 ਨੂੰ ਕੀਤਾ ਜਾਣ ਵਾਲਾ ਵਿਦਰੋਹ ਸਫ਼ਲ ਹੋ ਜਾਂਦਾ ਤਾਂ ਸੁਤੰਤਰਤਾ ਸੰਗਰਾਮ ਦਾ ਇਤਿਹਾਸ ਕਿਸੇ ਹੋਰ ਤਰ੍ਹਾਂ ਲਿਖਿਆ ਜਾਂਦਾ।

ਪਿਛਲੇ ਕੁਝ ਵਰ੍ਹਿਆਂ ਤੋਂ ਉਨ੍ਹਾਂ ਦੇ ਜਨਮ ਸਥਾਨ ਪਿੰਡ ਰਬੋਂ ਵਿਖੇ ਉਨ੍ਹਾਂ ਦਾ ਸ਼ਹੀਦੀ ਦਿਹਾੜਾ ਬੜੇ ਸਤਿਕਾਰ ਨਾਲ ਮਨਾਇਆ ਜਾਣ ਲਗਾ ਹੈ। ਉੱਘੇ ਪਤੱਰਕਾਰ ਅਤੇ **How the**

Digitized by Panjab Digital Library | www.panjabdigilib.org

Sikhs lost their kingdom ਦੇ ਲੇਖਕ ਸ੍ਰ: ਖੁਸ਼ਵੰਤ ਸਿੰਘ ਨੇ ਲਿਖਿਆ ਹੈ ਕਿ ਸਿੰਘਾਪੁਰ ਵਿਚ ਜਿਸ ਥਾਂ ਤੇ ਉਨ੍ਹਾਂ ਦਾ ਅੰਤਿਮ ਸਸਕਾਰ ਕੀਤਾ ਗਿਆ ਉੱਥੇ ਇਕ ਵੱਡਾ ਹਸਪਤਾਲ ਸਥਾਪਿਤ ਕੀਤਾ ਗਿਆ ਹੈ। ਸਥਾਨਿਕ ਲੋਕ ਉਨ੍ਹਾਂ ਨੂੰ 'ਕਰਨੀ ਵਾਲਾ ਬਾਬਾ' ਦੇ ਨਾਮ ਨਾਲ ਯਾਦ ਕਰਦੇ ਹਨ।



Digitized by Panjab Digital Library | www.panjabdigilib.org

# ਬਾਬਾ ਰਾਮ ਸਿੰਘ

ਬਾਬਾ ਰਾਮ ਸਿੰਘ ਨਾਮਧਾਰੀ ਸੰਪਰਦਾਇ ਦੇ ਬਾਨੀ ਹੀ ਨਹੀਂ ਸਗੋਂ ਉਹ ਸੁਤੰਤਰਤਾ ਸੰਗ੍ਰਾਮ ਦੇ ਮੁਢੱਲੇ ਘੁਲਾਟੀਆਂ ਵਿਚੋਂ ਹਨ ਜਿਨ੍ਹਾਂ ਨੇ ਦੇਸ਼ ਨੂੰ ਅੰਗ੍ਰਜ਼ਾਂ ਤੋਂ ਆਜ਼ਾਦ ਕਰਵਾਉਣ ਲਈ ਪੰਜਾਬ ਦੇ ਲੋਕਾਂ ਨੂੰ ਸੰਘਠਿਤ ਵੀ ਕੀਤਾ ਤੇ ਦੇਸ਼ ਨੂੰ ਇਕ ਨਵਾਂ ਪ੍ਰੋਗਰਾਮ ਵੀ ਦਿਤਾ ਜਿਸ ਨੂੰ ਅਗੇ ਚਲ ਕੇ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਨੇ ਇਕ ਪ੍ਰਭਾਵਸ਼ਾਲੀ ਹਥਿਆਰ ਵਜੋਂ ਵਰਤ ਕੇ ਅੰਗਰੇਜ਼ਾਂ ਨੂੰ ਦੇਸ਼ ਛਡਣ ਤੇ ਮਜਬੂਰ ਕਰ ਦਿਤਾ। ਇਹ ਨਵਾਂ ਪ੍ਰੋਗਰਾਮ ਸੀ ਸਵਦੇਸ਼ੀ ਪਹਿਨਣ ਅਤੇ ਅੰਗਰੇਜ਼ੀ ਸਕੂਲਾਂ, ਕਾਲਜਾਂ, ਕਚਹਿਰੀਆਂ, ਰੇਲਾਂ ਅਤੇ ਪ੍ਰਬੰਧਕੀ ਮਸ਼ੀਨਰੀ ਦਾ ਬਾਈਕਾਟ ਕਰਨਾ ਜਿਸ ਰਾਹੀਂ ਅੰਗਰੇਜ਼ਾਂ ਦੀ ਆਰਥਕਿਤਾ ਅਤੇ ਵਕਾਰ ਨੂੰ ਭਾਰੀ ਸੱਟ ਮਾਰੀ ਜਾ ਸਕੇ। ਇਸਦੇ ਨਾਲ ਹੀ ਨਾਲ ਉਨ੍ਹਾਂ ਨੇ ਲੋਕਾਂ ਨੂੰ ਸਾਦਾ, ਨੇਕ ਅਤੇ ਸਦਾਚਾਰਕ ਜੀਵਨ ਜੀਊਣ ਦੀ ਪ੍ਰੇਰਨਾਂ ਕੀਤੀ ਜਿਸ ਵਿਚ ਨਸ਼ਿਆਂ ਦਾ ਤਿਆਗ ਅਤੇ ਲੋਕ-ਭਲਾਈ ਵਰਗੇ ਕਾਰਜ ਸ਼ਾਮਲ ਸਨ। ਉਹ ਆਪਣੇ ਜੀਵਨ ਕਾਲ ਵਿਚ ਹੀ ਇਤਨੇ ਲੋਕ-ਪ੍ਰਿਯ ਹੋ ਗਏ ਸਨ ਕਿ ਉਨ੍ਹਾਂ ਦੇ ਅਨੁਯਾਈ ਉਨ੍ਹਾਂ ਨੂੰ ਸਤਿਕਾਰ ਨਾਲ ਸਤਿਗੁਰੂ ਦੀ ਉਪਾਧੀ ਨਾਲ ਯਾਦ ਕਰਨ ਲਗ ਪਏ ਸਨ। ਬਾਬਾ ਰਾਮ ਸਿੰਘ ਨੇ ਆਪਣੇ ਜੀਵਨ ਦੇ ਆਖ਼ਰੀ ਕਈ ਸਾਲ ਜਲਾਵਤਨੀ ਵਿਚ ਰਹਿ ਕੇ ਕਟੇ। ਅੰਗਰੇਜ਼ਾਂ ਨੇ ਉਨ੍ਹਾਂ ਦੁਆਰਾ ਚਲਾਏ ਅੰਦੋਲਨ ਤੋਂ ਭੈ ਭੀਤ ਹੋਕੇ ਉਨ੍ਹਾਂ ਨੂੰ ਪੰਜਾਬ ਤੋਂ ਬਹੁਤ ਦੂਰ, ਰੰਗੂਨ ਦੀ ਜੇਲ੍ਹ ਵਿਚ ਭੇਜ ਦਿੱਤਾ ਜਿਥੇ ਸਰਕਾਰੀ ਰਿਕਾਰਡਾਂ ਅਨੁਸਾਰ ਆਪ 29 ਨਵੰਬਰ 1885 ਨੂੰ ਸਰੀਰ ਤਿਆਗ ਗਏ। ਨਾਮਧਾਰੀ ਸੰਪਰਦਾ ਦਾ ਅਜੇ ਤਕ ਵੀ ਇਹ ਵਿਸ਼ਵਾਸ ਹੈ ਕਿ ਆਪ ਜੀਵਿਤ ਹਨ ਤੇ ਉਹ ਇਕ ਦਿਨ ਜ਼ਰੂਰ ਪ੍ਰਗਟ ਹੋਣਗੇ। ਪਰ ਸੱਚ ਤਾਂ ਇਹ ਹੈ ਕਿ ਉਹ ਇਤਿਹਾਸ ਵਿਚ ਸੁਤੰਤਰਤਾ ਸੰਗ੍ਰਾਮ ਦੇ ਮੁੱਢਲੇ ਨਾਇਕ ਵਜੋਂ ਅਜ ਵੀ ਜੀਵਿਤ ਹਨ ਅਤੇ ਇਹ ਸਤਿਕਾਰ ਸਮੇਂ ਦੇ ਬੀਤਣ ਨਾਲ ਹੋਰ ਵਧਦਾ ਚਲਾ ਜਾਵੇਗਾ। ਉਨ੍ਹਾਂ ਦੀ ਦੇਸ਼ ਪ੍ਰਤੀ ਕੀਤੀ ਕੁਰਬਾਨੀ ਨੂੰ ਸਮੇਂ ਦੀਆਂ ਪੈੜਾਂ ਤੇ ਧੂਲ ਵੀ ਨਹੀਂ ਮਿਟਾ ਸਕਣਗੀਆਂ।

ਬਾਬਾ ਰਾਮ ਸਿੰਘ ਦਾ ਜਨਮ 3 ਫਰਵਰੀ ਸੰਨ 1816 ਨੂੰ ਇਕ ਛੋਟੇ ਜਹੇ ਪਿੰਡ ਭੈਣੀ ਅਰਾਂਈਆਂ, ਜ਼ਿਲਾ ਲੁਧਿਆਣਾ ਵਿਚ ਭਾਈ ਜੱਸਾ ਸਿੰਘ ਅਤੇ ਮਾਤਾ ਸਦਾ ਕੌਰ ਦੇ ਗ੍ਰਹਿ ਵਿਖੇ ਹੋਇਆ। ਚਾਰ ਬਚਿਆਂ ਵਿਚੋਂ (ਬਾਬਾ) ਰਾਮ ਸਿੰਘ ਸਭ ਤੋਂ ਵਡੇ ਸਨ। ਇਨ੍ਹਾਂ ਦੀ ਵੱਡੀ ਭੈਣ ਸਾਹਿਬ ਕੌਰ ਰਾਇਪੁਰ ਦੇ ਸ੍ਰ: ਕਾਬਲ ਸਿੰਘ ਨਾਲ ਵਿਆਹੀ ਹੋਈ ਸੀ। ਰਾਮ ਸਿੰਘ ਜੀ ਦੇ ਛੋਟੇ ਭਰਾ ਦਾ ਨਾਮ (ਭਾਈ) ਬੁੱਧ ਸਿੰਘ (ਸ੍ਰ: ਹਰੀ ਸਿੰਘ) ਸੀ।

(ਬਾਬਾ) ਰਾਮ ਸਿੰਘ ਨੇ ਗੁਰਮੁੱਖੀ ਅਖੱਰਾਂ ਅਤੇ ਮਾਂ ਬੋਲੀ ਪੰਜਾਬੀ ਦਾ ਗਿਆਨ ਆਪਣੀ ਮਾਤਾ ਜੀ ਤੋਂ ਪ੍ਰਾਪਤ ਕੀਤਾ। ਬਚਪਨ ਵਿਚ ਹੀ ਉਨ੍ਹਾਂ ਨੂੰ ਬਹੁਤ ਸਾਰੀ ਗੁਰਬਾਣੀ ਜ਼ਬਾਨੀ ਕੰਠ ਹੋ ਗਈ ਸੀ। ਛੋਟੀ ਉਮਰ ਤੋਂ ਹੀ ਉਹ ਸਾਧੂ ਸੰਤਾਂ ਦੀ ਸੰਗਤ ਵਿਚ ਰਹਿ ਕੇ ਉਨ੍ਹਾਂ ਕੋਲੋਂ ਅਧਿਆਤਮਕ ਸਿਖਿਆ ਗ੍ਰਹਿਣ ਕਰਨ ਵਿਚ ਆਪਣਾ ਸਮਾਂ ਬਤੀਤ ਕਰਦੇ ਸਨ। ਉਨ੍ਹਾਂ ਨੇ ਉਦਾਸੀ ਸੰਤਾਂ ਅਤੇ ਨਿਰਮਲੇ ਸਾਧੂਆਂ ਦੇ ਡੇਰਿਆਂ ਤੋਂ ਵੀ ਕਾਫ਼ੀ ਗਿਆਨ ਪ੍ਰਾਪਤ

Digitized by Panjab Digital Library | www.panjabdigilib.org

ਕੀਤਾ ਜਿਹਾ ਕਿ ਉਨ੍ਹਾਂ ਦੇ ਕੁਝ ਹੁਕਮਨਾਮਿਆਂ ਤੋਂ ਪ੍ਰਗਟ ਹੁੰਦਾ ਹੈ। ਇਸ ਤੋਂ ਬਾਦ ਆਪ ਅੰਮ੍ਰਿਤ ਛੱਕ ਕੇ ਸਿੰਘ ਸਜ ਗਏ। ਉਹ ਪਤਲੇ, ਲੰਮੇ ਤੇ ਗੁੰਦਵੇ ਸਰੀਰ ਅਤੇ ਸਹਿਜ-ਟਿਕਾਉ ਵਾਲੇ ਚੇਹਰੇ ਦੇ ਖ਼ੂਬਸੂਰਤ ਨੌਜਵਾਨ ਸਨ।

ਉਨ੍ਹਾਂ ਦਿਨਾਂ ਵਿਚ ਪੰਜਾਬ ਵਿਚ ਇਹ ਰਿਵਾਜ ਆਮ ਸੀ ਕਿ ਬਚਿਆਂ ਦੀ ਸ਼ਾਦੀ ਛੋਟੀ ਉਮਰ ਵਿਚ ਹੀ ਕਰ ਦਿਤੀ ਜਾਂਦੀ ਸੀ। (ਬਾਬਾ) ਰਾਮ ਸਿੰਘ ਦੀ ਉਮਰ ਅਜੇ ਮਸਾਂ ਸੱਤ ਸਾਲ ਦੀ ਸੀ ਕਿ ਉਨ੍ਹਾਂ ਦੀ ਸ਼ਾਦੀ ਪਿੰਡ ਧਰੋੜਾਂ ਦੇ ਸਾਹਬੂ ਤਰਖਾਣ ਦੀ ਸਪੁੱਤਰੀ ਬੀਬੀ ਜੱਸਾਂ ਨਾਲ ਕਰ ਦਿਤੀ ਗਈ। ਸਮਾਂ ਪਾਕੇ ਇਨ੍ਹਾਂ ਵਲ ਦੋ ਬਚੀਆਂ ਅਤੇ ਇਕ ਭੁਜੰਗੀ ਨੇ ਜਨਮ ਲਿਆ। ਆਪ ਦਾ ਪੁੱਤਰ ਤਾਂ ਛੋਟੀ ਉਮਰ ਵਿਚ ਹੀ ਅਕਾਲ ਚਲਾਣਾ ਕਰ ਗਿਆ। ਬਚੀਆਂ ਦਾ ਨਾਮ ਬੀਬੀ ਨੰਦ ਕੌਰ ਅਤੇ ਬੀਬੀ ਦਇਆ ਕੌਰ ਸੀ। ਪਿੰਡ ਵਿਚ ਰਹਿੰਦਿਆਂ ਆਪ ਆਪਣੇ ਪਿਤਾ ਦੇ ਕੰਮ ਵਿਚ ਹੱਥ ਵਟਾਇਆ ਕਰਦੇ ਸਨ ਪਰ ਮਨ ਸਦਾ ਨਿਰੰਕਾਰ ਦੀ ਬੰਦਗੀ ਵਿਚ ਲਗਾ ਰਹਿੰਦਾ ਸੀ। ਗਭਰੂ ਹੋਣ ਤੇ ਆਪ ਮਹਾਰਾਜਾ ਰਣਜੀਤ ਸਿੰਘ ਦੀ ਸੈਨਾ ਵਿਚ ਭਰਤੀ ਹੋ ਗਏ। ਸੈਨਾ ਵਿਚ ਭਰਤੀ ਹੋਣ ਦੀ ਪ੍ਰੇਰਨਾਂ ਉਨ੍ਹਾਂ ਨੂੰ ਉਨ੍ਹਾਂ ਦੀ ਭੈਣ ਸਾਹਿਬ ਕੌਰ ਅਤੇ ਭਣਵਈਏ ਸ੍ਰ: ਕਾਬਲ ਸਿੰਘ ਨੇ ਦਿਤੀ ਸੀ ਜੋ ਕਿ ਮਹਾਰਾਜੇ ਦੇ ਤੋਪਖਾਨੇ ਵਿਚ ਨੌਕਰ ਸੀ।

1839 ਵਿਚ ਮਹਾਰਾਜ ਰਣਜੀਤ ਸਿੰਘ ਦੀ ਮੌਤ ਮਗਰੋਂ ਖ਼ਾਲਸਾ ਦਰਬਾਰ ਵਿਚ ਖ਼ਾਨਾ ਜੰਗੀ ਦਾ ਦੌਰ ਸ਼ੁਰੂ ਹੋ ਗਿਆ। ਡੋਗਰੇ, ਪੂਰਬੀਏ ਤੇ ਸਿੱਖ ਸਰਦਾਰਾਂ ਦੀ ਆਪਸੀ ਧੜੇ ਬੰਦੀ ਅਤੇ ਸ਼ਾਹੀ ਪ੍ਰਵਾਰ ਦੀਆਂ ਕਮਜ਼ੋਰੀਆਂ ਕਾਰਨ ਲਾਹੌਰ ਸ਼ਹਿਰ ਅਤੇ ਸ਼ਾਹੀ ਮਹਿਲਾਂ ਵਿਚ ਕਤਲਾਂ ਦਾ ਬਾਜ਼ਾਰ ਗਰਮ ਹੋ ਗਿਆ। ਖ਼ਾਲਸਾ ਰਾਜ ਦੀ ਢਹਿੰਦੀ ਕਲਾ ਵੇਖ ਕੇ (ਬਾਬਾ) ਰਾਮ ਸਿੰਘ ਦੇ ਮਨ ਨੂੰ ਬੜੀ ਠੇਸ ਪਹੁੰਚਦੀ ਤੇ ਉਹ ਉਦਾਸ ਹੋ ਜਾਂਦੇ। 1841 ਵਿਚ ਆਪ ਕੰਵਰ ਨੌਨਿਹਾਲ ਸਿੰਘ ਦੀ ਰੈਜਮੈਂਟ ਨਾਲ ਪਿਸ਼ਾਵਰ ਗਏ ਜਿਥੇ ਹਜਰੋ ਦੇ ਸਥਾਨ ਤੇ ਆਪ ਦੀ ਮੁਲਾਕਾਤ ਸੰਤ ਬਿਰਤੀ ਅਤੇ ਅਦੁੱਤੀ ਸ਼ਖ਼ਸੀਅਤ ਵਾਲੇ ਮਹਾਂਪੁਰਸ਼ ਬਾਬਾ ਬਾਲਕ ਸਿੰਘ (1799-1862) ਨਾਲ ਹੋਈ। ਇਨ੍ਹਾਂ ਦੇ ਸੰਤ ਸੁਭਾ ਅਤੇ ਅਮਲੀ ਜੀਵਨ ਦਾ ਅਸਰ ਰਾਮ ਸਿੰਘ ਤੇ ਇਤਨਾਂ ਪਿਆ ਕਿ ਆਪ ਇਨ੍ਹਾਂ ਤੋਂ ਗੁਰ ਮੰਤਰ ਲੈਕੇ ਬਾਬਾ ਬਾਲਕ ਸਿੰਘ ਜੀ ਦੇ ਪੱਕੇ ਚੇਲੇ ਬਣ ਗਏ। ਬਾਬਾ ਬਾਲਕ ਸਿੰਘ ਬੜੀ ਉੱਚੀ ਅਵਸਥਾ ਵਿਚ ਵਿਚਰਨ ਵਾਲੇ ਮਹਾਂਪੁਰਸ਼ ਸਨ। ਹਿੰਦੂ, ਮੁਸਲਮਾਨ ਅਤੇ ਸਿੱਖ ਆਪ ਦੀ ਇਕੋ ਜਹੀ ਇਜ਼ਤ ਅਤੇ ਸਤਿਕਾਰ ਕਰਦੇ ਸਨ।

ਬਾਬਾ ਰਾਮ ਸਿੰਘ, 1845-46 ਵਿਚ ਅੰਗਰੇਜ਼ਾਂ ਅਤੇ ਸਿੱਖਾਂ ਵਿਚਕਾਰ ਹੋਈ ਪਹਿਲੀ ਲੜਾਈ ਤੋਂ ਬਾਦ ਫ਼ੌਜ ਦੀ ਨੌਕਰੀ ਛੱਡ ਕੇ ਆਪਣੇ ਪਿੰਡ ਭੈਣੀ ਅਰਾਈਆਂ ਆ ਗਏ ਤੇ ਆਪਣਾ ਬਹੁਤਾ ਸਮਾਂ ਭਜਨ ਬੰਦਗੀ ਤੇ ਪ੍ਰਭੂ ਦੀ ਯਾਦ ਵਿਚ ਬਿਤਾਣ ਲਗੇ। ਵਾਪਸ ਆਕੇ ਇਨ੍ਹਾਂ ਨੇ ਬਲਦਾਂ ਦੀ ਇਕ ਜੋੜੀ ਖਰੀਦੀ ਤੇ ਸੁਖੂ ਜੱਟ ਨਾਲ ਭਿਆਲੀ ਪਾਕੇ ਵਾਹੀ ਦਾ ਕੰਮ ਸ਼ੁਰੂ ਕਰ ਦਿੱਤਾ। ਮਾਈ ਜੱਸਾਂ ਨੇ ਵੀ ਕਿਰਸਾਨੀ ਦੇ ਕੰਮ ਵਿਚ ਉਨ੍ਹਾਂ ਦਾ ਬੜਾ ਹੱਥ ਵਟਾਇਆ ਤੇ ਲੋਕਾਂ ਲਈ ਦਸਾਂ ਨਹੁੰਆ ਦੀ ਕਿਰਤ ਦਾ ਆਦਰਸ਼ਕ ਨਮੂਨਾ ਪੇਸ਼ ਕੀਤਾ। ਲਗ-ਪਗ ਪੰਜ ਸਾਲ ਤਕ ਖੇਤੀ ਦਾ ਕੰਮ ਕਰਨ ਮਗਰੋਂ ਉਨ੍ਹਾਂ ਨੇ ਲੂਣ, ਤੇਲ, ਘਿਉ, ਆਟਾ, ਦਾਲਾਂ ਤੇ ਹੋਰ ਨਿਤਾ-ਪ੍ਰਤੀ ਲੋੜ ਦੀਆਂ ਚੀਜ਼ਾਂ ਦੀ ਦੁਕਾਨ ਖੋਲ੍ਹ ਲਈ। ਕੁਝ ਸਮੇਂ ਬਾਦ ਆਪ ਨੇ ਆਪਣੇ ਮਾਮੇ ਸ੍ਰ: ਹਰੀ ਸਿੰਘ ਨਾਲ ਮਿਲਕੇ ਫ਼ਿਰੋਜ਼ਪੁਰ ਅਤੇ ਮੁਕਤਸਰ ਆਦਿ ਥਾਵਾਂ ਤੇ 1855-56

Digitized by Panjab Digital Library | www.panjabdigilib.org

ਸ੍ਰ: ਹਰੀ ਸਿੰਘ ਨਾਲ ਮਿਲਕੇ ਫ਼ਿਰੋਜ਼ਪੁਰ ਅਤੇ ਮੁਕਤਸਰ ਆਦਿ ਥਾਵਾਂ ਤੇ 1855-56 ਵਿਚਕਾਰ ਠੇਕੇਦਾਰੀ ਵੀ ਕੀਤੀ ਪਰ ਉਨ੍ਹਾਂ ਦਾ ਮਨ ਕਿਸੇ ਉਚੇਰੇ ਆਦਰਸ਼ ਦੀ ਤਲਾਸ਼ ਵਿਚ ਸੀ ਜਿਸ ਲਈ ਉਹ ਕਿਤਨੀ ਕਿਤਨੀ ਦੇਰ ਤਕ ਧਿਆਨ ਮਗਨ ਹੋਕੇ ਸੋਚਦੇ ਰਹਿੰਦੇ ਸਨ।

1849 ਵਿਚ ਖ਼ਾਲਸਾ ਰਾਜ ਨੂੰ ਅੰਗਰੇਜ਼ੀ ਰਾਜ ਵਿਚ ਮਿਲਾ ਲਿਆ ਗਿਆ। ਸਿੱਖ ਰਾਜਸੀ ਤੌਰ ਤੇ ਅੰਗਰੇਜ਼ਾਂ ਦੇ ਅਧੀਨ ਹੋ ਗਏ। ਜੇਹੜੇ ਲੋਕ ਵਕਤੀ ਲਾਭ ਉਠਾਣ ਲਈ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਿੱਖ ਸਜ ਗਏ ਸਨ ਉਹ ਸਿੱਖੀ ਨੂੰ ਤਿਆਗ ਕੇ ਆਪਣੇ ਮੂਲ ਧਰਮ ਵਲ ਪਰਤਣੇ ਸ਼ੁਰੂ ਹੋ ਗਏ। ਹਰ ਪਾਸੇ ਪਤਿਤ ਪੁੰਨੇ ਦੀ ਲਹਿਰ ਜ਼ੋਰ ਪਕੜ ਗਈ। ਲੋਕ ਦਸ਼ਮੇਸ਼ ਪਿਤਾ ਦੇ ਅੰਮ੍ਰਿਤ ਨੂੰ ਤਿਆਗ ਕੇ ਫਿਰ ਜਾਦੂ, ਟੂਣੇ, ਪੀਰਾਂ ਫ਼ਕੀਰਾਂ ਦੀਆਂ ਕਬਰਾਂ ਅਤੇ ਸਮਾਧਾਂ ਦੀ ਪੂਜਾ ਵਿਚ ਵਿਸ਼ਵਾਸ ਕਰਨ ਲਗ ਪਏ। ਪੰਜਾਬ ਵਿਚ ਵੱਧ ਰਹੇ ਬ੍ਰਹਾਮਣੀ ਪ੍ਰਭਾਵ ਦੇ ਕਾਰਨ ਸਿੱਖ ਆਪਣੇ ਸੁਨਹਿਰੀ ਸਿਧਾਂਤਾਂ ਨੂੰ ਤਿਆਗ ਕੇ ਕੁਰਾਹੇ ਪੈ ਗਏ। ਪੰਜਾਬ ਵਿਚ ਪੈਦਾ ਹੋਈ ਇਸ ਧਾਰਮਿਕ ਅਧੋਗਤੀ ਅਤੇ ਰਾਜਸੀ ਗੁਲਾਮੀ ਕਾਰਨ ਲੋਕਾਂ ਦਾ ਮਨੋਬਲ ਇਸ ਹੱਦ ਤਕ ਗਿਰ ਗਿਆ ਕਿ ਉਹ ਆਪਣੇ ਆਪ ਨੂੰ ਅਨਾਥ ਹੋਇਆ ਸਮਝਣ ਲਗ ਪਏ। ਬਾਬਾ ਰਾਮ ਸਿੰਘ ਨੇ ਇਸ ਸਥਿਤੀ ਨੂੰ ਵੇਖਿਆ ਤੇ ਪੰਜਾਬ ਵਿਚ ਆ ਰਹੀ ਚਹੁੰ ਪਾਸੀ ਗਿਰਾਵਟ ਨੂੰ ਠਲ੍ਹ ਪਾਉਣ ਲਈ ਉਨ੍ਹਾਂ ਨੇ ਲੋਕਾਂ ਦੀ ਅਗਵਾਈ ਕਰਨ ਅਤੇ ਬਾਂਹ ਪਕੜਨ ਦਾ ਫ਼ੈਸਲਾ ਕਰ ਲਿਆ।

ਬਾਬਾ ਰਾਮ ਸਿੰਘ ਜੀ ਨੇ ਦੇਸ਼ ਦੀ ਆਜ਼ਾਦੀ ਦਾ ਕਾਰਜ ਪਿੰਡ ਭੈਣੀ ਤੋਂ 1857 ਦੀ ਵਿਸਾਖੀ ਵਾਲੇ ਦਿਨ ਸ਼ੁਰੂ ਕੀਤਾ। ਇਸ ਦਿਨ ਉਨ੍ਹਾਂ ਨੇ ਭੈਣੀ ਸਾਹਿਬ ਵਿਖੇ ਭਾਰੀ ਇਕੱਠ ਕੀਤਾ ਅਤੇ ਹਜ਼ਾਰਾਂ ਸਿੱਖਾਂ ਨੂੰ ਅੰਮ੍ਰਿਤ ਛਕਾਕੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਦਸੀ ਰਹਿਤ ਨੂੰ ਧਾਰਨ ਕਰਨ ਦੀ ਤਾਗੀਦ ਕੀਤੀ। ਇਸੇ ਦਿਨ ਉਨ੍ਹਾਂ ਨੇ ਸਮਾਜ ਸੁਧਾਰ ਦਾ ਕੰਮ ਵੀ ਸ਼ੁਰੂ ਕੀਤਾ। ਲੋਕਾਂ ਨੂੰ ਨਸ਼ੇ ਆਦਿ ਤਿਆਗ ਕੇ ਸਾਦਾ ਅਤੇ ਸਦਾਚਾਰਕ ਜੀਵਨ ਜੀਊਣ ਦੀ ਪ੍ਰੇਰਨਾ ਦਿੱਤੀ। ਮੜ੍ਹੀ, ਮਸਾਣਾਂ, ਮਕਬਰਿਆਂ ਅਤੇ ਸਮਾਧਾਂ ਦੀ ਪੂਜਾ ਤੋਂ ਵਰਜਿਆ। ਉਨ੍ਹਾਂ ਨੇ ਮਰਦ ਅਤੇ ਇਸਤ੍ਰੀ ਦੀ ਸੰਪੂਰਨ ਏਕਤਾ ਅਤੇ ਬਰਾਬਰੀ ਤੇ ਜ਼ੋਰ ਦਿੱਤਾ ਅਤੇ ਕੁੜੀਆਂ ਨੂੰ ਵੀ ਮੁੰਡਿਆ ਵਾਂਗ ਪਾਲਣ-ਪੋਸਣ ਅਤੇ ਪੜ੍ਹਾਣ ਦੀ ਪ੍ਰੇਰਨਾ ਕੀਤੀ। ਬਾਬਾ ਜੀ ਤੋਂ ਪਹਿਲਾਂ ਇਸਤ੍ਰੀਆਂ ਦੀ ਦਸ਼ਾ ਨੂੰ ਸੁਧਾਰਨ ਅਤੇ ਸਮਾਜ ਵਿਚ ਸਨਮਾਨ ਜਨਕ ਸਥਾਨ ਦੇਣ ਲਈ ਸਿੱਖ ਗੁਰੂ ਸਾਹਿਬਾਨ ਨੇ ਆਪਣੇ ਸਮੇਂ ਵਿਚ ਬੜਾ ਕੰਮ ਕੀਤਾ ਸੀ। ਸ੍ਰ: ਕਪੂਰ ਸਿੰਘ, ਆਈ ਸੀ. ਐਸ. ਅਨੁਸਾਰ, 'ਜੇ ਉਨ੍ਹਾਂ ਦੁਆਰਾ ਦੇਸ਼ ਅਤੇ ਜਾਤੀ ਲਈ ਕੀਤੇ ਹੋਰ ਮਹਾਨ ਕੰਮ ਛੱਡ ਵੀ ਦੇਈਏ, ਤਾਂ ਵੀ ਉਨ੍ਹਾਂ ਦਾ ਇਹ ਪ੍ਰਚਾਰ ਕਿ ਸਮਾਜ ਵਿਚ ਇਸਤਰੀ ਤੇ ਮਰਦ ਬਰਾਬਰ ਦੇ ਹੱਕਦਾਰ ਹਨ, ਹੀ ਉਨ੍ਹਾਂ ਨੂੰ ਸੰਸਾਰ ਭਰ ਦੇ ਸ਼੍ਰੋਮਣੀ ਸੁਧਾਰਕਾਂ ਦੀ ਸਫ਼ ਵਿਚ ਖੜਾ ਕਰ ਦਿੰਦਾ ਹੈ।'

ਬਾਬਾ ਰਾਮ ਸਿੰਘ ਜੀ ਨੇ ਵਿਸਾਖੀ ਵਾਲੇ ਦਿਨ ਸ਼ੁਰੂ ਕੀਤੀ ਆਪਣੀ ਇਸ ਨਵੀਂ ਜਥੇਬੰਦੀ ਦਾ ਨਾਮ 'ਸੰਤ ਖ਼ਾਲਸਾ' ਰਖਿਆ। ਅਗੇ ਚਲ ਕੇ ਇਹੀ ਜਥੇਬੰਦੀ 'ਨਾਮਧਾਰੀ' ਅਥਵਾ ਕੂਕਾ ਲਹਿਰ ਦੇ ਨਾਮ ਹੇਠ ਪ੍ਰਫੁਲਤ ਹੋਈ। ਤਾਰਾ ਸਿੰਘ ਅਨਜਾਣ ਅਨੁਸਾਰ 'ਸਤਿਗੁਰ ਰਾਮ ਸਿੰਘ ਦੀ ਦਸੀ ਜੀਵਨ ਜਾਚ ਦਾ ਆਧਾਰ ਨਾਮ ਸੀ। ਆਪ ਨਾਮ ਸਿਮਰਨ ਲਈ ਉਚੇਚੀ ਤਾਕੀਦ ਕਰਦੇ ਸਨ। ਇਸੇ ਕਰਕੇ ਹੀ ਇਹ ਪੰਥ, ਨਾਮਧਾਰੀ ਪੰਥ ਬਣਿਆ। ਨਾਮਧਾਰੀ ਢੋਲਕੀ ਛੈਣਿਆਂ ਨਾਲ ਉਚੀ ਸੁਰ ਵਿਚ ਕੂਕਦੇ ਅਤੇ ਕੀਰਤਨ ਕਰਦੇ ਸਨ। ਉਚੀ ਕੂਕਣ ਕਰਕੇ ਹੀ ਆਪ ਕੂਕੇ ਅਖਵਾਏ।'

Digitized by Panjab Digital Library | www.panjabdigilib.org

ਪੰਜਾਬ ਉਪਰ ਅੰਗਰੇਜ਼ਾਂ ਦਾ ਕਬਜ਼ਾ ਹੋ ਜਾਣ ਮਗਰੋਂ ਖ਼ਾਲਸਾ ਦਰਬਾਰ ਦੀ ਸੈਨਾ ਤੋੜ ਦਿੱਤੀ ਗਈ। ਸੈਨਾ ਅਤੇ ਸਿੱਖ ਸਰਦਾਰਾਂ ਕੋਲੋਂ ਹਥਿਆਰ ਵਾਪਸ ਲੈ ਲਏ ਗਏ। ਇੱਥੋਂ ਤਕ ਕਿ ਵਡੀ ਕਿਰਪਾਨ ਰਖਣ ਤੇ ਵੀ ਪਾਬੰਦੀ ਲਗਾ ਦਿੱਤੀ ਗਈ। ਬਾਬਾ ਰਾਮ ਸਿੰਘ ਨੇ ਭੈਣੀ ਸਾਹਿਬ ਆਉਣ ਵਾਲੇ ਸਿੱਖਾਂ ਅਤੇ ਆਪਣੇ ਅਨੁਯਾਈਆਂ ਨੂੰ ਇਹ ਪ੍ਰੇਰਨਾ ਦੇਣੀ ਸ਼ੁਰੂ ਕਰ ਦਿਤੀ ਕਿ ਉਹ ਗਤਕੇ ਬਾਜ਼ੀ, ਹੱਥ ਪਲੱਥਾ ਅਤੇ ਘੋੜ-ਸਵਾਰੀ ਸਿਖਣ। ਉਨ੍ਹਾਂ ਆਪਣੇ ਸੇਵਕਾਂ ਨੂੰ ਇਹ ਵੀ ਹਦਾਇਤ ਕੀਤੀ ਕਿ ਉਹ ਆਪਣੇ ਕੋਲ ਡਾਂਗਾਂ, ਸੋਟੇ ਅਤੇ ਸਫ਼ਾ ਜੰਗ ਰਖਣ ਤਾਕਿ ਲੋੜ ਪੈਣ ਤੇ ਇਨ੍ਹਾਂ ਨੂੰ ਵਰਤਿਆ ਜਾ ਸਕੇ। ,ਨਿਸ਼ਚੇ ਹੀ ਇਹ ਸਾਰੇ ਪ੍ਰੋਗਰਾਮ ਕਿਸੇ ਵਡੇ ਉਦੇਸ਼ (ਆਜ਼ਾਦੀ) ਦੀ ਪ੍ਰਾਪਤੀ ਲਈ ਕੀਤੇ ਜਾ ਰਹੇ ਸਨ। ਸਦਾਚਾਰਕ ਉੱਚਤਾ ਅਤੇ ਸਰੀਰਕ ਬਲਵਾਨਤਾ ਇਸ ਪ੍ਰੋਗਰਾਮ ਦਾ ਹੀ ਹਿੱਸਾ ਸਨ।

ਇਸਦੇ ਨਾਲ ਹੀ ਉਨ੍ਹਾਂ ਨੇ ਸਮਾਜਕ ਬੁਰਾਈਆਂ ਨੂੰ ਦੂਰ ਕਰਨ ਅਤੇ ਨਰੋਆ ਸਮਾਜ ਉਸਾਰਨ ਵਲ ਵੀ ਵਿਸ਼ੇਸ਼ ਧਿਆਨ ਦਿੱਤਾ। ਉਨ੍ਹਾਂ ਦਿਨਾਂ ਵਿਚ ਮਾਲਵੇ ਦੇ ਇਲਾਕੇ ਵਿਚ ਰਾਜਪੂਤਾਂ ਦੀ ਦੇਖਾ ਦੇਖੀ ਕੁੜੀਆਂ ਨੂੰ ਜੰਮਦਿਆਂ ਹੀ ਮਾਰ ਦੇਣ ਦਾ ਰਿਵਾਜ ਆਮ ਸੀ। ਬਾਬਾ ਰਾਮ ਸਿੰਘ ਨੇ ਨਾ ਸਿਰਫ਼ ਕੁੜੀਆਂ ਨੂੰ ਮਾਰ ਦੇਣ ਵਾਲੀ ਪ੍ਰਥਾ ਤੇ ਹੀ ਪਾਬੰਦੀ ਲਗਾਈ ਸਗੋਂ ਜ਼ਾਤ-ਪਾਤ ਦੇ ਬੰਧਨਾਂ ਤੋਂ ਉੱਚੇ ਉਠ ਕੇ, ਦਾਜ ਦਹੇਜ ਦੇ ਬਿਨਾ, ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਆਨੰਦ ਮਰਯਾਦਾ ਕਰਨ ਕਰਾਉਣ ਦੀ ਰੀਤਿ ਨੂੰ ਮੁੜ ਸੁਰਜੀਤ ਕੀਤਾ ਜਿਸ ਨੂੰ ਗੁਰੂ ਸਾਹਿਬਾਨ ਦੇ ਸਮੇਂ ਸ਼ੁਰੂ ਕੀਤਾ ਗਿਆ ਸੀ। ਉਨ੍ਹਾਂ ਨੇ ਛੋਟੀ ਉਮਰ ਵਿਚ ਕੁੜੀਆਂ ਦੇ ਵਿਆਹ ਕਰ ਦੇਣ ਵਾਲੀ ਰਸਮ ਨੂੰ ਵੀ ਬੰਦ ਕਰ ਦੇਣ ਦੀ ਪ੍ਰੇਰਨਾ ਕੀਤੀ। ਸਮਾਜ ਵਿਚ ਉਨ੍ਹਾਂ ਲਈ ਬਰਾਬਰੀ ਦੇ ਅਧਿਕਾਰਾਂ ਨੂੰ ਮੁੱਖ ਰਖਦਿਆਂ ਇਸਤ੍ਰੀਆਂ ਨੂੰ ਵੀ ਅੰਮ੍ਰਿਤ ਛਕਾਣ ਦੀ ਖੁਲ੍ਹ ਦੇ ਦਿੱਤੀ ਗਈ। ਇਸ ਤਰ੍ਹਾਂ ਭੈਣੀ ਸਾਹਿਬ ਸਮਾਜ ਸੁਧਾਰ ਅਤੇ ਪੁਨਰ ਜਾਗ੍ਰਤੀ (renaissance) ਦਾ ਇਕ ਵਡਾ ਕੇਂਦਰ ਬਣ ਗਿਆ। ਸਿੱਖ ਸੰਗਤਾਂ ਅਤੇ ਉਨ੍ਹਾਂ ਦੇ ਅਨੁਯਾਈ ਦੂਰੋਂ ਦੂਰੋਂ ਆਕੇ ਇੱਥੇ ਇਕੱਤਰ ਹੋਣੇ ਸ਼ੁਰੂ ਹੋ ਗਏ। ਬਾਬਾ ਰਾਮ ਸਿੰਘ ਜੀ ਨੇ ਗੁਰਮਤਿ ਦਾ ਪ੍ਰਚਾਰ ਕਰਨ ਅਤੇ ਆਪਣੇ ਸੇਵਕਾਂ ਨੂੰ ਸੰਘਠਿਤ ਕਰਨ ਦੇ ਉਦੇਸ਼ ਨਾਲ ਪੰਜਾਬ ਦੇ ਵਖੋ ਵਖਰੇ ਨਗਰਾਂ ਅਤੇ ਪਿੰਡਾਂ ਦਾ ਦੌਰਾ ਕਰਨਾ ਸ਼ੁਰੂ ਕਰ ਦਿੱਤਾ। ਕੂਕਾ ਰਿਕਾਰਡ ਦੇ ਮੁਤਾਬਿਕ 1863 ਤਕ ਉਨ੍ਹਾਂ ਦੇ ਅਨੁਯਾਈਆਂ ਦੀ ਸੰਖਿਆ ਲੱਖਾਂ ਤਕ ਪਹੁੰਚ ਗਈ ਸੀ।

ਬਾਬਾ ਰਾਮ ਸਿੰਘ ਦੇ ਸੇਵਕਾਂ ਦੀ ਗਿਣਤੀ ਵਿਚ ਵਾਧਾ ਹੁੰਦਾ ਅਤੇ ਉਨ੍ਹਾਂ ਦੀ ਵੱਧ ਰਹੀ ਲੋਕ ਪ੍ਰਿਯਤਾ ਨੂੰ ਵੇਖ ਕੇ ਅੰਗਰੇਜ਼-ਹਕੂਮਤ ਚੌਕਸ ਹੋ ਗਈ। ਇਸ ਗੱਲ ਦਾ ਅੰਦਾਜ਼ਾ ਸਿਆਲਕੋਟ ਦੇ ਡਿਪਟੀ ਕਮਿਸ਼ਨਰ, ਮਿਸਟਰ ਮੈਕਨਬ ਦੁਆਰਾ ਪੰਜਾਬ ਸਰਕਾਰ ਨੂੰ ਲਿਖੀ 5 ਅਪ੍ਰੈਲ 1863 ਦੀ ਰਿਪੋਰਟ ਤੋਂ ਲਗਾਇਆ ਜਾ ਸਕਦਾ ਹੈ:

'ਜ਼ਿਲ੍ਹਾ, ਲੁਧਿਆਣੇ ਦਾ ਰਾਮ ਸਿੰਘ ਨਾਮ ਦਾ ਇਕ ਅਧਖੜ੍ਹ ਉਮਰ ਦਾ ਸਿੱਖ, ਆਪਣੇ ਦੋ ਸੌ ਸੇਵਕਾਂ ਸਮੇਤ ਜ਼ਿਲ੍ਹਾ ਸਿਆਲਕੋਟ ਵਿਚ ਫਿਰ ਰਿਹਾ ਹੈ। ਉਹ ਆਪਣੇ ਸੇਵਕਾਂ ਨੂੰ ਬੰਦੂਕ ਦੀ ਥਾਂ ਡਾਂਗਾਂ ਨਾਲ ਕਵਾਇਦ ਕਰਾਉਂਦਾ ਹੈ ਤੇ ਕਿਸੇ ਦੀ ਈਨ ਨਹੀਂ ਮਣਦਾ। ਉਸਦੇ ਜਥੇ ਵਿਚ ਬਹੁਤ ਸਾਰੀਆਂ ਬੀਬੀਆਂ ਵੀ ਹਨ। ਉਸਦੇ ਸੇਵਕਾਂ ਦੀ ਗਿਣਤੀ ਪੰਜ ਹਜ਼ਾਰ ਹੈ ਤੇ ਉਹ ਜਥੇ ਸਮੇਤ ਵਿਸਾਖੀ ਤੇ ਅੰਮ੍ਰਿਤਸਰ ਪੁੱਜ ਰਿਹਾ ਹੈ'। ਮੁਹੰਮਦ ਲਤੀਫ਼ ਤਾਂ 'ਹਿਸਟ੍ਰੀ ਆਫ਼ ਦੀ ਪੰਜਾਬ' ਵਿਚ ਸਪਸ਼ਟ ਲਿਖਦਾ ਹੈ ਕਿ ''(ਗੁਰੂ) ਰਾਮ ਸਿੰਘ ਅਤੇ ਉਸਦੇ ਮੁਰੀਦਾਂ ਦੇ ਮੁੱਦੇ

Digitized by Panjab Digital Library | www.panjabdigilib.org

ਮਹਿਜ਼ ਧਾਰਮਿਕ ਹੀ ਨਹੀਂ ਸਨ ਸਗੋਂ ਇਕ ਧਾਰਮਿਕ, ਸੁਧਾਰਕ ਅਤੇ ਸਦਾਚਾਰਕ ਨਸੀਹਤਾਂ ਦੇ ਬਾਣੇ ਵਿਚ ਡੂੰਘੇ ਰਾਜਨੀਤਕ ਮਨਸੂਬੇ ਸਨ''। (The object of Ram Singh and his disciples were not merely religious, but that under the guise of a religious reformer and teacher of moral precepts, he harboured deep political design.)

ਮਿਸਟਰ ਮੈਕਨਬ ਦੀ ਰਿਪੋਰਟ ਮਿਲਣ ਤੇ ਗਵਰਨਰ ਪੰਜਾਬ ਨੇ ਸਾਰੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਅਤੇ ਪੁਲਸ ਅਫ਼ਸਰਾਂ ਨੂੰ ਗੁਪਤ ਹਦਾਇਤਾਂ ਭੇਜ ਦਿਤੀਆਂ ਕਿ ਉਹ ਬਾਬਾ ਰਾਮ ਸਿੰਘ ਤੇ ਉਨ੍ਹਾਂ ਦੇ ਨਾਮਧਾਰੀ ਸੇਵਕਾਂ ਦੀਆਂ ਸਰਗਰਮੀਆਂ ਬਾਰੇ ਚੌਕਸ ਰਹਿਣ ਅਤੇ ਇਸ ਸਬੰਧ ਵਿਚ ਸਰਕਾਰ ਨੂੰ ਸੂਚਿਤ ਕਰਦੇ ਰਹਿਣ। ਇਸ ਦੇ ਨਾਲ ਹੀ ਜ਼ਿਲ੍ਹਾ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਅਤੇ ਲਾਹੌਰ ਪੁਲਿਸ ਦੇ ਡੀ.ਆਈ.ਜੀ. ਮਿਸਟਰ ਮੈਕ-ਐਂਡਰੀਊ ਨੂੰ ਇਹ ਹਦਾਇਤ ਕੀਤੀ ਗਈ ਕਿ ਉਹ ਵਿਸਾਖੀ ਦੇ ਮੌਕੇ ਤੇ ਅੰਮ੍ਰਿਤਸਰ ਪਹੁੰਚ ਕੇ ਰਾਮ ਸਿੰਘ ਦੇ ਅਸਲੀ ਮੰਤਵ ਬਾਰੇ ਪਤਾ ਲਗਾਵੇ। ਇਸੇ ਕਿਸਮ ਦਾ ਆਦੇਸ਼ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਮੇਜਰ ਮਰਸਰ(Mercer) ਨੂੰ ਵੀ ਭੇਜਿਆ ਗਿਆ।

ਬਾਬਾ ਰਾਮ ਸਿੰਘ ਆਪਣੇ ਜਥੇ ਸਮੇਤ ਸ੍ਰੀ ਨਨਕਾਣਾ ਸਾਹਿਬ ਤੋਂ ਹੁੰਦੇ ਹੋਏ 11 ਅਪ੍ਰੈਲ 1863 ਨੂੰ ਵਿਸਾਖੀ ਦੇ ਅਵਸਰ ਤੇ ਅੰਮ੍ਰਿਤਸਰ ਪਹੁੰਚੇ। ਇਨ੍ਹਾਂ ਦੇ ਨਾਲ ਇਨ੍ਹਾਂ ਦੇ ਹਜ਼ਾਰਾਂ ਸ਼ਰਧਾਲੂ ਸਨ। ਅੰਗਰੇਜ਼ ਹਾਕਮਾਂ ਦੇ ਮਨ ਤੇ ਬਾਬਾ ਰਾਮ ਸਿੰਘ ਦੇ ਅਨੁਯਾਈਆਂ ਦੀ ਸੰਖਿਆ ਅਤੇ ਸ਼ਕਤੀ ਦਾ ਬੜਾ ਡੂੰਘਾ ਪ੍ਰਭਾਵ ਪਿਆ, ਅਤੇ ਅੰਮ੍ਰਿਤਸਰ ਵਿਚ ਤੈਨਾਤ ਅੰਗਰੇਜ਼ ਅਧਿਕਾਰੀਆਂ ਨੂੰ ਉਨ੍ਹਾਂ ਦੇ ਪ੍ਰਚਾਰ ਵਿਚ ਅਜੇਹੀ ਕੋਈ ਗੱਲ ਨਜ਼ਰ ਨ ਆਈ ਜਿਸਨੂੰ ਉਹ ਖ਼ਤਰਨਾਕ ਸਮਝਦੇ। ਇਸੇ ਲਈ ਉਨ੍ਹਾਂ ਪੰਜਾਬ ਸਰਕਾਰ ਨੂੰ ਭੇਜੀ ਆਪਣੀ ਰਿਪੋਰਟ ਵਿਚ ਲਿਖਿਆ ਕਿ 'ਉਨ੍ਹਾਂ ਇੱਥੇ ਰਹਿ ਕੇ ਕਿਸੇ ਵੀ ਸਰਕਾਰੀ ਹੁਕਮ ਦੀ ਉਲੰਘਣਾ ਨਹੀਂ ਕੀਤੀ, ਸ ਅਸਾਂ ਉਨਾਂ ਦੇ ਪਗਰਾਮਾਂ ਵਿਚ ਕਿਸ ਕਿਸਮ ਦਾ ਦਖ਼ਲ ਦੇਣਾ ਯੋਗ ਨਹੀਂ ਸਮਝਿਆ'। ਅਮਿਤਸਰ ਵਿਚ ਵਿਸਾਖੀ ਮਨਾਉਣ ਮਗਰੋਂ ਬਾਬਾ ਰਾਮ ਸਿੰਘ ਜਲੰਧਰ ਅਤੇ ਕਪੂਰਥਲੇ ਪ੍ਰਚਾਰ ਕਰਦੇ ਹਰੀ ਕਾ ਪੱਤਣ ਲੰਘ ਕੇ ਫਿਰੋਜ਼ਪੁਰ ਦੇ ਇਲਾਕੇ ਵਿਚ ਚਲੇ ਗਏ। ਜੂਨ 1863 ਵਿਚ ਪਿੰਡ ਖੋਟੇ ਜ਼ਿਲ੍ਹਾ ਫ਼ਿਰੋਜ਼ਪੁਰ ਵਿਚ ਇਕ ਭਾਰੀ ਇਕੱਠ ਕੀਤਾ ਗਿਆ। ਸਰਕਾਰ ਦੇ ਕੁਝ ਝੋਲੀ ਚੁਕਾਂ ਨੇ ਸਰਕਾਰ ਕੋਲ ਇਸ ਕਿਸਮ ਦੀਆਂ ਸ਼ਕਾਇਤਾਂ ਲਿੱਖ ਭੇਜੀਆਂ ਕਿ ਰਾਮ ਸਿੰਘ ਆਪਣੀਆਂ ਇਕਤ੍ਰਤਾਵਾਂ ਵਿਚ ਸਰਕਾਰ ਵਿਰੋਧੀ ਪ੍ਰਚਾਰ ਕਰ ਰਿਹਾ ਹੈ ਤੇ ਉਹ ਇਹ ਕਹਿੰਦਾ ਹੈ ਕਿ ਹੁਣ ਜਲਦੀ ਹੀ ਸਾਰੇ ਦੇਸ਼ ਵਿਚੋਂ ਅੰਗਰੇਜ਼ਾਂ ਦਾ ਰਾਜ ਖ਼ਤਮ ਹੋਣ ਵਾਲਾ ਹੈ ਤੇ ਉਨ੍ਹਾਂ ਦੀ ਥਾਂ ਨਾਮਧਾਰੀ ਰਾਜ ਸਥਾਪਿਤ ਹੋ ਜਾਵੇਗਾ। ਅਜੇਹੀਆਂ ਗੱਲਾਂ ਦਾ ਆਧਾਰ ਸੌ ਸਾਖੀ ਨੂੰ ਬਣਾਇਆ ਗਿਆ ਜਿਸ ਵਿਚ 'ਰੂਸ ਦੇ ਪੰਜਾਬੇ ਆਉਣ' ਅਤੇ ਅੰਗਰੇਜ਼ਾਂ ਦੇ ਹਾਰ ਜਾਣ ਦੇ ਪ੍ਰਸੰਗ ਦਰਜ ਸਨ। ਅਜੇਹੀਆਂ ਸ਼ਕਾਇਤਾਂ ਸਥਾਨਕ ਬਹਾਮਣਾਂ, ਪਡ੍ਹਿਤਾਂ ਅਤ ਆਮ ਜਨਤਾ ਦਾ ਉਨ੍ਹਾਂ ਨਮਾਂਇਦਿਆਂ ਵਲੋਂ ਭੇਜੀਆਂ ਗਈਆਂ ਸਨ ਜੇਹੜੇ ਹੁਣ ਬਦੇਸ਼ੀ ਹਾਕਮਾਂ ਦੀ ਪ੍ਰਾਧੀਨਤਾ ਅਤੇ ਉਨ੍ਹਾਂ ਦੀ ਜੀ ਹਜ਼ੂਰੀ ਵਿਚ ਹੀ ਆਪਣੇ ਆਪ ਨੂੰ ਸੁੱਖੀ ਤੇ ਸੁਰੱਖਿਅਕ ਅਨੁਭਵ ਕਰਦੇ ਸਨ।

ਲੋਕਾਂ ਵਲੋਂ ਮਿਲੀਆਂ ਸ਼ਕਾਇਤਾਂ ਅਤੇ ਛੋਟੇ ਅਧਿਕਾਰੀਆਂ ਦੀਆਂ ਰਿਪੋਰਟਾਂ ਦੇ ਆਧਾਰ ਤੇ ਸਰਕਾਰ ਨੇ ਜ਼ਿਲ੍ਹਾ ਫ਼ਿਰੋਜ਼ਪੁਰ ਵਿਚ ਨਾਮਧਾਰੀ ਇਕੱਠ ਕਰਨ ਤੇ ਪਾਬੰਦੀ ਲਗਾ ਦਿੱਤੀ। ਇਸਦੇ

Digitized by Panjab Digital Library | www.panjabdigilib.org

ਨਾਲ ਹੀ ਉਨ੍ਹਾਂ ਨੇ ਇਕ ਵੱਡਾ ਕਦਮ ਇਹ ਚੁਕਿਆ ਕਿ ਬਾਬਾ ਰਾਮ ਸਿੰਘ ਨੂੰ ਪਿੰਡ ਭੈਣੀ ਵਿਚ ਹੀ ਨਜ਼ਰਬੰਦ ਕਰ ਦਿੱਤਾ ਗਿਆ ਤਾਕਿ ਉਹ ਕਿਤੇ ਵੀ ਬਾਹਰ ਜਾਕੇ ਆਪਣਾ ਪ੍ਰਚਾਰ ਨਾ ਕਰ ਸਕਣ। ਸਰਕਾਰ ਵਲੋਂ ਲਗਾਈ ਗਈ ਇਹ ਨਜ਼ਰਬੰਦੀ 1867 ਤਕ ਜਾਰੀ ਰਹੀ। ਜਨਵਰੀ 1867 ਵਿਚ ਸਰਕਾਰ ਨੇ ਬਾਬਾ ਰਾਮ ਸਿੰਘ ਜੀ ਨੂੰ ਅਨੰਦਪੁਰ ਸਾਹਿਬ ਵਿਖੇ ਹੋਲਾ ਮਹੱਲਾ ਮਨਾਉਣ ਦੀ ਆਗਿਆ ਦੇ ਦਿੱਤੀ। ਸਰਕਾਰੀ ਨਜ਼ਰਬੰਦੀ ਦੇ ਕਾਰਨ ਲੋਕਾਂ ਦੀ ਅੰਗਰੇਜ਼ ਸਰਕਾਰ ਵਲ ਨਫ਼ਰਤ ਅਤੇ ਬਾਬਾ ਜੀ ਵੱਲ ਖਿੱਚ ਹੋਰ ਵੱਧ ਗਈ। ਇਸ ਦੇ ਫਲਸਰੂਪ ਹੁਣ ਉਨ੍ਹਾਂ ਦੇ ਦੀਵਾਨਾਂ ਵਿਚ ਭਾਰੀ ਸੰਗਤ ਜੁੜਣੀ ਸ਼ੁਰੂ ਹੋ ਗਈ। 'ਐਮੀਨੈਂਟ ਫ਼ਰੀਡਮ ਫ਼ਾਈਟਰਜ਼ ਆਫ਼ ਦੀ ਪੰਜਾਬ' ਵਿਚ ਡਾ: ਫੌਜਾ ਸਿੰਘ ਲਿਖਦੇ ਹਨ ਕਿ 'ਇਸ ਨਜ਼ਰਬੰਦੀ ਦਾ ਤਿੱਖਾ ਪ੍ਰਤੀਕਰਮ ਇਹ ਹੋਇਆ ਕਿ ਇਕ ਧਰਮ ਅਤੇ ਸਮਾਜ ਸੁਧਾਰ ਸੰਗਠਨ ਇਕਦਮ ਰਾਜਸੀ-ਅੰਦੋਲਨਕਾਰੀ ਸੰਘਠਨ ਦੇ ਰੂਪ ਵਿਚ ਪਰਿਵਰਤ ਹੋ ਗਿਆ।'

ਬੇਸ਼ਕ ਸਰਕਾਰ ਵਲੋਂ ਲਾਈਆਂ ਗਈਆਂ ਪਾਬੰਦੀਆਂ ਕਾਰਨ ਕੁਝ ਸਮੇਂ ਲਈ ਕੂਕਾ ਜੱਥੇਬੰਦੀ ਦੀਆਂ ਸਰਗਰਮੀਆਂ ਢਿੱਲੀਆਂ ਪੈ ਗਈਆਂ ਸਨ ਪਰ ਇਨ੍ਹਾਂ ਪਾਬੰਦੀਆਂ ਨੂੰ ਧਿਆਨ ਵਿਚ ਰਖਦੇ ਹੋਏ ਬਾਬਾ ਰਾਮ ਸਿੰਘ ਨੇ ਆਪਣੇ ਪ੍ਰਚਾਰ ਵਿਚ ਇਕ ਨਵੇਂ ਪ੍ਰੋਗਰਾਮ ਦਾ ਵਾਧਾ ਕਰ ਲਿਆ ਜਿਸ ਦਾ ਮੁੱਖ ਨਿਸ਼ਾਨਾ ਅੰਗਰੇਜ਼ੀ ਸਾਮਰਾਜ ਨੂੰ ਸੱਟ ਮਾਰਨਾ ਤੇ ਉਨ੍ਹਾਂ ਦੀਆਂ ਜੜ੍ਹਾਂ ਨੂੰ ਕਮਜ਼ੋਰ ਕਰਨਾ ਸੀ। ਸਭ ਤੋਂ ਪਹਿਲਾਂ ਉਨ੍ਹਾਂ ਨੇ ਆਪਣੀ ਜਥੇਬੰਦੀ ਨੂੰ ਮਜ਼ਬੂਤ ਕਰਨ ਲਈ ਇਕ ਕਿਰਿਆਸ਼ੀਲ ਕਾਰਜ ਪ੍ਰਣਾਲੀ ਦਾ ਗਠਨ ਕੀਤਾ। ਉਨ੍ਹਾਂ ਨੇ ਆਪਣੇ ਪ੍ਰਚਾਰ ਖੇਤਰ ਨੂੰ 22 ਹਿੱਸਿਆ ਵਿਚ ਵੰਡਿਆ ਜਿਵੇਂ ਕਿ ਤਿੰਨ ਸੌ ਸਾਲ ਪਹਿਲਾਂ ਗੁਰੂ ਅਮਰਦਾਸ ਜੀ ਨੇ 22 ਮੰਜੀਆਂ ਦੀ ਸਥਾਪਨਾ ਕੀਤੀ ਸੀ। ਬਾਬਾ ਰਾਮ ਸਿੰਘ ਜੀ ਨੇ ਹਰ ਭਾਗ(ਖੇਤਰ) ਦੀ ਜ਼ਿਮੇਵਾਰੀ ਇਕ ਸੂਬੇ(ਮੁਖੀ) ਅਤੇ ਉਸਦੇ ਸਹਾਇਕ, ਨਾਇਬ ਸੂਬੇ ਨੂੰ ਸੌਂਪੀ। ਇਨ੍ਹਾਂ ਸੂਬਿਆਂ ਦੇ ਅਧੀਨ ਹਰੇਕ ਤਹਿਸੀਲ ਵਿਚ ਦੋ ਦੋ ਜਥੇਦਾਰ ਅਤੇ ਹਰੇਕ ਪਿੰਡ ਵਿਚ ਇਕ ਗ੍ਰੰਥੀ ਨੀਯਤ ਕੀਤਾ ਗਿਆ। ਹਰ ਇਕ ਸੂਬੇ ਨਾਲ ਪਰਸਪਰ ਸੰਬੰਧ ਬਣਾਏ ਰਖਣ ਲਈ ਗੁਪਤ ਡਾਕ ਦਾ ਪ੍ਰਬੰਧ ਕੀਤਾ ਗਿਆ। ਨਿਯਤ ਕੀਤੇ ਗਏ ਸੂਬਿਆਂ ਅਤੇ ਹੋਰ ਪ੍ਰਚਾਰਕਾਂ ਨੂੰ ਇਹ ਆਦੇਸ਼ ਦਿੱਤੇ ਗਏ ਕਿ ਉਹ ਨਿੱਜੀ ਜੀਵਨ ਵਿਚ ਸਦਾਚਾਰਕ ਉਚੱਤਾ ਨੂੰ ਸਦਾ ਕਾਇਮ ਰਖਣ ਤਾਂਕਿ ਉਨ੍ਹਾਂ ਦੀ ਕਥਨੀ ਅਤੇ ਕਰਨੀ ਦਾ ਲੋਕਾਂ ਦੇ ਮਨ ਤੇ ਚੰਗਾ ਪ੍ਰਭਾਵ ਪਵੇ।

ਜਥੇਬੰਦੀ ਨੂੰ ਸੰਗਠਿਤ ਕਰਨ ਦੇ ਨਾਲ ਹੀ ਨਾਲ ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਜੋ ਪ੍ਰੋਗਰਾਮ ਉਲੀਕਿਆ, ਉਸ ਦਾ ਠੋਸ ਆਧਾਰ ਸੁਦੇਸ਼ੀ ਪਹਿਨਣ ਅਤੇ ਅੰਗਰੇਜ਼ੀ ਸਰਕਾਰ ਨਾਲ ਨਾ ਮਿਲਵਰਤਨ ਕਰਨ ਦਾ ਸੀ। ਉਨ੍ਹਾਂ ਨੇ ਆਪਣੇ ਅਨੁਯਾਈਆਂ ਨੂੰ ਸਪਸ਼ਟ ਸ਼ਬਦਾਂ ਵਿਚ ਕਿਹਾ ਕਿ ਉਹ ਅੰਗਰੇਜ਼ੀ ਸਕੂਲਾਂ, ਕਾਲਜਾਂ, ਕਚਹਿਰੀਆਂ ਅਤੇ ਰੇਲਾਂ ਦਾ ਬਾਈਕਾਟ ਕਰਨ। ਉਹ ਆਪਣੇ ਝਗੜੇ ਨਿਪਟਾਣ ਲਈ ਪੁਰਾਤਨ ਭਾਰਤੀ ਪੰਚਾਇਤੀ ਪਰੰਪਰਾ ਨੂੰ ਅਪਨਾਉਣ ਤਾਕਿ ਉਨ੍ਹਾਂ ਨੂੰ ਅੰਗਰੇਜ਼ੀ ਅਦਾਲਤਾਂ ਦਾ ਬੂਹਾ ਨਾ ਖਟ ਖਟਾਉਣਾ ਪਏ। ਉਨ੍ਹਾਂ ਨੇ ਅੰਗਰੇਜ਼ੀ ਰੇਲਾਂ ਵਿਚ ਸਫ਼ਰ ਕਰਨ ਦੀ ਥਾਂ ਪੈਦਲ ਜਾਂ ਘੋੜੇ ਦੀ ਸੁਆਰੀ ਰਾਹੀਂ ਸਫ਼ਰ ਕਰਨ ਨੂੰ ਆਜ਼ਾਦੀ ਦਾ ਚਿੰਨ੍ਹ ਦਸਿਆ। ਬਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਦੇਸੀ ਭਾਸ਼ਾਵਾਂ ਸਿਖਾਣ ਦੀ ਪ੍ਰੇਰਨਾ ਦਿੱਤੀ। ਬਾਬਾ ਜੀ ਦੁਆਰਾ ਸ਼ੁਰੂ ਕੀਤੀ ਨਾ ਮਿਲਵਰਤਨ ਲਹਿਰ ਦਾ ਅਸਰ ਇਹ ਹੋਇਆ ਕਿ ਉਨ੍ਹਾਂ ਵਿਚ ਆਸਥਾ ਰਖਣ ਵਾਲੇ ਉਨ੍ਹਾਂ ਦੇ ਸੇਵਕਾਂ ਨੇ ਸਕੂਲ, ਕਾਲਜ, ਸਰਕਾਰੀ ਅਦਾਲਤਾਂ

Digitized by Panjab Digital Library | www.panjabdigilib.org

ਅਤੇ ਰੇਲਾਂ ਦੇ ਬਾਈਕਾਟ ਦੇ ਨਾਲ ਨਾਲ ਉਨ੍ਹਾਂ ਨਹਿਰਾਂ ਦਾ ਪਾਣੀ ਵੀ ਵਰਤਣਾ ਬੰਦ ਕਰ ਦਿੱਤਾ ਜਿਨ੍ਹਾਂ ਦੀ ਖੁਦਵਾਈ ਅੰਗਰੇਜ਼ਾਂ ਨੇ ਕਰਵਾਈ ਸੀ। ਅੰਗਰੇਜ਼ਾਂ ਦੁਆਰਾ ਲਗਵਾਏ ਗਏ ਰੁੱਖਾਂ ਦੀ ਛਾਵੇਂ ਬੈਠਣਾ ਤੇ ਉਨ੍ਹਾਂ ਦਰਖ਼ਤਾਂ ਦੀਆਂ ਟਾਹਣੀਆਂ ਨੂੰ ਦਾਤਨ ਵਜੋਂ ਵਰਤਣਾ ਵੀ ਪਾਪ ਸਮਝਿਆ ਜਾਣ ਲਗ ਪਿਆ। ਸਰਕਾਰੀ ਕਾਗਜ਼ਾਂ ਵਿਚ ਇਹ ਲਿਖਿਆ ਮਿਲਦਾ ਹੈ ਕਿ 'ਇਕ ਕੂਕੇ ਲਈ ਅੰਗਰੇਜ਼ ਸਰਕਾਰ ਦਾ ਸ਼ੁਭਚਿੰਤਕ ਹੋਣਾ ਅਸੰਭਵ ਜਹੀ ਗੱਲ ਹੈ।' 1883 ਦੇ ਡਿਸਟ੍ਰਿਕਟ ਗਜ਼ੇਟੀਅਰ ਆਫ਼ ਲੁਧਿਆਣਾ ਵਿਚ ਇਹ ਲਿਖਿਆ ਹੈ ਕਿ **it is not possible for a kuka to be a loyal subject of the British Government.**

ਸਾਰੇ ਦੇਸ਼ ਉਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਜਾਣ ਨਾਲ ਹੌਲੀ ਹੌਲੀ ਦੇਸ਼ ਦੀਆਂ ਘਰੇਲੂ ਦਸਤਕਾਰੀਆਂ ਅਤੇ ਖ਼ਾਸ ਕਰਕੇ ਕਪੜੇ ਦੀ ਸਨਅੱਤ ਬੁਰੀ ਤਰ੍ਹਾਂ ਨਾਲ ਨਸ਼ਟ ਹੋ ਗਈ ਸੀ। ਹੁਣ ਹਿੰਦੁਸਤਾਨ ਤੋਂ ਕੱਚਾ ਮਾਲ ਇੰਗਲੈਂਡ ਜਾਂਦਾ ਸੀ ਤੇ ਅੰਗਰੇਜ਼ੀ ਮਿਲਾਂ ਦਾ ਤਿਆਰ ਕੀਤਾ ਹੋਇਆ ਕਪੜਾ ਭਾਰਤ ਵਿਚ ਵਿਕਦਾ ਸੀ। ਬਾਬਾ ਰਾਮ ਸਿੰਘ ਨੇ ਅੰਗਰੇਜ਼ਾਂ ਦੁਆਰਾ ਕੀਤੀ ਜਾ ਰਹੀ ਇਸ ਆਰਥਿਕ ਲੁੱਟ-ਖਸੁੱਟ ਨੂੰ ਠਲ੍ਹ ਪਾਉਣ ਲਈ ਆਪਣੇ ਅਨੁਯਾਈਆਂ ਨੂੰ ਪ੍ਰੇਰਿਤ ਕੀਤਾ ਕਿ ਉਹ ਅੰਗਰੇਜ਼ੀ ਵਸਤਾਂ ਦਾ ਤਿਆਗ ਕਰਕੇ ਪਿੰਡਾਂ ਵਿਚ ਤਿਆਰ ਕੀਤੇ ਮੋਟੇ ਖੱਦਰ ਦਾ ਪ੍ਰਯੋਗ ਕਰਨ। ਬਾਬਾ ਜੀ ਦਾ ਇਹ ਕਦਮ ਅੰਗਰੇਜ਼ਾਂ ਦੀ ਆਰਥਿਕਤਾ ਲਈ ਬੜੀ ਵਡੀ ਚੁਣੌਤੀ ਸੀ। ਵੀਹਵੀਂ ਸਦੀ ਦੀ ਪਹਿਲੀ ਚੌਥਾਈ ਵਿਚ ਇਹੀ ਪ੍ਰੋਗਰਾਮ ਸੁਦੇਸ਼ੀ ਲਹਿਰ ਦਾ ਰੂਪ ਧਾਰਨ ਕਰ ਗਿਆ। ਭਾਰਤ ਦੇ ਪ੍ਰਮੁੱਖ ਨੇਤਾ ਅਤੇ ਵਿਦਵਾਨ ਇਸ ਗੱਲ ਨਾਲ ਸਹਿਮਤ ਹਨ ਕਿ ਆਜ਼ਾਦੀ ਦੀ ਲੜਾਈ ਲਈ ਮਹਾਤਮਾਂ ਗਾਂਧੀ ਜੀ ਦੁਆਰਾ ਚਲਾਈ ਗਈ ਨਾ-ਮਿਲਵਰਤਨ ਅਤੇ ਸੁਦੇਸ਼ੀ ਲਹਿਰ ਨੂੰ ਸ਼ੁਰੂ ਕਰਨ ਵਾਲੇ ਬਾਬਾ ਰਾਮ ਸਿੰਘ ਜੀ ਹੀ ਸਨ। ਭਾਰਤ ਦੇ ਪਹਿਲੇ ਰਾਸ਼ਟਰਪਤੀ ਡਾ:ਰਾਜਿੰਦਰ ਪ੍ਰਸ਼ਾਦ ਨੇ 1935 ਵਿਚ ਪ੍ਰਕਾਸ਼ਿਤ ਆਪਣੇ ਇਕ ਲੇਖ ਵਿਚ ਲਿਖਿਆ ਸੀ, 'ਹਮਾਰੇ ਦੇਸ਼ ਮੇਂ ਮਹਾਤਮਾ ਗਾਂਧੀ ਨੇ ਜੋ ਅਸਹਿਯੋਗ ਅੰਦੋਲਨ ਇਤਨੇ ਜ਼ੋਰ ਸੇ ਚਲਾਇਆ, ਉਸਕਾ ਗੁਰੂ ਰਾਮ ਸਿੰਘ ਨੇ, ਪ੍ਰਾਯ ਪਚਾਸ ਵਰਸ਼ ਪੂਰਵ ਹੀ ਨਾਮਧਾਰੀਉਂ ਮੇਂ ਪ੍ਰਚਾਰ ਕੀਆ ਥਾ'। ਉਨ੍ਹਾਂ ਦੀ ਅਸਲ ਸਟੇਟਮੈਂਟ ਇਸ ਪ੍ਰਕਾਰ ਹੈ :**Guru Ram Singh believed in the political freedom as part of religion. The organisation of the Namdhari became considerably strong. The movement of Boycott and Non-co-operation, which Mahatma Gandhi started so vigorously in our times was preached by Guru Ram Singh 50 years ago as cult for the Namdharis.....'.**

ਆਪਣੇ ਪ੍ਰੋਗਰਾਮ ਨੂੰ ਦੂਰ ਬੈਠੀਆਂ ਸੰਗਤਾਂ ਅਤੇ ਆਪਣੇ ਸੇਵਕਾਂ ਤਕ ਪਹੁੰਚਾਣ ਲਈ, ਪਿੰਡ ਪਿੰਡ ਵਿਚ ਹਰਕਾਰੇ ਨੀਯਤ ਕੀਤੇ ਗਏ ਜੋ ਤਨਖਾਹ ਤੋਂ ਬਿਨਾਂ ਕੇਵਲ ਸੇਵਾ ਭਾਵ ਨਾਲ ਹੀ ਕੰਮ ਕਰਦੇ ਸਨ। ਗੁਪਤ ਤਰੀਕੇ ਨਾਲ ਸਾਰੇ ਪ੍ਰੋਗਰਾਮ ਦੀ ਕਾਰਵਾਈ ਚਲਾਉਣ ਲਈ ਇਕ ਵਿਸ਼ੇਸ਼ ਮਹਿਕਮਾ ਖੋਲ੍ਹਿਆ ਗਿਆ ਜਿਸ ਦਾ ਇੰਚਾਰਜ ਬਾਬਾ ਜੀ ਨੇ ਆਪਣੇ ਸਭ ਤੋਂ ਵੱਧ ਨਿਕਟਵਰਤੀ ਤੇ ਭਰੋਸੇ ਯੋਗ ਸੇਵਕ ਸੂਬਾ ਸਾਹਿਬ ਸਿੰਘ ਅਤੇ ਸੂਬਾ ਲੱਖਾ ਸਿੰਘ ਨੂੰ ਨੀਯਤ ਕੀਤਾ। ਗੁਪਤ-ਪ੍ਰੋਗਰਾਮ ਨੂੰ ਅਸਰਦਾਰ ਢੰਗ ਨਾਲ ਚਲਾਉਣ ਲਈ ਕਈ ਸੰਕੇਤ ਅਤੇ ਚਿੰਨ੍ਹ ਨਿਰਧਾਰਿਤ ਕੀਤੇ ਗਏ। ਸਾਰੇ ਸੂਬਿਆਂ ਦਾ ਸਿੱਧਾ ਸਬੰਧ ਭੈਣੀ ਸਾਹਿਬ ਨਾਲ ਜੋੜਿਆ ਗਿਆ

Digitized by Panjab Digital Library | www.panjabdigilib.org

ਤਾਕਿ ਇਕੋ ਜਿਹਾ ਆਦੇਸ਼, ਇਕੋ ਵਕਤ ਸਾਰੀਆਂ ਥਾਵਾਂ ਤੇ ਭੇਜਿਆ ਜਾ ਸਕੇ। ਸੂਬੇ ਅਗੋਂ ਇਹ ਆਦੇਸ਼ ਜ਼ਿਲ੍ਹੇ ਦੇ ਜਥੇਦਾਰ ਅਤੇ ਪਿੰਡ ਦੇ ਗ੍ਰੰਥੀਆਂ ਰਾਹੀਂ ਸੰਗਤਾਂ ਤਕ ਪਹੁੰਚਾ ਦੇਂਦੇ ਸਨ। ਸਰਕਾਰੀ ਰਿਕਾਰਡ ਵੀ ਕੂਕਿਆਂ ਦੇ ਡਾਕ ਪ੍ਰਬੰਧ ਦੀ ਬੜੀ ਪ੍ਰਸੰਸਾ ਕਰਦੇ ਹਨ। ਇਕ ਰਿਪੋਰਟ ਵਿਚ ਇਹ ਦਰਜ ਹੈ ਕਿ 'ਕੂਕਿਆਂ ਦਾ ਡਾਕ ਮਹਿਕਮਾਂ ਪ੍ਰਾਈਵੇਟ ਹੈ ਜਿਸ ਦਾ ਪ੍ਰਬੰਧ ਬੜੇ ਯੋਗ ਹੱਥਾਂ ਵਿਚ ਹੈ। ਇਕ ਕੂਕਾ ਡਾਕ ਲੈਕੇ ਦੂਜੇ ਪਿੰਡ ਪੁਜਦਾ ਹੈ ਤੇ ਡਾਕ ਅਗਲੇ ਆਦਮੀ ਦੇ ਹਵਾਲੇ ਕਰ ਆਉਂਦਾ ਹੈ। ਦੂਜਾ ਆਦਮੀ ਹੱਥ ਵਿਚਲਾ ਕੰਮ ਉਥੇ ਹੀ ਛੱਡ ਦਿੰਦਾ ਹੈ। ਜੇਕਰ ਉਹ ਰੋਟੀ ਵੀ ਖਾ ਰਿਹਾ ਹੋਵੇ ਤਾਂ ਦੂਜੀ ਬੁਰਕੀ ਮੂੰਹ ਵਿਚ ਨਹੀਂ ਪਾਵੇਗਾ ਤੇ ਝੱਟ ਪੱਟ ਅਗਲੇ ਪੜਾ ਲਈ ਰਵਾਨਾ ਹੋ ਜਾਵੇਗਾ। ਖ਼ਾਸ ਡਾਕ ਜ਼ਬਾਨੀ ਹੁੰਦੀ ਹੈ ਤੇ ਅਜੇਹੇ ਸੁਨੇਹੇ ਲਿਖੇ ਨਹੀਂ ਜਾਂਦੇ। ਮੇਜਰ ਪਰਕਿਨਜ਼ ਲਿਖਦੇ ਹਨ ਕਿ ਸਰਕਾਰੀ ਪੁੱਛ ਪੜਤਾਲ ਤੇ ਡਰ ਕਾਰਨ ਕਈ ਵਾਰ (ਨਾਮਧਾਰੀ) ਹਰਕਾਰੇ ਜਰਨੈਲੀ ਸੜਕ ਛੱਡ ਕੇ, ਵਲਾ ਪਾਕੇ ਸਫ਼ਰ ਕਰਿਆ ਕਰਦੇ ਸਨ। ਮਾਰਚ 1867 ਦੀ ਇਕ ਸਰਕਾਰੀ ਰਿਪੋਰਟ ਵਿਚ ਲਿਖਿਆ ਹੈ ਕਿ

**There can be little doubt that though this machinery has been introduced to work a religious reform, yet in the hands of designing and unscrupulous men it can easily be made an engine of political power.**

ਬਾਬਾ ਰਾਮ ਸਿੰਘ ਜੀ ਦੁਆਰਾ ਦੇਸ਼ ਦੀ ਆਜ਼ਾਦੀ ਲਈ ਸ਼ੁਰੂ ਕੀਤਾ ਇਹ ਪ੍ਰੋਗਰਾਮ ਕੇਵਲ ਪੰਜਾਬ ਦੇ ਨਗਰਾਂ ਅਤੇ ਪਿੰਡਾਂ ਤਕ ਹੀ ਸੀਮਿਤ ਨਹੀਂ ਸੀ। ਉਨ੍ਹਾਂ ਨੇ ਪੰਜਾਬ ਤੋਂ ਬਾਹਰ ਵੀ ਕਈ ਨਗਰਾਂ ਅਤੇ ਦੇਸ਼ਾਂ ਵਿਚ ਆਪਣੇ ਪ੍ਰਚਾਰ-ਕੇਂਦਰ ਸਥਾਪਿਤ ਕੀਤੇ ਹੋਏ ਸਨ। ਇਨ੍ਹਾਂ ਵਿਚੋਂ ਪ੍ਰਮੁੱਖ ਕੇਂਦਰ ਗਵਾਲੀਅਰ, ਮੱਧ ਪ੍ਰਦੇਸ਼, ਬਨਾਰਸ, ਨਿਪਾਲ ਅਤੇ ਕਾਬਲ ਵਿਚ ਸਨ। ਅਗੇ ਚਲਕੇ ਰੂਸ ਨਾਲ ਵੀ ਸਬੰਧ ਕਾਇਮ ਕੀਤੇ ਗਏ ਤਾਕਿ ਅੰਗਰੇਜ਼ਾਂ ਨੂੰ ਦੇਸ਼ ਵਿਚੋਂ ਬਾਹਰ ਕੱਢਿਆ ਜਾ ਸਕੇ।

ਖ਼ਾਲਸਾ ਰਾਜ ਦੇ ਚਲੇ ਜਾਣ ਮਗਰੋਂ ਪੰਜਾਬ ਵਿਚ ਜੋ ਅਧੋਗਤੀ ਅਤੇ ਨਿਰਾਸਤਾ ਪੈਦਾ ਹੋ ਗਈ ਸੀ, ਉਹ ਹੁਣ ਬਾਬਾ ਰਾਮ ਸਿੰਘ ਜੀ ਦੇ ਪ੍ਰਚਾਰ ਅਤੇ ਪ੍ਰੋਗਰਾਮਾਂ ਸਦਕਾ, ਨਵੀਂ ਆਸ ਦੇ ਰੂਪ ਵਿਚ ਪੁੰਗਰਣੀ ਸ਼ੁਰੂ ਹੋ ਗਈ। ਬਾਬਾ ਰਾਮ ਸਿੰਘ ਨੇ ਮੁੜਕੇ ਪੰਜਾਬੀਆਂ ਨੂੰ ਇਕ ਸ਼ਕਤੀਸ਼ਾਲੀ ਜਥੇਬੰਦੀ ਦੇ ਰੂਪ ਵਿਚ ਸੰਗਠਿਤ ਕਰਕੇ ਉਨ੍ਹਾਂ ਦੇ ਦਿਲ ਵਿਚ ਵਿਦੇਸ਼ੀ ਗੁਲਾਮੀ ਤੋਂ ਸੁਤੰਤਰ ਹੋਣ ਦੀ ਜੋਤ ਜਗਾ ਦਿੱਤੀ।

ਗਵਾਂਢੀ ਰਾਜਾਂ ਵਿਚੋਂ ਨਿਪਾਲ ਅਤੇ ਜੰਮੂ-ਕਸ਼ਮੀਰ ਅਜੇਹੇ ਰਾਜ ਸਨ ਜਿੱਥੇ ਕੂਕੇ ਬੜੀ ਆਜ਼ਾਦੀ ਨਾਲ ਆਉਂਦੇ ਜਾਂਦੇ ਅਤੇ ਆਪਣੀਆਂ ਕਾਰਵਾਈਆਂ ਨੂੰ ਸਫ਼ਲਤਾ ਨਾਲ ਚਲਾ ਰਹੇ ਸਨ। ਨਿਪਾਲ ਦਾ ਰਾਜਾ ਜੰਗ ਬਹਾਦਰ ਉਪਰੋਂ ਉਪਰੋਂ ਅੰਗਰੇਜ਼ਾਂ ਨਾਲ ਬਣਾ ਕੇ ਰਖਦਾ ਸੀ ਪਰ ਅੰਦਰੋਂ ਅੰਦਰ ਉਹ ਉਨ੍ਹਾਂ ਦ ਕੱਟੜ ਵੈਰੀ ਸੀ। 1857 ਵਿਚ ਅੰਗਰੇਜ਼ਾਂ ਵਿਰੁੱਧ ਸ਼ੁਰੂ ਕੀਤੇ ਰਾਜਸੀ ਅੰਦੋਲਨ ਦੇ ਕਈ ਵੀਰ ਸੈਨਾਨੀ ਅੰਦੋਲਨ ਦੇ ਅਸਫ਼ਲ ਹੋ ਜਾਣ ਮਗਰੋਂ ਨਿਪਾਲ ਚਲੇ ਗਏ ਸਨ। ਇਨ੍ਹਾਂ ਦਿਨਾਂ ਵਿਚ ਹੀ ਕਈ ਕੂਕੇ ਭਾਈ ਮੋਤੀ ਸਿੰਘ ਦੇ ਰਸੂਖ ਨਾਲ ਨਿਪਾਲ ਦੀ ਫ਼ੌਜ ਵਿਚ ਭਰਤੀ ਹੋ ਗਏ ਸਨ। ਭਰਤੀ ਹੋਏ ਇਨ੍ਹਾਂ ਸੈਨਿਕਾਂ ਕਾਰਨ ਉਨ੍ਹਾਂ ਦੀ ਪੰਜਾਬ ਵਿਚ ਆਵਾਜਾਈ ਅਤੇ ਨਾਮਧਾਰੀ ਕੇਂਦਰ ਭੈਣੀ ਸਾਹਿਬ ਨਾਲ ਸਬੰਧ ਬਣੇ ਰਹਿੰਦੇ ਸਨ। ਇਨ੍ਹਾਂ ਕੂਕਿਆਂ ਰਾਹੀਂ ਰਾਣਾ ਜੰਗ਼ ਬਹਾਦਰ ਨੂੰ ਬਾਬਾ ਰਾਮ ਸਿੰਘ ਦੀਆਂ ਯੋਜਨਾਵਾਂ ਤੇ ਸਰਗਰਮੀਆਂ

Digitized by Panjab Digital Library | www.panjabdigilib.org

ਬਾਰੇ ਪਤਾ ਚਲਦਾ ਰਹਿੰਦਾ ਸੀ। 1870 ਵਿਚ ਬਾਬਾ ਰਾਮ ਸਿੰਘ ਨੇ ਸੂਬਾ ਕਾਹਨ ਸਿੰਘ ਅਤੇ ਸੂਬਾ ਸਾਹਿਬ ਸਿੰਘ ਨੂੰ ਆਪਣੇ ਦੂਤ ਵਜੋਂ ਨਿਪਾਲ ਭੇਜਿਆ। ਰਾਣਾ ਜੰਗ ਬਹਾਦਰ ਬਾਬਾ ਜੀ ਦੇ ਦੇਸ਼ ਅਤੇ ਕੌਮ ਪ੍ਰਤੀ ਵਿਚਾਰਾਂ ਤੋਂ ਬੜਾ ਪ੍ਰਭਾਵਿਤ ਹੋਇਆ। ਨਿਪਾਲ ਤੋਂ ਚਲਣ ਸਮੇਂ ਉਸਨੇ ਬਾਬਾ ਰਾਮ ਸਿੰਘ ਲਈ 500 ਰੁਪਏ ਨਕਦ ਤੇ ਕੁਝ ਕੀਮਤੀ ਤੁਹਫ਼ੇ ਇਨ੍ਹਾਂ ਸੂਬਿਆਂ ਰਾਹੀਂ ਭੇਜੇ। ਇਨ੍ਹਾਂ ਗੱਲਾਂ ਤੋਂ ਆਸ ਬਝੁਦੀ ਸੀ ਕਿ ਸਮਾਂ ਆਉਣ ਤੇ ਉਹ ਕੂਕਾ ਜੱਦੋ-ਜਹਿਦ ਵਿਚ ਉਨ੍ਹਾਂ ਦੀ ਪੂਰੀ ਮਦਦ ਕਰੇਗਾ।

ਜਿਸ ਤਰ੍ਹਾਂ ਬਾਬਾ ਰਾਮ ਸਿੰਘ ਜੀ ਨੇ ਆਪਣੇ ਵਿਸ਼ੇਸ਼ ਦੂਤ ਨਿਪਾਲ ਦੇ ਰਾਜੇ ਕੋਲ ਭੇਜੇ ਸਨ ਉਸੇ ਤਰ੍ਹਾਂ ਉਨ੍ਹਾਂ ਨੇ ਇਕ ਕੂਕੇ ਸ੍ਰ: ਬਿਸ਼ਨ ਸਿੰਘ ਨੂੰ, ਜੋ ਅਰਬੀ, ਫ਼ਾਰਸੀ ਅਤੇ ਪਸ਼ਤੋ ਦਾ ਚੰਗਾ ਵਿਦਵਾਨ ਸੀ, ਕਾਬਲ ਦੇ ਅਮੀਰ ਪਾਸ ਭੇਜਿਆ ਤਾਕਿ ਉਸ ਨਾਲ ਚੰਗੇ ਸੰਬੰਧ ਸਥਾਪਿਤ ਕੀਤੇ ਜਾ ਸਕਣ। ਬਿਸ਼ਨ ਸਿੰਘ ਦੇ ਪ੍ਰਭਾਵ ਕਾਰਨ ਕਾਬਲ ਦੇ ਸ਼ਾਹੀ ਘਰਾਣੇ ਦੇ ਦੋ ਸ਼ਹਿਜ਼ਾਦੇ (ਯਾਕੂਬ ਖਾਂ ਅਤ ਅਬਦੁੱਲ ਖਾਂ) ਬਾਬਾ ਰਾਮ ਸਿੰਘ ਕੋਲ ਭੈਣੀ ਸਾਹਿਬ ਪਹੁੰਚੇ, ਜਿਹਾ ਕਿ ਕਪਤਾਨ ਬੇਲੀ, ਡੀ.ਆਈ.ਜੀ. ਪੁਲਿਸ ਦੀ ਇਕ ਰਿਪੋਰਟ ਤੋਂ ਪਤਾ ਚਲਦਾ ਹੈ।

ਰੂਸ ਨਾਲ ਸਬੰਧ ਸਥਾਪਿਤ ਕਰਨ ਵਿਚ ਭਾਈ ਗੁਰਚਰਨ ਸਿੰਘ ਅਤੇ ਸੂਬਾ ਬਿਸ਼ਨ ਸਿੰਘ ਦਾ ਬਹੁਤ ਵੱਡਾ ਹੱਥ ਸੀ। ਭਾਈ ਗੁਰਚਰਨ ਸਿੰਘ ਪਿੰਡ ਚੱਕ ਪਰਾਣਾ, ਜ਼ਿਲਾ ਸਿਆਲਕੋਟ ਦਾ ਵਸਨੀਕ ਸੀ। ਉਸਨੇ ਖ਼ਾਲਸਾ-ਰਾਜ ਦੇ ਸਮੇਂ ਕਰੀਬ 16 ਸਾਲ ਤਕ ਫ਼ੌਜ ਦੀ ਨੌਕਰੀ ਕੀਤੀ ਸੀ। 1870 ਦੇ ਆਸ ਪਾਸ ਉਹ ਬਾਬਾ ਰਾਮ ਸਿੰਘ ਦੀ ਨਾਮਧਾਰੀ ਲਹਿਰ ਨਾਲ ਜੁੜੇ ਸਨ ਤੇ ਫਿਰ ਉਨ੍ਹਾਂ ਨੇ ਜਥੇਬੰਦੀ ਦੇ ਕੰਮਾਂ ਵਿਚ ਪਿੱਛੇ ਮੁੜਕੇ ਨਹੀਂ ਸੀ ਵੇਖਿਆ। ਉਹ 1879-80 ਵਿਚ ਇਕ ਉਚੇਚੇ ਮਿਸ਼ਨ ਤੇ ਰੂਸ ਗਏ ਸਨ ਜਿਵੇਂ ਕਿ ਸਰਕਾਰੀ ਰਿਕਾਰਡ ਦਸਦੇ ਹਨ। 1880 ਤੋਂ 1888 ਦੇ ਵਿਚਕਾਰ ਇਸ ਦਿਸ਼ਾ ਵਲ ਸੂਬਾ ਬਿਸ਼ਨ ਸਿੰਘ ਨੇ ਬਹੁਤ ਕੰਮ ਕੀਤਾ ਸੀ। ਬਾਬਾ ਰਾਮ ਸਿੰਘ ਜੀ ਆਜ਼ਾਦੀ ਲਈ ਮਿੱਤਰ ਦੇਸ਼ਾਂ ਦੀ ਸਹਾਇਤਾ ਲੈਣ ਨੂੰ ਮਾੜਾ ਨਹੀਂ ਸਨ ਸਮਝਦੇ। ਡਾ: ਫੌਜਾ ਸਿੰਘ 'ਕੂਕਾ ਮੂਵਮੈਂਟ' ਵਿਚ ਲਿਖਦੇ ਹਨ, "They saw nothing wrong in the use of foreign help in the attainment of their political object."

ਕਾਬਲ, ਰੂਸ ਅਤੇ ਨਿਪਾਲ ਤੋਂ ਛੁੱਟ ਬਾਬਾ ਰਾਮ ਸਿੰਘ ਨੇ ਗੁਆਂਢੀ ਰਾਜ ਭੂਟਾਨ, ਕਸ਼ਮੀਰ ਅਤੇ ਦੇਸੀ ਰਾਜਾਂ - ਹੈਦਰਾਬਾਦ, ਅਵੱਧ (ਲਖਨਊ), ਗਵਾਲੀਅਰ ਤੇ ਬਨਾਰਸ ਆਦਿ ਥਾਵਾਂ ਦੇ ਸਿੱਖਾਂ ਨਾਲ ਵੀ ਗੱਠਜੋੜ ਬਣਾ ਕੇ ਰਖੀ ਹੋਈ ਸੀ ਤੇ ਉਹ ਉਨ੍ਹਾਂ ਤਕ ਪੰਜਾਬ ਦੇ ਰਾਜਸੀ ਹਾਲਾਤ ਦੀਆਂ ਖ਼ਬਰਾਂ ਆਪਣੀਆਂ ਗੁਪਤ ਅਜੰਸੀਆਂ ਰਾਹੀ ਭੇਜਦੇ ਰਹਿੰਦੇ ਸਨ। ਕਸ਼ਮੀਰ ਦਾ ਮਹਾਰਾਜਾ ਰਣਬੀਰ ਸਿੰਘ ਆਪਣੇ ਰਾਜ ਵਿਚ ਅੰਗਰੇਜ਼ਾਂ ਦੇ ਵਧੇਰੇ ਦਖ਼ਲ ਤੋਂ ਖੁਸ਼ ਨਹੀਂ ਸੀ ਪਰ ਉਸਦੀ ਅੰਗਰੇਜ਼ਾਂ ਅਗੇ ਕੋਈ ਪੇਸ਼ ਨਹੀਂ ਸੀ ਜਾਂਦੀ। 1869 ਵਿਚ ਨਾਮਧਾਰੀ ਸ੍ਰ: ਹੀਰਾ ਸਿੰਘ ਸਢੌਰਾ ਦੀ ਅਗਵਾਈ ਹੇਠ ਤੀਹ-ਪੈਂਤੀ ਕੂਕੇ ਮਹਾਰਾਜਾ ਰਣਬੀਰ ਸਿੰਘ ਨੂੰ ਮਿਲੇ ਤੇ ਬੜੇ ਜਤਨਾਂ ਮਗਰੋਂ ਉੱਥੇ ਇਕ 'ਕੂਕਾ ਰੈਜਮੈਂਟ' ਖੜੀ ਕਰਨ ਵਿਚ ਕਾਮਯਾਬ ਹੋ ਗਏ। ਪਰ ਅੰਗਰੇਜ਼ ਕੂਕਿਆਂ ਦੀਆਂ ਇਹੋ ਜਹੀਆਂ ਕਾਰਵਾਈਆਂ ਤੋਂ ਕਿਵੇਂ ਚੁੱਪ ਬੈਠ ਸਕਦੇ ਸਨ। ਪੰਜਾਬ ਸਰਕਾਰ ਨੇ ਜੰਮੂ-ਕਸ਼ਮੀਰ ਵਿਚ ਨਾਮਧਾਰੀ ਕਾਰਵਾਈਆਂ ਦਾ ਪਤਾ ਲਗਾਉਣ ਲਈ ਉੱਥੇ ਆਪਣੇ ਸੂਹੀਏ ਭੇਜੇ ਜਿਨ੍ਹਾਂ ਨੇ ਆਪਣੀ ਰਿਪੋਰਟ ਵਿਚ ਲਿਖਿਆ ਕਿ 'ਭਰਤੀ ਹੋਏ

Digitized by Panjab Digital Library | www.panjabdigilib.org

ਇਨ੍ਹਾਂ ਸੈਨਿਕਾਂ ਨੂੰ ਇਨ੍ਹਾਂ ਦਾ ਧਾਰਮਿਕ ਨੇਤਾ ਕਦੇ ਵੀ ਆਪਣੇ ਰਾਜਸੀ ਪ੍ਰੋਗਰਾਮਾਂ ਲਈ ਵਰਤ ਸਕਦਾ ਹੈ'। ਖੁਫ਼ੀਆ ਅਧਿਕਾਰੀਆਂ ਵਲੋਂ ਭੇਜੀ ਗਈ ਇਸ ਚਿੰਤਾਜਨਕ ਰਿਪੋਰਟ ਅਤੇ ਚੇਤਾਵਨੀ ਨੂੰ ਧਿਆਨ ਵਿਚ ਰਖਦੇ ਹੋਏ ਅੰਗਰੇਜ਼ਾਂ ਨੇ ਆਪਣੇ ਕਸ਼ਮੀਰ ਰੈਜ਼ੀਡੈਂਟ ਰਾਹੀਂ ਮਹਾਰਾਜੇ ਤੇ ਜ਼ੋਰ ਪਾਕੇ 1871 ਵਿਚ 'ਕੂਕਾ ਰੈਜ਼ਮੈਂਟ' ਤੁੜਵਾ ਦਿੱਤੀ।

ਲਗਦਾ ਹੈ ਬਾਬਾ ਰਾਮ ਸਿੰਘ ਅੰਗਰੇਜ਼ਾਂ ਨੂੰ ਦੇਸ਼ ਵਿਚੋਂ ਬਾਹਰ ਕੱਢਣ ਲਈ, ਸਹਿਜੇ ਸਹਿਜੇ, ਦੇਸ਼ ਅਤੇ ਵਿਦੇਸ਼ ਵਿਚ ਅਜੇਹਾ ਵਾਤਾਵਰਣ ਪੈਦਾ ਕਰ ਰਹੇ ਸਨ ਜਿਸ ਨੂੰ ਸਮਾਂ ਆਉਣ ਤੇ.ਅਮਲੀ ਰੂਪ ਦੇ ਕੇ ਅੰਗਰੇਜ਼ਾਂ ਵਿਰੁੱਧ ਵਰਤਿਆ ਜਾ ਸਕਦਾ ਸੀ। ਉਹ ਕਾਹਲੇ ਵਿਚ ਕੋਈ ਵੀ ਕਦਮ ਚੁੱਕਣ ਦੇ ਹੱਕ ਵਿਚ ਨਹੀਂ ਸਨ ਤੇ ਨਾ ਹੀ ਅੰਗਰੇਜ਼ਾਂ ਨੂੰ ਕੋਈ ਅਜੇਹਾ ਅਵਸਰ ਪ੍ਰਦਾਨ ਕਰਨਾ ਚਾਹੁੰਦੇ ਸਨ ਕਿ ਉਹ ਇਸ ਲਹਿਰ ਨੂੰ ਆਪਣੇ ਮਿੱਥੇ ਹੋਏ ਨਿਸ਼ਾਨੇ ਤੇ ਪਹੁੰਚਣ ਤੋਂ ਪਹਿਲਾਂ ਹੀ ਦਬਾ ਦੇਣ। ਉਹ ਬੜੀ ਸਿਆਣਪ ਅਤੇ ਦੂਰ ਦ੍ਰਿਸ਼ਟੀ ਨਾਲ ਇਸ ਜਥੇਬੰਦੀ ਨੂੰ ਮਜ਼ਬੂਤ ਕਰਨ ਵਿਚ ਲਗੇ ਹੋਏ ਸਨ ਕਿ 1869 ਤੋਂ 1872 ਦੇ ਵਿਚਕਾਰ ਕੁਝ ਜੁਸ਼ੀਲੇ ਕੂਕਿਆਂ ਵਲੋਂ ਅਜੇਹੀਆਂ ਕਾਰਵਾਈਆਂ ਕੀਤੀਆਂ ਗਈਆਂ ਜਿਨ੍ਹਾਂ ਕਾਰਨ ਅੰਗਰੇਜ਼ ਅਧਿਕਾਰੀਆਂ ਨੂੰ ਇਸ ਲਹਿਰ ਨੂੰ ਕੁਚਲਣ ਦਾ ਇਕ ਚੰਗਾ ਅਵਸਰ ਮਿਲ ਗਿਆ। ਕੂਕਾ ਇਤਿਹਾਸ ਲਿਖਣ ਵਾਲੇ ਤਕਰੀਬਨ ਸਭ ਇਤਿਹਾਸ ਕਾਰ ਇਸ ਮੱਤ ਨਾਲ ਸਹਿਮਤ ਹਨ ਕਿ ਜੇ ਸਾਰੇ ਪ੍ਰੋਗਰਾਮ ਬਾਬਾ ਰਾਮ ਸਿੰਘ ਜੀ ਦੁਆਰਾ ਉਲੀਕੇ ਗਏ ਕਾਰਜ-ਕ੍ਰਮ ਅਨੁਸਾਰ ਅਤੇ ਉਨ੍ਹਾਂ ਦੀ ਅਗਵਾਈ ਹੇਠ ਚਲਦੇ ਰਹਿੰਦੇ ਤਾਂ ਇਸ ਲਹਿਰ ਦੇ ਨਤੀਜੇ ਬੜੇ ਆਸ਼ਾ ਜਨਕ ਅਤੇ ਭਰਪੂਰ ਪ੍ਰਾਪਤੀਆਂ ਵਾਲੇ ਨਿਕਲਦੇ।

ਇਨ੍ਹਾਂ ਕਾਰਵਾਈਆਂ ਦਾ ਮੁੱਢ ਪਿੰਡ ਥਰਾਜ ਵਾਲੇ (ਮੁਕਤਸਰ) ਦੀ ਘਟਨਾ ਨਾਲ ਹੋਇਆ, ਜਦੋਂ 1 ਮਾਰਚ 1869 ਨੂੰ ਕੁਝ ਕੂਕਿਆਂ ਦਾ ਝਗੜਾ ਡਿਪਟੀ ਇੰਸਪੈਕਟਰ ਪੁਲਿਸ ਦੀਵਾਨ ਬਖ਼ਸ਼ ਦੇ ਸਿਪਾਹੀਆਂ ਨਾਲ ਇਸ ਗੱਲ ਤੋਂ ਹੋ ਗਿਆ ਕਿ ਉਨ੍ਹਾਂ ਬਾਬਾ ਰਾਮ ਸਿੰਘ ਜੀ ਬਾਰੇ ਕੁਝ ਅਪਮਾਨਜਨਕ ਸ਼ਬਦ ਵਰਤੇ ਸਨ। ਇਹ ਕੂਕੇ ਫ਼ਿਰੋਜ਼ਪੁਰ ਅਤੇ ਹਿਸਾਰ ਜ਼ਿਲ੍ਹੇ ਤੋਂ ਬਾਬਾ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਜਾ ਰਹੇ ਸਨ। ਇਸ ਝਗੜੇ ਕਾਰਨ ਦੋਹਾਂ ਪਾਸਿਆਂ ਤੋਂ ਕਈ ਲੋਕ ਜ਼ਖ਼ਮੀ ਹੋ ਗਏ। ਪੁਲਿਸ ਨੇ 44 ਕੂਕਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਜਿਨ੍ਹਾਂ ਵਿਚੋਂ 37 ਕੂਕਿਆਂ ਨੂੰ ਤਾਂ ਰਿਹਾ ਕਰ ਦਿੱਤਾ ਗਿਆ ਪਰ 7 ਕੂਕਿਆਂ ਨੂੰ ਝਗੜਾ ਫ਼ਸਾਦ ਕਰਨ ਦੇ ਦੋਸ਼ ਵਿਚ 6 ਮਹੀਨੇ ਤੋਂ 18 ਮਹੀਨੇ ਤਕ ਦੀਆਂ ਸਜ਼ਾਵਾਂ ਸੁਣਾ ਦਿੱਤੀਆਂ ਗਈਆਂ। ਇਨ੍ਹਾਂ ਵਿਚੋਂ ਪ੍ਰਮੁੱਖ ਸਨ - ਭਾਈ ਮਸਤਾਨ ਸਿੰਘ, ਸੁਰਮੁਖ ਸਿੰਘ, ਹਰਨਾਮ ਸਿੰਘ ਅਤੇ ਭਾਈ ਬਚਿੱਤਰ ਸਿੰਘ।

ਸਿੱਖਾਂ ਦੇ ਰਾਜ ਸਮੇਂ ਗਊ ਹੱਤਿਆ ਤੇ ਪਾਬੰਦੀ ਸੀ। ਪਰ ਪੰਜਾਬ ਉਪਰ ਅੰਗਰੇਜ਼ਾਂ ਦਾ ਕਬਜ਼ਾ ਹੋ ਜਾਣ ਮਗਰੋਂ ਉਨ੍ਹਾਂ ਨੇ ਹਿੰਦੂ-ਸਿੱਖਾਂ ਤੇ ਮੁਸਲਮਾਨਾਂ ਵਿਚ ਪਾੜ ਪਾਉਣ ਦੀ ਨੀਯਤ ਨਾਲ ਥਾਂ ਥਾਂ ਤੇ ਬੁੱਚੜ-ਖਾਨੇ ਖੋਲ੍ਹ ਕੇ ਗਊ ਹੱਤਿਆ ਦੀ ਇੱਜਾਜ਼ਤ ਦੇ ਦਿਤੀ। ਅਜੇਹੀ ਕਾਰਵਾਈ ਕਰਕੇ ਅੰਗਰੇਜ਼ ਇਹ ਵੀ ਅਹਿਸਾਸ ਦੁਆਉਣਾ ਚਾਹੁੰਦੇ ਸਨ ਕਿ ਹੁਣ ਪੰਜਾਬ ਖ਼ਾਲਸੇ ਦੇ ਅਧੀਨ ਨਹੀਂ ਸਗੋਂ ਅੰਗਰੇਜ਼ੀ ਸਾਮਰਾਜ ਦਾ ਇਕ ਹਿੱਸਾ ਬਣ ਚੁਕਾ ਹੈ। ਗਊ ਹੱਤਿਆ ਦੀ ਇਜਾਜ਼ਤ ਮਿਲ ਜਾਣ ਨਾਲ ਜਿਥੇ ਮੁਸਲਮਾਨ ਖੁਸ਼ ਹੋ ਗਏ ਉਥੇ ਗਊਆਂ ਤੋਂ ਪ੍ਰਾਪਤ ਹੋਣ ਵਾਲੇ ਚਮੜੇ ਕਾਰਨ ਅੰਗਰੇਜ਼ਾਂ ਨੂੰ ਵੀ ਵਿਉਪਾਰਕ ਲਾਭ ਪਹੁੰਚਿਆ। ਕਈ ਮੁਸਲਮਾਨ

Digitized by Panjab Digital Library | www.panjabdigilib.org

ਵਿਉਪਾਰੀਆਂ ਨੇ ਅੰਮ੍ਰਿਤਸਰ ਵਿਚ ਤਜਾਰਤੀ ਫ਼ਰਮਾਂ ਖੋਲ੍ਹ ਲਈਆਂ ਤੇ ਗਊ ਦਾ ਚੰਮੜਾ ਵਿਲਾਇਤ ਭੇਜਿਆ ਜਾਣ ਲਗ ਪਿਆ। ਹਿੰਦੂ ਅਤੇ ਸਿੱਖਾਂ ਨੇ ਕਈ ਵਾਰ ਸਰਕਾਰ ਕੋਲ ਇਸ ਗੱਲ ਦਾ ਵਿਰੋਧ ਵੀ ਪ੍ਰਗਟ ਕੀਤਾ ਪਰ ਅੰਗਰੇਜ਼ਾਂ ਨੇ ਇਸ ਮਸਲੇ ਵੱਲ ਕੋਈ ਧਿਆਨ ਨ ਦਿੱਤਾ। ਨਾਮਧਾਰੀਏ ਗਊ ਹੱਤਿਆ ਦੇ ਮਾਮਲੇ ਵਿਚ ਕੁਝ ਵਧੇਰੇ ਹੀ ਭਾਵਕ ਅਤੇ ਸੰਜੀਦਾ ਸਨ। ਗੁਰੂ ਕੀ ਨਗਰੀ (ਅੰਮ੍ਰਿਤਸਰ) ਵਿਚ ਗਊ ਹੱਤਿਆ ਵਾਲੀ ਖੁਲ੍ਹ ਉਨ੍ਹਾਂ ਨੂੰ ਬਹੁਤ ਰੜ੍ਹਕਦੀ ਸੀ। ਉਨ੍ਹਾਂ ਨੇ ਬਾਬਾ ਰਾਮ ਸਿੰਘ ਜੀ ਦੀ ਪ੍ਰਵਾਨਗੀ ਲਏ ਬਿਨਾ ਹੀ 14-15 ਜੂਨ 1871 ਦੀ ਰਾਤ ਨੂੰ ਦਰਬਾਰ ਸਾਹਿਬ ਦੇ ਲਾਗੇ ਖੁਲ੍ਹੇ ਬੁੱਚੜਖਾਨੇ ਉਤੇ ਹਮਲਾ ਬੋਲ ਦਿੱਤਾ। ਇਸ ਹਮਲੇ ਵਿਚ ਗਊਆਂ ਤਾਂ ਬਚਾ ਲਈਆਂ ਗਈਆਂ ਪਰ ਚਾਰ ਮੁਸਲਮਾਨ ਬੁੱਚੜ ਥਾਂ ਤੇ ਹੀ ਮਾਰੇ ਗਏ ਤੇ ਕੁਝ ਜ਼ਖ਼ਮੀ ਹੋ ਗਏ। ਮਾਰਨ ਵਾਲੇ ਕੂਕੇ ਤਾਂ ਫ਼ਰਾਰ ਹੋ ਗਏ, ਪਰ ਪੁਲਿਸ ਨੇ 12 ਨਿਰਦੋਸ਼ ਕੂਕਿਆਂ ਨੂੰ ਪਕੜ ਕੇ ਉਨ੍ਹਾਂ ਦੀ ਮਾਰ ਕੁਟਾਈ ਕਰਨੀ ਸ਼ੁਰੂ ਕਰ ਦਿਤੀ ਤਾਕਿ ਉਨ੍ਹਾਂ ਨੂੰ ਹਮਲਾਵਾਰ ਸਿੱਧ ਕਰਕੇ ਦੋਸ਼ੀ ਕਰਾਰ ਦਿੱਤਾ ਜਾ ਸਕੇ।

ਇਹ ਘਟਨਾ ਸਰਕਾਰ ਲਈ ਬੜੀ ਵਡੀ ਵੰਗਾਰ ਤੇ ਉਨ੍ਹਾਂ ਦੀ ਪ੍ਰਭੁਤਵ ਲਈ ਚੁਣੌਤੀ ਸੀ। ਇਹ ਸਰਕਾਰੀ ਪ੍ਰਸ਼ਾਸਨ ਵਿਰੁੱਧ ਖੁਲ੍ਹੀ ਬਗ਼ਾਵਤ ਸੀ ਜਿਸ ਨੂੰ ਉਹ ਸਾਧਾਰਨ ਘਟਨਾ ਕਹਿ ਕੇ ਨਜ਼ਰ ਅੰਦਾਜ਼ ਨਹੀਂ ਸਨ ਕਰਨਾ ਚਾਹੁੰਦੇ। ਬਾਬਾ ਰਾਮ ਸਿੰਘ ਜੀ ਨੂੰ ਜਦ ਦੋ ਕੂਕਿਆਂ - ਭਾਈ ਲਹਿਣਾ ਸਿੰਘ ਅਤੇ ਭਾਈ ਬੀਹਲਾ ਸਿੰਘ ਨੇ ਦਸਿਆ ਕਿ ਅੰਮ੍ਰਿਤਸਰ ਦੇ ਬੁੱਚੜਖਾਨੇ ਤੇ ਹਮਲਾ ਉਨ੍ਹਾਂ ਨੇ ਕੀਤਾ ਸੀ ਅਤੇ ਉਨ੍ਹਾਂ ਦੇ ਨਾਲ 8 ਕੂਕੇ ਹੋਰ ਵੀ ਸਨ ਤਾਂ ਬਾਬਾ ਰਾਮ ਸਿੰਘ ਨੇ ਉਨ੍ਹਾਂ ਨੂੰ ਹੁਕਮ ਦਿੱਤਾ ਕਿ ਉਨ੍ਹਾਂ ਨੂੰ ਪੁਲਿਸ ਦੇ ਸਾਮ੍ਹਣੇ ਜਾਕੇ ਆਤਮ ਸਮਰਪਣ ਕਰ ਦੇਣਾ ਚਾਹੀਦਾ ਹੈ ਤਾਕਿ ਨਿਰਦੋਸ਼ ਕੂਕਿਆਂ ਨੂੰ ਸਰਕਾਰ ਦੀਆਂ ਸਖ਼ਤੀਆਂ ਤੋਂ ਬਚਾਇਆ ਜਾ ਸਕੇ। ਤਿਆਗ ਅਤੇ ਕੁਰਬਾਨੀ ਦੇ ਜਜ਼ਬੇ ਨਾਲ ਭਰਪੂਰ ਇਨ੍ਹਾਂ ਕੂਕਿਆਂ ਨੇ ਉਹੀ ਕੀਤਾ ਜੋ ਬਾਬਾ ਰਾਮ ਸਿੰਘ ਜੀ ਦਾ ਹੁਕਮ ਸੀ। ਸਹੀ ਦੋਸ਼ੀ ਪਕੜੇ ਜਾਣ ਤੇ ਸਰਕਾਰ ਨੇ ਚਾਰ ਨੂੰ ਫਾਂਸੀ ਦੀ ਸਜ਼ਾ ਸੁਣਾਈ, ਤਿੰਨ ਨੂੰ ਕਾਲੇ ਪਾਣੀ ਦੀ ਅਤੇ ਤਿੰਨ ਭਗੌੜੇ ਕਰਾਰ ਦਿੱਤੇ ਗਏ। ਫਾਂਸੀ ਲਗਣ ਵਾਲਿਆਂ ਵਿਚ ਭਾਈ ਲਹਿਣਾ ਸਿੰਘ, ਭਾਈ ਬੀਹਲਾ ਸਿੰਘ ਤੋਂ ਛੁੱਟ ਭਾਈ ਫ਼ਤਹਿ ਸਿੰਘ ਅਤੇ ਭਾਈ ਹਾਕਮ ਸਿੰਘ ਪਟਵਾਰੀ ਸ਼ਾਮਲ ਸਨ। ਇਨ੍ਹਾਂ ਨੂੰ ਰਾਮ ਬਾਗ (ਅੰਮ੍ਰਿਤਸਰ) ਦੇ ਨੇੜੇ ਇਕ ਬੋਹੜ ਨਾਲ ਰੱਸੇ ਬਨ੍ਹ ਕੇ 15 ਸਤੰਬਰ 1871 ਨੂੰ ਫਾਂਸੀ ਤੇ ਲਟਕਾ ਦਿੱਤਾ ਗਿਆ। ਇਨ੍ਹਾਂ ਸ਼ਹਾਦਤਾਂ ਨੇ ਕੂਕਾ ਲਹਿਰ ਵਿਚ ਇਕ ਨਵਾਂ ਜੋਸ਼ ਤੇ ਨਵਾਂ ਉਤਸ਼ਾਹ ਪੈਦਾ ਕਰ ਦਿੱਤਾ। ਉਹ ਇਹੋ ਜਹੀਆਂ ਪੰਕਤੀਆਂ ਅਕਸਰ ਪੜ੍ਹਿਆ ਤੇ ਗਾਇਆ ਕਰਦੇ ਸਨ, 'ਭੱਜੇ ਜਾਂਦੇ ਨੇ ਫਿਰੰਗੀ ਵੱਜਣ ਘੁੰਗਰੂ'। ਇਹ ਸਤਰਾਂ ਉਨ੍ਹਾਂ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਹਨ।

ਅੰਮ੍ਰਿਤਸਰ ਦੀ ਘਟਨਾ ਤੋਂ ਬਾਦ ਕੂਕਿਆਂ ਨੇ ਰਾਏ ਕੋਟ ਦੇ ਬੁੱਚੜਾਂ ਤੇ ਹਮਲਾ ਬੋਲ ਦਿੱਤਾ। ਇਸ ਹਮਲੇ ਵਿਚ ਇਕ ਮਰਦ ਦਸੌਂਧੀ ਤੇ ਇਕ ਤਰੀਮਤ ਬੱਸੀ ਮਾਰੇ ਗਏ ਤੇ 7 ਲੋਕ ਜ਼ਖ਼ਮੀ ਹੋਏ। ਰਾਏ ਕੋਟ ਦੇ ਕਤਲ ਕੇਸ ਵਿਚ ਭਾਈ ਗੁਰਮੁਖ ਸਿੰਘ, ਭਾਈ ਮਸਤਾਨ ਸਿੰਘ ਅਤੇ ਭਾਈ ਮੰਗਲ ਸਿੰਘ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਜਦ ਕਿ ਚੌਥੇ ਦੋਸ਼ੀ ਗੁਲਾਬ ਸਿੰਘ ਨੂੰ ਸਰਕਾਰੀ ਗਵਾਹ ਬਣਾ ਕੇ ਮਾਫ਼ ਕਰ ਦਿੱਤਾ ਗਿਆ। ਤਿੰਨ ਕੂਕੇ ਜਿਨ੍ਹਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ ਉਨ੍ਹਾਂ ਨੂੰ ਰਾਏ ਕੋਟ ਦੇ ਬੁੱਚੜਖਾਨੇ ਦੇ ਕੋਲ ਹੀ 5 ਅਗਸਤ 1871 ਨੂੰ ਫਾਂਸੀ ਦੇ ਦਿੱਤੀ ਗਈ। ਬੁੱਚੜਾਂ ਉਪਰ ਹੋ ਰਹੇ ਹਮਲਿਆਂ ਕਾਰਨ ਸਰਕਾਰ ਚੌਕਸ ਹੋ ਗਈ।

Digitized by Panjab Digital Library | www.panjabdigilib.org

ਇਸ ਲਈ ਇਕ ਵਾਰ ਫਿਰ ਉਨ੍ਹਾਂ ਨੇ ਭੈਣੀ ਸਾਹਿਬ ਵਿਖੇ ਹੋਣ ਵਾਲੀਆਂ ਇਕਤ੍ਰਤਾਵਾਂ ਅਤੇ ਨਾਮਧਾਰੀ ਸਮਾਗਮਾਂ ਤੇ ਪਾਬੰਦੀ ਲਗਾ ਦਿੱਤੀ।

ਗਊ ਹੱਤਿਆ ਦੇ ਰੋਸ ਵਿਚ ਕੂਕਿਆਂ ਵਲੋਂ ਕੀਤੀ ਗਈ ਆਖ਼ਰੀ ਕਾਰਵਾਈ ਮਲੇਰ ਕੋਟਲੇ ਤੇ ਕੀਤਾ ਗਿਆ ਹਮਲਾ ਸੀ। ਬਾਬਾ ਰਾਮ ਸਿੰਘ ਅਜੇਹੀ ਕਿਸੇ ਵੀ ਕਾਰਵਾਈ ਦੇ ਹੱਕ ਵਿਚ ਨਹੀਂ ਸਨ ਅਤੇ ਨਾ ਹੀ ਹਥਿਆਰ ਚੁੱਕਣ ਦਾ ਅਜੇ ਕੋਈ ਮੌਕਾ ਆਇਆ ਸੀ। ਉਹ ਅਜੇ ਵੀ ਧਾਰਮਿਕ ਅਤੇ ਸਮਾਜ ਸੁਧਾਰ ਦੇ ਕੰਮਾਂ ਨੂੰ ਪਹਿਲ ਦੇ ਕੇ ਆਪਣੇ ਪ੍ਰੋਗਰਾਮਾਂ ਨੂੰ ਨਿਰੰਤਰ ਅਗੇ ਤੋਰੀ ਚਲੇ ਜਾ ਰਹੇ ਸਨ। 1872 ਵਿਚ ਮਾਘੀ ਦੇ ਮੇਲੇ ਤੇ ਪਿੰਡ ਫਰਵਾਹੀ ਦਾ ਨੰਬਰਦਾਰ ਗੁਰਮੁਖ ਸਿੰਘ ਭੈਣੀ ਸਾਹਿਬ ਪਹੁੰਚਿਆ ਤੇ ਉਸਨੇ ਮਲੇਰ ਕੋਟਲਾ ਵਿਖੇ ਗਊਆਂ ਤੇ ਹੋ ਰਹੇ ਜ਼ੁਲਮ ਅਤੇ ਆਪਣੇ ਅਪਮਾਨ ਦੀ ਗੱਲ ਸੰਗਤਾਂ ਨੂੰ ਦਸੀ। ਉਸ ਦੀ ਵਾਰਤਾ ਸੁਣ ਕੇ ਬਹੁਤ ਸਾਰੇ ਕੂਕੇ ਰੋਹ ਵਿਚ ਆ ਗਏ ਤੇ ਉਨ੍ਹਾਂ ਨੇ ਮਲੇਰ ਕੋਟਲੇ ਦੇ ਕੋਤਵਾਲ ਨੂੰ ਸਜ਼ਾ ਦੇਣ ਦਾ ਫ਼ੈਸਲਾ ਕਰ ਲਿਆ। 140 ਸਿੰਘਾਂ ਦਾ ਸ਼ਹੀਦੀ ਜਥਾ ਸ੍ਰ: ਹੀਰਾ ਸਿੰਘ ਅਤੇ ਸ੍ਰ: ਲਹਿਣਾ ਸਿੰਘ ਦੀ ਅਗਵਾਈ ਥਲੇ ਮਲੇਰ ਕੋਟਲਾ ਲਈ ਚਲ ਪਿਆ। ਇਨ੍ਹਾਂ ਵਿਚ ਦੋ ਬੀਬੀਆਂ ਵੀ ਸਨ। ਉਹ ਰਸਤੇ ਵਿਚ ਪਿੰਡ ਮਲੌਦ ਦੇ ਸ੍ਰ: ਬਦਨ ਸਿੰਘ ਕੋਲੋਂ ਕੁਝ ਹਥਿਆਰ ਅਤੇ ਘੋੜੇ ਘੋੜੀਆਂ ਖੋਹ ਕੇ 15 ਜਨਵਰੀ 1872 ਨੂੰ ਮਲੇਰ ਕੋਟਲੇ ਤੇ ਜਾ ਪਏ।

ਸ਼ਹੀਦੀ ਜਥੇ ਨੂੰ ਆਮ ਨਾਗਰਿਕਾਂ ਦੇ ਖ਼ਿਲਾਫ਼ ਕੋਈ ਰੋਸ ਨਹੀਂ ਸੀ ਸਗੋਂ ਉਸ ਕੋਤਵਾਲ ਤੇ ਗੁੱਸਾ ਸੀ ਜਿਸ ਨੇ ਗੁਰਮੁਖ ਸਿੰਘ ਨੰਬਰਦਾਰ ਦੇ ਸਾਮ੍ਹਣੇ ਬਲਦ ਮਰਵਾ ਕੇ ਨੰਬਰਦਾਰ ਦਾ ਅਪਮਾਨ ਕੀਤਾ ਸੀ। ਮਲੇਰ ਕੋਟਲਾ ਪਹੁੰਚ ਕੇ ਜਥਾ ਕੋਤਵਾਲੀ ਵਲ ਵਧਿਆ। ਉੱਥੇ ਨਾਲ ਹੀ ਸ਼ਾਹੀ ਖ਼ਜ਼ਾਨਾ ਵੀ ਸੀ। ਕੋਤਵਾਲੀ ਚੌਕ ਦੇ ਨੇੜੇ ਸਥਾਨਿਕ ਪੁਲਿਸ ਨਾਲ ਹੋਏ ਮੁਕਾਬਲੇ ਵਿਚ ਕੋਤਵਾਲ ਅਹਿਮਦ ਖਾਂ ਤੋਂ ਛੁੱਟ ਪੁਲਿਸ ਦੇ ਸੱਤ ਸਿਪਾਹੀ ਤੇ ਕੁਝ ਹੋਰ ਲੋਕ ਵੀ ਮਾਰੇ ਗਏ। ਜਦ ਕਿ ਨਾਮਧਾਰੀਆਂ ਵਲੋਂ ਸੱਤ ਸਿੰਘ ਸ਼ਹੀਦ ਹੋਏ ਤੇ 33 ਨੂੰ ਗੰਭੀਰ ਜਾਂ ਥੋੜ੍ਹੀਆਂ ਸਟਾਂ ਲਗੀਆਂ। ਸ਼ਹੀਦੀ ਜਥੇ ਦਾ ਮੰਤਵ ਨਗਰ ਜਾਂ ਖ਼ਜ਼ਾਨੇ ਉਪਰ ਕਬਜ਼ਾ ਕਰਨਾ ਨਹੀਂ ਸੀ। ਇਸੇ ਲਈ ਉਹ ਕੋਤਵਾਲ ਨੂੰ ਸਜ਼ਾ ਦੇਕੇ ਪਿੰਡ ਰੜ ਵਲ ਨੂੰ ਹੋ ਤੁਰੇ। ਰਾਤ ਉਨ੍ਹਾਂ ਨੇ ਇਸੇ ਪਿੰਡ ਵਿਚ ਹੀ ਗੁਜ਼ਾਰੀ। 16 ਜਨਵਰੀ 1872 ਦੀ ਸਵੇਰ ਨੂੰ 68 ਕੂਕਿਆਂ ਨੇ ਸ਼ੇਰਪੁਰ ਥਾਣੇ ਪਹੁੰਚ ਕੇ ਪੁਲਿਸ ਦੇ ਅਗੇ ਆਤਮ ਸਮਰਪਣ ਕਰ ਦਿੱਤਾ। ਗ੍ਰਿਫ਼ਤਾਰੀ ਤੋਂ ਪਹਿਲਾਂ ਸ੍ਰ: ਹੀਰਾ ਸਿੰਘ ਨੇ ਸਾਥੀ ਕੂਕਿਆਂ ਅਤੇ ਪੁਲਿਸ ਨੂੰ ਸੰਬੋਧਨ ਕਰਦਿਆਂ ਸਪਸ਼ਟ ਸ਼ਬਦਾਂ ਵਿਚ ਇਹ ਕਿਹਾ ਸੀ ਕਿ 'ਅਸੀਂ ਜੋ ਚਾਹੁੰਦੇ ਸਾਂ, ਉਹ ਕਰ ਦਿੱਤਾ ਹੈ। ਅਸੀਂ ਆਪਣੀਆਂ ਭਾਵਨਾਵਾਂ ਅੰਗਰੇਜ਼ ਸਰਕਾਰ ਤਕ ਪਹੁੰਚਾ ਦਿਤੀਆਂ ਹਨ ਕਿ ਹੁਣ ਦੇਸ਼ ਵਾਸੀ ਜਾਗ ਚੁਕੇ ਹਨ ਤੇ ਉਹ ਕਿਸੇ ਵੀ ਤਰ੍ਹਾਂ ਬਦੇਸ਼ੀ ਹਕੂਮਤ ਨੂੰ ਪ੍ਰਵਾਨ ਨਹੀਂ ਕਰਨਗੇ ਅਤੇ ਨਾ ਹੀ ਅੰਗਰੇਜ਼ਾਂ ਨੂੰ ਇਹ ਇਜਾਜ਼ਤ ਦੇਣਗੇ ਕਿ ਉਹ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਅਤੇ ਸ੍ਵੈਮਾਨ ਨੂੰ ਠੇਸ ਪਹੁੰਚਾ ਸਕਣ।' 'We have achieved our target. We have conveyed our feelings to the British Government that now the Indians have woken up, they would neither tolerate foreign rule nor hurt to their religious sentiments and self respect'.

Digitized by Panjab Digital Library | www.panjabdigilib.org

17 ਜਨਵਰੀ 1872 ਨੂੰ ਲੁਧਿਆਣੇ ਦੇ ਡਿਪਟੀ ਕਮਿਸ਼ਨਰ ਮਿਸਟਰ ਕਾਵਨ ਦੇ ਹੁਕਮ ਨਾਲ ਇਨ੍ਹਾਂ 68 ਕੂਕਿਆਂ ਨੂੰ ਸ਼ੇਰਪੁਰ ਥਾਣੇ ਤੋਂ ਨਾਜ਼ਿਮ ਨਿਆਜ਼ ਅਲੀ ਦੀ ਅਗਵਾਈ ਥਲੇ ਪੁਲਿਸ ਹਿਰਾਸਤ ਵਿਚ ਮਲੇਰ ਕੋਟਲੇ ਲਿਆਂਦਾ ਗਿਆ। ਮਿਸਟਰ ਕਾਵਨ ਇਨ੍ਹਾਂ ਕੂਕਿਆਂ ਨੂੰ ਸਖ਼ਤ ਸਜ਼ਾਵਾਂ ਦੇ ਕੇ ਦੇਸ਼ ਵਿਚ 'ਅੰਗਰੇਜ਼ੀ ਰਾਜ ਦੀਆਂ ਜੜ੍ਹਾਂ'ਮਜ਼ਬੂਤ ਕਰਨਾ ਚਾਹੁੰਦਾ ਸੀ (ਜਿਵੇਂ ਕਿ 47 ਸਾਲ ਮਗਰੋਂ ਜਲ੍ਹਿਆਂ ਵਾਲੇ ਬਾਗ ਵਿਚ ਨਿਰਦੋਸ਼ ਭਾਰਤੀਆਂ ਤੇ ਅੰਧਾ ਧੁੰਦ ਗੋਲੀਆਂ ਚਲਾ ਕੇ ਜਨਰਲ ਡਾਇਰ ਨੇ ਦਾਹਵਾ ਕੀਤਾ ਸੀ।)। ਮਿਸਟਰ ਕਾਵਨ ਨੇ ਵੀ ਕਾਨੂੰਨ ਦੀ ਹਰ ਮਰਯਾਦਾ ਨੂੰ ਛਿੱਕੇ ਤੇ ਟੰਗ ਕੇ 66 ਕੂਕਿਆਂ ਨੂੰ ਤੋਪਾਂ ਨਾਲ ਉਡਾ ਦੇਣ ਦਾ ਹੁਕਮ ਦੇ ਦਿੱਤਾ ਜਦ ਕਿ ਗ੍ਰਿਫ਼ਤਾਰ ਕੀਤੀਆਂ ਗਈਆਂ 2 ਬੀਬੀਆਂ ਨੂੰ ਪਟਿਆਲਾ ਜੇਲ੍ਹ ਵਿਚ ਭੇਜ ਦਿੱਤਾ ਗਿਆ। ਇਸ ਕੰਮ ਨੂੰ ਅੰਜਾਮ ਦੇਣ ਲਈ ਮਿਸਟਰ ਕਾਵਨ ਨੇ ਨਾਭਾ, ਜੀਂਦ ਅਤੇ ਪਟਿਆਲਾ ਰਿਆਸਤ ਦੇ ਮਹਾਰਾਜਿਆਂ ਕੋਲੋਂ 9 ਤੋਪਾਂ ਅਤੇ 750 ਸਿਪਾਹੀ ਮਲੇਰ ਕੋਟਲਾ ਵਿਖੇ ਮੰਗਵਾ ਲਏ ਸਨ।

ਗ੍ਰਿਫ਼ਤਾਰ ਕੀਤੇ ਗਏ ਕੂਕਿਆਂ ਨੂੰ ਜਮਾਲਪੁਰ ਕੋਲ ਰਕੱੜ ਵਿਚ ਲਿਆਂਦਾ ਗਿਆ। ਪਹਿਲੇ ਦਿਨ 49 ਕੂਕਿਆਂ ਨੂੰ ਤੋਪਾਂ ਅਗੇ ਬੰਨ੍ਹ ਕੇ ਉਡਾਇਆ ਗਿਆ। ਇਕ ਨੌਜਵਾਨ ਸਿੰਘ ਭਾਈ ਬਿਸ਼ਨ ਸਿੰਘ ਨੂੰ ਮਿਸਟਰ ਕਾਵਨ ਦੀ ਦਾਹੜੀ ਨੂੰ ਹੱਥ ਪਾਉਣ ਦੇ ਜੁਰਮ ਵਿਚ ਤਲਵਾਰ ਨਾਲ ਟੋਟੇ-ਟੋਟੇ ਕਰ ਦਿੱਤਾ ਗਿਆ। ਬਾਕੀ ਬਚੇ 16 ਕੂਕਿਆਂ ਨੂੰ 18 ਜਨਵਰੀ 1872 ਨੂੰ ਸ਼ਹੀਦ ਕੀਤਾ ਗਿਆ। ਇਨ੍ਹਾਂ ਵਿਚ ਛੋਟੇ ਕਦ ਦਾ ਇਕ ਵਰਿਆਮ ਸਿੰਘ ਵੀ ਸੀ ਜਿਸਨੇ ਤੋਪ ਦੇ ਸਾਮ੍ਹਣੇ ਖਲੋਣ ਲਈ ਆਪਣੇ ਪੈਰਾਂ ਹੇਠ ਮਿੱਟੀ ਦੇ ਡਲੇ ਰਖ ਲਏ ਸਨ ਤਾਕਿ ਤੋਪ ਦਾ ਸਿੱਧਾ ਨਿਸ਼ਾਨਾ ਉਸਦੀ ਛਾਤੀ ਵਿਚ ਲਗ ਸਕੇ। ਬੇਸ਼ਕ ਇਨ੍ਹਾਂ ਸ਼ਹੀਦਾਂ ਨੇ ਪੰਜਾਬ ਦੀ ਵੀਰ ਪਰੰਪਰਾ ਵਿਚ ਇਕ ਸੁਨਹਿਰੀ ਪੰਨਾਂ ਤਾਂ ਜੋੜ ਦਿੱਤਾ ਪਰ ਇਨ੍ਹਾਂ ਕਾਰਵਾਈਆਂ ਕਰਕੇ ਜਿਥੇ ਬਾਬਾ ਰਾਮ ਸਿੰਘ ਦੁਆਰਾ ਸੰਚਾਲਿਤ ਦੇਸ਼-ਆਜ਼ਾਦੀ ਦੇ ਪ੍ਰੋਗਰਾਮ ਨੂੰ ਬੜੀ ਜ਼ਬਰਦਸਤ ਢਾਹ ਲਗੀ ਉਥੇ ਇਹ ਲਹਿਰ ਅੰਗਰੇਜ਼ੀ ਹਕੂਮਤ ਦੀ ਕਰੋਪੀ ਦਾ ਸ਼ਿਕਾਰ ਬਣ ਕੇ ਹੌਲੀ ਹੌਲੀ ਮੱਠੀ ਪੈ ਗਈ।

ਬੇਸ਼ਕ ਇਨ੍ਹਾਂ ਘਟਨਾਵਾਂ ਵਿਚ ਬਾਬਾ ਰਾਮ ਸਿੰਘ ਵਲੋਂ ਕੂਕਿਆਂ ਨੂੰ ਉਕਸਾਨ ਅਤੇ ਉਨ੍ਹਾਂ ਵਲੋਂ ਬੁੱਚੜਾਂ ਤੇ ਹਮਲਾ ਕਰਨ ਦੀਆਂ ਕਾਰਵਾਈਆਂ ਵਿਚ ਕੋਈ ਹੱਥ ਨਹੀਂ ਸੀ ਪਰ ਤਾਂ ਵੀ ਨਾਮਧਾਰੀ ਸੰਪਰਦਾ ਦੇ ਮੁਖੀ ਹੋਣ ਕਾਰਨ ਸਰਕਾਰ ਉਨ੍ਹਾਂ ਦੇ ਪਿੱਛੇ ਪੈ ਗਈ। ਪਹਿਲਾਂ ਉਨ੍ਹਾਂ ਨੂੰ ਮਲੋਦ ਬੁਲਾਇਆ ਗਿਆ ਅਤੇ ਫਿਰ ਡਿਪਟੀ ਕਮਿਸ਼ਨਰ ਦੇ ਸਾਮ੍ਹਣੇ ਲੁਧਿਆਣੇ ਪੇਸ਼ ਹੋਣ ਲਈ ਕਿਹਾ ਗਿਆ। ਜਦੋਂ ਆਪ ਪਿੰਡ ਭੈਣੀ ਤੋਂ ਚਲੇ ਤਾਂ ਆਪ ਜੀ ਨਾਲ ਸੂਬਾ ਸਾਹਿਬ ਸਿੰਘ, ਸੂਬਾ ਜਵਾਹਰ ਸਿੰਘ ਅਤੇ ਆਪ ਜੀ ਦਾ ਨਿੱਜੀ ਸੇਵਕ ਭਾਈ ਨਾਨੂੰ ਸਿੰਘ ਆਪ ਜੀ ਦੇ ਨਾਲ ਸਨ। ਪਿੰਡ ਭੈਣੀ ਦੇ ਕੇਂਦਰ ਅਤੇ ਇਸ ਜਥੇਬੰਦੀ ਦੇ ਕੰਮ ਨੂੰ ਜਾਰੀ ਰਖਣ ਲਈ ਬਾਬਾ ਰਾਮ ਸਿੰਘ ਨੇ ਆਪਣੇ ਛੋਟੇ ਭਰਾ ਬੁੱਧ ਸਿੰਘ (ਜੋ ਸ੍ਰ: ਹਰੀ ਸਿੰਘ ਦੇ ਨਾਮ ਨਾਲ ਪ੍ਰਸਿੱਧ ਹੋਇਆ) ਨੂੰ ਪਿੱਛੇ ਰਹਿਣ ਦੀ ਹਦਾਇਤ ਕੀਤੀ।

ਲੁਧਿਆਣਾ ਪਹੁੰਚਣ ਤੇ ਅੰਬਾਲਾ ਡਵੀਜ਼ਨ ਦੇ ਕਮਿਸ਼ਨਰ ਮਿਸਟਰ ਫੋਰਸਾਈਥ ਨੇ ਆਪ ਜੀ ਤੋਂ ਕਈ ਸੁਆਲ ਪੁੱਛੇ ਜਿਨ੍ਹਾਂ ਦਾ ਜੁਆਬ ਬਾਬਾ ਰਾਮ ਸਿੰਘ ਜੀ ਨਿਡਰ ਹੋਕੇ ਦਿੰਦੇ ਰਹੇ। ਇਹ ਜਾਣਦੇ ਹੋਏ ਵੀ ਕਿ ਅੰਮ੍ਰਿਤਸਰ, ਰਾਇਕੋਟ ਅਤੇ ਮਲੇਰ ਕੋਟਲਾ ਦੀਆਂ ਘਟਨਾਵਾਂ ਨਾਲ ਬਾਬਾ ਰਾਮ ਸਿੰਘ ਦਾ ਕੋਈ ਸਬੰਧ ਨਹੀਂ ਸੀ ਤਾਂ ਵੀ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ

Digitized by Panjab Digital Library | www.panjabdigilib.org

ਦੇਸ਼ ਨਿਕਾਲਾ ਦੇਣ ਦਾ ਫ਼ੈਸਲਾ ਕਰ ਲਿਆ। ਅਧਿਕਾਰੀਆਂ ਨੂੰ ਇਹ ਡਰ ਸੀ ਕਿ ਬਾਬਾ ਜੀ ਦੇ ਪੰਜਾਬ ਵਿਚ ਟਿਕੇ ਰਹਿਣ ਕਾਰਨ ਉਨ੍ਹਾਂ ਦੇ ਅਨੁਯਾਈਆਂ ਵਲੋਂ ਅੰਗਰੇਜ਼ ਸਰਕਾਰ ਨੂੰ ਕਦੇ ਵੀ ਖ਼ਤਰਾ ਹੋ ਸਕਦਾ ਹੈ। ਪਹਿਲਾਂ ਉਨ੍ਹਾਂ ਨੂੰ ਇਕ ਵਿਸ਼ੇਸ਼ ਗੱਡੀ ਰਾਹੀਂ ਅਲਾਹਬਾਦ ਭੇਜਿਆ ਗਿਆ ਤੇ ਕੁਝ ਸਮੇਂ ਬਾਦ ਉਨ੍ਹਾਂ ਨੂੰ ਉਥੋਂ ਰੰਗੂਨ ਭੇਜ ਦਿੱਤਾ ਗਿਆ। ਇਹ ਕਾਰਵਾਈ ਉਨ੍ਹਾਂ ਨੇ ਬੰਗਾਲ ਦੇ 1818 ਦੇ ਐਕਟ ਦੇ ਅਧੀਨ ਕੀਤੀ ਸੀ।

ਬਾਬਾ ਰਾਮ ਸਿੰਘ ਜੀ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਦ ਮਿਸਟਰ ਫ਼ੋਰਸਾਈਥ ਨੇ ਕਰਨਲ ਬੇਲੀ ਨੂੰ ਕੁਝ ਫ਼ੌਜ ਤੇ ਪੁਲਿਸ ਦੇ ਸਿਪਾਹੀ ਦੇ ਕੇ ਭੈਣੀ ਸਾਹਿਬ ਭੇਜਿਆ ਤਾਕਿ ਉਨ੍ਹਾਂ ਦੇ ਡੇਰੇ ਦੀ ਤਲਾਸ਼ੀ ਲਈ ਜਾ ਸਕੇ। ਨਾਮਧਾਰੀ ਕੇਂਦਰਾਂ ਤੋਂ ਕਈ ਮੁਖੀ ਸੂਬਿਆਂ ਨੂੰ ਗ੍ਰਿਫ਼ਤਾਰ ਕਰਕੇ ਬਾਬਾ ਜੀ ਨਾਲ ਹੀ ਦੂਰ ਦੁਰਾਡੀਆਂ ਜੇਲ੍ਹਾਂ ਵਿਚ ਜਲਾਵਤਨ ਕਰ ਦਿੱਤਾ ਗਿਆ। 18-19 ਜਨਵਰੀ 1872 ਨੂੰ ਬਾਬਾ ਜੀ ਦੇ ਡੇਰੇ ਦੀ ਤਲਾਸ਼ੀ ਹੁੰਦੀ ਰਹੀ ਪਰ ਅੰਗਰੇਜ਼ ਅਧਿਕਾਰੀਆਂ ਨੂੰ ਉੱਥੋਂ ਕੋਈ ਖ਼ਾਸ ਇਤਰਾਜ਼ ਯੋਗ ਸਾਮਗਰੀ ਨਾ ਮਿਲੀ ਜਿਸ ਦੀ ਕਿ ਉਨ੍ਹਾਂ ਨੂੰ ਆਸ ਸੀ। ਡੇਰੇ ਵਿਚ ਠਹਿਰੇ ਹੋਏ 150 ਇਸਤ੍ਰੀ ਪੁਰਸ਼ ਜੋ ਲੰਗਰ ਅਤੇ ਆਈਆਂ ਗਈਆਂ ਸੰਗਤਾਂ ਦੀ ਸੇਵਾ ਕਰਨ ਲਈ ਪੱਕੇ ਤੌਰ ਤੇ ਉੱਥੇ ਹੀ ਟਿਕੇ ਹੋਏ ਸਨ, ਉਨ੍ਹਾਂ ਨੂੰ ਭੈਣੀ ਸਾਹਿਬ ਨੂੰ ਛੱਡ ਕੇ ਆਪੋ ਆਪਣੇ ਘਰੀਂ ਚਲੇ ਜਾਣ ਦਾ ਆਦੇਸ਼ ਦੇ ਦਿੱਤਾ ਗਿਆ। ਭੈਣੀ ਸਾਹਿਬ ਵਿਖੇ ਪੱਕੇ ਤੌਰ ਤੇ ਇਕ ਪੁਲਿਸ ਚੌਕੀ ਬਿਠਾ ਦਿੱਤੀ ਗਈ ਜੋ ਕਰੀਬ 50 ਸਾਲ ਤਕ ਉੱਥੇ ਹੀ ਕਾਇਮ ਰਹੀ। ਇਸਦੇ ਨਾਲ ਹੀ ਪੰਜਾਬ ਸਰਕਾਰ ਨੇ ਨਾਮਧਾਰੀ ਲਹਿਰ ਨੂੰ ਕੁਚਲਣ ਲਈ ਕਈ ਆਦੇਸ਼ ਜਾਰੀ ਕੀਤੇ ਜਿਨ੍ਹਾਂ ਵਿਚੋਂ ਕੁਝ ਪ੍ਰਮੁੱਖ ਆਦੇਸ਼ ਇਸ ਪ੍ਰਕਾਰ ਸਨ :

1. ਭੈਣੀ ਸਾਹਿਬ ਵਿਖੇ ਪੱਕੇ ਤੌਰ ਤੇ ਪੁਲਿਸ ਚੌਕੀ ਬਿਠਾ ਦਿੱਤੀ ਜਾਵੇ ਤਾਕਿ ਕੂਕਿਆਂ ਨੂੰ ਉੱਥੇ ਇਕੱਤ੍ਰ ਹੋਣ ਦਾ ਮੌਕਾ ਨਾ ਮਿਲੇ।
2. ਸ਼ਕੀ ਵਿਅਕਤੀਆਂ (ਕੂਕਿਆਂ) ਤੇ ਕਰੜੀ ਨਿਗਰਾਣੀ ਰਖੀ ਜਾਵੇ।
3. ਉਨ੍ਹਾਂ ਦੇ ਗੁਪਤ ਟਿਕਾਣਿਆਂ ਦਾ ਪਤਾ ਲਗਾ ਕੇ ਉੱਥੇ ਗਸ਼ਤੀ ਪੁਲਿਸ ਰਾਹੀਂ ਛਾਪੇ ਮਾਰੇ ਜਾਣ ਅਤੇ ਦੋਸ਼ੀ ਪਾਏ ਗਏ ਕੂਕਿਆਂ ਨੂੰ ਸਖ਼ਤ ਸਜ਼ਾਵਾਂ ਦਿਤੀਆਂ ਜਾਣ।
4. ਜਦ ਤਕ ਕੂਕਿਆਂ ਦੀਆਂ ਖ਼ਤਰਨਾਕ ਕਾਰਵਾਈਆਂ ਬੰਦ ਨਹੀਂ ਹੋ ਜਾਂਦੀਆਂ ਉਸ ਸਮੇਂ ਤਕ ਲੁਧਿਆਣੇ ਫ਼ੌਜੀ ਦਸਤੇ ਰਖੇ ਜਾਣ ਜਿਨ੍ਹਾਂ ਨੂੰ ਲੋੜ ਪੈਣ ਤੇ ਤੁਰੰਤ ਵਰਤਿਆ ਜਾ ਸਕੇ।
5. ਨਾਜ਼ਮ ਮਲੇਰ ਕੋਟਲਾ ਅਤੇ ਸ਼ਹਿਰ ਦੀ ਰਾਖੀ ਲਈ 100 ਹਥਿਆਰ ਬੰਦ ਸੈਨਿਕ ਹਰ ਵੇਲੇ ਤਿਆਰ ਰਖੇ ਜਾਣ। ਹੋ ਸਕਦਾ ਹੈ ਕੂਕੇ ਬਦਲਾ ਲੈਣ ਦੀ ਭਾਵਨਾ ਨਾਲ ਕਿਸੇ ਵੇਲੇ ਮਲੇਰ ਕੋਟਲਾ ਤੇ ਹਮਲਾ ਬੋਲ ਦੇਣ।
6. ਹਰ ਇਕ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਅਤੇ ਪੁਲਿਸ ਦੇ ਮੁਖੀ ਨੂੰ ਇਹ ਆਦੇਸ਼ ਦਿੱਤਾ ਗਿਆ ਕਿ ਉਹ ਕੂਕਿਆਂ ਦੀਆਂ ਸਰਗਰਮੀਆਂ ਬਾਰੇ ਪੰਜਾਬ ਸਰਕਾਰ ਨੂੰ ਲਗਾਤਾਰ ਰਿਪੋਰਟ ਭੇਜਦੇ ਰਹਿਣ।

Digitized by Panjab Digital Library | www.panjabdigilib.org

ਉਪਰੋਕਤ ਹੁਕਮ ਜਾਰੀ ਕਰਨ ਮਗਰੋਂ ਇਸ ਦੀਆਂ ਨਕਲਾਂ ਸਬੰਧਤ ਅਧਿਕਾਰੀਆਂ ਨੂੰ ਭੇਜ ਦਿੱਤੀਆਂ ਗਈਆਂ। ਰਿਆਸਤ ਪਟਿਆਲਾ, ਨਾਭਾ, ਜੀਂਦ ਅਤੇ ਹੋਰ ਰਿਆਸਤਾਂ ਦੇ ਮੁਖੀਆਂ ਵਲੋਂ ਵੀ ਅਜੇਹੇ ਹੁਕਮ ਜਾਰੀ ਕੀਤੇ ਗਏ। ਸਰਕਾਰ ਵਲੋਂ ਚੁਕੇ ਗਏ ਇਨ੍ਹਾਂ, ਕਦਮਾਂ ਦਾ ਅਸਰ ਇਹ ਹੋਇਆ ਕਿ ਦੇਸ਼ ਦੀ ਆਜ਼ਾਦੀ ਲਈ ਜੂਝਦੀ ਇਹ ਲਹਿਰ ਜਵਾਨ ਹੋਣ ਤੋਂ ਪਹਿਲਾਂ ਹੀ ਦਬਾ ਦਿੱਤੀ ਗਈ।

ਬਾਬਾ ਰਾਮ ਸਿੰਘ ਜੀ 16 ਮਾਰਚ 1872 ਨੂੰ ਰੰਗੂਨ ਪਹੁੰਚੇ ਸਨ। ਦੇਸ਼ ਨਿਕਾਲਾ ਮਿਲਣ ਤੋਂ ਬਾਅਦ ਤਿੰਨ ਸਾਲ ਤਕ ਉਨ੍ਹਾਂ ਬਾਰੇ ਕੋਈ ਜਾਣਕਾਰੀ ਨਾ ਮਿਲ ਸਕੀ। ਪਰ ਫ਼ਿਰ ਪਤਾ ਲਗ ਜਾਣ ਤੇ ਉਨ੍ਹਾਂ ਦੇ ਸ਼ਰਧਾਲੂ ਰਸਤੇ ਦੀਆਂ ਔਕੜਾਂ ਝਾਗ ਕੇ ਵੀ ਉੱਥੇ ਪਹੁੰਚਣੇ ਸ਼ੁਰੂ ਹੋ ਗਏ। ਬਾਬਾ ਜੀ ਹੁਕਮਨਾਮੇ ਲਿਖ ਕੇ ਇਨ੍ਹਾਂ ਰਾਹੀਂ ਪੰਜਾਬ ਭੇਜਦੇ ਰਹੇ। ਇਨ੍ਹਾਂ ਹੁਕਮਨਾਮਿਆਂ ਦੀ ਇਬਾਰਤ ਤੋਂ ਪਤਾ ਚਲਦਾ ਹੈ ਕਿ ਆਪ ਦਾ ਬਹੁਤਾ ਸਮਾ ਭਜਨ ਬੰਦਗੀ ਵਿਚ ਬੀਤਦਾ ਸੀ ਤੇ ਆਪ ਸਦਾ ਚੜ੍ਹਦੀ ਕਲਾ ਵਿਚ ਹੀ ਵਿਚਰਦੇ ਰਹੇ। ਪੰਜਾਬ ਤੋਂ ਆਉਣ ਵਾਲੇ ਸ਼ਰਧਾਲੂਆਂ ਦੀ ਸੰਖਿਆ ਵੱਧ ਜਾਣ ਕਾਰਨ ਅੰਗਰੇਜ਼-ਹਕੂਮਤ ਨੇ ਸਤੰਬਰ 1880 ਵਿਚ ਆਪ ਜੀ ਨੂੰ ਮਰਗੋਈ ਜੇਲ੍ਹ ਵਿਚ ਭੇਜ ਦਿੱਤਾ। ਸਰਕਾਰੀ ਰਿਕਾਰਡ ਦਸਦੇ ਹਨ ਕਿ ਆਪ 70 ਸਾਲ ਦੀ ਆਯੂ ਬਿਤਾ ਕੇ ਕਰੀਬ 13 ਸਾਲ ਦੀ ਜਲਾਵਤਨੀ ਮਗਰੋਂ 29 ਨਵੰਬਰ ਸੰਨ 1885 ਨੂੰ ਅਕਾਲ ਚਲਾਣਾ ਕਰ ਗਏ।

ਡਾ: ਐਮ. ਐਮ. ਆਹਲੂਵਾਲੀਆ ਆਪਣੀ ਪੁਸਤਕ Kukas (The Freedom Fighters of the Punjab) ਵਿਚ ਬਾਬਾ ਰਾਮ ਸਿੰਘ ਜੀ ਬਾਰੇ ਲਿਖਦਾ ਹੈ ਕਿ A high credit and appreciation would always be due to him. His place as a freedom-fighter is very high. In the oven of sacrifice and suffering he forged new weapons of struggle for the cause of emancipation of the Motherland. His chief instrument against the Imperialists was Swadeshi and non-co-operation which his followers employed against the rulers right upto the year 1947. Here lies the greatness of his political standing. ਆਪਣੀ ਕਿਤਾਬ ਦੇ ਇਸੇ ਪੰਨੇ ਤੇ ਉਹ ਲਿਖਦਾ ਹੈ ਕਿ 'it can easily be concluded that he was a great soul. His nobility and purity of mind besides the courage of his convictions mark him out as a great figure in our history.

ਬਾਬਾ ਰਾਮ ਸਿੰਘ ਆਧੁਨਿਕ ਭਾਰਤ ਦੇ ਮਹਾਨ ਨਿਰਮਾਤਾ ਸਨ। ਉਹ ਬੜੇ ਦੂਰ ਅੰਦੇਸ਼, ਸਮਾਜ ਸੁਧਾਰਕ ਅਤੇ ਧਾਰਮਿਕ ਆਗੂ ਸਨ। ਉਨ੍ਹਾਂ ਦਾ ਅਸਲ ਨਿਸ਼ਾਨਾ ਦੇਸ਼ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਮੁਕਤ ਕਰਾਉਣ ਸੀ। ਆਪ ਰਾਜਸੀ ਆਜ਼ਾਦੀ ਹਾਸਲ ਕਰਨ ਲਈ ਲੋਕਾਂ ਦੇ ਧਾਰਮਿਕ ਅਤੇ ਸਦਾਚਾਰਕ ਜੀਵਨ ਨੂੰ ਉੱਚਾ ਅਤੇ ਪਵਿੱਤਰ ਬਨਾਉਣਾ ਜ਼ਰੂਰੀ ਸਮਝਦੇ ਸਨ। ਆਪ ਅਜੇਹੇ ਮਹਾਂਪੁਰਸ਼ ਸਨ ਜਿਨ੍ਹਾਂ ਦੇ ਵਿਉਹਾਰ ਅਤੇ ਵਿਚਾਰਾਂ ਵਿਚ ਪੂਰਨ ਏਕਤਾ ਸੀ। ਆਪ ਉਹੀ ਕੁਝ ਕਰਦੇ ਸਨ, ਜਿਸਦਾ ਕਿ ਉਪਦੇਸ਼ ਦਿੰਦੇ ਸਨ। ਉਨ੍ਹਾਂ ਦਾ ਧਾਰਮਿਕ

Digitized by Panjab Digital Library | www.panjabdigilib.org

ਅਤੇ ਸਮਾਜਿਕ ਖੇਤਰ ਵਿਚ ਕੀਤਾ ਕੰਮ ਇਕ ਮਹੱਤਵ ਪੂਰਨ ਅਸਥਾਨ ਰਖਦਾ ਹੈ। 19ਵੀਂ ਸਦੀ ਵਿਚ ਭਾਰਤ ਵਿਚ ਚਲਾਏ ਗਏ ਧਾਰਮਿਕ ਅਤੇ ਸਮਾਜਿਕ ਅੰਦੋਲਨ ਦੇ ਵੀ ਉਹ ਮੋਢੀ ਸਨ ਜਿਸਨੂੰ ਅਗੇ ਚਲਕੇ ਰਾਜਾ ਰਾਮ ਮੋਹਨ ਰਾਏ, ਕੇਸ਼ਬ ਚੰਦਰ ਅਤੇ ਸ੍ਵਾਮੀ ਦਯਾਨੰਦ ਵਰਗੇ ਸਾਮਾਜਿਕ ਅਤੇ ਧਾਰਮਿਕ ਨੇਤਾਵਾਂ ਨੇ ਆਪਣੇ ਪ੍ਰੋਗਰਾਮ ਦਾ ਇਕ ਪ੍ਰਮੁੱਖ ਆਧਾਰ ਬਣਾਇਆ।

ਵਿਅਕਤੀਗਤ ਜੀਵਨ ਵਿਚ ਆਪ ਬੜੇ ਨਾਮ ਅਭਿਆਸੀ ਅਤੇ ਅਕਾਲਪੁਰਖ ਤੇ ਅਟੱਲ ਵਿਸ਼ਵਾਸ ਰਖਣ ਵਾਲੇ ਮਹਾਂਪੁਰਸ਼ ਸਨ। ਆਪ ਜੀ ਦੇ ਮਨ ਵਿਚ ਸਿੱਖ ਗੁਰੂ ਸਾਹਿਬਾਨ, ਵਿਸ਼ੇਸ਼ ਕਰਕੇ ਗੁਰੂ ਗੋਬਿੰਦ ਸਿੰਘ ਜੀ ਪ੍ਰਤੀ ਅਗਾਧ ਸ਼ਰਧਾ ਅਤੇ ਸਤਿਕਾਰ ਸੀ। ਆਪ ਆਪਣੇ ਆਪ ਨੂੰ ਗੁਰੂ ਘਰ ਦਾ 'ਰਪਟੀਆ' ਅਤੇ ਨਿਰਮਾਨ ਸੇਵਕ ਹੀ ਸਮਝਦੇ ਸਨ। ਆਪ ਸਦਾ ਸੱਚ ਅਤੇ ਮਿੱਠਾ ਬੋਲਣ ਤੇ ਜ਼ੋਰ ਦਿੰਦੇ ਸਨ। ਪਰਾਏ ਹੱਕ ਨੂੰ ਮਾਰਨਾ, ਨਸ਼ੇ ਕਰਨੇ, ਝੂਠ ਬੋਲਣ ਅਤੇ ਚੋਰੀ ਕਰਨ ਨੂੰ ਆਪ ਬਹੁਤ ਬੁਰਾ ਸਮਝਦੇ ਸਨ। ਆਤਮਕ ਸੂਛਤਾ ਦੇ ਨਾਲ ਨਾਲ ਆਪ ਸਰੀਰਕ ਸੂਛੱਤਾ ਅਤੇ ਖਾਣ-ਪੀਣ ਅਤੇ ਪਹਿਰਾਵੇ ਦੇ ਮਾਮਲੇ ਵਿਚ ਵੀ ਸੰਜਮਤਾ ਵਰਤਣ ਦੀ ਪ੍ਰੇਰਨਾ ਦਿੰਦੇ ਸਨ। ਦਾਜ, ਦਹੇਜ ਅਤੇ ਛੋਟੀ ਉਮਰ ਵਿਚ ਕੁੜੀਆਂ ਨੂੰ ਮਾਰ ਦੇਣ ਦੀ ਲਾਹਨਤ ਤੋਂ ਦੇਸ਼ ਨੂੰ ਮੁਕਤ ਕਰਾਉਣ ਲਈ ਆਪ ਸਦਾ ਜਤਨਸ਼ੀਲ ਰਹੇ। ਸਮਾਜ ਵਿਚ ਇਸਤ੍ਰੀਆਂ ਨੂੰ ਸਮਾਨ ਅਧਿਕਾਰ ਦੇਣ ਅਤੇ ਵਿਧਵਾ ਔਰਤ ਦੇ ਪੁਨਰ ਵਿਵਾਹ ਦੀ ਆਗਿਆ ਦੇਣੀ ਆਪ ਦੇ ਕ੍ਰਾਂਤੀਕਾਰੀ ਕਦਮ ਸਨ ਜਿਨ੍ਹਾਂ ਨੂੰ ਮਗਰੋਂ ਰਾਜਾ ਰਾਮ ਮੋਹਨ ਰਾਏ ਵਰਗੇ ਸਮਾਜ ਸੁਧਾਰਕਾਂ ਨੇ ਪ੍ਰਚਾਰਿਆ ਅਤੇ ਪ੍ਰਸਿੱਧੀ ਹਾਸਲ ਕੀਤੀ। ਸੁਦੇਸ਼ੀ(ਭਾਰਤੀ) ਵਸਤਾਂ ਦੀ ਵਰਤੋਂ ਤੇ ਵਿੱਦਿਆ ਦਾ ਪ੍ਰਚਾਰ ਅਤੇ ਪ੍ਰਸਾਰ ਆਪ ਦੇ ਸਮਾਜ-ਸੁਧਾਰ ਅਤੇ ਆਜ਼ਾਦੀ ਲਈ ਉਲੀਕੇ ਗਏ ਪ੍ਰੋਗਰਾਮਾਂ ਦਾ ਇਕ ਮਹੱਤਵ ਪੂਰਨ ਅੰਗ ਸਨ।

ਬਾਬਾ ਰਾਮ ਸਿੰਘ ਜੀ ਨੂੰ ਜਿਥੇ ਇਕ ਮਹਾਨ ਸੁਧਾਰਕ ਦੇ ਤੌਰ ਤੇ ਯਾਦ ਕੀਤਾ ਜਾਵੇਗਾ ਉਥੇ ਆਪ ਜੀ ਨੂੰ ਭਾਰਤ ਦੀ ਆਜ਼ਾਦੀ ਦੇ ਮੁੱਢਲੇ ਘੁਲਾਟੀਏ ਵਜੋਂ ਵੀ ਹਮੇਸ਼ਾ ਯਾਦ ਕੀਤਾ ਜਾਂਦਾ ਰਹੇਗਾ। ਉਨ੍ਹਾਂ ਦੁਆਰਾ ਸ਼ੁਰੂ ਕੀਤੇ ਗਏ ਨਾਮਿਲਵਰਤਨ, ਅਤੇ ਸਵਦੇਸ਼ੀ ਦੇ ਪ੍ਰਚਾਰ ਨੇ ਨਾ ਸਿਰਫ਼ ਦੇਸ਼ ਭਗਤੀ ਦੇ ਜਜ਼ਬੇ ਨੂੰ ਹੀ ਉਭਾਰਿਆ ਸਗੋਂ ਵੀਹਵੀਂ ਸਦੀ ਵਿਚ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਵਲੋਂ ਚਲਾਏ ਗਏ ਅੰਦੋਲਨ ਲਈ ਠੋਸ ਆਧਾਰ ਵੀ ਪੈਦਾ ਕੀਤਾ ਜਿਸ ਤੇ ਤੁਰਕੇ ਦੇਸ਼ ਆਪਣੇ ਮਿੱਥੇ ਹੋਏ ਨਿਸ਼ਾਨੇ ਤਕ ਪਹੁੰਚਣ ਵਿਚ ਸਫ਼ਲ ਹੋ ਸਕਿਆ। ਦੇਸ਼ ਦੀ ਆਜ਼ਾਦੀ ਲਈ ਬਾਬਾ ਰਾਮ ਸਿੰਘ ਅਤੇ ਕੂਕਿਆਂ ਦੁਆਰਾ ਕੀਤੀਆਂ ਕੁਰਬਾਨੀਆਂ ਨੂੰ ਭਾਰਤੀ ਇਤਿਹਾਸ ਵਿਚ ਸਦਾ ਸਤਿਕਾਰ ਨਾਲ ਵੇਖਿਆ ਤੇ ਲਿਖਿਆ ਜਾਂਦਾ ਰਹੇਗਾ।

Digitized by Panjab Digital Library | www.panjabdigilib.org

# ਮਦਨ ਲਾਲ ਢੀਂਗਰਾ

ਮਦਨ ਲਾਲ ਦੇ ਵਡੇਰੇ ਸਾਹੀਵਾਲ, ਜ਼ਿਲਾ ਸਰਗੋਧਾ (ਮੌਜੂਦਾ ਪਾਕਿਸਤਾਨ) ਦੇ ਰਹਿਣ ਵਾਲੇ ਸਨ। 1850 ਵਿਚ ਉਸਦੇ ਪਿਤਾ ਸਾਹੀਵਾਲ ਤੋਂ ਅੰਮ੍ਰਿਤਸਰ ਆ ਗਏ। ਮਦਨ ਲਾਲ ਦਾ ਜਨਮ ਇਸੇ ਨਗਰ ਵਿਚ 18 ਫਰਵਰੀ 1883 ਈਸਵੀ ਵਿਚ ਡਾਕਟਰ ਸਾਹਿਬ ਦਿੱਤਾ ਮੱਲ ਦੇ ਘਰ ਹੋਇਆ। ਉਸਦੀ ਇਕ ਭੈਣ ਅਤੇ ਛੇ ਭਰਾ ਹੋਰ ਸਨ। ਭੈਣਾਂ ਭਰਾਵਾਂ ਚੋਂ ਮਦਨ ਲਾਲ ਸਤਵੀਂ ਥਾਂ ਤੇ ਸੀ। ਉਸਤੋਂ ਛੋਟਾ ਕੇਵਲ ਇਕ ਭਰਾ ਹੋਰ ਸੀ ਜਿਸਦਾ ਨਾਮ ਭਜਨ ਲਾਲ ਸੀ। ਮਦਨ ਲਾਲ ਦਾ ਪ੍ਰਵਾਰ ਬਰਤਾਨਵੀ ਹਕੂਮਤ ਦਾ ਵਫ਼ਾਦਾਰ ਅਤੇ ਉਨ੍ਹਾਂ ਦਾ ਖ਼ੈਰਖਾਹ ਸੀ। ਮਦਨ ਲਾਲ ਦੇ ਪਿਤਾ ਗੁਰਦਾਸਪੁਰ ਅਤੇ ਹਿਸਾਰ ਆਦਿ ਨਗਰਾਂ ਵਿਚ ਸਿਵਲ ਸਰਜਨ ਦੀ ਪਦਵੀ ਤੇ ਰਹਿਕੇ ਰਿਟਾਇਰ ਹੋਏ ਸਨ। ਸਾਹਿਬ ਦਿੱਤਾ ਮੱਲ ਨੇ ਕੁਝ ਸਮਾਂ ਜੰਮੂ-ਕਸ਼ਮੀਰ ਦੇ ਮਹਾਰਾਜਾ ਪ੍ਰਤਾਪ ਸਿੰਘ ਕੋਲ ਉਸਦੇ ਨਿੱਜੀ ਡਾਕਟਰ ਅਤੇ ਸਰਜਨ ਦੇ ਤੌਰ ਤੇ ਵੀ ਕੰਮ ਕੀਤਾ ਸੀ। ਰਿਟਾਇਰ ਹੋਣ ਮਗਰੋਂ ਸਾਹਿਬ ਦਿੱਤਾ ਮੱਲ ਅੰਮ੍ਰਿਤਸਰ ਆਕੇ ਵਸ ਗਿਆ ਜਿੱਥੇ ਉਸਦੀ ਚੋਖੀ ਜ਼ਮੀਨ ਅਤੇ ਜਾਇਦਾਦ ਸੀ। ਅੰਗਰੇਜ਼-ਸਰਕਾਰ ਵਲੋਂ ਉਸਨੂੰ ਰਾਇ-ਸਾਹਿਬ ਦੀ ਪਦਵੀ ਮਿਲੀ ਹੋਈ ਸੀ। ਸੋ ਇਸਤਰ੍ਹਾਂ ਉਹ ਆਰਥਿਕ ਪੱਖ ਤੋਂ ਬੜਾ ਸੌਖਾ ਅਤੇ ਸਮਾਜਿਕ ਤੌਰ ਤੇ ਬੜੇ ਅਸਰ ਰਸੂਖ ਅਤੇ ਰੁਤਬੇ ਵਾਲਾ ਵਿਅਕਤੀ ਸੀ। ਉਸਨੇ ਆਪਣਾ ਸਾਹੀਵਾਲ ਵਾਲਾ ਜੱਦੀ ਮਕਾਨ ਆਪਣੀ ਇਕੋ ਇਕ ਧੀ ਰਾਣੀ ਅਤੇ ਆਪਣੇ ਜੁਆਈ ਦੇ ਨਾਮ ਲਗਵਾ ਦਿੱਤਾ ਸੀ। ਉਸਦੇ ਸਾਰੇ ਬੱਚੇ ਪੜ੍ਹੇ ਲਿਖੇ ਅਤੇ ਉੱਚੇ ਅਹੁਦਿਆਂ ਤੇ ਲਗੇ ਹੋਏ ਸਨ। ਉਹ ਮਦਨ ਲਾਲ ਨੂੰ ਵੀ ਉੱਚੀ ਸਿੱਖਿਆ ਦੁਆ ਕੇ ਸਰਕਾਰੀ ਇੰਜੀਨੀਅਰ ਬਣਾਉਣਾ ਚਾਹੁੰਦਾ ਸੀ ਪਰ ਪੰਜਾਬ ਦਾ ਇਹ ਸਪੂਤ ਆਪਣੀ ਚੜ੍ਹਦੀ ਜਵਾਨੀ ਵਿਚ ਹੀ ਅਜਿਹਾ ਕਾਰਨਾਮਾ ਕਰ ਗਿਆ ਕਿ ਉਹ ਭਾਰਤੀ ਇਤਿਹਾਸ ਵਿਚ ਹਮੇਸ਼ਾ ਹਮੇਸ਼ਾਂ ਲਈ ਅਮਰ ਹੋ ਗਿਆ।

ਮਦਨ ਲਾਲ ਦਾ ਪਾਲਣ ਪੋਸ਼ਣ ਬੜੇ ਸੌਖੇ ਮਾਹੌਲ ਵਿਚ ਹੋਇਆ, ਪਰ ਸ਼ੁਰੂ ਤੋਂ ਹੀ ਉਸਦਾ ਸੁਭਾ ਅਤੇ ਵਿਚਾਰ ਆਪਣੇ ਪ੍ਰਵਾਰ ਨਾਲ ਮੇਲ ਨਹੀਂ ਸਨ ਖਾਂਦੇ। ਘਰ ਵਾਲੇ ਅੰਗਰੇਜ਼-ਭਗਤ ਕਹਿਲਵਾਣ ਵਿਚ ਫ਼ਖ਼ਰ ਮਹਿਸੂਸ ਕਰਦੇ ਸਨ ਜਦ ਕਿ ਮਦਨ ਲਾਲ ਲਈ ਦੇਸ਼-ਪਿਆਰ ਅਤੇ ਆਜ਼ਾਦੀ ਦੀਆਂ ਗੱਲਾਂ ਕਰਨੀਆਂ ਉਸਦੀ ਅੰਗਰੇਜ਼ੀ-ਰਾਜ ਪ੍ਰਤੀ ਨਫ਼ਰਤ ਅਤੇ ਵਿਦ੍ਰੋਹ ਦੀ ਭਾਵਨਾਂ ਨੂੰ ਵਿਯੱਕਤ ਕਰਦੀਆਂ ਸਨ। ਘਰ ਵਾਲੇ ਉਸ ਨੂੰ 'ਪਾਗ਼ਲ' ਤੇ 'ਕੁਰਾਹੇ ਪਿਆ' ਸਮਝਦੇ ਸਨ (ਜੈਸਾ ਕਿ ਉਨ੍ਹਾਂ ਨੇ ਸ਼ਹੀਦ ਮਦਨ ਲਾਲ ਦੇ ਅਦੁੱਤੀ ਕਾਰਨਾਮੇਂ ਤੋਂ ਬਾਦ, ਅੰਗਰੇਜ਼ੀ ਸਰਕਾਰ ਨੂੰ ਖੁਸ਼ ਕਰਨ ਲਈ ਬਾਰ ਬਾਰ ਆਪਣੀਆਂ ਲਿਖਤਾਂ ਅਤੇ ਬਿਆਨਾਂ ਵਿਚ ਕਿਹਾ ਸੀ)।

ਮਦਨ ਲਾਲ ਦੇ ਪਿਤਾ ਸਾਹਿਬ ਦਿੱਤਾ ਮੱਲ ਦੇ ਵਡੇ ਵਡੇ ਅੰਗਰੇਜ਼ ਅਫ਼ਸਰਾਂ ਨਾਲ ਬੜੇ ਗੂੜ੍ਹੇ ਸੰਬੰਧ ਸਨ ਜਿਨ੍ਹਾਂ ਵਿਚ ਭਾਰਤ ਦੇ ਵਾਇਸਰਾਏ ਲਾਰਡ ਮਿੰਟੋ ਦਾ ਨਿੱਜੀ ਸਕੱਤਰ ਅਤੇ ਸਰ ਕਰਜ਼ਨ ਵਾਇਲੀ, ਸੈਕਟਰੀ ਫ਼ਾਰ ਸਟੇਟ ਆਫ਼ ਇੰਡੀਆ ਦਾ ਪੁਲਿਟੀਕਲ ਏ.ਡੀ.

Digitized by Panjab Digital Library | www.panjabdigilib.org

ਕੁਝ ਚਿਰ ਟਾਂਗਾ ਚਲਾਣ ਦਾ ਕੰਮ ਕਰਨ ਮਗਰੋਂ ਉਸਨੇ ਇਕ ਕਾਰਖਾਨੇ ਵਿਚ ਮਜ਼ਦੂਰੀ ਦਾ ਕੰਮ ਸ਼ੁਰੂ ਕਰ ਦਿੱਤਾ। ਉਸਨੇ ਮਜ਼ਦੂਰਾਂ ਅਤੇ ਕਾਮਿਆਂ ਦੇ ਹੱਕਾਂ ਦੀ ਰੱਖਿਆ ਲਈ ਇਕ ਟ੍ਰੇਡ ਯੂਨੀਅਨ ਬਣਾਈ ਅਤੇ ਕਾਰਖਾਨੇ ਦੇ ਮਾਲਕਾਂ ਨਾਲ ਮਜ਼ਦੂਰਾਂ ਦੀ ਹਾਲਤ ਸੁਧਾਰਨ ਲਈ ਲੋਹਾ ਲੈਣਾ ਸ਼ੁਰੂ ਕਰ ਦਿੱਤਾ। ਉਸਦੀਆਂ ਅਜੇਹੀਆਂ ਕਾਰਵਾਈਆਂ ਕਾਰਨ ਕਾਰਖਾਨੇਦਾਰ ਅਤੇ ਮਿੱਲ ਮਾਲਕ ਨੇ ਉਸਨੂੰ ਨੌਕਰੀ ਤੋਂ ਹਟਾ ਦਿੱਤਾ। ਨੌਕਰੀ ਛੁੱਟ ਜਾਣ ਮਗਰੋਂ ਮਦਨ ਲਾਲ ਆਪਣੇ ਘਰ ਅੰਮ੍ਰਿਤਸਰ ਪਰਤ ਆਇਆ।

ਆਪਣੇ ਘਰ ਦੀ ਸ਼ਾਨ ਅਤੇ ਪੁਜ਼ੀਸ਼ਨ ਦੇ ਵਿਪ੍ਰੀਤ 'ਘਟੀਆ' ਕਿਸਮ ਦੇ ਕੰਮ ਕਰਨ ਕਰਕੇ ਮਦਨ ਲਾਲ ਦੇ ਘਰ ਵਾਲੇ ਉਸ ਨਾਲ ਨਾਰਾਜ਼ ਸਨ। ਉਹ ਤਾਂ ਉਸਨੂੰ ਉੱਚੀ ਸਿਖਿਆ ਦੁਆਕੇ ਕਿਸੇ ਸਰਕਾਰੀ ਅਹੁਦੇ ਤੇ ਲੱਗਾ ਹੋਇਆ ਵੇਖਣਾ ਚਾਹੁੰਦੇ ਸਨ। ਪ੍ਰਵਾਰ ਵਾਲਿਆਂ ਦੀ ਨਾਰਾਜ਼ਗੀ ਅਤੇ ਘਰ ਵਿਚ ਘੁਟਨ ਜਹੀ ਮਹਿਸੂਸ ਕਰਕੇ ਉਹ ਆਪਣੇ ਭਰਾ ਡਾਕਟਰ ਬਿਹਾਰੀ ਲਾਲ ਪਾਸ ਸੰਗਰੂਰ ਚਲਾ ਗਿਆ। ਡਾ: ਬਿਹਾਰੀ ਰਿਆਸਤ ਜੀਂਦ ਦਾ ਚੀਫ਼ ਮੈਡੀਕਲ ਅਫ਼ਸਰ ਸੀ (ਮਗਰੋਂ ਉਹ ਰਿਆਸਤ ਦਾ ਪ੍ਰਧਾਨ ਮੰਤਰੀ ਬਣ ਗਿਆ ਸੀ)। ਬਿਹਾਰੀ ਲਾਲ ਦੇ ਸਮਝਾਣ ਬੁਝਾਣ ਤੇ ਮਦਨ ਲਾਲ ਇੰਜੀਨੀਅਰਿੰਗ ਦੀ ਪੜ੍ਹਾਈ ਕਰਨ ਲਈ ਇੰਗਲੈਂਡ ਜਾਣ ਵਾਸਤੇ ਮਨ ਗਿਆ। ਉਹ ਉੱਚੀ ਸਿੱਖਿਆ ਲੈਣ ਦੇ ਤਾਂ ਹੱਕ ਵਿਚ ਸੀ ਪਰ ਸਾਮਰਾਜੀ ਸਰਕਾਰ ਦੀ ਗੱਲ-ਘੋਟੂ ਮਸ਼ੀਨਰੀ ਦਾ ਇਕ ਤੁੱਛ ਅਤੇ ਸਹਾਇਕ ਪੁਰਜ਼ਾ ਬਣ ਕੇ ਆਪਣੀ ਜ਼ਿੰਦਗੀ ਨਹੀਂ ਸੀ ਬਿਤਾਣਾ ਚਾਹੁੰਦਾ। ਘਰ ਵਾਲੇ ਸੋਚਦੇ ਸਨ ਕਿ ਇੰਗਲੈਂਡ ਪਹੁੰਚ ਕੇ ਉਥੋਂ ਦੀ ਚਮਕ-ਦਮਕ ਅਤੇ ਰੰਗੀਨ ਜ਼ਿੰਦਗੀ ਵੇਖ ਕੇ ਉਸਦੇ ਵਿਚਾਰ ਆਪਣੇ ਆਪ ਬਦਲ ਜਾਣ ਗੇ ਤੇ ਉਹ ਵੀ ਅੰਗਰੇਜ਼ੀ ਰਾਜ ਦੀਆਂ ਬਰਕਤਾਂ ਦਾ ਮੁਦਈ ਬਣ ਜਾਵੇਗਾ।

ਮਦਨ ਲਾਲ ਢੀਂਗਰਾ ਅਖੀਰ ਮਈ 1906 ਨੂੰ ਇੰਗਲੈਂਡ ਲਈ ਰਵਾਨਾ ਹੋਇਆ ਤੇ 6 ਜੁਲਾਈ 1906 ਨੂੰ ਉੱਥੇ ਪਹੁੰਚ ਗਿਆ। ਮਲਿਕਾ ਵਿਕਟੋਰੀਆ ਦੀ ਕੁਝ ਸਾਲ ਪਹਿਲਾਂ ਮੌਤ ਹੋ ਚੁਕੀ ਸੀ ਤੇ ਐਸ ਵੇਲੇ ਉਸਦਾ ਪੁੱਤਰ ਐਡਵਰਡ ਸਤਵਾਂ (1841-1910) ਇੰਗਲੈਂਡ ਦਾ ਸ਼ਾਸਕ ਸੀ। ਹਰਬਰਟ ਹੈਨਰੀ ਐਸਕੁਇਥ ਉਥੋਂ ਦਾ ਪ੍ਰਧਾਨ ਮੰਤਰੀ ਸੀ ਜੋ 1908 ਵਿਚ ਕੈਂਪਬੈਲ ਬੈਨਰਮੈਨ ਦੇ ਅਸਤੀਫ਼ਾ ਦੇਣ ਮਗਰੋਂ ਇਸ ਪੱਦ ਤੇ ਸ਼ਸ਼ੋਭਿਤ ਹੋਇਆ ਸੀ। ਇੱਥੇ ਪਹੁੰਚ ਕੇ ਮਦਨ ਲਾਲ ਨੇ ਯੂਨੀਵਰਸਿਟੀ ਕਾਲਜ ਲੰਡਨ ਵਿਖੇ ਇੰਜੀਨੀਅਰਿੰਗ ਦੀ ਪੜ੍ਹਾਈ ਲਈ ਦਾਖ਼ਲਾ ਲੈ ਲਿਆ।

ਇੰਗਲੈਂਡ ਵਿਚ ਭਾਰਤੀ ਵਿਦਿਆਰਥੀਆਂ ਨਾਲ ਕੋਈ ਚੰਗਾ ਸਲੂਕ ਨਹੀਂ ਸੀ ਕੀਤਾ ਜਾਂਦਾ। ਭਾਰਤੀਆਂ ਨੂੰ ਗੁਲਾਮ ਦੇਸ਼ ਦੇ ਨਾਗਰਿਕ ਹੋਣ ਕਾਰਨ ਮਾੜੀ ਦ੍ਰਿਸ਼ਟੀ ਨਾਲ ਵੇਖਿਆ ਜਾਂਦਾ ਸੀ। ਆਮ ਅੰਗਰੇਜ਼ ਹਿੰਦੁਸਤਾਨੀਆਂ ਨੂੰ ਜੰਗਲੀ, ਨੀਵੀਂ ਪੱਧਰ ਦਾ ਅਤੇ ਅਸਭਿਯ ਲੋਕ ਹੀ ਸਮਝਦੇ ਸਨ। ਮਦਨ ਲਾਲ ਨੇ 108 ਲੈਡਬਰੀ ਰੋਡ ਬੇਅਜ਼ਵਾਟਰ ਦੇ ਇਲਾਕੇ ਵਿਚ ਇਕ ਲੈਂਡ ਲੇਡੀ ਮੈਰੀ ਹੈਰਿਸ ਦੇ ਮਕਾਨ ਵਿਚ ਕਮਰਾ ਕਿਰਾਏ ਤੇ ਲੈਕੇ ਪੇਇੰਗ ਗੈਸਟ (Paying Guest) ਵਜੋਂ ਰਹਿਣਾ ਸ਼ੁਰੂ ਕਰ ਦਿੱਤਾ। ਇੱਥੇ ਪਹੁੰਚਦਿਆਂ ਹੀ ਉਹ ਇੰਡੀਆ ਹਾਊਸ (India House) ਦੀਆਂ ਸਰਗਰਮੀਆਂ ਨਾਲ ਜੁੜ ਗਿਆ, ਜਿੱਥੇ ਪਹਿਲਾਂ ਤੋਂ ਹੀ ਕਰਾਂਤੀਕਾਰੀ ਵਿਚਾਰਾਂ ਵਾਲੇ ਕਈ ਭਾਰਤੀ ਵਿਦਿਆਰਥੀ ਅੰਗਰੇਜ਼ੀ ਸਾਮਰਾਜ ਦੀਆਂ ਨੀਤੀਆਂ ਅਤੇ ਕਾਰਵਾਈਆਂ ਵਿਰੁੱਧ ਜਥੇਬੰਦਕ ਰੂਪ ਵਿਚ ਕੰਮ ਕਰ ਰਹੇ ਸਨ। ਉਹ ਇੱਥੋਂ ਦੇ ਸਿਆਸੀ ਮਾਹੌਲ ਤੋਂ ਬੜਾ

Digitized by Panjab Digital Library | www.panjabdigilib.org

ਪ੍ਰਭਾਵਿਤ ਹੋਇਆ ਤੇ ਉਸਨੇ ਇੰਡੀਆ ਹਾਊਸ ਵਿਚ ਹੋਣ ਵਾਲੀਆਂ ਮੀਟਿੰਗਾਂ ਵਿਚ ਭਾਗ ਲੈਣਾ ਸ਼ੁਰੂ ਕਰ ਦਿੱਤਾ। ਉਹ ਬੋਲਣ ਦੇ ਮਾਮਲੇ ਵਿਚ ਕੁਝ ਸ਼ਰਮੀਲਾ ਸੀ ਪਰ ਉਹ ਕ੍ਰਾਂਤੀਕਾਰੀ ਬੁਲਾਰਿਆਂ ਦੇ ਵਿਚਾਰ ਬੜੀ ਗੰਭੀਰਤਾ ਨਾਲ ਸੁਣਦਾ ਸੀ।

ਉਨ੍ਹਾਂ ਦਿਨਾਂ ਵਿਚ ਇੰਡੀਆ ਹਾਊਸ ਦੇ ਦੋ ਪ੍ਰਮੁੱਖ ਨੇਤਾ ਸ਼ਿਆਮ ਜੀ ਕ੍ਰਿਸ਼ਨਾ ਵਰਮਾ ਅਤੇ ਵੀਰ ਸਾਵਰਕਰ ਸਨ। ਸ਼ਿਆਮ ਜੀ ਕ੍ਰਿਸ਼ਨਾ ਵਰਮਾ ਉਨ੍ਹਾਂ ਦਿਨਾਂ ਵਿਚ ਯੂਰਪ ਦੇ ਪ੍ਰਸਿੱਧ ਕ੍ਰਾਂਤੀਕਾਰੀ ਸਮਝੇ ਜਾਂਦੇ ਸਨ। ਉਨ੍ਹਾਂ ਨੇ ਫਰਵਰੀ 1905 ਵਿਚ ਇੰਡੀਅਨ ਹੋਮਰੂਲ ਸੁਸਾਇਟੀ ਅਤੇ ਇੰਡੀਆ ਹਾਊਸ ਦੀ ਸਥਾਪਨਾ ਕੀਤੀ ਸੀ ਜੋ ਜਲਦੀ ਹੀ ਬਰਤਾਨਵੀ ਸਰਕਾਰ ਵਿਰੁੱਧ ਭਾਰਤੀ ਯੁਵਕਾਂ ਦੀਆਂ ਸਰਗਰਮੀਆਂ ਦਾ ਕੇਂਦਰ ਬਣ ਗਿਆ। ਸ਼ਿਆਮ ਜੀ ਕ੍ਰਿਸ਼ਨਾ ਵਰਮਾ ਦਾ ਆਪਣਾ ਇਕ ਹੋਰ ਟਿਕਾਣਾ ਪੈਰਿਸ (ਫ਼ਰਾਂਸ) ਵਿਚ ਵੀ ਸੀ। ਉਹ ਆਪਣੇ ਰਾਜਨੀਤਿਕ ਵਿਚਾਰਾਂ ਅਤੇ ਇਨਕਲਾਬੀ ਸਰਗਰਮੀਆਂ ਦੇ ਪ੍ਰਚਾਰ ਲਈ 'ਦੀ ਇੰਡੀਅਨ ਸੋਸ਼ੀਓਲੋਜਿਸਟ' **(The Indian Sociologist)** ਨਾਮ ਦਾ ਸਾਪਤਾਹਿਕ ਪੱਤਰ ਵੀ ਕਢਿਆ ਕਰਦਾ ਸੀ ਜਿਸ ਵਿਚ ਆਮ ਤੌਰ ਤੇ ਅੰਗਰੇਜ਼ ਵਿਰੋਧੀ ਭਾਵਨਾਵਾਂ ਦਾ ਹੀ ਪ੍ਰਗਟਾਵਾ ਕੀਤਾ ਜਾਂਦਾ ਸੀ। ਦੂਜਾ ਪ੍ਰਸਿੱਧ ਨੇਤਾ ਵਿਨਾਇਕ ਸਾਵਰਕਰ (ਵੀਰ ਸਾਵਰਕਰ) ਸੀ। ਉਹ 1905 ਵਿਚ ਫ਼ਰਗੂਸਨ ਕਾਲਜ ਪੂਨੇ ਤੋਂ ਬੀ.ਏ. ਕਰਨ ਮਗਰੋਂ 1906 ਵਿਚ ਲੰਡਨ ਆ ਗਿਆ ਸੀ। ਉਸਨੇ ਛੇਤੀ ਹੀ ਇਕ ਕ੍ਰਾਂਤੀਕਾਰੀ ਯੁਵਾ ਨੇਤਾ ਵਜੋਂ ਆਪਣੀ ਇਕ ਵਖਰੀ ਪਹਿਚਾਣ ਬਣਾ ਲਈ ਸੀ। ਉਸਨੇ 'ਅਭਿਨਵ ਭਾਰਤ' ਨਾਮਕ ਸੰਸਥਾ ਦੀ ਸਥਾਪਨਾ ਕੀਤੀ ਅਤੇ ਭਾਰਤੀ ਨੌਜਵਾਨਾਂ ਨੂੰ ਕ੍ਰਾਂਤੀਕਾਰੀ ਕਾਰਵਾਈਆਂ ਲਈ ਜਥੇਬੰਦ ਕਰਨਾ ਸ਼ੁਰੂ ਕਰ ਦਿੱਤਾ। ਮਦਨ ਲਾਲ ਦੇ ਮਨ ਤੇ ਇਨ੍ਹਾਂ ਦੋਹਾਂ ਕ੍ਰਾਂਤੀਕਾਰੀ ਵੀਰਾਂ ਦਾ ਬੜਾ ਗਹਿਰਾ ਪ੍ਰਭਾਵ ਪਿਆ ਅਤੇ ਉਹ ਸਾਵਰਕਰ ਦੁਆਰਾ ਸਥਾਪਿਤ 'ਅਭਿਨਵ-ਭਾਰਤ' ਦਾ ਸਰਗਰਮ ਮੈਂਬਰ ਬਣ ਗਿਆ। ਵੀਰ ਸਾਵਰਕਰ ਦੀ ਕੈੜੀ ਨਜ਼ਰ ਨੇ ਇੰਡੀਆ ਹਾਊਸ ਵਿਚ ਹੁੰਦੀਆਂ ਮੀਟਿੰਗਾਂ ਦੇ ਦੌਰਾਨ ਹੀ ਇਸ ਸਿਰੜੀ ਨੌਜਵਾਨ ਵਿਚ ਕੁਝ ਕਰ ਗੁਜ਼ਰਨ ਦੀ ਸਮਰੱਥਾ ਅਤੇ ਲੁੱਕਵੀਂ ਸ਼ਕਤੀ ਨੂੰ ਅਨੁਭਵ ਕਰ ਲਿਆ ਸੀ।

'ਅਭਿਨਵ ਭਾਰਤ' ਦਾ ਮੈਂਬਰ ਬਣਨ ਦੀ ਘਟਣਾ ਵੀ ਬੜੀ ਰੋਚਕ ਅਤੇ ਲੂੰ-ਕੰਡੇ ਖੜੇ ਕਰ ਦੇਣ ਵਾਲੀ ਹੈ। ਵੀਰ ਸਾਵਰਕਰ ਕਿਸੇ ਵੀ ਨੌਜਵਾਨ ਨੂੰ ਆਪਣੀ ਵਿਸ਼ੇਸ਼ ਮਿੱਤਰ-ਮੰਡਲੀ ਵਿਚ ਸ਼ਾਮਲ ਕਰਨ ਤੋਂ ਪਹਿਲਾਂ ਉਸ ਦੀ ਕਰੜੀ ਪ੍ਰੀਖਿਆ ਲਿਆ ਕਰਦਾ ਸੀ। ਇਹੀ ਕੁਝ ਉਸਨੇ ਮਦਨ ਲਾਲ ਢੀਂਗਰਾ ਨਾਲ ਵੀ ਕੀਤਾ। ਜਦੋਂ ਉਸ ਨੇ ਮਦਨ ਲਾਲ ਨੂੰ ਪੁਛਿਆ ਕਿ ਤੂੰ ਆਪਣੇ ਦੇਸ਼ ਲਈ ਕੀ ਕਰ ਸਕਦਾ ਹੈਂ, ਤਾਂ ਮਦਨ ਲਾਲ ਦਾ ਜੁਆਬ ਸੀ, 'ਮੈਂ ਦੇਸ਼ ਲਈ ਆਪਣੀ ਜਾਨ ਵੀ ਕੁਰਬਾਨ ਕਰ ਸਕਦਾ ਹਾਂ'। ਵੀਰ ਸਾਵਰਕਰ ਨੇ ਮਦਨ ਲਾਲ ਨੂੰ ਆਪਣੇ ਦੋਵੇਂ ਹੱਥ ਫ਼ੈਲਾ ਕੇ ਮੇਜ਼ ਤੇ ਰਖਣ ਲਈ ਕਿਹਾ। ਮਦਨ ਲਾਲ ਨੂੰ ਨਹੀਂ ਸੀ ਪਤਾ ਕਿ ਮੇਜ਼ ਤੇ ਹੱਥ ਫੈਲਾਣ ਮਗਰੋਂ ਸਾਵਰਕਰ ਉਸਦੀ ਕਿਹੜੀ ਪ੍ਰੀਖਿਆ ਲੈਣੀ ਚਾਹੁੰਦਾ ਹੈ। ਮਦਨ ਲਾਲ ਨੇ ਆਪਣੇ ਹੱਥ ਮੇਜ਼ ਤੇ ਫ਼ੈਲਾਏ ਹੀ ਸਨ ਕਿ ਵੀਰ ਸਾਵਰਕਰ ਨੇ ਤਿੱਖੀ ਨੋਕ ਵਾਲਾ ਕਿੱਲ ਉਸਦੇ ਹੱਥ ਤੇ ਮਾਰ ਕੇ ਉਸਦੀ ਤਲੀ ਵਿਚੋਂ ਆਰ ਪਾਰ ਕਰ ਦਿੱਤਾ। ਕਿੱਲ ਹੱਥ ਦੀ ਤਲੀ ਚੋਂ ਪਾਰ ਹੋਕੇ ਮੇਜ਼ ਦੀ ਲਕੜ ਵਿਚ ਖੁਬ੍ਹ ਗਿਆ। ਹੱਥ ਚੋਂ ਲਹੂ ਦੀਆਂ ਤਤੀਰੀਆਂ ਵੱਗ ਤੁਰੀਆਂ ਪਰ ਮਦਨ ਲਾਲ ਮੁਸਕਰਾ ਕੇ ਸੁਆਲੀਆ ਨਜ਼ਰਾਂ ਨਾਲ ਵੀਰ ਸਾਵਰਕਰ ਵਲ ਵੇਖ ਰਿਹਾ ਸੀ ਜਿਵੇਂ ਪੁੱਛ ਰਿਹਾ ਹੋਵੇ ਕਿ ਕੀ ਉਹ ਉਸਦੇ ਇਮਤਿਹਾਨ ਚੋਂ ਪਾਸ ਹੋ ਗਿਆ

Digitized by Panjab Digital Library | www.panjabdigilib.org

ਸੀ ਕਿ ਨਹੀਂ। ਵੀਰ ਸਾਵਰਕਰ ਨੇ ਬੜੇ ਪਿਆਰ ਨਾਲ ਮਦਨ ਲਾਲ ਵਲ ਵੇਖਿਆ, ਉਸਦੀਆਂ ਨਜ਼ਰਾਂ ਵਿਚ ਦ੍ਰਿੜ੍ਹਤਾ ਪੂਰਨ ਤਸੱਲੀ ਸੀ। ਉਸਨੇ ਮਦਨ ਲਾਲ ਨੂੰ ਗਲਵਕੜੀ ਵਿਚ ਲੈ ਲਿਆ। ਉਹ ਉਸਦੀ ਆਸ ਤੋਂ ਵੀ ਵੱਧ ਇਸ ਪ੍ਰੀਖਿਆ ਵਿਚ ਪੂਰਾ ਉਤਰਿਆ ਸੀ।

ਵੀਰ ਸਾਵਰਕਰ ਨੇ ਇੰਗਲੈਂਡ ਵਿਚ ਰਹਿੰਦਿਆਂ ਹੀ 'ਭਾਰਤ ਦੀ ਆਜ਼ਾਦੀ ਦੀ ਜੰਗ - 1857' ਨਾਮੀ ਪੁਸਤਕ ਲਿਖੀ ਜਿਸ ਵਿਚ ਅੰਗਰੇਜ਼ਾਂ ਦੇ ਅਤਿਆਚਾਰ ਅਤੇ ਭਾਰਤੀ ਸੁਤੰਤ੍ਰਤਾ ਸੈਨਾਨੀਆਂ ਦੇ ਕਾਰਨਾਮੇ ਦਰਜ ਕੀਤੇ ਗਏ ਸਨ। ਉਸਨੇ ਇਟਲੀ ਦੇ ਪ੍ਰਸਿੱਧ ਦੇਸ਼ ਭਗਤ ਜੋਸਫ਼ ਮੈਜ਼ਿਨੀ ਦੀ ਜੀਵਨੀ ਵੀ ਲਿਖੀ। ਇਨ੍ਹਾਂ ਪੁਸਤਕਾਂ ਵਿਚ ਸਿੱਧੇ ਜਾਂ ਅਸਿੱਧੇ ਢੰਗ ਨਾਲ ਅੰਗਰੇਜ਼ਾਂ ਤੋਂ ਆਜ਼ਾਦੀ ਹਾਸਲ ਕਰਨ ਲਈ ਹਥਿਆਰ-ਬੰਦ ਘੋਲ ਦਾ ਹੀ ਪ੍ਰਚਾਰ ਕੀਤਾ ਗਿਆ ਸੀ। 'ਦੀ ਇੰਡੀਅਨ ਵਾਰ ਆਫ਼ ਇੰਡੀਪੈਂਡੈਂਸ' (The Indian War of Independence - 1857) ਇਕ ਤਰਾਂ ਨਾਲ ਕ੍ਰਾਂਤੀਕਾਰੀ ਨੌਜਵਾਨਾਂ ਲਈ ਬਾਈਬਲ ਵਾਂਗ 'ਧਰਮ ਪੁਸਤਕ' ਬਣ ਗਈ ਜਿਸਦਾ ਪਾਠ ਕਰਕੇ ਨੌਜਵਾਨ ਆਪਣੇ ਆਪ ਨੂੰ ਦੇਸ਼ ਦੀ ਆਜ਼ਾਦੀ ਲਈ ਤਿਆਰ ਕਰਨ ਲਗ ਪਏ। ਮਦਨ ਲਾਲ ਨੂੰ ਕਿਤਾਬ ਵਿਚ ਦਰਜ ਇਹ ਸ਼ੇਅਰ ਬੜਾ ਪਸੰਦ ਸੀ ਜੋ ਉਹ ਅਕਸਰ ਗੁਣ-ਗੁਣਾਉਂਦਾ ਰਹਿੰਦਾ ਸੀ। :

**ਗ਼ਾਜ਼ੀਉਂ ਮੇਂ ਬੂ ਰਹੇਗੀ ਜਬ ਤਲਕ ਈਮਾਨ ਕੀ**
**ਇੰਗਲੈਂਡ ਮੇਂ ਤਬ ਤਕ ਚਲੇਗੀ, ਤੇਗ਼ ਹਿੰਦੁਸਤਾਨ ਕੀ॥**

ਇਨ੍ਹਾਂ ਪੁਸਤਕਾਂ ਤੋਂ ਪ੍ਰਭਾਵਿਤ ਹੋਕੇ ਨੌਜਵਾਨਾਂ ਨੇ ਹਥਿਆਰ ਇਕੱਠੇ ਕਰਨੇ ਅਤੇ ਬੰਦੂਕਾਂ, ਪਸਤੌਲਾਂ ਚਲਾਣ ਦੀ ਸਿਖਿਆ ਲੈਣੀ ਸ਼ੁਰੂ ਕਰ ਦਿੱਤੀ। ਹਥਿਆਰ ਚਲਾਣੇ ਸਿਖਣ ਲਈ ਵੀਰ ਸਾਵਰਕਰ ਵੀ ਨੌਜਵਾਨਾਂ ਨੂੰ ਪ੍ਰੇਰਨਾ ਦਿਆ ਕਰਦਾ ਸੀ। ਮਦਨ ਲਾਲ ਨੇ ਪਸਤੌਲ ਚਲਾਣ ਦੀ ਸਿਖਿਆ ਟੌਟੈਨਹੈਮ ਕੋਰਟ ਰੋਡ (Tottenhem Court Road) ਦੇ ਨਿਸ਼ਾਨੇ ਬਾਜ਼ੀ ਵਾਲੇ ਕੇਂਦਰ ਤੋਂ ਲਈ ਸੀ ਤੇ ਉਹ ਬੜਾ ਪੱਕਾ ਨਿਸ਼ਾਨੇ ਬਾਜ਼ ਬਣ ਗਿਆ ਸੀ। ਉਸ ਕੋਲ ਆਪਣੇ ਦੋ ਰਿਵੌਲਵਰ ਸਨ ਜਿਨ੍ਹਾਂ ਵਿਚੋਂ ਕਾਲਟ ਆਟੋਮੈਟਿਕ ਉਸਨੇ 26 ਜਨਵਰੀ 1909 ਨੂੰ ਗੈਮੇਜਜ਼ ਸਟੋਰ ਤੋਂ ਤਿੰਨ ਪੌਂਡ ਪੰਜ ਸ਼ਲਿੰਗ ਨੂੰ ਖ਼ਰੀਦਿਆ ਸੀ। ਉਹ ਇਨ੍ਹਾਂ ਪਸਤੌਲਾਂ ਨਾਲ ਰੋਜ਼ ਨਿਸ਼ਾਨੇ ਸਾਧਿਆ ਕਰਦਾ ਸੀ। ਹੈਰਾਨੀ ਦੀ ਗੱਲ ਹੈ ਕਿ ਜਿਸ ਦਿਨ ਉਸਨੇ ਕਰਜ਼ਨ ਵਾਇਲੀ ਦਾ ਕਤਲ ਕੀਤਾ ਉਹ ਆਪਣੇ ਨੇਮ ਅਨੁਸਾਰ ਉਸ ਦਿਨ ਵੀ ਨਿਸ਼ਾਨੇਬਾਜ਼ੀ ਦੀ ਪ੍ਰੈਕਟਿਸ ਕਰ ਕੇ ਆਇਆ ਸੀ। ਉਸਦੇ 12 ਵਿਚੋਂ 11 ਨਿਸ਼ਾਨੇ ਆਪਣੇ ਸਾਧੇ ਹੋਏ ਬਿੰਦੂ ਕੋਲ ਜਾਕੇ ਲਗੇ ਸਨ।

ਜਿੱਥੇ ਕ੍ਰਿਸ਼ਨਾ ਵਰਮਾ ਸਿਧਾਂਤਕ ਗੱਲਾਂ ਕਰਨ ਵਿਚ ਸਸ਼ਸਤ ਸੀ ਉਥੇ ਸਾਵਰਕਰ ਸਿਧਾਂਤਾਂ ਨੂੰ ਅਮਲੀ ਰੂਪ ਦੇਣ ਅਤੇ ਕਾਰਜ ਕਰਨ ਵਾਲਾ ਸੁਤੰਤਰਤਾ ਸੰਗ੍ਰਾਮੀਆਂ ਸੀ। ਦੋਹਾਂ ਦੇ ਮਨ ਵਿਚ ਬਾਲ ਗੰਗਾਧਰ ਤਿਲਕ ਲਈ ਬੜਾ ਸਤਿਕਾਰ ਸੀ। ਕ੍ਰਿਸ਼ਨਾ ਵਰਮਾ ਦੇ ਵਿਚਾਰ ਅਨੁਸਾਰ ਆਪਣਾ ਰਾਜਨੀਤਕ ਉਦੇਸ਼ ਪ੍ਰਾਪਤ ਕਰਨ ਲਈ ਕੀਤੀ ਗਈ ਹਿੰਸਾ ਕੋਈ ਅਪਰਾਧ ਨਹੀਂ ਸੀ ਅਤੇ ਨਾ ਹੀ ਆਜ਼ਾਦੀ ਹਾਸਲ ਕਰਨ ਲਈ ਕੀਤਾ ਗਿਆ ਕਿਸੇ ਦਾ ਖ਼ੂਨ, ਕਤਲ ਕਿਹਾ ਜਾ ਸਕਦਾ ਸੀ। ਅਜੇਹੇ ਵਿਚਾਰਾਂ ਨੂੰ ਮਦਨ ਲਾਲ ਨੇ ਸਹਿਜੇ ਹੀ ਆਪਣੇ ਮਨ ਵਿਚ ਢਾਲ ਲਿਆ ਸੀ ਜਿਹਾ ਕੇ ਅਗੇ ਚਲ ਕੇ ਅਦਾਲਤ ਵਿਚ ਦਿਤੇ ਉਸਦੇ ਬਿਆਨਾਂ ਤੋਂ ਪਤਾ

Digitized by Panjab Digital Library | www.panjabdigilib.org

ਚਲਦਾ ਹੈ।

ਪਿਛਲੇ ਕੁਝ ਵਰ੍ਹਿਆਂ ਵਿਚ ਦੇਸ਼ ਦੇ ਅੰਦਰ ਅਤੇ ਦੇਸ਼ ਤੋਂ ਬਾਹਰ ਕੁਝ ਅਜੇਹੀਆਂ ਘਟਨਾਵਾਂ ਵਾਪਰੀਆਂ ਸਨ ਜਿਨ੍ਹਾਂ ਨੇ ਲੰਡਨ ਵਿਚ ਰਹਿ ਰਹੇ ਭਾਰਤੀ ਵਿਦਿਆਰਥੀਆਂ ਨੂੰ ਬੜਾ ਉਤੇਜਿਤ ਕਰ ਦਿਤਾ ਸੀ। ਬੰਗਾਲ ਦੀ ਵੰਡ, ਸ੍ਰ: ਅਜੀਤ ਸਿੰਘ ਅਤੇ ਲਾਲਾ ਲਾਜਪਤ ਰਾਏ ਨੂੰ ਕਿਸਾਨ ਅੰਦੋਲਨ ਦੌਰਾਨ ਗ੍ਰਿਫ਼ਤਾਰ ਕਰਕੇ ਰੰਗੂਨ ਭੇਜਣਾ, ਵੀਰ ਸਾਵਰਕਰ ਦੇ ਭਰਾ ਗਣੇਸ਼ ਸਾਵਰਕਰ ਨੂੰ ਅੰਗਰੇਜ਼ਾਂ ਵੱਲੋਂ ਜਲਾਵਤਨ ਕੀਤਾ ਜਾਣਾ, ਬਾਲ ਗੰਗਾਧਰ ਦੀ ਗ੍ਰਿਫ਼ਤਾਰੀ ਅਤੇ ਖੁਦੀਰਾਮ ਬੋਸ, ਕਨ੍ਹਾਈ ਦੱਤ ਅਤੇ ਕਾਂਸ਼ੀਰਾਮ ਦਾ ਹੱਸ ਹੱਸ ਕੇ ਫ਼ਾਂਸੀ ਚੜ੍ਹ ਜਾਣਾ ਇਤਿਆਦਿ ਘਟਨਾਵਾਂ ਕਾਰਨ ਭਾਰਤੀ ਨੌਜਵਾਨ ਗੁੱਸੇ ਦੀ ਅੱਗ ਵਿਚ ਤੜਪ ਰਹੇ ਸਨ। ਉਹ ਸੁਤੰਤਰਤਾ ਸੰਗ੍ਰਾਮੀਆਂ ਤੇ ਕੀਤੀਆਂ ਗਈਆਂ ਇਨ੍ਹਾਂ ਵਧੀਕੀਆਂ ਦਾ ਬਦਲਾ ਅੰਗਰੇਜ਼ਾਂ ਤੋਂ ਲੈਣਾ ਚਾਹੁੰਦੇ ਸਨ। ਉਨ੍ਹਾਂ ਦੀ ਨਜ਼ਰ ਵਿਚ ਤਿੰਨ ਬੰਦੇ ਵਡੇ ਦੋਸ਼ੀ ਸਨ ਜਿਨ੍ਹਾਂ ਵਿਚੋਂ ਲਾਰਡ ਕਰਜ਼ਨ ਬੰਗਾਲ ਦੀ ਵੰਡ ਲਈ ਜ਼ਿਮੇਂਵਾਰ ਸੀ, ਲਾਰਡ ਮਾਰਲੇ ਜੋ ਭਾਰਤ ਵਾਸੀਆਂ ਨੂੰ ਕਾਨੂੰਨੀ ਤੌਰ ਤੇ ਥੋੜ੍ਹੀਆਂ ਬਹੁਤੀਆਂ ਰਿਆਇਤਾਂ ਦੇ ਕੇ ਆਜ਼ਾਦੀ ਦੇ ਘੋਲ ਨੂੰ ਅਗੇ ਪਾਉਣਾ ਚਾਹੁੰਦਾ ਸੀ ਅਤੇ ਤੀਸਰਾ ਵਿਯਕਤੀ ਸਰ ਕਰਜ਼ਨ ਵਾਇਲੀ ਸੀ ਜੋ ਕਿ ਲਾਰਡ ਮਾਰਲੇ ਦਾ ਰਾਜਨੀਤਿਕ ਏ.ਡੀ.ਸੀ. (Political Aid-de-Camp) ਸੀ। ਕਰਜ਼ਨ ਵਾਇਲੀ ਆਪਣੀਆਂ ਕੁਟਲ-ਨੀਤੀਆਂ ਕਰਕੇ ਪ੍ਰਸਿੱਧ ਸੀ ਜੋ ਨੌਜਵਾਨਾਂ ਵਿਚ ਫੁੱਟ ਪੁਆ ਕੇ ਜਾਂ ਅੰਗਰੇਜ਼-ਪੱਖੀ ਧੜੇ ਦੀ ਸਹਾਇਤਾ ਨਾਲ ਕ੍ਰਾਂਤੀ ਦੇ ਜੋਸ਼ ਨੂੰ ਮੱਠਾ ਕਰਨ ਵਿਚ ਲਗਾ ਰਹਿੰਦਾ ਸੀ।

ਕਰਜ਼ਨ ਵਾਇਲੀ ਦੇ ਮਦਨ ਲਾਲ ਢੀਂਗਰਾ ਦੇ ਪ੍ਰਵਾਰ ਨਾਲ ਵਿਅਕਤੀਗੱਤ ਤੌਰ ਤੇ ਗਹਿਰੇ ਸਬੰਧ ਸਨ। ਇੱਥੋਂ ਤਕ ਕਿ ਮਦਨ ਲਾਲ ਦੇ ਵਡੇ ਭਰਾ ਕੁੰਦਨ ਲਾਲ ਨੇ ਵਾਇਲੀ ਨੂੰ ਇਕ ਨਿੱਜੀ ਪੱਤਰ ਵੀ ਲਿਖਿਆ ਸੀ ਜਿਸ ਵਿਚ ਉਸਨੇ ਬੇਨਤੀ ਕੀਤੀ ਸੀ ਕਿ ਉਹ ਉਨ੍ਹਾਂ ਦੇ ਭਰਾ ਮਦਨ ਲਾਲ ਨੂੰ ਇੰਡੀਆ ਹਾਊਸ ਦੇ ਕ੍ਰਾਂਤੀਕਾਰੀ ਪ੍ਰਭਾਵ ਤੋਂ ਦੂਰ ਰੱਖਣ ਦੀ ਕਿਰਪਾ ਕਰੇ।

ਕਰਜ਼ਨ ਵਾਇਲੀ ਬਾਰੇ ਭਾਰਤੀ ਯੁਵਕਾਂ ਦੇ ਮਨ ਵਿਚ ਕੁਝ ਹੋਰ ਕਾਰਨਾ ਕਰਕੇ ਵੀ ਕਾਫ਼ੀ ਨਫ਼ਰਤ ਸੀ। ਉਹ ਬੜਾ ਘਮੰਡੀ ਅਤੇ ਬੇਰਹਿਮ ਸੀ। ਜਦੋਂ ਉਹ ਹਿੰਦੁਸਤਾਨ ਵਿਚ ਸੀ ਤਾਂ ਉਸਨੇ ਕ੍ਰਿਸ਼ਨਾ ਵਰਮਾ ਨਾਲ ਉਦੈਪਰ ਵਿਚ ਬੜਾ ਭੈੜਾ ਸਲੂਕ ਕੀਤਾ ਸੀ। 1893-1895 ਵਿਚ ਕ੍ਰਿਸ਼ਨਾ ਵਰਮਾ ਉਦੈਪੁਰ ਦੀ ਸਟੇਟ ਕੌਂਸਲ ਦਾ ਮੈਂਬਰ ਅਤੇ ਰਿਆਸਤ ਦਾ ਦੀਵਾਨ ਸੀ ਪਰ ਕਰਜ਼ਨ ਵਾਇਲੀ ਨੇ ਸਟੇਟ ਦੇ ਮਹਾਰਾਜੇ ਤੇ ਜੋਰ ਪਾਕੇ ਉਸਨੂੰ ਉਸਦੇ ਪਦ ਤੋਂ ਹਟਵਾ ਦਿੱਤਾ ਸੀ। ਕੌਂਸਲ ਦੀ ਸੇਵਾ ਤੋਂ ਮੁਕਤ ਹੋਕੇ ਕ੍ਰਿਸ਼ਨਾ ਵਰਮਾ ਉਦੈਪੁਰ ਦੇ ਮਹਾਰਾਜਾ ਦੀ ਨਿੱਜੀ ਸੇਵਾ (Private Service) ਵਿਚ ਲਗ ਗਿਆ ਸੀ। ਪਰ ਜਦੋਂ 1896 ਵਿਚ ਲਾਰਡ ਐਲਗਿਨ ਉਦੈਪੁਰ ਆਇਆ ਤਾਂ ਸਰ ਕਰਜ਼ਨ ਵਾਇਲੀ ਨੇ ਕ੍ਰਿਸ਼ਨਾ ਵਰਮਾ ਨੂੰ ਸ਼ਾਹੀ ਦਰਬਾਰ ਵਲੋਂ ਕੀਤੇ ਗਏ ਸਮਾਗਮਾਂ ਵਿਚ ਭਾਗ ਨਹੀਂ ਸੀ ਲੈਣ ਦਿੱਤਾ। ਇਨ੍ਹਾਂ ਘਟਨਾਵਾਂ ਮਗਰੋਂ ਕ੍ਰਿਸ਼ਨਾ ਵਰਮਾ ਦੇ ਮਨ ਵਿਚ ਕਰਜ਼ਨ ਵਾਇਲੀ ਵਿਰੁੱਧ ਗਹਿਰੀ ਨਫ਼ਰਤ ਪੈਦਾ ਹੋ ਗਈ ਸੀ। ਕ੍ਰਿਸ਼ਨਾ ਵਰਮਾ ਕਰਕੇ ਭਾਰਤੀ ਨੌਜਵਾਨ ਵੀ ਕਰਜ਼ਨ ਵਾਇਲੀ ਨੂੰ ਨਫ਼ਰਤ ਕਰਨ ਲਗ ਗਏ ਸਨ। ਇਨ੍ਹਾਂ ਨੌਜਵਾਨਾਂ ਵਿਚ ਹੀ ਮਦਨ ਲਾਲ ਢੀਂਗਰਾ ਵੀ ਸ਼ਾਮਲ ਸੀ।

Digitized by Panjab Digital Library | www.panjabdigilib.org

ਜਦੋਂ ਕਰਜ਼ਨ ਵਾਇਲੀ ਨੂੰ ਮਦਨ ਲਾਲ ਦੇ ਭਰਾ ਕੁੰਦਨ ਲਾਲ ਦੀ ਚਿੱਠੀ ਮਿਲੀ ਤਾਂ ਉਸਨੇ ਮਦਨ ਲਾਲ ਨੂੰ 30 ਅਪ੍ਰੈਲ ਤੋਂ ਮਗਰੋਂ 11 ਤੋਂ 1 ਵਜੇ ਤਕ ਜਾਂ 2:30 ਤੋਂ 3:30 ਦੇ ਵਿਚਕਾਰ ਇੰਡੀਆ ਹਾਊਸ ਵਿਖੇ ਮਿਲਣ ਲਈ ਇਕ ਚਿੱਠੀ ਲਿਖੀ, ਜਿਸਦਾ ਮਦਨ ਲਾਲ ਨੇ ਉਸਨੂੰ ਕੋਈ ਉੱਤਰ ਨਾ ਦਿੱਤਾ। ਵਾਇਲੀ ਦੁਆਰਾ ਲਿਖੀ ਚਿੱਠੀ ਇਸ ਪ੍ਰਕਾਰ ਸੀ :

"Your Brother Mr. Kundal Lal Dhingra, whose acquaintance I had the pleasure of making in England, has written to tell me that you are in London, and asking me to be any assistance I can to you.

I expect to be abroad from 15 to 30th April, but on my return I shall be very pleased to see you at the India House if you can conveniently call between 11:00 and 1:00 or 2:30 and 3:30.

I remain,
Yours faithfullly,
W.H.C. Wyllie, Lt. Col.

ਪਰ ਸੱਚ ਤਾਂ ਇਹ ਹੈ ਕਿ ਨਾ ਤਾਂ ਵਾਇਲੀ ਹੀ ਇੰਡੀਆ ਹਾਊਸ ਆਇਆ ਅਤੇ ਨਾ ਹੀ ਮਦਨ ਲਾਲ ਉਸ ਨੂੰ ਉਥੇ ਮਿਲਣ ਗਿਆ। ਮਦਨ ਲਾਲ ਜਾਣਦਾ ਸੀ ਕਿ ਜੇ ਉਹ ਵਾਇਲੀ ਨੂੰ ਮਿਲਣ ਗਿਆ ਤਾਂ ਉਹ ਉਨ੍ਹਾਂ ਦੇ ਪ੍ਰਵਾਰ ਨਾਲ ਆਪਣੇ ਰਿਸ਼ਤੇ ਦੀ ਗੱਲ ਕਰਕੇ ਉਸਨੂੰ ਉਸਦੀਆਂ ਇਨਕਲਾਬੀ ਕਾਰਵਾਈਆਂ ਤੋਂ ਰੋਕਣ ਦੀ ਕੋਸ਼ਿਸ਼ ਕਰੇਗਾ, ਜਿਸ ਲਈ ਹੁਣ ਉਹ ਬਿਲਕੁਲ ਤਿਆਰ ਨਹੀਂ ਸੀ। ਸਗੋਂ ਉਸਨੇ ਤਾਂ ਲਾਰਡ ਕਰਜ਼ਨ, ਲਾਰਡ ਮਾਰਲੇ ਅਤੇ ਕਰਜ਼ਨ ਵਾਇਲੀ ਨੂੰ ਗੋਲੀ ਨਾਲ ਉਡਾ ਦੇਣ ਦਾ ਮਨ ਬਣਾ ਲਿਆ ਸੀ ਜਿਨ੍ਹਾਂ ਦੀਆਂ ਨੀਤੀਆਂ ਕਾਰਨ ਦੇਸ਼ ਦੀ ਆਜ਼ਾਦੀ ਦੀ ਲਹਿਰ ਨੂੰ ਧੱਕਾ ਲਗ ਰਿਹਾ ਸੀ। ਉਸਦੇ ਮਨ ਵਿਚਲੇ ਇਸ ਸੰਕਲਪ ਨੂੰ ਉਸਦੇ ਬਗ਼ੈਰ ਕੋਈ ਨਹੀਂ ਸੀ ਜਾਣਦਾ। ਇੱਥੋਂ ਤਕ ਕਿ ਉਸਨੂੰ ਇਸ ਰਾਹ ਤੇ ਤੋਰਨ ਵਾਲੇ ਕ੍ਰਿਸ਼ਨਾ ਵਰਮਾ ਤੇ ਵੀਰ ਸਾਵਰਕਰ ਵੀ ਨਹੀ ਸਨ ਜਾਣਦੇ ਕਿ ਮਦਨ ਲਾਲ ਕੀ ਕਰਨ ਬਾਰੇ ਸੋਚ ਰਿਹਾ ਹੈ। ਮਦਨ ਲਾਲ ਨੂੰ O.A. Hume ਦੁਆਰਾ ਲਿਖੀ ਇਕ ਲੰਮੇਰੀ ਕਵਿਤਾ Old man's Hope ਦੀਆਂ ਇਨ੍ਹਾਂ ਲਾਈਨਾਂ ਨੇ ਵੀ ਬੜਾ ਪ੍ਰਭਾਵਿਤ ਕੀਤਾ ਸੀ :-

Sons of 1nd, why sit ye idle,
Wait ye for some Deva's aid?
Buckle to, be up and doing!
Nations by themselves are made
What avail your wealth, your learning,
Empty title, sordid trade?
True self-rule were worth them all!
Nations by themselves are made!

Digitized by Panjab Digital Library | www.panjabdigilib.org

Ask no help from Heaven or Hell!
In your selves alone seek aid!
He that wills and dares, he's all;
Nations by themselves are made!

(Old man's Hope)

ਇਸ ਸਾਰੀ ਕਵਿਤਾ ਦਾ ਸਾਰ ਸੀ ਕਿ 'ਭਾਰਤ ਦੇ ਸਪੂਤੋ, ਤੁਸੀਂ ਕਿਸ ਦੇਵਤੇ ਦੀ ਸਹਾਇਤਾ ਉਡੀਕ ਰਹੇ ਹੋ? ਕਮਰ ਕੱਸੇ ਕਰੋ ਅਤੇ ਕੁਝ ਕਰਨ ਮਰਨ ਲਈ ਤਿਆਰ ਹੋ ਜਾਓ। ਸਵਰਗ ਜਾਂ ਨਰਕ ਤੋਂ ਕੋਈ ਸਹਾਇਤਾ ਨਾ ਮੰਗੋ, ਆਪਣੀ ਸਹਾਇਤਾ ਆਪ ਹੀ ਕਰੋ। ਇੱਛਿਆ ਰਖਣ ਅਤੇ ਸਾਹਸ ਕਰਨ ਵਾਲਾ ਵਿਅਕਤੀ ਹੀ ਸਭ ਕੁਝ ਹੈ। ਕੌਮਾਂ ਨੂੰ ਆਪਣੇ ਹਥੀਂ ਆਪ ਬਣਾਇਆ ਜਾਂਦਾ ਹੈ'।

ਇਕ ਜੁਲਾਈ 1909 ਨੂੰ 'ਦੀ ਨੈਸ਼ਨਲ ਇੰਡੀਅਨ ਐਸੋਸੀਏਸ਼ਨ' ਦਾ ਸਾਲਾਨਾ ਸਮਾਗਮ 'ਇੰਸਟੀਟਿਯੂਟ ਆਫ਼ ਇੰਪੀਰੀਅਲ ਸਟਡੀਜ਼' ਦੇ ਜਹਾਂਗੀਰ ਹਾਲ ਵਿਚ ਹੋਣ ਵਾਲਾ ਸੀ। ਸਾਰਾ ਹਾਲ ਸੱਦੇ ਗਏ ਮਹਿਮਾਨਾਂ ਦੀ ਹਾਜ਼ਰੀ ਨਾਲ ਖਚਾ-ਖਚ ਭਰਿਆ ਹੋਇਆ ਸੀ। ਸੰਗੀਤ ਅਤੇ ਨਾਚ ਦਾ ਰੰਗਾ ਰੰਗ ਪ੍ਰੋਗਰਾਮ ਜਾਰੀ ਸੀ। ਮਦ-ਮੱਤੇ ਇਸਤ੍ਰੀਆਂ ਤੇ ਪੁਰਸ਼ ਸ਼ਰਾਬ ਅਤੇ ਰੰਗੀਨ ਬਲਬਾਂ ਦੀ ਰੋਸ਼ਨੀ ਵਿਚ ਗੁਆਚੇ ਹੋਏ ਸਨ। ਭਾਰਤ ਤੋਂ ਰਿਟਾਇਰ ਹੋਕੇ ਆਏ ਅੰਗਰੇਜ਼ ਅਫ਼ਸਰ, ਵਪਾਰੀ ਅਤੇ ਰਾਜਿਆਂ ਮਹਾਰਾਜਿਆਂ ਦੇ ਪੁੱਤਰ ਪੋਤਰੇ ਤੇ ਅੰਗਰੇਜ਼ਾਂ ਦੇ ਝੋਲੀ ਚੁਕ ਭਾਰਤੀ-ਮੂਲ ਦੇ ਲੋਕ ਇਸ ਰੰਗੀਨ ਜਸ਼ਨ ਵਿਚ ਸ਼ਾਮਲ ਸਨ। ਸੀ. ਪੀ. ਪ੍ਰਾਂਤ (Central Province) ਦੇ ਭੂਤ-ਪੂਰਵ ਚੀਫ਼ ਕਮਿਸ਼ਨਰ ਸਰ ਚਾਰਲਸ ਲਾਇਲ ਅਤੇ ਉਸਦੀ ਪਤਨੀ ਲੇਡੀ ਲਾਇਲ ਜਹਾਂਗੀਰ ਹਾਲ ਦੇ ਦਰਵਾਜ਼ੇ ਕੋਲ ਖਲੋਤੇ ਮਹਿਮਾਨਾਂ ਦਾ ਸੁਆਗਤ ਕਰ ਰਹੇ ਸਨ। ਕਰਜ਼ਨ ਵਾਇਲੀ ਸਵਾਏ ਹੋਟਲ ਤੋਂ ਖਾਣਾ ਖਾਕੇ ਕਰੀਬ 10:30 ਵਜੇ ਇੱਥੇ ਪਹੁੰਚਿਆ ਜਦ ਕਿ ਜਹਾਂਗੀਰ ਹਾਲ ਵਿਚ ਚਲ ਰਿਹਾ ਪ੍ਰੋਗਰਾਮ ਖ਼ਤਮ ਹੋਣ ਦੇ ਨੇੜੇ ਸੀ। ਮਦਨ ਲਾਲ ਜੋਕੇ 9:00 ਵਜੇ ਹੀ ਇੱਥੇ ਪਹੁੰਚ ਗਿਆ ਸੀ ਆਪਣੇ ਦੋਸਤਾਂ ਨਾਲ ਗੱਲਾਂ ਕਰ ਰਿਹਾ ਸੀ। ਇਹ ਇਕ ਸੁੰਦਰ ਨੌਜਵਾਨ ਸੀ, ਸੋਹਣੀ ਸੇਹਤ, ਕਣਕ ਵੰਨਾਂ ਰੰਗ, ਘੁੰਗਰਾਲੇ ਵਾਲ, ਉਸਨੇ ਸੁਨਹਿਰੀ ਫਰੇਮ ਵਾਲੀ ਐਨਕ ਪਾਈ ਹੋਈ ਸੀ। ਉਹ ਕਾਫ਼ੀ ਦੇਰ ਤਕ ਨੈਸ਼ਨਲ ਇੰਡੀਅਨ ਐਸੋਸੀਏਸ਼ਨ ਦੀ ਆਨਰੇਰੀ ਸਕੱਤਰ ਐਮਾ ਜੋਜ਼ਫ਼ ਬੈਕ (Emma Joseph Beck) ਨਾਲ ਵੀ ਗੱਲਾਂ ਕਰਦਾ ਰਿਹਾ ਸੀ। ਲਗਦਾ ਸੀ ਉਸਦੀਆਂ ਨਜ਼ਰਾਂ ਕਿਸੇ ਖ਼ਾਸ ਬੰਦੇ ਨੂੰ ਤਲਾਸ਼ ਰਹੀਆਂ ਸਨ। ਇਧਰ ਉਧਰ ਦੀਆਂ ਗੱਲਾਂ ਤਾਂ ਸਿਰਫ਼ ਵਕਤ ਟਪਾਉਣ ਦਾ ਇਕ ਬਹਾਨਾ ਸੀ।

ਉਸ ਦਿਨ ਮਦਨ ਲਾਲ ਕੋਲ ਗੋਲੀਆਂ ਨਾਲ ਭਰੀਆਂ ਹੋਈਆਂ ਦੋ ਪਸਤੌਲਾਂ ਤੇ ਇਕ ਡੈਗਰ (ਖੰਜਰ) ਸੀ। ਉਸਨੂੰ ਆਸ ਸੀ ਕਿ ਅਜ ਦੇ ਸਮਾਗਮ ਵਿਚ ਉਹ ਤਿੰਨੋ ਅੰਗਰੇਜ਼ (ਲਾਰਡ ਕਰਜ਼ਨ, ਲਾਰਡ ਮਾਰਲੇ ਅਤੇ ਕਰਜ਼ਨ ਵਾਇਲੀ) ਆਏ ਹੋਣਗੇ ਜਿਨ੍ਹਾਂ ਨੂੰ ਟਿਕਾਣੇ ਲਗਾਣ ਦਾ ਉਹ ਮਨਸੂਬਾ ਬਣਾ ਕੇ ਇੱਥੇ ਆਇਆ ਸੀ। ਪਰ ਜਦੋਂ ਉਸਨੇ ਸਿਰਫ਼ ਕਰਜ਼ਨ ਵਾਇਲੀ ਨੂੰ ਹੀ ਉੱਥੇ ਆਇਆ ਵੇਖਿਆ ਤਾਂ ਉਸਨੇ ਆਪਣਾ ਅਤੇ ਆਪਣੇ ਦੇਸ਼ ਵਾਸੀਆਂ ਦਾ ਵਿਰੋਧ ਪ੍ਰਗਟ ਕਰਨ ਲਈ ਉਸਨੂੰ ਹੀ ਪਾਰ ਬੁਲਾਣ ਦਾ ਫ਼ੈਸਲਾ ਕਰ ਲਿਆ। ਕਰਜ਼ਨ ਵਾਇਲੀ ਹੋਰ ਲੋਕਾਂ

Digitized by Panjab Digital Library | www.panjabdigilib.org

ਨੂੰ ਮਿਲ ਕੇ ਮਦਨ ਲਾਲ ਵਲ ਆਇਆ ਤੇ ਕੁਝ ਹੰਕਾਰ ਭਰੇ ਲਹਿਜ਼ੇ ਨਾਲ ਕਹਿਣ ਲਗਾ, 'ਨਾ ਤੂੰ ਮੇਰੀ ਚਿੱਠੀ ਦਾ ਜੁਆਬ ਦਿੱਤਾ ਤੇ ਨਾ ਹੀ ਤੂੰ ਮੈਨੂੰ ਮਿਲਣ ਦੀ ਕੋਸ਼ਿਸ਼ ਕੀਤੀ ਹੈ'। ਮਦਨ ਲਾਲ ਨੇ ਪੜ੍ਹਾਈ ਵਿਚ ਰੁਝੇ ਰਹਿਣ ਦਾ ਬਹਾਨਾ ਕੀਤਾ ਅਤੇ ਜੇਬ ਵਿਚੋਂ ਭਰੀ ਹੋਈ ਬੈਲਜੀਅਨ ਪਸਤੌਲ ਕੱਢ ਕੇ ਉਸ ਤੇ ਗੋਲੀਆਂ ਦੀ ਵਾਛੜ ਕਰ ਦਿੱਤੀ। ਉਸਨੇ ਕੁੱਲ ਪੰਜ ਗੋਲੀਆਂ ਚਲਾਈਆਂ ਜਿਸ ਨਾਲ ਕਰਜ਼ਨ ਵਾਇਲੀ ਪਲਾਂ ਛਿਣਾਂ ਵਿਚ ਹੀ ਧਰਤੀ ਤੇ ਡਿੱਗ ਕੇ ਠੰਡਾ ਹੋ ਗਿਆ। ਵਾਇਲੀ ਨੂੰ ਬਚਾਉਣ ਲਈ ਸ਼ੰਘਾਈ ਤੋਂ ਛੁੱਟੀਆਂ ਬਿਤਾਣ ਆਇਆ ਇਕ ਪਾਰਸੀ ਡਾਕਟਰ ਲਾਲ ਕਾਕਾ ਅਗੇ ਵਧਿਆ। ਉਸਨੇ ਮਦਨ ਲਾਲ ਵਲ ਵਧਣ ਦੀ ਕੋਸ਼ਿਸ਼ ਕੀਤੀ। ਮਦਨ ਲਾਲ ਨੇ ਛੇਵੀਂ ਗੋਲੀ ਉਸਨੂੰ ਦਾਗ਼ ਕੇ ਉਸਨੂੰ ਵੀ ਠੰਡਾ ਕਰ ਦਿੱਤਾ। ਪਰ ਉਸਨੂੰ ਇਸ ਗੱਲ ਦਾ ਬੜਾ ਅੱਫ਼ਸੋਸ ਸੀ ਕਿ ਲਾਲ ਕਾਕਾ ਨਿਰਦੋਸ਼ ਹੁੰਦਿਆਂ ਹੋਇਆਂ ਵੀ ਉਸ ਦੇ ਹਥੋਂ ਮਾਰਿਆ ਗਿਆ ਸੀ।

ਜਿਸ ਦਿਨ ਮਦਨ ਲਾਲ ਨੇ ਕਰਜ਼ਨ ਵਾਇਲੀ ਨੂੰ ਮਾਰਿਆ ਉਸ ਦਿਨ ਸਾਵਰਕਰ ਉਸ ਹਾਲ ਵਿਚ ਮੌਜੂਦ ਨਹੀਂ ਸੀ। ਉਹ ਕਿਸੇ ਨਿੱਜੀ ਕੰਮ ਲਈ ਰੀਡਿੰਗ (Reading) ਗਿਆ ਹੋਇਆ ਸੀ। ਹਾਲ ਵਿਚ ਗੋਲੀਆਂ ਚਲਣ ਅਤੇ ਦੋ ਬੰਦਿਆਂ ਨੂੰ ਫ਼ਰਸ਼ ਤੇ ਡਿਗਿਆ ਵੇਖ ਕੇ ਹਰ ਪਾਸੇ ਅਫ਼ੜਾ-ਤਫ਼ੜੀ ਮੱਚ ਗਈ। ਲੋਕ ਡਰ ਕੇ ਇਧਰ ਉਧਰ ਭਜਣੇ ਸ਼ੁਰੂ ਹੋ ਗਏ। ਪਰ ਮਦਨ ਲਾਲ ਆਪਣੇ ਸ਼ਿਕਾਰ ਨੂੰ ਮਾਰ ਦੇਣ ਮਗਰੋਂ ਉਥੇ ਹੀ ਅਡੋਲ ਖੜਾ ਸੀ। ਉਸਦੇ ਚੇਹਰੇ ਤੇ ਘਬਰਾਹਟ, ਤਰਸ ਜਾਂ ਪਛਤਾਵੇ ਦਾ ਕੋਈ ਚਿੰਨ੍ਹ ਨਹੀਂ ਸੀ। ਵਾਲਟਨਜ਼ ਸਟ੍ਰੀਟ ਦੀ ਪੁਲਿਸ ਨੇ ਮਦਨ ਲਾਲ ਨੂੰ ਗ੍ਰਿਫ਼ਤਾਰ ਕਰਕੇ ਬ੍ਰਿਕਸਟਨ ਜੇਲ੍ਹ ਦੀ ਹਵਾਲਾਤ ਵਿਚ ਬੰਦ ਕਰ ਦਿੱਤਾ। ਉਸਨੂੰ 2 ਜੁਲਾਈ 1909 ਤੋਂ 9 ਜੁਲਾਈ ਤਕ ਪੁਲਿਸ ਹਿਰਾਸਤ ਵਿਚ ਰਖਿਆ ਗਿਆ। ਗੁਪਤਚਰ ਵਿਭਾਗ ਵਾਲਿਆਂ ਉਸ ਕੋਲੋਂ ਉਸਦੇ ਸਾਥੀਆਂ ਬਾਰੇ ਪੁਛਣਾ ਚਾਹਿਆ ਪਰ ਮਦਨ ਲਾਲ ਨੇ ਕਿਸੇ ਦਾ ਵੀ ਨਾਮ ਲੈਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਉਹ ਜਿਤਨਾ ਸਮਾਂ ਵੀ ਹਵਾਲਾਤ ਵਿਚ ਰਿਹਾ, ਉਹ ਬੜੀ ਬੇਫ਼ਿਕਰੀ ਅਤੇ ਚਿੰਤਾ ਮੁਕਤ ਮਨੋਦਸ਼ਾ ਵਿਚ ਵਿਚਰਦਾ ਰਿਹਾ। ਗ੍ਰਿਫ਼ਤਾਰੀ ਦੇ ਸਮੇਂ ਵੀ ਉਹ ਬਿਲਕੁਲ ਸ਼ਾਂਤ ਅਤੇ ਅਡੋਲ ਸੀ।

ਜਦੋਂ ਉਸਤੇ ਕਰਜ਼ਨ ਵਾਇਲੀ ਦੇ ਕਤਲ ਦੇ ਸਬੰਧ ਵਿਚ ਮੁਕੱਦਮਾ ਚਲਾਇਆ ਗਿਆ ਤਾਂ ਉਸਨੇ ਆਪਣੇ ਬਚਾਓ ਲਈ ਕੋਈ ਵਕੀਲ ਕਰਨ ਤੋਂ ਸਾਫ ਨਾਂਹ ਕਰ ਦਿੱਤੀ। ਉਹ ਜਾਣਦਾ ਸੀ ਕਿ ਬਚਾਉ ਵਕੀਲ ਦੇ ਹੁੰਦਿਆਂ ਵੀ ਉਸਦੇ ਕੇਸ ਦਾ ਫ਼ੈਸਲਾ ਕੀ ਹੋਣ ਵਾਲਾ ਸੀ। ਉਸਨੇ ਅਦਾਲਤ ਵਿਚ ਬਿਆਨ ਦਿੰਦਿਆਂ ਬੜੇ ਦ੍ਰਿੜ ਸ਼ਬਦਾਂ ਵਿਚ ਕਿਹਾ ਸੀ, **'ਮੈਂ ਜੋ ਕੀਤਾ ਹੈ, ਅਖ਼ਲਾਕੀ ਤੌਰ ਤੇ ਸਹੀ ਕੀਤਾ ਹੈ। ਮੈਂ ਗਲਤ ਬਿਆਨੀ ਕਰਕੇ ਆਪਣੀ ਜਾਨ ਬਚਾਉਣਾ ਬੁਜ਼ਦਿਲੀ ਸਮਝਦਾ ਹਾਂ। ਮੈਨੂੰ ਆਪਣੇ ਕੀਤੇ ਦਾ ਕੋਈ ਪਛਤਾਵਾ ਨਹੀਂ"**। ਮਦਨ ਲਾਲ ਦੇ ਘਰ ਵਾਲੇ ਵੀ ਉਸਨੂੰ ਬਚਾਉਣ ਲਈ ਕੋਈ ਵਕੀਲ ਖੜਾ ਕਰਨਾ ਚਾਹੁੰਦੇ ਸਨ, ਪਰ ਮਦਨ ਲਾਲ ਨੂੰ ਕਾਇਰ ਬਣ ਕੇ ਆਪਣੀ ਜਾਨ ਬਚਾਉਣ ਵਿਚ ਕੋਈ ਦਿਲਚਸਪੀ ਨਹੀਂ ਸੀ। ਉਸਦਾ ਭਰਾ ਭਜਨ੍ਹ ਲਾਲ ਉਸਨੂੰ ਹਵਾਲਾਤ ਵਿਚ ਮਿਲਣਾ ਚਾਹੁੰਦਾ ਸੀ ਪਰ ਮਦਨ ਲਾਲ ਨੇ ਆਪਣੇ ਅੰਗਰੇਜ਼-ਭਗਤ ਭਰਾ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ। ਜੁਲਾਈ 1909 ਨੂੰ ਓਲਡ ਬੈਲੀਕੋਰਟ (Old Bailey Court) ਵਿਚ ਚਲਾਏ ਗਏ ਕੇਸ ਦੀ ਲਿਖਿਤ ਕਾਰਵਾਈ ਤੋਂ ਪਤਾ ਚਲਦਾ ਹੈ ਕਿ ਉਹ ਅਦਾਲਤ ਵਿਚ ਬਹੁਤ ਘੱਟ ਬੋਲਦਾ ਸੀ। 10 ਜੁਲਾਈ 1909 ਨੂੰ ਜਦ ਜੱਜ ਨੇ ਉਸਨੂੰ

Digitized by Panjab Digital Library | www.panjabdigilib.org

ਆਪਣੀ ਸਫ਼ਾਈ ਵਿਚ ਕੁਝ ਕਹਿਣ ਲਈ ਕਿਹਾ ਤਾਂ ਉਸਨੇ ਆਪਣੇ ਹੱਥ ਨਾਲ ਲਿਖਿਆ ਬਿਆਨ ਉਸ ਨੂੰ ਦੇ ਦਿੱਤਾ ਜਿਸਦਾ ਸੰਖੇਪ ਵਿਚ ਪੰਜਾਬੀ ਅਨੁਵਾਦ ਇਸ ਤਰ੍ਹਾਂ ਹੈ :

'ਮੈਂ ਆਪਣੇ ਬਚਾਉਣ ਵਿਚ ਕੁਝ ਨਹੀਂ ਕਹਿਣਾ ਚਾਹੁੰਦਾ। ਮੈਂ ਕੇਵਲ ਆਪਣੇ ਕੀਤੇ ਅਮਲ ਨੂੰ ਸਹੀ ਸਿੱਧ ਕਰਨਾ ਚਾਹੁੰਦਾ ਹਾਂ। ਮੇਰਾ ਇਹ ਵਿਚਾਰ ਹੈ ਕਿ ਕਿਸੇ ਵੀ ਅੰਗਰੇਜ਼ੀ ਅਦਾਲਤ ਨੂੰ ਮੇਰੇ ਤੇ ਮੁਕੱਦਮਾਂ ਚਲਾਉਣ ਦਾ ਜਾਂ ਮ੍ਰਿਤੂ ਡੰਡ ਦੇਣ ਦਾ ਕੋਈ ਅਧਿਕਾਰ ਨਹੀਂ। ਮੈਂ ਕਹਿੰਦਾ ਹਾਂ ਕਿ ਜੇ ਜਰਮਨ ਤੁਹਾਡੇ ਦੇਸ਼ ਉਪਰ ਕਬਜ਼ਾ ਕਰ ਲੈਣ, ਤਾਂ ਜੇ ਉਨ੍ਹਾਂ ਵਿਰੁੱਧ ਕਿਸੇ ਵੀ ਅੰਗਰੇਜ਼ ਦਾ ਘੋਲ ਜਾਇਜ਼ ਅਤੇ ਪ੍ਰਸ਼ੰਸਾ ਯੋਗ ਹੈ ਤਾਂ ਫਿਰ ਆਪਣੇ ਦੇਸ਼ ਲਈ ਮੇਰਾ ਅੰਗਰੇਜ਼ਾਂ ਵਿਰੁੱਧ ਕੀਤਾ ਘੋਲ ਵੀ ਜਾਇਜ਼ ਅਤੇ ਸਹੀ ਹੈ। ਮੈਂ ਤੁਹਾਡੇ ਤੇ ਦੋਸ਼ ਲਗਾਂਦਾ ਹਾਂ ਕਿ 'ਤੁਸਾਂ ਪਿਛਲੇ ਪੰਜਾਹ ਸਾਲਾਂ ਵਿਚ ਮੇਰੇ ਲੱਖਾਂ ਹਮਵਤਨਾਂ ਨੂੰ ਭੁੱਖ ਅਤੇ ਗ਼ਰੀਬੀ ਨਾਲ ਮਾਰ ਸੁਟਿਆ ਹੈ। ਤੁਸੀਂ ਹਰ ਸਾਲ ਭਾਰਤ ਵਿਚੋਂ 1,00,000,000 (ਦਸ ਕਰੋੜ) ਪੌਂਡ ਦੀ ਪੂੰਜੀ ਇੱਥੇ ਇੰਗਲੈਂਡ ਲੈ ਆਉਂਦੇ ਹੋ। ...ਤੁਸੀਂ ਮੇਰੇ ਅਣਗਿਣਤ ਦੇਸ਼ ਵਾਸੀਆਂ ਨੂੰ ਫ਼ਾਂਸੀ ਅਤੇ ਜਲਾਵਤਨੀ ਦੀ ਸਜ਼ਾ ਦਿੱਤੀ ਹੈ। ...ਤੁਸੀਂ ਵਿਲਾਸਤਾ ਵਿਚ ਡੁੱਬੇ ਪਏ ਹੋ ਅਤੇ ਅਸੀਂ ਭੁੱਖੇ ਮਰਦੇ ਹਾਂ। ਮੈਂ ਫਿਰ ਕਹਿੰਦਾ ਕਿ ਜਿਵੇਂ ਜਰਮਨਾਂ ਨੂੰ ਇੰਗਲੈਂਡ ਤੇ ਕਬਜ਼ਾ ਕਰਨ ਦਾ ਕੋਈ ਅਧਿਕਾਰ ਨਹੀਂ ਉਸੇ ਤਰ੍ਹਾਂ ਅੰਗਰੇਜ਼ਾਂ ਨੂੰ ਵੀ ਮੇਰੇ ਦੇਸ਼ ਤੇ ਕਬਜ਼ਾ ਕਰਨ ਦਾ ਕੋਈ ਹੱਕ ਨਹੀਂ। ਇਸੇ ਲਈ ਮੇਰੇ ਜਹੇ ਹਿੰਦੁਸਤਾਨੀ ਲਈ ਭਾਰਤ ਦੀ ਪਵਿਤ੍ਰਤਾ ਭੰਗ ਕਰਨ ਵਾਲੇ ਹਰ ਅੰਗਰੇਜ਼ ਨੂੰ ਮਾਰਨਾਂ ਜਾਇਜ਼ ਹੈ। ...ਮੈਂ ਇਹ ਬਿਆਨ ਕਿਸੇ ਰਹਿਮ ਤਲਬੀ ਲਈ ਨਹੀਂ ਦੇ ਰਿਹਾ, ਸਗੋਂ ਮੈਂ ਤਾਂ ਚਾਹੁੰਦਾ ਹਾਂ ਕਿ ਅੰਗਰੇਜ਼ ਮੈਨੂੰ ਮੌਤ ਦੀ ਸਜ਼ਾ ਦੇਣ ਤਾਂ ਜੁ ਮੇਰੇ ਹਮਵਤਨਾਂ ਵਿਚ ਇਨਕਲਾਬੀ ਜਜ਼ਬਾ ਹੋਰ ਪ੍ਰਚੰਡ ਹੋ ਜਾਵੇ।...'

ਕਰਜ਼ਨ ਵਾਇਲੀ ਦੇ ਕਤਲ ਦੀ ਇਕ ਵਿਸ਼ੇਸ਼ ਮਹਤੱਤਾ ਸੀ। ਇਹ ਪਹਿਲਾ ਰਾਜਨੀਤਿਕ 'ਜੁਰਮ' ਸੀ ਜੋ ਗੁਲਾਮ ਦੇਸ਼ ਦੀਆਂ ਸਰਹੱਦਾਂ ਦੇ ਬਾਹਰ ਉਸੇ ਦੇਸ਼ ਵਿਚ ਕੀਤਾ ਗਿਆ ਸੀ ਜੋ ਸਾਡੇ ਤੇ ਰਾਜ ਕਰ ਰਹੇ ਸਨ। 23 ਜੁਲਾਈ 1909 ਨੂੰ ਜਦੋਂ ਜੱਜ ਨੇ ਮਦਨ ਲਾਲ ਨੂੰ ਮੌਤ ਦੀ ਸਜ਼ਾ ਸੁਣਾਈ ਤਾਂ ਉਸਨੇ ਜੱਜ ਦਾ ਧੰਨਵਾਦ ਕਰਦਿਆਂ ਕਿਹਾ, 'ਮਾਈ ਲਾਰਡ ਤੁਹਾਡਾ ਸ਼ੁਕਰੀਆ। ਮੈਨੂੰ ਆਪਣੇ ਦੇਸ਼ ਵਾਸੀਆਂ ਲਈ ਮਰਣ ਦਾ ਮਾਨ ਪ੍ਰਾਪਤ ਕਰਨ ਦੀ ਪ੍ਰਸੰਨਤਾ ਹੈ।' (Thank you, my Lord, I am glad to have the honour of dying for my country men...)

ਮਦਨ ਲਾਲ ਨੂੰ ਪੈਂਟਨਵਿਲਿ (Pentonville) ਜੇਲ੍ਹ ਵਿਚ 17 ਅਗਸਤ 1909 ਨੂੰ ਫ਼ਾਂਸੀ ਦਿੱਤੀ ਗਈ। ਵੀਰ ਸਾਵਰਕਰ ਅਤੇ ਉਸਦੇ ਸਾਥੀਆਂ ਨੇ ਜੇਲ੍ਹ ਅਧਿਕਾਰੀਆਂ ਕੋਲੋਂ ਉਸਦੇ ਮਿਰਤਕ ਸਰੀਰ ਦੀ ਮੰਗ ਕੀਤੀ ਤਾਂ ਜੋ ਉਸ ਦਾ ਦਾਹ ਸੰਸਕਾਰ ਹਿੰਦੂ ਰਹੁ ਰੀਤਿ ਅਨੁਸਾਰ ਕੀਤਾ ਜਾ ਸਕੇ, ਪਰ ਅਧਿਕਾਰੀਆਂ ਨੇ ਨਾਗਰਿਕ ਸ਼ਾਂਤੀ ਭੰਗ ਹੋਣ ਦੇ ਡਰ ਕਾਰਨ ਅਜੇਹਾ ਕਰਨ ਤੋਂ ਇਨਕਾਰ ਕਰ ਦਿੱਤਾ। ਮਦਨ ਲਾਲ ਦੇ ਮਿਰਤਕ ਸਰੀਰ ਨੂੰ ਪੈਂਟਨਵਿਲਿ ਜੇਲ੍ਹ ਦੇ ਕਬਰਿਸਤਾਨ ਵਿਚ ਹੀ ਦਫ਼ਨ ਕਰ ਦਿੱਤਾ ਗਿਆ।

ਫ਼ਾਂਸੀ ਲਗਣ ਤੋਂ ਪਹਿਲਾਂ ਮਦਨ ਲਾਲ ਨੇ ਇਕ ਲਿਖਤੀ ਬਿਆਨ ਤਿਆਰ ਕੀਤਾ ਸੀ ਜੋ ਉਹ ਅਦਾਲਤ ਵਿਚ ਪੜ੍ਹਣਾ ਚਾਂਹੁੰਦਾ ਸੀ, ਪਰ ਅਦਾਲਤ ਨੇ ਅਜਿਹਾ ਕਰਨ ਦੀ ਇਜਾਜ਼ਤ

Digitized by Panjab Digital Library | www.panjabdigilib.org

ਨਾ ਦਿੱਤੀ। ਉਹੀ ਬਿਆਨ ਮਦਨ ਲਾਲ ਦੀ ਫ਼ਾਂਸੀ ਤੋਂ ਅਗਲੇ ਦਿਨ ਵੀਰ ਸਾਵਰਕਰ ਦੇ ਜਤਨਾਂ ਨਾਲ 'ਡੇਲੀ ਨਿਊਜ਼' ਨਾਮਕ ਅਖ਼ਬਾਰ ਵਿਚ ਪ੍ਰਕਾਸ਼ਿਤ ਹੋਇਆ ਜਿਸਦਾ ਕੁਝ ਭਾਗ ਇਸ ਪ੍ਰਕਾਰ ਸੀ :

ਮੈਂ ਇਕਬਾਲ ਕਰਦਾ ਹਾਂ ਕਿ ਮੈਂ ਪਿਛਲੇ ਦਿਨੀਂ ਆਪਣੇ ਦੇਸ਼-ਭਗਤ ਭਾਰਤੀ ਜਵਾਨਾਂ ਨੂੰ ਦਿੱਤੀਆਂ ਗਈਆਂ ਜ਼ਾਲਮਾਨਾਂ ਫ਼ਾਂਸੀਆਂ ਅਤੇ ਜਲਾਵਤਨੀਆਂ ਦਾ ਤੁੱਛ ਜਿਹਾ ਬਦਲਾ ਲੈਣ ਲਈ ਇਕ ਅੰਗਰੇਜ਼ ਦਾ ਲਹੂ ਵਗਾਣ ਦੀ ਕੋਸ਼ਿਸ਼ ਕੀਤੀ ਸੀ। ਪਰ ਇਸ ਕੋਸ਼ਿਸ਼ ਵਿਚ ਮੈਂ ਸਿਵਾਏ ਆਪਣੀ ਅੰਤਰ-ਆਤਮਾ ਦੇ ਹੋਰ ਕਿਸੇ ਨਾਲ ਸਲਾਹ ਨਹੀਂ ਕੀਤੀ। ਮੇਰੇ ਫ਼ਰਜ਼ ਦਾ ਅਹਿਸਾਸ ਹੀ ਮੇਰੀ ਇਸ ਕਾਰਵਾਈ ਵਿਚ ਮੇਰਾ ਸ਼ਰੀਕ ਸੀ।

ਮੇਰਾ ਇਹ ਵਿਸ਼ਵਾਸ ਹੈ ਕਿ ਜਿਸ ਦੇਸ਼ ਜਾਂ ਕੌਮ ਨੂੰ ਬੰਦੂਕਾਂ ਦੀ ਨੋਕ ਥਲੇ ਦਬਾ ਕੇ ਰਖਣ ਦੀ ਕੋਸ਼ਿਸ਼ ਕੀਤੀ ਜਾਵੇ ਉਹ ਦੇਸ਼ ਅਤੇ ਕੌਮ ਹਮੇਸ਼ਾਂ ਜੰਗ ਦੀ ਸਥਿਤੀ ਵਿਚ ਹੁੰਦਾ ਹੈ। ...ਮੈਂ ਧੰਨ ਤੇ ਬੁੱਧੀ ਤੋਂ ਹੀਣ ਪੁੱਤਰ ਆਪਣੀ ਮਾਂ ਅੱਗੇ ਭੇਂਟ ਚੜ੍ਹਾਉਣ ਲਈ ਸਿਵਾਏ ਆਪਣੇ ਲਹੂ ਦੇ ਹੋਰ ਕੁਝ ਨਹੀਂ ਦੇ ਸਕਦਾ, ਇਸ ਲਈ ਮੈਂ ਇਹ ਲਹੂ ਹੀ ਉਸਦੀ ਵੇਦੀ ਤੇ ਚੜ੍ਹਾ ਰਿਹਾ ਹਾਂ।

ਮੇਰੇ ਦੇਸ਼ ਵਾਸੀਆਂ ਦੇ ਸਿਖਣ ਲਈ ਹੁਣ ਕੇਵਲ ਇਕ ਹੀ ਸਬਕ ਹੈ ਤੇ ਉਹ ਇਹ ਹੈ ਕਿ ਮਰਨਾਂ ਕਿਵੇਂ ਚਾਹੀਦਾ ਹੈ। ਇਹ ਸਬਕ ਹੋਰਾਂ ਨੂੰ ਆਪ ਮਰ ਕੇ ਹੀ ਸਿਖਾਇਆ ਜਾ ਸਕਦਾ ਹੈ। ਇਸੇ ਲਈ ਮੈਂ ਸ਼ਹਾਦਤ ਦਾ ਜਾਮ ਪੀ ਕੇ ਸ਼ਾਨ ਨਾਲ ਮਰ ਰਿਹਾ ਹਾਂ...। ਬੰਦੇ ਮਾਤ੍ਰਮ!

ਕਿਉਂਕਿ ਦੇਸ਼ ਅਜੇ ਇਹੋ ਜਹੇ ਸਾਹਸ ਪੂਰਨ ਕਾਰਨਾਮਿਆਂ ਲਈ ਤਿਆਰ ਨਹੀਂ ਸੀ ਅਤੇ ਨਰਮ ਦਲੀਏ (ਭਾਰਤੀ ਨੇਤਾ) ਅਜੇ ਸਰਕਾਰ ਕੋਲੋਂ ਬੇਨਤੀ ਪਤਰਾਂ ਰਾਹੀਂ ਹੀ ਕੁਝ ਹਾਸਲ ਕਰਨ ਦੀ ਸੋਚ ਤਕ ਪਹੁੰਚੇ ਸਨ, ਇਸ ਕਰਕੇ ਆਮ ਭਾਰਤੀਆਂ ਅਤੇ ਉਸ ਵੇਲੇ ਦੇ ਕਈ ਰਾਸ਼ਟਰੀ ਨੇਤਾਵਾਂ ਵਲੋਂ ਮਦਨ ਲਾਲ ਦੁਆਰਾ ਕੀਤੀ ਗਈ ਕਾਰਵਾਈ ਵੀ ਵਿਆਪਕ ਤੌਰ ਤੇ ਨਖੇਧੀ ਕੀਤੀ ਗਈ। ਇਨ੍ਹਾਂ ਨੇਤਾਵਾਂ ਵਿਚ ਆਗ਼ਾ ਖਾਂ, ਫ਼ਜ਼ਲ ਭਾਈ, ਸੁਰਿੰਦਰ ਨਾਥ ਬੈਨਰਜੀ, ਗੋਪਾਲ ਕ੍ਰਿਸ਼ਨ ਗੋਖਲੇ ਅਤੇ ਪੰਡਤ ਮਦਨ ਮੋਹਨ ਮਾਲਵੀਆ ਆਦਿ ਸ਼ਾਮਲ ਸਨ। ਹੋਰ ਤਾਂ ਹੋਰ ਮਹਾਤਮਾ ਗਾਂਧੀ ਨੇ ਵੀ ਉਸਦੀ ਦੇਸ਼ ਭਗਤੀ ਨੂੰ ਸੂਝਹੀਣ ਦੇਸ਼ ਪਿਆਰ ਦੀ ਸੰਗਿਆ ਦਿੰਦਿਆਂ ਉਸ ਦੀ ਕੁਰਬਾਨੀ ਨੂੰ 'ਗ਼ਲਤ ਢੰਗ ਨਾਲ ਆਪਾ ਵਾਰਨ' ਵਾਲੀ ਘਟਨਾ ਦਸਦਿਆਂ ਲਿਖਿਆ ਸੀ : **Dhingra was a patriot but his mistaken love was blind. He gave his body in a wrong way.** ਇਨ੍ਹਾਂ ਨੇਤਾਵਾਂ ਦੁਆਰਾ ਕੀਤੀ ਗਈ ਵਿਆਪਕ ਨਿੰਦਿਆਂ ਤੋਂ ਇੰਜ ਲਗਦਾ ਹੈ ਜਿਵੇਂ ਸਾਰੇ ਕੌਮੀ ਆਗੂ ਆਪਣੇ ਆਪ ਨੂੰ ਇਸ ਕਤਲ ਨਾਲੋਂ ਅਸੰਬੰਧਤ ਦਸਣ ਅਤੇ ਇਸ ਦੀ ਨਖੇਧੀ ਕਰਨ ਲਈ ਇਕ ਦੂਜੇ ਤੋਂ ਅਗੇ ਹੋਣ ਦੀ ਕੋਸ਼ਿਸ਼ ਕਰ ਰਹੇ ਸਨ।

ਇੰਗਲੈਂਡ ਅਤੇ ਭਾਰਤ ਦੀਆਂ ਅਨੇਕ ਸਭਾ ਸੁਸਾਇਟੀਆਂ ਦੇ ਮੁਖੀ ਅਤੇ ਪ੍ਰਤਿਸ਼ਟ ਵਿਅਕਤੀਆਂ ਨੇ ਸਰਕਾਰ ਨੂੰ ਤਾਰਾਂ ਤੇ ਚਿੱਠੀਆਂ ਰਾਹੀਂ ਅੰਗਰੇਜ਼ੀ ਰਾਜ ਪ੍ਰਤੀ ਆਪਣੀ ਪੂਰਨ ਵਫ਼ਾਦਾਰੀ ਦਾ ਯਕੀਨ ਦੁਆਇਆ ਤੇ ਇਕ 'ਸਿਰਫਿਰੇ' ਭਾਰਤੀ ਨੌਜਵਾਨ ਦੀ ਰੱਜ ਕੇ ਨਿੰਦਾ

Digitized by Panjab Digital Library | www.panjabdigilib.org

ਕੀਤੀ ਜਿਸਨੇ ਇਕ ਅੰਗਰੇਜ਼ ਦਾ ਖ਼ੂਨ ਬਹਾਇਆ ਸੀ। ਇਸੇ ਤਰ੍ਹਾਂ ਮਦਨ ਲਾਲ ਦੇ ਪਿਤਾ ਡਾ: ਸਾਹਿਬ ਦਿੱਤਾ ਮਲ ਨੇ ਵਾਇਸਰਾਏ ਦੇ ਨਿੱਜੀ ਸਕਤ੍ਰ ਡਨਲਪ ਸਮਿੱਥ ਨੂੰ ਇਕ ਪੱਤਰ ਲਿਖਿਆ ਜਿਸ ਵਿਚ ਉਸਨੇ ਨਾ ਸਿਰਫ਼ ਆਪਣੇ ਪੁੱਤਰ ਦੁਆਰਾ ਕਰਜ਼ਨ ਵਾਇਲੀ ਦੇ ਕਤਲ ਦੀ ਹੀ ਨਿੰਦਿਆ ਕੀਤੀ ਸੀ ਸਗੋਂ ਆਪਣੇ ਖ਼ਾਨਦਾਨ ਵਲੋਂ ਅੰਗਰੇਜ਼ੀ ਸਰਕਾਰ ਦੇ ਸਦਾ ਲਈ ਵਫ਼ਾਦਾਰ ਬਣੇ ਰਹਿਣ ਦਾ ਵੀ ਯਕੀਨ ਦੁਆਇਆ ਸੀ। ਮਦਨ ਲਾਲ ਦੇ ਇਕ ਭਰਾ ਭਜਨ ਲਾਲ ਨੇ 5 ਜੁਲਾਈ 1909 ਨੂੰ ਕੈਕਸਟਨ ਹਾਲ ਲੰਡਨ ਵਿਚ ਅੰਗਰੇਜ਼-ਭਗਤ ਭਾਰਤੀਆਂ ਵੱਲੋਂ ਸਦੀ ਗਈ ਇਕ ਸ਼ੋਕ ਸਭਾ ਵਿਚ ਨਾ ਸਿਰਫ਼ ਕਰਜ਼ਨ ਵਾਇਲੀ ਦੇ ਕਤਲ ਉਪਰ ਗਹਿਰਾ ਅਫ਼ਸੋਸ ਹੀ ਪ੍ਰਗਟ ਕੀਤਾ ਸਗੋਂ ਮਦਨ ਲਾਲ ਨਾਲ ਸਦਾ ਲਈ ਆਪਣੇ ਪਾਰਵਾਰਿਕ ਸੰਬੰਧ ਭੰਗ ਕਰਨ ਦਾ ਐਲਾਨ ਵੀ ਕਰ ਦਿੱਤਾ ਸੀ। ਉਸੇ ਦਿਨ ਰਾਤ ਨੂੰ 8 ਵਜੇ 'ਦੀ ਨਿਊ ਰਿਫ਼ਾਰਮ ਕਲਬ' ਵਿਚ ਸੱਦੀ ਗਈ ਇਕ ਸ਼ੋਕ ਸਭਾ ਵਿਚ ਸਭਾ ਦੇ ਪ੍ਰਧਾਨ ਸੁਰਿੰਦਰ ਨਾਥ ਬੈਨਰਜੀ ਨੇ ਸ਼ੋਕ ਪ੍ਰਗਟ ਕਰਦਿਆਂ ਰੱਬ ਦਾ ਸ਼ੁਕਰ ਅਦਾ ਕੀਤਾ ਸੀ ਕਿ ਕਰਜ਼ਨ ਵਾਇਲੀ ਨੂੰ ਮਾਰਨ ਵਾਲਾ ਕੋਈ ਬੰਗਾਲੀ ਨਹੀਂ ਸਗੋਂ ਪੰਜਾਬੀ ਯੁਵਕ ਸੀ।

ਪਰ ਦੂਜੇ ਪਾਸੇ ਦੇਸ਼ ਦੇ ਕੁਝ ਲੋਕ ਅਜੇਹੇ ਵੀ ਸਨ ਜਿਨ੍ਹਾਂ ਨੇ ਮਦਨ ਲਾਲ ਦੇ ਸਾਹਸ ਅਤੇ ਦਲੇਰਾਨਾ ਕਦਮ ਦੀ ਰੱਜ ਕੇ ਪਰਸ਼ੰਸਾ ਕੀਤੀ। ਆਇਰ ਲੈਂਡ ਅਤੇ ਮਿਸਰ ਵਿਚ ਮਦਨ ਲਾਲ ਦੀ ਤਸਵੀਰ ਦੇ ਵਡੇ ਵਡੇ ਪੋਸਟਰ ਛਪਵਾ ਕੇ ਸੜਕਾਂ ਅਤੇ ਚੁਰਾਹਿਆਂ ਤੇ ਲਾਏ ਗਏ ਜਿਨ੍ਹਾਂ ਦੇ ਥਲੇ ਉਸਦੀ ਬਹਾਦਰੀ ਅਤੇ ਅਦੁੱਤੀ ਕੁਰਬਾਨੀ ਦੀ ਸ਼ਲਾਘਾ ਕੀਤੀ ਗਈ ਸੀ। ਦੋਹਾਂ ਦੇਸ਼ਾਂ ਦੀਆਂ ਅਖ਼ਬਾਰਾਂ ਵਿਚ ਪਰਸ਼ੰਸਾ ਭਰੇ ਲੇਖ ਛਪੇ ਜਿਨ੍ਹਾਂ ਵਿਚ ਉਸ ਦੁਆਰਾ ਕੀਤੀ ਗਈ ਕਾਰਵਾਈ ਦੀ ਰੱਜ ਕੇ ਉਸਤਤ ਕੀਤੀ ਗਈ ਸੀ। ਇਕ ਪ੍ਰਸਿੱਧ ਅੰਗਰੇਜ਼ ਨੇਤਾ W.S. Blunt ਨੇ ਲਿਖਿਆ ਕਿ ਅਜ ਤਕ ਕੋਈ ਵੀ ਇਸਾਈ ਸ਼ਹੀਦ ਇਤਨੀ ਦਲੇਰੀ ਅਤੇ ਨਿਡਰਤਾ ਨਾਲ ਜੱਜਾਂ ਦੇ ਸਾਮ੍ਹਣੇ ਪੇਸ਼ ਨਹੀਂ ਹੋਇਆ ਹੋਵੇਗਾ ਜਿਸ ਦਲੇਰੀ, ਸਾਹਸ ਅਤੇ ਸ਼ਾਨ ਨਾਲ ਮਦਨ ਲਾਲ ਨੇ ਪੇਸ਼ ਹੋਕੇ ਮਿਸਾਲ ਕਾਇਮ ਕੀਤੀ ਹੈ। 'No Christian martyr ever faced his judges more fiercely or with greater dignity than Dhingra'. ਜਾਰਜ ਲਾਇਡ ਅਤੇ ਵਿੰਸਟਨ ਚਰਚਿਲ ਨੇ ਵੀ ਜੋ ਮਗਰੋਂ ਇੰਗਲੈਂਡ ਦੇ ਪ੍ਰਧਾਨ ਮੰਤਰੀ ਬਣੇ, ਮਦਨ ਲਾਲ ਦੇ ਬਿਆਨਾਂ ਅਤੇ ਦੇਸ਼ ਭਗਤੀ ਦੀ ਬੜੀ ਪਰਸ਼ੰਸਾ ਕੀਤੀ। ਭਾਰਤੀਆਂ ਵਿਚੋਂ ਵੀਰ ਸਾਵਰਕਰ, ਕ੍ਰਿਸ਼ਨਾ ਜੀ ਵਰਮਾ, ਭਾਰਤ ਦੀ ਆਜ਼ਾਦੀ ਦੇ ਘੋਲ ਵਿਚ ਹਿੱਸਾ ਲੈਣ ਵਾਲੀ ਅੰਗਰੇਜ਼ ਇਸਤਰੀ ਐਨੀ ਬੇਸੰਟ ਅਤੇ ਗ਼ਦਰ ਪਾਰਟੀ ਦੇ ਮੋਢੀਆਂ ਵਿਚੋਂ ਲਾਲ ਹਰਦਿਆਲ ਨੇ ਮਦਨ ਲਾਲ ਦੀ ਕਾਰਵਾਈ ਅਤੇ ਕੁਰਬਾਨੀ ਦੀ ਭਰਪੂਰ ਸ਼ਲਾਘਾ ਕੀਤੀ। ਜਿਥੇ ਐਨੀ ਬੇਸੰਟ ਨੇ ਇਹ ਕਿਹਾ ਕਿ 'ਦੇਸ਼ ਦੀ ਆਜ਼ਾਦੀ ਲਈ ਅਜੇ ਹੋਰ ਮਦਨ ਲਾਲਾਂ ਦੀ ਲੋੜ ਹੈ' ਉਥੇ ਲਾਲਾ ਹਰਦਿਆਲ ਨੇ ਕਿਹਾ :

'ਢੀਂਗਰਾ ਨੇ ਆਪਣੇ ਉਤੇ ਚਲ ਰਹੇ ਮੁਕਦਮੇਂ ਦੇ ਹਰ ਪੜਾਅ ਤੇ ਪੁਰਾਤਨਕਾਲੀ ਵੀਰ ਨਾਇਕਾਂ ਵਾਂਗ ਵਿਹਾਰ ਕੀਤਾ ਸੀ। ਉਸਦੀ ਵੀਰ ਭਾਵਨਾ ਸਾਨੂੰ ਮੱਧਕਾਲੀ ਰਾਜਪੂਤਾਂ ਅਤੇ ਸਿੱਖਾਂ ਦੀ ਸੂਰਬੀਰਤਾ ਦੀ ਯਾਦ ਦਿਲਾਉਂਦੀ ਹੈ ਜਿਹੜੇ ਮੌਤ ਨੂੰ ਇਕ ਦੁਲਹਨ ਵਾਂਗ ਪਿਆਰਦੇ ਸਨ। ਇੰਗਲੈਂਡ ਸੋਚਦਾ ਹੈ ਕਿ ਉਸਨੇ ਢੀਂਗਰਾ ਨੂੰ ਮਾਰ ਦਿੱਤਾ ਹੈ ਪਰੰਤੂ ਅਸਲੀਅਤ ਇਹ ਹੈ ਕਿ ਉਹ ਸਦਾ ਹੀ ਜੀਂਦਾ ਰਹੇਗਾ। ਉਸਨੇ ਭਾਰਤ ਵਿਚਲੀ ਬਰਤਾਨਵੀ ਪ੍ਰਭੂਸੱਤਾ

Digitized by Panjab Digital Library | www.panjabdigilib.org

ਨੂੰ ਮਰਨ-ਮੰਜੇ (Death-Bed) ਤੇ ਪਾ ਦਿੱਤਾ ਹੈ। ਆਉਣ ਵਾਲੇ ਸਮੇਂ ਵਿਚ ਜਦ ਕਿ ਭਾਰਤ ਵਿਚਲਾ ਬਰਤਾਨਵੀ ਸਾਮਰਾਜ ਮਿੱਟੀ ਵਿਚ ਮਿਲ ਜਾਵੇਗਾ ਢੀਂਗਰਾ ਦੇ ਸਮਾਰਕ ਸਾਡੇ ਮੁੱਖ ਨਗਰਾਂ ਦੇ ਚੌਕਾਂ ਦੀ ਸਜਾਵਟ ਹੋਣਗੇ ਅਤੇ ਸਾਡੀਆਂ ਸੰਤਾਨਾਂ ਨੂੰ ਢੀਂਗਰਾ ਦੀ ਉਚੀ ਤੇ ਸੁੱਚੀ ਜ਼ਿੰਦਗੀ ਅਤੇ ਵੀਰਤਾ ਪੂਰਨ ਮ੍ਰਿਤੂ ਦੀ ਯਾਦ ਕਰਾਉਣਗੇ ਜਿਸਨੇ ਆਪਣੇ ਦੇਸ਼ ਦੀ ਆਜ਼ਾਦੀ ਲਈ ਵਿਦੇਸ਼ ਵਿਚ ਆਪਣੇ ਪ੍ਰਾਣਾਂ ਦੀ ਆਹੂਤੀ ਦੇ ਦਿੱਤੀ'

ਪਰ ਅਫ਼ਸੋਸ ਕਿ ਆਜ਼ਾਦ ਭਾਰਤ ਆਪਣੇ ਇਸ ਅਦੁੱਤੀ
ਸ਼ਹੀਦ ਬਾਰੇ ਅਜੇਹਾ ਕੁਝ ਵੀ ਨਹੀਂ ਕਰ ਸਕਿਆ।
ਜਿਸ ਤਰ੍ਹਾਂ ਕਿ ਲਾਲਾ ਹਰਿਆਣਾ ਨੂੰ ਆਸ ਸੀ।

ਪਰ ਡਾਕਟਰ ਸਾਹਿਬ ਦਿੱਤਾ ਮੱਲ ਨੇ ਆਪਣੇ ਪੁੱਤਰ ਮਦਨ ਲਾਲ ਦੀ ਦੇਸ਼ ਵਿਦੇਸ਼ ਵਿਚ ਹੁੰਦੀ ਸ਼ਲਾਘਾ ਨੂੰ ਵੇਖ ਕੇ ਉਸਦੀ ਜੀਵਨੀ ਲਿਖਣ ਦਾ ਵਿਚਾਰ ਬਣਾਇਆ ਸੀ ਪਰ ਜਲਦੀ ਹੀ ਮੌਤ ਹੋ ਜਾਣ ਕਾਰਨ ਉਹ ਇਸ ਕਾਰਜ ਨੂੰ ਪੂਰਾ ਨਾ ਕਰ ਸਕਿਆ।

ਮਦਨ ਲਾਲ ਦੀ ਸ਼ਹੀਦੀ ਉਪਰੰਤ ਇਕ ਹੋਰ ਭਾਰਤੀ ਬੀਰੇਂਦਰਾ ਨਾਥ ਚਟੋਪਾਧਿਆਇ ਨੇ ਜਰਮਨੀ ਦੀ ਰਾਜਧਾਨੀ ਬਰਲਿਨ ਤੋਂ ਮਦਨ ਲਾਲ ਦੀ ਯਾਦ ਵਿਚ 'ਮਦਨ ਤਲਵਾਰ' ਨਾਮਕ ਮਾਸਿਕ ਪੱਤਰ ਜਾਰੀ ਕੀਤਾ ਜੋ ਕਈ ਵਰ੍ਹਿਆਂ ਤਕ ਵਿਦੇਸ਼ੀ ਭਾਰਤੀਆਂ ਨੂੰ ਆਜ਼ਾਦੀ ਲਈ ਜੂਝ ਮਰਨ ਦੀ ਪ੍ਰੇਰਨਾ ਦਿੰਦਾ ਰਿਹਾ। ਮਦਨ ਲਾਲ ਦੀ ਫ਼ਾਂਸੀ ਤੋਂ ਕੁਝ ਮਹੀਨੇ ਮਗਰੋਂ ਹੀ ਦਿੱਲੀ ਦੇ ਪ੍ਰਸਿੱਧ ਕ੍ਰਾਂਤੀਕਾਰੀ ਨਾਰਾਇਣ ਦਾਸ ਗਰਗ ਨੇ ਮਦਨ ਲਾਲ ਦੀ ਜੀਵਨੀ ਲਿਖ ਕੇ ਦਸੰਬਰ 1909 ਵਿਚ ਛਪਵਾਈ ਜਿਸ ਨੂੰ ਅੰਗਰੇਜ਼ ਸਰਕਾਰ ਨੇ ਤੁਰੰਤ ਜ਼ਬਤ ਕਰ ਲਿਆ।

ਮਦਨ ਲਾਲ ਵੀਹਵੀਂ ਸਦੀ ਦੇ ਮੁੱਢਲੇ ਦੌਰ ਦਾ ਪੰਜਾਬ ਦਾ ਉਹ ਮਹਾਨ ਸ਼ਹੀਦ ਸੀ ਜਿਸਨੇ ਆਉਣ ਵਾਲੇ ਵਰ੍ਹਿਆਂ ਵਿਚ ਆਪਣੇ ਵਰਗੇ ਕਈ ਸ਼ਹੀਦ ਪੈਦਾ ਕੀਤੇ। ਉਸਦੀ ਦੇਸ਼ ਭਗਤੀ, ਪਾਰਵਾਰਿਕ ਮੋਹ ਦਾ ਤਿਆਗ, ਕੁਰਬਾਨੀ ਅਤੇ ਸ਼ਹਾਦਤ ਸਮੁੱਚੇ ਦੇਸ਼ ਅਤੇ ਪੰਜਾਬੀ ਯੁਵਕਾਂ ਲਈ ਅਦੁੱਤੀ ਸਾਹਸ ਅਤੇ ਪ੍ਰੇਰਨਾ ਦਾ ਸੋਮਾ ਬਣ ਗਈ। ਸ੍ਰ: ਕਰਤਾਰ ਸਿੰਘ ਸਰਾਭਾ, ਸ੍ਰ: ਭਗਤ ਸਿੰਘ ਅਤੇ ਸ੍ਰ: ਊਧਮ ਸਿੰਘ ਵਰਗੇ ਦੇਸ਼ ਭਗਤਾਂ ਅਤੇ ਸ਼ਹੀਦਾਂ ਦਾ ਜੀਵਨ ਇਸੇ ਕੜੀ ਅਤੇ ਵਿਰਾਸਤ ਦਾ ਸੁਨਹਿਰੀ ਯੁੱਗ ਸੀ। ਪੰਜਾਬ ਦੇ ਇਨ੍ਹਾਂ ਕ੍ਰਾਂਤੀਕਾਰੀ ਨੌਜਵਾਨਾਂ ਦੀਆਂ ਕੁਰਬਾਨੀਆਂ ਨੇ ਅੰਗਰੇਜ਼ੀ ਸਾਮਰਾਜ ਦੀਆਂ ਨੀਹਾਂ ਨੂੰ ਹਿਲਾ ਕੇ ਰੱਖ ਦਿੱਤਾ।

ਮੈਂ ਅਕੇਲਾ ਹੀ ਚਲਾ ਥਾ ਜਾਨਿਬੇ ਮੰਜ਼ਿਲ, ਮਗਰ
ਲੋਕ ਸਾਥ ਆਤੇ ਗਏ ਔਰ ਕਾਰਵਾਂ ਬਨਤਾ ਗਿਆ॥


(ਮਜ਼ਰੂਹ ਸੁਲਤਾਨ ਪੁਰੀ)

ਆਖ਼ਰ 38 ਸਾਲ ਮਗਰੋਂ (15 ਅਗਸਤ 1947 ਨੂੰ) ਭਾਰਤ ਦੇ ਗਗਨ ਤੇ ਆਜ਼ਾਦੀ ਦਾ ਉਹ ਸੂਰਜ ਲਿਸ਼ਕਿਆ ਜਿਸ ਦੀ ਲੋਅ ਤਕਣ ਦੀ ਰੀਝ ਵਿਚ ਮਦਨ ਲਾਲ ਜਹੇ ਅਨੇਕ ਨੌਜਵਾਨ ਹੱਸ ਹੱਸ ਕੇ ਫ਼ਾਂਸੀ ਦੇ ਰਸਿਆਂ ਤੇ ਝੂਲ ਗਏ ਸਨ।

ਸ਼ਹੀਦ ਮਦਨ ਲਾਲ ਜਿਸਦੇ ਮਿਰਤਕ ਸਰੀਰ ਨੂੰ 17 ਅਗਸਤ 1909 ਨੂੰ ਪੈਨਟਿਨਵਿਲਿ ਜੇਲ੍ਹ ਦੇ ਅਹਾਤੇ ਵਿਚ ਬਣੇ ਕਬਰਿਸਤਾਨ ਵਿਚ ਦਫ਼ਨ ਕਰ ਦਿੱਤਾ ਗਿਆ ਸੀ

Digitized by Panjab Digital Library | www.panjabdigilib.org

ਆਖ਼ਰ ਉਸਦੀਆਂ ਅਸਥੀਆਂ ਨੂੰ 67 ਸਾਲ ਮਗਰੋਂ 13 ਦਸੰਬਰ 1976 ਨੂੰ ਭਾਰਤ ਲਿਆਂਦਾ ਗਿਆ। ਜਦੋਂ ਅਸਥੀਆਂ ਵਾਲੇ ਕਲਸ਼ ਨੂੰ ਜਹਾਜ਼ ਚੋਂ ਬਾਹਰ ਕਢਿਆ ਗਿਆ ਤਾਂ ਦਿੱਲੀ ਦੇ ਪਾਲਮ ਹਵਾਈ ਅੱਡੇ ਤੇ ਉਡੀਕ ਵਿਚ ਖੜੇ ਦੇਸ਼ਵਾਸੀਆਂ ਵੱਲੋਂ 'ਇਨਕਲਾਬ ਜ਼ਿੰਦਾਬਾਦ, ਮਦਨ ਲਾਲ ਢੀਂਗਰਾ ਜ਼ਿੰਦਾਬਾਦ ਅਤੇ ਭਾਰਤ ਮਾਤਾ ਜ਼ਿੰਦਾਬਾਦ' ਦੇ ਨਾਹਰਿਆਂ ਨਾਲ ਸਾਰਾ ਅਕਾਸ਼ ਗੂੰਜ ਉਠਿਆ। ਫ਼ਿਰ ਇੱਥੋਂ ਸ਼ਹੀਦ ਦੇ ਅਸਥੀ ਕਲਸ਼ ਨੂੰ ਜਲੂਸ ਦੀ ਸ਼ਕਲ ਵਿਚ 20 ਦਸੰਬਰ 1976 ਨੂੰ ਉਸਦੀ ਜਨਮ ਭੂਮੀਂ ਅੰਮ੍ਰਿਤਸਰ ਲਿਆਂਦਾ ਗਿਆ। ਕੁਝ ਦਿਨ ਇੱਥੇ ਰਖਣ ਮਗਰੋਂ ਪੰਜਾਬ, ਹਰਿਆਣਾ ਅਤੇ ਉਤਰ ਪ੍ਰਦੇਸ਼ ਦੇ ਪ੍ਰਮੁੱਖ ਨਗਰਾਂ ਚੋਂ ਲੰਘਦਿਆਂ ਸ਼ਹੀਦ ਮਦਨ ਲਾਲ ਦੀਆਂ ਅਸਥੀਆਂ ਨੂੰ ਦੇਸ਼ਵਾਸੀਆਂ ਦੇ ਇਕ ਵਡੇ ਇਕੱਠ ਦੇ ਸਾਮ੍ਹਣੇ 25-12-1976 ਨੂੰ ਹਰਿਦੁਆਰ ਵਿਖੇ ਜਲ ਪ੍ਰਵਾਹ ਕਰ ਦਿੱਤਾ। ਇਹੀ ਸ਼ਹੀਦ ਦੀ ਅੰਤਿਮ ਇੱਛਾ ਸੀ।



Digitized by Panjab Digital Library | www.panjabdigilib.org

# ਸ੍ਰ: ਬਲਵੰਤ ਸਿੰਘ ਕੈਨੇਡੀਅਨ

ਮਨੁੱਖੀ ਅਧਿਕਾਰਾਂ ਅਤੇ ਦੇਸ਼ ਦੀ ਆਜ਼ਾਦੀ ਲਈ ਸ਼ਹੀਦ ਹੋਣ ਵਾਲੇ ਸ੍ਰ: ਬਲਵੰਤ ਸਿੰਘ ਕੈਨੇਡੀਅਨ ਦਾ ਜਨਮ ਪਿੰਡ ਖੁਰਦਪੁਰ, ਜ਼ਿਲਾ ਜਲੰਧਰ ਵਿਖੇ 14 ਸਤੰਬਰ 1882 ਈਸਵੀ ਨੂੰ ਹੋਇਆ। ਉਸ ਦੇ ਪਿਤਾ ਸ੍ਰ: ਬੁੱਧ ਸਿੰਘ ਆਰਥਿਕ ਤੌਰ ਤੇ ਸੌਖੇ ਅਤੇ ਇਲਾਕੇ ਦੇ ਬਾਰਸੂਖ਼ ਵਿਅਕਤੀ ਸਨ। ਆਸ ਪਾਸ ਦੇ ਪਿੰਡਾਂ ਵਿਚ ਉਨ੍ਹਾਂ ਦੀ ਬੜੀ ਇਜ਼ਤ ਅਤੇ ਦਬਦਬਾ ਸੀ। ਬਲਵੰਤ ਸਿੰਘ ਨੇ ਮੁਢੱਲੀ ਵਿੱਦਿਆ ਆਦਮਪੁਰ ਦੇ ਮਿਡਲ ਸਕੂਲ ਤੋਂ ਪ੍ਰਾਪਤ ਕੀਤੀ। ਪ੍ਰਚਲਤ ਰੀਤੀ-ਰਿਵਾਜਾਂ ਦੇ ਪ੍ਰਭਾਵ ਕਾਰਨ ਬਲਵੰਤ ਸਿੰਘ ਦਾ ਵਿਵਾਹ ਬਚਪਨ ਵਿਚ ਹੀ ਕਰ ਦਿੱਤਾ ਗਿਆ। ਇਸੇ ਕਰਕੇ ਉਸਨੇ ਆਪਣੀ ਪੜ੍ਹਾਈ ਛੇਵੀਂ ਪਾਸ ਕਰਨ ਮਗਰੋਂ ਛੱਡ ਦਿੱਤੀ ਤੇ ਕੁਝ ਚਿਰ ਮਗਰੋਂ ਭਾਰਤੀ ਸੈਨਾ ਦੀ 36ਵੀਂ ਬਟਾਲੀਅਨ ਵਿਚ ਸਿਪਾਹੀ ਭਰਤੀ ਹੋ ਗਿਆ। ਫ਼ੌਜ ਵਿਚ ਭ਼ਰਤੀ ਹੋਣ ਤੋਂ ਪਹਿਲਾਂ ਇਸਦੀ ਪਹਿਲੀ ਪਤਨੀ ਦਾ ਦੇਹਾਂਤ ਹੋ ਗਿਆ ਸੀ।

ਬਲਵੰਤ ਸਿੰਘ ਨੇ 10 ਸਾਲ ਤਕ ਫੌਜ ਦੀ ਨੌਕਰੀ ਕੀਤੀ। ਇਨ੍ਹਾਂ ਦਿਨਾਂ ਵਿਚ ਹੀ ਉਸਦੀ ਦੂਸਰੀ ਸ਼ਾਦੀ ਹੋ ਗਈ ਸੀ। ਜਦੋਂ ਬਲਵੰਤ ਸਿੰਘ ਮਰਦਾਨ (ਫਰੰਟੀਅਰ) ਦੇ ਇਲਾਕੇ ਵਿਚ ਨੌਕਰੀ ਤੇ ਤੈਨਾਤ ਸੀ ਤਾਂ ਉਹ ਸੰਤ ਕਰਮ ਸਿੰਘ ਦੇ ਸੰਪਰਕ ਵਿਚ ਆਇਆ। ਉਨ੍ਹਾਂ ਦੀ ਸੰਗਤ ਵਿਚ ਰਹਿ ਕੇ ਬਲਵੰਤ ਸਿੰਘ ਦੇ ਮਨ ਵਿਚ ਸਿੱਖੀ-ਸੇਵਾ ਅਤੇ ਦੇਸ਼-ਪਿਆਰ ਦੇ ਜਜ਼ਬੇ ਨੇ ਪ੍ਰਫੁਲਤ ਹੋਣਾ ਸ਼ੁਰੂ ਕਰ ਦਿੱਤਾ। ਉਹ ਆਪਣਾ ਬਹੁਤ ਸਮਾਂ ਨਾਮ-ਸਿਮਰਨ ਅਤੇ ਬਾਣੀ ਅਧਿਐਨ ਵਿਚ ਬਿਤਾਣ ਲਗ ਪਿਆ। 1905 ਵਿਚ ਉਸਨੂੰ ਸਿਪਾਹੀ ਤੋਂ ਲਾਂਸ ਨਾਇਕ ਬਣਾ ਦਿਤਾ ਗਿਆ। ਪਰ ਉਸਨੇ ਫ਼ੌਜ ਦੀ ਨੌਕਰੀ ਛੱਡ ਦੇਣ ਦਾ ਫ਼ੈਸਲਾ ਕਰ ਲਿਆ। ਅਪ੍ਰੈਲ 1906 ਵਿਚ ਉਹ ਭਾਰਤ ਛੱਡ ਕੇ ਕੈਨੇਡਾ ਲਈ ਰਵਾਨਾ ਹੋ ਗਿਆ। ਕੈਨੇਡਾ ਪਹੁੰਚਦਿਆਂ ਹੀ ਉਸ ਨੇ ਆਪਣੀ ਇਕ ਵਖਰੀ ਪਹਿਚਾਣ ਬਣਾ ਲਈ ਤੇ ਉੱਥੋਂ ਦੇ ਭਾਰਤੀ ਪ੍ਰਵਾਸੀਆਂ ਵਿਚ ਹਰਮਨ ਪਿਆਰਾ ਹੋ ਗਿਆ।

ਉਨ੍ਹਾਂ ਦਿਨਾਂ ਵਿਚ ਭਾਰਤੀ ਪਰਵਾਸੀਆਂ ਲਈ ਕੈਨੇਡਾ ਅਤੇ ਅਮਰੀਕਾ ਵਿਚ ਪ੍ਰਵੇਸ਼ ਕਰਨ ਲਈ ਬੜੇ ਸਖ਼ਤ ਕਾਨੂੰਨ ਸਨ। ਖਾਸ ਕਰਕੇ ਕੈਨੇਡਾ ਵਿਚ ਭਾਰਤੀ ਪਰਵਾਸੀਆਂ ਨੂੰ ਬੜੀ ਨਫ਼ਰਤ ਨਾਲ ਵੇਖਿਆ ਜਾਂਦਾ ਸੀ ਤੇ ਰੋਜ਼-ਮਰਾਹ ਦੀ ਜ਼ਿੰਦਗੀ ਵਿਚ ਉਨ੍ਹਾਂ ਨਾਲ ਬੜਾ ਮਾੜਾ ਸਲੂਕ ਕੀਤਾ ਜਾਂਦਾ ਸੀ। ਜੇ ਕਿਸੇ ਭਾਰਤੀ ਦੀ ਕੈਨੇਡਾ ਵਿਚ ਮੌਤ ਹੋ ਜਾਂਦੀ ਸੀ ਤਾਂ ਉੱਥੇ ਉਸਦੀ ਲਾਸ਼ ਦਾ ਅੰਤਿਮ ਸਸਕਾਰ ਕਰਨ ਦੀ ਵੀ ਆਗਿਆ ਨਹੀਂ ਸੀ। ਬਲਵੰਤ ਸਿੰਘ ਨੇ ਕੈਨੇਡਾ ਪਹੁੰਚਦਿਆਂ ਹੀ ਇਸ ਗੱਲ ਦਾ ਨਿਸ਼ਚਾ ਕਰ ਲਿਆ ਕਿ ਉਹ ਆਪਣੇ ਦੇਸ਼ ਵਾਸੀਆਂ ਦੀ ਮਾੜੀ ਦਸ਼ਾ ਨੂੰ ਸੁਧਾਰਨ ਲਈ ਇੱਥੋਂ ਦੀ, ਇੰਗਲੈਂਡ ਦੀ, ਅਤੇ ਭਾਰਤ ਦੀ ਗੋਰੀ ਸਰਕਾਰ ਨਾਲ ਲੜੇਗਾ ਤੇ ਜੇ ਉਸਨੂੰ ਮਨੁੱਖੀ ਅਧਿਕਾਰਾਂ ਅਤੇ ਦੇਸ਼ ਦੀ ਆਜ਼ਾਦੀ ਲਈ ਆਪਣਾ ਜੀਵਨ ਵੀ ਕੁਰਬਾਨ ਕਰਨਾ ਪਏ ਤਾਂ ਉਹ ਪਿੱਛੇ ਨਹੀਂ ਹਟੇਗਾ।

ਪਰਵਾਸੀ ਭਾਰਤੀਆਂ ਦੇ ਮਨ ਵਿਚ ਦੋ ਗੱਲਾਂ ਬੜੀਆਂ ਸਪਸ਼ਟ ਸਨ। ਖਾਸ ਕਰਕੇ

Digitized by Panjab Digital Library | www.panjabdigilib.org

ਪੰਜਾਬ ਤੋਂ ਆਏ ਸਿੱਖ ਪਰਵਾਸੀ ਇਸ ਗੱਲ ਤੋਂ ਚਿੰਤਿਤ ਸਨ ਕਿ ਪ੍ਰਦੇਸਾਂ ਵਿਚ ਸਿੱਖੀ ਸਰੂਪ ਨੂੰ ਕਿਸ ਤਰ੍ਹਾਂ ਬਰਕਰਾਰ ਰਖਿਆ ਜਾਵੇ ਤਾਕਿ ਨੌਕਰੀ ਲਭਣ ਦੀ ਪ੍ਰੇਸ਼ਾਨੀ, ਉਨ੍ਹਾਂ ਨੂੰ ਪੱਛਮੀ ਪਹਿਰਾਵਾ ਅਤੇ ਸਰੂਪ ਧਾਰਨ ਕਰਨ ਲਈ ਮਜ਼ਬੂਰ ਨਾ ਕਰ ਦੇਵੇ। ਦੂਸਰੀ ਗੱਲ ਇਹ ਕਿ ਉਨ੍ਹਾਂ ਨੂੰ ਕਿਸੇ ਅਜੇਹੀ ਜਥੇਬੰਦੀ ਅਤੇ ਥਾਂ ਦੀ ਜ਼ਰੂਰਤ ਸੀ ਜਿੱਥੇ ਬੈਠਕੇ ਉਹ ਆਪਣੇ ਨਾਲ ਹੁੰਦੀਆਂ ਵਧੀਕੀਆਂ ਬਾਰੇ ਵਿਚਾਰ ਕਰ ਸਕਣ ਅਤੇ ਸਮਾਂ ਪੈਣ ਤੇ ਅੰਗਰੇਜ਼ ਹਕੂਮਤ ਵਿਰੁੱਧ ਖਲੋਣ ਅਤੇ ਉਸਨੂੰ ਵੰਗਾਰਣ ਦਾ ਸਾਹਸ ਕਰ ਸਕਣ। ਇਨ੍ਹਾਂ ਵਿਚਾਰਾਂ ਨੂੰ ਮੁੱਖ ਰਖਦਿਆਂ ਸ੍ਰ: ਬਲਵੰਤ ਸਿੰਘ, ਭਾਈ ਅਰਜਨ ਸਿੰਘ ਅਤੇ ਭਾਈ ਤਾਰਾ ਸਿੰਘ ਨੇ ਖਾਲਸਾ ਦੀਵਾਨ ਸੁਸਾਇਟੀ ਦੀ ਸਥਾਪਨਾ ਕੀਤੀ ਅਤੇ ਭਾਰਤੀ ਪਰਵਾਸੀਆਂ ਦੇ ਸਹਿਯੋਗ ਨਾਲ ਪੋਰਟ ਮੂਦੀ (ਵੈਨਕੂਵਰ) ਵਿਖੇ ਕਰਾਏ ਦੀ ਥਾਂ ਲੈਕੇ 22 ਜੁਲਾਈ 1906 ਨੂੰ ਉਸ ਧਰਤੀ ਤੇ ਪਹਿਲਾ ਗੁਰਦੁਆਰਾ ਸਥਾਪਿਤ ਕਰ ਦਿੱਤਾ। 19 ਜਨਵਰੀ 1908 ਨੂੰ ਜਦੋਂ ਗੁਰਦੁਆਰੇ ਦੀ ਨਵੀਂ ਇਮਾਰਤ ਬਣ ਕੇ ਤਿਆਰ ਹੋ ਗਈ ਤਾਂ ਭਾਈ ਬਲਵੰਤ ਸਿੰਘ ਨੂੰ ਇੱਥੋਂ ਦਾ ਪਹਿਲਾ ਗ੍ਰੰਥੀ ਨਿਯੁਕਤ ਕੀਤਾ ਗਿਆ। ਆਪਣੀ ਸਥਾਪਨਾ ਦੇ ਦਿਨ ਤੋਂ ਹੀ ਇਹ ਗੁਰਦੁਆਰਾ ਸਿੱਖੀ ਪ੍ਰਚਾਰ ਅਤੇ ਭਾਰਤੀ ਪਰਵਾਸੀਆਂ ਦੇ ਮਿਲ ਬੈਠਣ ਦਾ ਵੱਡਾ ਕੇਂਦਰ ਬਣ ਗਿਆ। ਇਥੇ ਹੋਣ ਵਾਲੀਆਂ ਸਾਰੀਆਂ ਮੀਟਿੰਗਾਂ ਧਾਰਮਿਕ ਨਹੀਂ ਸਨ ਹੁੰਦੀਆਂ ਸਗੋਂ ਪਰਵਾਸੀ ਭਾਰਤੀ ਆਪਣੀਆਂ ਸਮਸਿਆਵਾਂ ਅਤੇ ਦੇਸ਼ ਦੀ ਆਜ਼ਾਦੀ ਵਰਗੇ ਗੰਭੀਰ ਮਸਲਿਆਂ ਬਾਰੇ ਵੀ ਵਿਚਾਰ-ਵਟਾਂਦਰਾ ਕਰਦੇ ਅਤੇ ਆਪਣੀ ਰਣ-ਨੀਤੀ ਤਿਆਰ ਕਰਦੇ ਸਨ ਕਿ ਹੁਣ ਉਨ੍ਹਾਂ ਨੂੰ ਕੀ ਕਰਨਾ ਚਾਹੀਦਾ ਹੈ। ਇਸ ਗੁਰਦੁਆਰੇ ਵਿਚ ਹੋਣ ਵਾਲੀਆਂ ਮੀਟਿੰਗਾਂ ਦੇ ਸਬੰਧ ਵਿਚ ਡਾਕਟਰ ਹਰੀਸ਼ ਪੁਰੀ ਲਿਖਦਾ ਹੈ ਕਿ the dominant mood was anti British, defiant and militant.

1908-09 ਵਿਚ ਕੈਨੇਡਾ ਦੀ ਗੋਰੀ ਸਰਕਾਰ ਨੇ ਬ੍ਰਿਟਿਸ਼ ਕੋਲੰਬੀਆ ਵਿਚ ਵਸਣ ਵਾਲੇ ਸਾਰੇ ਭਾਰਤੀਆਂ ਨੂੰ, ਜਿਨ੍ਹਾਂ ਵਿਚ ਅਧਿਕਾਂਸ਼ ਪੰਜਾਬ ਤੋਂ ਗਏ ਹੋਏ ਸਿੱਖ ਪਰਵਾਸੀ ਸਨ, ਨੂੰ ਕੇਂਦਰੀ ਅਮਰੀਕਾ ਦੀ ਬ੍ਰਿਟਿਸ਼ ਕਾਲੋਨੀ ਹੋਂਡੂਰਾਸ ਵਿਚ ਭੇਜ ਦੇਣ ਦਾ ਵਿਵਾਦ ਖੜਾ ਕਰ ਦਿੱਤਾ। ਉਹ ਭਾਰਤੀਆਂ ਨੂੰ ਕੈਨੇਡਾ ਛੱਡ ਕੇ ਹੋਂਡੂਰਾਸ ਜਾ ਵੱਸਣ ਲਈ ਮਨਾਉਣਾ ਚਾਹੁੰਦੇ ਸਨ। ਭਾਰਤੀ ਪਰਵਾਸੀਆਂ ਨੂੰ ਇਹ ਕਿਹਾ ਗਿਆ ਕਿ ਨਵੀਂ ਥਾਂ ਤੇ ਉਨ੍ਹਾਂ ਦੀ ਉੱਨਤੀ ਦੇ ਮੌਕੇ ਵਧੇਰੇ ਅਤੇ ਪੌਣ ਪਾਣੀ ਵੀ ਵਧੇਰੇ ਚੰਗਾ ਸੀ। ਇਸ ਮਸਲੇ ਬਾਰੇ ਵਿਚਾਰ ਕਰਨ ਲਈ ਭਾਈ ਬਲਵੰਤ ਸਿੰਘ ਨੂੰ ਅਮਰੀਕਾ ਭੇਜਿਆ ਗਿਆ ਤਾਕਿ ਉੱਥੇ ਰਹਿ ਰਹੇ ਭਾਰਤੀ ਪਰਵਾਸੀਆਂ ਨਾਲ ਗੱਲ ਬਾਤ ਕਰਕੇ ਕੋਈ ਸਾਂਝਾ ਪ੍ਰੋਗ੍ਰਾਮ ਉਲੀਕਿਆ ਜਾ ਸਕੇ। ਤਿੰਨ ਮੈਂਬਰਾਂ ਦੀ ਇਕ ਟੋਲੀ ਹੋਂਡੂਰਾਸ ਵੀ ਭੇਜੀ ਗਈ ਤਾਂ ਜੁ ਉਹ ਉੱਥੋਂ ਦੀ ਧਰਤੀ ਅਤੇ ਪੌਣ-ਪਾਣੀ ਦਾ ਜਾਇਜ਼ਾ ਲੈ ਸਕਣ। ਕਮੇਟੀ ਦੀ ਰਿਪੋਰਟ ਮਿਲਣ ਤੇ ਪਤਾ ਲੱਗਾ ਕਿ ਇਹ ਥਾਂ ਕਿਸੇ ਵੀ ਤਰ੍ਹਾਂ ਆਬਾਦ ਹੋਣ ਦੇ ਯੋਗ ਨਹੀਂ ਸੀ। ਸ੍ਰ: ਬਲਵੰਤ ਸਿੰਘ ਅਤੇ ਸੰਤ ਤੇਜਾ ਸਿੰਘ ਨੇ ਭਾਰਤੀ ਮੂਲ ਦੇ ਲੋਕਾਂ ਨੂੰ ਸਾਫ਼ ਕਹਿ ਦਿੱਤਾ ਕਿ ਉਹ ਤਕੜੇ ਹੋਕੇ ਕੈਨੇਡੀਅਨ ਸਰਕਾਰ ਦੇ ਅਜੇਹੇ ਪ੍ਰੋਗ੍ਰਾਮ ਦਾ ਡੱਟਕੇ ਵਿਰੋਧ ਕਰਨ ਕਿ ਉਹ ਕਿਸੇ ਵੀ ਕੀਮਤ ਤੇ ਹੋਂਡੂਰਾਸ ਜਾਕੇ ਵਸਣ ਲਈ ਤਿਆਰ ਨਹੀਂ ਸਨ। ਇਸ ਪ੍ਰਚਾਰ ਦਾ ਅਸਰ ਇਹ ਹੋਇਆ ਕਿ ਭਾਰਤੀਆਂ ਤੋਂ ਛੁਟਕਾਰਾ ਪਾਉਣ ਦੀ ਕੈਨੇਡਾ ਦੀ ਇਹ ਚਾਲ ਅਤੇ ਸਕੀਮ ਸਫ਼ਲ ਹੋਣ ਤੋਂ ਪਹਿਲਾਂ ਹੀ ਫੇਲ੍ਹ ਹੋ ਗਈ।

1909 ਵਿਚ ਵੈਨਕੂਵਰ ਵਿਖੇ ਹਿੰਦੁਸਤਾਨ ਐਸੋਸੀਏਸ਼ਨ ਨਾਮ ਦੀ ਇਕ ਸੰਸਥਾ

Digitized by Panjab Digital Library | www.panjabdigilib.org

ਕਾਇਮ ਕੀਤੀ ਗਈ ਜਿਸਦਾ ਮੁੱਖ ਆਸ਼ਾ ਕੈਨੇਡੀਅਨ ਸਰਕਾਰ ਵਲੋਂ ਪਾਸ ਕੀਤੇ ਗਏ ਉਨ੍ਹਾਂ ਕਾਨੂੰਨਾਂ ਦਾ ਵਿਰੋਧ ਕਰਨਾ ਸੀ ਜਿਨ੍ਹਾਂ ਕਰਕੇ ਭਾਰਤੀ ਪਰਵਾਸੀਆਂ ਦੇ ਪ੍ਰਵੇਸ਼ ਉਪਰ ਸਖ਼ਤ ਪਾਬੰਦੀਆਂ ਲਗਾਈਆਂ ਗਈਆਂ ਸਨ। ਬਲਵੰਤ ਸਿੰਘ ਨੂੰ ਇਸ ਸੰਸਥਾ ਦਾ ਖਜ਼ਾਨਚੀ ਨਿਯੁਕਤ ਕੀਤਾ ਗਿਆ।

1911 ਵਿਚ ਸੁ: ਬਲਵੰਤ ਸਿੰਘ ਆਪਣੇ ਦੋ ਸਾਥੀਆਂ ਸ੍ਰ: ਭਾਗ ਸਿੰਘ ਭਿੱਖੀਵਿੰਡ ਅਤੇ ਸ੍ਰ: ਸੁੰਦਰ ਸਿੰਘ ਨਾਲ ਭਾਰਤ ਆਇਆ ਤੇ ਇਥੋਂ ਦੇ ਨੇਤਾਵਾਂ ਅਤੇ ਆਮ ਲੋਕਾਂ ਨੂੰ ਕੈਨੇਡਾ ਵਿਚ ਰਹਿ ਰਹੇ ਭਾਰਤੀਆਂ ਦੀ ਮਾੜੀ ਹਾਲਤ ਬਾਰੇ ਖੁਲ੍ਹਕੇ ਜਾਣਕਾਰੀ ਦਿੱਤੀ। ਉਸਨੇ ਕੈਨੇਡਾ ਵਿਚ ਰਹਿ ਰਹੇ ਭਾਰਤੀ ਲੋਕਾਂ ਦੀ ਦਸ਼ਾ ਨੂੰ ਸੁਧਾਰਨ ਲਈ ਇਥੋਂ ਦੇ ਰਾਸ਼ਟਰੀ ਨੇਤਾਵਾਂ ਅਤੇ ਲੋਕਾਂ ਦਾ ਸਹਿਯੋਗ ਮੰਗਿਆ ਕਿ ਉਹ ਇਨ੍ਹਾਂ ਮਸਲਿਆਂ ਨੂੰ ਭਾਰਤ ਦੀ ਅੰਗਰੇਜ਼ ਸਰਕਾਰ ਦੇ ਸਨਮੁੱਖ ਰੱਖ ਕੇ ਕੋਈ ਠੋਸ ਕਦਮ ਉਠਾਣ। ਪਰ ਲਗਦਾ ਹੈ ਕਿ ਅਜੇ ਦੇਸ਼ ਇਹੋ ਜਿਹੇ ਸੰਘਰਸ਼ ਲਈ ਤਿਆਰ ਨਹੀਂ ਸੀ। ਇਸ ਲਈ ਉਨ੍ਹਾਂ ਨੂੰ ਕਿਸੇ ਪਾਸੋਂ ਵੀ ਕੋਈ ਚੰਗਾ ਹੁੰਗਾਰਾ ਨਾ ਮਿਲਿਆ। ਉਹ ਕੁਝ ਸਮਾਂ ਭਾਰਤ ਠਹਿਰ ਕੇ ਆਪਣੇ ਪ੍ਰਵਾਰਾਂ ਸਮੇਤ ਕਲਕੱਤਾ ਤੋਂ ਕੈਨੇਡਾ ਲਈ ਰਵਾਨਾ ਹੋ ਗਏ।

ਭਾਰਤ ਤੋਂ ਆਉਣ ਵਾਲੇ ਨਵੇਂ ਪਰਵਾਸੀਆਂ ਤੇ ਰੋਕ ਲਗਾਣ ਲਈ ਕੈਨੇਡਾ ਦੀ ਸਰਕਾਰ ਨੇ ਇਕ ਕਾਨੂੰਨ ਪਾਸ ਕਰ ਰਖਿਆ ਸੀ ਕਿ ਕੈਨੇਡਾ ਵਿਚ ਕੇਵਲ ਉਨ੍ਹਾਂ ਨੂੰ ਹੀ ਪ੍ਰੇਵਸ਼ ਪਾਉਣ ਦੀ ਆਗਿਆ ਦਿੱਤੀ ਜਾਵੇਗੀ ਜੋ ਭਾਰਤ ਤੋਂ ਸਿੱਧੀ ਟਿਕਟ ਲੈਕੇ ਇਕੋ ਜਹਾਜ਼ ਵਿਚ ਸਫ਼ਰ ਕਰਕੇ ਕੈਨੇਡਾ ਪਹੁੰਚਣਗੇ। ਉਨ੍ਹਾਂ ਦਿਨਾਂ ਵਿਚ ਕੋਈ ਵੀ ਜਹਾਜ਼ੀ ਕੰਪਨੀ ਅਜੇਹੀ ਨਹੀਂ ਸੀ ਜਿਸਦੇ ਜਹਾਜ਼ ਸਿੱਧੇ ਕਲਕੱਤਾ ਜਾਂ ਹੋਰ ਬੰਦਰਗਾਹ ਤੋਂ ਚਲਕੇ ਕੈਨੇਡਾ ਪਹੁੰਚਦੇ ਹੋਣ। ਕਲਕੱਤਾ ਪਹੁੰਚਕੇ ਭਾਈ ਬਲਵੰਤ ਸਿੰਘ ਅਤੇ ਭਾਗ ਸਿੰਘ ਨੇ ਵੈਨਕੂਵਰ ਲਈ ਸਿੱਧੀ ਟਿਕਟ ਲੈਣੀ ਚਾਹੀ ਪਰ ਉਨ੍ਹਾਂ ਨੂੰ ਇਨਕਾਰ ਕਰ ਦਿੱਤਾ ਗਿਆ। ਸ੍ਰ: ਬਲਵੰਤ ਸਿੰਘ ਨੇ ਇਸ ਵਿਤਕਰੇ ਭਰੀ ਨੀਤੀ ਵਿਰੁੱਧ ਵਾਇਸਰਾਏ ਹਿੰਦ ਨੂੰ ਇਕ ਤਾਰ ਭੇਜੀ, ਪਰ ਉਸਦਾ ਕੋਈ ਉੱਤਰ ਨਾ ਆਇਆ। ਇਹ ਦੋਵੇਂ ਸਾਥੀ ਕਲਕੱਤੇ ਤੋਂ ਹਾਂਗ ਕਾਂਗ ਪਹੁੰਚੇ ਅਤੇ ਇਕ ਵਾਰ ਫਿਰ ਵੈਨਕੂਵਰ ਦੀ ਸਿੱਧੀ ਟਿਕਟ ਲੈਣੀ ਚਾਹੀ। ਵੈਨਕੂਵਰ ਦੀ ਸਿੱਧੀ ਟਿਕਟ ਤਾਂ ਨਾ ਮਿਲੀ ਪਰ ਬਲਵੰਤ ਸਿੰਘ ਆਪਣੇ ਪਰਿਵਾਰ (ਪਤਨੀ) ਸਮੇਤ ਉਸ ਜਹਾਜ਼ ਵਿਚ ਸੁਆਰ ਹੋ ਗਿਆ ਜੋ ਵੈਨਕੂਵਰ ਹੋਕੇ ਸਾਨਫ੍ਰਾਂਸਿਸਕੋ (ਅਮਰੀਕਾ) ਜਾ ਰਿਹਾ ਸੀ। ਵੈਨਕੂਵਰ ਪਹੁੰਚਣ ਤੇ ਭਾਈ ਬਲਵੰਤ ਸਿੰਘ ਅਤੇ ਭਾਈ ਭਾਗ ਸਿੰਘ ਨੂੰ ਤਾਂ ਬੰਦਰਗਾਹ ਤੇ ਉਤਰਨ ਦੀ ਇਜਾਜ਼ਤ ਮਿਲ ਗਈ ਪਰ ਇਨ੍ਹਾਂ ਦੇ ਪਰਿਵਾਰਾਂ (ਪਤਨੀ) ਨੂੰ ਜਹਾਜ਼ ਤੋਂ ਉਤਰਨ ਦੀ ਇਜਾਜ਼ਤ ਨਾ ਦਿੱਤੀ ਗਈ। ਆਖ਼ਰ ਲੰਮੇ ਵਾਦ ਵਿਵਾਦ ਅਤੇ ਝਗੜੇ ਮਗਰੋਂ ਇਮੀਗ੍ਰੇਸ਼ਨ ਮਹਿਕਮੇ ਨੇ ਇਨ੍ਹਾਂ ਦੇ ਪਰਿਵਾਰਾਂ ਨੂੰ ਆਰਜ਼ੀ ਤੌਰ ਤੇ ਇਹ ਕਹਿਕੇ ਕੈਨੇਡਾ ਵਿਚ ਪ੍ਰਵੇਸ਼ ਕਰਨ ਦੀ ਆਗਿਆ ਦੇ ਦਿੱਤੀ ਕਿ ਜੇ ਇਮੀਗ੍ਰੇਸ਼ਨ ਦੇ ਕੇਂਦਰੀ ਦਫਤਰ ਔਟਵਾ (Ottawa) ਤੋਂ ਇਨ੍ਹਾਂ ਨੂੰ ਦੇਸ਼ ਛੱਡ ਜਾਣ ਦਾ ਹੁਕਮ ਆ ਗਿਆ ਤਾਂ ਇਨ੍ਹਾਂ ਦੇ ਪਰਿਵਾਰਾਂ ਨੂੰ ਵਾਪਸ ਭਾਰਤ ਪਰਤ ਜਾਣਾ ਪਵੇਗਾ। ਪਰ ਇਕ ਵਾਰ ਵੈਨਕੂਵਰ ਵਿਖੇ ਫ਼ੈਮਿਲੀ ਦੇ ਪ੍ਰਵੇਸ਼ ਕਰ ਜਾਣ ਮਗਰੋਂ ਭਾਈ ਬਲਵੰਤ ਸਿੰਘ ਅਤੇ ਸ੍ਰ: ਭਾਗ ਸਿੰਘ ਭਿੱਖੀਵਿੰਡ ਕੈਨੇਡਾ ਦੀ ਸਰਕਾਰ ਦੀ ਕੋਈ ਸ਼ਰਤ ਮੰਨਣ ਲਈ ਤਿਆਰ ਨਹੀਂ ਸਨ।

ਇਹੀ ਕੁਝ ਹੋਰ ਭਾਰਤੀਆਂ ਨਾਲ ਵੀ ਹੋ ਰਿਹਾ ਸੀ, ਜਿਹੜੇ ਆਪਣੇ ਪਰਿਵਾਰਾਂ

Digitized by Panjab Digital Library | www.panjabdigilib.org

ਨੂੰ ਕੈਨੇਡਾ ਬੁਲਾਣਾ ਚਾਹੁੰਦੇ ਸਨ ਜਾਂ ਜਿਨ੍ਹਾਂ ਦੇ ਪਰਿਵਾਰ ਵੈਨਕੂਵਰ ਦੀ ਬੰਦਰਗਾਹ ਤੱਕ ਪਹੁੰਚਣ ਮਗਰੋਂ ਵੀ ਕੈਨੇਡਾ ਵਿਚ ਦਾਖ਼ਲ ਹੋਣ ਤੋਂ ਰੋਕ ਲਏ ਜਾਂਦੇ ਸਨ। ਇਹੋ ਜਿਹਾ ਵਤੀਰਾ ਹੋਰ ਆਜ਼ਾਦ ਦੇਸ਼ਾਂ ਤੋਂ ਆਏ ਪਰਵਾਸੀਆਂ ਨਾਲ ਨਹੀਂ ਸੀ ਕੀਤਾ ਜਾਂਦਾ। ਭਾਰਤੀ ਪਰਵਾਸੀ ਇਹ ਮਹਿਸੂਸ ਕਰਨ ਲਗ ਪਏ ਸਨ ਕਿ ਇਹ ਸਭ ਕੁਝ ਇਸ ਲਈ ਹੋ ਰਿਹਾ ਹੈ ਕਿ ਉਹ ਗੁਲਾਮ ਦੇਸ਼ ਦੇ ਨਾਗਰਿਕ ਹਨ। ਜਿਤਨੀ ਦੇਰ ਤਕ ਉਹ ਆਜ਼ਾਦ ਨਹੀਂ ਹੋ ਜਾਂਦੇ ਉਤਨੀ ਦੇਰ ਤਕ ਇਹ ਵਿਤਕਰੇ ਜਾਰੀ ਰਹਿਣਗੇ। 22 ਫਰਵਰੀ 1913 ਨੂੰ ਖਾਲਸਾ ਦੀਵਾਨ ਸੁਸਾਇਟੀ ਅਤੇ ਯੁਨਾਈਟਿਡ ਇੰਡੀਆ ਲੀਗ ਦੀ ਇਕ ਸਾਂਝੀ ਮੀਟਿੰਗ ਵਿਚ ਇਹ ਫ਼ੈਸਲਾ ਕੀਤਾ ਗਿਆ ਕਿ ਤਿੰਨ ਮੈਂਬਰਾਂ ਦਾ ਇਕ ਪ੍ਰਤੀਨਿਧੀ ਮੰਡਲ ਔਟਵਾ, ਲੰਡਨ ਅਤੇ ਭਾਰਤ ਭੇਜਿਆ ਜਾਵੇ ਤਾਕਿ ਅੰਗਰੇਜ਼ ਉੱਚ ਅਧਿਕਾਰੀਆਂ ਨਾਲ ਗੱਲਬਾਤ ਕਰਕੇ ਕੋਈ ਸਨਮਾਨ ਜਨਕ ਹੱਲ ਲਭਿਆ ਜਾ ਸਕੇ। ਇਸ ਪ੍ਰਤੀਨਿਧੀ ਮੰਡਲ ਲਈ ਸ੍ਰ: ਬਲਵੰਤ ਸਿੰਘ, ਸ੍ਰ: ਨਰਾਇਣ ਸਿੰਘ ਅਤੇ ਸ੍ਰ: ਨੰਦ ਸਿੰਘ ਨੂੰ ਨਿਯੁਕਤ ਕੀਤਾ ਗਿਆ।

ਇਹ ਪ੍ਰਤੀਨਿਧੀ ਮੰਡਲ ਪਹਿਲਾਂ ਔਟਵਾ ਅਤੇ ਫਿਰ ਇੰਗਲੈਂਡ ਗਿਆ। ਲੰਡਨ ਵਿਖੇ ਉਹ 14 ਮਈ 1913 ਨੂੰ ਉਪਨਵੇਸ਼ ਸਬੰਧੀ ਮਹਿਕਮੇ ਦੇ ਅੰਡਰ ਸੈਕਟਰੀ ਨੂੰ ਮਿਲੇ, ਪਰ ਉਸ ਨਾਲ ਹੋਈ ਗੱਲ ਬਾਤ ਕੋਈ ਸੰਤੋਸ਼ਜਨਕ ਨਾ ਰਹੀ। ਉਸੇ ਦਿਨ ਸ਼ਾਮ ਨੂੰ ਕੋਕਸਟਨ ਹਾਲ ਵੈਸਟ ਮਨਿਸਟਰ ਵਿਚ ਮੀਟਿੰਗ ਰਖੀ ਗਈ, ਜਿੱਥੇ ਆਰਡਰ ਇਨ ਕੌਂਸਲ 'ਨੰ : 920 ਤੇ 926' ਵਿਰੁੱਧ ਮਤੇ ਪਾਸ ਕੀਤੇ ਗਏ। ਆਰਡਰ ਇਨ ਕੌਂਸਲ ਨੰਬਰ 920 ਅਨੁਸਾਰ 'ਕੈਨੇਡਾ ਵਿਚ ਦਾਖ਼ਲੇ ਦੇ ਇੱਛੁਕ ਪਰਵਾਸੀ ਸਿੱਧੀ ਯਾਤਰਾ ਰਾਹੀਂ ਅਤੇ ਜਨਮ ਜਾਂ ਨਾਗਰਿਕਤਾ ਵਾਲੇ ਦੇਸ਼ ਤੋਂ ਲਈ ਟਿਕਟ ਰਾਹੀਂ ਹੀ' ਕੈਨੇਡਾ ਦਾਖ਼ਲ ਹੋ ਸਕਦੇ ਸਨ ਅਤੇ ਆਰਡਰ ਨੰ. 926 ਅਨੁਸਾਰ ਏਸ਼ਿਆਈ (ਵਿਸ਼ੇਸ਼ ਕਰਕੇ ਹਿੰਦੁਸਤਾਨੀ) ਨਸਲ ਦਾ ਕੋਈ ਪਰਵਾਸੀ ਉਦੋਂ ਹੀ ਕੈਨੇਡਾ ਇਚ ਦਾਖ਼ਲ ਹੋ ਸਕਦਾ ਸੀ ਜਿਸ ਕੋਲ 200 ਡਾਲਰ (600 ਰੁਪੈ) ਦੇ ਹੱਕਾਂ ਦੀ ਅਸਲੀ ਮਾਲਕੀ ਹੋਵੇ, ਸਿਵਾ ਉਨ੍ਹਾਂ ਏਸ਼ਿਆਈ ਦੇਸ਼ਾਂ ਦੇ ਵਸਨੀਕਾਂ ਦੇ ਜਿਨ੍ਹਾਂ ਨਾਲ ਕੈਨੇਡਾ ਸਰਕਾਰ ਨੇ ਕੋਈ ਵਖਰੀ ਸੰਧੀ ਕੀਤੀ ਹੋਈ ਸੀ। ਇਸ ਪ੍ਰਤੀਨਿਧੀ ਮੰਡਲ ਨੇ ਕੈਨੇਡਾ ਵਿਚਲੇ ਭਾਰਤੀਆਂ ਪ੍ਰਤੀ ਹਮਦਰਦੀ ਹਾਸਲ ਕਰਨ ਲਈ, ਬਾਅਦ ਵਿਚ ਭਾਰਤ ਦੀ ਯਾਤਰਾ ਵੀ ਕੀਤੀ। ਭਾਰਤ ਪਹੁੰਚਕੇ ਇਹ ਪ੍ਰਤੀਨਿਧੀ ਮੰਡਲ ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਸਰ ਮਾਈਕਲ ਓਡਵਾਇਰ ਅਤੇ ਭਾਰਤ ਦੇ ਗਵਰਨਰ ਜਨਰਲ ਨੂੰ ਵੀ ਮਿਲਿਆ। ਪਰ ਇਨ੍ਹਾਂ ਨੇ ਜਲਦੀ ਹੀ ਇਹ ਅਨੁਭਵ ਕਰ ਲਿਆ ਕਿ ਇਨ੍ਹਾਂ ਤਿਲਾਂ ਵਿਚ ਕੋਈ ਤੇਲ ਨਹੀਂ ਅਤੇ ਅੰਗਰੇਜ਼ਾਂ ਕੋਲੋਂ ਕਿਸੇ ਵੀ ਪ੍ਰਕਾਰ ਦੇ ਇਨਸਾਫ ਦੀ ਆਸ ਰਖਣੀ ਫਜ਼ੂਲ ਹੋਵੇਗੀ। ਹੋਰ ਤਾਂ ਹੋਰ ਜਦੋਂ ਇਹ ਮੈਂਬਰ ਭਾਰਤ ਦੇ ਵਾਇਸਰਾਏ ਲਾਰਡ ਹਾਰਡਿੰਗ ਨੂੰ ਮਿਲੇ ਤਾਂ ਉਸਨੇ ਵੀ ਕੂਟਨੀਤਿਕ ਢੰਗ ਨਾਲ ਕੈਨੇਡਾ ਵਿਚ ਵਸਦੇ ਭਾਰਤੀਆਂ ਦੀ ਕਿਸੇ ਵੀ ਤਰ੍ਹਾਂ ਸਹਾਇਤਾ ਕਰਨ ਤੋਂ ਆਪਣੀ ਅਸਮਰੱਥਾ ਪ੍ਰਗਟ ਕਰ ਦਿੱਤੀ। ਕੈਨੇਡਾ ਅਤੇ ਅਮਰੀਕਾ ਦੇ ਪੱਛਮੀ ਤੱਟ ਤੇ ਪੈਦਾ ਹੋਣ ਵਾਲੀ 'ਗਦਰ ਲਹਿਰ' ਇਹੋ ਜਹੇ ਹਾਲਾਤ ਦੀ ਹੀ ਉਪੱਜ ਸੀ ਜਿਸਦਾ ਨਿਸ਼ਾਨਾ ਕੇਵਲ ਤੇ ਕੇਵਲ ਭਾਰਤ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਆਜ਼ਾਦ ਕਰਾਉਣਾ ਸੀ।

ਉਸ ਸਮੇਂ ਦੇ ਅਖਬਾਰਾਂ ਵਿਚ ਛੱਪਣ ਵਾਲੀਆਂ ਖਬਰਾਂ, ਇੰਡੀਅਨ ਸੈਡੀਸ਼ਨ ਕਮੇਟੀ ਦੀ ਰਿਪੋਰਟ ਅਤੇ ਸਰ ਮਾਈਕਲ ਓ ਡਵਾਇਰ ਦੁਆਰਾ ਰਚਿਤ 'ਇੰਡੀਆ ਆਈ

Digitized by Panjab Digital Library | www.panjabdigilib.org

ਕਮੇਟੀ ਦੀ ਰਿਪੋਰਟ ਅਤੇ ਸਰ ਮਾਈਕਲ ਓ ਡਵਾਇਰ ਦੁਆਰਾ ਰਚਿਤ 'ਇੰਡੀਆ ਆਈ ਨਿਊ ਇੱਟ' ਤੋਂ ਇਹ ਪਤਾ ਚਲਦਾ ਹੈ ਕਿ ਜਿਥੇ ਇਹ ਪ੍ਰਤੀਨਿਧੀ ਮੰਡਲ ਅੰਗਰੇਜ਼ ਅਧਿਕਾਰੀਆਂ ਕੋਲੋਂ ਇਨਸਾਫ਼ ਅਤੇ ਆਪਣੇ ਅਧਿਕਾਰਾਂ ਦੀ ਮੰਗ ਕਰਨ ਆਇਆ ਸੀ ਉਥੇ ਨਾਲ ਹੀ ਨਾਲ ਉਹ ਭਾਰਤੀ ਲੋਕਾਂ ਵਿਚ (ਵਿਸ਼ੇਸ਼ ਕਰਕੇ ਪੰਜਾਬ ਵਿਚ) 'ਗ਼ਦਰ' ਦਾ ਆਧਾਰ ਵੀ ਤਿਆਰ ਕਰਨ ਆਏ ਸਨ ਤਾਕਿ ਯੋਗ ਸਮਾਂ ਆਉਣ ਤੇ ਉਹ ਅੰਗਰੇਜ਼ਾਂ ਵਿਰੁੱਧ ਸਸ਼ਸ਼ਤ੍ਰ ਕ੍ਰਾਂਤੀ ਵਿਚ ਭਾਗ ਲੈਕੇ ਦੇਸ਼ ਨੂੰ ਆਜ਼ਾਦ ਕਰਵਾ ਸਕਣ। ਇਸ ਡੈਲੀਗੇਸ਼ਨ ਦਾ ਸਰਕਰਦਾ ਮੈਂਬਰ ਭਾਈ ਬਲਵੰਤ ਸਿੰਘ ਕੈਨੇਡੀਅਨ ਸੀ। ਇਸ ਤੱਥ ਦੀ ਪੁਸ਼ਟੀ ਓ ਡਵਾਇਰ ਨੇ ਇਸ ਤਰ੍ਹਾਂ ਕੀਤੀ ਹੈ ਕਿ 'ਉਹ ਸੱਚਮੁੱਚ ਗ਼ਦਰ ਪਾਰਟੀ ਦੇ ਅਗੇਤਰ ਏਜੰਟ ਸਨ, ਭਾਵੇਂ ਅਸੀਂ ਉਸ ਸਮੇਂ ਇਹ ਨਹੀਂ ਜਾਣ ਸਕੇ।' ਪੰਜਾਬ ਵਿਚ ਆਪਣੇ ਗ਼ਦਰ ਸਬੰਧੀ ਵਿਚਾਰਾਂ ਦਾ ਪ੍ਰਚਾਰ ਕਰਕੇ ਇਹ ਡੈਲੀਗੇਸ਼ਨ ਵਾਪਸ ਕੈਨੇਡਾ ਪਰਤ ਗਿਆ।

ਭਾਰਤ ਤੋਂ ਵਾਪਸ ਪਰਤਦੇ ਸਮੇਂ ਇਹ ਪ੍ਰਤੀਨਿਧੀ ਮੰਡਲ ਮਲਾਇਆ, ਚੀਨ ਅਤੇ ਜਾਪਾਨ ਰੁਕਿਆ। ਉਨ੍ਹਾਂ ਨੂੰ ਆਪਣੀ ਹਰ ਸਮਸਿਆ ਦਾ ਹਲ ਕੇਵਲ ਦੇਸ਼ ਦੀ ਆਜ਼ਾਦੀ ਹਾਸਲ ਕਰਨ ਵਿਚ ਹੀ ਦਿਖਾਈ ਦੇ ਰਿਹਾ ਸੀ। ਉਹ ਇਨ੍ਹਾਂ ਦੇਸ਼ਾਂ ਵਿਚ ਵਸਣ ਵਾਲੇ ਭਾਰਤੀਆਂ ਨੂੰ ਮਿਲੇ ਅਤੇ ਉਨ੍ਹਾਂ ਨੂੰ 'ਗ਼ਦਰ' ਦੀ ਵਿਚਾਰਧਾਰਾ ਤੋਂ ਅਵਗਤ ਕਰਾਇਆ। ਸ੍ਰ: ਬਲਵੰਤ ਸਿੰਘ 19 ਅਪ੍ਰੈਲ 1914 ਨੂੰ ਕਾਮਗਾਟਾ ਮਾਰੂ ਜਹਾਜ਼ ਦੇ ਮੁਸਾਫਰਾਂ ਨੂੰ ਜਾਪਾਨ ਦੀ ਬੰਦਰਗਾਹ ਮੂਗੀ ਤੇ ਮਿਲਿਆ। ਇਹ ਜਹਾਜ਼ ਕੈਨੇਡਾ ਦੇ ਸ਼ਹਿਰ ਵੈਨਕੂਵਰ ਲਈ ਚਲਣ ਵਾਲਾ ਸੀ। ਭਾਈ ਬਲਵੰਤ ਸਿੰਘ ਨੇ ਨਾ ਸਿਰਫ ਇਸ ਜਹਾਜ਼ ਦੇ ਖਰਚ ਲਈ ਕੁਝ ਫੰਡ ਹੀ ਇਕੱਤਰ ਕੀਤਾ ਸਗੋਂ ਉਸਨੇ ਮੁਸਾਫਰਾਂ ਨੂੰ ਇਹ ਵੀ ਕਿਹਾ ਕਿ ਜੇ ਕੈਨੇਡਾ ਦੀ ਸਰਕਾਰ ਉਨ੍ਹਾਂ ਨੂੰ ਵੈਨਕੂਵਰ ਉਤਰਨ ਦੀ ਇਜਾਜ਼ਤ ਨਾ ਦੇਵੇ ਤਾਂ ਉਹ ਉਨ੍ਹਾਂ ਦੇ ਪੱਖਪਾਤੀ ਨਿਯਮਾਂ ਵਿਰੁੱਧ ਡੱਟ ਜਾਣ। ਭਾਈ ਬਲਵੰਤ ਸਿੰਘ ਨੇ ਇਸ ਜਹਾਜ਼ ਵਿਚ ਜਾਪਾਨ ਦੀ ਕੋਬੇ ਬੰਦਰਗਾਹ ਤਕ ਸਫ਼ਰ ਕੀਤਾ। ਅਗਲੇ ਸਫ਼ਰ ਲਈ ਉਹ ਦੂਸਰਾ ਜਹਾਜ਼ ਲੈਕੇ ਵੈਨਕੂਵਰ ਜਾ ਪਹੁੰਚਿਆ। ਕਾਮਾਗਾਟਾ ਮਾਰੂ ਜਹਾਜ਼ 22 ਮਈ 1914 ਨੂੰ ਵੈਨਕੂਵਰ ਪਹੁੰਚਿਆ ਸੀ।

ਵੈਨਕੂਵਰ ਪਹੁੰਚਣ ਤੇ ਜਹਾਜ਼ ਦੇ ਮੁਸਾਫਰਾਂ ਨਾਲ ਉਹੀ ਕੁਝ ਹੋਇਆ ਜਿਸਦੀ ਆਸ ਸੀ। ਉਨ੍ਹਾਂ ਨੂੰ ਬੰਦਰਗਾਹ ਤੋਂ ਦੂਰ ਜਹਾਜ ਵਿਚ ਹੀ ਰੋਕ ਲਿਆ ਗਿਆ ਅਤੇ ਭਾਰਤ ਵਾਪਸ ਪਰਤ ਜਾਣ ਦੇ ਆਦੇਸ਼ ਜਾਰੀ ਕਰ ਦਿੱਤੇ ਗਏ। ਵੈਨਕੂਵਰ ਵਿਚ ਵਸਦੇ ਭਾਰਤੀਆਂ ਨੇ ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫਰਾਂ ਦੀ ਸਹਾਇਤਾ ਕਰਨ ਲਈ ਇਕ 'ਸ਼ੋਰ ਕਮੇਟੀ' ਦਾ ਗਠਨ ਕੀਤਾ ਜਿਸਦੇ ਪ੍ਰਮੁੱਖ ਮੈਂਬਰਾਂ ਵਿਚ ਭਾਈ ਬਲਵੰਤ ਸਿੰਘ ਅਤੇ ਸੋਹਨ ਲਾਲ ਪਾਠਕ ਸ਼ਾਮਲ ਸਨ। ਸ਼ੋਰ ਕਮੇਟੀ ਅਤੇ ਬਾਬਾ ਗੁਰਦਿੱਤ ਸਿੰਘ ਦੇ ਅਣੱਥਕ ਜਤਨਾਂ ਦੇ ਬਾਵਜੂਦ ਕਾਮਾਗਾਟਾ ਮਾਰੂ ਜਹਾਜ਼ ਨੂੰ ਵਾਪਸ ਪਰਤਣਾ ਪੈ ਗਿਆ। ਇਸ ਜਹਾਜ਼ ਨੂੰ ਵਾਪਸ ਭੇਜਣ ਵਿਚ ਬ੍ਰਿਟਿਸ਼ ਕੋਲੰਬੀਆ ਵਿੱਚ ਤੈਨਾਤ ਅੰਗਰੇਜ਼ ਅਫਸਰ ਵਿਲੀਅਮ ਹੌਪਕਿਨਸਨ ਦਾ ਬੜਾ ਵੱਡਾ ਹੱਥ ਸੀ। ਭਾਰਤੀ ਪ੍ਰਵਾਸੀ ਉਸਦੀਆਂ ਸਖ਼ਤੀਆਂ ਅਤੇ ਬਦ-ਜ਼ਬਾਨੀ ਤੋਂ ਬਹੁਤ ਪ੍ਰੇਸ਼ਾਨ ਸਨ। ਕਾਮਾਗਾਟਾ ਮਾਰੂ ਦੇ ਪਰਤ ਜਾਣ ਮਗਰੋਂ ਭਾਰਤੀਆਂ ਨੇ ਉਸ ਅਫਸਰ ਨੂੰ ਆਪਣੇ ਰਾਹ ਚੋਂ ਹਟਾ ਦੇਣ ਦਾ ਨਿਸ਼ਚਾ ਕਰ ਲਿਆ। 21 ਅਕਤੂਬਰ 1914 ਨੂੰ ਜਦੋਂ ਹੌਪਕਿਨਸਨ ਕਿਸੇ ਕੇਸ ਵਿਚ ਗਵਾਹੀ ਦੇਣ ਲਈ ਕਚਹਿਰੀ ਪਹੁੰਚਿਆ ਹੋਇਆ ਸੀ ਤਾਂ 'ਸ਼ਹੀਦ' ਮੇਵਾ ਸਿੰਘ ਨੇ ਗੋਲੀ ਮਾਰ ਕੇ ਉਸਨੂੰ

Digitized by Panjab Digital Library | www.panjabdigilib.org

ਪਾਰ ਬੁਲਾ ਦਿੱਤਾ।

ਇਤਨੇ ਵੱਡੇ ਅਫਸਰ ਦਾ ਕਚਹਿਰੀ ਵਿਚ ਕਤਲ ਕਰ ਦਿੱਤਾ ਜਾਣਾ ਕੈਨੇਡੀਅਨ ਸਰਕਾਰ ਲਈ ਬੜੀ ਵੱਡੀ ਵੰਗਾਰ ਸੀ। ਦੋਸ਼ੀਆਂ ਨੂੰ ਪਕੜ੍ਹਣ ਲਈ ਉਨ੍ਹਾਂ ਭਾਰਤੀ ਪ੍ਰਵਾਸੀਆਂ ਨੂੰ ਪਕੜਣਾ ਸ਼ੁਰੂ ਕਰ ਦਿੱਤਾ ਜਿਨ੍ਹਾਂ ਉਪਰ ਅਧਿਕਾਰੀਆਂ ਨੂੰ ਸ਼ੱਕ ਸੀ। ਸ੍ਰ: ਮੇਵਾ ਸਿੰਘ ਜਿਸਨੇ ਗੋਲੀ ਚਲਾਈ ਸੀ, ਤੋਂ ਛੁੱਟ ਸ੍ਰ: ਬਲੰਵਤ ਸਿੰਘ ਅਤੇ ਕਈ ਹੋਰ ਭਾਰਤੀ ਯੁਵੱਕ ਗ੍ਰਿਫਤਾਰ ਕਰ ਲਏ ਗਏ। ਸ੍ਰ: ਮੇਵਾ ਸਿੰਘ ਨੇ ਹੌਪਕਿਨਸਨ ਦੇ ਕਤਲ ਦੀ ਜ਼ਿੰਮੇਵਾਰੀ ਆਪਣੇ ਸਿਰ ਲੈਂਦਿਆਂ ਕਿਹਾ ਕਿ 'ਮੇਰਾ ਧਰਮ ਤੇ ਮੇਰੀ ਜ਼ਮੀਰ ਇਸ ਗੱਲ ਦੀ ਇਜਾਜ਼ਤ ਨਹੀਂ ਸੀ ਦੇਂਦੀ ਕਿ ਕੋਈ ਜ਼ਾਲਮ ਅਧਿਕਾਰੀ ਬੇਵੱਸ ਤੇ ਬੇਜ਼ਾਰ ਲੋਕਾਂ ਤੇ ਮਨ ਮਰਜ਼ੀ ਨਾਲ ਜ਼ੁਲਮ ਕਰੀ ਜਾਵੇ ਤੇ ਉਸਨੂੰ ਆਪਣੇ ਕੀਤੇ ਤੇ ਪਛਤਾਵਾ ਵੀ ਨਾ ਹੋਵੇ। ਬੱਸ ਮੈਂ ਆਪਣਾ ਧਰਮ ਸਮਝ ਕੇ ਉਸਨੂੰ ਅਗਲੇ ਰਾਹ ਤੋਰ ਦਿੱਤਾ ਹੈ।' ਹੌਪਕਿਨਸਨ ਦੇ ਕਤਲ ਦੇ ਜੁਰਮ ਵਿਚ ਸ੍ਰ: ਮੇਵਾ ਸਿੰਘ ਨੂੰ 11 ਜਨਵਰੀ 1915 ਨੂੰ ਵੈਨਕੂਵਰ ਵਿਖੇ ਫਾਂਸੀ ਦੇ ਦਿੱਤੀ ਗਈ। ਇਸ ਜੁਰਮ ਵਿਚ ਸ਼ਾਮਲ ਹੋਣ ਸਬੰਧੀ ਸ੍ਰ: ਬਲਵੰਤ ਸਿੰਘ ਵਿਰੁੱਧ ਕੋਈ ਠੋਸ ਸਬੂਤ ਨਾ ਮਿਲਣ ਕਰਕੇ ਉਸਨੂੰ ਦੋ ਮਹੀਨੇ ਮਗਰੋਂ ਰਿਹਾ ਕਰ ਦਿੱਤਾ ਗਿਆ। ਬੇਸ਼ਕ ਇਸ ਕੇਸ ਵਿਚ ਬਲਵੰਤ ਸਿੰਘ ਬਰੀ ਹੋ ਗਿਆ ਪਰ ਕੈਨੇਡਾ ਦੀ ਸਰਕਾਰ ਹੱਥ ਧੋਕੇ ਉਸ ਦੇ ਪਿੱਛੇ ਪੈ ਗਈ। ਉਨ੍ਹਾਂ ਨੇ ਸ੍ਰ: ਬਲਵੰਤ ਸਿੰਘ ਤੇ ਉਸਦੇ ਪਰਿਵਾਰ ਦਾ ਉੱਥੇ ਟਿਕੇ ਰਹਿਣਾ ਦੁਸ਼ਵਾਰ ਕਰ ਦਿੱਤਾ। ਆਖਰ ਉਸਨੂੰ ਕੈਨੇਡਾ ਛੱਡ ਜਾਣ ਦਾ ਹੁਕਮ ਦੇ ਦਿੱਤਾ ਗਿਆ। ਉਨ੍ਹਾਂ ਦਿਨਾਂ ਵਿਚ ਪਹਿਲੀ ਵਿਸ਼ਵ ਜੰਗ (1914-1918) ਸ਼ੁਰੂ ਹੋ ਚੁੱਕੀ ਸੀ।

1915 ਦੇ ਸ਼ੁਰੂ ਵਿਚ ਬਲਵੰਤ ਸਿੰਘ ਆਪਣੀ ਪਤਨੀ ਸਮੇਤ ਕੈਨੇਡਾ ਤੋਂ ਚਲਕੇ ਸ਼ੰਘਾਈ ਪਹੁੰਚਿਆ। ਇੱਥੇ ਉਨ੍ਹਾਂ ਦੇ ਘਰ ਇਕ ਪੁੱਤਰ ਨੇ ਜਨਮ ਲਿਆ ਪਰ ਕੁਝ ਦਿਨ ਮਗਰੋਂ ਉਸਦੀ ਮੌਤ ਹੋ ਗਈ। ਭਾਈ ਬਲਵੰਤ ਸਿੰਘ ਨੇ ਆਪਣੀ ਪਤਨੀ ਨੂੰ ਆਪਣੇ ਇਕ ਸਾਥੀ ਭਾਈ ਕਰਤਾਰ ਸਿੰਘ ਨਾਲ ਹਿੰਦੁਸਤਾਨ ਭੇਜ ਦਿੱਤਾ ਤੇ ਉਹ ਆਪ ਦੱਖਣ ਪੂਰਬੀ ਦੇਸ਼ਾਂ ਵਿਚ 'ਗ਼ਦਰ' ਅਤੇ ਭਾਰਤ ਦੀ ਆਜ਼ਾਦੀ ਦਾ ਪ੍ਰਚਾਰ ਕਰਨ ਲਈ ਉਥੇ ਹੀ ਠਹਿਰ ਗਿਆ। ਬਹੁਤ ਸਾਰੇ ਭਾਰਤੀ ਪਹਿਲਾਂ ਹੀ ਇਥੇ ਜਰਮਨ ਗੁਪਤ ਅਜੰਸੀਆਂ ਨਾਲ ਮਿਲ ਕੇ ਅੰਗਰੇਜ਼ਾਂ ਨੂੰ ਭਾਰਤ ਵਿਚੋਂ ਕੱਢਣ ਦਾ ਪ੍ਰੋਗ੍ਰਾਮ ਬਣਾ ਰਹੇ ਸਨ। ਬਲਵੰਤ ਸਿੰਘ ਦੇ ਇੱਥੇ ਪਹੁੰਚ ਜਾਣ ਨਾਲ ਉਨ੍ਹਾਂ ਨੂੰ ਬੜਾ ਉਤਸ਼ਾਹ ਮਿਲਿਆ। ਉਨ੍ਹਾਂ ਨੇ ਸਿਆਮ-ਬਰ੍ਹਮਾ ਨਾਮ ਦੀ ਇਕ ਸਕੀਮ ਤਿਆਰ ਕੀਤੀ ਜਿਸਦੇ ਅੰਤਰਗਤ ਜਰਮਨ ਸੈਨਿਕਾਂ ਨੇ 10,000 ਭਾਰਤੀਆਂ ਨੂੰ ਚਾਂਦਗਈ (ਸਿਆਮ) ਦੇ ਜੰਗਲਾਂ ਵਿਚ ਨਾ ਸਿਰਫ ਟ੍ਰੇਨਿੰਗ ਹੀ ਦੇਣੀ ਸੀ ਸਗੋਂ ਹਥਿਆਰ ਆਦਿ ਦੇਕੇ ਭਾਰਤ ਵਲ ਰਵਾਨਾ ਕਰਨਾ ਸੀ। ਇਸ ਸਕੀਮ ਦੇ ਸਰਪ੍ਰਸਤਾਂ ਵਿਚ ਸ੍ਰ: ਬਲਵੰਤ ਸਿਘ ਕੈਨੇਡੀਅਨ ਤੋਂ ਛੁੱਟ ਸੋਹਨ ਲਾਲ ਪਾਠਕ, ਹਰਨਾਮ ਸਿੰਘ ਕਾਹਰੀ, ਸ੍ਰ: ਸੰਤੋਖ ਸਿੰਘ, ਗਿਆਨੀ ਭਗਵਾਨ ਸਿੰਘ ਅਤੇ ਜੋਧ ਸਿੰਘ (ਜੋ ਮਗਰੋਂ ਵਾਇਦਾ ਮੁਆਫ ਗੁਆਹ ਬਣਕੇ) ਅੰਗਰੇਜ਼ ਅਧਿਕਾਰੀਆਂ ਨਾਲ ਜਾ ਮਿਲਿਆ ਸੀ, ਆਦਿ ਸ਼ਾਮਲ ਸਨ । ਇਸ ਤਰ੍ਹਾਂ ਇਹ ਯੋਜਨਾ ਅਮਲੀ ਜਾਮਾ ਪਹਿਨਣ ਤੋਂ ਪਹਿਲੇ ਹੀ ਅਸਫਲ ਹੋ ਗਈ।

ਜੁਲਾਈ 1915 ਵਿਚ ਭਾਈ ਬਲਵੰਤ ਸਿੰਘ ਸ਼ੰਘਾਈ ਤੋਂ ਬੈਂਕਾਕ (ਥਾਈ ਲੈਂਡ)

Digitized by Panjab Digital Library | www.panjabdigilib.org

ਤੋਂ ਪਹਿਲਾਂ ਹੀ ਉਹ ਜਹਾਜ਼ ਵਿਚ ਸਖ਼ਤ ਬੀਮਾਰ ਹੋ ਗਿਆ। ਬੀਮਾਰੀ ਕਾਰਨ ਜਹਾਜ਼ ਤੋਂ ਉਤਰਦਿਆਂ ਹੀ ਉਸਨੂੰ ਹਸਪਤਾਲ ਪਹੁੰਚਾਇਆ ਗਿਆ। ਇੱਥੇ ਕਿਸੇ ਅਨਾੜੀ ਡਾਕਟਰ ਨੇ ਇਨ੍ਹਾਂ ਨੂੰ ਕਲੋਰੋਫ਼ਾਰਮ ਸੁੰਘਾਏ ਬਗ਼ੈਰ ਹੀ ਇਨ੍ਹਾਂ ਦਾ ਔਪਰੇਸ਼ਨ ਕਰ ਦਿੱਤਾ। ਔਪਰੇਸ਼ਨ ਦੌਰਾਨ ਇਨ੍ਹਾਂ ਨੂੰ ਬੜੀ ਤਕਲੀਫ਼ ਸਹਿਣੀ ਪਈ, ਪਰ ਦਿਲ ਦੇ ਮਜ਼ਬੂਤ ਹੋਣ ਕਰਕੇ ਅਤੇ ਬਾਣੀ ਪੜ੍ਹਦਿਆਂ ਇਹ ਸਭ ਕੁਝ ਜਰ ਗਏ। ਅਜੇ ਬਲਵੰਤ ਸਿੰਘ ਪੂਰੀ ਤਰ੍ਹਾਂ ਤੰਦਰੁਸਤ ਵੀ ਨਹੀਂ ਸੀ ਹੋਇਆ ਕਿ ਉਸਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ। ਹਸਪਤਾਲ ਚੋਂ ਬਾਹਰ ਨਿਕਲਦਿਆਂ ਹੀ ਬੈਂਕਾਕ ਦੇ ਅਧਿਕਾਰੀਆਂ ਨੇ ਇਨ੍ਹਾਂ ਨੂੰ ਗ਼ਦਰ ਦਾ ਪ੍ਰਚਾਰ ਕਰਨ ਅਤੇ ਭਾਰਤੀਆਂ ਨੂੰ ਅੰਗਰੇਜ਼ੀ ਸਰਕਾਰ ਵਿਰੁੱਧ ਭੜਕਾਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕਰ ਲਿਆ। ਬੈਂਕਾਕ ਵਿਚ ਰਹਿ ਰਹੇ ਭਾਰਤੀਆਂ ਨੇ ਇਨ੍ਹਾਂ ਨੂੰ ਜ਼ਮਾਨਤ ਤੇ ਰਿਹਾ ਕਰਵਾਉਣ ਦੀ ਬੜੀ ਕੋਸ਼ਿਸ਼ ਕੀਤੀ ਪਰ ਬੈਂਕਾਕ ਦੇ ਅਧਿਕਾਰੀਆਂ ਨੇ ਭਾਰਤ ਦੀ ਅੰਗਰੇਜ਼ ਸਰਕਾਰ ਨੂੰ ਖੁਸ਼ ਕਰਨ ਦੇ ਉਦੇਸ਼ ਨਾਲ ਭਾਈ ਬਲਵੰਤ ਸਿੰਘ ਨੂੰ ਅੰਗਰੇਜ਼ਾਂ ਦੇ ਹਵਾਲੇ ਕਰ ਦਿੱਤਾ।

ਬੈਂਕਾਕ ਤੋਂ ਭਾਈ ਬਲਵੰਤ ਸਿੰਘ ਨੂੰ ਸਿੰਘਾਪੁਰ (ਮਲਾਇਆ) ਲਿਆਂਦਾ ਗਿਆ। ਇੱਥੇ ਕੁਝ ਦਿਨ ਰੱਖਣ ਮਗਰੋਂ ਉਨ੍ਹਾਂ ਨੂੰ ਭਾਰਤ ਭੇਜ ਦਿੱਤਾ ਗਿਆ।


ਭਾਰਤ ਪਹੁੰਚਣ ਤੇ ਭਾਈ ਬਲਵੰਤ ਸਿੰਘ ਨੂੰ ਲਾਹੌਰ ਸੈਂਟਰਲ ਜੇਲ੍ਹ ਲਿਆਂਦਾ ਗਿਆ ਜਿੱਥੇ ਇਨ੍ਹਾਂ ਤੇ ਲਾਹੌਰ ਸਾਜਸ਼ ਕੇਸ ਤੀਜਾ ਅਤੇ ਲਾਹੌਰ ਦੂਜਾ ਪੂਰਕ ਸਾਜਸ਼ ਕੇਸ ਦੇ ਤਹਿਤ ਮੁਕੱਦਮਾ ਚਲਾਇਆ ਗਿਆ। ਇਹ ਮੁੱਕਦਮਾ 24 ਦਿਨ ਤਕ ਚਲਦਾ ਰਿਹਾ ਤੇ ਅਖ਼ੀਰ ਜਨਵਰੀ 1916 ਨੂੰ ਇਨ੍ਹਾਂ ਨੂੰ ਫਾਂਸੀ ਦੀ ਸਜ਼ਾ ਅਤੇ ਜਾਇਦਾਦ ਜ਼ਬਤੀ ਦਾ ਹੁਕਮ ਸੁਣਾ ਦਿੱਤਾ ਗਿਆ। ਭਾਈ ਬਲਵੰਤ ਸਿੰਘ ਨੂੰ 30 ਮਾਰਚ 1916 ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਫਾਂਸੀ ਦੇ ਦਿੱਤੀ ਗਈ। ਐਨਸਾਈਕਲੋਪੀਡੀਆ ਆਫ਼ ਸਿੱਖ ਇਜ਼ਮ ਵਿਚ ਇਨ੍ਹਾਂ ਦੀ ਸ਼ਹਾਦਤ 1917 ਵਿਚ ਹੋਈ ਲਿਖੀ ਹੈ।

ਗਿਆਨੀ ਗੁਰਮੁੱਖ ਸਿੰਘ ਮੁਸਾਫਰ ਜਿਹੜੇ ਕਿ 1923 ਵਿਚ ਸੈਂਟਰਲ ਜੇਲ੍ਹ ਲਾਹੌਰ ਵਿਚ ਕੈਦ ਸਨ, ਉਨ੍ਹਾਂ ਨੂੰ ਇਕ ਬੁੱਢੇ ਪਠਾਨ ਕੈਦੀ ਨੇ ਦਸਿਆ ਸੀ ਕਿ ਜੇਲ੍ਹ ਵਿਚ ਭਾਈ ਬਲਵੰਤ ਸਿੰਘ ਨਾਲ ਬੜਾ ਮਾੜਾ ਸਲੂਕ ਕੀਤਾ ਜਾਂਦਾ ਸੀ। ਉਸਨੂੰ ਪੱਗ ਤਕ ਵੀ ਬੰਨ੍ਹਣ ਦੀ ਇਜਾਜ਼ਤ ਨਹੀਂ ਸੀ। ਇਕ ਵਾਰ ਕਿਸੇ ਕੈਦੀ ਨੇ ਜੇਲ੍ਹ ਕਰਮਚਾਰੀਆਂ ਦੇ ਸਿਖਾਏ ਤੇ ਇਨ੍ਹਾਂ ਦੀ ਦਸਤਾਰ ਵਿਚ ਅਫ਼ੀਮ ਰੱਖ ਦਿੱਤੀ ਤਾਕਿ ਇਨ੍ਹਾਂ ਵਿਰੁੱਧ ਦਰਜ ਕੇਸਾਂ ਵਿਚ ਹੋਰ ਵਾਧਾ ਕੀਤਾ ਜਾ ਸਕੇ। ਪਰ ਮਗਰੋਂ ਉਸ ਕੈਦੀ ਨੇ ਜੱਜ ਦੇ ਸਨਮੁਖ ਇਸ ਗੱਲ ਦਾ ਇਕਬਾਲ ਕਰ ਲਿਆ ਸੀ ਕਿ ਅਜਿਹਾ ਉਸਨੇ ਜੇਲ੍ਹ ਦੇ ਕਿਸੇ ਕਰਮਚਾਰੀ ਦੇ ਕਹਿਣ ਅਤੇ ਲਾਲਚ ਵਿਚ ਆਕੇ ਕੀਤਾ ਸੀ। ਜਦੋਂ ਸ੍ਰ: ਬਲਵੰਤ ਸਿੰਘ ਦੀ ਪਤਨੀ ਆਖ਼ਰੀ ਵਾਰ ਉਨ੍ਹਾਂ ਨੂੰ ਮਿਲਣ ਲਈ ਲਾਹੌਰ ਸੈਂਟਰਲ ਜੇਲ੍ਹ ਪਹੁੰਚੀ ਤਾਂ ਉਸਨੂੰ ਇਹ ਜਾਣ ਕੇ ਬੜਾ ਦੁੱਖ ਹੋਇਆ ਕਿ ਉਨ੍ਹਾਂ ਨੂੰ ਇਕ ਦਿਨ ਪਹਿਲਾਂ ਹੀ ਫਾਂਸੀ ਦੇ ਦਿੱਤੀ ਗਈ ਸੀ। ਜੇਲ੍ਹ ਦੇ ਬਾਕੀ ਕੈਦੀ ਦਸਦੇ ਸਨ ਕਿ ਜਦੋਂ ਭਾਈ ਬਲਵੰਤ ਸਿੰਘ ਕੈਨੇਡੀਅਨ ਨੂੰ ਫਾਂਸੀ ਦਿੱਤੀ ਗਈ ਉਹ ਬੜਾ ਪ੍ਰਸੰਨ-ਚਿੱਤ ਅਤੇ ਚੜ੍ਹਦੀ ਕਲਾ ਵਿਚ ਸੀ ਅਤੇ ਬਾਣੀ ਦਾ ਪਾਠ ਕਰ ਰਿਹਾ ਸੀ।

ਕਈ ਵਾਰ ਮੈਨੂੰ ਲਗਦਾ ਹੈ ਕਿ ਭਾਈ ਬਲਵੰਤ ਸਿੰਘ ਵਿਚ ਦੋ ਮਹਾਨ ਸਿੱਖ

Digitized by Panjab Digital Library | www.panjabdigilib.org

ਸ਼ਖਸੀਅਤਾਂ ਦਾ ਸੁਮੇਲ ਸੀ। ਕੈਨੇਡਾ ਵਿਚ ਸਥਾਪਿਤ ਪਹਿਲੇ ਸਿੱਖ ਗੁਰਦੁਆਰੇ ਦੇ ਪਹਿਲੇ ਗ੍ਰੰਥੀ ਵਜੋਂ ਉਹ ਬਾਬਾ ਬੁੱਢਾ ਜੀ ਵਾਂਗ ਸੀ ਜਿਨ੍ਹਾਂ ਨੂੰ ਗੁਰੂ ਅਰਜਨ ਦੇਵ ਪਾਤਸ਼ਾਹ ਨੇ ਹਰਿਮੰਦਰ ਸਾਹਿਬ ਦੀ ਸੇਵਾ ਸੰਭਾਲ ਦੀ ਬਖਸ਼ਿਸ਼ ਕੀਤੀ ਸੀ ਅਤੇ ਦੂਜੇ ਰੂਪ ਵਿਚ ਉਹ ਭਾਈ ਮਨੀ ਸਿੰਘ ਸ਼ਹੀਦ ਵਾਂਗ ਸੀ ਜਿਹੜੇ ਲਾਹੌਰ ਦਰਬਾਰ ਦੇ ਹਰ ਤਰ੍ਹਾਂ ਦੇ ਤਸੀਹੇ ਸਹਿੰਦੇ ਸ਼ਹੀਦੀ ਦਾ ਜਾਮ ਪੀ ਗਏ ਸਨ ਪਰ ਸਰਕਾਰ ਦੀਆਂ ਸਖ਼ਤੀਆਂ ਅੱਗੇ ਝੁਕੇ ਨਹੀਂ ਸਨ। ਭਾਈ ਬਲਵੰਤ ਸਿੰਘ ਬੜਾ ਹੱਠੀ, ਨਿਡਰ ਅਤੇ ਦ੍ਰਿੜ ਇਰਾਦੇ ਵਾਲਾ ਨੌਜਵਾਨ ਸੀ। ਉਹ ਬੜਾ ਪ੍ਰਭਾਵਸ਼ਾਲੀ ਅਤੇ ਧੜਲੇਦਾਰ ਵਕਤਾ ਸੀ। ਕੈਨੇਡਾ ਦੇ ਅੰਗਰੇਜ਼ ਅਫ਼ਸਰ ਉਸਨੂੰ **'a fiery head priest of Gurdwara at Vancouver'** ਕਰਕੇ ਜਾਣਦੇ ਸਨ। ਉਸਨੇ ਹਮੇਸ਼ਾ ਆਪਣੇ ਨਿੱਜੀ ਸੁੱਖਾਂ ਦੀ ਥਾਂ ਧਰਮ, ਮਨੁੱਖੀ ਅਧਿਕਾਰਾਂ ਅਤੇ ਦੇਸ਼ ਦੀ ਆਜ਼ਾਦੀ ਨੂੰ ਪਹਿਲ ਦਿੱਤੀ ਸੀ। ਦੇਸ਼ ਸਦਾ ਇਹੋ ਜਿਹੇ ਧਰਮੀ ਸ਼ਹੀਦਾਂ ਦਾ ਰਿਣੀ ਰਹੇਗਾ।




Digitized by Panjab Digital Library | www.panjabdigilib.org

ਗ਼ਦਰ ਲਹਿਰ ਦਾ ਮੁੱਢਲਾ ਸ਼ਹੀਦ

# ਭਾਈ ਭਾਗ ਸਿੰਘ ਭਿੱਖੀਵਿੰਡ

ਭਾਈ ਭਾਗ ਸਿੰਘ ਭਿੱਖੀਵਿੰਡ ਉਨ੍ਹਾਂ ਮੁੱਢਲੇ ਸੁਤੰਤਰਤਾ ਸੰਗਰਾਮੀਆਂ ਵਿਚੋਂ ਹੈ ਜਿਨ੍ਹਾਂ ਨੇ ਪ੍ਰਦੇਸਾਂ ਵਿਚ ਰੋਜ਼ੀ ਰੋਟੀ ਦੀ ਤਲਾਸ਼ ਵਿਚ ਗਏ ਭਾਰਤੀਆਂ ਨੂੰ ਸੰਗਠਿਤ ਕਰਕੇ ਅੰਗਰੇਜ਼ੀ ਸਾਮਰਾਜ ਨਾਲ ਟੱਕਰ ਲਈ ਤੇ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਕਰਦਿਆਂ ਆਪਣਾ ਸਭ ਕੁਝ ਦੇਸ਼ ਤੋਂ ਕੁਰਬਾਨ ਕਰ ਦਿੱਤਾ। 5 ਸਤੰਬਰ 1914 ਨੂੰ ਕੈਨੇਡਾ ਦੇ ਇਕ ਅੰਗਰੇਜ਼ ਅਫਸਰ ਜੌਹਨ ਹੋਪਕਿਨਸਨ ਦੀ ਸ਼ਹਿ ਤੇ ਉਸਦੇ ਤਨਖਾਹਦਾਰ ਮੁਖ਼ਬਰ ਬੇਲਾ ਸਿੰਘ ਨੇ ਭਾਈ ਭਾਗ ਸਿੰਘ ਨੂੰ ਵੈਨਕੂਵਰ ਦੇ ਗੁਰਦੁਆਰਾ ਸਾਹਿਬ ਦੇ ਅੰਦਰ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ ਸੀ। ਭਾਈ ਭਾਗ ਸਿੰਘ ਅਮਰੀਕਾ ਅਤੇ ਕੈਨੇਡਾ ਦੇ ਪੱਛਮੀ ਤੱਟ ਤੋਂ ਸ਼ੁਰੂ ਕੀਤੀ ਗਈ 'ਗ਼ਦਰ ਲਹਿਰ' ਦੇ ਮੋਢੀਆਂ ਵਿਚੋਂ ਸੀ।

ਸ੍ਰ: ਭਾਗ ਸਿੰਘ ਭਿੱਖੀਵਿੰਡ ਦਾ ਜਨਮ ਮਾਝੇ ਦੇ ਪ੍ਰਸਿੱਧ ਪਿੰਡ, ਭਿੱਖੀਵਿੰਡ ਜ਼ਿਲਾ ਅੰਮ੍ਰਿਤਸਰ ਵਿਚ ਸੰਨ 1872 ਈਸਵੀ ਨੂੰ ਸ੍ਰ: ਨਰੈਣ ਸਿੰਘ ਅਤੇ ਮਾਤਾ ਮਾਨ ਕੌਰ ਦੇ ਗ੍ਰਹਿ ਵਿਖੇ ਹੋਇਆ। ਇਹ ਪਿੰਡ ਪਾਕਿਸਤਾਨ ਨਾਲ ਖੇਮਕਰਨ ਵਾਲੀ ਸਰਹੱਦ ਤੇ ਵਾਕਿਆ ਹੈ। 1965 ਵਿਚ ਪਾਕਿਸਤਾਨ ਨਾਲ ਹੋਈ ਜੰਗ ਵੇਲੇ ਇਹ ਪਿੰਡ ਬੜਾ ਮਸ਼ਹੂਰ ਹੋਇਆ ਸੀ।

ਭਾਈ ਭਾਗ ਸਿੰਘ ਨੇ ਮੁਢੱਲੀ ਵਿੱਦਿਆ ਪਿੰਡ ਦੇ ਸਕੂਲ ਤੋਂ ਹੀ ਪ੍ਰਾਪਤ ਕੀਤੀ। ਕੁਝ ਜਮਾਤਾਂ ਪਾਸ ਕਰਨ ਮਗਰੋਂ ਉਹ ਖੇਤੀ ਦੇ ਕੰਮ ਵਿਚ ਪੈ ਗਿਆ। ਚੜ੍ਹਦੀ ਜਵਾਨੀ ਵੇਲੇ ਉਹ ਖੇਤੀ ਦਾ ਕੰਮ ਛੱਡ ਕੇ ਫੌਜ ਵਿਚ ਭਰਤੀ ਹੋ ਗਿਆ। ਉਸਨੇ ਕਰੀਬ ਪੰਜ ਸਾਲ ਤਕ ਦਸਵੀਂ ਬੰਗਾਲ ਲਾਂਸਰ ਰੈਜਮੈਂਟ ਵਿਚ ਨੌਕਰੀ ਕੀਤੀ। ਨੌਕਰੀ ਛੱਡਣ ਸਮੇਂ ਉਸਨੂੰ ਉਸਦੀਆਂ ਚੰਗੀਆਂ ਸੇਵਾਵਾਂ ਕਾਰਨ ਪ੍ਰਸ਼ੰਸਾ ਪੱਤਰ ਤੇ ਮੈਡਲ ਪ੍ਰਦਾਨ ਕੀਤਾ ਗਿਆ ਸੀ। ਇਸ ਮਗਰੋਂ ਉਸਨੇ ਹਾਂਕੋ (ਚੀਨ) ਦੀ ਮਿਊਂਸਪਲ ਪੁਲਿਸ ਵਿਚ ਨੌਕਰੀ ਕਰ ਲਈ। ਇੱਥੇ ਉਹ ਤਿੰਨ ਸਾਲ ਤਕ ਰਿਹਾ। ਪਰ ਕਿਸੇ ਗੱਲ ਤੇ ਆਪਣੇ ਤੋਂ ਸੀਨੀਅਰ ਜਮਾਂਦਾਰ ਨਾਲ ਅਣਬਣ ਹੋ ਜਾਣ ਕਾਰਨ ਉਹ ਨੌਕਰੀ ਛੱਡ ਕੇ ਵੈਨਕੂਵਰ (ਕੈਨੇਡਾ) ਚਲਾ ਗਿਆ। ਕੈਨੇਡਾ ਪਹੁੰਚਣ ਮਗਰੋਂ ਉਹ ਦੇਸ਼ ਦੀ ਆਜ਼ਾਦੀ ਲਈ ਪਰਵਾਸੀ ਭਾਰਤੀਆਂ ਅਤੇ ਵਿਸ਼ੇਸ਼ ਕਰਕੇ ਸਿੱਖਾਂ ਦੁਆਰਾ ਸ਼ੁਰੂ ਕੀਤੇ ਗਏ ਸੰਘਰਸ਼ ਨਾਲ ਬੜੀ ਸਰਗਰਮੀ ਨਾਲ ਜੁੜ ਗਿਆ।

ਅਮਰੀਕਾ ਵਿਚ ਗਏ ਹਿੰਦੀਆਂ ਦਾ ਰਾਜਸੀ ਪ੍ਰਚਾਰ ਦਾ ਕੰਮ ਬੇਸ਼ਕ ਕੈਲੀਫੋਰਨੀਆ ਤੋਂ ਸ਼ੁਰੂ ਹੋਇਆ, ਪਰ ਬਾਕਾਇਦਾ ਇਕ ਥਾਂ ਤੇ ਜੁੜ ਕੇ ਜਥੇਬੰਦਕ ਘੋਲ ਪਹਿਲਾਂ ਕੈਨੇਡਾ ਤੋਂ ਹੀ ਸ਼ੁਰੂ ਕੀਤਾ ਗਿਆ। ਇਹ ਘੋਲ 1907-08 ਤੋਂ ਅਰੰਭ ਹੋਇਆ ਤੇ 1913-14 ਵਿਚ ਗ਼ਦਰ ਲਹਿਰ ਦੇ ਸ਼ੁਰੂ ਹੋਣ ਨਾਲ ਆਪਣੀ ਸਿੱਖਰ ਤੇ ਪਹੁੰਚ ਗਿਆ। ਇਹ ਵੱਖਰੀ ਗੱਲ ਹੈ ਕਿ ਅਜੇ ਦੇਸ਼ ਆਜ਼ਾਦੀ ਦੀ ਲੜਾਈ ਲੜਣ ਲਈ ਪੂਰੀ ਤਰ੍ਹਾਂ ਤਿਆਰ ਨਹੀਂ ਸੀ। ਇਸਦਾ ਨਤੀਜਾ ਇਹ ਨਿਕਲਿਆ ਕਿ ਪਰਵਾਸੀ ਭਾਰਤੀਆਂ ਵਲੋਂ ਸ਼ੁਰੂ ਕੀਤੀ ਗਈ ਇਹ ਲਹਿਰ ਤੇ ਉਨ੍ਹਾਂ ਦੁਆਰਾ ਕੀਤੀਆਂ ਗਈਆਂ ਸ਼ਾਨਦਾਰ ਕੁਰਬਾਨੀਆਂ ਨੂੰ ਦੇਸ਼ ਵਾਸੀਆਂ ਨੇ ਬਿਲਕੁਲ

Digitized by Panjab Digital Library | www.panjabdigilib.org

ਵਿਸਾਰ ਦਿੱਤਾ ਹੈ।

ਕੈਨੇਡਾ ਪਹੁੰਚਣ ਮਗਰੋਂ ਭਾਈ ਭਾਗ ਸਿੰਘ ਨੂੰ ਇਹ ਗੱਲ ਸਮਝਣ ਵਿਚ ਦੇਰ ਨਾ ਲੱਗੀ ਕਿ ਅੰਗਰੇਜ਼ੀ ਰਾਜ ਅਥਵਾ ਅੰਗਰੇਜ਼ੀ ਪ੍ਰਭਾਵ ਅਧੀਨ ਬਸਤੀਆਂ (British Colonies) ਵਿਚ ਭਾਰਤੀ-ਪਰਵਾਸੀਆਂ ਨਾਲ ਹੁੰਦੇ ਮਾੜੇ ਵਿਉਹਾਰ ਦਾ ਕਾਰਨ ਸਾਡੀ ਗ਼ੁਲਾਮੀ ਹੈ। ਕੈਨੇਡੀਅਨ ਸਰਕਾਰ ਦੇ ਹਿੰਦੀਆ ਵੱਲ ਇਸ ਰਵੱਈਏ ਦੀ ਵਜ੍ਹਾ ਅੰਗਰੇਜ਼ੀ ਸਾਮਰਾਜ ਦੀ ਮਾਲਕਾਨਾ ਹੈਂਕੜ ਸੀ ਜੋ 'ਗੋਰੇ ਸਾਮਰਾਜੀ' ਤੇ 'ਕਾਲੇ ਗੁਲਾਮ' ਦੇ ਨਸਲੀ ਵਿਤਕਰੇ ਅਤੇ ਘਿਰਣਾ ਦੇ ਰੂਪ ਵਿਚ ਜ਼ਾਹਿਰ ਹੋ ਰਹੀ ਸੀ। 1897 ਵਿਚ ਸਾਮਰਾਜੀ ਬਸਤੀਆਂ ਦੇ ਪ੍ਰਧਾਨ ਮੰਤਰੀਆਂ ਦੀ ਲੰਡਨ ਵਿਚ ਹੋਈ ਇੰਪੀਰੀਅਲ ਕਾਨਫਰੰਸ ਵਿਚ ਇਹ ਪਾਸ ਕੀਤਾ ਗਿਆ ਸੀ ਕਿ 'ਹਿੰਦੁਸਤਾਨੀਆਂ ਨੂੰ ਕੇਵਲ ਅੰਗਰੇਜ਼ੀ ਸਲਤਨਤ ਦੀ ਰਿਆਇਆ ਹੋਣ ਦੇ ਨਾਤੇ ਇਹ ਅਧਿਕਾਰ ਨਹੀਂ ਪੁੱਜ ਜਾਂਦਾ ਕਿ ਉਹ ਅੰਗਰੇਜ਼ੀ ਬਸਤੀਆਂ ਵਿਚ ਜਾਕੇ ਆਬਾਦ ਹੋ ਜਾਣ। ਇੱਥੋਂ ਦੀਆਂ ਗੋਰੀਆਂ ਸਰਕਾਰਾਂ ਨੂੰ ਹੀ ਅਖਤਿਆਰ ਹਾਸਲ ਹੈ ਕਿ ਉਹ ਹਿੰਦੁਸਤਾਨੀਆਂ ਨੂੰ ਵਸਣ ਦੇਣ ਜਾਂ ਨਾ।'

ਇਸੇ ਤਰ੍ਹਾਂ ਭਾਰਤੀਆਂ ਨੂੰ ਕੈਨੇਡਾ ਵਿਚ ਆਉਣ ਤੋਂ ਰੋਕਣ ਲਈ 'ਘਾਟਾਂ ਦੇ ਕਾਨੂੰਨ' ਦੀ ਦਫਾ 42 ਅਤੇ 1909-10 ਵਿਚ ਪਾਸ ਕੀਤੇ ਇਕ ਐਕਟ ਦੀ ਦਫ਼ਾ 38 ਰਾਹੀਂ ਹਿੰਦੀਆਂ ਲਈ ਦਾਖ਼ਲੇ ਦੀਆਂ ਸ਼ਰਤਾਂ ਨੂੰ ਹੋਰ ਸਖ਼ਤ ਕਰ ਦਿੱਤਾ ਗਿਆ ਸੀ। ਦਫ਼ਾ 38 ਦੀ ਇਕ ਮੱਦ ਰਾਹੀਂ 'ਕੈਨੇਡਾ' ਦੇ ਗਵਰਨਰ ਜਨਰਲ ਨੂੰ ਇਹ ਅਖਤਿਆਰ ਦਿੱਤਾ ਗਿਆ ਸੀ ਕਿ ਉਹ ਕਿਸੇ ਖਾਸ ਸਮੇਂ ਵਾਸਤੇ ਜਾਂ ਹਮੇਸ਼ਾਂ ਲਈ ਕੈਨੇਡਾ ਜਾਂ ਕੈਨੇਡਾ ਦੇ ਕਿਸੇ ਖਾਸ ਘਾਟ ਉਤੇ ਕਿਸੇ ਨਸਲ ਜਾਂ ਜਮਾਤ ਜਾਂ ਪੇਸ਼ੇ ਜਾਂ ਚਲਣ ਦੇ ਬੰਦਿਆਂ ਨੂੰ ਉਤਰਨ ਤੋਂ ਰੋਕ ਦੇਵੇ'। ਇਨ੍ਹਾਂ ਕਾਨੂੰਨਾਂ ਦਾ ਸਿੱਧਾ ਅਸਰ ਭਾਰਤੀ ਮੂਲ ਦੇ ਬੰਦਿਆਂ ਤੇ ਪੈ ਰਿਹਾ ਸੀ ਜਦ ਕਿ ਚੀਨ, ਜਾਪਾਨ ਜਾਂ ਯੂਰਪ ਤੋਂ ਆਉਣ ਵਾਲੇ ਪਰਵਾਸੀ ਇਨ੍ਹਾਂ ਵਿਤਕਰੇ ਭਰੇ ਕਾਨੂੰਨਾਂ ਦੀ ਸਖ਼ਤੀ ਤੋਂ ਬਿਲਕੁਲ ਮੁਕਤ ਸਨ। ਸੋ 1906 ਤੋਂ 1914 ਦੇ ਦਰਮਿਆਨ ਕੈਨੇਡਾ ਅਤੇ ਅਮਰੀਕਾ ਵਿਚ ਪਹੁੰਚੇ ਭਾਰਤੀ ਪਰਵਾਸੀਆਂ ਦੀ ਸਾਮਰਾਜੀ ਸ਼ਕਤੀਆਂ ਨਾਲ ਪਹਿਲੀ ਟੱਕਰ ਬਰਾਬਰੀ ਦੇ ਅਧਿਕਾਰ ਪ੍ਰਾਪਤ ਕਰਨ ਨਾਲ ਸ਼ੁਰੂ ਹੋਈ। ਭਾਈ ਭਾਗ ਸਿੰਘ, ਭਾਈ ਬਲਵੰਤ ਸਿੰਘ ਅਤੇ ਬਾਬਾ ਗੁਰਦਿੱਤ ਸਿੰਘ ਇਸ ਸੰਘਰਸ਼ ਦੇ ਪ੍ਰਮੁੱਖ ਨੇਤਾਵਾਂ ਵਿਚੋਂ ਸਨ।

ਭਾਰਤੀ ਮੂਲ ਦੇ ਲੋਕਾਂ ਦਾ ਬਹੁਤੀ ਗਿਣਤੀ ਵਿਚ ਕੈਨੇਡਾ ਅਤੇ ਅਮਰੀਕਾ ਪਹੁੰਚਣ ਦਾ ਸਮਾਂ 1906 ਦੇ ਅਖ਼ੀਰਲੇ ਮਹੀਨਿਆਂ ਤੋਂ ਸ਼ੁਰੂ ਹੁੰਦਾ ਹੈ। 1908 ਤਕ ਇਕੱਲੇ ਕੈਨੇਡਾ ਵਿਚ ਹੀ ਪੰਜ ਹਜ਼ਾਰ ਦੇ ਕਰੀਬ ਹਿੰਦੀ ਪਹੁੰਚ ਚੁਕੇ ਸਨ ਜਿਨ੍ਹਾਂ ਵਿਚੋਂ ਵਡੀ ਗਿਣਤੀ ਪੰਜਾਬੀ ਕਿਸਾਨਾਂ ਅਤੇ ਸਿੱਖਾਂ ਦੀ ਸੀ। 1906 ਦੇ ਅੱਧ ਵਿਚ ਕੈਨੇਡਾ ਆਉਣ ਵਾਲੇ ਇਕ ਜਹਾਜ਼ ਵਿਚ ਭਾਈ ਅਰਜਨ ਸਿੰਘ, ਪਿੰਡ ਮਲਕ, ਤਹਿਸੀਲ ਜਗਰਾਉਂ, ਜ਼ਿਲਾ ਲੁਧਿਆਣਾ ਆਪਣੇ ਨਾਲ ਗੁਰੂ ਗ੍ਰੰਥ ਸਾਹਿਬ ਦੀ ਬੀੜ ਲੈਕੇ ਵੈਨਕੂਵਰ ਪਹੁੰਚਿਆ ਸੀ। ਉਸ ਦੇ ਆਉਣ ਨਾਲ ਵੈਨਕੂਵਰ ਦੇ ਭਾਰਤੀ-ਪਰਵਾਸੀਆਂ ਨੇ ਇਕ ਮਕਾਨ ਕਿਰਾਏ ਤੇ ਲੈਕੇ ਕੈਨੇਡਾ ਦੇ ਪੱਛਮੀ ਤੱਟ ਤੇ ਇਕ ਗੁਰਦੁਆਰੇ ਦੀ ਸਥਾਪਨਾ ਕੀਤੀ। ਇਸ ਗੁਰਦੁਆਰੇ ਦੇ ਇੰਤਜ਼ਾਮ ਲਈ ਜੋ ਕਮੇਟੀ ਬਣਾਈ ਗਈ ਭਾਈ ਭਾਗ ਸਿੰਘ ਉਸਦੇ ਸਰਕਰਦਾ ਮੈਂਬਰ ਸਨ। ਉਨ੍ਹਾਂ ਤੋਂ ਇਲਾਵਾ ਇਸ ਕਮੇਟੀ ਵਿਚ

Digitized by Panjab Digital Library | www.panjabdigilib.org

ਭਾਈ ਸੇਵਾ ਸਿੰਘ, ਭਾਈ ਭੋਲਾ ਸਿੰਘ, ਭਾਈ ਅਰਜਨ ਸਿੰਘ ਅਤੇ ਭਾਈ ਬਲਵੰਤ ਸਿੰਘ ਸ਼ਾਮਲ ਸਨ। ਦੋ ਹੀ ਸਾਲਾਂ ਵਿਚ ਇਸ ਕਿਰਾਏ ਦੀ ਜਗ੍ਹਾ ਨੂੰ ਛੱਡ ਕੇ ਇਕ ਸ਼ਾਨਦਾਰ ਗੁਰਦੁਆਰੇ ਦਾ ਨਿਰਮਾਣ ਕਰ ਲਿਆ ਗਿਆ ਜਿਸ ਵਿਚ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ 19 ਜਨਵਰੀ 1908 ਨੂੰ ਕੀਤਾ ਗਿਆ। ਇਸ ਦੇ ਨਾਲ ਹੀ ਖ਼ਾਲਸਾ ਦੀਵਾਨ ਸੁਸਾਇਟੀ ਦੀ ਸਥਾਪਨਾ ਕੀਤੀ ਗਈ ਜਿਸਦੇ ਪ੍ਰਧਾਨ ਭਾਈ ਭਾਨ ਸਿੰਘ ਅਤੇ ਖਜ਼ਾਨਚੀ ਭਾਈ ਭਾਗ ਸਿੰਘ ਭਿੱਖੀਵਿੰਡ ਨੂੰ ਬਣਾਇਆ ਗਿਆ। ਗੁਰਦੁਆਰੇ ਦੇ ਗ੍ਰੰਥੀ ਦੀ ਸੇਵਾ ਸ੍ਰ: ਬਲਵੰਤ ਸਿੰਘ ਖੁਰਦਪੁਰ ਨੂੰ ਸੌਂਪੀ ਗਈ। ਵਿਦੇਸ਼ਾਂ ਵਿਚ ਸਥਾਪਿਤ ਇਹ ਦੋਵੇਂ ਸੰਸਥਾਵਾਂ ਕੁਝ ਹੀ ਸਮੇਂ ਵਿਚ ਆਜ਼ਾਦੀ ਦੇ ਅੰਦੋਲਨ ਦਾ ਕੇਂਦਰ ਬਣ ਗਈਆਂ। ਭਾਰਤੀ ਪਰਵਾਸੀ ਇਨ੍ਹਾਂ ਥਾਵਾਂ ਤੇ ਇਕੱਠੇ ਹੋਕੇ ਆਪਣੀਆਂ ਸਮੱਸਿਆਵਾਂ ਉਤੇ ਵਿਚਾਰ ਕਰਦੇ, ਬ੍ਰਿਟਿਸ਼ ਸਾਮਰਾਜ ਨਾਲ ਟੱਕਰ ਲੈਣ ਲਈ ਆਪਣੀ ਰਣਨੀਤੀ ਤਿਆਰ ਕਰਦੇ, ਅਤੇ ਇਨ੍ਹਾਂ ਪਰੋਗਰਾਮਾਂ ਨੂੰ ਚਲਾਉਣ ਲਈ ਬੜੀ ਮੇਹਨਤ ਨਾਲ ਕਮਾਈ ਹੋਈ ਪੂੰਜੀ ਵਿਚੋਂ ਚੰਦਾ ਇਕੱਠਾ ਕਰਕੇ ਆਪਣੀਆਂ ਯੋਜਨਾਵਾਂ ਨੂੰ ਅਮਲੀ ਜਾਮਾ ਪਹਿਨਾਣ ਲਈ ਇਸ ਸੰਘਰਸ਼ ਵਿਚ ਕੁਦ ਪੈਂਦੇ। ਇਸ ਗੁਰਦੁਆਰੇ ਦੇ ਨਿਰਮਾਣ ਵਿਚ ਭਾਈ ਭਾਗ ਸਿੰਘ ਨੇ ਮਾਇਕ ਤੌਰ ਤੇ ਵੀ ਬੜੀ ਸਹਾਇਤਾ ਕੀਤੀ ਸੀ।

1909 ਵਿਚ ਇਕ ਹੋਰ ਸੁਸਾਇਟੀ ਦਾ ਗਠਨ ਕੀਤਾ ਗਿਆ ਜਿਸਦੇ ਪਹਿਲੇ ਪ੍ਰਧਾਨ ਭਾਈ ਭਾਗ ਸਿੰਘ ਅਤੇ ਖਜ਼ਾਨਚੀ ਭਾਈ ਬਲਵੰਤ ਸਿੰਘ ਸਨ। 23 ਅਕਤੂਬਰ 1909 ਨੂੰ ਵੈਨਕੂਵਰ ਗੁਰਦੁਆਰੇ ਦੀ ਅੰਤ੍ਰਿੰਗ ਕਮੇਟੀ ਨੇ ਇਕ ਮਤਾ ਪਾਸ ਕੀਤਾ ਜਿਸ ਵਿਚ ਅੰਗਰੇਜ਼ੀ ਸਰਕਾਰ ਦੀਆਂ ਸਖ਼ਤ ਅਤੇ ਵਿਤਕਰੇ ਪੂਰਨ ਨੀਤੀਆਂ ਦੀ ਕਰੜੇ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ ਅਤੇ ਨਾਲ ਹੀ ਇਹ ਵੀ ਕਿਹਾ ਗਿਆ ਕਿ 'ਸਾਨੂੰ ਹਰ ਉਸ ਚੀਜ਼ ਦੀ ਵਰਤੋਂ ਬੰਦ ਕਰ ਦੇਣੀ ਚਾਹੀਦੀ ਹੈ ਜੋ ਸਾਨੂੰ ਅੰਗਰੇਜ਼ਾਂ ਦੀ ਗ਼ੁਲਾਮੀ ਦਾ ਅਹਿਸਾਸ ਦੁਆਵੇ'। ਇਸੇ ਗੱਲ ਨੂੰ ਮੁੱਖ ਰਖਦੇ ਹੋਏ ਸ੍ਰ: ਭਾਗ ਸਿੰਘ ਨੇ ਉਨ੍ਹਾਂ ਸਾਰੇ ਮੈਡਲਾਂ, ਮਾਨ ਪੱਤਰਾਂ ਅਤੇ ਹੋਰ ਵਸਤਾਂ ਨੂੰ ਅੱਗ ਲਗਾ ਕੇ ਰਾਖ ਕਰ ਦਿੱਤਾ ਜੋ ਉਸਨੂੰ ਆਪਣੀ ਨੌਕਰੀ ਦੇ ਦੌਰਾਨ ਅੰਗਰੇਜ਼ਾਂ ਤੋਂ ਪ੍ਰਾਪਤ ਹੋਏ ਸਨ। ਇਹ ਖਬਰ ਵੈਨਕੂਵਰ ਅਤੇ ਸੀਐਟਲ ਤੋਂ ਛਪਣ ਵਾਲੇ 'ਫਰੀ ਹਿੰਦੁਸਤਾਨ' ਦੇ 1909 ਦੇ ਪਰਚੇ ਵਿਚ ਛਪੀ ਸੀ। ਡਾ. ਐਚ. ਕੇ. ਪੁਰੀ ਨੇ ਆਪਣੀ ਪੁਸਤਕ 'ਗ਼ਦਰ ਮੂਵਮੈਂਟ' ਵਿਚ ਇਹ ਟਿਪਣੀ ਦਰਜ ਕੀਤੀ ਹੈ :-

"...the Executive Committee of the Sikh Temple of Vancouver, in its meeting held on 23 October 1909. condemned the British exploitation of India and resolved:

No member of the Executive Committee of the Sikh Temple should wear any kind of medals, buttons, uniforms or insignia which may signify that the position of the party wearing the article is nothing but a slave to the British supremacy.

An exercised Bhai Bhag Singh, who had served in the 10th Bengal lancers for over 5 years and was now secretary of the Khalsa

Digitized by Panjab Digital Library | www.panjabdigilib.org

Diwan Society made a bonafire of his certificate of 'honourable discharge'.

1908 ਵਿਚ ਜਦੋਂ ਕੈਨੇਡਾ ਵਿਚ ਰਹਿ ਰਹੇ ਭਾਰਤੀ ਪਰਵਾਸੀਆਂ ਨੂੰ ਜ਼ਬਰਦਸਤੀ ਅਤੇ ਗਿਣੀ ਮਿੱਥੀ ਨੀਤੀ ਦੇ ਆਧਾਰ ਤੇ ਹੌਂਡੂਰਾਸ ਟਾਪੂ ਤੇ ਵਸਾਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਸਨ ਤਾਂ ਭਾਈ ਭਾਗ ਸਿੰਘ, ਭਾਈ ਬਲਵੰਤ ਸਿੰਘ, ਭਾਈ ਹੁਰਨਾਮ ਸਿੰਘ ਸਾਹਰੀ, ਭਾਈ ਸੂਬਾ ਸਿੰਘ, ਪੰਡਤ ਬਾਲ ਮੁਕੰਦ ਅਤੇ ਸ੍ਰੀ ਮੇਹਰ ਚੰਦ ਆਦਿ ਮੈਂਬਰਾਂ ਨੇ ਇਸ ਯੋਜਨਾ ਦਾ ਕਰੜਾ ਵਿਰੋਧ ਕੀਤਾ ਅਤੇ ਕੈਨੇਡੀਅਨ ਸਰਕਾਰ ਦੇ ਘਰੋਗੀ ਮਹਿਕਮੇ ਦੇ ਸਕੱਤਰ ਮਿਸਟਰ ਹਾਰਕਿਨ ਅਤੇ ਪੁਲਿਸ ਇੰਸਪੈਕਟਰ ਹਾਪਕਿਨਸਨ ਨੂੰ ਇਹ ਸਪਸ਼ਟ ਕਹਿ ਦਿੱਤਾ ਕਿ ਅਸੀਂ ਕਿਸੇ ਵੀ ਲਾਲਚ ਜਾਂ ਦਬਾਅ ਥਲੇ ਕੈਨੇਡਾ ਛੱਡ ਕੇ ਹੌਂਡੂਰਾਸ ਨਹੀਂ ਜਾਵਾਂਗੇ। ਭਾਰਤੀ ਪਰਵਾਸੀਆਂ ਦੇ ਵਿਰੋਧ ਨੂੰ ਵੇਖਦੇ ਹੋਏ ਅੰਗਰੇਜ਼ ਅਧਿਕਾਰੀਆਂ ਨੇ ਇਸ ਯੋਜਨਾ ਦੇ ਅਮਲ ਨੂੰ ਤਿਆਗ ਦਿੱਤਾ।

ਬੇਸ਼ਕ ਕੈਨੇਡਾ ਦੇ ਇਕ ਕਾਨੂੰਨ ਦੀ ਦਫ਼ਾ 2 ਅਨੁਸਾਰ ਉਥੇ ਲਗਾਤਾਰ ਤਿੰਨ ਸਾਲ ਰਹਿਣ ਵਾਲੇ ਨੂੰ ਉੱਥੋਂ ਦਾ 'ਵਸਨੀਕ' ਹੋਣ ਦਾ ਅਧਿਕਾਰ ਮਿਲ ਜਾਂਦਾ ਸੀ ਅਤੇ ਉਹ ਆਪਣੇ ਦੇਸ਼ ਤੋਂ ਆਪਣੇ ਪਰਿਵਾਰ ਨੂੰ ਬੁਲਾ ਸਕਦਾ ਸੀ ਪਰ ਕੈਨੇਡੀਅਨ ਸਰਕਾਰ ਨੇ ਭਾਰਤੀ ਮੂਲ ਦੇ ਲੋਕਾਂ ਨੂੰ ਰੋਕਣ ਦੇ ਉਦੇਸ਼ ਨਾਲ 9 ਮਈ 1910 ਨੂੰ ਇਕ ਕਾਨੂੰਨ ਪਾਸ ਕੀਤਾ ਜਿਸ ਦੇ 920 ਨੰਬਰ ਦੇ ਹੁਕਮ ਰਾਹੀਂ ਇਹ ਬੰਦਸ਼ ਲਗਾ ਦਿੱਤੀ ਗਈ ਕਿ ਕੈਨੇਡਾ ਵਿਚ ਕੇਵਲ ਉਨ੍ਹਾਂ ਨੂੰ ਹੀ ਪ੍ਰਵੇਸ਼ ਪਾਉਣ ਦੀ ਆਗਿਆ ਦਿੱਤੀ ਜਾਵੇਗੀ ਜਿਹੜੇ ਆਪਣੇ ਦੇਸ਼ ਤੋਂ ਸਿੱਧੀ ਟਿਕਟ ਲੈਕੇ ਇਥੇ ਪਹੁੰਚਣਗੇ। ਨਾਲ ਹੀ ਜਹਾਜ਼ੀ ਕੰਪਨੀਆਂ ਨੂੰ ਇਸ ਤਰ੍ਹਾਂ ਦੀ ਧਮਕੀ ਵੀ ਦੇ ਦਿੱਤੀ ਗਈ ਕਿ ਕੈਨੇਡੀਅਨ ਹਕੂਮਤ ਕਿਸੇ ਵੀ ਅਣਚਾਹੇ ਵਿਅਕਤੀ ਨੂੰ ਦੇਸ਼ ਵਿਚ ਲਿਆਉਣ ਲਈ ਕੰਪਨੀ ਨੂੰ ਜੁਰਮਾਨਾ ਵੀ ਕਰ ਸਕਦੀ ਹੈ ਅਤੇ ਮੁਸਾਫ਼ਰਾਂ ਨੂੰ ਵਾਪਸ ਭੇਜਣ ਦਾ ਖਰਚਾ ਵੀ ਉਨ੍ਹਾਂ ਤੇ ਪਾ ਸਕਦੀ ਹੈ। ਨਤੀਜਾ ਇਹ ਹੋਇਆ ਕਿ ਜਹਾਜ਼ਾਂ ਦੀਆਂ ਕੰਪਨੀਆਂ ਨੇ ਘਾਟਾਂ ਦੇ ਕਾਨੂੰਨ ਦੀ ਦਫਾ 42 ਹੇਠ ਸਾਮਰਾਜੀ 'ਕਹਿਰ' ਤੋਂ ਡਰਦਿਆਂ ਸਿਧੀਆਂ ਟਿਕਟਾਂ ਵੇਚਣੀਆਂ ਬੰਦ ਕਰ ਦਿੱਤੀਆਂ। ਇਸਦਾ ਸਿੱਧਾ ਅਸਰ ਉਨ੍ਹਾਂ ਭਾਰਤੀਆਂ ਤੇ ਪਿਆ ਜਿਨ੍ਹਾਂ ਨੂੰ ਕੈਨੇਡਾ ਆਇਆਂ ਤਾਂ ਤਿੰਨ ਸਾਲ ਤੋਂ ਵੱਧ ਹੋ ਚੁੱਕੇ ਸਨ ਪਰ ਅਜੇ ਤੱਕ ਉਨ੍ਹਾਂ ਨੂੰ ਆਪਣੇ ਪਰਿਵਾਰ (ਫ਼ੈਮਿਲੀ) ਬੁਲਾਣ ਦੀ ਆਗਿਆ ਨਹੀਂ ਸੀ ਮਿਲੀ। ਹੁਣ ਖਾਲਸਾ ਦੀਵਾਨ ਸੁਸਾਇਟੀ ਅਤੇ ਹਿੰਦੁਸਤਾਨ ਐਸੋਸੀਏਸ਼ਨ ਦੇ ਕਾਰਕੁੰਨਾਂ ਨੇ ਵਿਤਕਰੇ ਪੂਰਨ ਇਨ੍ਹਾਂ ਕਾਨੂੰਨਾਂ ਵਿਰੁੱਧ ਲੜਾਈ ਲੜਣ ਦਾ ਫੈਸਲਾ ਕਰ ਲਿਆ। ਭਾਰਤ ਤੋਂ ਆਪਣੇ ਪਰਿਵਾਰ ਲਿਆਉਣ ਦੀ ਪਹਿਲ ਕਰਨ ਲਈ ਭਾਗ ਸਿੰਘ ਭਿੱਖੀ ਵਿੰਡ ਅਤੇ ਭਾਈ ਬਲਵੰਤ ਸਿੰਘ ਖੁਰਦਪੁਰ ਨੂੰ ਚੁਣਿਆ ਗਿਆ। 1911 ਦੇ ਸ਼ੁਰੂ ਵਿਚ ਇਹ ਦੋਵੇਂ ਸੁਤੰਤਰਤਾ ਸੰਗਰਾਮੀਏ ਹਿੰਦੁਸਤਾਨ ਪਹੁੰਚ ਗਏ।

17 ਮਈ, 1911 ਨੂੰ ਭਾਈ ਭਾਗ ਸਿੰਘ ਅਤੇ ਭਾਈ ਬਲਵੰਤ ਸਿੰਘ ਨੇ ਕਲਕੱਤਿਓਂ ਵਾਇਸਰਾਏ ਨੂੰ ਤਾਰ ਦਿੱਤੀ ਕਿ ਕਲਕੱਤੇ ਦੀਆਂ ਜਹਾਜ਼ੀ ਕੰਪਨੀਆਂ ਇਨ੍ਹਾਂ ਨੂੰ ਸਿੱਧੀਆਂ ਟਿਕਟਾਂ ਨਹੀਂ ਦੇ ਰਹੀਆਂ। ਹਿੰਦ ਸਰਕਾਰ ਨੇ ਜਵਾਬ ਵਿਚ ਲਿਖਿਆ ਕਿ ਅਸੀਂ ਇਸ ਮਾਮਲੇ ਵਿਚ ਕੁਝ ਨਹੀਂ ਕਰ ਸਕਦੇ, ਤੁਹਾਨੂੰ ਇਸ ਸਬੰਧ ਵਿਚ ਕੈਨੇਡਾ ਦੀ ਸਰਕਾਰ ਨੂੰ ਲਿਖਣਾ ਚਾਹੀਦਾ ਹੈ। ਭਾਗ ਸਿੰਘ ਅਤੇ ਬਲਵੰਤ ਸਿੰਘ ਵਲੋਂ ਕੈਨੇਡਾ ਦੀ ਸਰਕਾਰ ਨੂੰ ਭੇਜੀਆਂ ਤਾਰਾਂ ਦਾ ਵੀ

Digitized by Panjab Digital Library | www.panjabdigilib.org

ਕੋਈ ਜੁਆਬ ਨਾ ਆਇਆ। ਆਖ਼ਰ ਇਹ ਕਈ ਦਿਨ ਕਲਕੱਤੇ ਰੁਕ ਕੇ ਹਾਂਗ ਕਾਂਗ ਲਈ ਚਲ ਪਏ। ਇੱਥੇ ਵੀ ਉਨ੍ਹਾਂ ਨੂੰ ਉਸੇ ਤਰ੍ਹਾਂ ਦੀ ਨਮੋਸ਼ੀ ਹੀ ਝਲਣੀ ਪਈ। ਇੱਥੋਂ ਵੀ ਉਨ੍ਹਾਂ ਨੂੰ ਕੈਨੇਡਾ ਲਈ ਸਿੱਧੀ ਟਿਕਟ ਨਾ ਦਿੱਤੀ ਗਈ ਅਤੇ ਆਖ਼ਰ ਦੋ ਮਹੀਨੇ ਦੀ ਖਜਲ ਖੁਆਰੀ ਮਗਰੋਂ ਉਹ ਐਸੇ ਜਹਾਜ਼ ਤੇ ਸੁਆਰ ਹੋ ਗਏ ਜਿਸਨੇ ਸਾਨਫ੍ਰਾਂਸਿਸਕੋ ਤੋਂ ਹੋਕੇ ਕੈਨੇਡਾ ਜਾਣਾ ਸੀ। ਜਦੋਂ ਇਹ ਦੋਵੇਂ ਕ੍ਰਾਂਤੀਕਾਰੀ ਹਾਂਗ ਕਾਂਗ ਰੁਕੇ ਹੋਏ ਸਨ ਤਾਂ ਭਾਈ ਭਾਗ ਸਿੰਘ ਦੀ ਪਤਨੀ ਹਰਨਾਮ ਕੌਰ ਨੇ ਇਕ ਬੱਚੇ ਨੂੰ ਜਨਮ ਦਿੱਤਾ ਜਿਸਦਾ ਨਾਮ ਜਪਿੰਦਰ ਸਿੰਘ ਰਖਿਆ ਗਿਆ। ਕਰੀਬ ਢਾਈ ਸਾਲ ਮਗਰੋਂ ਇਨ੍ਹਾਂ ਦੇ ਘਰ ਇਕ ਬੱਚੀ ਨੇ ਜਨਮ ਲਿਆ ਜੋ ਭਾਈ ਭਾਗ ਸਿੰਘ ਦੀ ਸ਼ਹੀਦੀ ਸਮੇਂ ਕੇਵਲ 9 ਦਿਨ ਦੀ ਸੀ।

ਬੇਸ਼ਕ ਭਾਈ ਭਾਗ ਸਿੰਘ ਆਪਣੀ ਪਤਨੀ ਹਰਨਾਮ ਕੌਰ ਅਤੇ ਭਾਈ ਬਲਵੰਤ ਸਿੰਘ ਆਪਣੀ ਪਤਨੀ ਕਰਤਾਰ ਕੌਰ ਨੂੰ ਅਦਾਲਤ ਵਿਚ ਕੀਤੇ ਦਾਅਵੇ (Case) ਮਗਰੋਂ ਵੈਨਕੂਵਰ ਲਿਆਉਣ ਵਿਚ ਕਾਮਯਾਬ ਹੋ ਗਏ ਸਨ, ਪਰ 'ਘਾਟਾਂ ਦੇ ਕਾਨੂੰਨ' ਵਿਚ ਪਰਿਵਾਰਾਂ ਨੂੰ ਲਿਆਉਣ ਵਿਚ ਕੋਈ ਛੂਟ ਨਹੀਂ ਸੀ ਦਿੱਤੀ ਗਈ ਅਤੇ ਨਾ ਹੀ ਉਸ ਵਿਚ ਕੋਈ ਸੰਸ਼ੋਧਨ ਕੀਤਾ ਗਿਆ ਸੀ। ਇਕ ਵਾਰ ਭਾਈ ਭਾਗ ਸਿੰਘ ਆਪਣੇ ਸਾਥੀਆਂ -ਸ੍ਰ: ਬਲਵੰਤ ਸਿੰਘ, ਸ੍ਰ: ਹਰਨਾਮ ਸਿੰਘ ਸਾਹਰੀ ਅਤੇ ਭਾਈ ਮੇਵਾ ਸਿੰਘ ਨਾਲ ਅਮਰੀਕਾ ਤੋਂ ਹਥਿਆਰ ਲਿਆਉਂਦਾ ਹੋਇਆ ਗ੍ਰਿਫਤਾਰ ਕਰ ਲਿਆ ਗਿਆ ਸੀ, ਪਰ ਮਗਰੋਂ ਇਨ੍ਹਾਂ ਚਵ੍ਹਾਂ ਨੂੰ ਰਿਹਾ ਕਰ ਦਿੱਤਾ ਗਿਆ।

ਹਿਊ ਜੌਨਸਟਨ ਨੇ ਆਪਣੀ ਪੁਸਤਕ 'ਦੀ ਵੌਇਜ਼ ਆਫ਼ ਦੀ ਕੋਮਾਗਾਟਾ ਮਾਰੂ' ਵਿਚ ਲਿਖਿਆ ਹੈ ਕਿ 1 ਨਵੰਬਰ 1913 ਨੂੰ ਜਦੋਂ 'ਗ਼ਦਰ' ਦਾ ਪਹਿਲਾ ਪਰਚਾ ਪ੍ਰਕਾਸ਼ਿਤ ਹੋਇਆ ਤਾਂ ਭਾਈ ਭਾਗ ਸਿੰਘ ਨੇ ਵੈਨਕੂਵਰ ਦੇ ਗੁਰਦੁਆਰੇ ਵਿਚ ਆਏ ਹੋਏ ਹਿੰਦੀਆਂ ਨੂੰ ਸੰਬੋਧਨ ਕਰਦੇ ਹੋਏ ਇਹ ਕਿਹਾ ਕਿ 'ਗ਼ਦਰ' ਪਰਚਾ ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਮੁਕਤੀ ਪਾਉਣ ਦਾ ਇਕ ਵੱਡਾ ਉਪਰਾਲਾ ਹੈ। ਇਸ ਰਾਹੀਂ ਅਸੀਂ ਆਪਣੇ ਦੇਸ਼ ਵਾਸੀਆਂ ਉਪਰ ਉਨ੍ਹਾਂ ਵੱਲੋਂ ਕੀਤੀਆਂ ਜਾ ਰਹੀਆਂ ਵਧੀਕੀਆਂ ਬਾਰੇ ਜਾਗ੍ਰਿਤ ਕਰਨਾ ਹੈ। ਤੁਸੀਂ ਜਿਤਨੀ ਵੱਧ ਗਿਣਤੀ ਵਿਚ ਇਸ ਦੇ ਮੈਂਬਰ ਬਣੋਗੇ ਅਸੀਂ ਉਤਨੀਆਂ ਹੀ ਵੱਧ ਕਾਪੀਆਂ ਛਪਵਾ ਕੇ ਲੋਕਾਂ ਤੱਕ ਪਹੁੰਚਾ ਸਕਾਂਗੇ। ਤੁਸੀਂ ਇੱਥੇ ਆਕੇ ਆਪਣੀ ਮੇਹਨਤ ਨਾਲ ਚੋਖਾ ਧੰਨ ਕਮਾ ਚੁਕੇ ਹੋ, ਹੁਣ ਤੁਹਾਡਾ ਫਰਜ਼ ਬਣਦਾ ਹੈ ਕਿ ਤੁਸੀਂ ਉਨ੍ਹਾਂ ਦੀ ਸਹਾਇਤਾ ਕਰੋ ਜਿਨ੍ਹਾਂ ਨੂੰ ਤੁਹਾਡੀ ਲੋੜ ਹੈ। ਭਾਈ ਭਾਗ ਸਿੰਘ ਨੇ ਆਪਣੀ ਤਕਰੀਰ ਵਿਚ ਇਹ ਵੀ ਕਿਹਾ ਕਿ ਗ਼ਦਰ ਦਾ ਪ੍ਰਚਾਰ ਕਰਨ ਲਈ ਇਹ ਜ਼ਰੂਰੀ ਹੈ ਕਿ ਇਸ ਪਰਚੇ ਦੀਆਂ ਕਾਪੀਆਂ ਜ਼ਾਇਆ ਨਾ ਕੀਤੀਆਂ ਜਾਣ, ਸਗੋਂ ਇਸ ਨੂੰ ਪੜ੍ਹਣ ਮਗਰੋਂ ਤੁਸੀਂ ਸਾਧਾਰਨ ਡਾਕ ਰਾਹੀਂ ਇਹ ਪਰਚਾ ਹਿੰਦੁਸਤਾਨ ਵਿਚ ਰਹਿ ਰਹੇ ਆਪਣੇ ਰਿਸ਼ਤੇਦਾਰਾਂ ਅਤੇ ਮਿੱਤਰਾਂ ਨੂੰ ਭੇਜ ਦਿਓ ਤਾਂ ਕਿ ਉਨ੍ਹਾਂ ਨੂੰ ਵੀ ਸਾਮਰਾਜੀ ਸ਼ਕਤੀਆਂ ਦੀ ਕੂਟਨੀਤੀ ਤੋਂ ਜਾਗਰੂਕ ਕੀਤਾ ਜਾ ਸਕੇ।

ਭਾਰਤੀ ਮੂਲ ਦੇ ਲੋਕਾਂ ਲਈ ਕੈਨੇਡਾ ਵਿਚ ਪ੍ਰਵੇਸ਼ ਕਰਨ ਉਪਰ ਪਾਬੰਦੀਆਂ ਜਾਰੀ ਸਨ। ਭਾਰਤ ਤੋਂ ਸਿੱਧੀ ਟਿਕਟ ਲੈਕੇ ਕੈਨੇਡਾ ਪਹੁੰਚਣ ਦਾ ਕਾਨੂੰਨ ਅਜੇ ਉਸੇ ਸਖ਼ਤੀ ਨਾਲ ਕੰਮ ਕਰ ਰਿਹਾ ਸੀ। ਉਨ੍ਹਾਂ ਦੇ ਇਸ ਕਾਨੂੰਨ ਦੀਆਂ ਧਜੀਆਂ ਉਡਾਉਣ ਲਈ, ਪਰਵਾਸੀ ਭਾਰਤੀਆਂ ਤੇ ਲਗੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰ ਕੇ, ਸਿੰਘਾਪੁਰ ਅਤੇ ਮਲਾਇਆ ਦਾ ਧਨਾਢ ਠੇਕੇਦਾਰ ਬਾਬਾ ਗੁਰਦਿੱਤ ਸਿੰਘ, ਕੋਮਾਗਾਟਾ ਮਾਰੂ ਨਾਮ ਦਾ ਜਹਾਜ਼ ਕਿਰਾਏ ਤੇ ਲੈਕੇ

Digitized by Panjab Digital Library | www.panjabdigilib.org

376 ਮੁਸਾਫਰਾਂ ਸਮੇਤ 22 ਮਈ 1914 ਨੂੰ ਵੈਨਕੂਵਰ ਪਹੁੰਚ ਗਿਆ।

ਇਸ ਜਹਾਜ਼ ਵਿਚ 351 ਮੁਸਾਫਰ ਸਿੱਖ ਤੇ 21 ਪੰਜਾਬੀ ਮੁਸਲਮਾਨ ਸਨ। ਬੇਸ਼ਕ ਇਹ ਜਹਾਜ਼ ਘਾਟਾਂ ਦੇ ਕਾਨੂੰਨ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਕੇ ਉਥੇ ਪਹੁੰਚਿਆ ਸੀ ਪਰ ਤਾਂ ਵੀ ਕੈਨੇਡਾ ਦੇ ਅਧਿਕਾਰੀਆਂ, ਜਿਨ੍ਹਾਂ ਵਿਚ ਭਾਰਤ ਤੋਂ ਇੱਥੇ ਆਇਆ ਇਕ ਅੰਗਰੇਜ਼ ਪੁਲਿਸ ਅਫਸਰ ਜੌਹਨ ਹਾਪਕਿਨਸਨ ਸ਼ਾਮਲ ਸੀ, ਨੇ ਇਨ੍ਹਾਂ ਮੁਸਾਫਰਾਂ ਨੂੰ ਜਹਾਜ਼ ਤੋਂ ਉਤਰਨ ਦੀ ਇਜਾਜ਼ਤ ਨਾ ਦਿੱਤੀ। ਵੈਨਕੂਵਰ ਦੀ ਹਿੰਦੀ ਵਸੋਂ ਕੈਨੇਡਾ ਦੀ ਸਰਕਾਰ ਦੇ ਇਸ ਰਵੱਈਏ ਤੋਂ ਬੜੀ ਪ੍ਰੇਸ਼ਾਨ ਹੋਈ। ਉਨ੍ਹਾਂ ਨੇ 'ਸ਼ੋਰ ਕਮੇਟੀ' ਦਾ ਗਠਨ ਕਰਕੇ, ਪੈਸੇ ਅਤੇ ਕਾਨੂੰਨੀ ਲੜਾਈ ਦੁਆਰਾ ਕੋਮਾਗਾਟਾ ਮਾਰੂ ਜਹਾਜ਼ ਦੇ ਮੁਸਾਫਰਾਂ ਦੀ ਹਰ ਤਰ੍ਹਾਂ ਨਾਲ ਸਹਾਇਤਾ ਕਰਨੀ ਚਾਹੀ। ਇਸ ਕਮੇਟੀ ਵਿਚ ਭਾਈ ਭਾਗ ਸਿੰਘ ਤੋਂ ਇਲਾਵਾ ਭਾਈ ਬਲਵੰਤ ਸਿੰਘ,ਹੁਸੈਨ ਰਹੀਮ, ਸੋਹਨ ਲਾਲ ਪਾਠਕ ਤੇ ਕੁਝ ਹੋਰ ਮੈਂਬਰ ਸ਼ਾਮਲ ਸਨ। ਇਹ ਜਹਾਜ਼ ਕਰੀਬ ਦੋ ਮਹੀਨੇ ਤਕ ਲੰਗਰ ਪਾਕੇ ਸਮੁੰਦਰ ਵਿਚ ਹੀ ਖੜ੍ਹਾ ਰਿਹਾ ਪਰ ਮੁਸਾਫਰਾਂ ਨੂੰ ਵੈਨਕੂਵਰ ਦਾਖ਼ਲ ਹੋਣ ਦੀ ਇਜਾਜ਼ਤ ਨਾ ਦਿੱਤੀ ਗਈ। ਬਾਬਾ ਗੁਰਦਿੱਤ ਸਿੰਘ ਦੇ ਨਿੱਜੀ ਸੈਕਟਰੀ ਸ੍ਰ: ਦਲਜੀਤ ਸਿੰਘ ਨੇ ਇਕ ਚਿੱਠੀ ਰਾਹੀਂ ਭਾਗ ਸਿੰਘ ਦੁਆਰਾ ਕੀਤੇ ਜਾ ਰਹੇ ਜਤਨਾਂ ਅਤੇ ਮਾਇਕ ਸਹਾਇਤਾ ਦਾ ਧੰਨਵਾਦ ਕਰਦਿਆਂ ਇਹ ਵੀ ਲਿਖਿਆ ਸੀ ਕਿ ਕੋਈ ਅਜੇਹਾ ਸਾਧਨ ਲਭਿਆ ਜਾਵੇ ਜਿਸ ਰਾਹੀਂ ਬਾਬਾ ਗੁਰਦਿੱਤ ਸਿੰਘ ਸਾਹਿਲ ਤੇ ਉਤਰ ਸਕਣ। ਪਰ ਇਸ ਜਹਾਜ਼ ਦੇ ਨੇਤਾ ਅਤੇ ਮੁਸਾਫਰਾਂ ਬਾਰੇ ਕੈਨੇਡਾ ਦੀ ਸਰਕਾਰ ਟੱਸ ਤੋਂ ਮੱਸ ਨਾ ਹੋਈ।


ਕਈ ਮਹੀਨਿਆਂ ਦੀ ਖਜਲ ਖੁਆਰੀ ਮਗਰੋਂ ਕੋਮਾਗਾਟਾ ਮਾਰੂ ਜਹਾਜ਼ 29 ਸਤੰਬਰ 1914 ਨੂੰ ਕਲਕੱਤਾ ਦੇ ਬੱਜ ਬੱਜ ਘਾਟ ਤੇ ਪਹੁੰਚ ਗਿਆ ਜਿੱਥੇ ਅੰਗਰੇਜ਼-ਪੁਲਿਸ ਦੀਆਂ ਬੰਦੂਕਾਂ ਪਹਿਲਾਂ ਹੀ ਮੁਸਾਫਰਾਂ ਦਾ ਇੰਤਜ਼ਾਰ ਕਰ ਰਹੀਆਂ ਸਨ।

ਅਜੇ ਇਹ ਜਹਾਜ਼ ਭਾਰਤ ਪਹੁੰਚਿਆ ਵੀ ਨਹੀਂ ਸੀ ਕਿ ਪਿੱਛੋਂ ਵੈਨਕੂਵਰ ਵਿਖੇ ਅੰਗਰੇਜ਼ ਅਫਸਰ ਜੌਹਨ ਹਾਪਕਿਨਸਨ ਦੇ ਮੁਖ਼ਬਰ ਅਤੇ ਸਰਕਾਰ ਪਾਸੋਂ ਹਰ ਮਹੀਨੇ 'ਆਪਣੀ ਗ਼ਦਾਰੀ ਵਜੋਂ ਪੈਨਸ਼ਨ ਪਾਉਣ ਵਾਲੇ' ਬੇਲਾ ਸਿੰਘ ਨੇ 5 ਸਤੰਬਰ 1914 ਨੂੰ ਗੁਰਦੁਆਰਾ ਸਾਹਿਬ ਦੇ ਅੰਦਰ ਗੁਰੂ ਮਹਾਰਾਜ ਦੀ ਤਾਬਿਆ ਬੈਠੇ ਭਾਈ ਭਾਗ ਸਿੰਘ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ। ਅੰਗਰੇਜ਼ੀ ਹਕੂਮਤ ਸਮਝਦੀ ਸੀ ਕਿ ਭਾਗ ਸਿੰਘ ਉਨ੍ਹਾਂ ਲਈ ਇਕ ਵੱਡੀ ਸਿਰ ਦਰਦੀ ਸੀ ਤੇ ਉਸ ਤੋਂ ਛੁਟਕਾਰਾ ਪਾਉਣ ਦਾ ਵਧੀਆ ਰਸਤਾ ਇਹੀ ਸੀ ਕਿ ਉਨ੍ਹਾਂ ਦੇ ਆਪਣੇ ਹੀ ਕਿਸੇ ਬੰਦੇ ਹਥੋਂ ਉਸ ਨੂੰ ਰਸਤੇ ਚੋਂ ਹਟਾ ਦਿੱਤਾ ਜਾਵੇ। ਭਾਈ ਭਾਗ ਸਿੰਘ ਨੂੰ ਬਚਾਉਣ ਦੀ ਕੋਸ਼ਿਸ਼ ਵਿਚ ਪਿੰਡ ਦਲੇਲ ਸਿੰਘ ਵਾਲਾ ਦਾ ਭਾਈ ਬਤਨ ਸਿੰਘ ਵੀ ਚਾਰ ਗੋਲੀਆਂ ਲਗਣ ਨਾਲ ਸ਼ਹੀਦੀ ਪਾ ਗਿਆ। ਦਿਨ ਦਿਹਾੜੇ ਸੰਗਤ ਦੇ ਸਨਮੁਖ ਹੋਏ ਇਨ੍ਹਾਂ ਕਤਲਾਂ ਦੇ ਬਾਵਜੂਦ ਬੇਲਾ ਸਿੰਘ ਨੂੰ ਪੁਲਿਸ ਦਾ ਮੁਖ਼ਬਰ ਅਤੇ ਤਨਖਾਹਦਾਰ ਮੁਲਾਜ਼ਮ ਹੋਣ ਕਰਕੇ ਰਿਹਾ ਕਰ ਦਿੱਤਾ ਗਿਆ। ਮਗਰੋਂ ਜੌਹਨ ਹਾਪਕਿਨਸਨ ਨੂੰ 25 ਅਕਤੂਬਰ 1914 ਨੂੰ ਭਾਈ ਮੇਵਾ ਸਿੰਘ ਨੇ ਅਤੇ ਬੇਲਾ ਸਿੰਘ ਦੇ ਭਾਰਤ ਪਰਤਣ ਮਗਰੋਂ ਬੱਬਰ ਅਕਾਲੀ ਸ੍ਰ: ਹਰੀ ਸਿੰਘ ਸੂੰਢ ਨੇ 1935 ਵਿਚ ਪਿੰਡ ਜੈਨਾਂ ਵਿਖੇ ਉਸਨੂੰ ਗੋਲੀ ਮਾਰ ਕੇ ਭਾਈ ਭਾਗ ਸਿੰਘ ਸ਼ਹੀਦ ਦਾ ਬਦਲਾ ਚੁਕਾ ਦਿੱਤਾ।

ਭਾਈ ਭਾਗ ਸਿੰਘ ਬੜਾ ਦ੍ਰਿੜ ਵਿਸ਼ਵਾਸੀ ਤੇ ਧਾਰਮਿਕ ਬਿਰਤੀ ਵਾਲਾ ਦੇਸ਼ ਭਗਤ

Digitized by Panjab Digital Library | www.panjabdigilib.org

ਸੀ। ਉਸਨੇ ਦੇਸ਼ ਭਗਤੀ ਦੇ ਜਜ਼ਬੇ ਦੇ ਨਾਲ ਨਾਲ ਪ੍ਰਦੇਸਾਂ ਵਿਚ ਮਜਬੂਰੀ ਕਾਰਨ ਪਤਿੱਤ ਹੋ ਰਹੇ ਸਿੱਖ ਨੌਜਵਾਨਾਂ ਨੂੰ ਮੁੜ ਆਪਣੇ ਵਿਰਸੇ ਨਾਲ ਜੋੜਣ ਲਈ ਵੀ ਬੜਾ ਕੰਮ ਕੀਤਾ ਸੀ। ਇਸ ਕੰਮ ਵਿਚ ਉਸਨੂੰ ਭਾਈ ਬਲਵੰਤ ਸਿੰਘ ਖੁਰਦਪੁਰ (ਗੁੰਥੀ) ਦਾ ਵੀ ਪੂਰਾ ਸਹਿਯੋਗ ਪ੍ਰਾਪਤ ਸੀ। ਉਹ ਪ੍ਰਵਾਸੀ ਭਾਰਤੀਆਂ ਵਿਚ ਬੜਾ ਹਰਮਨ ਪਿਆਰਾ ਤੇ ਮਿਲਾਪੜੇ ਸੁਭਾਅ ਵਾਲਾ ਸੀ। ਲੋਕ ਉਸਨੂੰ ਸੇਵਾ ਦੇ ਪੁੰਜ ਅਤੇ ਸੰਤ ਰੂਪ ਕਰਕੇ ਜਾਣਦੇ ਸਨ। ਇਨ੍ਹਾਂ ਨੂੰ ਆਪਣੇ ਜੱਦੀ ਪਿੰਡ ਦੇ ਨਾਮ ਤੇ ਭਾਈ ਭਾਗ ਸਿੰਘ ਭਿੱਖੀਵਿੰਡ ਅਥਵਾ ਭਾਈ ਭਾਗ ਸਿੰਘ ਕੈਨੇਡੀਅਨ ਕਰਕੇ ਵੀ ਜਾਣਿਆ ਜਾਂਦਾ ਹੈ।




Digitized by Panjab Digital Library | www.panjabdigilib.org

# ਭਾਈ ਬਤਨ ਸਿੰਘ

ਭਾਈ ਬਤਨ ਸਿੰਘ ਜਿਸ ਨੂੰ ਕਈ ਇਤਿਹਾਸਕਾਰਾਂ ਨੇ ਭਾਈ ਬਦਨ ਸਿੰਘ ਅਥਵਾ ਭਾਈ ਗੁਰਮੁੱਖ ਸਿੰਘ ਕਰ ਕੇ ਲਿਖਿਆ ਹੈ, ਕੈਨੇਡਾ ਦੇ ਉਨ੍ਹਾਂ ਤਿੰਨ ਸਿੱਖ ਸ਼ਹੀਦਾਂ ਵਿਚੋਂ ਹਨ ਜਿਨ੍ਹਾਂ ਨੂੰ 1914 ਅਤੇ 1915 ਵਿਚ ਵੈਨਕੂਵਰ ਵਿਖੇ ਸ਼ਹੀਦ ਕੀਤਾ ਗਿਆ। ਦੂਜੇ ਦੋ ਸਿੱਖ ਸ਼ਹੀਦ ਸਨ : ਭਾਈ ਭਾਗ ਸਿੰਘ ਭਿੱਖੀਵਿੰਡ ਅਤੇ ਭਾਈ ਮੇਵਾ ਸਿੰਘ ਲੋਪੋਕੇ, ਜਿਨ੍ਹਾਂ ਦਾ ਸ਼ਹੀਦੀ ਦਿਨ ਹੁਣ ਤਕ ਵੀ ਕੈਨੇਡਾ ਦੇ ਗੁਰਦੁਆਰਿਆਂ ਵਿਚ ਬੜੇ ਪਿਆਰ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਭਾਈ ਬਤਨ ਸਿੰਘ ਦਾ ਕੈਨੇਡਾ ਵਿਚ ਗਏ ਭਾਰਤੀ ਪਰਵਾਸੀਆਂ ਨੂੰ ਜਥੇਬੰਦ ਕਰਨ ਅਤੇ ਵੈਨਕੂਵਰ ਵਿਖੇ ਪਹਿਲਾ ਸਿੱਖ ਗੁਰਦੁਆਰਾ ਸਥਾਪਿਤ ਕਰਨ ਵਿਚ ਬੜਾ ਵੱਡਾ ਹੱਥ ਸੀ। ਕੈਨੇਡਾ ਅਤੇ ਅਮਰੀਕਾ ਵਿਚ ਰੋਜ਼ੀ ਰੋਟੀ ਦੀ ਤਲਾਸ਼ ਵਿਚ ਗਏ ਭਾਰਤੀਆਂ ਅਤੇ ਵਿਸ਼ੇਸ਼ ਕਰ ਕੇ ਸਿੱਖਾਂ ਲਈ ਜਿੱਥੇ ਇਹ ਗੁਰਦੁਆਰਾ ਧਾਰਮਿਕ ਤੌਰ ਤੇ ਸੰਗਤ ਦੇ ਰੂਪ ਵਿਚ ਮਿਲ ਬੈਠਣ ਦਾ ਇਕ ਵਧੀਆ ਸਥਾਨ ਸੀ ਉੱਥੇ ਜਲਦੀ ਹੀ ਇਹ ਗੁਰਦੁਆਰਾ ਰਾਜਸੀ ਚੇਤਨਾ ਅਤੇ ਅੰਗਰੇਜ਼ੀ ਸਾਮਰਾਜ ਵਿਰੁੱਧ ਜਥੇਬੰਦਕ ਘੋਲ ਦਾ ਇਕ ਪ੍ਰਮੁੱਖ ਕੇਂਦਰ ਬਣ ਗਿਆ। ਹਫ਼ਤਾਵਾਰੀ ਜੁੜਨ ਵਾਲੀ ਸੰਗਤ ਵਿਚ ਜਿੱਥੇ ਸ਼ਬਦ ਕੀਰਤਨ ਦਾ ਪ੍ਰਵਾਹ ਚਲਦਾ ਉਥੇ ਹਿੰਦੂ, ਸਿੱਖ ਅਤੇ ਮੁਸਲਮਾਨ ਸਾਂਝੇ ਤੌਰ ਤੇ ਆਪਣੀਆਂ ਸਮਾਜਿਕ ਅਤੇ ਰਾਜਸੀ ਔਕੜਾਂ ਬਾਰੇ ਵੀ ਖੁਲ੍ਹ ਕੇ ਵਿਚਾਰ ਕਰਦੇ। ਗ਼ਦਰ ਲਹਿਰ ਇਨ੍ਹਾਂ ਰਾਜਸੀ ਵਿਚਾਰਾਂ ਦੀ ਹੀ ਉਪਜ ਸੀ ਜਿਸ ਤੋਂ ਇਹ ਗੱਲ ਸਪਸ਼ਟ ਸੀ ਕਿ ਜਿਤਨੀ ਦੇਰ ਤਕ ਦੇਸ਼ਵਾਸੀ ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਮੁਕਤ ਨਹੀਂ ਹੋ ਜਾਂਦੇ ਉਤਨੀ ਦੇਰ ਤਕ ਉਨ੍ਹਾਂ ਨਾਲ ਵਿਤਕਰੇ ਭਰਿਆ ਸਲੂਕ ਅਤੇ ਉਨ੍ਹਾਂ ਦਾ ਆਰਥਿਕ ਅਤੇ ਰਾਜਸੀ ਸ਼ੋਸ਼ਣ ਜਾਰੀ ਰਹੇਗਾ। ਲੋਕ ਉਨ੍ਹਾਂ ਨੂੰ 'ਕੁਲੀ' ਅਤੇ 'ਗ਼ੁਲਾਮ ਹਿੰਦੀ' ਕਰਕੇ ਜਾਣਦੇ ਅਤੇ ਪੁਕਾਰਦੇ ਰਹਿਣਗੇ।

ਭਾਈ ਬਤਨ ਸਿੰਘ ਦੇ ਮੁਢੱਲੇ ਹਾਲਾਤ ਬਾਰੇ ਕੋਈ ਬਹੁਤੀ ਜਾਣਕਾਰੀ ਨਹੀਂ ਮਿਲਦੀ। ਇਨ੍ਹਾਂ ਦਾ ਜਨਮ ਸੰਨ 1871 ਵਿਚ ਪਿੰਡ ਦਲੇਲ ਸਿੰਘ ਵਾਲਾ, ਰਿਆਸਤ ਪਟਿਆਲਾ ਵਿਚ ਇਕ ਜ਼ਿਮੀਦਾਰ ਸ੍ਰ: ਬਘੇਲ ਸਿੰਘ ਦੇ ਘਰ ਹੋਇਆ। 26-01-1983 ਨੂੰ ਪੰਜਾਬੀ ਟ੍ਰਿਬੀਊਨ ਵਿਚ ਛਪੇ ਇਕ ਲੇਖ ਵਿਚ ਬਤਨ ਸਿੰਘ ਦਾ ਜਨਮ ਮਾਨਸਾ (ਬਠਿੰਡਾ) ਤੋਂ ਛੇ ਮੀਲ ਦੀ ਦੂਰੀ ਤੇ ਹੋਇਆ ਲਿਖਿਆ ਹੈ। ਪਿੰਡ ਦੀ ਧਰਮ ਸਾਲ ਵਿਚ ਥੋੜੀ ਬਹੁਤੀ ਪੰਜਾਬੀ ਅਤੇ ਗੁਰਬਾਣੀ ਪੜ੍ਹਣ ਦੀ ਸਿਖਿਆ ਲੈਕੇ ਬਤਨ ਸਿੰਘ ਖੇਤੀ ਦੇ ਕੰਮ ਵਿਚ ਲਗ ਗਿਆ। ਵਾਹੀ ਯੋਗ ਬਹੁਤੀ ਜ਼ਮੀਨ ਨਾ ਹੋਣ ਕਰਕੇ ਬਤਨ ਸਿੰਘ ਮਈ 1889 ਵਿਚ ਫ਼ੌਜ ਵਿਚ ਭਰਤੀ ਹੋਕੇ ਬਰਮਾ ਚਲਾ ਗਿਆ। ਉਨ੍ਹਾਂ ਦਿਨਾਂ ਵਿਚ ਭਾਰਤ ਦੀਆਂ ਅਨੇਕ ਫ਼ੌਜੀ ਟੁਕੜੀਆਂ ਨੂੰ ਦੇਸ਼ ਤੋਂ ਬਾਹਰ ਅੰਗਰੇਜ਼ੀ ਪ੍ਰਭਾਵ ਵਾਲੇ ਇਲਾਕਿਆਂ ਵਿਚ ਤੈਨਾਤ ਕੀਤਾ ਜਾ ਰਿਹਾ ਸੀ। ਦੇਸ਼ ਵਿਚ ਆਰਥਿਕ ਮੰਦਵਾੜੇ ਕਰ ਕੇ ਪੰਜਾਬ ਦੇ ਬਹੁਤ ਸਾਰੇ ਨੌਜਵਾਨ ਫ਼ੌਜ ਵਿਚ ਜਾਂ ਪੁਲਿਸ ਵਿਚ ਭਰਤੀ ਹੋਕੇ ਏਸ਼ੀਆ ਦੇ ਦੱਖਣ ਪੂਰਬੀ ਦੇਸ਼ਾਂ ਵਿਚ ਜਾ ਰਹੇ ਸਨ। ਬਤਨ ਸਿੰਘ ਵੀ ਉਨ੍ਹਾਂ ਵਿਚੋਂ ਹੀ ਸੀ ਜੋ ਨੌਕਰੀ ਦੇ ਸਿਲਸਿਲੇ ਵਿਚ ਬਾਹਰ ਚਲਾ ਗਿਆ ਸੀ। ਲਗਦਾ ਹੈ ਇਸ ਕੰਮ ਵਿਚ ਉਸਦਾ

Digitized by Panjab Digital Library | www.panjabdigilib.org

ਦਿਲ ਨਾ ਲੱਗਾ ਤੇ ਉਹ ਕੁਝ ਸਾਲਾਂ ਦੀ ਨੌਕਰੀ ਕਰਨ ਮਗਰੋਂ 1894 ਵਿਚ ਅਸਤੀਫਾ ਦੇਕੇ ਵਾਪਸ ਆਪਣੇ ਪਿੰਡ ਪਰਤ ਆਇਆ। ਫੌਜੀ ਨੌਕਰੀ ਦੌਰਾਨ ਬਤਨ ਸਿੰਘ ਨੂੰ ਸਭ ਤੋਂ ਮਾੜੀ ਗੱਲ ਇਹ ਲਗਦੀ ਸੀ ਕਿ ਇਕ ਸੈਨਿਕ ਦਾ ਦਿਨ ਅਫ਼ਸਰਾਂ ਨੂੰ ਸਲੂਟ ਮਾਰਨ ਨਾਲ ਸ਼ੁਰੂ ਹੁੰਦਾ ਸੀ ਅਤੇ ਅਫ਼ਸਰਾਂ ਨੂੰ ਸਲੂਟ ਮਾਰ ਕੇ ਗੁੱਡ ਨਾਈਟ ਕਹਿ ਕੇ ਖ਼ਤਮ ਹੁੰਦਾ ਸੀ। ਦਿਨ ਵਿਚ ਆਪਣੇ ਤੋਂ ਸੀਨੀਅਰ ਹਰ ਬੰਦੇ ਨੂੰ ਪਤਾ ਨਹੀਂ ਕਿਤਨੀ ਵਾਰ ਸਲੂਟ ਮਾਰਨਾ ਪੈਂਦਾ ਸੀ। ਇਸ ਕਾਰਵਾਈ ਵਿਚ ਉਸਨੂੰ ਹਰ ਵੇਲੇ ਆਪਣੇ ਦੇਸ਼ ਦੀ ਗ਼ੁਲਾਮੀ ਦਾ ਅਹਿਸਾਸ ਹੁੰਦਾ ਜਿਸ ਕਰਕੇ ਉਸ ਵਰਗੇ ਹਜ਼ਾਰਾਂ ਨੌਜਵਾਨ ਰੋਜ਼ੀ ਦੀ ਤਲਾਸ਼ ਵਿਚ ਬਾਹਰ ਭਟਕ ਰਹੇ ਸਨ।

ਆਰਥਿਕ ਮਜਬੂਰੀਆਂ ਨੇ ਇਕ ਵਾਰ ਫਿਰ ਉਸਨੂੰ ਪਿੰਡ ਛੱਡਣ ਲਈ ਮਜਬੂਰ ਕਰ ਦਿੱਤਾ। 1904 ਵਿਚ ਉਹ ਹਾਂਗ ਕਾਂਗ ਚਲਾ ਗਿਆ। ਸਰੀਰਕ ਤੌਰ ਤੇ ਚੰਗੇ ਕਦ-ਕਾਠ ਅਤੇ ਮਜ਼ਬੂਤ ਜੁੱਸੇ ਕਰਕੇ ਉਸਨੂੰ ਪੁਲਿਸ ਵਿਚ ਨੌਕਰੀ ਮਿਲ ਗਈ। ਹਿੰਦੁਸਤਾਨ ਤੋਂ ਕੈਨੇਡਾ ਅਤੇ ਅਮਰੀਕਾ ਜਾਣ ਵਾਲੇ ਮੁਸਾਫ਼ਰਾਂ ਨੂੰ ਅਕਸਰ ਇੱਥੇ ਰੁਕਣਾ ਪੈਂਦਾ ਸੀ। ਭਾਰਤ ਤੋਂ ਸਿੱਧਾ ਜਹਾਜ਼ ਨਾ ਮਿਲਣ ਕਰਕੇ ਪਰਵਾਸੀ ਭਾਰਤੀਆਂ ਨੂੰ ਕਈ ਕਈ ਦਿਨ ਤਕ ਇੱਥੋਂ ਚਲਣ ਵਾਲੇ ਜਹਾਜ਼ਾਂ ਦੀ ਉਡੀਕ ਕਰਨੀ ਪੈਂਦੀ ਸੀ। ਅਜੇਹੇ ਪਰਵਾਸੀਆਂ ਦੇ ਸੰਪਰਕ ਵਿਚ ਆਉਣ ਕਰਕੇ ਬਤਨ ਸਿੰਘ ਨੇ ਵੀ ਕੈਨੇਡਾ ਜਾਣ ਦਾ ਵਿਚਾਰ ਬਣਾ ਲਿਆ ਅਤੇ 1907 ਵਿਚ ਪੁਲਿਸ ਦੀ ਨੌਕਰੀ ਛੱਡ ਕੇ ਵੈਨਕੂਵਰ ਜਾ ਪਹੁੰਚਿਆ। ਉਦੋਂ ਤਕ ਇੱਥੇ ਪਹੁੰਚਣ ਵਾਲੇ ਭਾਰਤੀਆਂ ਦੀ ਸੰਖਿਆ ਕਾਫ਼ੀ ਹੋ ਚੁਕੀ ਸੀ ਅਤੇ ਉਨ੍ਹਾਂ ਨੇ ਆਪਣੇ ਅਧਿਕਾਰਾਂ ਲਈ ਜਦੋ-ਜਹਿਦ ਸ਼ੁਰੂ ਕਰ ਦਿੱਤੀ ਸੀ।

ਅਮਰੀਕਾ ਅਤੇ ਕੈਨੇਡਾ ਦੇ ਪਛੱਮੀ ਤੱਟ ਤੇ ਪਹੁੰਚੇ ਭਾਰਤੀਆਂ ਨਾਲ ਆਮ ਕਰਕੇ ਮਾੜਾ ਸਲੂਕ ਕੀਤਾ ਜਾਂਦਾ ਸੀ। ਉਨ੍ਹਾਂ ਨੂੰ 'ਕੁਲੀ' ਜਾਂ 'ਗੁਲਾਮ ਹਿੰਦੀ' ਕਹਿ ਕੇ ਪੁਕਾਰਿਆ ਅਤੇ ਨਫ਼ਰਤ ਦੀ ਨਜ਼ਰ ਨਾਲ ਵੇਖਿਆ ਜਾਂਦਾ ਸੀ। ਕਿਉਂਕਿ ਇਹ ਲੋਕ ਸਰੀਰਕ ਤੌਰ ਤੇ ਤਕੜੇ ਅਤੇ ਮੇਹਨਤੀ ਸਨ ਇਸ ਕਰਕੇ ਇਨ੍ਹਾਂ ਨੂੰ ਆਰਾ ਮਸ਼ੀਨਾਂ, ਖੇਤਾਂ ਅਤੇ ਫੈਕਟਰੀਆਂ ਵਿਚ ਕੋਈ ਨਾ ਕੋਈ ਕੰਮ ਮਿਲ ਜਾਂਦਾ ਸੀ। ਭਾਰਤੀ ਮਜ਼ਦੂਰ ਘੱਟ ਤਨਖਾਹ ਤੇ ਵੀ ਕੰਮ ਕਰਨ ਨੂੰ ਤਿਆਰ ਹੋ ਜਾਂਦੇ ਸਨ, ਇਸ ਕਰਕੇ ਸਥਾਨਕ ਲੋਕਾਂ ਵਿਚ ਬੇਰੁਜ਼ਗਾਰੀ ਵੱਧਣ ਲਗ ਪਈ। ਨਵੇਂ ਪੈਦਾ ਹੋ ਰਹੇ ਇਨ੍ਹਾਂ ਹਾਲਾਤ ਕਰਕੇ ਉਹ ਭਾਰਤੀ ਅਤੇ ਵਿਸ਼ੇਸ਼ ਕਰਕੇ ਪੰਜਾਬੀ ਮਜ਼ਦੂਰਾਂ ਨੂੰ ਜ਼ਿਮੇਵਾਰ ਸਮਝਦੇ ਸਨ। ਭਾਰਤੀ ਮਜ਼ਦੂਰਾਂ ਨੂੰ ਦੇਸ਼ ਚੋਂ ਕੱਢਣ ਲਈ ਨਾ ਸਿਰਫ਼ ਉਨ੍ਹਾਂ ਨੇ ਇਨ੍ਹਾਂ ਦੇ ਰਿਹਾਇਸ਼ੀ ਅਤੇ ਕੰਮ-ਕਾਜੀ ਟਿਕਾਣਿਆਂ ਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ ਸਗੋਂ ਆਪੋ ਆਪਣੇ ਦੇਸ਼ ਦੀਆਂ ਸਰਕਾਰਾਂ ਤੇ ਵੀ ਜ਼ੋਰ ਪਾਇਆ ਕਿ ਉਹ ਇਮੀਗ੍ਰਸ਼ਨ ਕਾਨੂੰਨਾਂ ਨੂੰ ਇਤਨਾਂ ਸਖ਼ਤ ਬਣਾ ਦੇਣ ਕਿ ਇਨ੍ਹਾਂ ਪਰਵਾਸੀਆਂ ਦਾ ਇੱਥੇ ਪਹੁੰਚਣਾ ਅਤੇ ਪ੍ਰਵੇਸ਼ ਪਾ ਸਕਣਾ ਨਾਮੁਮਕਿਣ ਹੋ ਜਾਵੇ। 1906 ਵਿਚ ਕੈਨੇਡਾ ਦੀ ਵਿਧਾਨ ਸਭਾ ਨੇ, ਕੈਨੇਡਾ ਵਿਚ ਏਸ਼ਿਆਈ ਲੋਕਾਂ ਦੇ ਦਾਖ਼ਲੇ ਤੇ ਕਾਬੂ ਪਾਉਣ ਲਈ ਪਰਵਾਸੀ ਕਾਨੂੰਨਾਂ ਵਿਚ ਤਬਦੀਲੀ ਕਰਕੇ ਅਤੇ 1908 ਵਿਚ 'ਆਰਡਰ ਇੰਨ ਕੌਂਸਿਲ' ਜਾਰੀ ਕਰਕੇ ਇਮੀਗ੍ਰੇਸ਼ਨ ਦੀਆਂ ਸ਼ਰਤਾਂ ਨੂੰ ਇਤਨਾਂ ਸਖ਼ਤ ਬਣਾ ਦਿੱਤਾ ਸੀ ਕਿ ਹੁਣ ਭਾਰਤੀ ਮੂਲ ਦੇ ਲੋਕਾਂ ਲਈ ਇਨ੍ਹਾਂ ਕਾਨੂੰਨਾਂ ਨੂੰ ਚੁਣੌਤੀ ਦੇਣ ਅਤੇ ਇਨ੍ਹਾਂ ਵਿਰੁੱਧ ਸੰਘਰਸ਼ ਛੇੜਣ ਤੋਂ ਬਿਨਾਂ ਹੋਰ ਕੋਈ ਵਿਕਲਪ ਬਾਕੀ ਨਹੀਂ ਸੀ ਰਹਿ ਗਿਆ। ਬਤਨ ਸਿੰਘ ਕੈਨੇਡਾ ਪਹੁੰਚਦਿਆਂ ਹੀ ਇਸ ਸੰਘਰਸ਼ ਵਿਚ ਤਨ, ਮਨ ਤੇ ਧੰਨ ਨਾਲ ਪੂਰੇ ਉਤਸ਼ਾਹ

Digitized by Panjab Digital Library | www.panjabdigilib.org

ਨਾਲ ਸ਼ਾਮਲ ਹੋ ਗਿਆ।

19 ਜਨਵਰੀ 1908 ਵਿਚ ਵੈਨਕੂਵਰ ਵਿਖੇ ਸਿੱਖ ਗੁਰਦੁਆਰੇ ਦੀ ਪਹਿਲੀ ਪੱਕੀ ਇਮਾਰਤ ਦਾ ਉਦਘਾਟਨ ਕੀਤਾ ਗਿਆ। ਇਸ ਗੁਰਦੁਆਰੇ ਦੀ ਸਥਾਪਤੀ ਵਿਚ ਬਤਨ ਸਿੰਘ ਨੇ ਬਹੁਤ ਹਿੱਸਾ ਪਾਇਆ ਸੀ। ਗੁਰਚਰਨ ਸਿੰਘ ਸੈਂਸਰਾ, 'ਗ਼ਦਰ ਪਾਰਟੀ ਦਾ ਇਤਿਹਾਸ' ਵਿਚ ਲਿਖਦੇ ਹਨ ਕਿ ਇਹ ਗੁਰਦੁਆਰਾ ਹਿੰਦੀਆਂ ਦੇ ਏਕੇ ਦੀ ਜਿੰਦ ਸੀ, ਜਿੱਥੋਂ ਹਿੰਦੀਆਂ ਦੇ ਮਿਲ ਬੈਠਣ ਅਤੇ ਰਲਕੇ ਘੋਲ ਕਰਨ ਦਾ ਬੂਟਾ ਪੁੰਗਰਿਆ, ਵਧਿਆ, ਫੁਲਿਆ ਤੇ ਪਰਵਾਨ ਚੜ੍ਹਿਆ। ਇੱਥੇ ਐਤਵਾਰ ਦੇ ਇਕਠਾਂ ਅਤੇ ਦਿਨ ਤਿਉਹਾਰਾਂ ਤੇ ਹੁੰਦੇ ਜੋੜ ਮੇਲਿਆਂ ਨੇ ਹਿੰਦੀਆਂ ਨੂੰ ਆਪਣੀ ਹਾਲਤ ਉਤੇ ਵਿਚਾਰਾਂ ਕਰਨ, ਸੋਚਾਂ ਸਾਂਝੀਆਂ ਬਣਾਉਣ ਅਤੇ ਇਹਨਾਂ ਉਤੇ ਫੈਸਲੇ ਲੈਣ ਦੇ ਰਾਹ ਤੇ ਪਾਇਆ। ...ਇਹ ਗੁਰਦੁਆਰਾ ਕੈਨੇਡਾ ਦੇ ਹਿੰਦੀਆਂ ਲਈ ਉਨ੍ਹਾਂ ਦੇ ਰਾਜਸੀ ਘੋਲ ਦਾ ਹੈੱਡ ਕੁਆਟਰ ਬਣ ਗਿਆ। ਇਸ ਗੁਰਦੁਆਰੇ ਦਾ ਪ੍ਰਧਾਨ ਭਾਈ ਭਾਨ ਸਿੰਘ, ਖ਼ਜ਼ਾਨਚੀ ਭਾਈ ਭਾਗ ਸਿੰਘ ਭਿੱਖੀਵਿੰਡ ਅਤੇ ਮੀਤ ਸੇਵਕ ਭਾਈ ਬਲਵੰਤ ਸਿੰਘ ਸਨ। ਜਦੋਂ ਭਾਰਤੀ ਪਰਵਾਸੀਆਂ ਵਲੋਂ ਇਕੱਠੇ ਕੀਤੇ ਸਰਮਾਏ ਨਾਲ ਸ੍ਰ: ਤੇਜਾ ਸਿੰਘ ਨੇ ਗੁਰੂ ਨਾਨਕ ਮਾਈਨਿੰਗ ਐਂਡ ਟਰਸੱਟ ਕੰਪਨੀ ਦੀ ਸਥਾਪਨਾ ਕੀਤੀ ਤਾਂ ਭਾਈ ਬਤਨ ਸਿੰਘ ਨੂੰ ਇਸ ਕੰਪਨੀ ਦੇ ਪ੍ਰਬੰਧਕੀ ਬੋਰਡ ਦਾ ਮੈਂਬਰ ਅਤੇ ਪਹਿਲਾ ਪ੍ਰਧਾਨ ਬਣਾਇਆ ਗਿਆ। ਜਿਵੇਂ ਕਿ ਹਿਊ ਜੋਹਨਸਨ (Hugh Johnston) ਆਪਣੀ ਕਿਤਾਬ 'The Voyage of the Komagata Maru' ਵਿਚ ਲਿਖਦਾ ਹੈ, ਇਸ ਕੰਪਨੀ ਦਾ ਮੁੱਖ ਆਸ਼ਾ ਪੰਜਾਬ ਤੋਂ ਗਈ ਕਿਰਤੀ ਜਮਾਤ ਦੀ ਆਰਥਿਕ ਹਾਲਤ ਸੁਧਾਰਨਾ ਅਤੇ ਉਨ੍ਹਾਂ ਨੂੰ ਸਹਾਇਤਾ ਦੇਣਾ ਸੀ। ਭਾਈ ਬਤਨ ਸਿੰਘ ਨੂੰ ਖ਼ਾਲਸਾ ਦੀਵਾਨ ਸੁਸਾਇਟੀ ਦਾ ਵੀ ਮੈਂਬਰ ਬਣਾਇਆ ਗਿਆ ਜੋ ਭਾਰਤੀ ਅਤੇ ਵਿਸ਼ੇਸ਼ ਕਰਕੇ ਸਿੱਖਾਂ ਦੀਆਂ ਸਮਸਿਆਵਾਂ ਦੂਰ ਕਰਨ ਲਈ ਕੰਮ ਕਰ ਰਹੀ ਸੀ। ਖ਼ਾਲਸਾ ਦੀਵਾਨ ਸੁਸਾਇਟੀ ਦਾ ਇਕ ਮਨੋਰਥ ਸਿੱਖੀ ਤੋਂ ਦੂਰ ਜਾ ਰਹੇ ਨੌਜਵਾਨਾਂ ਨੂੰ ਫਿਰ ਆਪਣੇ ਧਰਮ ਨਾਲ ਜੋੜਣਾ ਸੀ। ਡਾ: ਪੁਰੀ ਆਪਣੀ ਪੁਸਤਕ 'ਗ਼ਦਰ ਮੂਵਮੈਂਟ' ਵਿਚ ਲਿਖਦਾ ਹੈ ਕਿ ਸ੍ਰ: ਬਲਵੰਤ ਸਿੰਘ, ਸ੍ਰ: ਭਾਗ ਸਿੰਘ ਅਤੇ ਸ੍ਰ: ਬਤਨ ਸਿੰਘ ਵਰਗੇ ਉਤਸਾਹੀ ਨੌਜਵਾਨਾਂ ਦੇ ਜਤਨਾਂ ਸਦਕਾ ਕਰੀਬ 500 ਸਿੱਖ ਮੁੜ ਆਪਣੇ ਧਰਮ ਨਾਲ ਜੁੜ ਗਏ। ਇਨ੍ਹਾਂ ਲੋਕਾਂ ਦਾ ਵਿਚਾਰ ਸੀ ਕਿ ਜੋ ਵਿਅਕਤੀ ਆਪਣੇ ਧਰਮ ਪ੍ਰਤੀ ਵਫ਼ਾਦਾਰ ਨਹੀਂ ਉਹ ਆਪਣੇ ਦੇਸ਼ ਪ੍ਰਤੀ ਵੀ ਵਫ਼ਾਦਾਰ ਨਹੀਂ ਹੋ ਸਕਦਾ। ਧਰਮ ਪ੍ਰਚਾਰ ਦੇ ਨਾਲ ਨਾਲ ਬਤਨ ਸਿੰਘ ਨੇ ਸਮਾਜ ਸੁਧਾਰ ਵਲ ਵੀ ਧਿਆਨ ਦਿੱਤਾ ਅਤੇ ਪੰਜਾਬੀ ਨੌਜਵਾਨਾਂ ਨੂੰ ਨਸ਼ਿਆਂ ਆਦਿ ਦਾ ਤਿਆਗ ਕਰ ਕੇ ਸਾਦਾ ਅਤੇ ਸਦਾਚਾਰਕ ਜੀਵਨ ਜੀਊਣ ਦੀ ਪ੍ਰੇਰਨਾ ਕੀਤੀ। ਗੁਰਦੁਆਰੇ ਵਿਚ ਹੋਣ ਵਾਲੀਆਂ ਬਹੁਤੀਆਂ ਇਕਤ੍ਰਤਾਵਾਂ ਵਿਚ ਅੰਗਰੇਜ਼ੀ ਸਾਮਰਾਜ ਦੇ ਵਿਰੋਧ ਵਿਚ ਖੁਲ੍ਹਮ ਖੁਲ੍ਹਾ ਵਿਚਾਰ ਪ੍ਰਗਟ ਕੀਤੇ ਜਾਂਦੇ ਸਨ। ਇਸ ਗੱਲ ਤੋਂ ਕੈਨੇਡਾ ਦੇ ਅਧਿਕਾਰੀ ਅਵੇਸਲੇ ਅਤੇ ਅਣਜਾਣ ਨਹੀਂ ਸਨ ਅਤੇ ਉਹ ਵੈਨਕੂਵਰ ਵਿਚ ਕੰਮ ਕਰ ਰਹੀਆਂ ਭਾਰਤੀ ਜਥੇਬੰਦੀਆਂ ਦੇ ਨੇਤਾਵਾਂ ਨੂੰ ਕਿਸੇ ਨਾ ਕਿਸੇ ਕੇਸ ਵਿਚ ਉਲਝਾ ਕੇ ਜਾਂ ਸਜ਼ਾਵਾਂ ਸੁਣਾਕੇ ਦੇਸ਼ ਚੋਂ ਬਾਹਰ ਕੱਢ ਦੇਣਾ ਚਾਹੁੰਦੇ ਸਨ। ਹੋਰ ਪ੍ਰਮੁੱਖ ਨੇਤਾਵਾਂ ਤੋਂ ਇਲਾਵਾ ਅਜੇਹੇ ਲੋਕਾਂ ਦੀ ਸੂਚੀ ਵਿਚ ਬਤਨ ਸਿੰਘ ਦਾ ਨਾਮ ਵੀ ਸ਼ਾਮਲ ਸੀ।

ਉੱਥੇ ਰਹਿ ਰਹੇ ਭਾਰਤੀਆਂ ਲਈ ਕੋਮਾਗਾਟਾ ਮਾਰੂ ਜਹਾਜ਼ ਦੀ ਘਟਨਾ ਇਕ ਬਹੁਤ ਵਡਾ ਦੁਖਾਂਤ ਸੀ। ਬਾਬਾ ਗੁਰਦਿੱਤ ਸਿੰਘ ਜੋ ਕਿ ਇਸ ਜਹਾਜ਼ ਵਿਚ 376 ਮੁਸਾਫ਼ਰਾਂ ਨੂੰ ਲੈਕੇ

Digitized by Panjab Digital Library | www.panjabdigilib.org

22 ਮਈ 1914 ਨੂੰ ਵੈਨਕੂਵਰ ਦੀ ਬੰਦਰਗਾਹ ਤੇ ਪਹੁੰਚਿਆ ਸੀ, ਨੂੰ ਕੈਨੇਡੀਅਨ ਅਧਿਕਾਰੀਆਂ ਨੇ ਉਸ ਜਹਾਜ਼ ਤੋਂ ਉਤਰਨ ਅਤੇ ਨਗਰ ਵਿਚ ਪ੍ਰਵੇਸ਼ ਕਰਨ ਦੀ ਆਗਿਆ ਨਾ ਦਿੱਤੀ। ਇਹ ਜਹਾਜ਼ ਦੋ ਮਹੀਨੇ ਤਕ ਕੈਨੇਡਾ ਦੇ ਪਾਣੀਆਂ ਵਿਚ ਲੰਗਰ ਪਾਈ ਖਲੋਤਾ ਰਿਹਾ। ਕੈਨੇਡਾ ਅਤੇ ਅਮਰੀਕਾ ਦੇ ਪਛੱਮੀ ਤੱਟ ਤੇ ਵਸਦੇ ਭਾਰਤੀਆਂ ਨੇ ਇਸ ਜਹਾਜ਼ ਦੇ ਮੁਸਾਫ਼ਰਾਂ ਦੀ ਹਰ ਤਰ੍ਹਾਂ ਨਾਲ ਮਦਦ ਕਰਨ ਦੀ ਕੋਸ਼ਿਸ਼ ਕੀਤੀ। ਕੈਨੇਡਾ, ਅਮਰੀਕਾ, ਇੰਗਲੈਂਡ ਅਤੇ ਭਾਰਤ ਦੇ ਅੰਗਰੇਜ਼ ਅਧਿਕਾਰੀਆਂ ਤਕ ਇਸ ਮਸਲੇ ਨੂੰ ਹਲ ਕਰਨ ਲਈ ਪ੍ਰਾਰਥਨਾ ਪੱਤਰ ਅਤੇ ਤਾਰਾਂ ਭੇਜੀਆਂ ਗਈਆਂ। ਪਰ ਇਨ੍ਹਾਂ ਜਤਨਾਂ ਦਾ ਕੋਈ ਚੰਗਾ ਨਤੀਜਾ ਨਾ ਨਿਕਲਿਆ ਤੇ 23 ਜੁਲਾਈ 1914 ਨੂੰ ਇਸ ਜਹਾਜ਼ ਨੂੰ ਮੁੜ ਹਿੰਦੁਸਤਾਨ ਲਈ ਰਵਾਨਾਂ ਹੋਣਾ ਪੈ ਗਿਆ। ਇਸ ਸਾਰੀ ਕਾਰਵਾਈ ਵਿਚ ਭਾਰਤ ਤੋਂ ਗਏ ਹੋਏ ਇਕ ਅੰਗਰੇਜ਼ ਇਮੀਗ੍ਰੇਸ਼ਨ ਅਫ਼ਸਰ ਹਾਪਕਿਨਸਨ ਦਾ ਬਹੁਤ ਵਡਾ ਹੱਥ ਸੀ ਜੋ ਭਾਰਤੀਆਂ ਨੂੰ ਬੜੀ ਨਫ਼ਰਤ ਕਰਦਾ ਅਤੇ ਪ੍ਰੇਸ਼ਾਨ ਕਰਨ ਵਿਚ ਲਗਾ ਰਹਿੰਦਾ ਸੀ। ਉਸਦੇ ਇਸ ਕੰਮ ਵਿਚ ਕੁਝ ਹਿੰਦੁਸਤਾਨੀ ਵੀ ਸ਼ਾਮਲ ਸਨ ਜਿਨ੍ਹਾਂ ਦਾ ਲੀਡਰ ਪਿੰਡ ਜੈਨਾਂ ਤੋਂ ਆਇਆ ਬੇਲਾ ਸਿੰਘ ਸੀ ਜਿਸ ਨੂੰ ਸਰਕਾਰ ਲਈ ਮੁਖਬਰੀ ਕਰਨ ਲਈ 62.50 ਡਾਲਰ ਮਹੀਨਾ ਤਨਖ਼ਾਹ ਮਿਲਿਆ ਕਰਦੀ ਸੀ। ਸ੍ਰ: ਬਤਨ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਇਹ ਲੋਕ ਬਿਲਕੁਲ ਪਸੰਦ ਨਹੀਂ ਸਨ ਜੋ ਆਪਣੇ ਹਮਵਤਨਾਂ ਦੇ ਹੀ ਖ਼ੂਨ ਦੇ ਪਿਆਸੇ ਹੋਏ ਰਹਿੰਦੇ ਸਨ। ਬੇਲਾ ਸਿੰਘ ਦੇ ਹੋਰ ਸਾਥੀ ਜਿਨ੍ਹਾਂ ਨੂੰ ਮੁਖ਼ਬਰੀ ਦੇ ਕੰਮ ਲਈ ਸਰਕਾਰ ਵਲੋਂ ਕਈ ਪ੍ਰਕਾਰ ਸੀ ਸਹਾਇਤਾ ਮਿਲਦੀ ਰਹਿੰਦੀ ਸੀ ਉਨ੍ਹਾਂ ਵਿਚ ਹਰਨਾਮ ਸਿੰਘ ਅਤੇ ਅਰਜਨ ਸਿੰਘ ਸ਼ਾਮਲ ਸਨ। ਇਨ੍ਹਾਂ ਸਾਰਿਆਂ ਦੀ ਪਿੱਠ ਤੇ ਇਮੀਗ੍ਰੇਸ਼ਨ ਅਫ਼ਸਰ ਹਾਪਕਿਨਸਨ ਦਾ ਥਾਪੜਾ ਸੀ ਜੋ ਇਨ੍ਹਾਂ ਦੀ ਕਿਸੇ ਵੀ ਚੰਗੀ-ਮਾੜੀ ਕਾਰਵਾਈ ਤੇ ਹਰ ਵਕਤ ਪੜਦਾ ਪਾਉਣ ਲਈ ਸਦਾ ਤਿਆਰ ਰਹਿੰਦਾ ਸੀ।

'ਗ਼ਦਰ' ਪਰਚਾ ਅਤੇ ਗ਼ਦਰ ਲਹਿਰ ਸ਼ੁਰੂ ਹੋ ਚੁਕੇ ਸਨ। ਯੂਰਪ ਵਿਚ ਛਿੜੀ ਪਹਿਲੀ ਵਿਸ਼ਵ ਜੰਗ ਦਾ ਫ਼ਾਇਦਾ ਉਠਾਣ ਅਤੇ ਅੰਗਰੇਜ਼ਾਂ ਨੂੰ ਦੇਸ਼ ਚੋਂ ਬਾਹਰ ਕਢਣ ਲਈ ਗ਼ਦਰ ਪਾਰਟੀ ਦੇ ਮੈਂਬਰ ਸੁਦੇਸ਼ ਪਰਤਣੇ ਸ਼ੁਰੂ ਹੋ ਗਏ ਸਨ। ਕੋਮਾਗਾਟਾ ਮਾਰੂ ਜਹਾਜ਼ ਦੇ ਚਲੇ ਜਾਣ ਮਗਰੋਂ ਹੌਪਕਿਨਸਨ ਨੇ ਪੋਰਟਲੈਂਡ ਤੇ ਐਸਟੋਰੀਆ ਆਦਿ ਨਗਰਾਂ ਦਾ ਦੌਰਾ ਕੀਤਾ ਅਤੇ ਬੇਲਾ ਸਿੰਘ ਨੂੰ ਵੈਨਕੂਵਰ ਅਤੇ ਵਿਕਟੋਰੀਆ ਭੇਜਿਆ ਤਾਕਿ ਉਹ 22 ਅਤੇ 25 ਅਗਸਤ ਨੂੰ ਚਲਣ ਵਾਲੇ ਜਹਾਜ਼ਾਂ ਵਿਚ ਭਾਰਤ ਜਾਣ ਵਾਲੇ ਮੁਸਾਫ਼ਰਾਂ ਦੀ ਸੂਚੀ ਤਿਆਰ ਕਰ ਸਕੇ। ਜਾਣਕਾਰੀ ਇਕੱਠੀ ਹੋ ਜਾਣ ਮਗਰੋਂ ਉਸਨੇ ਭਾਰਤ ਦੇ ਅੰਗਰੇਜ਼ ਅਧਿਕਾਰੀਆਂ ਨੂੰ ਸੂਚਿਤ ਕਰ ਦਿੱਤਾ ਕਿ ਉਹ ਇਨ੍ਹਾਂ ਜਹਾਜ਼ਾਂ ਰਾਹੀਂ ਭਾਰਤ ਪਹੁੰਚਣ ਵਾਲੇ 45 ਸਿੱਖ ਮੁਸਾਫ਼ਰਾਂ ਤੇ ਕੜੀ ਨਿਗਰਾਨੀ ਰੱਖਣ। ਉਸ ਅਨੁਸਾਰ ਉਹ ਅੰਗਰੇਜ਼ੀ ਹਕੂਮਤ ਵਿਰੁੱਧ ਕੋਈ ਇਨਕਲਾਬੀ ਕਾਰਵਾਈ ਕਰਨ ਦੇ ਉਦੇਸ਼ ਨਾਲ ਉੱਥੇ ਆ ਰਹੇ ਸਨ।

ਅਗਸਤ 1914 ਦੇ ਆਖ਼ਰੀ ਦਿਨ ਸਨ। ਇਕ ਦਿਨ ਕਿਸੇ ਨੇ ਬੇਲਾ ਸਿੰਘ ਦੇ ਸਾਥੀ ਹਰਨਾਮ ਸਿੰਘ ਦੀ ਲਾਸ਼ ਵੈਨਕੂਵਰ ਦੇ ਡਾਊਨ ਟਾਊਨ ਦੇ ਨੇੜੇ ਝਾੜੀਆਂ ਵਿਚ ਪਈ ਹੋਈ ਵੇਖੀ। ਤਿੰਨ ਦਿਨ ਮਗਰੋਂ ਥਰਡ ਐਵੇਨੀਊ ਦੇ ਇਕ ਬੋਰਡਿੰਗ ਹਾਊਸ ਵਿਚ ਅਰਜਨ ਸਿੰਘ ਵੀ ਮਰਿਆ ਹੋਇਆ ਪਾਇਆ ਗਿਆ। ਇਹ ਬੰਦੇ ਵੀ ਬੇਲਾ ਸਿੰਘ ਵਾਂਗ ਸਰਕਾਰ ਕੋਲ ਆਪਣੇ ਦੇਸ਼ ਵਾਸੀਆਂ ਦੀਆਂ ਗੁਪਤ ਸੂਚਨਾਵਾਂ ਭੇਜਦੇ ਰਹਿੰਦੇ ਸਨ। ਹਰਨਾਮ ਸਿੰਘ ਨੂੰ ਮਾਰਨ

Digitized by Panjab Digital Library | www.panjabdigilib.org

ਦਾ ਦੋਸ਼ ਭਾਈ ਜਗਤ ਸਿੰਘ ਸੁਰ ਸਿੰਘ ਵਾਲਾ ਅਤੇ ਅਰਜਨ ਸਿੰਘ ਨੂੰ ਮਾਰਨ ਦਾ ਦੋਸ਼ ਰਾਮ ਸਿੰਘ ਸ਼ੇਖ ਦੌਲਤ ਦੇ ਸਿਰ ਸੀ। ਇਨ੍ਹਾਂ ਦੋਹਾਂ ਮੁਖ਼ਬਰਾਂ ਦੀ ਮੌਤ ਨਾਲ ਸਰਕਾਰੀ ਕਰਮਚਾਰੀ ਚੌਕਸ ਹੋ ਗਏ ਅਤੇ ਉਨ੍ਹਾਂ ਨੇ ਇਨਕਲਾਬੀ ਵਿਚਾਰ ਧਾਰਾ ਰਖਣ ਵਾਲੇ ਸਥਾਨਕ ਲੋਕਾਂ ਦੀ ਅਲਖ ਮੁਕਾਣ ਲਈ ਬੇਲਾ ਸਿੰਘ ਦੀ ਪਿੱਠ ਠੋਕਣੀ ਸ਼ੁਰੂ ਕਰ ਦਿੱਤੀ।

5 ਸਤੰਬਰ 1914 ਨੂੰ ਅਰਜਨ ਸਿੰਘ ਦਾ ਸਸਕਾਰ ਕਰਨ ਮਗਰੋਂ ਉੱਥੋਂ ਦੇ ਭਾਈਚਾਰੇ ਦੇ ਲੋਕ ਵੈਨਕੂਵਰ ਦੇ ਗੁਰਦੁਅਰੇ ਵਿਚ ਇਕੱਠੇ ਹੋਏ। ਉਹ ਲੋਕ ਮਿਰਤਕ ਪ੍ਰਾਣੀ ਦੀ ਆਤਮਾਂ ਦੀ ਸ਼ਾਂਤੀ ਲਈ ਕੀਰਤਨ ਅਤੇ ਅਰਦਾਸ ਕਰਨ ਲਈ ਜੁੜੇ ਸਨ। ਇਨ੍ਹਾਂ ਵਿਚ ਬੇਲਾ ਸਿੰਘ ਵੀ ਸੀ ਜਿਸ ਕੋਲ ਗੋਲੀ ਨਾਲ ਭਰੀਆਂ ਹੋਈਆਂ ਦੋ ਪਸਤੋਲਾਂ ਸਨ ਜੋ ਉਹ ਆਪਣੀਆਂ ਜੇਬਾਂ ਵਿਚ ਲੁਕਾ ਕੇ ਲਿਆਇਆ ਸੀ। ਭਾਈ ਭਾਗ ਸਿੰਘ ਭਿੱਖੀਵਿੰਡ, ਪਰਧਾਨ ਖ਼ਾਲਸਾ ਦੀਵਾਨ ਸੁਸਾਇਟੀ ਗੁਰੂ ਮਹਾਰਾਜ ਦੀ ਤਾਬਿਆ ਬੈਠਾ ਸੀ। ਭਾਈ ਬਤਨ ਸਿੰਘ ਵੀ ਉਸ ਦੇ ਕੋਲ ਹੀ ਫ਼ਰਸ਼ ਤੇ ਬੈਠਾ ਹੋਇਆ ਸੀ। ਅਰਦਾਸ ਹੋ ਜਾਣ ਮਗਰੋਂ ਜਦੋਂ ਭਾਈ ਭਾਗ ਸਿੰਘ ਵਾਕ ਲੈ ਰਿਹਾ ਸੀ ਤਾਂ ਬੇਲਾ ਸਿੰਘ ਨੇ ਖੜੇ ਹੋਕੇ ਉਸ ਤੇ ਗੋਲੀਆਂ ਚਲਾਣੀਆਂ ਸ਼ੁਰੂ ਕਰ ਦਿੱਤੀਆਂ। ਭਾਈ ਬਤਨ ਸਿੰਘ ਨੇ ਉਠ ਕੇ ਬੇਲਾ ਸਿੰਘ ਨੂੰ ਜਫ਼ਾ ਮਾਰ ਲਿਆ ਅਤੇ ਉਸ ਕੋਲੋਂ ਪਸਤੌਲਾਂ ਖੋਹਣੀਆਂ ਚਾਹੀਆਂ। ਪਰ ਬੇਲਾ ਸਿੰਘ ਜਿਹੜਾ ਇਨ੍ਹਾਂ ਦੀ ਅਲਖ ਮੁਕਾ ਦੇਣ ਦੇ ਉਦੇਸ਼ ਨਾਲ ਪਹਿਲਾਂ ਹੀ ਤਿਆਰੀ ਕਰ ਕੇ ਅਇਆ ਹੋਇਆ ਸੀ, ਉਹ ਆਪਣੀਆਂ ਪਸਤੌਲਾਂ ਨਾਲ ਉਦੋਂ ਤਕ ਅੱਗ ਵਰ੍ਹਾਂਦਾ ਰਿਹਾ ਜਦੋਂ ਤਕ ਕਿ ਉਸਦੀਆਂ ਗੋਲੀਆਂ ਮੁਕ ਨਾ ਗਈਆਂ। ਭਾਈ ਬਤਨ ਸਿੰਘ ਨੂੰ ਸਰੀਰ ਦੇ ਉਪਰਲੇ ਹਿੱਸੇ ਵਿਚ ਛਾਤੀ ਵਿਚ ਚਾਰ ਗੋਲੀਆਂ ਲਗੀਆਂ ਸਨ ਜਦ ਕਿ ਭਾਈ ਭਾਗ ਸਿੰਘ ਲਹੂ ਲੁਹਾਣ ਹੋਇਆ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਤੇ ਡਿਗਾ ਪਿਆ ਸੀ। ਹੋਰ ਜ਼ਖ਼ਮੀ ਹੋਣ ਵਾਲਿਆਂ ਵਿਚ ਸ੍ਰ: ਦਲੀਪ ਸਿੰਘ ਫ਼ਾਹਲਾ, ਉਤਮ ਸਿੰਘ ਨੂਰਪੁਰੀ, ਜਵਾਲਾ ਸਿੰਘ ਸ਼ੇਖ਼ ਦੌਲਤ ਅਤੇ ਲਾਭ ਸਿੰਘ ਢਕੋਂ ਆਦਿ ਸ਼ਾਮਲ ਸਨ।

ਫ਼ਾਇਰਿੰਗ ਮੁੱਕ ਜਾਣ ਮਗਰੋਂ ਸੰਗਤ ਵਿਚ ਹਾਜ਼ਰ ਲੋਕਾਂ ਨੇ ਬੇਲਾ ਸਿੰਘ ਨੂੰ ਪਕੜ ਲਿਆ। ਸ੍ਰ: ਭਾਗ ਸਿੰਘ ਭਿੱਖੀਵਿੰਡ ਅਤੇ ਸ੍ਰ: ਬਤਨ ਸਿੰਘ ਨੂੰ ਨੇੜੇ ਦੇ ਹਸਪਤਾਲ ਵਿਚ ਲਿਜਾਇਆ ਗਿਆ ਜਿੱਥੇ ਉਹ ਅਗਲੇ ਦਿਨ 6 ਸੱਤਬਰ 1914 ਨੂੰ ਸ਼ਹੀਦੀ ਪਾ ਗਏ। ਬੇਲਾ ਸਿੰਘ ਤੇ ਕੇਸ ਚਲਿਆ ਪਰ ਹਾਪਕਿਨਸਨ ਦੀ ਮਦਦ ਅਤੇ ਗੁਵਾਹਾਂ ਦੇ ਝੂਠੇ ਬਿਆਨ ਦੇਣ ਕਰਕੇ ਬੇਲਾ ਸਿੰਘ ਨੂੰ ਰਿਹਾ ਕਰ ਦਿੱਤਾ ਗਿਆ। ਬੇਲਾ ਸਿੰਘ ਵਲੋਂ ਪੇਸ਼ ਕੀਤੇ ਗਏ ਗਵਾਹਾਂ ਨੇ ਅਦਾਲਤ ਵਿਚ ਇਹ ਬਿਆਨ ਦਿੱਤਾ ਕਿ ਪਹਿਲਾਂ ਗੋਲੀ ਬਤਨ ਸਿੰਘ ਨੇ ਚਲਾਈ ਸੀ। ਬੇਲਾ ਸਿੰਘ ਨੇ ਜੋ ਵੀ ਕੀਤਾ ਉਹ ਸ੍ਵੈ-ਰਖਿਆ ਦੀ ਕਾਰਵਾਈ ਵਜੋਂ ਕੀਤਾ। ਪਰ ਵੈਨਕੂਵਰ ਦੇ ਲੋਕ ਇਹ ਜਾਣਦੇ ਸਨ ਕਿ ਇਨ੍ਹਾਂ ਘਟਨਾਵਾਂ ਲਈ ਜ਼ਿਮੇਂਵਾਰ ਹੌਪਕਿਨਸਨ ਸੀ ਜਿਸਦੀ ਸ਼ਹਿ ਤੇ ਇਹ ਸਭ ਕੁਝ ਕੀਤਾ ਗਿਆ ਸੀ। ਸੋ ਜਦੋਂ ਉਹ 21 ਅਕਤੂਬਰ 1914 ਨੂੰ ਕਿਸੇ ਗੁਵਾਹੀ ਦੇ ਸਿਲਸਿਲੇ ਵਿਚ ਅਦਾਲਤ ਆਇਆ ਹੋਇਆ ਸੀ ਤਾਂ ਸ੍ਰ: ਮੇਵਾ ਸਿੰਘ ਨੇ ਉਸਨੂੰ ਆਪਣੀ ਪਸਤੌਲ ਦਾ ਨਿਸ਼ਾਨਾ ਬਣਾ ਕੇ ਕਚਹਿਰੀ ਵਿਚ ਹੀ ਚਿੱਤ ਕਰ ਦਿੱਤਾ। ਬੇਲਾ ਸਿੰਘ ਨੂੰ 19 ਸਾਲ ਮਗਰੋਂ ਬੱਬਰ ਅਕਾਲੀਆਂ (ਹਰੀ ਸਿੰਘ ਅਤੇ ਉਸ ਦੇ ਦੋ ਸਾਥੀਆਂ) ਨੇ ਉਸਦੇ ਪਿੰਡ ਦੇ ਨੇੜੇ ਮਾਰ ਕੇ ਵੈਨਕੂਵਰ ਦੇ ਇਨ੍ਹਾਂ ਸ਼ਹੀਦਾ ਦਾ ਬਦਲਾ ਚੁਕਾ ਦਿੱਤਾ।

Digitized by Panjab Digital Library | www.panjabdigilib.org

ਸ੍ਰ: ਬਤਨ ਸਿੰਘ ਦੇਸ਼ ਪਿਆਰ ਅਤੇ ਸਿੱਖੀ ਜਜ਼ਬੇ ਵਿਚ ਰੰਗਿਆ ਹੋਇਆ ਨੌਜਵਾਨ ਸੀ। ਭਰਵਾਂ ਚੇਹਰਾ, ਭਰਵੀਂ ਦਾੜ੍ਹੀ, ਕਮਾਇਆ ਹੋਇਆ ਤਕੜਾ ਅਤੇ ਗਠਵਾਂ ਸਰੀਰ, ਉਹ ਬੜਾ ਮੇਹਨਤੀ ਅਤੇ ਦੂਰ ਦੀ ਸੋਚਣ ਵਾਲਾ ਵਿਅਕਤੀ ਸੀ। ਕੈਨੇਡਾ ਪਹੁੰਚ ਕੇ ਉਸਨੇ ਮੂਦੀ ਪੋਰਟ ਅਤੇ ਵੈਨਕੂਵਰ ਦੀਆਂ ਕਈ ਮਿਲਾਂ ਵਿਚ ਕੰਮ ਕੀਤਾ ਸੀ। ਉਹ ਆਪਣੇ ਕਮਾਏ ਹੋਏ ਪੈਸੇ ਵਿਚੋਂ ਕਾਫ਼ੀ ਪੈਸਾ ਨਵੇਂ ਆਏ ਪਰਵਾਸੀਆਂ ਤੇ ਖ਼ਰਚ ਕਰ ਦਿਆ ਕਰਦਾ ਸੀ ਜਿਨ੍ਹਾਂ ਨੂੰ ਅਜੇ ਨੌਕਰੀ ਆਦਿ ਦੀ ਤਲਾਸ਼ ਹੁੰਦੀ ਸੀ। ਜਦੋਂ ਗੁਰਦੁਆਰਾ ਸਾਹਿਬ ਦੀ ਇਮਾਰਤ ਤਿਆਰ ਹੋ ਰਹੀ ਸੀ ਤਾਂ ਉਸਨੇ ਆਪਣੇ ਦਸਵੰਧ ਵਿਚੋਂ ਕਾਫੀ ਰਾਸ਼ੀ ਇਸ ਕੰਮ ਲਈ ਅਰਪਿਤ ਕੀਤੀ ਸੀ। ਚਾਹੇ ਉਹ ਬਰਮਾ ਰਿਹਾ, ਹਾਂਗ ਕਾਂਗ ਜਾਂ ਕੈਨੇਡਾ, ਉਸਨੂੰ ਹਮੇਸ਼ਾ ਇਹੀ ਫਿਕਰ ਲਗੀ ਰਹਿੰਦੀ ਸੀ ਕਿ ਮੇਰਾ ਦੇਸ਼ ਕਿਸਤਰਾਂ ਆਜ਼ਾਦ ਹੋਵੇ। ਜਦੋਂ ਉਸ ਨੂੰ ਸ਼ਹੀਦ ਕੀਤਾ ਗਿਆ ਤਾਂ ਉਸ ਦੀ ਉਮਰ 43 ਸਾਲ ਦੀ ਸੀ।

## ਦੇਸ਼ ਭਗਤਾਂ ਦੀ ਬਾਣੀ



Digitized by Panjab Digital Library | www.panjabdigilib.org

# ਸ਼ਹੀਦ ਭਾਈ ਮੇਵਾ ਸਿੰਘ

ਦੇਸ਼ ਪੈਣ ਧੱਕੇ ਬਾਹਰ ਮਿਲੇ ਢੋਈ ਨਾ
ਸਾਡਾ ਪ੍ਰਦੇਸੀਆਂ ਦਾ ਦੇਸ਼ ਕੋਈ ਨਾ

(ਗਦਰ ਗੂੰਜ)

ਕਿਸੇ ਦੀ ਮੌਤ ਉਸ ਵਿਅਕਤੀ ਨੂੰ ਸ਼ਹੀਦ ਨਹੀਂ ਬਣਾ ਦੇਂਦੀ। ਇਹ ਉਸਦਾ ਆਦਰਸ਼ ਹੁੰਦਾ ਹੈ ਜਿਸ ਨੂੰ ਬਚਾਉਣ ਜਾਂ ਪ੍ਰਾਪਤ ਕਰਨ ਦੀ ਕੋਸ਼ਿਸ਼ ਵਿਚ, ਜ਼ੁਲਮ ਵਿਰੁੱਧ ਲੜਦਿਆਂ ਆਪ ਸਹੇੜੀ ਮੌਤ ਉਸ ਨੂੰ ਸ਼ਹੀਦ ਬਣਾ ਦੇਂਦੀ ਹੈ। ਇਹ ਆਦਰਸ਼ ਦੇਸ਼ ਦੀ ਆਜ਼ਾਦੀ ਹਾਸਲ ਕਰਨਾ ਵੀ ਹੋ ਸਕਦਾ ਹੈ, ਤੇ ਆਪਣੇ ਧਰਮ ਨੂੰ ਬਚਾਉਣ ਜਾਂ ਮਜ਼ਲੂਮ ਦੀ ਰਖਿਆ ਲਈ ਕੀਤੀ ਕੁਰਬਾਨੀ ਵੀ। ਸ਼ਹੀਦ ਹਮੇਸ਼ਾਂ ਸੱਚ ਨੂੰ ਆਧਾਰ ਬਣਾ ਕੇ ਆਪਣੀ ਜੰਗ ਲੜਦਾ, ਜ਼ੁਲਮ ਅਤੇ ਅਤਿਆਚਾਰ ਵਿਰੁੱਧ ਜੂਝਦਾ, ਆਪਣੇ ਪ੍ਰਾਣਾਂ ਦੀ ਆਹੂਤੀ ਦੇ ਦੇਂਦਾ ਹੈ। ਸ੍ਰ: ਮੇਵਾ ਸਿੰਘ ਉਨ੍ਹਾਂ ਸ਼ਹੀਦਾਂ ਵਿਚੋਂ ਸੀ ਜਿਸਨੇ ਕੈਨੇਡਾ ਵਿਚ ਰਹਿ ਰਹੇ ਭਾਰਤੀਆਂ ਦੀ ਮਾੜੀ ਦਸ਼ਾ ਤੋਂ ਦੁਖੀ ਹੋ ਕੇ ਇਕ ਮਾੜੇ ਅੰਗਰੇਜ਼ ਅਫ਼ਸਰ ਨੂੰ ਭਰੀ ਕਚਹਿਰੀ ਵਿਚ ਗੋਲੀ ਮਾਰ ਕੇ ਪਾਰ ਬੁਲਾ ਦਿੱਤਾ। ਉਸਨੂੰ 11 ਜਨਵਰੀ 1915 ਨੂੰ ਆਪਣੇ ਦੇਸ਼ ਤੋਂ ਹਜ਼ਾਰਾਂ ਮੀਲ ਦੂਰ ਫ਼ਾਂਸੀ ਦੇ ਤਖ਼ਤੇ ਤੇ ਲਟਕਾ ਦਿੱਤਾ ਗਿਆ।

ਸ੍ਰ: ਮੇਵਾ ਸਿੰਘ ਦਾ ਜਨਮ ਪਿੰਡ ਲੋਪੋਕੇ ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋਇਆ ਸੀ। ਉਸਨੇ ਮੁਢੱਲੀ ਵਿੱਦਿਆ ਪਿੰਡ ਦੇ ਸਕੂਲ ਅਤੇ ਗੁਰਦੁਆਰੇ ਦੇ ਗ੍ਰੰਥੀ ਤੋਂ ਪ੍ਰਾਪਤ ਕੀਤੀ। ਅੰਗਰੇਜ਼ੀ ਲਿਖਣ, ਪੜ੍ਹਣ ਅਤੇ ਬੋਲਣ ਦਾ ਗਿਆਨ ਉਸਨੇ ਕੈਨੇਡਾ ਪਹੁੰਚ ਕੇ ਹਾਸਲ ਕੀਤਾ। ਉਹ ਆਪਣੇ ਵਿਚਾਰਾਂ ਨੂੰ ਇਸ ਭਾਸ਼ਾ ਦੇ ਮਾਧਿਅਮ ਰਾਹੀਂ ਬਿਨਾਂ ਕਿਸੇ ਹੀਣ ਭਾਵਨਾ ਦੇ ਪੇ ਸ਼ ਕਰ ਸਕਦਾ ਸੀ। ਗੁਰਬਾਣੀ ਦਾ ਉਸਨੂੰ ਚੋਖਾ ਗਿਆਨ ਸੀ।

ਵੀਹਵੀਂ ਸਦੀ ਦੇ ਸ਼ੁਰੂ ਹੁੰਦਿਆਂ ਹੀ ਪੰਜਾਬ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿਚ ਫੈਲੀ ਆਰਥਿਕ ਮੰਦਹਾਲੀ ਕਾਰਨ ਪੰਜਾਬ ਦੇ ਨੌਜਵਾਨ ਜਿਨ੍ਹਾਂ ਵਿਚ ਵਧੇਰੇ ਸਿੱਖ ਸਨ ਆਪਣੀਆਂ ਜ਼ਮੀਨਾਂ ਵੇਚ ਕੇ ਜਾਂ ਗਹਿਣੇ ਰੱਖ ਕੇ ਕੈਨੇਡਾ ਅਤੇ ਅਮਰੀਕਾ ਜਾਣੇ ਸ਼ੁਰੂ ਹੋ ਗਏ। ਕੈਨੇਡਾ ਪਹੁੰਚਣ ਵਾਲੇ ਇਨ੍ਹਾਂ ਨੌਜਵਾਨਾਂ ਵਿਚ ਸ੍ਰ: ਮੇਵਾ ਸਿੰਘ ਵੀ ਸੀ ਜੋ ਆਪਣੇ ਪ੍ਰਵਾਰ ਦੀ ਆਰਥਿਕ ਸਥਿਤੀ ਸੁਧਾਰਨ ਦੇ ਆਸ਼ੇ ਨਾਲ ਕੈਨੇਡਾ ਪਹੁੰਚਿਆ ਸੀ। ਕੈਨੇਡਾ ਪਹੁੰਚਣ ਮਗਰੋਂ ਭਾਰਤੀ ਨੌਜਵਾਨਾਂ ਨੂੰ ਇਹ ਸਮਝਣ ਵਿਚ ਜ਼ਰਾ ਵੀ ਦੇਰ ਨਾ ਲੱਗੀ ਕਿ ਗ਼ੁਲਾਮ ਦੇਸ਼ ਤੋਂ ਆਏ ਹੋਣ ਕਰਕੇ ਇਨ੍ਹਾਂ ਆਜ਼ਾਦ ਦੇਸ਼ਾਂ (ਅਮਰੀਕਾ ਅਤੇ ਕੈਨੇਡਾ) ਵਿਚ ਭਾਰਤੀ ਮੂਲ ਦੇ ਲੋਕਾਂ ਦੀ ਕੋਈ ਕਦਰ ਨਹੀਂ। ਉਨ੍ਹਾਂ ਲਈ ਨਾ ਤਾਂ ਉਥੋਂ ਦੇ ਨਾਗਰਿਕਾਂ ਵਾਂਗ ਕੋਈ ਸਮਾਨ ਅਧਿਕਾਰ ਹੀ ਸਨ ਤੇ ਨਾ ਹੀ ਨੌਕਰੀਆਂ ਵਿਚ ਚੰਗੀ ਉਜਰਤ। ਉਨ੍ਹਾਂ ਕੋਲੋਂ ਅੱਠ ਘੰਟੇ ਦੀ ਬਜਾਏ ਬਾਰਾਂ, ਚੌਦਾਂ ਤੇ ਸੋਲਾਂ-ਸੋਲਾਂ ਘੰਟੇ ਕੰਮ ਲਿਆ ਜਾਂਦਾ ਸੀ ਤੇ ਉਸਦੇ ਮੁਆਵਜ਼ੇ ਵਿਚ ਮਿਲਣ ਵਾਲੀ ਰਾਸ਼ੀ ਇਤਨੀ ਥੋੜ੍ਹੀ ਹੁੰਦੀ ਸੀ ਕਿ ਉਨ੍ਹਾਂ ਲਈ ਆਪਣਾ ਗੁਜ਼ਾਰਾ ਕਰ ਸਕਣਾ ਕਠਿਨ ਹੋ ਜਾਂਦਾ ਸੀ। ਇਹ

Digitized by Panjab Digital Library | www.panjabdigilib.org

ਲੋਕ ਭਾਰੀ ਰਕਮਾਂ ਖ਼ਰਚ ਕੇ ਇੱਥੇ ਪਹੁੰਚੇ ਸਨ। ਕੈਨੇਡਾ ਪਹੁੰਚੇ ਹੋਏ ਭਾਰਤੀਆਂ ਨੂੰ ਆਪਣੇ ਦੇਸ਼ ਚੋਂ ਪਤਨੀ ਅਤੇ ਬੱਚਿਆਂ ਨੂੰ ਬੁਲਾਣ ਦਾ ਵੀ ਕੋਈ ਹੱਕ ਨਹੀਂ ਸੀ। ਸੜਕਾਂ ਤੇ ਲੰਘਦਿਆਂ ਲੋਕ ਉਨ੍ਹਾਂ ਨਾਲ ਮਜ਼ਾਕ ਕਰਦੇ ਕਿ ਤੁਸੀਂ 30, 35 ਕਰੋੜ ਹੋਣ ਦੇ ਬਾਵਜੂਦ ਵੀ ਆਪਣੇ ਦੇਸ਼ ਚੋਂ ਚਾਰ ਜਾਂ ਪੰਜ ਲੱਖ ਅੰਗਰੇਜ਼ਾਂ ਨੂੰ ਨਹੀਂ ਕੱਢ ਸਕਦੇ। ਤੁਸੀਂ ਕਿਸ ਕਿਸਮ ਦੇ ਪਾਜੀ ਹੋ? ਸਥਾਨਕ ਅੰਗਰੇਜ਼ ਅਫ਼ਸਰਾਂ ਦਾ ਰਵੱਈਆ ਉਨ੍ਹਾਂ ਪ੍ਰਤੀ ਹਮੇਸ਼ਾ ਸਖ਼ਤ ਅਤੇ ਅਪਮਾਨ ਜਨਕ ਹੁੰਦਾ।

ਇਨ੍ਹਾਂ ਹਾਲਾਤ ਦੀ ਪ੍ਰਿਸ਼ਟ ਭੂਮੀ ਵਿਚ ਭਾਰਤੀ ਲੋਕ ਇਹ ਮਹਿਸੂਸ ਕਰਨ ਲਗ ਪਏ ਕਿ ਇਸ ਸਥਿਤੀ ਦਾ ਮੂਲ ਕਾਰਨ ਉਨ੍ਹਾਂ ਦੀ ਗ਼ੁਲਾਮੀ, ਅਤੇ ਦੁਨੀਆਂ ਦੇ ਬਹੁਤ ਵੱਡੇ ਹਿਸੇ ਵਿਚ ਫੈਲਿਆ ਅੰਗਰੇਜ਼ੀ ਸਾਮਰਾਜ ਹੈ। 1913 ਵਿਚ ਉਨ੍ਹਾਂ ਨੇ **'ਹਿੰਦੀ ਐਸੋਸੀਏਸ਼ਨ ਆਫ਼ ਦੀ ਪੈਸਿਫਿਕ ਕੋਸਟ'** ਨਾਮ ਦੀ ਇਕ ਸੰਸਥਾ ਕਾਇਮ ਕੀਤੀ। ਜਲਦੀ ਹੀ ਇਸ ਸੰਸਥਾ ਦਾ ਨਾਮ ਬਦਲ ਕੇ **'ਗ਼ਦਰ ਪਾਰਟੀ'** ਕਰ ਦਿੱਤਾ ਗਿਆ। ਪਹਿਲੀ ਨਵੰਬਰ 1913 ਨੂੰ ਇਸ ਪਾਰਟੀ ਦਾ ਹਫਤਾਵਾਰੀ ਅਖਬਾਰ 'ਗਦਰ' ਕਢਿਆ ਗਿਆ। ਇਸਦਾ ਪਹਿਲਾ ਸੰਸਕਰਨ ਉਰਦੂ ਵਿਚ ਸੀ ਜਦ ਕਿ 9 ਦਸੰਬਰ 1913 ਤੋਂ ਇਸ ਦਾ ਪ੍ਰਕਾਸ਼ਨ ਪੰਜਾਬੀ ਵਿਚ ਵੀ ਸ਼ੁਰੂ ਹੋ ਗਿਆ। ਇਸ ਪਰਚੇ ਵਿਚ ਲਿਖਿਆ ਗਿਆ ਸੀ ਕਿ "Today, there begins in foreign lands, but in our country's language, a war against the British Raj...What is our name? Gadar. What is your work? Gadar. Where will Gadar break out? India." ਅਮਰੀਕਾ ਅਤੇ ਕੈਨੇਡਾ ਦੇ ਪੱਛਮੀ ਤੱਟ ਕੇ ਪਹੁੰਚੇ ਹੋਏ ਬਹੁਤ ਸਾਰੇ ਜੁਸ਼ੀਲੇ ਨੌਜਵਾਨ ਇਸ ਸੰਸਥਾ ਅਤੇ ਪਰਚੇ ਦੇ ਮੈਂਬਰ ਬਣ ਗਏ। ਬੇਸ਼ਕ ਇਸ ਤੋਂ ਪਹਿਲਾਂ ਵੀ ਭਾਈ ਮੇਵਾ ਸਿੰਘ ਸਿੱਖੀ ਪ੍ਰਚਾਰ ਅਤੇ ਭਾਰਤੀਆਂ ਦੇ ਅਧਿਕਾਰਾਂ ਲਈ ਆਪਣੇ ਸਾਥੀਆਂ ਵਿਚ ਪ੍ਰਚਾਰ ਕਰਦਾ ਰਿਹਾ ਸੀ, ਪਰ ਸੰਸਥਾ ਦੇ ਕਾਇਮ ਹੋ ਜਾਣ ਮਗਰੋਂ ਉਹ ਵੀ ਬਕਾਇਦਾ ਤੌਰ ਤੇ ਇਸਦਾ ਮੈਂਬਰ ਬਣ ਗਿਆ।

1906-07 ਤੋਂ ਬਾਦ ਭਾਰਤੀ ਮੂਲ ਦੇ ਲੋਕਾਂ ਵਿਚ ਆ ਰਹੀ ਰਾਜਸੀ ਜਾਗ੍ਰਿਤੀ ਦੇ ਕਾਰਨ ਕੈਨੇਡੀਅਨ ਸਰਕਾਰ ਨੇ ਵਿਲੀਅਮ ਚਾਰਲਸ ਹੌਪਕਿਨਸ਼ਨ ਨਾਮ ਦੇ ਇਕ ਪੁਲਿਸ ਅਫ਼ਸਰ ਨੂੰ ਹਿੰਦੁਸਤਾਨ ਤੋਂ ਬੁਲਵਾਇਆ। ਉਸਦਾ ਜਨਮ 1880 ਵਿਚ ਦਿੱਲੀ ਵਿਚ ਹੋਇਆ ਸੀ। ਭਾਰਤੀ ਲੋਕਾਂ ਵਿਚ ਰਹਿ ਕੇ ਅਤੇ ਉੱਥੇ ਹੀ ਆਪਣੀ ਸਿੱਖਿਆ ਪੂਰੀ ਕਰਨ ਮਗਰੋਂ ਉਹ 1903-04 ਵਿਚ ਕਲਕੱਤੇ ਪੁਲਿਸ ਇੰਸਪੈਕਟਰ ਭਰਤੀ ਹੋ ਗਿਆ। 1907 ਜਾਂ 1908 ਵਿਚ ਉਹ ਵੈਨਕੂਵਰ (ਕੈਨੈਡਾ) ਪਹੁੰਚਿਆ ਤੇ ਫਰਵਰੀ 1909 ਵਿਚ ਉਸਨੂੰ ਆਵਾਸ ਵਿਭਾਗ ਵਿਚ ਬਤੌਰ ਦੁਭਾਸ਼ੀਆ (Interpreter) ਵਜੋਂ ਅਫ਼ਸਰ ਦੇ ਤੌਰ ਤੇ ਨਿਯੁਕਤ ਕਰ ਦਿੱਤਾ ਗਿਆ। ਉਸਦਾ ਕੰਮ ਭਾਰਤੀ ਮੂਲ ਦੇ ਲੋਕਾਂ ਅਤੇ ਵਿਸ਼ੇਸ਼ ਕਰ ਕੇ ਪੰਜਾਬ ਤੋਂ ਆ ਰਹੇ ਪਰਵਾਸੀਆਂ ਨੂੰ ਤੰਗ ਕਰਨਾ, ਕੈਨੇਡਾ ਵਿਚ ਦਾਖ਼ਲ ਨਾ ਹੋਣ ਦੇਣਾ ਅਤੇ ਪੰਜਾਬੀਆਂ ਵਿਚ ਫੁੱਟ ਪਾ ਕੇ ਆਪਣੇ ਏਜੰਟਾਂ ਦੁਆਰਾ ਜਾਣਕਾਰੀ ਹਾਸਲ ਕਰਨਾ ਸੀ ਤਾ ਕਿ ਉਨ੍ਹਾਂ ਦੀ ਕੋਈ ਵੀ ਲਹਿਰ ਕਾਮਯਾਬ ਨਾ ਹੋ ਸਕੇ। ਜਿਥੇ 1907 ਅਤੇ 1908 ਵਿਚ ਕੈਨੇਡਾ ਦਾਖ਼ਲ ਹੋਣ ਵਾਲਿਆਂ ਦੀ ਸੰਖਿਆ 1072 ਅਤੇ 1790 ਸੀ ਉਥੇ 1909 ਵਿਚ ਇਹ ਸੰਖਿਆ ਗਿਰ ਕੇ 337 ਰਹਿ ਗਈ। ਉਸਨੂੰ ਉਸਦੇ ਇਸ ਕੰਮ ਵਿਚ ਕੈਨੇਡਾ ਤੋਂ ਛੁੱਟ ਅਮਰੀਕਾ ਅਤੇ ਭਾਰਤ ਦੀਆਂ ਸਰਕਾਰਾਂ ਵੀ

Digitized by Panjab Digital Library | www.panjabdigilib.org

ਮਦਦ ਕਰ ਰਹੀਆਂ ਸਨ। ਇਸ ਦਾ ਅੰਦਾਜ਼ਾ Hugh Johnston ਦੁਆਰਾ ਰਚਿਤ The Voyage of the Komagata Maru ਵਿਚ ਦਰਜ ਇਸ ਟਿੱਪਣੀ ਤੋਂ ਲਗਾਇਆ ਜਾ ਸਕਦਾ ਹੈ... He had access to criminal intelligence material from India that none of his Candadian superiors were supposed to see, and his connections were such that, in the United States, the American Commissioner General of immigration smoothed the path for his inquiries. He drew an annual salary from the Canadian Government, a stipend and expenses from the India office and a retainer from the American immigration service. All this had the approval of his superiors in the Department of the interior. It was his job to keep tabs on Indians... most of them were Punjabi Sikhs. ਮਿਸਟਰ ਹਾਪਕਿਨਸਨ ਦੇ ਨਾਲ ਇਕ ਹੋਰ ਬਦਨਾਮ ਅੰਗਰੇਜ਼ ਅਫ਼ਸਰ ਮਿਸਟਰ ਮੈਲਕਾਮ ਰੀਡ ਸੀ ਜੋ ਭਾਰਤੀਆਂ ਨੂੰ ਬਹੁਤ ਪ੍ਰੇਸ਼ਾਨ ਕਰਿਆ ਕਰਦਾ ਸੀ। ਕੈਨੇਡਾ ਵਿਚ ਰਹਿ ਰਹੇ ਭਾਰਤੀਆਂ ਦੇ ਮਨ ਵਿਚ ਇਨ੍ਹਾਂ ਦੋਹਾਂ ਅਫ਼ਸਰਾਂ ਬਾਰੇ ਦਿਨ ਬਦਿਨ ਨਫ਼ਰਤ ਵਧਦੀ ਜਾ ਰਹੀ ਸੀ। ਬੇਸ਼ਕ ਜੂਨ 1911 ਦੇ ਅਖ਼ੀਰਲੇ ਇਤਵਾਰ ਹਿੰਦੀ ਕੌਮੀ ਲਹਿਰ ਦੇ ਕਾਰਕੁਨਾਂ ਨੇ ਹਾਪਕਿਨਸਨ ਨਾਲ ਕੋਈ ਮੇਲ ਮਿਲਾਪ ਨਾ ਰੱਖਣ ਦਾ ਮਤਾ ਵੀ ਪਾਸ ਕੀਤਾ ਸੀ ਪਰ ਉਸਦਾ ਕੋਈ ਖ਼ਾਸ ਅਸਰ ਨਹੀਂ ਸੀ ਪਿਆ ਕਿਉਂਕਿ ਹਿੰਦੀਆਂ ਨੂੰ ਆਪਣੇ ਕੰਮ ਕਾਜ ਲਈ ਆਵਾਸ ਦਫ਼ਤਰ ਵਿਚ ਅਕਸਰ ਜਾਣਾ ਪੈਂਦਾ ਸੀ।

ਸ੍ਰ: ਗੁਰਚਰਨ ਸਿੰਘ ਸੈਂਸਰਾ ਆਪਣੀ ਕਿਤਾਬ 'ਗਦਰ ਪਾਰਟੀ ਦਾ ਇਤਿਹਾਸ' ਵਿਚ ਹਾਪਕਿਨਸਨ ਬਾਰੇ ਲਿਖਦਾ ਹੈ ਕਿ "ਇਹ ਬੜਾ ਕਮੀਨ ਤੇ ਮਕਾਰ ਸਾਮਰਾਜੀ ਪੁਲਸੀਆ ਸੀ। ਉਸਨੇ ਹਿੰਦੀਆ ਵਿਚ ਫਿਰਨਾ ਤੁਰਨਾ, ਅਦਲਾਤਾਂ ਵਿਚ ਉਨ੍ਹਾਂ ਦਾ ਦੁਭਾਸ਼ੀਆ ਬਣਨਾ ਤੇ ਮਾੜੇ ਮੋਟੇ ਸਰਕਾਰੀ ਕੰਮਾਂ ਵਿਚ ਮਦਦ ਕਰਨੀ ਅਤੇ ਸਲਾਹਵਾਂ ਦੇਣੀਆਂ ਤੇ ਉਨ੍ਹਾਂ ਕੋਲੋਂ ਇਸ ਲਹਿਰ ਦੇ ਮੁਖੀਆਂ ਬਾਰੇ ਸੂਹ ਲੈਣੀ ਸ਼ੁਰੂ ਕਰ ਦਿੱਤੀ। ਉਹ ਪੈਸੇ ਦਾ ਬੜਾ ਪੁੱਤ ਸੀ, ਉਹ ਇਕ ਸੌ ਡਾਲਰ ਫੀ ਜੀਅ ਰਿਸ਼ਵਤ ਲੈ ਕੇ ਹਿੰਦੀਆਂ ਦੇ ਟਾਵੇਂ-ਟਾਂਵੇਂ ਭਾਈਬੰਦਾਂ ਨੂੰ ਮੰਗਵਾ ਦੇਂਦਾ ਤੇ ਉਨ੍ਹਾਂ ਨੂੰ ਪੁਰਾਣੇ ਆਏ ਹੋਏ ਦਿਖਾ ਦੇਂਦਾ। ਅਜੇਹੇ ਪਰਵਾਸੀਆਂ ਦੇ ਸਾਰੇ ਕਾਗ਼ਜ਼ ਵੀ ਉਹ ਆਪਣੇ ਕੋਲ ਰੱਖ ਲੈਂਦਾ ਸੀ ਜਿਸ ਕਰਕੇ ਉਹ ਸਦਾ ਉਸਦੇ ਰਹਿਮ ਤੇ ਰਹਿੰਦੇ। ਆਪਣੇ ਇਸ ਕੰਮ ਵਿਚ ਮਦਦ ਲੈਣ ਲਈ ਉਸ ਨੇ ਕੁਝ ਪੰਜਾਬੀਆਂ ਨੂੰ ਪੁਲਿਸ ਦੇ ਮੁਖ਼ਬਰ ਬਣਾ ਲਿਆ ਸੀ। ਉਹ ਸਿੱਖਾਂ ਵੱਲੋਂ ਗੁਰਦੁਆਰੇ ਵਿਚ ਕੀਤੇ ਜਾਂਦੇ ਹਫਤਾਵਾਰੀ ਦੀਵਾਨ ਅਤੇ ਹਿੰਦੀਆਂ ਦੀਆਂ ਹੋਰ ਗੁਪਤ ਮੀਟਿੰਗਾਂ ਵਿਚ ਜਾਂਦੇ ਅਤੇ ਉੱਥੇ ਕੀਤੇ ਗਏ ਫੈਸਲਿਆਂ ਅਤੇ ਪ੍ਰੋਗਰਾਮਾਂ ਬਾਰੇ ਸਾਰੀ ਜਾਣਕਾਰੀ ਹਾਪਕਿਨਸਨ ਨੂੰ ਦਿੰਦੇ ਸਨ। ਇਨ੍ਹਾਂ ਮੁਖ਼ਬਰਾਂ ਦਾ ਮੁਖੀ ਬੇਲਾ ਸਿੰਘ ਜ਼ਿਆਨ ਅਤੇ ਬਾਵਾ ਸਿੰਘ ਲਿਤਰਾਂ ਸਨ। ਬੇਲਾ ਸਿੰਘ ਨੂੰ ਇਸ ਕਾਰਜ ਲਈ ਹਰ ਮਹੀਨੇ ਸਾਢੇ ਬਾਹਠ ਡਾਲਰ ($ 62.50) ਦਿਤੇ ਜਾਂਦੇ ਸਨ ਜੋ ਉਸ ਸਮੇਂ ਦੇ ਅਨੁਸਾਰ ਇਕ ਤਕੜੀ ਰਕਮ ਸੀ।

ਹਾਪਕਿਨਸਨ ਦੇ ਕੈਨੇਡਾ ਪਹੁੰਚਣ ਮਗਰੋਂ ਕੈਨੇਡਾ ਦੇ ਆਵਾਸੀ ਵਿਭਾਗ ਨੇ ਪੰਜਾਬੀ ਭਾਰਤੀਆਂ ਦੇ ਦੇਸ਼ ਵਿਚ ਪ੍ਰਵੇਸ਼ ਕਰਨ ਸਬੰਧੀ ਕਰੜੇ ਕਾਨੂੰਨ ਪਾਸ ਕਰ ਦਿੱਤੇ ਸਨ। ਇਨ੍ਹਾਂ ਸਖ਼ਤ ਕਾਨੂੰਨਾਂ ਵਿਚ ਇਕ ਇਹ ਵੀ ਸੀ ਕਿ ਕੈਨੇਡਾ ਵਿਚ ਪਰਵੇਸ਼ ਪਾਣ ਵਾਲੇ ਭਾਰਤੀਆਂ

Digitized by Panjab Digital Library | www.panjabdigilib.org

ਲਈ ਭਾਰਤ ਤੋਂ ਸਿੱਧਾ ਸਫ਼ਰ ਕਰਕੇ ਕੈਨੇਡਾ ਪਹੁੰਚਣਾ ਲਾਜ਼ਮੀ ਕਰਾਰ ਦੇ ਦਿੱਤਾ ਗਿਆ ਸੀ। ਉਨ੍ਹਾਂ ਦਿਨਾਂ ਵਿਚ ਕੋਈ ਵੀ ਜਹਾਜ਼ੀ ਕੰਪਨੀ ਅਜੇਹੀ ਨਹੀਂ ਸੀ ਜਿਨ੍ਹਾਂ ਦੇ ਜਹਾਜ਼ ਸਿੱਧੇ ਭਾਰਤ ਤੋਂ ਕੈਨੇਡਾ ਜਾਂਦੇ ਹੋਣ। ਆਮ ਤੌਰ ਤੇ ਮੁਸਾਫਰਾਂ ਨੂੰ ਸ਼ੰਘਾਈ ਜਾਂ ਹਾਂਗ ਕਾਂਗ ਦੀ ਬੰਦਰਗਾਹ ਤੇ ਪਹੁੰਚ ਕੇ ਜਹਾਜ਼ ਬਦਲਣਾ ਪੈਂਦਾ ਸੀ। ਇਹ ਕਾਨੂੰਨ ਪਾਸ ਹੋ ਜਾਣ ਨਾਲ ਭਾਰਤੀਆਂ ਦਾ ਕੈਨੇਡਾ ਵਿਚ ਪ੍ਰਵੇਸ਼ ਲਗਪਗ ਬੰਦ ਹੀ ਹੋ ਗਿਆ। ਬਾਬਾ ਗੁਰਦਿੱਤ ਸਿੰਘ ਜੋ ਕੇ ਸਿੰਘਾਪੁਰ ਦਾ ਇਕ ਵਡਾ ਠੇਕੇਦਾਰ ਅਤੇ ਧਨਾਡ ਵਿਅਕਤੀ ਸੀ, ਨੇ ਇਸ ਕਾਨੂੰਨ ਦੀਆਂ ਧੱਜੀਆਂ ਉਡਾਣ ਲਈ ਜਾਪਾਨ ਤੋਂ ਇਕ ਜਹਾਜ਼ 'ਕੋਮਾਗਾਟਾ ਮਾਰੂ' ਕਿਰਾਏ ਤੇ ਲਿਆ ਅਤੇ 376 ਭਾਰਤੀਆਂ ਨੂੰ ਲੈ ਕੇ ਵੈਨਕੂਵਰ ਲਈ ਚਲ ਪਿਆ। ਇਸ ਜਹਾਜ਼ ਵਿਚ 21 ਯਾਤਰੀਆਂ ਨੂੰ ਛੱਡ ਕੇ ਬਾਕੀ ਸਾਰੇ ਪੰਜਾਬ ਦੇ ਸਿੱਖ ਸਨ। ਇਹ ਜਹਾਜ਼ ਸਮੁੰਦਰੀ ਸਫ਼ਰ ਦੀਆਂ ਅਨੇਕ ਔਕੜਾਂ ਝਲਦਾ 23 ਮਈ 1914 ਨੂੰ ਵੈਨਕੂਵਰ ਪਹੁੰਚ ਗਿਆ। ਇਸਦੇ ਬਾਵਜੂਦ ਕਿ ਇਹ ਜਹਾਜ਼ ਕੈਨੇਡਾ ਦੁਆਰਾ ਪਾਸ ਕੀਤੇ ਗਏ ਕਾਨੂੰਨ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਕੇ ਕੈਨੇਡਾ ਪਹੁੰਚਿਆ ਸੀ ਪਰ ਤਾਂ ਵੀ ਸਰਕਾਰੀ ਅਧਿਕਾਰੀਆਂ, ਜਿਨ੍ਹਾਂ ਵਿਚ ਮੁਖ ਭੂਮਿਕਾ ਹਾਪਕਿਨਸਨ ਨੇ ਨਿਭਾਈ, ਇਸ ਜਹਾਜ਼ ਦੇ ਮੁਸਾਫਰਾਂ ਨੂੰ ਵੈਨਕੂਵਰ ਦੀ ਬੰਦਰਗਾਹ ਤੇ ਉਤਰਨ ਨਾ ਦਿੱਤਾ ਗਿਆ। ਇਸ ਜਹਾਜ਼ ਨੂੰ ਵਾਪਸ ਕਲਕੱਤਾ ਪਰਤ ਜਾਣ ਦੇ ਆਦੇਸ਼ ਦਿੱਤੇ ਗਏ। ਚਾਰ ਮਹੀਨੇ ਦੇ ਕਸ਼ਟਮਈ ਸਫ਼ਰ ਮਗਰੋਂ ਇਹ ਜਹਾਜ਼ 29 ਸਤੰਬਰ 1914 ਨੂੰ ਵਾਪਸ ਬੱਜ ਬੱਜ ਘਾਟ (ਕਲਕੱਤਾ) ਪਹੁੰਚ ਗਿਆ। ਜਦੋਂ ਮੁਸਾਫ਼ਰ ਭੁੱਖ, ਪਿਆਸ ਅਤੇ ਨਿਰਾਸਤਾ ਦੇ ਆਲਮ ਵਿਚ ਜਹਾਜ਼ ਤੋਂ ਉਤਰ ਰਹੇ ਸਨ ਤਾਂ ਸ਼ਹਿਰ ਦੀ ਗੋਰੀ ਪੁਲਿਸ ਨੇ ਉਨ੍ਹਾਂ ਤੇ ਗੋਲੀਆਂ ਚਲਾ ਕੇ ਕਈਆਂ ਨੂੰ ਮਾਰ ਦਿੱਤਾ ਤੇ ਬਾਕੀ ਮੁਸਾਫ਼ਰਾਂ ਨੂੰ ਜ਼ਬਰਦਸਤੀ ਵਿਸ਼ੇਸ਼ ਗਡੀਆਂ ਰਾਹੀਂ ਪੰਜਾਬ ਭੇਜ ਦਿੱਤਾ ਗਿਆ। ਇਸ ਘਟਨਾ ਤੋਂ ਬਾਦ ਕੈਨੇਡਾ ਵਿਚ ਰਹਿ ਰਹੇ ਪੰਜਾਬੀਆਂ ਦਾ ਮਨ ਗੁੱਸੇ ਤੇ ਬਦਲੇ ਦੀ ਅੱਗ ਨਾਲ ਭਰ ਗਿਆ। ਉਨ੍ਹਾਂ ਨੂੰ ਯਕੀਨ ਹੋ ਗਿਆ ਕਿ ਇਨ੍ਹਾਂ ਸਾਰੀਆਂ ਔਕੜਾਂ ਦੇ ਪਿੱਛੇ ਹਾਪਕਿਨਸਨ ਅਤੇ ਬੇਲਾ ਸਿੰਘ ਦਾ ਹੱਥ ਹੈ ਜਿਨ੍ਹਾਂ ਨੇ ਭਾਰਤੀਆਂ ਦੇ ਜੀਵਨ ਨੂੰ ਨਰਕ ਤੋਂ ਵੀ ਬਦਤਰ ਬਣਾ ਦਿੱਤਾ ਸੀ।

ਭਾਰਤੀ ਮੂਲ ਦੇ ਲੋਕਾਂ ਵਿਚ ਫ਼ੈਲ ਰਹੀ ਬੇਚੈਨੀ ਅਤੇ ਨਫਰਤ ਤੋਂ ਹਾਪਕਿਨਸਨ ਜਾਣੂ ਸੀ ਪਰ ਤਾਂ ਵੀ ਉਹ ਆਪਣੇ ਪਿੱਠੂਆਂ, ਝੋਲੀ ਚੁਕਾਂ ਤੇ ਮੁਖ਼ਬਰਾਂ ਦੀ ਪਿੱਠ ਠੋਕੀ ਜਾ ਰਿਹਾ ਸੀ ਤੇ ਚਾਹੁੰਦਾ ਸੀ ਕਿ ਇਸ ਲਹਿਰ ਦੇ ਕੁਝ ਪ੍ਰਮੁੱਖ ਨੇਤਾਵਾਂ ਨੂੰ ਮਾਰ ਕੇ ਇਨ੍ਹਾਂ ਵਿਚ ਦਹਿਸ਼ਤ ਪੈਦਾ ਕਰ ਦਿੱਤੀ ਜਾਵੇ ਤਾਕਿ ਉਹ ਆਪਣਾ ਇਹ ਅੰਦੋਲਨ ਇੱਥੇ ਹੀ ਸਮਾਪਤ ਕਰ ਦੇਣ। ਦੂਜੇ ਪਾਸੇ 'ਗਦਰ ਲਹਿਰ' ਦੇ ਮੈਂਬਰ ਇਨ੍ਹਾਂ ਮੁਖ਼ਬਰਾਂ ਨੂੰ ਸੋਧ ਕੇ ਇਹ ਪ੍ਰਗਟ ਕਰਨਾ ਚਾਂਹੁੰਦੇ ਸਨ ਕਿ ਉਹ ਸਰਕਾਰ ਦੀਆਂ ਸਖ਼ਤੀਆਂ ਤੋਂ ਡਰਨ ਵਾਲੇ ਨਹੀਂ। ਸਰਕਾਰੀ ਪਿੱਠੂਆਂ ਵਿਚੋਂ ਸਭ ਤੋਂ ਪਹਿਲਾਂ ਮਰਨ ਵਾਲਾ ਹਰਨਾਮ ਸਿੰਘ ਸੀ ਜਿਸ ਨੂੰ ਭਾਈ ਜਗਤ ਸਿੰਘ ਸੁਰ ਸਿੰਘ ਵਾਲੇ ਨੇ ਪਾਰ ਬੁਲਾ ਦਿੱਤਾ। 3 ਸਤੰਬਰ 1914 ਵਾਲੇ ਦਿਨ ਬੇਲਾ ਸਿੰਘ ਦੀ ਗਦਾਰ ਜੁੰਡਲੀ ਦੇ ਇਕ ਹੋਰ ਦੇਸ਼ ਧਰੋਹੀ ਅਰਜਨ ਸਿੰਘ ਦੀ ਰਾਮ ਸਿੰਘ ਸ਼ੇਖ ਦੌਲਤ ਨੇ ਅਲਖ ਮੁਕਾ ਦਿੱਤੀ। ਹੁਣ ਹਾਪਕਿਨਸਨ ਤੇ ਮਿਸਟਰ ਰੀਡ ਦੀ ਸ਼ਹਿ ਤੇ ਸਰਕਾਰੀ ਪਿੱਠੂ ਬੇਲਾ ਸਿੰਘ, ਇਨ੍ਹਾਂ ਦੇਸ਼ ਦੇ ਪ੍ਰਵਾਨਿਆਂ ਨੂੰ 'ਸਬਕ ਸਿਖਾਣਾ' ਚਾਹੁੰਦਾ ਸੀ।

5 ਸਤੰਬਰ 1914 ਨੂੰ ਅਰਜਨ ਸਿੰਘ ਦਾ ਸਸਕਾਰ ਕਰਕੇ ਸੰਗਤ ਗੁਰਦੁਆਰੇ ਵਿਚ

Digitized by Panjab Digital Library | www.panjabdigilib.org

ਜੁੜੀ ਹੋਈ ਸੀ। ਭਾਈ ਭਾਗ ਸਿੰਘ ਭਿੱਖੀਵਿੰਡ, ਪ੍ਰਧਾਨ ਖ਼ਾਲਸਾ ਦੀਵਾਨ ਸੁਸਾਇਟੀ, ਵਾਕ ਲੈਣ ਲਈ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠਾ ਹੋਇਆ ਸੀ। ਇਤਨੇ ਵਿਚ ਪੁਲਿਸ ਦਾ ਮੁਖ਼ਬਰ ਬੇਲਾ ਸਿੰਘ ਕਾਰਤੂਸਾਂ ਨਾਲ ਭਰੇ ਦੋ ਪਸਤੌਲ ਲੈ ਕੇ ਗੁਰਦੁਆਰੇ ਆਇਆ ਤੇ ਭਾਈ ਭਾਗ ਸਿੰਘ ਦੇ ਸਾਮ੍ਹਣੇ ਬੈਠ ਗਿਆ। ਜਦੋਂ ਭਾਈ ਭਾਗ ਸਿੰਘ ਵਾਕ ਲੈ ਰਿਹਾ ਸੀ ਤਾਂ ਗੁਰਦੁਆਰੇ ਦੀ ਹਰ ਮਰਯਾਦਾ ਨੂੰ ਨਜ਼ਰ ਅੰਦਾਜ਼ ਕਰਦੇ ਹੋਏ ਬੇਲਾ ਸਿੰਘ ਨੇ ਭਾਗ ਸਿੰਘ ਤੇ ਗੋਲੀਆਂ ਚਲਾ ਦਿੱਤੀਆਂ। ਭਾਈ ਭਾਗ ਸਿੰਘ ਤੇ ਚਲੀਆਂ ਗੋਲੀਆਂ ਨਾਲ ਗੁਰਦੁਆਰੇ ਵਿਚ ਹਲਚਲ ਮੱਚ ਗਈ। ਸੰਗਤ ਵਿਚ ਬੈਠੇ ਭਾਈ ਬਤਨ ਸਿੰਘ ਨੇ ਬੇਲਾ ਸਿੰਘ ਨੂੰ ਹਟਕਣਾ ਚਾਹੀਆ - ਪਰ ਬੇਲਾ ਸਿੰਘ ਨੇ ਆਪਣੇ ਰਿਵਾਲਵਰ ਦਾ ਮੂੰਹ ਬਤਨ ਸਿੰਘ ਵਲ ਕਰਕੇ ਉਸਤੇ ਵੀ ਗੋਲੀਆਂ ਚਲਾ ਦਿੱਤੀਆਂ। ਬੇਲਾ ਸਿੰਘ ਉਤਨੀ ਦੇਰ ਤਕ ਗੋਲੀਆਂ ਚਲਾਂਦਾ ਰਿਹਾ ਜਦੋਂ ਤਕ ਕਿ ਉਸਦੇ ਦੋਵੇਂ ਰਿਵਾਲਵਰ ਖਾਲੀ ਨਾ ਹੋ ਗਏ। ਭਾਈ ਭਾਗ ਸਿੰਘ ਅਤੇ ਬਤਨ ਸਿੰਘ ਨੇ ਹਸਪਤਾਲ ਪਹੁੰਚ ਕੇ ਦੰਮ ਤੋੜ ਦਿੱਤਾ। ਇਸ ਫਾਇਰਿੰਗ ਦੇ ਦੌਰਾਨ ਜੋ ਲੋਕ ਜ਼ਖ਼ਮੀ ਹੋਏ ਉਹ ਸਨ - ਦਲੀਪ ਸਿੰਘ ਫਾਹਲਾ, ਉੱਤਮ ਸਿੰਘ ਨੂਰਪੁਰੀ, ਜਵਾਲਾ ਸਿੰਘ ਸ਼ੇਖ ਦੌਲਤ ਅਤੇ ਭਾਈ ਲਾਭ ਸਿੰਘ। ਇਸ ਘਟਨਾ ਨੇ ਭਾਈ ਮੇਵਾ ਸਿੰਘ ਦੀ ਆਤਮਾ ਨੂੰ ਝੰਜੋੜ ਕੇ ਰੱਖ ਦਿੱਤਾ ਤੇ ਉਹ ਇਨ੍ਹਾਂ ਹਤਿਆਰਿਆਂ ਕੋਲੋਂ ਬਦਲਾ ਲੈਣ ਵਾਸਤੇ ਤਤਪਰ ਹੋ ਗਿਆ। ਸਾਰੇ ਜਾਣਦੇ ਸਨ ਕਿ ਬੇਲਾ ਸਿੰਘ ਨੇ ਇਹ ਕਾਰਾ ਹਾਪਕਿਨਸਨ ਦੀ ਸ਼ਹਿ ਤੇ ਕੀਤਾ ਹੈ ਜਿਸ ਕੋਲੋਂ ਉਹ ਹਰ ਮਹੀਨੇ ਆਪਣੀ ਗ਼ਦਾਰੀ ਦਾ ਭੱਤਾ ਵਸੂਲ ਕਰਿਆ ਕਰਦਾ ਸੀ।

ਭਾਈ ਮੇਵਾ ਸਿੰਘ ਨੇ ਆਪਣੇ ਇਸ ਫ਼ੈਸਲੇ ਨੂੰ ਗੁਪਤ ਰਖਿਆ। ਉਹ ਨਹੀਂ ਸੀ ਚਾਹੁੰਦਾ ਕਿ ਇਸ ਗੱਲ ਦੀ ਸੂਹ ਗਦਾਰ ਟੋਲੀ ਦੇ ਕੰਨਾਂ ਤਕ ਪਹੁੰਚੇ। ਉਹ ਬਹੁਤਾ ਬੋਲਣ ਜਾਂ ਬੜ-ਬੜ ਕਰਨ ਵਿਚ ਯਕੀਨ ਨਹੀਂ ਸੀ ਕਰਦਾ। ਉਹ ਬੜਾ ਸੰਜੀਦਾ ਅਤੇ ਸਿੱਖ ਪਰੰਪਰਾਵਾਂ ਨਾਲ ਜੁੜਿਆ ਨੌਜਵਾਨ ਸੀ। ਕਿਸੇ ਉਪਰ ਜ਼ੁਲਮ ਜਾਂ ਧੱਕਾ ਹੁੰਦਾ ਵੇਖ ਕੇ ਉਹ ਚੁੱਪ ਕਰਕੇ ਬੈਠ ਜਾਣ ਵਾਲਾ ਗੁਰੂ ਕਾ ਲਾਲ ਨਹੀਂ ਸੀ। ਉਹ ਦਸਮ ਬਾਣੀ ਦੀਆਂ ਇਹ ਪੰਕਤੀਆਂ ਹਮੇਸ਼ਾਂ ਦੁਹਰਾਇਆ ਕਰਦਾ ਸੀ:

ਜਬ ਆਵ ਕੀ ਅਉਧ ਨਿਧਾਨ ਬਨੈ
ਅਤ ਹੀ ਰਨ ਮੈ ਤਬ ਜੂਝ ਮਰੋਂ।

ਸ੍ਰ: ਭਾਗ ਸਿੰਘ ਅਤੇ ਸ੍ਰ: ਬਤਨ ਸਿੰਘ ਦੇ ਕਤਲ ਦੇ ਮਾਮਲੇ ਵਿਚ ਬੇਲਾ ਸਿੰਘ ਤੇ ਕੇਸ ਚਲਾਇਆ ਗਿਆ ਪਰ ਬਚਾਓ ਪੱਖ ਦੇ ਸਾਰੇ ਸਰਕਾਰੀ ਵਕੀਲਾਂ ਦਾ ਇਕੋ ਤਰਕ ਸੀ ਕਿ ਬੇਲਾ ਸਿੰਘ ਨੇ ਗੋਲੀ ਆਪਣੇ ਬਚਾਉ ਕਰਕੇ ਚਲਾਈ ਸੀ। ਗੁਰਦੁਆਰੇ ਵਿਚ ਬੈਠੀ ਸਾਰੀ ਸੰਗਤ ਨੇ ਵੇਖਿਆ ਸੀ ਕਿ ਕਿਸੇ ਪਾਸੋਂ ਵੀ ਬੇਲਾ ਸਿੰਘ ਤੇ ਕਿਸੇ ਨੇ ਕੋਈ ਵਾਰ ਨਹੀਂ ਸੀ ਕੀਤਾ। ਸਗੋਂ ਜਦੋਂ ਵਾਕ ਲਿਆ ਜਾ ਰਿਹਾ ਸੀ ਤਾਂ ਉਸ ਨੇ ਖੜੇ ਹੋ ਕੇ ਅੰਧਾ ਧੁੰਦ ਗੋਲੀਆਂ ਦੀ ਬੋਛਾੜ ਸ਼ੁਰੂ ਕਰ ਦਿੱਤੀ ਸੀ। ਪਰ ਕੈਨੇਡੀਅਨ ਸਰਕਾਰ ਹਰ ਹਾਲਤ ਵਿਚ ਆਪਣੇ ਮੁਖ਼ਬਰ ਬੇਲਾ ਸਿੰਘ ਨੂੰ ਬਚਾਉਣ ਤੇ ਤੁਲੀ ਹੋਈ ਸੀ। ਇਸ ਮਾਮਲੇ ਵਿਚ ਆਖ਼ਰੀ ਗਵਾਹੀ ਆਵਾਸੀ ਅਫ਼ਸਰ ਹੌਪਕਿਨਸਨ ਦੀ ਸੀ ਜਿਸਨੇ ਪਹਿਲਾਂ ਤੋਂ ਹੀ ਇਹ ਫ਼ੈਸਲਾ ਕੁਰ ਰਖਿਆ ਸੀ ਕਿ ਉਹ ਬੇਲਾ ਸਿੰਘ ਦੇ ਹੱਕ ਵਿਚ ਬਿਆਨ ਦੇ ਕੇ ਉਸਨੂੰ ਬਰੀ ਕਰਵਾ ਲਵੇਗਾ।

Digitized by Panjab Digital Library | www.panjabdigilib.org

21 ਅਕਤੂਬਰ 1914 ਦਾ ਦਿਨ ਸੀ। ਕਚਿਹਿਰੀ ਦੋਹਾਂ ਧਿਰਾਂ ਦੇ ਬੰਦਿਆ ਨਾਲ ਖਚਾ-ਖਚ ਭਰੀ ਪਈ ਸੀ। ਹਾਪਕਿਨਸਨ ਦੇ ਬਿਆਨ ਮਗਰੋਂ ਇਸ ਕੇਸ ਵਿਚ ਜੱਜ ਕੀ ਫ਼ੈਸਲਾ ਦੇਵੇਗਾ ਇਸ ਬਾਰੇ ਕਿਸੇ ਨੂੰ ਕੋਈ ਸ਼ਕ ਨਹੀਂ ਸੀ। ਘਰੋਂ ਤੁਰਨ ਲਗਿਆਂ ਭਾਈ ਮੇਵਾ ਸਿੰਘ ਨੇ ਅਰਦਾਸਾ ਸੋਧਿਆ ਤੇ ਆਪਣੀ ਰਿਵੌਲਵਰ ਲੈਕੇ ਕਚਹਿਰੀ ਪਹੁੰਚ ਗਿਆ। ਅਸਲ਼ ਵਿਚ ਕੁਝ ਵਰ੍ਹੇ ਪਹਿਲਾਂ ਉਸਨੇ ਇਹ ਰਿਵੌਲਵਰ ਅਮਰੀਕਾ ਜਾ ਕੇ ਖ਼ਰੀਦੀ ਸੀ ਤੇ ਮੁੜ ਕੈਨੇਡਾ ਦਾਖ਼ਲ ਹੋਣ ਸਮੇਂ ਆਵਾਸੀ ਅਧਿਕਾਰੀਆਂ ਦੁਆਰਾ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਪਰ ਮਗਰੋਂ ਉਸਨੂੰ ਛੱਡ ਦਿੱਤਾ ਗਿਆ। ਆਪਣੇ ਘਰ ਦੇ ਨੇੜੇ ਉਜਾੜ ਹਿੱਸੇ ਵਿਚ ਜਾ ਕੇ ਉਸ ਨੇ ਕਈ ਵਾਰ ਆਪਣੇ ਨਿਸ਼ਾਨੇ ਨੂੰ ਸਾਧਿਆ ਤੇ ਪਰਿਪੱਕਤਾ ਹਾਸਲ ਕਰ ਲਈ ਸੀ। ਜਦੋਂ ਗਵਾਹੀ ਦੇਣ ਲਈ ਹਾਪਕਿਨਸਨ ਕਚਹਿਰੀ ਪਹੁੰਚਿਆ ਤਾਂ ਮੇਵਾ ਸਿੰਘ ਨੇ ਆਪਣੇ ਕੋਟ ਦੀ ਜੇਬ ਚੋਂ ਰਿਵੌਲਵਰ ਕੱਢ ਕੇ ਉਸਤੇ ਗੋਲੀ ਚਲਾ ਦਿੱਤੀ। ਗੋਲੀ ਲਗਦਿਆਂ ਹੀ ਹਾਪਕਿਨਸਨ ਲੜਖੜਾ ਗਿਆ ਤੇ ਉਸ ਨੇ ਸ੍ਰ: ਮੇਵਾ ਸਿੰਘ ਨੂੰ ਲੱਕ ਦੁਆਲਿਓਂ ਪਕੜ ਕੇ ਥਲੇ ਡੇਗਣਾ ਚਾਹਿਆ। ਸ੍ਰ: ਮੇਵਾ ਸਿੰਘ ਸਰੀਰਕ ਤੌਰ ਤੇ ਬੜਾ ਤਕੜਾ ਤੇ ਅਡੋਲ ਰਹਿਣ ਵਾਲਾ ਨੌਜਵਾਨ ਸੀ। ਉਸਨੇ ਆਪਣੀ ਰਿਵੌਲਵਰ ਦਾ ਬੱਟ ਹਾਪਕਿਨਸਨ ਦੇ ਸਿਰ ਵਿਚ ਮਾਰ ਕੇ ਉਸਨੂੰ ਥੱਲੇ ਡੇਗ ਲਿਆ ਤੇ ਫਿਰ ਬਾਕੀ ਦੀਆਂ ਗੋਲੀਆਂ ਚਲਾ ਕੇ ਉਸਨੂੰ ਉੱਥੇ ਹੀ ਢੇਰੀ ਕਰ ਦਿੱਤਾ। ਇਹ ਘਟਨਾ ਕਚਹਿਰੀ ਦੇ ਅੰਦਰ ਹੋਈ ਸੀ। ਲੋਕ ਆਪਣੀ ਜਾਨ ਬਚਾਉਣ ਲਈ ਜਿਧਰ ਮੂੰਹ ਆਇਆ ਭੱਜ ਉਠੇ ਸਨ। ਪਰ ਮੇਵਾ ਸਿੰਘ ਉੱਥੇ ਹੀ ਸ਼ਾਂਤ ਚਿੱਤ ਖਲੋਤਾ ਉਡੀਕ ਰਿਹਾ ਸੀ ਕਿ ਪੁਲਿਸ ਅਧਿਕਾਰੀ ਉਸਨੂੰ ਆ ਕੇ ਪਕੜ ਲੈਣ। ਜਦੋਂ ਗੋਲੀਆਂ ਖ਼ਤਮ ਹੋ ਗਈਆਂ ਤਾਂ ਕਚਹਿਰੀ ਦਾ ਇਕ ਮੁਲਾਜ਼ਮ ਰਿਚਰਡ ਪੌਲੀ ਅਗੇ ਵਧਿਆ ਤੇ ਉਸ ਨੇ ਸ੍ਰ: ਮੇਵਾ ਸਿੰਘ ਤੋਂ ਪਸਤੌਲ ਮੰਗੀ ਜੋ ਅਜੇ ਵੀ ਉਸਦੇ ਹੱਥ ਵਿਚ ਸੀ। ਮੇਵਾ ਸਿੰਘ ਨੇ ਪੁਛਿਆ ਕੀ ਹੌਪਕਿਨਸਨ ਮਰ ਗਿਆ ਹੈ? ਉਸਦੇ ਹਾਂ ਕਹਿਣ ਤੇ ਮੇਵਾ ਸਿੰਘ ਨੇ ਖੁਸ਼ੀ ਦਾ ਪ੍ਰਗਟਾਵਾ ਕੀਤਾ। ਇਤਨੇ ਵਿਚ ਇਕ ਹੋਰ ਗੋਰੇ ਅਫ਼ਸਰ ਜੇਮਜ਼ ਮੈਕੇਨ ਨੇ ਅਗੇ ਵੱਧ ਕੇ ਮੇਵਾ ਸਿੰਘ ਦੇ ਹਥੋਂ ਪਸਤੌਲ ਖੋਹ ਲਈ ਤੇ ਉਸਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਇਸ ਘਟਨਾ ਤੋਂ ਅਗਲੇ ਦਿਨ, 22 ਅਕਤੂਬਰ 1914 ਨੂੰ ਆਵਾਸ ਵਿਭਾਗ ਦੇ ਇਕ ਸੀਨੀਅਰ ਅਫ਼ਸਰ ਮੈਲਕਮ ਰੀਡ ਨੇ ਕੈਨੇਡਾ ਸਰਕਾਰ ਦੇ ਘਰੋਗੀ ਮਹਿਕਮੇ (Home Deptt.) ਨੂੰ ਇਕ ਚਿੱਠੀ ਲਿਖੀ ਜਿਸ ਵਿਚ ਉਸ ਨੇ ਬੜੇ ਵਿਸਥਾਰ ਨਾਲ ਲਿਖਿਆ: 'ਕਿ ਕੱਲ (21 ਤਾਰੀਖ) ਨੂੰ ਇਕ ਹਿੰਦੀ ਨੇ ਹਾਪਕਿਨਸਨ ਨੂੰ ਕਚਿਹਰੀ ਵਿਚ ਗੋਲੀ ਮਾਰ ਦਿੱਤੀ ਹੈ। ਉਹ ਪੰਜਾਂ ਮਿੰਟਾਂ ਵਿਚ ਹੀ ਮਰ ਗਿਆ। ਉਹ ਬੇਲਾ ਸਿੰਘ ਦੇ ਮੁਕੱਦਮੇ ਦੇ ਸਿਲਸਿਲੇ ਵਿਚ ਸਵੇਰੇ ਪੌਣੇ ਨੌਂ ਵਜੇ ਦੇ ਕਰੀਬ ਕਚਹਿਰੀ ਗਿਆ। ਉਹ ਅਜੇ ਕਚਹਿਰੀ ਦੀ ਉਤਲੀ ਛੱਤ ਦੇ ਬਰਾਂਡੇ ਵਿਚ ਹੀ ਜਾ ਰਿਹਾ ਸੀ ਕਿ ਮੇਵਾ ਸਿੰਘ ਨੇ ਉਸਨੂੰ ਘੇਰ ਲਿਆ ਤੇ ਪਿਸਤੌਲ ਦਾ ਉਸ ਵਲ ਨਿਸ਼ਾਨਾ ਸਿੱਧਾ ਕਰਕੇ ਗੋਲੀ ਮਾਰ ਦਿੱਤੀ। ਹਾਪਕਿਨਸਨ ਡਿਗ ਪਿਆ ਤੇ ਉਹ ਮੇਵਾ ਸਿੰਘ ਦੇ ਪਟੀਂ ਪੈ ਗਿਆ। ਮੇਵਾ ਸਿੰਘ ਨੇ ਪਿਸਤੌਲ ਦੀ ਮੁੱਠ ਨਾਲ ਉਸਦੇ ਸਿਰ ਤੇ ਸੱਟ ਮਾਰੀ, ਉਹ ਪੱਟ ਛੱਡ ਕੇ ਡਿੱਗ ਪਿਆ। ਮੇਵਾ ਸਿੰਘ ਨੇ ਬਾਕੀ ਦੀਆਂ ਪੰਜ ਗੋਲੀਆਂ ਉਸਦੇ ਸਿਰ ਵਿਚ ਦੀ ਲੰਘਾ ਦਿੱਤੀਆਂ। ਹਾਪਕਿਨਸਨ ਬਗਰ ਕੁਝ ਬਿੜਕੇ ਦੇ ਹੀ ਖ਼ਤਮ ਹੋ ਗਿਆ।'

ਜਦੋਂ ਕੁਝ ਵਰ੍ਹੇ ਪਹਿਲਾਂ ਹਾਪਕਿਨਸਨ ਕਲਕੱਤੇ ਤੋਂ ਕੈਨੇਡਾ ਪਹੁੰਚਿਆ ਸੀ ਤਾਂ ਉਸ

Digitized by Panjab Digital Library | www.panjabdigilib.org

ਨੇ ਭਾਈ ਮੇਵਾ ਸਿੰਘ ਨੂੰ ਵੀ ਆਪਣਾ ਮਿੱਤਰ ਬਣਾ ਕੇ ਹਿੰਦੀਆਂ ਵਿਰੁੱਧ ਵਰਤਣ ਦੀ ਕੋਸ਼ਿਸ਼ ਕੀਤੀ ਸੀ ਪਰ ਮੇਵਾ ਸਿੰਘ ਉਸਦੀ ਪਾਪ ਦੀ ਇਸ ਖੇਡ ਵਿਚ ਸ਼ਾਮਲ ਨਹੀਂ ਸੀ ਹੋਇਆ। ਵੈਸੇ ਕਾਫ਼ੀ ਸਮੇਂ ਤਕ ਇਨ੍ਹਾਂ ਦੇ ਸਬੰਧ ਦੋਸਤੀ ਵਾਲੇ ਬਣੇ ਰਹੇ ਸਨ। ਜਦੋਂ ਪੁਲਿਸ ਹਿਰਾਸਤ ਵਿਚ ਰਖੇ ਭਾਈ ਮੇਵਾ ਸਿੰਘ ਤੋਂ ਇਕ ਅਫ਼ਸਰ ਨੇ ਪੁਛਿਆ ਕਿ ਤੂੰ ਆਪਣੇ ਯਾਰ ਨੂੰ ਹੀ ਮਾਰ ਦਿੱਤਾ ਹੈ ਤਾਂ ਮੇਵਾ ਸਿੰਘ ਨੇ ਕਿਹਾ ਉਹ ਕਦੇ ਮੇਰਾ ਯਾਰ ਜ਼ਰੂਰ ਸੀ ਪਰ ਮੇਰੇ ਦੇਸ਼ ਵਾਸੀਆਂ ਦਾ ਵਡਾ ਦੁਸ਼ਮਨ ਸੀ। ਮੈਂ ਆਪਣੇ ਯਾਰ ਨੂੰ ਨਹੀਂ ਦੇਸ਼ ਦੇ ਦੁਸ਼ਮਨ ਨੂੰ ਮਾਰਿਆ ਹੈ, ਜਿਸਦਾ ਮੈਨੂੰ ਕੋਈ ਅਫਸੋਸ ਨਹੀਂ। ਉਸ ਵੇਲੇ ਦੀਆਂ ਸਰਕਾਰੀ ਲਿਖਤਾਂ ਅਤੇ ਰੋਜ਼ਾਨਾ ਅਖ਼ਬਾਰ ਪ੍ਰੋਵਿੰਸ (Province) ਇਸ ਗੱਲ ਵਿਚ ਇਕ ਮੱਤ ਹਨ ਕਿ ਆਪਣੀ ਨਜ਼ਰਬੰਦੀ ਦੇ ਦੋਰਾਨ ਉਹ ਬੜੀ ਚੜ੍ਹਦੀ ਕਲਾ ਵਿਚ ਸੀ। ਉਹ ਆਪਣਾ ਸਾਰਾ ਸਮਾਂ ਭਜਨ ਬੰਦਗੀ ਵਿਚ ਬਿਤਾਂਦਾ ਅਤੇ ਆਪਣੇ ਗੁਰੂਆਂ ਦੀ ਬਾਣੀ ਗਾਇਆ ਕਰਦਾ ਸੀ। ਗੁਰੂ ਤੇਗ ਬਹਾਦਰ ਜੀ ਦਾ ਇਹ ਸ਼ਲੋਕ ਹਮੇਸ਼ਾਂ ਉਸਦੀ ਜ਼ਬਾਨ ਤੇ ਹੁੰਦਾ :

ਹਰਿ ਜੱਸ ਰੇ ਮਨਾ ਗਾਇ ਲੈ
ਜੋ ਸੰਗੀ ਹੈ ਤੇਰੋ ।

ਕੈਨੇਡਾ ਦੀ ਸਰਕਾਰ ਭਾਈ ਮੇਵਾ ਸਿੰਘ ਦੇ ਕੇਸ ਦਾ ਤੁਰੰਤ ਫ਼ੈਸਲਾ ਕਰਕੇ ਉਸ ਨੂੰ ਫਾਂਸੀ ਤੇ ਲਟਕਾ ਦੇਣ ਲਈ ਤਤਪਰ ਸੀ ਤਾ ਕਿ ਸਰਕਾਰੀ ਅਮਲੇ ਅਤੇ ਪੁਲਿਸ ਦੇ ਭਾਰਤੀ ਮੁਖ਼ਬਰਾਂ ਵਿਚ ਫੈਲੀ ਦਹਿਸ਼ਤ ਨੂੰ ਠਲ੍ਹ ਪਾਈ ਜਾ ਸਕੇ। ਜਦੋਂ ਜੱਜ ਨੇ ਸ੍ਰ: ਮੇਵਾ ਸਿੰਘ ਤੋਂ ਪੁੱਛਿਆ ਕਿ ਤੂੰ ਐਸਾ ਕਿਉਂ ਕੀਤਾ ਹੈ? ਤੂੰ ਸਰਕਾਰ ਦੇ ਇਕ ਸੀਨੀਅਰ ਅਫ਼ਸਰ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਜਦ ਕਿ ਉਸਦੀ ਤੇਰੇ ਨਾਲ ਕੋਈ ਜ਼ਾਤੀ ਦੁਸ਼ਮਨੀ ਨਹੀਂ ਸੀ। ਮੇਵਾ ਸਿੰਘ ਨੇ ਬੜੇ ਧੀਰਜ ਅਤੇ ਠਰ੍ਹਮੇਂ ਨਾਲ ਉਤਰ ਦਿੱਤਾ ਕਿ 'ਮੇਰਾ ਧਰਮ ਇਹ ਇਜਾਜ਼ਤ ਨਹੀਂ ਦੇਂਦਾ ਕਿ ਜਦੋਂ ਕੋਈ ਜ਼ਾਲਮ ਕਿਸੇ ਤੇ ਜ਼ੁਲਮ ਕਰ ਰਿਹਾ ਹੋਵੇ ਅਸੀਂ ਉਸ ਨੂੰ ਵੇਖਦੇ ਰਹੀਏ। ਦੀਨ ਤੇ ਦੁਖੀ ਦੀ ਰਖਿਆ ਕਰਨੀ ਤੇ ਉਨ੍ਹਾਂ ਦੀ ਖ਼ਾਤਰ ਆਪਣੇ ਪ੍ਰਾਣ ਨਿਛਾਵਰ ਕਰ ਦੇਣੇ ਇਹ ਮੇਰੇ ਧਰਮ ਦਾ ਫ਼ਲਸਫਾ ਹੈ। ਮੈਂ ਉਹੀ ਕੀਤਾ ਹੈ ਜੋ ਮੈਨੂੰ ਮੇਰੇ ਧਰਮ ਨੇ ਸਿਖਾਇਆ ਹੈ।' ਕਚਹਿਰੀ ਵਿਚ ਚਲੀ ਕਾਰਵਾਈ ਦੀ ਇਹ ਟਿੱਪਣੀ ਭਾਈ ਮੇਵਾ ਸਿੰਘ ਦੇ ਕਿਰਦਾਰ ਅਤੇ ਉਸਦੀ ਸਿੱਖੀ ਸਪਿਰਿਟ ਨੂੰ ਬੜੇ ਖ਼ੂਬਸੂਰਤ ਸ਼ਬਦਾਂ ਵਿਚ ਪੇਸ਼ ਕਰਦੀ ਹੈ : My religion does not teach me to bear enmity with any body, no matter what class, creed or order he belongs to, nor had I any enmity with Hopkinson. I heard that he was oppressing my poor people very much. I being a staunch Sikh could no longer bear to see the wrong done to my countrymen and the Dominion of Canada. And I performing the duty of a true Sikh and remembering the name of God will proceed towards the scaffold with the same amount of pleasure as the hungry babe does toward his mother. I shall gladly have the rope put around the neck thinking it to be a rosary of God's name. ਅਖ਼ੀਰ ਵਿਚ ਭਾਈ ਮੇਵਾ ਸਿੰਘ ਨੇ ਅਦਾਲਤ ਵਿਚ ਗੱਜ ਕੇ ਕਿਹਾ ਕਿ ਆਜ਼ਾਦੀ ਦੇ ਦੁਸ਼ਮਨਾਂ ਦਾ ਇਹੀ ਹਸ਼ਰ ਹੋਣਾ ਚਾਹੀਦਾ

Digitized by Panjab Digital Library | www.panjabdigilib.org

ਹੈ, ਜੋ ਦੇਸ਼ ਅਤੇ ਕੌਮ ਦੇ ਇਕ ਮੇਰੇ ਜਹੇ ਨਿਰਮਾਣ ਸੇਵਕ ਦੇ ਹਥੋਂ ਹੋਇਆ ਹੈ। ਮੈਂ ਸਾਮਰਾਜ ਦੇ ਇਕ ਜ਼ਹਿਰੀਲੇ ਸੱਪ ਨੂੰ ਮਾਰ ਕੇ ਕੋਈ ਗਲਤੀ ਨਹੀਂ ਕੀਤੀ। ਇਸੇ ਕੇਸ ਦੇ ਸਬੰਧ ਵਿਚ 23 ਅਕਤੂਬਰ ਨੂੰ ਹਸਨ ਰਹੀਮ, ਸ੍ਰ: ਕਰਤਾਰ ਸਿੰਘ ਚੰਦ, ਭਾਈ ਬਲਵੰਤ ਸਿੰਘ ਖੁਰਦਪੁਰ ਅਤੇ ਸ੍ਰ: ਮਿੱਤ ਸਿੰਘ ਪੰਡੋਰੀ ਨੂੰ ਵੀ ਗ੍ਰਿਫਤਾਰ ਕੀਤਾ ਗਿਆ। ਪਰ ਸ੍ਰ: ਮੇਵਾ ਸਿੰਘ ਦੁਆਰਾ ਇਸ ਕਤਲ ਦੀ ਸਾਰੀ ਜ਼ਿਮੇਵਾਰੀ ਆਪਣੇ ਸਿਰ ਲੈ ਲੈਣ ਮਗਰੋਂ ਉਨ੍ਹਾਂ ਨੂੰ 4 ਦਸੰਬਰ 1914 ਨੂੰ ਬਰੀ ਕਰ ਦਿੱਤਾ ਗਿਆ।

ਸਰਕਾਰ ਨੇ ਇਸ ਕੇਸ ਦਾ ਫ਼ੈਸਲਾ 30 ਅਕਤੂਬਰ 1914 ਨੂੰ ਸੁਣਾ ਦਿੱਤਾ। ਸਰਕਾਰੀ ਅਫ਼ਸਰ ਹਾਪਕਿਨਸਨ ਨੂੰ ਕਤਲ ਕਰਨ ਦੇ ਦੋਸ਼ ਵਿਚ 11 ਜਨਵਰੀ 1915 ਨੂੰ ਸਵੇਰੇ ਦੇ 7:45 ਵਜੇ ਸ੍ਰ: ਮੇਵਾ ਸਿੰਘ ਨੂੰ ਫਾਂਸੀ ਤੇ ਲਟਕਾ ਦਿੱਤਾ ਗਿਆ। ਕੈਨੇਡਾ ਦੇ ਹਿੰਦੀਆਂ ਨੇ ਇਨ੍ਹਾਂ ਦਾ ਸਸਕਾਰ ਬੜੇ ਉਤਸ਼ਾਹ ਤੇ ਸਤਿਕਾਰ ਨਾਲ ਕੀਤਾ। ਵੈਨਕੂਵਰ ਦੇ ਗੁਰਦੁਆਰੇ ਵਿਚ ਅਖੰਡ ਪਾਠ ਰਖਿਆ ਗਿਆ ਅਤੇ ਉਸ ਮਗਰੋਂ ਪੂਰਾ ਇਕ ਹਫਤਾ ਉਨ੍ਹਾਂ ਦੀ ਯਾਦ ਵਿਚ ਦੀਵਾਨ ਸਜਦੇ ਰਹੇ। ਹੁਣ ਹਰ ਸਾਲ ਭਾਈ ਮੇਵਾ ਸਿੰਘ ਸ਼ਹੀਦ ਦੀ ਯਾਦ ਵਿਚ ਕੈਨੇਡਾ ਵਿਚ ਦੀਵਾਨ ਕੀਤੇ ਜਾਂਦੇ ਹਨ ਤੇ ਉਨ੍ਹਾਂ ਵਿਚ ਉਨ੍ਹਾਂ ਵਲੋਂ ਦੇਸ਼ ਦੀ ਆਜ਼ਾਦੀ ਅਤੇ ਭਾਰਤੀ ਮੂਲ ਦੇ ਲੋਕਾਂ ਦੇ ਅਧਿਕਾਰਾਂ ਦੀ ਰਖਿਆ ਲਈ ਪਾਏ ਗਏ ਯੋਗਦਾਨ ਨੂੰ ਚੇਤੇ ਕੀਤਾ ਜਾਂਦਾ ਹੈ। ਡਾ. ਐਚ. ਕੇ. ਪੁਰੀ 'ਗਦਰ ਮੂਵਮੈਂਟ' ਦੇ ਪੰਨਾ 193 ਉਪਰ ਲਿਖਦਾ ਹੈ ਕਿ Mewa Singh who murdered Hopkinson was punished to death....was lauded as a martyr for the national cause. ਇਹੀ ਲੇਖਕ ਇਕ ਹੋਰ ਥਾਂ ਤੇ ਲਿਖਦਾ ਹੈ ਕਿ The execution of Mewa Singh has been celebrated by his countrymen in Canada as a historic martyrdom. ਇਕ ਹੋਰ ਲਿਖਾਰੀ Hugh Johnston ਨੇ The **Voyage of the Komagata Maru** ਦੇ ਆਖ਼ਰੀ ਪੰਨੇ ਤੇ ਲਿਖਿਆ ਹ Mewa Singh's picture still hangs prominently in the Vancouver Sikh Temple.

ਭਾਈ ਮੇਵਾ ਸਿੰਘ ਪੂਰਨ ਗੁਰਸਿੱਖ ਅਤੇ ਦ੍ਰਿੜ ਇਰਾਦੇ ਵਾਲਾ ਨੌਜਵਾਨ ਸੀ। ਉਹ ਸੰਜੀਦਾ ਅਤੇ ਘੱਟ ਬੋਲਣ ਵਾਲਾ ਵਿਅਕਤੀ ਸੀ। ਇਕ ਵਾਰ ਯਕੀਨ ਹੋ ਜਾਣ ਮਗਰੋਂ ਕਿ ਜੋ ਕੰਮ ਉਹ ਕਰਨ ਜਾ ਰਿਹਾ ਹੈ, ਸਹੀ ਹੈ, ਤਾਂ ਫਿਰ ਉਸ ਨੂੰ ਰੋਕ ਸਕਣਾ ਸੰਭਵ ਨਹੀਂ ਸੀ। ਉਸ ਨੇ ਕਦੇ ਵੀ ਆਪਣੇ ਜੀਵਨ ਵਿਚ ਨਿੱਜੀ ਦੋਸਤੀਆਂ ਨੂੰ ਪਹਿਲ ਨਹੀਂ ਸੀ ਦਿੱਤੀ। ਉਹ ਉੱਚੇ ਸੁੱਚੇ ਆਦਰਸ਼ਾਂ ਦੀ ਖ਼ਾਤਰ ਜੀਵਿਆ ਤੇ ਉਨ੍ਹਾਂ ਆਦਰਸ਼ਾਂ ਦੀ ਖ਼ਾਤਰ ਸ਼ਹੀਦ ਹੋਇਆ ਸੀ। ਉਹ ਦੇਸ਼ ਦੀ ਆਜ਼ਾਦੀ ਦੀ ਮਸ਼ਾਲ ਜਗਾਣ ਵਾਲੇ ਪਹਿਲੇ ਸੁਤੰਤਰਤਾ ਸੈਨਾਨੀਆਂ ਵਿਚੋਂ ਸੀ ਜਿਨ੍ਹਾਂ ਦੇ ਲਹੂ ਨੇ ਆਉਣ ਵਾਲੇ ਸੰਗਰਾਮ ਨੂੰ ਸ਼ਕਤੀ ਅਤੇ ਬੱਲ ਪ੍ਰਦਾਨ ਕੀਤਾ ਤੇ ਸਾਡਾ ਦੇਸ਼ ਸੁੰਤੰਤਰ ਰਾਸ਼ਟਰਾਂ ਦੀ ਕਤਾਰ ਵਿਚ ਖਲੋਣ ਦਾ ਗੌਰਵ ਹਾਸਲ ਕਰ ਸਕਿਆ।

Digitized by Panjab Digital Library | www.panjabdigilib.org

ਲਾਹੌਰ ਜੇਲ੍ਹ ਵਿਚ ਫ਼ਾਂਸੀ ਲਗਣ ਵਾਲਾ ਪਹਿਲਾ ਗ਼ਦਰੀ ਵੀਰ

# ਪੰਡਿਤ ਕਾਂਸ਼ੀ ਰਾਮ

ਪੰਡਿਤ ਕਾਂਸ਼ੀ ਰਾਮ ਦਾ ਜਨਮ ਪਿੰਡ ਮੜੌਲੀ ਕਲਾਂ, ਥਾਣਾ ਮੁਰਿੰਡਾ, ਤਹਿਸੀਲ ਰੋਪੜ, ਜ਼ਿਲਾ ਅੰਬਾਲਾ ਵਿਚ 14 ਅਕਤੂਬਰ 1882 ਈਸਵੀ ਵਿਚ ਹੋਇਆ। ਇਨ੍ਹਾਂ ਦੇ ਪਿਤਾ ਪੰਡਿਤ ਗੰਗਾ ਰਾਮ, ਜੋਸ਼ੀ ਬ੍ਰਹਾਮਣ ਸਨ। ਮਗਰੋਂ ਆਪ ਆਰੀਆ ਸਮਾਜ ਦੇ ਪ੍ਰਭਾਵ ਥਲੇ ਆਕੇ ਆਰੀਆ ਸਮਾਜੀ ਵਿਚਾਰਧਾਰਾ ਦੇ ਧਾਰਣੀ ਹੋ ਗਏ।

ਪੰਡਿਤ ਕਾਂਸ਼ੀ ਰਾਮ ਨੇ ਮੁੱਢਲੀ ਵਿੱਦਿਆ ਪਿੰਡ ਦੇ ਸਕੂਲ ਤੋਂ ਹੀ ਪ੍ਰਾਪਤ ਕੀਤੀ। ਇਸ ਮਗਰੋਂ ਮੈਟ੍ਰਿਕ ਦਾ ਇਮਤਿਹਾਨ ਪਾਸ ਕਰਨ ਲਈ ਉਹ ਪਟਿਆਲਾ ਚਲਾ ਗਿਆ। ਕਾਂਸ਼ੀ ਰਾਮ ਅਜੇ ਸਕੂਲ ਵਿਚ ਹੀ ਸੀ ਕਿ ਬਚਪਨ ਵਿਚ ਉਸਦੀ ਸ਼ਾਦੀ ਕਰ ਦਿੱਤੀ ਗਈ।

ਦਸਵੀਂ ਦਾ ਇਮਤਿਹਾਨ ਪਾਸ ਕਰਨ ਮਗਰੋਂ ਉਸਨੇ ਇੰਟਰ ਪਾਸ ਕੀਤੀ ਅਤੇ ਟੈਲੀਗ੍ਰਾਫੀ ਦੀ ਸਿੱਖਿਆ ਲੈਕੇ ਅੰਬਾਲਾ ਦੇ ਜ਼ਿਲ੍ਹਾ ਦਫਤਰ ਵਿਚ 30 ਰੁਪਏ ਮਾਸਕ ਵੇਤਨ ਤੇ ਨੌਕਰ ਹੋ ਗਿਆ। ਉਸ ਜ਼ਮਾਨੇ ਵਿਚ ਇਹ ਇਕ ਚੰਗੀ ਖਾਸੀ ਰਕਮ ਸਮਝੀ ਜਾਂਦੀ ਸੀ, ਪਰ ਕਾਸ਼ੀ ਰਾਮ ਦਾ ਇਸ ਕੰਮ ਵਿਚ ਮਨ ਨਾ ਲੱਗਾ ਤੇ ਉਹ ਨੌਕਰੀ ਛੱਡਕੇ ਦਿੱਲੀ ਆ ਗਿਆ। ਦਿੱਲੀ ਵਿਚ ਕੁਝ ਸਮਾਂ ਬਿਤਾਉਣ ਮਗਰੋਂ ਉਹ ਹਾਂਗਕਾਂਗ ਤੇ ਫਿਰ ਚੀਨ ਆਦਿ ਦੇਸ਼ਾਂ ਚੋਂ ਹੁੰਦਾ ਹੋਇਅ 1903 ਵਿਚ ਅਮਰੀਕਾ ਚਲਾ ਗਿਆ। ਉਦੋਂ ਤਕ ਅਮਰੀਕਾ ਅਤੇ ਕੈਨੇਡਾ ਵਿਚ ਬਹੁਤ ਥੋੜ੍ਹੇ ਭਾਰਤੀ ਪਹੁੰਚੇ ਹੋਏ ਸਨ।

ਅਮਰੀਕਾ ਪਹੁੰਚਦਿਆਂ ਹੀ ਕਾਸ਼ੀ ਰਾਮ ਨੂੰ ਇਕ ਬਾਰੂਦ ਫੈਕਟਰੀ ਵਿਚ 200 ਰੁਪਏ ਮਹੀਨੇ ਦੀ ਨੌਕਰੀ ਮਿਲ ਗਈ। ਇਸ ਮਗਰੋਂ ਉਸਨੇ ਸੇਂਟ ਜਾਨ ਵਿਖੇ ਟਿੰਬਰ ਦੀਆਂ ਆਰਾ ਮਸ਼ੀਨਾਂ ਲਈ ਭਾਰਤੀ ਮਜ਼ਦੂਰ ਸਪਲਾਈ ਕਰਨ ਦੀ ਠੇਕੇਦਾਰੀ ਕਰ ਲਈ ਤੇ ਉਹ 20 ਭਾਰਤੀ ਮਜ਼ਦੂਰਾਂ ਦੀ ਟੋਲੀ ਲਈ ਮੇਟ ਦਾ ਕੰਮ ਕਰਨ ਲੱਗ ਪਿਆ। ਇਸ ਕੰਮ ਵਿਚ ਉਸਨੇ ਚੋਖਾ ਪੈਸਾ ਕਮਾਇਆ ਤੇ ਜਲਦੀ ਹੀ ਉਹ ਉਸ ਇਲਾਕੇ ਦੇ ਭਾਰਤੀਆਂ ਵਿਚ ਇਕ ਜਾਣੀ ਪਹਿਚਾਣੀ ਹਸਤੀ ਬਣ ਗਿਆ। ਕੁਝ ਹੋਰ ਉੱਘੇ ਭਾਰਤੀ ਜੋ ਉਨ੍ਹਾਂ ਦਿਨਾਂ ਵਿਚ ਔਰੇਗਾਨ ਅਤੇ ਵਾਸ਼ਿੰਗਟਨ ਰਾਜ ਵਿਚ ਟਿੰਬਰ ਫੈਕਟਰੀਆਂ ਵਿਚ ਕੰਮ ਕਰ ਰਹੇ ਸਨ, ਉਹ ਸਨ -ਸ੍ਰ: ਸੋਹਨ ਸਿੰਘ ਭਕਨਾ, ਭਾਈ ਹਰਨਾਮ ਸਿੰਘ ਟੁੰਡੀਲਾਟ, ਭਾਈ ਊਧਮ ਸਿੰਘ, ਸ੍ਰੀ ਰਾਮ ਰੱਖਾ ਅਤੇ ਭਾਈ ਈਸ਼ਰ ਸਿੰਘ।

ਉਥੋਂ ਦੇ ਖੁੱਲ੍ਹੇ ਡੁੱਲ੍ਹੇ ਅਤੇ ਆਜ਼ਾਦ ਵਾਤਾਵਰਣ ਵਿਚ ਰਹਿ ਕੇ ਪੰਡਿਤ ਕਾਂਸ਼ੀ ਰਾਮ, ਸ੍ਰ: ਸੋਹਨ ਸਿੰਘ ਭਕਨਾ ਅਤੇ ਹੋਰ ਭਾਰਤੀ ਪਰਵਾਸੀਆਂ ਨੇ ਆਪਣੇ ਦੇਸ਼ ਦੀ ਗਰੀਬੀ, ਅੰਗਰੇਜ਼ਾਂ ਦੁਆਰਾ ਕੀਤੀ ਜਾ ਰਹੀ ਆਰਥਿਕ ਲੁੱਟ ਖਸੁੱਟ ਅਤੇ ਰਾਜਨੀਤਿਕ ਗੁਲਾਮੀ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ। ਛੁੱਟੀ ਵਾਲੇ ਦਿਨ ਉਹ ਕਿਸੇ ਥਾਂ ਤੇ ਇਕੱਠੇ ਹੁੰਦੇ ਅਤੇ ਵਿਦੇਸ਼ਾਂ ਵਿਚ ਪਰਵਾਸੀ ਭਾਰਤੀਆਂ ਨਾਲ ਹੁੰਦੇ ਮਾੜੇ ਸਲੂਕ ਦੀ ਚਰਚਾ ਕਰਦੇ, ਜਿਸ ਦਾ ਮੂਲ ਕਾਰਨ ਉਨ੍ਹਾਂ ਦਾ ਗੁਲਾਮ ਦੇਸ਼ ਦਾ ਨਾਗਰਿਕ ਹੋਣਾ ਸੀ। ਡਾ:ਹਰੀਸ਼ ਪੁਰੀ 'ਗ਼ਦਰ ਮੂਵਮੈਂਟ' ਵਿਚ ਲਿਖਦੇ ਹਨ ਕਿ ਬੇਸ਼ਕ ਕੈਲੀਫ਼ੋਰਨੀਆ, ਔਰੇਗਾਨ ਅਤੇ ਵਾਸ਼ਿੰਗਟਨ (ਅਮਰੀਕਾ) ਵਿਚ ਕੰਮ ਦੀ ਤਲਾਸ਼

Digitized by Panjab Digital Library | www.panjabdigilib.org

ਲਈ ਆਏ ਹੋਏ ਪੰਜਾਬੀ ਕਿਸਾਨਾਂ ਅਤੇ ਮਜ਼ਦੂਰਾਂ ਦੀ ਚੋਖੀ ਗਿਣਤੀ ਸੀ ਪਰ ਅਜੇ ਤਕ ਉਹ ਕਿਸੇ ਸੰਗਠਨ ਵਿਚ ਬਝੇ ਹੋਏ ਨਹੀਂ ਸਨ।

1911 ਵਿਚ ਜੀ. ਡੀ. ਕੁਮਾਰ (ਗੁਰਾਂ ਦਿੱਤਾ ਕੁਮਾਰ) ਕੈਨੇਡਾ ਤੋਂ ਸੀਆਟਲ (ਵਾਸ਼ਿੰਗਟਨ) ਆਇਆ ਤੇ ਉਸਨੇ ਪੰਡਿਤ ਕਾਂਸ਼ੀ ਰਾਮ, ਸ੍ਰ: ਸੋਹਨ ਸਿੰਘ ਭਕਨਾ ਤੇ ਹੋਰ ਭਾਰਤੀਆਂ ਨਾਲ ਇਕ ਜਥੇਬੰਦੀ ਸਥਾਪਿਤ ਕਰਨ ਬਾਰੇ ਵਿਚਾਰ ਕੀਤੀ। ਇਸਦੇ ਫਲਸਰੂਪ 1912 ਈਸਵੀ ਦੇ ਸ਼ੁਰੂ ਵਿਚ ਪੋਰਟਲੈਂਡ (ਔਰੇਗਾਨ) ਵਿਖੇ ਇਕ ਮੀਟਿੰਗ ਸੱਦੀ ਗਈ ਜਿਸ ਵਿਚ ਪੈਸਿਫ਼ਿਕ ਕੋਸਟ ਦੀਆਂ ਤਿੰਨ ਸਟੇਟਾਂ ਵਿਚੋਂ ਬਹੁਤ ਸਾਰੇ ਭਾਰਤੀ ਸ਼ਾਮਲ ਹੋਏ। ਇਸ ਮੀਟਿੰਗ ਵਿਚ 'ਹਿੰਦੁਸਤਾਨ ਐਸੋਸੀਏਸ਼ਨ ਆਫ਼ ਦੀ ਪੈਸਿਫ਼ਿਕ ਕੋਸਟ' ਸਥਾਪਿਤ ਕਰਨ ਦਾ ਫ਼ੈਸਲਾ ਕੀਤਾ ਗਿਆ। ਇਸ ਦੇ ਦਫ਼ਤਰ ਲਈ ਪੋਰਟਲੈਂਡ ਵਿਖੇ ਇਕ ਕਿਰਾਏ ਦਾ ਮਕਾਨ ਲਿਆ ਗਿਆ। ਇਸੇ ਮੀਟਿੰਗ ਵਿਚ ਹੋਏ ਇਕ ਹੋਰ ਫੈਸਲੇ ਅਨੁਸਾਰ ਸ੍ਰ: ਸੋਹਨ ਸਿੰਘ ਭਕਨਾ ਨੂੰ ਪ੍ਰਧਾਨ, ਜੀ.ਡੀ. ਕੁਮਾਰ ਨੂੰ ਸੈਕਟਰੀ ਅਤੇ ਕਾਂਸ਼ੀ ਰਾਮ ਨੂੰ ਖ਼ਜ਼ਾਨਚੀ ਨਿਯੁਕਤ ਕੀਤਾ ਗਿਆ। ਬੜੀ ਜਲਦੀ ਇਸ ਜਥੇਬੰਦੀ ਦੇ ਮੈਂਬਰਾਂ ਦੀ ਗਿਣਤੀ 500 ਤਕ ਪਹੁੰਚ ਗਈ। ਇਸ ਐਸੋਸੀਏਸ਼ਨ ਦਾ ਮੁੱਖ ਨਿਸ਼ਾਨਾ ਭਾਰਤੀ ਪਰਵਾਸੀ ਮਜ਼ਦੂਰਾਂ ਨਾਲ ਹੋ ਰਹੀਆਂ ਵਧੀਕੀਆਂ ਅਤੇ ਉਨ੍ਹਾਂ ਦੇ ਹੱਕਾਂ ਲਈ ਜੂਝਣਾ ਸੀ।

ਹੌਲੀ ਹੌਲੀ ਆ ਰਹੀ ਰਾਜਸੀ ਜਾਗ੍ਰਿਤੀ ਕਾਰਨ ਹੁਣ ਕਿਸੇ ਅਜੇਹੀ ਜਥੇਬੰਦੀ ਦੀ ਲੋੜ ਮਹਿਸੂਸ ਹੋ ਰਹੀ ਸੀ ਜੋ ਆਪਣੇ ਆਪ ਨੂੰ ਸੰਗਠਿਤ ਕਰਕੇ ਦੇਸ਼ ਦੀ ਸੁਤੰਤਰਤਾ ਲਈ ਕਾਰਜਸ਼ੀਲ ਹੋ ਸਕੇ। ਲਾਲਾ ਠਾਕਰਦਾਸ (ਧੂਰੀ) ਦੀ ਸਲਾਹ ਤੇ ਕਾਂਸ਼ੀ ਰਾਮ ਅਤੇ ਸੋਹਨ ਸਿੰਘ ਭਕਨਾ ਨੇ ਲਾਲਾ ਹਰਦਿਆਲ ਨੂੰ ਪੋਰਟਲੈਂਡ ਆਉਣ ਦਾ ਸੱਦਾ ਦਿੱਤਾ। ਉਹ ਉਨ੍ਹਾਂ ਦਿਨਾਂ ਵਿਚ ਕੈਲੀਫੋਰਨੀਆ ਦੀ ਬਰਕਲੇ ਯੂਨੀਵਰਸਿਟੀ ਵਿਚ ਅਧਿਆਪਨ ਦਾ ਕੰਮ ਕਰ ਰਿਹਾ ਸੀ। ਲਾਲਾ ਹਰਦਿਆਲ 25 ਮਾਰਚ 1913 ਨੂੰ ਕੈਲੀਫ਼ੋਰਨੀਆ ਤੋਂ ਸੇਂਟ ਜਾਨ (ਔਰੇਗਾਨ) ਪਹੁੰਚਿਆ। ਉਸ ਨਾਲ ਲਾਹੌਰ ਦਾ ਭਾਈ ਪਰਮਾਨੰਦ ਵੀ ਆਇਆ ਸੀ। ਉਸੇ ਦਿਨ, ਰਾਤ ਨੂੰ ਪੰਡਿਤ ਕਾਂਸ਼ੀ ਰਾਮ ਦੇ ਘਰ ਭਾਰਤੀ ਕਾਮੇ ਅਤੇ ਕਿਸਾਨਾਂ ਦੀ ਇਕ ਮੀਟਿੰਗ ਸਦੀ ਗਈ। ਕਾਂਸ਼ੀ ਰਾਮ ਨੇ ਨਾਲ ਦੀਆਂ ਮਿਲਾਂ ਵਿਚ ਕੰਮ ਕਰ ਰਹੇ ਭਾਰਤੀ ਮਜ਼ਦੂਰਾਂ ਨੂੰ ਟੈਲੀਫ਼ੋਨ ਕਰਕੇ ਮੀਟਿੰਗ ਵਿਚ ਆਉਣ ਦਾ ਸੱਦਾ ਦਿੱਤਾ ਸੀ ਜਿੱਥੇ ਲਾਲਾ ਹਰਦਿਆਲ ਅਤੇ ਹੋਰ ਨੇਤਾਵਾਂ ਨੇ ਆਪਣੇ ਵਿਚਾਰ ਰਖਣੇ ਸਨ। ਇਸ ਮੀਟਿੰਗ ਵਿਚ ਅਨੇਕ ਮਸਲਿਆਂ ਤੇ ਵਿਚਾਰ ਹੁੰਦੀ ਰਹੀ। ਆਖ਼ਿਰ ਇਹ ਫ਼ੈਸਲਾ ਕੀਤਾ ਗਿਆ ਕਿ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਨੂੰ ਤੇਜ਼ ਕਰਨ ਲਈ 'ਗ਼ਦਰ' ਨਾਮ ਦੀ ਪਾਰਟੀ ਸਥਾਪਿਤ ਕੀਤੀ ਜਾਵੇ ਅਤੇ ਨਾਲ ਹੀ ਉਰਦੂ ਅਤੇ ਪੰਜਾਬੀ ਵਿਚ 'ਗ਼ਦਰ' ਨਾਮ ਦਾ ਪਰਚਾ ਸ਼ੁਰੂ ਕੀਤਾ ਜਾਵੇ ਜਿਸ ਦੇ ਮਾਧਿਅਮ ਰਾਹੀਂ ਭਾਰਤੀਆਂ ਨੂੰ ਪਾਰਟੀ ਦੀਆਂ ਗਤੀਵਿਧੀਆਂ ਅਤੇ ਭਵਿੱਖ ਦੇ ਪ੍ਰੋਗ੍ਰਾਮਾਂ ਦੀ ਜਾਣਕਾਰੀ ਮਿਲਦੀ ਰਹੇ। ਲਾਲਾ ਹਰਦਿਆਲ, ਕਾਂਸ਼ੀ ਰਾਮ ਅਤੇ ਸੋਹਨ ਸਿੰਘ ਭਕਨਾ ਦਾ ਇਹ ਵਿਚਾਰ ਸੀ ਕਿ ਹੁਣ ਸਾਨੂੰ ਦੇਸ਼ ਦੀ ਆਜ਼ਾਦੀ ਲਈ ਕਮਰਕੱਸੇ ਕਰਕੇ ਇਨਕਲਾਬੀ ਲੀਹਾਂ ਉਪਰ ਕੰਮ ਕਰਨਾ ਚਾਹੀਦਾ ਹੈ। ਸਾਡੇ ਦੇਸ਼ ਦੀ ਗ਼ੁਰੀਬੀ ਅਤੇ ਗੁਲਾਮੀ ਦਾ ਕਾਰਨ ਅੰਗਰੇਜ਼ ਹੀ ਹਨ ਅਤੇ ਉਨ੍ਹਾਂ ਵਿਰੁੱਧ ਹਥਿਆਰ ਚੁਕਣੇ ਗ਼ਦਾਰੀ ਨਹੀਂ ਸਗੋਂ ਪੁੰਨ ਦਾ ਕੰਮ ਹੈ। ਅਸੀਂ ਵਿਦੇਸ਼ੀ ਹਕੂਮਤ ਦੇ ਜ਼ਰ-ਖਰੀਦ (ਆਗਿਆਕਾਰੀ) ਨਹੀਂ ਸਗੋਂ ਉਸ ਉਨ੍ਹਾਂ ਦੇ ਰਾਜ ਦੇ ਦੁਸ਼ਮਨ ਹਾਂ। ਸਾਡੀ ਦੁਸ਼ਮਨੀ ਉਤਨੀ ਦੇਰ ਤਕ ਕਾਇਮ ਰਹੇਗੀ ਜਦੋਂ

Digitized by Panjab Digital Library | www.panjabdigilib.org

ਤਕ ਕਿ ਉਹ ਸਾਡੇ ਦੇਸ਼ ਨੂੰ ਆਜ਼ਾਦ ਕਰਕੇ ਚਲੇ ਨਹੀਂ ਜਾਂਦੇ।

ਗ਼ਦਰ ਪਾਰਟੀ ਦੀ ਸਥਾਪਤੀ ਅਤੇ ਮੁਢੱਲੇ ਖਰਚਿਆਂ ਲਈ ਕਾਂਸ਼ੀ ਰਾਮ ਨੇ 2000 ਡਾਲਰ ਦਿੱਤੇ ਜੋ ਕਿ ਇਕ ਵੱਡੀ ਰਕਮ ਸੀ। ਇਸ ਪਾਰਟੀ ਨੂੰ ਪੱਕੇ ਪੈਰਾਂ ਤੇ ਖੜ੍ਹਾ ਕਰਨ ਵਿਚ ਉਸਦਾ ਬਹੁਤ ਵੱਡਾ ਹੱਥ ਸੀ। ਗ਼ਦਰ ਲਹਿਰ ਦੇ ਸ਼ੁਰੂ ਹੋਣ ਤੋਂ ਵੀ ਪਹਿਲਾਂ ਉਸਨੇ ਅਤੇ ਸ੍ਰ: ਸੋਹਨ ਸਿੰਘ ਭਕਨਾ ਨੇ ਦੇਸ਼ ਦੀ ਆਜ਼ਾਦੀ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਕਾਂਸ਼ੀ ਰਾਮ ਗ਼ਦਰ ਪਾਰਟੀ ਤੋਂ ਪਹਿਲਾਂ ਸਥਾਪਿਤ ਹੋਈਆਂ 'ਦੀ ਇੰਡੀਅਨ ਐਸੋਸੀਏਸ਼ਨ' ਅਤੇ 'ਇੰਡੀਅਨ ਇੰਡੀਪੈਂਡੈਂਸ ਲੀਗ' ਦਾ ਸਰਗਰਮ ਮੈਂਬਰ ਰਿਹਾ ਸੀ। ਉਸਨੇ ਇਨ੍ਹਾਂ ਪਾਰਟੀਆਂ ਲਈ ਵੀ ਕਾਫ਼ੀ ਚੰਦਾ ਦਿੱਤਾ ਸੀ। ਡਾ. ਪੁਰੀ ਦੇ ਸ਼ਬਦਾਂ ਵਿਚ ਉਸ ਸਮੇਂ 'Kanshi Ram a rich and generous contractor in Portland was the real leader and Sohan Singh Granthi was another leading figure.' ਇਸੇ ਕਰਕੇ ਜਦੋਂ ਨਵ- ਗਠਿਤ ਗ਼ਦਰ ਪਾਰਟੀ ਦੀ ਐਂਟ੍ਰਿੰਗ ਕਮੇਟੀ ਦੀ ਚੋਣ ਕੀਤੀ ਗਈ ਤਾਂ ਉਸਨੂੰ ਇਸ ਜਥੇਬੰਦੀ ਦਾ ਖ਼ਜ਼ਾਨਚੀ ਨਿਯੁਕਤ ਕੀਤਾ ਗਿਆ ਜਦ ਕਿ ਸ੍ਰ: ਸੋਹਨ ਸਿੰਘ ਭਕਨਾ ਨੂੰ ਇਸ ਦਾ ਪ੍ਰਧਾਨ ਅਤੇ ਲਾਲਾ ਹਰਦਿਆਲ ਨੂੰ ਜਨਰਲ ਸਕੱਤਰ ਬਣਾਇਆ ਗਿਆ। ਪਹਿਲਾਂ ਐਂਟ੍ਰਿੰਗ ਕਮੇਟੀ ਦੇ ਮੈਂਬਰਾਂ ਦੀ ਸੰਖਿਆ 15 ਰੱਖੀ ਗਈ ਜੋ ਕਿ ਮਗਰੋਂ ਵਧਾ ਕੇ 24 ਕਰ ਦਿੱਤੀ ਗਈ। ਸ੍ਰ: ਜਵਾਲਾ ਸਿੰਘ ਠਠੀਆ ਨੂੰ ਗ਼ਦਰ ਪਾਰਟੀ ਦਾ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ। ਜਲਦੀ ਹੀ ਕਾਂਸ਼ੀ ਰਾਮ ਦਾ ਘਰ ਅਤੇ ਸ੍ਰ: ਜਵਾਲਾ ਸਿੰਘ ਦਾ ਫ਼ਾਰਮ ਹਾਊਸ ਗ਼ਦਰ ਪਾਰਟੀ ਦੀਆਂ ਮੀਟਿੰਗਾਂ ਦੇ ਪ੍ਰਮੁੱਖ ਕੇਂਦਰ ਬਣ ਗਏ। ਡਾ. ਪੁਰੀ ਲਿਖਦਾ ਹੈ ਕਿ ਲਾਲਾ ਹਰਦਿਆਲ ਨੂੰ ਛੱਡ ਕੇ ਬਾਕੀ ਸਾਰੇ ਮੈਂਬਰ ਪੰਜਾਬੀ ਸਨ ਜਿਨ੍ਹਾਂ ਵਿਚੋਂ ਵੱਡੀ ਗਿਣਤੀ ਸਿੱਖ ਕਿਸਾਨਾਂ ਅਤੇ ਮਜ਼ਦੂਰਾਂ ਦੀ ਸੀ। ਇਨ੍ਹਾਂ ਵਿਚੋਂ ਕਈ ਪਹਿਲਾਂ ਫੌਜ ਵਿਚ ਨੌਕਰੀ ਕਰ ਚੁੱਕੇ ਸਨ।

31 ਦਸੰਬਰ 1913 ਨੂੰ ਸੈਕਰਾਮੈਂਟੋ ਵਿਖੇ ਹੋਈ ਇਕ ਮੀਟਿੰਗ ਵਿਚ ਪਾਰਟੀ ਦੀ ਇਕ ਤਿੰਨ ਮੈਂਬਰੀ 'ਸੀਕਰਿਟ ਕਮੇਟੀ' ਦਾ ਗਠਨ ਕੀਤਾ ਗਿਆ ਜਿਸ ਦੇ ਮੁੱਖ ਮੈਂਬਰ ਉਹੀ ਸਨ ਜਿਨ੍ਹਾਂ ਦੀ ਚੋਣ ਮਾਰਚ 1913 ਵਿਚ ਸੇਂਟ ਜਾਨ ਵਿਖੇ ਹੋਈ ਮੀਟਿੰਗ ਵਿਚ ਕੀਤੀ ਗਈ ਸੀ। ਇਸ ਕਮੇਟੀ ਨੂੰ 'ਸੀਕਰਿਟ ਕਮਿਸ਼ਨ' ਦਾ ਨਾਮ ਦਿੱਤਾ ਗਿਆ ਜਿਸ ਦੇ ਜ਼ਿੰਮੇ ਗ਼ਦਰ ਪਾਰਟੀ ਦੇ ਕੰਮਾਂ ਨੂੰ ਚਲਾਉਣਾ, ਪਾਰਟੀ ਲਈ ਫੰਡ ਇਕੱਠੇ ਕਰਨੇ, ਅਮਰੀਕਾ, ਕੈਨੇਡਾ ਅਤੇ ਸਾਊਥ ਈਸਟ ਏਸ਼ੀਆ ਦੇ ਦੇਸ਼ਾਂ ਵਿਚ ਨਵੀਆਂ ਬ੍ਰਾਂਚਾ ਖੋਲ੍ਹਣੀਆਂ ਤੇ ਦੇਸ਼ ਦੀ ਆਜ਼ਾਦੀ ਲਈ ਪਾਰਟੀ-ਪ੍ਰੋਗਰਾਮਾਂ ਨੂੰ ਉਲੀਕਣਾ ਅਤੇ ਉਨ੍ਹਾਂ ਦਾ ਸੰਚਾਲਨ ਕਰਨਾ ਸੀ। ਇਕ ਨਵੰਬਰ 1913 ਨੂੰ ਜਦੋਂ ਗ਼ਦਰ ਪਾਰਟੀ ਵਲੋਂ 'ਗ਼ਦਰ' ਪਰਚੇ ਦਾ ਪ੍ਰਕਾਸ਼ਨ ਸ਼ੁਰੂ ਹੋਇਆ ਤਾਂ ਸ੍ਰ: ਕਰਤਾਰ ਸਿੰਘ ਸਰਾਭਾ ਅਤੇ ਸ੍ਰ: ਹਰਨਾਮ ਸਿੰਘ ਟੁੰਡੀਲਾਟ ਦੇ ਨਾਲ ਕਾਂਸ਼ੀ ਰਾਮ ਨੂੰ ਵੀ ਇਸ ਪਰਚੇ ਦੀ ਮੈਂਬਰਸ਼ਿਪ ਵਧਾਉਣ ਅਤੇ ਇਸਦੇ ਵਿਤਰਨ ਦੀ ਡਿਊਟੀ ਲਗਾਈ ਗਈ। ਗ਼ਦਰ ਪਾਰਟੀ ਦਾ ਹੈੱਡ ਆਫ਼ਿਸ ਸਾਨਫ੍ਰਾਂਸਿਸਕੋ ਵਿਖੇ ਸਥਾਪਿਤ ਕੀਤਾ ਗਿਆ ਜਿਸਦਾ ਨਾਮ 'ਯੁਗਾਂਤਰ ਆਸ਼ਰਮ' ਰਖਿਆ ਗਿਆ। ਹੁਣ ਇਹ ਥਾਂ ਗ਼ਦਰ ਪਾਰਟੀ ਦੀਆਂ ਗਤੀਵਿਧੀਆਂ ਦਾ ਕੇਂਦਰ ਬਣ ਗਈ।

ਗ਼ਦਰ ਪਾਰਟੀ ਦੇ ਮੁੱਖ ਉਦੇਸ਼ਾਂ ਵਿਚ ਅੰਗਰੇਜ਼ੀ ਹਕੂਮਤ ਵਿਰੁੱਧ ਬਗ਼ਾਵਤ ਦਾ ਪ੍ਰਚਾਰ ਕਰਨਾ, ਪਾਰਟੀ ਲਈ ਹਥਿਆਰ ਇਕੱਠੇ ਕਰਨੇ ਅਤੇ ਪਾਰਟੀ ਦੇ ਮੈਂਬਰਾਂ ਨੂੰ ਹਥਿਆਰ ਚਲਾਉਣ

Digitized by Panjab Digital Library | www.panjabdigilib.org

ਕਰਨਾ, ਪਾਰਟੀ ਲਈ ਹਥਿਆਰ ਇਕੱਠੇ ਕਰਨੇ ਅਤੇ ਪਾਰਟੀ ਦੇ ਮੈਂਬਰਾਂ ਨੂੰ ਹਥਿਆਰ ਚਲਾਉਣ ਦੀ ਸਿੱਖਿਆ ਦੇਣੀ ਆਦਿ ਸ਼ਾਮਲ ਸਨ ਤਾਂ ਜੋ ਯੋਗ ਸਮਾਂ ਆਉਣ ਤੇ ਇਨ੍ਹਾਂ ਦੀ ਵਰਤੋਂ ਕੀਤੀ ਜਾ ਸਕੇ। ਗ਼ਦਰ ਦੇ 13 ਜਨਵਰੀ 1914 ਦੇ ਅੰਕ ਵਿਚ ਗ਼ਦਰੀਆਂ ਨੂੰ ਅਫਗਾਨਿਸਤਾਨ ਜਾਣ, ਰਾਈਫਲਾਂ ਬਣਾਉਣ ਦੀ ਤਕਨੀਕ ਸਿਖਣ ਅਤੇ ਇਨ੍ਹਾਂ ਨੂੰ ਪੰਜਾਬ ਵਿਚ ਲੈ ਜਾਣ ਦੀ ਹਦਾਇਤ ਕੀਤੀ ਗਈ ਸੀ। ਕਾਂਸ਼ੀ ਰਾਮ ਨੇ ਵੀ ਆਉਣ ਵਾਲੇ 'ਗ਼ਦਰ' ਲਈ ਆਪਣੇ ਆਪ ਨੂੰ ਤਿਆਰ ਕਰਨਾ ਸ਼ੁਰੂ ਕਰ ਦਿੱਤਾ ਸੀ। ਉਸਨੇ ਰਾਈਫਲ ਅਤੇ ਪਸਤੌਲ ਚਲਾਉਣ ਵਿਚ ਬੜੀ ਮਹਾਰਤ ਹਾਸਲ ਕਰ ਲਈ ਸੀ ਅਤੇ ਸਮੇਂ ਸਮੇਂ ਆਪਣੀ ਬਚਤ ਵਿਚੋਂ ਪਾਰਟੀ ਅਤੇ ਪਰਚੇ ਲਈ ਦਿਲ ਖੋਲ੍ਹਕੇ ਪੈਸਾ ਦਿੰਦਾ ਰਹਿੰਦਾ ਸੀ। ਕਈ ਵਾਰ ਪਾਰਟੀ ਦੀਆਂ ਗੁਪਤ ਮੀਟਿੰਗਾਂ ਉਸ ਦੇ ਹੀ ਘਰ ਹੁੰਦੀਆਂ ਸਨ।

28 ਜੁਲਾਈ 1914 ਨੂੰ ਵਿਸ਼ਵ ਦਾ ਪਹਿਲਾ ਮਹਾਂ ਯੁੱਧ ਸ਼ੁਰੂ ਹੋ ਗਿਆ। ਗ਼ਦਰੀ ਨੌਜਵਾਨ ਇਸ ਅਵਸਰ ਦੀ ਚਿਰਾਂ ਤੋਂ ਉਡੀਕ ਕਰ ਰਹੇ ਸਨ। ਉਨ੍ਹਾਂ ਦਾ ਵਿਚਾਰ ਸੀ ਕਿ ਜਦੋਂ ਇੰਗਲੈਂਡ, ਯੂਰਪ ਅਤੇ ਹੋਰ ਥਾਵਾਂ ਤੇ ਜਰਮਨੀ ਵਿਰੁੱਧ ਉਲਝਿਆ ਹੋਵੇਗਾ ਤਾਂ ਉਹ ਹਿੰਦੁਸਤਾਨ ਪਹੁੰਚ ਕੇ ਅੰਗਰੇਜ਼ਾਂ ਦੇ ਖਿਲਾਫ ਸ਼ਸਤਰ-ਬੱਧ ਬਗ਼ਾਵਤ ਖੜੀ ਕਰ ਦੇਣਗੇ। ਇਸਤਰ੍ਹਾਂ ਇੰਗਲੈਂਡ ਲਈ ਯੂਰਪ ਅਤੇ ਭਾਰਤ ਵਿਚ ਦੋ ਦੋ ਫਰੰਟ ਤੇ ਲੜਨਾ ਮੁਸ਼ਕਲ ਹੋ ਜਾਵੇਗਾ ਤੇ ਉਨ੍ਹਾਂ ਤੋਂ ਆਜ਼ਾਦੀ ਹਾਸਲ ਕਰਨ ਲਈ ਰਾਹ ਸਾਫ਼ ਹੋ ਜਾਵੇਗਾ। ਪਹਿਲਾ ਮਹਾਂਯੁੱਧ ਸ਼ੁਰੂ ਹੁੰਦਿਆਂ ਹੀ ਗ਼ਦਰ ਪਾਰਟੀ ਨੇ ਵੀ ਆਪਣੇ 5 ਅਗਸਤ 1914 ਦੇ ਪਰਚੇ ਵਿਚ ਅੰਗਰੇਜ਼ੀ ਰਾਜ ਵਿਰੁੱਧ 'ਐਲਾਨੇ ਜੰਗ' ਦੀ ਘੋਸ਼ਣਾ ਕਰ ਦਿੱਤੀ। ਇਸ ਫੈਸਲੇ ਨੂੰ ਬਹੁਤੇ ਭਾਰਤੀਆਂ ਤਕ ਪਹੁੰਚਾਣ ਲਈ 9 ਅਗਸਤ ਨੂੰ ਸੈਕਰਾਮੈਂਟੋ ਵਿਖੇ ਮੀਟਿੰਗਾਂ ਸਦੀਆਂ ਗਈਆਂ ਅਤੇ ਗ਼ਦਰ ਲਹਿਰ ਦੇ ਮੈਂਬਰਾਂ ਨੂੰ ਭਾਰਤ ਪਹੁੰਚਣ ਲਈ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ।

ਦੇਸ਼-ਭਗਤੀ ਅਤੇ ਦੇਸ਼-ਪਿਆਰ ਦੇ ਜਜ਼ਬੇ ਨਾਲ ਭਰਪੂਰ ਗ਼ਦਰੀ ਨੌਜਵਾਨ ਆਪਣੀ ਰੋਜ਼ੀ ਰੋਟੀ, ਕੰਮ ਰੁਜ਼ਗਾਰ ਤੇ ਪੱਛਮੀ ਦੇਸ਼ਾਂ ਦੇ ਸੁੱਖ-ਆਰਾਮ ਨੂੰ ਤਿਆਗ ਕੇ ਦੇਸ਼ ਪਰਤਣੇ ਸ਼ੁਰੂ ਹੋ ਗਏ। ਸ਼ੁਰੂ ਸ਼ੁਰੂ ਵਿਚ ਸੁਦੇਸ਼ ਪਹੁੰਚਣ ਵਾਲੇ ਨੌਜਵਾਨਾਂ ਵਿਚ ਕਾਂਸ਼ੀ ਰਾਮ ਵੀ ਸੀ। ਉਹ 12 ਨਵੰਬਰ 1914 ਨੂੰ 'ਲਾਮਾ' ਜਹਾਜ਼ ਰਾਹੀਂ ਕਲਕੱਤਾ ਦੀ ਬੰਦਰਗਾਹ ਤੇ ਪਹੁੰਚਿਆ ਸੀ। ਉਸਨੇ ਅਮ੍ਰੀਕਾ ਤੋਂ ਚੱਲਣ ਲਗਿਆਂ ਹਥਿਆਰਾਂ ਦੀਆਂ ਕੁਝ ਪੇਟੀਆਂ ਕਿਸੇ ਜਾਪਾਨੀ ਵਿਉਪਾਰੀ ਰਾਹੀਂ ਭਾਰਤ ਲਈ ਬੁਕ ਕਰਵਾਈਆਂ ਸਨ, ਜੋ ਵਕਤ ਸਿਰ ਪੰਜਾਬ ਨਾ ਪਹੁੰਚ ਸਕੀਆਂ। ਇਨ੍ਹਾਂ ਪੇਟੀਆਂ ਉਪਰ 'ਘਰ ਦੀ ਵਰਤੋਂ ਦਾ ਸਾਮਾਨ' ਅਤੇ 'ਪੁਰਾਣੇ ਕਪੜੇ' ਆਦਿ ਲੇਬਲ ਲਗੇ ਹੋਏ ਸਨ। ਘਰ ਦੇ ਨਾਮ ਪਤੇ ਵਾਲੀ ਥਾਂ ਕ.ਰ.ਮ. ਅਤੇ ਕ. ਰਾਮ ਲਿਖਿਆ ਹੋਇਆ ਸੀ। ਇਨ੍ਹਾਂ ਵਿਚੋਂ ਜੋ ਦੋ ਪੇਟੀਆਂ 'ਕਵਾਚਾ ਮਾਰੂ' ਜਹਾਜ਼ ਉਪਰੋਂ ਫੜੀਆ ਗਈਆਂ ਉਨ੍ਹਾਂ ਵਿਚ 2 ਰਾਈਫਲਾਂ, ਇਕ ਮੌਜ਼ਰ ਪਿਸਤੌਲ, ਰਾਈਫ਼ਲ ਦੀਆਂ 1500 ਗੋਲੀਆਂ ਅਤੇ ਪਸਤੌਲਾਂ ਦੇ 300 ਕਾਰਤੂਸ ਸਨ ਜਿਨ੍ਹਾਂ ਨੂੰ ਪੇਟੀਆਂ ਦੇ ਥੱਲੇ ਦੂਹਰੇ ਤੱਲੇ ਲਗਾ ਕੇ ਉਨ੍ਹਾਂ ਵਿਚ ਲੁਕਾਇਆ ਗਿਆ ਸੀ।

ਅਮ੍ਰੀਕਾ ਤੋਂ ਭਾਰਤ ਪਰਤਣ ਵਾਲੇ ਨੌਜਵਾਨਾਂ ਦੀ ਗਿਣਤੀ ਦੇ ਸਹੀ ਆਂਕੜੇ ਤਾਂ ਨਹੀਂ

Digitized by Panjab Digital Library | www.panjabdigilib.org

ਮਿਲਦੇ ਪਰ ਅਨੁਮਾਨ ਹੈ ਕਿ 1914 ਅਤੇ 1915 ਵਿਚਕਾਰ ਇਨ੍ਹਾਂ ਦੀ ਸੰਖਿਆ 6000 ਤੋਂ 8000 ਦੇ ਵਿਚਕਾਰ ਪਹੁੰਚ ਗਈ ਸੀ। ਕਾਂਸ਼ੀ ਰਾਮ ਤੋਂ ਇਲਾਵਾ ਹੋਰ ਪ੍ਰਮੁੱਖ ਗ਼ਦਰੀ ਜੋ ਸ਼ੁਰੂ-ਸ਼ੁਰੂ ਵਿਚ ਭਾਰਤ ਪਹੁੰਚੇ ਉਨ੍ਹਾਂ ਵਿਚ ਸ੍ਰ: ਕਰਤਾਰ ਸਿੰਘ ਸਰਾਭਾ, ਵੀ.ਜੀ. ਪਿੰਗਲੇ, ਪੰਡਿਤ ਜਗਤ ਰਾਮ, ਪ੍ਰਿਥਵੀ ਸਿੰਘ ਅਤੇ ਜਗਤ ਸਿਘ ਸ਼ਾਮਲ ਸਨ। ਭਾਰਤ ਪਹੁੰਚਦਿਆਂ ਹੀ ਇਨ੍ਹਾਂ ਨੌਜਵਾਨਾਂ ਨੇ ਆਪਣੇ ਆਪਣੇ ਕਾਰਜ-ਖੇਤਰਾਂ ਵਿਚ ਕੰਮ ਕਰਨਾ ਸ਼ੁਰੂ ਕਰ ਦਿੱਤਾ। ਕਾਂਸ਼ੀ ਰਾਮ, ਸ੍ਰ: ਕਰਤਾਰ ਸਿੰਘ ਸਰਾਭਾ ਅਤੇ ਨਵਾਬ ਖਾਨ ਨੇ ਲੁਧਿਆਣੇ ਵਿਚ, ਨਿਧਾਨ ਸਿੰਘ ਨੇ ਮਾਲਵਾ ਖੇਤਰ ਵਿਚ, ਪੰਡਿਤ ਜਗਤ ਰਾਮ ਨੇ ਦੁਆਬਾ ਅਤੇ ਡਾਕਟਰ ਮੱਥਰਾ ਸਿੰਘ ਤੇ ਗੁੱਜਰ ਸਿੰਘ ਨੇ ਮਾਝੇ ਵਿਚ ਗ਼ਦਰ ਗਤੀਵਿਧੀਆਂ ਨੂੰ ਤੇਜ਼ ਕਰ ਦਿੱਤਾ। ਭਾਈ ਪਰਮਾਨੰਦ ਜੋ ਉਦੋਂ ਡੀ. ਏ. ਵੀ. ਕਾਲਜ ਲਾਹੌਰ ਵਿਖੇ ਪ੍ਰੋਫੈਸਰ ਸੀ, ਨੇ ਭਾਰਤੀ ਪਰਵਾਸੀਆਂ ਅਤੇ ਪੰਜਾਬ ਦੇ ਕ੍ਰਾਂਤੀਕਾਰੀ ਅਤੇ ਸੂੱਝਵਾਨ ਵਿਅਕਤੀਆਂ ਵਿਚ ਕੜੀ ਦਾ ਕੰਮ ਕੀਤਾ।

ਪੰਡਿਤ ਕਾਂਸ਼ੀ ਰਾਮ 25 ਨਵੰਬਰ 1914 ਨੂੰ ਆਪਣੇ ਪਿੰਡ ਮੜੌਲੀ ਕਲਾਂ ਪਹੁੰਚਿਆ। ਪਿੰਡ ਦੇ ਕਿਸੇ ਬੰਦੇ ਨੂੰ ਨਹੀਂ ਸੀ ਪਤਾ ਕਿ ਕਾਂਸ਼ੀ ਰਾਮ ਇਤਨੇ ਲੰਮੇ ਸਮੇਂ ਮਗਰੋਂ ਕਿਸ ਉਦੇਸ਼ ਨੂੰ ਲੈਕੇ ਭਾਰਤ ਪਰਤਿਆ ਹੈ। ਪਿੰਡ ਪਹੁੰਚਣ ਤੇ ਲੋਕਾਂ ਉਸਦਾ ਨਿੱਘਾ ਸੁਆਗਤ ਕੀਤਾ। ਹੈਰਾਨੀ ਦੀ ਗੱਲ ਹੈ ਕਿ 11 ਸਾਲ ਬਾਅਦ ਆਉਣ ਮਗਰੋਂ ਵੀ ਉਹ ਕੁਝ ਘੰਟਿਆ ਲਈ ਹੀ ਆਪਣੇ,ਪਿੰਡ ਰੁਕਿਆ। ਉਸਨੇ ਆਪਣੇ ਪਿਤਾ ਨੂੰ ਕਿਹਾ ਕਿ ਉਹ ਨੈਸ਼ਨਲ ਬੈਂਕ ਵਿਚ ਜਮ੍ਹਾਂ ਆਪਣੇ 38 ਹਜ਼ਾਰ ਰੁਪਏ ਕਢਾਉਣ ਲਈ ਲਾਹੌਰ ਜਾ ਰਿਹਾ ਹੈ ਤੇ ਉਥੋਂ ਛੇਤੀ ਵਾਪਸ ਪਰਤ ਆਵੇਗਾ। ਇਹ ਕਹਿਕੇ ਉਸਨੇ ਆਪਣੇ ਪਿਤਾ ਦੇ ਚਰਨ ਛੋਹੇ ਤੇ ਮਨ ਹੀ ਮਨ ਵਿਚ ਆਪਣੇ ਪਿੰਡ ਵਾਲਿਆਂ ਨੂੰ ਸਦੀਵੀ ਅਲਵਿਦਾ ਕਹਿਕੇ ਆਪਣੇ ਮਿਸ਼ਨ ਦੀ ਪੂਰਤੀ ਲਈ ਚਲ ਪਿਆ। ਉਸਦਾ ਆਪਣੇ ਪਿਤਾ ਨੂੰ ਕੀਤਾ ਪ੍ਰਣਾਮ ਇਕ ਤਰ੍ਹਾਂ ਨਾਲ ਆਪਣੇ ਪਿੰਡ ਦੀ ਮਿੱਟੀ ਨੂੰ ਕੀਤਾ ਆਖਰੀ ਪ੍ਰਣਾਮ ਸੀ ਜਿੱਥੇ ਉਸਨੇ ਮੁੜ ਕੇ ਕਦੇ ਵਾਪਸ ਨਹੀਂ ਸੀ ਆਉਣਾ।

ਫੌਜਾਂ ਵਿਚ ਬਗਾਵਤ ਕਰਾਉਣ ਅਤੇ ਸਸ਼ਸਤਰ ਕ੍ਰਾਂਤੀ ਲਿਆਉਣ ਲਈ ਹਥਿਆਰਾਂ ਦੀ ਲੋੜ ਸੀ ਅਤੇ ਬਿਨਾਂ ਪੈਸੇ ਦੇ ਹਥਿਆਰ ਖਰੀਦੇ ਨਹੀਂ ਸਨ ਜਾ ਸਕਦੇ। ਵੈਸੇ ਵੀ ਭਾਰਤ ਪਰਤੇ ਕ੍ਰਾਂਤੀਕਾਰੀਆਂ ਨੂੰ ਕਿਸੇ ਇਕ ਥਾਂ ਤੇ ਇਕੱਠਾ ਕਰਨ ਦੀ ਲੋੜ ਸੀ ਤਾਂ ਜੁ ਬਗ਼ਾਵਤ ਕਰਨ ਦੀ ਤਰੀਕ ਅਤੇ ਹੋਰ ਪ੍ਰੋਗਰਾਮਾਂ ਬਾਰੇ ਵਿਚਾਰ ਕੀਤੀ ਜਾ ਸਕੇ। ਸੋ ਨਨਕਾਣਾ ਸਾਹਿਬ (ਸ਼ੇਖੂਪਰਾ), ਖਾਸਾ ਅਤੇ ਮਾਲਵਾ ਖੇਤਰ ਵਿਚ ਲੁਧਿਆਣਾ ਨੇੜੇ ਲਢੋਵਾਲ ਵਿਖੇ ਮੀਟਿੰਗਾਂ ਰੱਖੀਆਂ ਗਈਆਂ। ਮੀਟਿੰਗ ਰੱਖਣ ਦਾ ਇਹ ਫੈਸਲਾ 'ਤੋਸਾ ਮਾਰੂ' ਜਹਾਜ਼ ਵਿਚ ਆ ਰਹੇ ਨੇਤਾਵਾਂ ਨੇ ਕੀਤਾ ਸੀ। ਲਢੋਵਾਲ ਵਿਖੇ ਰੱਖੀ ਗਈ ਮੀਟਿੰਗ ਵਿਚ ਗ਼ਦਰੀ ਨੇਤਾ ਕਾਂਸ਼ੀ ਰਾਮ ਨੇ ਕੋਈ ਫੌਰੀ ਕਾਰਵਾਈ ਕਰਨ ਤੇ ਜ਼ੋਰ ਦਿੱਤਾ। ਕਿਉਂ ਜੁ ਧੰਨ ਦੀ ਕਮੀ ਸੀ ਇਸ ਲਈ ਉਸਨੇ ਇਹ ਵੀ ਸਲਾਹ ਦਿੱਤੀ ਕਿ ਪਾਰਟੀ ਦੇ ਕੰਮ ਨੂੰ ਚਲਾਉਣ ਲਈ ਸਰਕਾਰੀ ਖਜ਼ਾਨੇ ਲੁੱਟੇ ਜਾਣ। ਉਸਦੇ ਇਨ੍ਹਾਂ ਪ੍ਰਸਤਾਵਾਂ ਤੇ ਵਿਚਾਰ ਕਰਨ ਲਈ ਦੋ ਦਿਨ ਮਗਰੋਂ ਮੋਗੇ ਨੇੜੇ ਇਕੱਠੇ ਹੋਣ ਦਾ ਫੈਸਲਾ ਕੀਤਾ ਗਿਆ।

ਇਸ ਫੈਸਲੇ ਅਨੁਸਾਰ ਕਈ ਗ਼ਦਰੀ ਨੇਤਾ 19 ਨਵੰਬਰ 1914 ਨੂੰ ਮੋਗੇ ਇਕੱਠੇ ਹੋਏ। ਇਸ ਮੀਟਿੰਗ ਵਿਚ ਜਗਰਾਉਂ, ਅੰਮ੍ਰਿਤਸਰ, ਲਾਹੌਰ ਅਤੇ ਮੋਗਾ ਦੇ ਸਰਕਾਰੀ ਖਜ਼ਾਨਿਆਂ

Digitized by Panjab Digital Library | www.panjabdigilib.org

ਜਲਦੀ ਪਕੜੇ ਜਾਣ ਦਾ ਡਰ ਵਧੇਰੇ ਹੈ। ਸਾਨੂੰ ਪਹਿਲਾਂ ਕਿਸੇ ਹੋਰ ਢੰਗ ਨਾਲ ਹਥਿਆਰ ਇਕੱਠੇ ਕਰਨੇ ਚਾਹੀਦੇ ਹਨ ਤਾਕਿ ਸਰਕਾਰ ਦੀ ਨਜ਼ਰ ਤੋਂ ਬਚਕੇ ਪਹਿਲਾਂ ਤਿਆਰੀ ਮੁਕੰਮਲ ਕਰ ਲਈ ਜਾਵੇ। ਪਰ ਜਿਹੜੇ ਨੌਜਵਾਨ ਹੁਣੇ-ਹੁਣੇ ਬਾਹਰੋਂ ਪਰਤੇ ਸਨ ਉਹ ਬੜੇ ਉਤਾਵਲੇ ਅਤੇ ਜੋਸ਼ ਵਿਚ ਸਨ। ਉਹ ਆਉਂਦਿਆਂ ਹੀ ਕੁਝ ਅਜਿਹਾ ਕਰਕੇ ਵਿਖਾਉਣਾ ਚਾਹੁੰਦੇ ਸਨ ਕਿ ਅੰਗਰੇਜ਼ਾਂ ਨੂੰ ਪ੍ਰੇਸ਼ਾਨੀ ਵਿਚ ਪਾਇਆ ਜਾ ਸਕੇ। ਅਜਿਹੇ ਨੌਜਵਾਨਾਂ ਵਿਚ ਕਾਂਸ਼ੀ ਰਾਮ ਵੀ ਸ਼ਾਮਲ ਸੀ। ਉਸਨੇ ਭਾਰਤ ਵਿਚ ਗ਼ਦਰ ਮਚਾਉਣ ਦੇ ਉਦੇਸ਼ ਨਾਲ ਕਰਤਾਰ ਸਿੰਘ ਸਰਾਭਾ ਨਾਲ ਮਿਲਕੇ ਉੱਤਰੀ ਭਾਰਤ ਦੀਆਂ ਕੁਝ ਛਾਉਣੀਆਂ ਦਾ ਦੌਰਾ ਵੀ ਕੀਤਾ ਸੀ ਤੇ ਹਿੰਦੁਸਤਾਨੀ ਸਿਪਾਹੀਆਂ ਨੂੰ ਅੰਗਰੇਜ਼ਾਂ ਵਿਰੁੱਧ ਬਗ਼ਾਵਤ ਕਰ ਦੇਣ ਦੀ ਪ੍ਰੇਰਨਾ ਕੀਤੀ ਸੀ। ਪਹਿਲਾਂ ਗ਼ਦਰ ਸ਼ੁਰੂ ਕਰਨ ਲਈ 15 ਨਵੰਬਰ 1914 ਦਾ ਦਿਨ ਮੁਕਰਰ ਕੀਤਾ ਗਿਆ ਸੀ ਪਰ ਬਾਹਰੋਂ (ਵਿਦੇਸ਼ਾਂ ਤੋਂ) ਪ੍ਰਾਪਤ ਮਾਤਰਾ ਵਿਚ ਹਥਿਆਰ ਨਾ ਪਹੁੰਚਣ ਅਤੇ ਪੂਰੀ ਤਿਆਰੀ ਨਾ ਹੋਣ ਕਰਕੇ ਇਹ ਤਰੀਕ ਮੁਲਤਵੀ ਕਰ ਦਿੱਤੀ ਗਈ ਸੀ।

26 ਨਵੰਬਰ 1914 ਨੂੰ ਫ਼ੀਰੋਜ਼ਪੁਰ ਸ਼ਹਿਰ ਤੋਂ ਬਾਹਰ ਜਲਾਲਾਬਾਦ ਵਾਲੀ ਸੜਕ ਤੇ ਗ਼ਦਰੀਆਂ ਦਾ ਇਕ ਇਕੱਠ ਹੋਇਆ। ਗ਼ਦਰ ਦੀ ਤਰੀਕ ਮੁਲਤਵੀ ਹੋ ਜਾਣ ਕਾਰਨ ਬਹੁਤ ਸਾਰੇ ਗ਼ਦਰੀ ਖਿੰਡ ਪੁੰਡ ਗਏ ਸਨ ਪਰ 26 ਨਵੰਬਰ ਵਾਲੀ ਮੀਟਿੰਗ ਤੋਂ ਬਾਅਦ 18-20 ਗ਼ਦਰੀ ਨੌਜਵਾਨ ਟਾਂਗਿਆਂ ਵਿਚ ਸੁਆਰ ਹੋਕੇ ਮੋਗੇ ਵਲ ਚਲ ਪਏ। ਉਨ੍ਹਾਂ ਨੇ ਮੋਗਾ ਦੇ ਸਰਕਾਰੀ ਖ਼ਜ਼ਾਨੇ ਤੇ ਹਮਲਾ ਕਰਨ ਅਤੇ ਉਸਨੂੰ ਲੁੱਟਣ ਦੀ ਯੋਜਨਾ ਬਣਾਈ ਸੀ। ਅਜੇ ਉਹ ਫਿਰੋਜ਼ਸ਼ਾਹ ਦੇ ਕੋਲ ਪਿੰਡ ਮਿਸ਼ਰੀਵਾਲਾ ਦੇ ਨੇੜੇ ਹੀ ਪਹੁੰਚੇ ਸਨ ਕਿ ਇਕ ਸਬ ਇੰਸਪੈਕਟਰ ਮਸ਼ਾਰਤ ਅਲੀ ਨੇ ਇਨ੍ਹਾਂ ਨੂੰ ਰੁਕਣ ਲਈ ਕਿਹਾ। ਉਸਦੇ ਨਾਲ ਇਲਾਕੇ ਦਾ ਜ਼ੈਲਦਾਰ ਜਵਾਲਾ ਸਿੰਘ, ਸਰਬਰਾਹ-ਜ਼ੈਲਦਾਰ ਫ਼ਤਹਿ ਸਿੰਘ, ਗੁਲਾਮ ਕਾਦਰ ਅਤੇ ਕੁਝ ਹੋਰ ਬੰਦੇ, ਜ਼ਿਲ੍ਹਾ ਸੁਪਰਡੈਂਟ ਦੀ ਉਡੀਕ ਕਰ ਰਹੇ ਸਨ, ਜਿਸ ਨੇ ਇਸ ਮਾਰਗ ਤੋਂ ਲੰਘਣਾ ਸੀ। ਗ਼ਦਰੀ ਨੌਜਵਾਨਾਂ ਨੂੰ ਆਸ ਨਹੀਂ ਸੀ ਕਿ ਅਚਾਨਕ ਇਸ ਤਰ੍ਹਾਂ ਉਨ੍ਹਾਂ ਦੀ ਮੁੱਠਭੇੜ ਰਾਹ ਵਿਚ ਸਰਕਾਰੀ ਬੰਦਿਆਂ ਨਾਲ ਹੋ ਜਾਵੇਗੀ। ਰੁਕਣ ਦੇ ਮਾਮਲੇ ਤੇ ਹੋਈ ਗਰਮਾ-ਗਰਮੀ ਵਿਚ ਸਬ ਇੰਸਪੈਕਟਰ ਮਸ਼ਾਰਤ ਅਲੀ ਨੇ ਨੌਜਵਾਨਾਂ ਨੂੰ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਉਸਨੇ ਟਾਂਗੇ ਵਿਚ ਸਵਾਰ ਪਟਿਆਲਾ ਦੇ ਰਹਿਮਤ ਅਲੀ ਨੂੰ (ਜੋ ਮਨੀਲਾ ਤੋਂ ਆਇਆ ਸੀ) ਥੱਪੜ ਮਾਰ ਕੇ ਥਲੇ ਲਾਹ ਲਿਆ। ਗ਼ਦਰੀ ਨੌਜਵਾਨਾਂ ਲਈ ਇਹ ਗੱਲ ਬਰਦਾਸ਼ਤ ਤੋਂ ਬਾਹਰ ਸੀ। ਇਸ ਤੇ ਟਾਂਗੇ ਵਿਚ ਸੁਆਰ ਭਾਈ ਗਾਂਧਾ ਸਿੰਘ ਅਤੇ ਚੰਦਾ ਸਿੰਘ ਨੇ ਆਪਣੇ ਜੇਬਾਂ ਚੋਂ ਪਿਸਤੌਲ ਕੱਢੀ ਤੇ ਸਬ-ਇੰਸਪੈਕਟਰ ਮਸ਼ਾਰਤ ਅਲੀ ਦੇ ਮੱਥੇ ਵਿਚ ਦਾਗ ਕੇ ਉਸਨੂੰ ਉਸੇ ਥਾਂ ਤੇ ਹੀ ਢੇਰ ਕਰ ਦਿੱਤਾ। ਜਦੋਂ ਜ਼ੈਲਦਾਰ ਜਵਾਲਾ ਸਿੰਘ ਨੇ ਅੱਗੇ ਵੱਧਣ ਦੀ ਕੋਸ਼ਿਸ਼ ਕੀਤੀ ਤਾਂ ਇਨ੍ਹਾਂ ਗ਼ਦਰੀਆਂ ਨੇ ਉਸ ਦੀ ਛਾਤੀ ਵਿਚ ਗੋਲੀ ਦਾਗ਼ ਕੇ ਉਸ ਨੂੰ ਵੀ ਠੰਡਿਆਂ ਕਰ ਦਿੱਤਾ। ਇਹ ਦੋਵੇਂ ਨਾਮ ਜਗਜੀਤ ਸਿੰਘ ਨੇ 'ਗ਼ਦਰ ਪਾਰਟੀ ਲਹਿਰ' ਵਿਚ ਦਿੱਤੇ ਹਨ। ਡਾ. ਗੁਰਦੇਵ ਸਿੰਘ ਦਿਓਲ, 'ਗ਼ਦਰ ਪਾਰਟੀ ਅਤੇ ਭਾਰਤ ਦਾ ਕੌਮੀ ਅੰਦੋਲਨ' ਵਿਚ ਸਬ ਇੰਸਪੈਕਟਰ ਅਤੇ ਜ਼ੈਲਦਾਰ ਨੂੰ ਮਾਰਨ ਵਾਲੇ ਦਾ ਨਾਮ ਜਗਤ ਸਿੰਘ ਲਿਖਦਾ ਹੈ, ਜਦ ਕਿ ਗੁਰਚਰਨ ਸਿੰਘ ਸੈਂਸਰਾ ਨੇ 'ਗ਼ਦਰ ਪਾਰਟੀ ਦਾ ਇਤਿਹਾਸ' ਵਿਚ ਇਨ੍ਹਾਂ ਅਫਸਰਾਂ ਨੂੰ ਮਾਰਨ ਵਾਲੇ ਦਾ ਨਾਮ ਭਾਈ ਭਗਤ ਸਿੰਘ ਕਚਰਭੰਨ ਲਿਖਿਆ ਹੈ। ਸਬ ਇੰਸਪੈਕਟਰ ਅਤੇ ਜ਼ੈਲਦਾਰ ਦੇ ਮਾਰੇ ਜਾਣ ਮਗਰੋਂ ਉਨ੍ਹਾਂ ਦੇ ਬਾਕੀ ਸਾਥੀ

Digitized by Panjab Digital Library | www.panjabdigilib.org

ਭੱਜ ਗਏ ਤੇ ਪਿੰਡ ਮਿਸ਼ਰੀ ਵਾਲਾ ਤੋਂ ਬਹੁਤ ਸਾਰੇ ਬੰਦੇ ਅਤੇ ਘੱਲ ਥਾਣੇ ਤੋਂ ਪੁਲਿਸ ਦਾ ਇਕ ਦਸਤਾ ਲੈਕੇ ਮੁੜ ਉਸੇ ਥਾਂ ਤੇ ਪਰਤ ਆਏ।

ਇਸ ਘਟਨਾ ਤੋਂ ਬਾਅਦ ਅੱਧੇ ਗ਼ਦਰੀ ਤਾਂ ਵਾਕਿਆ-ਏ-ਵਾਰਦਾਤ ਤੋਂ ਖਿਸਕ ਗਏ ਪਰ ਨੌਂ ਗ਼ਦਰੀ ਨਾਲ ਵਗਦੀ ਨਹਿਰ ਦੇ ਕੰਢੇ ਝੱਲ ਵਿਚ ਵੜ ਗਏ। ਇਨ੍ਹਾਂ ਵਿਚ ਪੰਡਿਤ ਕਾਂਸ਼ੀ ਰਾਮ ਵੀ ਸੀ। ਗ਼ਦਰੀਆਂ ਦਾ ਇੱਥੇ ਛਿਪਣਾ ਬੜੀ ਵੱਡੀ ਗ਼ਲਤੀ ਸੀ।

ਪਿੰਡ ਮਿਸ਼ਰੀ ਵਾਲਾ ਤੋਂ ਆਏ ਬੰਦਿਆਂ ਅਤੇ ਪੁਲਿਸ ਅਮਲੇ ਨੇ ਆਉਂਦਿਆਂ ਹੀ ਝੱਲ ਨੂੰ ਘੇਰ ਲਿਆ। ਦੋਹਾਂ ਪਾਸਿਆਂ ਤੋਂ ਗੋਲੀਆਂ ਚਲਣੀਆਂ ਸ਼ੁਰੂ ਹੋ ਗਈਆਂ। ਕਾਫ਼ੀ ਦੇਰ ਦੀ ਗੋਲੀਬਾਰੀ ਮਗਰੋਂ ਵੀ ਜਦੋਂ ਪੁਲਿਸ ਉਨ੍ਹਾਂ ਨੂੰ ਝੱਲ ਵਿਚੋਂ ਕੱਢਣ ਵਿਚ ਕਾਮਯਾਬ ਨਾ ਹੋਈ ਤਾਂ ਉਨ੍ਹਾਂ ਨੇ ਉਨ੍ਹਾਂ ਸਰਕੰਡਿਆਂ ਨੂੰ ਅੱਗ ਲਗਾ ਦਿੱਤੀ ਜਿਨ੍ਹਾਂ ਪਿੱਛੇ ਨੌਂ ਗ਼ਦਰੀ ਛਿਪੇ ਹੋਏ ਸਨ। ਪੁਲਿਸ ਵਲੋਂ ਕੀਤੀ ਗਈ ਇਸ ਕਾਰਵਾਈ ਵਿਚ ਦੋ ਗ਼ਦਰੀ-ਭਾਈ ਧਿਆਨ ਸਿੰਘ (ਬੰਗਸੀਪੁਰਾ) ਅਤੇ ਚੰਦਾ ਸਿੰਘ ਵੜਾਇਚ ਜ਼ਿਲਾ ਲੁਧਿਆਣਾ, ਸ਼ਹੀਦ ਹੋ ਗਏ। ਬਾਕੀ ਦੇ ਸੱਤ ਗ਼ਦਰੀ ਨੌਜਵਾਨ ਪਕੜ ਲਏ ਗਏ। ਇਹ ਨੌਜਵਾਨ ਸਨ - ਪੰਡਿਤ ਕਾਂਸ਼ੀ ਰਾਮ ਮੜੌਲੀਕਲਾਂ (ਜ਼ਿਲਾ ਅੰਬਾਲਾ) ਖਜ਼ਾਨਚੀ ਗ਼ਦਰ ਪਾਰਟੀ, ਭਾਈ ਜੀਵਨ ਸਿੰਘ ਦੌਲੇ ਸਿੰਘ ਵਾਲਾ (ਸੰਗਰੂਰ), ਭਾਈ ਰਹਿਮਤ ਅਲੀ ਵਜੀਦ ਕੇ (ਪਟਿਆਲਾ), ਭਾਈ ਜਗਤ ਸਿੰਘ ਬਿੰਝਲ ਜ਼ਿਲਾ ਲੁਧਿਆਣਾ ਅਤੇ ਭਾਈ ਧਿਆਨ ਸਿੰਘ ਉਮਰ ਪੁਰੀਆ, ਜ਼ਿਲਾ ਅੰਮ੍ਰਿਤਸਰ। ਕਾਂਸ਼ੀ ਰਾਮ ਤੋਂ ਇਲਾਵਾ ਗ੍ਰਿਫ਼ਤਾਰ ਕੀਤੇ ਗਏ ਬਾਕੀ ਗ਼ਦਰੀ ਨੌਜਵਾਨ ਫਿਲਪਾਈਨ ਦੀ ਗ਼ਦਰ ਸ਼ਾਖਾ ਦੇ ਮੈਂਬਰ ਸਨ। ਫਿਰੋਜ਼ਪੁਰ (ਫੇਰੂ ਸ਼ਹਿਰ) ਦੀ ਇਹ ਘਟਨਾ 27 ਨਵੰਬਰ 1914 ਨੂੰ ਵਾਪਰੀ ਸੀ।

ਇਹ ਘਟਨਾ ਗ਼ਦਰ ਲਹਿਰ ਲਈ ਇਕ ਗੰਭੀਰ ਧੱਕਾ ਸਾਬਤ ਹੋਈ ਜਿਸ ਵਿਚ ਪਾਰਟੀ ਦਾ ਚੋਟੀ ਦਾ ਨੇਤਾ ਕਾਂਸ਼ੀ ਰਾਮ, ਪਾਰਟੀ ਪ੍ਰੋਗਰਾਮਾਂ ਨੂੰ ਕਿਸੇ ਨਿਰਣਾਇਕ ਸਿੱਟੇ ਤੇ ਪਹੁੰਚਾਣ ਤੋਂ ਪਹਿਲਾਂ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਇਸ ਘਟਨਾ ਦੇ ਸਿੱਟੇ ਵਜੋਂ ਬਾਹਰੋਂ ਆਏ ਇਨ੍ਹਾਂ ਗ਼ਦਰੀ ਨੌਜਵਾਨਾਂ ਦੀਆਂ ਸਾਰੀਆਂ ਯੋਜਨਾਵਾਂ ਧਰੀਆਂ ਧਰਾਈਆਂ ਰਹਿ ਗਈਆਂ। ਫ਼ਿਰੋਜ਼ਸ਼ਾਹ ਘਟਨਾ ਦੀ ਪੜਤਾਲ ਦੇ ਦੌਰਾਨ ਪੁਲਿਸ ਨੂੰ ਪਾਰਟੀ ਦੇ ਹੋਰ ਵਰਕਰਾਂ ਅਤੇ ਪ੍ਰੋਗਰਾਮਾਂ ਬਾਰੇ ਵੀ ਪਤਾ ਚਲ ਗਿਆ ਜਿਸ ਦੇ ਨਤੀਜੇ ਵਜੋਂ 19-12-1914 ਨੂੰ ਪਿਸ਼ਾਵਰ ਵਿਖੇ ਨਵਾਬਖਾਨ, 23-12-1914 ਨੂੰ ਹਰਿਆਣਾ ਦੇ ਜਗਤ ਰਾਮ ਅਤੇ 9-12-1914 ਨੂੰ ਪਟਿਆਲਾ ਰਿਆਸਤ ਦੇ ਪ੍ਰਿਥਵੀ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਸੇ ਘਟਨਾ ਦੇ ਸਿੱਟੇ ਵਜੋਂ 30-11-1914 ਨੂੰ ਫਿਰੋਜ਼ਪੁਰ ਦੀ ਰੈਜਮੈਂਟਲ ਸ਼ਸਤਰ ਸ਼ਾਲਾ (armory) ਨੂੰ ਲੁੱਟਣ ਦੀ ਸਕੀਮ ਵੀ ਅਸਫ਼ਲ ਹੋ ਗਈ। ਇਸ ਪ੍ਰਕਾਰ ਗ਼ਦਰੀਆਂ ਦੀਆਂ ਕਾਰਵਾਈਆਂ ਦਾ ਪਹਿਲਾ ਦੌਰ ਬਿਨਾਂ ਕਿਸੇ ਸਫ਼ਲਤਾ ਪ੍ਰਾਪਤ ਕੀਤੇ ਖ਼ਤਮ ਹੋ ਗਿਆ।

ਗ੍ਰਿਫ਼ਤਾਰੀ ਤੋਂ ਬਾਅਦ ਕਾਂਸ਼ੀ ਰਾਮ ਅਤੇ ਉਸਦੇ ਸਾਥੀਆਂ ਨੂੰ ਫਿਰੋਜ਼ਪੁਰ ਦੇ ਸੈਸ਼ਨ ਜੱਜ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਇਨ੍ਹਾਂ ਸੱਤਾਂ ਉਪੱਰ ਚਲਾਏ ਗਏ ਮੁਕੱਦਮੇ ਦਾ ਫ਼ੈਸਲਾ 23 ਫਰਵਰੀ 1915 ਨੂੰ ਸੁਣਾਇਆ ਗਿਆ ਜਿਸ ਵਿਚ ਸਾਰੇ ਨੌਜਵਾਨਾਂ ਨੂੰ ਅੰਗਰੇਜ਼ੀ ਹਕੂਮਤ ਵਿਰੁੱਧ ਸਾਜਸ਼ ਕਰਨ, ਖਜ਼ਾਨਾ ਲੁੱਟਣ ਦੀ ਯੋਜਨਾ ਬਣਾਉਣ ਅਤੇ 2 ਸਰਕਾਰੀ ਕਰਮਚਾਰੀਆਂ ਨੂੰ ਮਾਰ ਦੇਣ ਦੇ ਦੋਸ਼ ਵਿਚ ਮੌਤ ਦੀ ਸਜ਼ਾ ਸੁਣਾਈ ਗਈ। ਸਜ਼ਾ ਸੁਣਾਉਣ

Digitized by Panjab Digital Library | www.panjabdigilib.org

ਤੋਂ ਪਹਿਲਾਂ ਜੱਜ ਨੇ ਕਾਂਸ਼ੀ ਰਾਮ ਨੂੰ ਮੁਖ਼ਾਤਬ ਹੋਕੇ ਕਿਹਾ ਕਿ ਜੇ ਉਹ ਫੇਰੂ ਸ਼ਹਿਰ ਦੀ ਘਟਨਾ ਬਾਰੇ ਅਫ਼ਸੋਸ ਪ੍ਰਗਟ ਕਰਕੇ ਮਾਫ਼ੀ ਮੰਗ ਲਵੇ ਤਾਂ ਉਸ ਦੀ ਮੌਤ ਦੀ ਸਜ਼ਾ ਟਾਲੀ ਜਾ ਸਕਦੀ ਹੈ। ਜੱਜ ਦੀ ਗੱਲ ਸੁਣ ਕੇ ਪੰਡਿਤ ਕਾਂਸ਼ੀ ਰਾਮ ਮੁਸਕਰਾਇਆ ਤੇ ਉਸ ਨੇ ਬੜੇ ਧੀਰਜ ਅਤੇ ਹੌਸਲੇ ਨਾਲ ਕਿਹਾ :

'ਜੱਜ ਸਾਹਿਬ ਮੈਂ ਆਪਣਾ ਫਰਜ਼ ਪੂਰਾ ਕੀਤਾ ਹੈ ਜਿਸ ਲਈ ਮੈਨੂੰ ਕੋਈ ਅਫਸੋਸ ਨਹੀਂ। ਮੈਂ ਚਾਹਵਾਂਗਾ ਕਿ ਹੁਣ ਤੁਸੀਂ ਵੀ ਆਪਣਾ ਫਰਜ਼ ਪੂਰਾ ਕਰੋ।'

ਕਾਂਸ਼ੀ ਰਾਮ ਨੂੰ 27 ਮਾਰਚ 1915 ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਫਾਂਸੀ ਦਿੱਤੀ ਗਈ ਜਦਕਿ ਉਸਦੇ ਬਾਕੀ ਛੇ ਸਾਥੀਆਂ ਨੂੰ 25 ਮਾਰਚ 1915 ਨੂੰ ਸਾਹੀਵਾਲ ਜੇਲ੍ਹ (ਮਿੰਟਗੁਮਰੀ) ਵਿਚ ਫਾਂਸੀ ਲਗਾ ਕੇ ਸ਼ਹੀਦ ਕੀਤਾ ਗਿਆ। ਕਹਿੰਦੇ ਹਨ ਕਾਂਸ਼ੀ ਰਾਮ ਨੇ ਫਾਂਸੀ ਲਗਣ ਤੋਂ ਪਹਿਲਾਂ ਇਹ ਸ਼ੇਅਰ ਪੜ੍ਹਿਆ ਜੋ ਉਹ ਅਕਸਰ ਗੁਣ-ਗੁਣਾਇਆ ਕਰਦਾ ਸੀ :

ਬਗਾਵਤ ਦਾ ਖੁਲ੍ਹਾ ਪੈਗ਼ਾਮ ਦੇਤਾ ਹੂੰ ਜਵਾਨੋਂ ਕੋ
ਜ਼ਮੀਂ ਪਰ ਖ਼ੈਂਚ ਲਾਨਾ ਹੈ ਖ਼ੁਦੀ ਕੇ ਆਸਮਾਨੋਂ ਕੋ।


ਕਾਂਸ਼ੀ ਰਾਮ ਬੜੇ ਪੱਕੇ ਇਰਾਦੇ ਅਤੇ ਨੇਕ ਨੀਯਤ ਵਾਲਾ ਨੌਜਵਾਨ ਸੀ। ਪਾਰਟੀ ਦਾ ਖਜ਼ਾਨਚੀ ਹੋਣ ਦੇ ਬਾਵਜੂਦ ਉਸਨੇ ਕਦੇ ਵੀ ਪਾਰਟੀ ਦੇ ਫੰਡ ਦਾ ਦੁਰਉਪਯੋਗ ਨਹੀਂ ਸੀ ਕੀਤਾ ਜਿਵੇਂ ਕਿ ਅੱਗੇ ਚਲਕੇ ਰਾਮਚੰਦਰ ਅਤੇ ਪਾਰਟੀ ਦੇ ਹੋਰ ਕਈ ਜ਼ਿੰਮੇਵਾਰ ਅਹੁਦੇਦਾਰ ਕਰਦੇ ਰਹੇ ਸਨ। ਉਸਨੇ ਅਮਰੀਕਾ ਪਹੁੰਚਕੇ ਆਪਣੀ ਸਿਆਣਪ ਅਤੇ ਮੇਹਨਤ ਨਾਲ ਚੰਗਾ ਪੈਸਾ ਕਮਾਇਆ ਸੀ ਪਰ ਉਹ ਆਪਣੀ ਕਮਾਈ ਦਾ ਬਹੁੱਤਾ ਹਿੱਸਾ ਗ਼ਦਰ ਪਾਰਟੀ ਦੇ ਕੰਮਾਂ ਅਤੇ ਗ਼ਦਰ ਪਰਚੇ ਦੀ ਛਪਾਈ ਲਈ ਭੇਂਟ ਕਰ ਦਿਆ ਕਰਦਾ ਸੀ। ਉਹ ਗ਼ਦਰ ਪਾਰਟੀ ਦੇ ਮੋਢੀਆਂ ਵਿਚੋਂ ਸੀ ਅਤੇ ਉਸਨੇ ਪਾਰਟੀ ਦੇ ਉੱਚੇ ਅਹੁਦਿਆਂ ਤੇ ਰਹਿਕੇ ਇਸਨੂੰ ਮਜ਼ਬੂਤ ਕਰਨ ਵਿਚ ਬੜਾ ਵੱਡਾ ਹਿੱਸਾ ਪਾਇਆ ਸੀ। ਉਸਦੀ ਗਿਣਤੀ ਲਾਲਾ ਹਰਦਿਆਲ ਅਤੇ ਸ੍ਰ: ਸੋਹਨ ਸਿੰਘ ਭਕਨਾ ਵਰਗੇ ਚੋਟੀ ਦੇ ਨੇਤਾਵਾਂ ਵਿਚ ਕੀਤੀ ਜਾਂਦੀ ਸੀ। ਉਸਦੇ ਨਿਕਟਵਰਤੀ ਸਾਥੀਆਂ ਵਿਚ ਭਾਈ ਜਵਾਲਾ ਸਿੰਘ, ਸ੍ਰ: ਸੰਤੋਖ ਸਿੰਘ, ਸ੍ਰ: ਕਰਤਾਰ ਸਿੰਘ ਸਰਾਭਾ, ਸ੍ਰੀ ਜੀ. ਡੀ. ਕੁਮਾਰ ਅਤੇ ਰਹਿਮਤ ਅਲੀ ਵਰਗੇ ਉੱਘੇ ਕ੍ਰਾਂਤੀਕਾਰੀ ਸ਼ਾਮਲ ਸਨ।

ਕਾਂਸ਼ੀ ਰਾਮ ਸੁੰਤਤਰਤਾ ਸੰਗ੍ਰਾਮ ਦੇ ਖੇਤਰ ਵਿਚ 1903 ਦੇ ਆਸ ਪਾਸ ਆਇਆ ਤੇ ਫਿਰ ਜੀਵਨ ਦੇ ਅੰਤਲੇ ਸੁਆਸਾਂ ਤਕ ਉਹ ਇਸੇ ਆਦਰਸ਼ ਨਾਲ ਜੁੜਿਆ ਰਿਹਾ ਸੀ।

ਕਾਂਸ਼ੀ ਰਾਮ ਦੇ ਫਾਂਸੀ ਲਗ ਜਾਣ ਤੋਂ ਕੁਝ ਦਿਨ ਮਗਰੋਂ ਉਸਦੇ ਨਾਮ ਦੇ ਦੋ ਬਕਸੇ ਜਾਪਾਨ ਤੋਂ ਪੰਜਾਬ ਪਹੁੰਚੇ, ਜਿਨ੍ਹਾਂ ਨੂੰ ਉਹ ਸਾਨਫ੍ਰਾਂਸਿਸਕੋ ਤੋਂ ਲਿਆ ਕੇ ਯੋਕੋਹਾਮਾ (ਜਾਪਾਨ) ਦੇ ਇਕ ਵਿਉਪਾਰੀ ਕੋਲ ਛੱਡ ਆਇਆ ਸੀ। ਇਨ੍ਹਾਂ ਬਕਸਿਆਂ ਵਿਚ ਕੁਝ ਹਥਿਆਰ, ਗੋਲੀ-ਸਿੱਕਾ, ਦੋ ਤਾਰ ਕਟਰ ਅਤੇ ਇਕ ਲੋਹੇ ਦੀ ਆਰੀ ਸੀ। ਇਸ ਸਾਮਾਨ ਦੀ ਸਹੀ ਸਲਾਮਤ ਪਹੁੰਚ ਮਗਰੋਂ ਕਾਂਸ਼ੀ ਰਾਮ ਨੇ ਉਸ ਵਿਉਪਾਰੀ ਨੂੰ ਜਾਪਾਨੀ ਯੈਨ ਦੇਣ ਦਾ ਵਾਇਦਾ ਕੀਤਾ ਸੀ। ਫਾਂਸੀ ਦਿਤੇ ਜਾਣ ਦੇ ਹੁਕਮ ਦੇ ਨਾਲ ਹੀ ਜੱਜ ਨੇ ਕਾਂਸ਼ੀ ਰਾਮ ਦੀ ਸਾਰੀ ਜ਼ਮੀਨ ਅਤੇ ਜਾਇਦਾਦ ਜ਼ਬਤ ਕਰ ਲੈਣ ਦਾ ਵੀ ਹੁਕਮ ਜਾਰੀ ਕੀਤਾ ਜਿਸ ਦੀ ਕੀਮਤ 40 ਹਜ਼ਾਰ ਤੋਂ ਵੱਧ ਸੀ।

Digitized by Panjab Digital Library | www.panjabdigilib.org

ਇਸ ਤਰ੍ਹਾਂ ਪੰਜਾਬ ਅਤੇ ਦੇਸ਼ ਦੇ ਇਸ ਮਹਾਨ ਸਪੂਤ ਨੇ ਆਪਣੇ ਵਤਨ ਲਈ ਆਪਣਾ ਸਭ ਕੁਝ ਨਿਛਾਵਰ ਕਰ ਦਿੱਤਾ। ਹੁਣ ਹਰ ਸਾਲ ਪਿੰਡ ਮੜੋਲੀ ਵਿਖੇ ਕਾਂਸ਼ੀ ਰਾਮ ਦਾ ਸ਼ਹੀਦੀ ਦਿਨ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ।


پیارے بھائیو! چلو ہندوستان غدر کرنے کے لئے اس جنگ کا فائدہ اٹھائیں۔

بندے ماترم ۔ اے مردانو ہندی جوانو. جلدی لو ہتھیار !!! بندے ماترم

غدر ہندوستان

انگریزی راج کا دشمن

ہفتہ وار اردو گورمکھی ۔ گجراتی اخبار

جلد اول | سان فرانسسکو امریکہ سے شائع ہوا ۔ | ۱۸ اگست سنہ ۱۹۱۴ء | نمبر ۱۸

## انگریزی راج کا کچا چٹھا

چند موٹی موٹی باتیں ۔

زمین کا لگان ۶۵ فیصدی زیادہ ہو گیا ہے ۔

## ضرورت ہے

نڈر بہادر سپاہیوں کی ۔ ہندوستان میں غدر مچانے کے لئے ۔ تنخواہ موت ۔ انعام شہیدی و آزادی ۔ مقام میدان ہندوستان ۔

بھارت ماتا

بلاتی ہے ۔ اپنے بچوں کو ۔ اپنی حفاظت کے لئے ۔

# ਬਾਬਾ ਗੁਰਦਿੱਤ ਸਿੰਘ

ਦੇਸ਼ ਨੂੰ ਅੰਗਰੇਜ਼ੀ ਸਾਮਰਾਜ ਤੋਂ ਸੁਤੰਤਰ ਕਰਾਉਣ ਲਈ ਪਹਿਲਾ ਵਡਾ ਕਦਮ 1857 ਵਿਚ ਚੁਕਿਆ ਗਿਆ ਸੀ। ਦੂਜੀ ਵਡੀ ਕ੍ਰਾਂਤੀ ਪ੍ਰਦੇਸਾਂ ਵਿਚ ਵਸਦੇ ਪੰਜਾਬੀ ਵੀਰਾਂ, ਖ਼ਾਸ ਕਰਕੇ ਸਿੱਖਾਂ ਨੇ 1913-14 ਵਿਚ ਸ਼ੁਰੂ ਕੀਤੀ ਸੀ। ਇਸ ਲਹਿਰ ਨੂੰ 'ਗ਼ਦਰ' ਦਾ ਨਾਮ ਦਿੱਤਾ ਗਿਆ। ਲਹਿਰ ਦਾ ਮੰਤਵ ਦੇਸ਼ ਨੂੰ ਵਿਦੇਸ਼ੀ ਸਾਮਰਾਜ ਤੋਂ ਆਜ਼ਾਦ ਕਰਾਉਣਾ ਸੀ। ਕੋਮਾਗਾਟਾ ਮਾਰੂ ਜਹਾਜ਼ ਦੀ ਦੁਖਾਂਤਕ ਘਟਨਾ ਗ਼ਦਰ ਲਹਿਰ ਦਾ ਹੀ ਹਿੱਸਾ ਸੀ ਜਿਸ ਰਾਹੀਂ ਬਾਬਾ ਗੁਰਦਿੱਤ ਸਿੰਘ ਨੇ ਅੰਗਰੇਜ਼ਾਂ ਦੀ ਵਿਤਕਰੇ ਭਰਪੂਰ ਆਵਾਸੀ ਨੀਤੀ ਅਤੇ ਉਨ੍ਹਾਂ ਦੀ ਬਹੁ ਚਰਚਿਤ 'ਇਨਸਾਫ਼ ਪਸੰਦਗੀ' ਦਾ ਪਾਜ ਉਘੇੜ ਕੇ ਦੁਨੀਆਂ ਦੇ ਸਾਮ੍ਹਣੇ ਰੱਖ ਦਿੱਤਾ। ਉਨ੍ਹਾਂ ਨੇ ਜੋ ਜਤਨ 1914 ਵਿਚ ਆਰੰਭਿਆ ਸੀ ਉਸ ਨੇ ਆਜ਼ਾਦੀ ਦੇ ਸੰਘਰਸ਼ ਨੂੰ ਬੜਾ ਬੱਲ ਪ੍ਰਦਾਨ ਕੀਤਾ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਤੋਂ ਪ੍ਰੇਰਿਤ ਹੋਕੇ ਹਜ਼ਾਰਾਂ ਨੌਜਵਾਨ ਇਸ ਘੋਲ ਵਿਚ ਕੁੱਦ ਪਏ।

1954 ਵਿਚ ਬਾਬਾ ਗੁਰਦਿੱਤ ਸਿੰਘ ਨੂੰ ਸ਼ਰਧਾਂਜਲੀ ਦਿੰਦੇ ਹੋਏ ਪੰਡਤ ਨਹਿਰੂ ਨੇ ਕਿਹਾ ਸੀ, 'ਅਜ ਬਾਬਾ ਗੁਰਦਿੱਤ ਸਿੰਘ ਜੀ ਆਫ਼ ਕੋਮਾਗਾਟਾ ਮਾਰੂ ਫ਼ੇਮ ਸਾਥੋਂ ਸਦਾ ਲਈ ਵਿਛੜ ਗਏ ਹਨ। ਇਹ ਉਹ ਬਜ਼ੁਰਗ ਹਸਤੀ ਸਨ ਜਿਨ੍ਹਾਂ ਵਲ ਵੇਖ ਕੇ ਮੁਸ਼ਕਲ ਦੇ ਸਮੇਂ ਸਾਨੂੰ ਬੱਲ ਤੇ ਉਤਸ਼ਾਹ ਮਿਲਦਾ ਸੀ। ਇਹ ਉਨ੍ਹਾਂ ਦੀਆਂ ਘਾਲਣਾਵਾਂ ਦਾ ਹੀ ਸਿੱਟਾ ਸੀ ਕਿ ਅਸੀਂ ਸਾਰੇ ਸਿਪਾਹੀ ਬਣ ਕੇ ਅੰਗਰੇਜ਼ੀ ਸਾਮਰਾਜ ਦੇ ਵਿਰੁੱਧ ਲੜੇ ਤੇ ਸਫ਼ਲਤਾ ਪ੍ਰਾਪਤ ਕੀਤੀ'।

ਬਾਬਾ ਗੁਰਦਿੱਤ ਸਿੰਘ ਜੀ ਇਕ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੇ ਮਾਲਕ ਸਨ। ਉਨ੍ਹਾਂ ਦਾ ਕੱਦ ਮੱਧਰਾ, ਸਰੀਰ ਭਰਵਾਂ ਤੇ ਸਡੌਲ, ਕਣਕ ਭਿੰਨਾਂ ਰੰਗ, ਗੋਲ ਤੇ ਮੋਟੀਆਂ ਅੱਖਾਂ ਅਤੇ ਦੀਦਾਰੀ ਦਾੜ੍ਹਾ ਕਿਸੇ ਵੀ ਵੇਖਣ ਵਾਲੇ ਦੇ ਮਨ ਤੇ ਅਜੇਹਾ ਪ੍ਰਭਾਵ ਪਾਂਉਂਦਾ ਸੀ ਕਿ ਅਣਜਾਨ ਤੋਂ ਅਣਜਾਨ ਬੰਦਾ ਵੀ ਉਨ੍ਹਾਂ ਵਲ ਖਿਚਿਆ ਜਾਂਦਾ ਸੀ। ਆਪ ਇਰਾਦੇ ਦੇ ਪੱਕੇ ਅਤੇ ਰੱਬ ਉਪਰ ਪੂਰਨ ਵਿਸ਼ਵਾਸ ਰਖਣ ਵਾਲੇ ਬੜੇ ਸੰਜੀਦਾ ਸੁਭਾ ਦੇ ਵਿਅਕਤੀ ਸਨ। ਆਪ ਬੜੇ ਚੁਸਤ ਤੇ ਫੁਰਤੀਲੇ ਸਨ। ਵਡੇਰੀ ਉਮਰ ਵਿਚ ਵੀ ਉਨ੍ਹਾਂ ਵਿਚ ਜੁਆਨਾਂ ਵਾਲਾ ਉਤਸ਼ਾਹ ਸੀ। ਉਨ੍ਹਾਂ ਦਾ ਬੋਲ ਧੀਮਾ ਤੇ ਸਿਆਣਪ ਭਰਪੂਰ ਹੁੰਦਾ ਸੀ। ਉਹ ਸਾਦਾ ਖ਼ਦਰ ਦੇ ਕਪੜੇ ਪਹਿਣਦੇ ਸਨ ਅਤੇ ਸਾਧਾਰਨ ਢੰਗ ਦੀ ਦਸਤਾਰ ਸਜਾਉਂਦੇ ਸਨ। ਉਹ ਸ਼ਾਂਤ ਸੁਭਾ ਦੇ ਅਤੇ ਇਕਾਂਤ ਪਸੰਦ ਸਨ ਅਤੇ ਉਨ੍ਹਾਂ ਨੂੰ ਮਿਲਕੇ ਨਿੱਘੀ ਮਿਲਣੀ ਦਾ ਅਹਿਸਾਸ ਹੁੰਦਾ ਸੀ। ਆਪ ਮਾਨਸਕ ਤੌਰ ਤੇ ਇਤਨੇ ਬਲਵਾਨ ਸਨ ਕਿ ਕਿਸੇ ਵੀ ਚੁਣੌਤੀ ਦਾ ਮੁਕਾਬਲਾ ਕਰਨ ਲਈ ਚਟਾਣ ਵਾਂਗ ਡੱਟ ਜਾਇਆ ਕਰਦੇ ਸਨ। ਦੁਨੀਆਂ ਨੇ ਜਿਸ ਅੰਗਰੇਜ਼ੀ ਰਾਜ ਦਾ ਕਦੇ ਸੂਰਜ ਢਲਦਾ ਨਹੀਂ ਸੀ ਵੇਖਿਆ, ਬਾਬਾ ਗੁਰਦਿੱਤ ਸਿੰਘ ਨੇ ਕੋਮਾਗਾਟੂ ਮਾਰੂ ਜਹਾਜ਼ ਚਲਾ ਕੇ ਉਨ੍ਹਾਂ ਦੀ ਹਿੱਕ ਤੇ ਹੀ ਅਜੇਹੀ ਲਕੀਰ ਪਾਈ ਸੀ ਕਿ ਸੰਸਾਰ ਦੇ ਲੋਕ ਵੇਖ ਕੇ ਦੰਗ ਰਹਿ ਗਏ ਸਨ।

ਬਾਬਾ ਗੁਰਦਿੱਤ ਸਿੰਘ ਦਾ ਜਨਮ ਸੰਨ 1859 ਨੂੰ ਜ਼ਿਲ੍ਹਾ ਅੰਮ੍ਰਿਤਸਰ ਦੇ ਇਕ ਨਿੱਕੇ

Digitized by Panjab Digital Library | www.panjabdigilib.org

ਇਸ ਕਾਨੂੰਨ ਦਾ ਸਭ ਤੋਂ ਮਾੜਾ ਅਸਰ ਉਨ੍ਹਾਂ ਭਾਰਤੀਆਂ ਤੇ ਹੀ ਪੈਣਾ ਸੀ ਜੋ ਕੈਨੇਡਾ ਜਾਣ ਦੇ ਇਛੁੱਕ ਸਨ। ਇਸ ਕਾਨੂੰਨ ਨੇ ਇਹ ਗੱਲ ਵੀ ਸਪਸ਼ਟ ਕਰ ਦਿੱਤੀ ਸੀ ਕਿ ਇਹੋ ਜਿਹਾ ਵਿਤਕਰੇ ਭਰਿਆ ਸਲੂਕ ਸਾਡੇ ਨਾਲ ਕੇਵਲ ਇਸ ਲਈ ਕੀਤਾ ਜਾ ਰਿਹਾ ਸੀ ਕਿਉਂਕਿ ਅਸੀਂ ਗੁਲਾਮ ਦੇਸ਼ ਦੇ ਨਾਗਰਿਕ ਸਾਂ। ਬਾਬਾ ਗੁਰਦਿੱਤ ਸਿੰਘ ਨੇ ਇਨ੍ਹਾਂ ਕਾਨੂੰਨਾਂ ਨੂੰ ਦੇਸ਼ ਵਾਸੀਆਂ ਲਈ ਇਕ ਬੜੀ ਵਡੀ ਵੰਗਾਰ ਅਤੇ ਚੁਣੌਤੀ ਦੇ ਤੌਰ ਤੇ ਸਵੀਕਾਰ ਕੀਤਾ ਤੇ ਇਨ੍ਹਾਂ ਕਾਨੂੰਨਾਂ ਨੂੰ ਲੀਰੋ ਲੀਰ ਕਰਨ ਅਤੇ ਅੰਗਰੇਜ਼ਾਂ ਦੇ ਇਨਸਾਫ਼ ਪਸੰਦ ਹੋਣ ਦਾ ਪਾਜ ਉਘੇੜਨ ਲਈ ਬੜੀ ਗੰਭੀਰਤਾ ਨਾਲ ਸੋਚਣ ਲਗ ਪਏ।

ਗੋਰੇ ਲੋਕਾਂ ਨੂੰ ਦੋ ਕਾਰਨਾਂ ਕਰਕੇ ਭਾਰਤੀ ਪਰਵਾਸੀਆਂ ਵਿਰੁੱਧ ਰੋਸ ਸੀ। ਇਕ ਤਾਂ ਇਹ ਕਿ ਕੈਨੇਡਾ ਵਿਚ ਗਏ ਹੋਏ ਭਾਰਤੀ (ਖ਼ਾਸ ਕਰਕੇ ਸਿੱਖ) ਬੜੇ ਮਿਹਨਤੀ ਅਤੇ ਈਮਾਨਦਾਰ ਸਨ, ਜਿਹੜੇ ਦਿਨ ਰਾਤ ਮਿਹਨਤ ਮਜ਼ਦੂਰੀ ਕਰਕੇ ਕੁਝ ਹੀ ਵਰ੍ਹਿਆਂ ਵਿਚ ਬੜੇ ਖ਼ੁਸ਼ਹਾਲ ਹੋ ਗਏ ਸਨ। ਤੇ ਦੂਜੀ ਵੱਡੀ ਗੱਲ ਇਹ ਸੀ ਕਿ ਉਥੋਂ ਦੇ ਗੋਰੇ ਇਨ੍ਹਾਂ ਨੂੰ 'ਕਾਲੇ', 'ਅਨਪੜ੍ਹ' ਅਤੇ ਆਪਣੇ ਤੋਂ ਹੀਣ ਸਮਝ ਕੇ ਨਫ਼ਰਤ ਕਰਦੇ ਸਨ। ਨਸਲੀ ਵਿਤਕਰੇ ਕਾਰਨ ਉਹ ਇਨ੍ਹਾਂ ਨੂੰ ਸਾਂਵੇ ਅਧਿਕਾਰ ਜਾਂ ਰੋਜ਼ੀ ਕਮਾਣ ਦੀਆਂ ਸਾਰੀਆਂ ਸਹੂਲਤਾਂ ਦੇਣ ਦੇ ਹੱਕ ਵਿਚ ਨਹੀਂ ਸਨ। ਇਸੇ ਤਰ੍ਹਾਂ ਦਾ ਵਿਤਕਰਾ ਮਹਾਤਮਾਂ ਗਾਂਧੀ ਨਾਲ ਵੀ ਦੱਖਣੀ ਅਫਰੀਕਾ ਵਿਚ ਕੀਤਾ ਗਿਆ ਸੀ।

ਆਜ਼ਾਦੀ ਦੀ ਭਾਵਨਾ ਨੂੰ ਕੋਈ ਕਿਤਨੀ ਕੁ ਦੇਰ ਤਕ ਕੈਦ ਕਰ ਕੇ ਰੱਖ ਸਕਦਾ ਹੈ? ਗੁਲਾਮੀ ਤੇ ਜ਼ਿਲਤ ਦੀ ਜ਼ਿੰਦਗੀ ਅਣਖ ਅਤੇ ਆਜ਼ਾਦੀ ਨਾਲ ਜੀਊਣ ਵਾਲੇ ਵਿਅਕਤੀ (ਅਥਵਾ ਕੌਮ) ਲਈ ਵੰਗਾਰ ਹੁੰਦੀ ਹੈ। ਅਣਖੀ ਸੂਰਮੇ ਸਦਾ ਇਨ੍ਹਾਂ ਵੰਗਾਰਾਂ ਨੂੰ ਸਵੀਕਾਰ ਕਰਕੇ ਸਿਰ ਧੜ ਦੀ ਬਾਜ਼ੀ ਲਗਾ ਦਿਆ ਕਰਦੇ ਹਨ। ਇਹ ਜ਼ਿਲਤ ਦੇਸ਼ ਤੋਂ ਬਾਹਰ ਵਸਦੇ ਭਾਰਤੀ (ਸਿੱਖਾਂ) ਨੂੰ ਕੁਝ ਵਧੇਰੇ ਹੀ ਮਹਿਸੂਸ ਹੋਈ ਕਿਉਂਕਿ ਉਨ੍ਹਾਂ ਚੋਂ ਬਹੁਤੇ ਆਜ਼ਾਦ ਦੇਸ਼ਾਂ ਵਿਚ ਰਹਿ ਕੇ ਉਥੋਂ ਦੇ ਲੋਕਾਂ ਦੇ ਜੀਵਨ ਨੂੰ ਵੇਖ ਚੁਕੇ ਸਨ ਕਿ ਆਜ਼ਾਦ ਹੋਣ ਵਿਚ ਕਿਤਨੀਆਂ ਬਰਕਤਾਂ ਹਨ। ਜਦੋਂ ਉਹ ਆਪਣੇ ਵਤਨ ਵਲ ਝਾਤ ਮਾਰਦੇ ਤਾਂ ਉਨ੍ਹਾਂ ਦਾ ਮਨ ਬਾਰ-ਬਾਰ ਉਨ੍ਹਾਂ ਨੂੰ ਲਾਹਨਤਾਂ ਪਾਂਦਾ ਕਿ 'ਗੁਲਾਮੀ ਦੀ ਜ਼ਿੰਦਗੀ ਵੀ ਕੋਈ ਜ਼ਿੰਦਗੀ ਹੈ'?

9 ਮਈ 1910 ਨੂੰ ਇਕ ਹੋਰ ਆਦੇਸ਼ ਜਾਰੀ ਕੀਤਾ ਗਿਆ ਜਿਸ ਅਨੁਸਾਰ ਆਵਾਸ-ਵਿਭਾਗ ਦੇ ਅਧਿਕਾਰੀਆਂ ਨੂੰ ਇਹ ਅਧਿਕਾਰ ਦੇ ਦਿੱਤਾ ਗਿਆ ਕਿ ਜੇ ਉਹ ਚਾਹੁਣ ਤਾਂ ਕਿਸੇ ਵੀ ਏਸ਼ਿਆਈ ਆਵਾਸੀ ਨੂੰ ਕੈਨੇਡਾ ਵਿਚ ਦਾਖ਼ਲ ਹੋਣ ਤੋਂ ਰੋਕ ਸਕਦੇ ਹਨ। 1911 ਵਿਚ ਬਰਤਾਨਵੀ ਸਾਮਰਾਜ ਦੇ ਮੈਂਬਰ ਦੇਸ਼ਾਂ ਦੀ ਇਕ ਕਾਨਫਰੰਸ ਲੰਡਨ ਵਿਖੇ ਹੋਈ। ਉਸ ਕਾਨਫਰੰਸ ਵਿਚ ਭਾਰਤੀ-ਆਵਾਸੀਆਂ ਨੇ ਕਈ ਵਿਰੋਧ ਪੱਤਰ ਭੇਜੇ ਕਿ ਅੰਗਰੇਜ਼ੀ ਰਾਜ ਦੇ ਨਾਗਰਿਕ ਹੋਣ ਦੇ ਬਾਵਜੂਦ ਵੀ ਉਨ੍ਹਾਂ ਨਾਲ ਇਹੋ ਜਿਹਾ ਵਿਤਕਰੇ ਭਰਿਆ ਸਲੂਕ ਕਿਉਂ ਕੀਤਾ ਜਾ ਰਿਹਾ ਸੀ। ਪਰ ਉਨ੍ਹਾਂ ਦੇ ਵਿਰੋਧ ਪੱਤਰਾਂ ਵਲ ਕਿਸੇ ਨੇ ਕੋਈ ਧਿਆਨ ਨਾ ਦਿੱਤਾ। ਸਗੋਂ ਕੁਝ ਸਮਾਂ ਪਹਿਲਾਂ ਪਾਸ ਕੀਤੇ ਗਏ ਆਦੇਸ਼ਾਂ ਵਿਚ ਇਕ ਹੋਰ ਆਦੇਸ਼ ਇਹ ਵੀ ਵਧਾ ਦਿੱਤਾ ਗਿਆ ਕਿ ਆਵਾਸੀ-ਵਿਭਾਗ ਦੇ ਫੈਸਲਿਆਂ ਵਿਰੁੱਧ ਕੋਈ ਆਲੋਚਨਾ ਨਹੀਂ ਹੋ ਸਕਦੀ ਅਤੇ ਉਨ੍ਹਾਂ ਫੈਸਲਿਆਂ ਨੂੰ ਮਨਸੂਖ ਕਰਨ ਦਾ ਅਧਿਕਾਰ ਕਿਸੇ ਵੀ ਜੱਜ ਜਾਂ ਕਚਹਿਰੀ ਨੂੰ ਨਹੀਂ ਹੋਵੇਗਾ। These

Digitized by Panjab Digital Library | www.panjabdigilib.org

laws had created a sense of uneasiness and resentment. ਇਨ੍ਹਾਂ ਕਾਨੂੰਨਾਂ ਨੇ ਭਾਰਤੀਆਂ ਦੇ ਮਨ ਵਿਚ ਅਸੁਰੱਖਿਆ ਅਤੇ ਵਿਰੋਧਤਾ ਦੀ ਭਾਵਨਾਂ ਨੂੰ ਜਨਮ ਦਿੱਤਾ। ਸਾਮਰਾਜੀ ਸ਼ਕਤੀਆਂ ਵਲੋਂ ਪਾਸ ਕੀਤੇ ਗਏ ਇਨ੍ਹਾਂ ਕਾਨੂੰਨਾਂ ਦਾ ਬਹੁਤਾ ਅਸਰ ਸਿੱਖਾਂ ਤੇ ਹੀ ਪਿਆ ਕਿਉਂਕਿ ਵੀਹਵੀਂ ਸਦੀ ਦੇ ਸ਼ੁਰੂ ਵਿਚ ਬਾਹਰ ਜਾਣ ਵਾਲੇ ਪਰਵਾਸੀ ਭਾਰਤੀਆਂ ਚੋਂ ਬਹੁਤੀ ਸੰਖਿਆ ਇਨ੍ਹਾਂ ਦੀ ਹੀ ਸੀ।

ਜੇ ਇਕ ਪਾਸੇ ਪੱਛਮੀ ਦੇਸ਼ਾਂ ਦੀਆਂ ਗੋਰੀਆਂ ਸਰਕਾਰਾਂ ਨਵੇਂ ਨਵੇਂ ਕਾਨੂੰਨ ਘੜ ਕੇ ਭਾਰਤੀਆਂ ਨੂੰ ਦੂਰ ਰਖਣ ਦਾ ਜਤਨ ਕਰ ਰਹੀਆਂ ਸਨ ਤਾਂ ਦੂਜੇ ਪਾਸੇ ਵਿਦੇਸ਼ਾਂ ਵਿਚ ਜਾਣ ਵਾਲੇ ਇਛੁੱਕ-ਭਾਰਤੀਆਂ (ਵਿਸ਼ੇਸ਼ ਕਰਕੇ ਸਿੱਖਾਂ) ਦੇ ਮਨ ਵਿਚ ਅੰਗਰੇਜ਼ਾਂ ਅਤੇ ਅੰਗਰੇਜ਼ੀ ਰਾਜ ਦੇ ਪ੍ਰਤੀ ਨਫਤਰ ਦੀ ਭਾਵਨਾ ਵਧੇਰੇ ਪ੍ਰਚੰਡ ਹੁੰਦੀ ਚਲੀ ਜਾ ਰਹੀ ਸੀ। ਉਹ ਇਨ੍ਹਾਂ ਕਾਨੂੰਨਾਂ ਨੂੰ ਕਿਸੇ ਵੀ ਤਰ੍ਹਾਂ ਚੁਣੌਤੀ ਦੇਣ ਲਈ ਤਿਅਰ ਹੋ ਰਹੇ ਸਨ। ਕੈਨੇਡਾ ਜਾਣ ਵਾਲੇ ਬਹੁਤ ਸਾਰੇ ਮੁਸਾਫ਼ਰ ਹਾਂਗ ਕਾਂਗ ਰੁਕੇ ਹੋਏ ਸਨ ਤੇ ਉਹ ਬਾਬਾ ਗੁਰਦਿੱਤ ਸਿੰਘ ਨੂੰ ਪ੍ਰੇਰਿਤ ਕਰ ਰਹੇ ਸਨ ਕਿ ਉਹ ਕੋਈ ਅਜੇਹਾ ਵਸੀਲਾ ਲਭਣ ਜਿਸ ਨਾਲ ਉਹ ਕੈਨੇਡਾ ਪਹੁੰਚ ਸਕਣ। 3 ਜਨਵਰੀ 1914 ਨੂੰ ਹਾਂਗ ਕਾਂਗ ਦੇ ਗੁਰਦੁਆਰੇ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਉਤਸਵ ਦਿਨ ਮਨਾਇਆ ਗਿਆ। ਇਸ ਦਿਨ ਸਜੇ ਹੋਏ ਦੀਵਾਨ ਵਿਚ ਬਾਬਾ ਗੁਰਦਿੱਤ ਸਿੰਘ ਨੇ ਵੀ ਤਕਰੀਰ ਕੀਤੀ ਤੇ ਜ਼ੋਰਦਾਰ ਸ਼ਬਦਾਂ ਵਿਚ ਕਿਹਾ ਕਿ 'ਹਰ ਸਿੱਖ ਅਤੇ ਭਾਰਤੀ ਨੂੰ ਆਜ਼ਾਦੀ ਹਾਸਲ ਕਰਨ ਲਈ ਤਿਆਰ ਬਰ ਤਿਆਰ ਰਹਿਣਾ ਚਾਹੀਦਾ ਹੈ, ਕਿਉਂਕਿ ਇਹੀ ਸਿੱਖਿਆ ਸਾਨੂੰ ਦਸਵੇ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਦਿੱਤੀ ਸੀ।' ਇੱਥੇ ਹੀ ਉਸ ਨੂੰ ਦੋ ਵਿਦਿਅਰਥੀ ਬੀਰ ਸਿੰਘ ਤੇ ਦਲਜੀਤ ਸਿੰਘ ਮਿਲੇ ਜੇਹੜੇ ਉੱਚ ਸਿੱਖਿਆ ਪ੍ਰਾਪਤ ਕਰਨ ਲਈ ਅਮਰੀਕਾ ਜਾ ਰਹੇ ਸਨ। ਦਲਜੀਤ ਸਿੰਘ ਅੰਮ੍ਰਿਤਸਰ ਤੋਂ ਛਪਣ ਵਾਲੇ 'ਖਾਲਸਾ ਐਡਵੋਕੇਟ' ਦਾ ਸਹਾਇਕ ਐਡੀਟਰ ਰਹਿ ਚੁਕਾ ਸੀ। ਇਨ੍ਹਾਂ ਦੋਹਾਂ ਨੇ ਵੀ ਬਾਬਾ ਜੀ ਨੂੰ ਆਪਣਾ ਜਹਾਜ਼ ਚਲਾ ਕੇ ਕੈਨੇਡਾ ਚਾਲੇ ਪਾਉਣ ਦੀ ਸਲਾਹ ਦਿੱਤੀ। ਹਰ ਪਾਸੋਂ ਇਕੋ ਜਹੀ ਰਾਏ ਮਿਲਣ ਮਗਰੋਂ ਬਾਬਾ ਗੁਰਦਿੱਤ ਸਿੰਘ ਨੇ ਕਰਾਏ ਤੇ ਜਹਾਜ਼ ਲੈਣ ਅਤੇ ਭਾਰਤੀ ਪ੍ਰਵਾਸੀਆਂ ਨੂੰ ਕੈਨੇਡਾ ਲੈ ਚਲਣ ਦਾ ਨਿਸ਼ਚਾ ਕਰ ਲਿਆ।

ਸਭ ਤੋਂ ਪਹਿਲਾਂ ਹਾਂਗ ਕਾਂਗ ਵਿਚ ਵਸਦੇ ਭਾਰਤੀਆਂ ਨੇ 'ਗੁਰੂ ਨਾਨਕ ਸਟੀਮਸ਼ਿਪ' (Guru Nanak Steam Navigation Co.) ਨਾਮ ਦੀ ਇਕ ਕੰਪਨੀ ਕਾਇਮ ਕੀਤੀ ਜਿਸਦਾ ਇੰਚਾਰਜ ਬਾਬਾ ਗੁਰਦਿੱਤ ਸਿੰਘ ਨੂੰ ਬਣਾਇਆ ਗਿਆ। ਬਾਬਾ ਗੁਰਦਿੱਤ ਸਿੰਘ ਜਹਾਜ਼ ਦਾ ਪ੍ਰਬੰਧ ਕਰਨ ਲਈ ਕਲਕੱਤਾ ਆਏ ਪਰ ਇੱਥੇ ਉਨ੍ਹਾਂ ਨੂੰ ਆਪਣੇ ਮਿਸ਼ਨ ਵਿਚ ਕੋਈ ਸਫ਼ਲਤਾ ਨਾ ਮਿਲ ਸਕੀ। ਕੋਈ ਵੀ ਜਹਾਜ਼ੀ ਕੰਪਨੀ ਕਰਾਏ ਉਪਰ ਜਹਾਜ਼ ਦੇਣ ਲਈ ਤਿਆਰ ਨਹੀਂ ਸੀ। ਇਸ ਮਗਰੋਂ ਬਾਬਾ ਜੀ ਸਿੰਘਾਪੁਰ ਆ ਗਏ ਅਤੇ ਇੱਥੋਂ ਦੀ 'ਸਟ੍ਰੇਟਸ ਸੀਟਮਸ਼ਿਪ ਕੰਪਨੀ' ਦੇ ਕਰਮਚਾਰੀਆਂ ਨਾਲ ਗੱਲਬਾਤ ਕੀਤੀ ਅਤੇ ਦੋ ਜਹਾਜ਼ ਐਸ. ਐਸ. ਹੌਗ ਅਤੇ ਐਸ.ਐਸ.ਰੌਗ ਵੇਖੇ। ਪਰ ਜਦੋਂ ਉਨ੍ਹਾਂ ਨੂੰ ਇਹ ਪਤਾ ਲਗਾ ਕਿ ਇਹ ਦੋਵੇਂ ਜਹਾਜ਼ ਸ਼ਾਂਤ ਮਹਾਂਸਾਗਰ (Pacific Ocean) ਵਿਚ ਲੰਮਾ ਸਫਰ ਕਰਨ ਦੇ ਯੋਗ ਨਹੀਂ ਤਾਂ ਉਨ੍ਹਾਂ ਇਹ ਜਹਾਜ਼ ਕਰਾਏ ਤੇ ਲੈਣ ਦਾ ਵਿਚਾਰ ਛੱਡ ਦਿੱਤਾ। ਅਖੀਰ 24 ਮਾਰਚ 1914 ਨੂੰ ਇਕ ਜਰਮਨ ਏਜੈਂਟ ਏ.ਬੌਨ. ਰਾਹੀਂ ਗੁਰਦਿੱਤ ਸਿੰਘ ਨੇ ਇਕ ਜਾਪਾਨੀ ਕੰਪਨੀ ਕੋਲੋਂ ਕੋਮਾਗਾਟਾ ਮਾਰੂ (ਕਾਮਾ ਗਾਟਾ ਮਾਰੂ) ਨਾਂ ਦਾ

Digitized by Panjab Digital Library | www.panjabdigilib.org

ਜਹਾਜ਼ ਕਰਾਏ (ਪਟੇ) ਤੇ ਲੈ ਲਿਆ। ਇਹ ਜਹਾਜ਼ ਉਨ੍ਹਾਂ ਨੂੰ 25 ਮਾਰਚ 1914 ਨੂੰ ਮਿਲਿਆ। ਇਸ ਜਹਾਜ਼ ਦਾ ਨਾਮ ਬਦਲਕੇ 'ਗੁਰੂ ਨਾਨਕ ਜਹਾਜ਼' ਰਖਿਆ ਗਿਆ।

ਕੋਮਾਗਾਟਾ ਮਾਰੂ ਜਹਾਜ਼ 100 ਮੀਟਰ ਲੰਬਾ ਤੇ 13 ਮੀਟਰ ਚੌੜਾ ਸੀ। ਇਸ ਨੂੰ 265 ਹੌਰਸ ਪਾਵਰ ਦਾ ਸਟੀਮ ਇੰਜਨ ਚਲਾਂਦਾ ਸੀ। ਅਸਲ ਵਿਚ ਇਹ ਮਾਲ ਢੋਣ ਵਾਲਾ ਜਹਾਜ਼ ਸੀ ਪਰ ਪਰਵਾਸੀ ਭਾਰਤੀ (ਸਿੱਖ) ਤਾਂ ਉਨ੍ਹਾਂ ਕਾਨੂੰਨਾਂ ਵਿਰੁੱਧ ਜੰਗ ਲੜਣ ਲਈ ਤੁਲੇ ਪਏ ਸਨ ਜਿਨ੍ਹਾਂ ਕਰਕੇ ਉਨ੍ਹਾਂ ਦਾ ਕੈਨੇਡਾ ਆਦਿ ਦੇਸ਼ਾਂ ਵਿਚ ਪ੍ਰਵੇਸ਼ ਪਾਉਣਾ ਕਠਿਨ ਕਰ ਦਿੱਤਾ ਗਿਆ ਸੀ। ਇਸ ਜਹਾਜ਼ ਨੂੰ ਮੁਸਾਫ਼ਰਾਂ ਦੀ ਸੁੱਖ-ਸੁਵਿਧਾ ਦੇ ਯੋਗ ਬਣਾਉਣ ਲਈ ਗੁਰਦਿੱਤ ਸਿੰਘ ਨੂੰ ਕਾਫ਼ੀ ਪੈਸਾ ਕੋਲੋਂ ਲਗਾਣਾ ਪਿਆ। ਇਹ ਜਹਾਜ਼ ਛੇ ਮਹੀਨੇ ਲਈ ਕਰਾਏ ਤੇ ਲਿਆ ਗਿਆ ਸੀ ਤੇ ਇਸਦਾ ਕਿਰਾਇਆ 11 ਹਜ਼ਾਰ ਡਾਲਰ ਮਹੀਨਾ ਨਿਸਚਿਤ ਹੋਇਆ ਸੀ। ਪਹਿਲੀ ਕਿਸ਼ਤ ਕਿਰਾਏ ਦੇ ਕਾਗਜ਼ਾਂ ਤੇ ਦਸਖਤ ਕਰਨ ਮਗਰੋਂ ਹੀ ਜਮਾਂ ਕਰਾਉਣੀ ਸੀ ਤੇ ਦੂਜੀ ਕਿਸ਼ਤ ਇਕ ਹਫਤੇ ਦੇ ਅੰਦਰ ਅੰਦਰ ਦੇਣੀ ਸੀ। ਅਗਲੀਆਂ ਦੋ ਕਿਸ਼ਤਾਂ ਆਉਂਦੇ ਦੋ ਹਫਤਿਆਂ ਵਿਚ ਤਾਰਨੀਆਂ ਸਨ ਤੇ ਬਾਕੀ ਰਹਿੰਦੀਆਂ ਦੋ ਕਿਸ਼ਤਾਂ ਜਹਾਜ਼ ਚਲਣ ਦੇ ਦੋ ਮਹੀਨਿਆਂ ਦੇ ਅੰਦਰ ਅੰਦਰ ਅਦਾ ਕਰਨੀਆਂ ਸਨ। ਜਹਾਜ਼ੀ ਕੰਪਨੀ ਨੇ ਆਪਣੇ ਵਲੋਂ ਜਹਾਜ਼ ਦਾ ਕਪਤਾਨ ਅਤੇ ਜਹਾਜ਼ ਚਲਾਣ ਵਾਲੇ ਅਮਲੇ ਦੇ ਹੋਰ ਬੰਦੇ ਮੁਹੱਈਆ ਕਰਨੇ ਸਨ। ਪਰ ਕੋਇਲੇ, ਰਸਦ-ਪਾਣੀ ਅਤੇ ਹੋਰ ਵਸਤਾਂ ਤੇ ਆਉਣ ਵਾਲਾ ਖਰਚ ਬਾਬਾ ਗੁਰਦਿੱਤ ਸਿੰਘ ਅਤੇ ਮੁਸਾਫ਼ਰਾਂ ਨੇ ਦੇਣਾ ਸੀ। ਇਸ ਜਹਾਜ਼ ਵ੍ਰਿਚ ਵਾਇਰਲੈਸ ਦੀ ਕੋਈ ਸੁਵਿੱਧਾ ਨਹੀਂ ਸੀ।

ਹਾਂਗ ਕਾਂਗ ਵਿਚ ਰਹਿ ਰਹੇ ਅੰਗਰੇਜ਼ ਅਧਿਕਾਰੀ ਅਤੇ ਬਦੇਸ਼ੀ ਸਰਕਾਰਾਂ ਖਾਸ ਕਰਕੇ ਭਾਰਤ ਅਤੇ ਕੈਨੇਡਾ ਦੀਆਂ ਹਕੂਮਤਾਂ, ਪ੍ਰਵਾਸੀਆਂ ਦੇ ਇਸ ਜਤਨ ਅਤੇ ਜੋਸ਼ ਨੂੰ ਬੜੀ ਉਤਸੁਕਤਾ ਤੇ ਨਫ਼ਰਤ ਨਾਲ ਵੇਖ ਰਹੀਆਂ ਸਨ। ਉਹ ਨਹੀਂ ਸਨ ਚਾਹੁੰਦੇ ਕਿ ਭਾਰਤੀ ਪਰਵਾਸੀਆਂ ਦੀ ਇਹ ਯੋਜਨਾਂ ਸਫ਼ਲ ਹੋਵੇ। ਇਸ ਲਈ ਉਨ੍ਹਾਂ ਦੇਸ਼ਾਂ ਨੇ ਪਹਿਲਾਂ ਹੀ ਆਪਣੇ ਦੇਸ਼ ਦੇ ਆਵਾਸੀ ਅਧਿਕਾਰੀਆਂ ਨੂੰ ਸੂਚਿਤ ਕਰ ਦਿੱਤਾ ਸੀ ਕਿ ਕੋਮਾਗਾਟਾ ਮਾਰੂ ਜਹਾਜ਼ ਦੇ ਮੁਸਾਫ਼ਰਾਂ ਨੂੰ ਕੈਨੇਡਾ ਵਿਖੇ ਉਤਰਨ ਦੀ ਆਗਿਆ ਨਾ ਦਿੱਤੀ ਜਾਵੇ। ਇਸ ਯੋਜਨਾਂ ਨੂੰ ਸ਼ੁਰੂ ਵਿਚ ਹੀ ਫ਼ੇਲ੍ਹ ਕਰਨ ਦੇ ਉਦੇਸ਼ ਨਾਲ ਉਨ੍ਹਾਂ 25 ਮਾਰਚ 1914 ਨੂੰ ਬਾਬਾ ਗੁਰਦਿੱਤ ਸਿੰਘ ਦੇ ਹਾਂਗ ਕਾਂਗ ਵਾਲੇ ਦਫ਼ਤਰ ਤੇ ਛਾਪਾ ਮਾਰ ਕੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ। ਦਫ਼ਤਰ ਦੀ ਤਲਾਸ਼ੀ ਲਈ ਗਈ। ਹਾਂਗ ਕਾਂਗ ਦੇ ਅਧਿਕਾਰੀਆਂ ਨੂੰ ਆਸ ਸੀ ਕਿ ਬਾਬਾ ਜੀ ਕੋਲੋਂ ਕੁਝ ਅਜੇਹੇ ਦਸਤਾਵੇਜ਼ ਜਾਂ ਹੋਰ ਸਾਮਗਰੀ ਜ਼ਰੂਰ ਪ੍ਰਾਪਤ ਹੋਵੇਗੀ ਜਿਸ ਦੇ ਆਧਾਰ ਤੇ ਉਨ੍ਹਾਂ ਨੂੰ ਰੋਕਿਆ ਜਾ ਸਕੇ। ਪਰ ਜਦੋਂ ਅਜੇਹੀ ਕੋਈ ਵੀ ਚੀਜ਼ ਅਧਿਕਾਰੀਆਂ ਦੇ ਹੱਥ ਨਾ ਲਗੀ ਤਾਂ ਉਨ੍ਹਾਂ ਨੇ ਬਾਬਾ ਜੀ ਨੂੰ 28 ਮਾਰਚ ਨੂੰ ਰਿਹਾ ਕਰ ਦਿੱਤਾ। ਇਸ ਗ੍ਰਿਫ਼ਤਾਰੀ ਅਤੇ ਪੁੱਛ ਪੜਤਾਲ ਦਾ ਇਕ ਮਾੜਾ ਅਸਰ ਇਹ ਹੋਇਆ ਕਿ ਜਿੱਥੇ ਬਾਬਾ ਗੁਰਦਿੱਤ ਸਿੰਘ ਨੂੰ ਇਹ ਆਸ ਸੀ ਕਿ ਹਾਂਗ ਕਾਂਗ ਤੋਂ ਚਲਣ ਵਾਲੇ ਮੁਸਾਫ਼ਰਾਂ ਦੀ ਸੰਖਿਆ 500 ਜਾਂ ਇਸ ਤੋਂ ਵੱਧ ਜ਼ਰੂਰ ਹੋਵੇਗੀ, ਉੱਥੇ ਜਹਾਜ਼ ਚਲਣ ਵਾਲੇ ਦਿਨ ਕੇਵਲ 165 ਯਾਤਰੀ ਹੀ ਕੈਨੇਡਾ ਤਕ ਦੀ ਸਿੱਧੀ ਟਿਕਟ ਲੈ ਕੇ ਇਸ ਵਿਚ ਸਵਾਰ ਹੋ ਸਕੇ। ਬਾਕੀ ਮੁਸਾਫ਼ਰਾਂ ਨੇ ਅਨਿਸ਼ਚਿਤਾ ਦਾ ਮਾਹੌਲ ਵੇਖਦਿਆਂ ਆਪਣੀਆਂ ਟਿਕਟਾਂ ਕੈਂਸਲ ਕਰਵਾ ਦਿਤੀਆਂ ਸਨ। ਜਹਾਜ਼ 4 ਅਪ੍ਰੈਲ 1914 ਨੂੰ ਹਾਂਗ ਕਾਂਗ ਤੋਂ ਰਵਾਨਾ ਹੋਇਆ। ਜਹਾਜ਼ ਦਾ ਕਪਤਾਨ ਯਾਮਾਮੋਟੋ (Yamamotos) ਇਕ ਜਾਪਾਨੀ ਸੀ

Digitized by Panjab Digital Library | www.panjabdigilib.org

ਅਤੇ ਉਸ ਦੇ ਨਾਲ ਦੇ ਬਾਕੀ ਸਹਾਇਕ ਕਰਮਚਾਰੀ ਵੀ ਜਾਪਾਨ ਦੇ ਸਨ।

ਕੈਨੇਡਾ ਲਈ ਰਵਾਨਾ ਹੋਣ ਤੋਂ ਪਹਿਲਾਂ ਗੁਰਦਿੱਤ ਸਿੰਘ ਨੇ ਹਾਂਗ ਕਾਂਗ ਦੇ ਤਿੰਨ ਕਾਨੂੰਨੀ ਮਾਹਿਰਾਂ (ਮੈਸਰਜ਼ ਵਿਲੀਅਮਸਨ, ਔਰਿਟ ਅਤੇ ਡੈਵਿਸ) ਤੋਂ ਇਹ ਗੱਲ ਪੱਕੀ ਕਰ ਲਈ ਸੀ ਕਿ ਹੁਣ ਉਨ੍ਹਾਂ ਦੇ ਕੈਨੇਡਾ ਦਾਖਲੇ ਉਪਰ ਕੋਈ ਕਾਨੂੰਨੀ-ਪਾਬੰਦੀ ਨਹੀਂ ਹੋਵੇਗੀ। ਕਿਉਂਕਿ ਉਹ ਆਵਾਸੀ ਕਾਨੂੰਨਾਂ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਕੇ ਜਾ ਰਹੇ ਸਨ। ਉਨ੍ਹਾਂ ਨੇ ਗੁਰਦਿੱਤ ਸਿੰਘ ਨੂੰ ਦਸਿਆ ਸੀ ਕਿ "ਜਿਥੋਂ ਤਕ ਇਸ ਦੇਸ਼ ਦਾ ਸਬੰਧ ਹੈ, ਅਸੀਂ ਤੁਹਾਨੂੰ ਸਲਾਹ ਦੇਂਦੇ ਹਾਂ ਕਿ ਸਾਡੇ ਵਿਚਾਰ ਵਿਚ ਬਸਤੀਆਂ ਤੋਂ ਭਾਰਤੀਆਂ ਦੇ ਪ੍ਰਵਾਸਨ ਤੇ ਕੋਈ ਪਾਬੰਦੀਆਂ ਨਹੀਂ ਹਨ, ਜਦ ਤਕ ਕਿ ਉਹ ਨੌਕਰੀ ਦੇ ਬੰਧਨ ਵਿਚ ਨਾ ਹੋਣ"। ਜਿਥੋਂ ਤਕ ਕੋਮਾਗਾਟਾ ਮਾਰੂ ਦੇ ਮੁਸਾਫ਼ਰਾਂ ਦਾ ਸੰਬੰਧ ਸੀ, ਉਨ੍ਹਾਂ ਵਿਚੋਂ ਕੋਈ ਵੀ ਯਾਤਰੀ ਸੇਵਾ (ਨੌਕਰੀ) ਦੇ ਬੰਧਨ ਵਿਚ ਨਹੀਂ ਸੀ। ਹਾਂਗ ਕਾਂਗ ਤੋਂ ਚਲਣ ਤੋਂ ਪਹਿਲਾਂ ਜਹਾਜ਼ ਦੇ ਮੁਸਾਫ਼ਰਾਂ ਲਈ ਖਾਣ-ਪੀਣ ਦੀ ਸਾਮਗਰੀ, ਜਹਾਜ਼ ਲਈ ਕੋਇਲਾ ਅਤੇ ਵਿਉਪਾਰਕ ਦ੍ਰਿਸ਼ਟੀ ਤੋਂ ਕੁਝ ਅਜੇਹਾ ਸਾਮਾਨ ਵੀ ਲਦਿਆ ਗਿਆ ਸੀ ਜਿਸ ਨੂੰ ਕੈਨੇਡਾ ਵਿਚ ਮੁਨਾਫੇ ਤੇ ਵੇਚ ਕੇ ਜਹਾਜ਼ ਦੀਆਂ ਬਕਾਇਦਾ ਕਿਸ਼ਤਾਂ ਤੇ ਹੋਰ ਖਰਚੇ ਪੂਰੇ ਕੀਤੇ ਜਾ ਸਕਦੇ ਸਨ।

ਚਲਣ ਤੋਂ ਪਹਿਲਾਂ ਸਾਰੇ ਮੁਸਾਫ਼ਰ ਹਾਂਗ ਕਾਂਗ ਦੇ ਗੁਰਦੁਆਰੇ ਵਿਚ ਇਕੱਤਰ ਹੋਏ। ਸ਼ਬਦ ਕੀਤਰਨ ਤੋਂ ਮਗਰੋਂ ਅਰਦਾਸਾ ਸੋਧਿਆ ਗਿਆ ਤੇ ਗੁਰੂ ਗ੍ਰੰਥ ਸਾਹਿਬ ਵਿਚੋਂ ਵਾਕ ਲੈ ਕੇ ਮੁਸਾਫ਼ਰ ਜਹਾਜ਼ ਵਿਚ ਸਵਾਰ ਹੋ ਗਏ। ਉਨ੍ਹਾਂ ਨਾਲ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਬੀੜ ਵੀ ਸੀ। ਮੁਸਾਫ਼ਰਾਂ ਦੇ ਮਨ ਵਿਚ ਕੈਨੇਡਾ ਜਾਣ ਦੀ ਖੁਸ਼ੀ ਵੀ ਸੀ ਪਰ ਤੌਖਲਾ ਵੀ ਕਿ ਜੇ ਕੈਨੇਡਾ ਦੇ ਅਧਿਕਾਰੀਆਂ ਨੇ ਉਨ੍ਹਾਂ ਨੂੰ ਦੇਸ਼ ਵਿਚ ਦਾਖਲ ਹੋਣ ਦੀ ਆਗਿਆ ਨਾ ਦਿੱਤੀ ਤਾਂ ਫਿਰ ਕੀ ਹੋਵੇਗਾ। ਗੁਰਦਿੱਤ ਸਿੰਘ ਨੂੰ ਯਕੀਨ ਸੀ ਕਿ ਉਹ ਕੈਨੇਡੀਅਨ ਕਾਨੂੰਨ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰ ਕੇ ਚਲ ਰਹੇ ਸਨ, ਇਸ ਕਰਕੇ ਮੁਸਾਫ਼ਰਾਂ ਦੇ ਦਾਖਲੇ ਤੇ ਪਾਬੰਦੀ ਲਗਣ ਦਾ ਕੋਈ ਸੁਆਲ ਹੀ ਪੈਦਾ ਨਹੀਂ ਸੀ ਹੋ ਸਕਦਾ। ਗੁਰਦਿੱਤ ਸਿੰਘ ਦੇ ਕਾਰਨ ਬਾਕੀ ਮੁਸਾਫ਼ਰਾਂ ਦੇ ਵੀ ਹੌਸਲੇ ਬੁਲੰਦ ਸਨ।

4 ਅਪ੍ਰੈਲ 1914 ਨੂੰ ਹਾਂਗ ਕਾਂਗ ਤੋਂ ਚਲ ਕੇ ਕੋਮਾਗਾਟਾ ਮਾਰੂ 8 ਅਪ੍ਰੈਲ ਨੂੰ ਸ਼ੰਘਾਈ (ਚੀਨ) ਦੀ ਬੰਦਰਗਾਹ ਤੇ ਪਹੁੰਚਿਆ। ਇਥੋਂ 111 ਮੁਸਾਫ਼ਰ ਹੋਰ ਸਵਾਰ ਹੋਏ। 19 ਅਪ੍ਰੈਲ ਨੂੰ ਜਹਾਜ਼ ਮੋਜੀ (ਜਾਪਾਨ) ਦੀ ਬੰਦਰਗਾਹ ਤੇ ਜਾ ਲਗਾ। ਇਹ ਥਾਂ ਨਾਗਾਸਾਕੀ ਤੋਂ 210 ਕਿਲੋਮੀਟਰ ਦੂਰ ਸੀ। ਇਥੋਂ 85 ਭਾਰਤੀ ਹੋਰ ਸਵਾਰ ਹੋਏ ਜੋ ਮਨੀਲਾ (ਫਿਲਪਾਈਨਜ਼) ਅਤੇ ਹੋਰ ਟਾਪੂਆਂ ਤੋਂ ਆ ਕੇ ਇਥੇ ਇੰਤਜ਼ਾਰ ਕਰ ਰਹੇ ਸਨ। ਇਥੋਂ 2000 ਟਨ ਕੋਇਲੇ ਦਾ ਵੀ ਪ੍ਰਬੰਧ ਕੀਤਾ ਗਿਆ ਤਾ ਕਿ ਲੰਮੇ ਸਫ਼ਰ ਵਿਚ ਈਂਧਨ ਦੀ ਥੁੜ ਮਹਿਸੂਸ ਨਾ ਹੋਵੇ। ਸ਼ੰਘਾਈ ਅਤੇ ਮੋਜੀ ਆਦਿ ਬੰਦਰਗਾਹਵਾਂ ਤੇ ਮੁਸਾਫ਼ਰਾਂ ਵਿਚ 'ਗ਼ਦਰ' ਪਰਚੇ ਦੀਆਂ ਕਾਪੀਆਂ ਵੰਡੀਆਂ ਗਈਆਂ। ਮੋਜੀ ਵਿਖੇ ਸ੍ਰ: ਬਲਵੰਤ ਸਿੰਘ ਖੁਰਦਪੁਰ ਨੇ ਜਹਾਜ਼ ਵਿਚ ਆ ਕੇ 2 ਵਾਰ ਗਰਮ ਤਕਰੀਰਾਂ ਕੀਤੀਆਂ। ਇਹ ਬਲਵੰਤ ਸਿੰਘ ਵੈਨਕੂਵਰ ਦੇ ਗੁਰਦੁਆਰੇ ਵਿਖੇ ਗ੍ਰੰਥੀ ਸੀ। ਉੱਚਾ ਲੰਮਾ ਕਦ, ਉਹ ਸੋਹਣੇ ਤੇ ਭਰਵੇਂ ਸਰੀਰ ਵਾਲਾ ਚੁਸਤ ਤੇ ਧੜਲੇਦਾਰ ਵਕਤਾ ਸੀ। ਇਥੋਂ ਚਲ ਕੇ ਜਹਾਜ਼ ਯੋਕੋਹਾਮਾ ਰੁਕਿਆ। ਇਥੇ ਭਾਈ ਭਗਵਾਨ ਸਿੰਘ ਅਤੇ ਜਾਪਾਨ

Digitized by Panjab Digital Library | www.panjabdigilib.org

ਵਿਚ ਰਹਿ ਰਿਹਾ ਗ਼ਦਰੀ ਇਨਕਲਾਬੀ ਮੁਹੰਮਦ ਬਰਕਤੁੱਲਾ ਮੁਸਾਫ਼ਰਾਂ ਨੂੰ ਮਿਲਣ ਆਏ। ਮੁਹੰਮਦ ਬਰਕਤੁੱਲਾ ਯੋਕੋਹਾਮਾ ਯੂਨੀਵਰਸਿਟੀ ਵਿਚ ਪ੍ਰੋਫ਼ੈਸਰ ਸੀ। ਯੋਕੋਹਾਮਾ ਤੋਂ 15 ਮੁਸਾਫ਼ਰ ਹੋਰ ਸਵਾਰ ਹੋਏ। ਇਸ ਤਰ੍ਹਾਂ ਕੋਮਾਗਾਟਾ ਮਾਰੂ ਜਹਾਜ਼ ਵਿਚ ਸਫ਼ਰ ਕਰਨ ਵਾਲੇ ਭਾਰਤੀਆਂ ਦੀ ਸੰਖਿਆ 376 ਹੋ ਚੁਕੀ ਸੀ ਜਿਸ ਵਿਚੋਂ 355 ਸਿੱਖ ਅਤੇ 21 ਪੰਜਾਬੀ ਮੁਸਲਮਾਨ ਸਨ।

ਜਹਾਜ਼ ਵਿਚ ਥੋੜ੍ਹੇ ਜਹੇ ਹੀ ਕੈਬਿਨ (ਕਮਰੇ) ਸਨ ਜਿਨ੍ਹਾਂ ਵਿਚੋਂ ਇਕ ਕੈਬਿਨ ਗੁਰਦਿੱਤ ਸਿੰਘ ਤੇ ਉਸ ਦੇ ਇਕੋ ਇਕ ਲੜਕੇ ਬਲਵੰਤ ਸਿੰਘ ਕੋਲ ਸੀ। ਇਕ ਕਮਰਾ ਡਾਕਟਰ ਰਘੂਨਾਥ ਸਿੰਘ ਤੇ ਉਸਦੀ ਫੈਮਿਲੀ ਕੋਲ ਸੀ। ਇਹ ਡਾਕਟਰ ਹਾਂਗ ਕਾਂਗ ਤੋਂ ਸਵਾਰ ਹੋਇਆ ਸੀ। ਕੁਝ ਹੋਰ ਕਮਰੇ ਸ੍ਰ: ਦਲਜੀਤ ਸਿੰਘ, ਬੀਰ ਸਿੰਘ, ਹਰਨਾਮ ਸਿੰਘ, ਅਮੀਰ ਮੁਹੰਮਦ ਖਾਨ, ਜਹਾਜ਼ ਦੇ ਕਪਤਾਨ ਅਤੇ ਬਾਕੀ ਅਮਲੇ ਦੇ ਲੋਕਾਂ ਕੋਲ ਸਨ। ਮੁਸਾਫ਼ਰਾਂ ਨੇ ਆਪਣਾ ਸਾਮਾਨ ਜਹਾਜ਼ ਦੇ ਹੇਠਲੇ ਹਿੱਸੇ ਵਿਚ ਟਿਕਾਇਆ ਹੋਇਆ ਸੀ ਤੇ ਇੱਥੇ ਹੀ ਰਹਿ ਕੇ ਉਨ੍ਹਾਂ ਨੇ ਆਪਣੇ ਸਫ਼ਰ ਦਾ ਪੰਧ ਮੁਕਾਣਾ ਸੀ।

ਜਹਾਜ਼ ਦੇ ਚਲਣ ਵਾਲੇ ਦਿਨ ਤੋਂ ਹੀ ਕੈਨੇਡਾ ਦੀਆਂ ਅਖ਼ਬਾਰਾਂ ਵਿਚ ਇਨ੍ਹਾਂ ਵਿਰੁੱਧ ਬੜਾ ਜ਼ਹਿਰੀਲਾ ਪ੍ਰਾਪੇਗੰਡਾ ਹੋਣਾ ਸ਼ੁਰੂ ਹੋ ਗਿਆ ਸੀ। ਬ੍ਰਿਟਿਸ਼ ਕੋਲੰਬੀਆ ਦੀ ਪ੍ਰੈਸ ਨੇ ਇਸ ਨੂੰ 'Mounting Oriental Invasion' ਦਾ ਨਾਮ ਦੇ ਕੇ ਇਸ ਤੇ ਰੋਕ ਲਾਉਣ ਲਈ ਜ਼ੋਰ ਦਿੱਤਾ ਸੀ। ਜਹਾਜ਼ ਬੜੀਆਂ ਮੁਸੀਬਤਾਂ ਝਾਗਦਾ ਆਖ਼ਰ 22 ਮਈ 1914 ਨੂੰ ਵਿਕਟੋਰੀਆ ਅਤੇ ਸਨਿਚਰਵਾਰ 23 ਮਈ ਦੀ ਪ੍ਰਭਾਤੇ ਵੈਨਕੂਵਰ (ਕੈਨੇਡਾ) ਦੇ ਸਾਹਮਣੇ ਬੁਰਰਾਡ ਇਨਲੈਟ ਵਿਚ ਜਾ ਪੁਹੰਚਿਆ। ਜਹਾਜ਼ ਨੂੰ ਉਥੇ ਹੀ ਲੰਗਰ ਪਾ ਕੇ ਖੜਾ ਹੋਣ ਲਈ ਕਿਹਾ ਗਿਆ ਸੀ। ਇਨ੍ਹਾਂ ਮੁਸਾਫ਼ਰਾਂ ਦੇ ਰਿਸ਼ਤੇਦਾਰ, ਮਿੱਤਰ ਅਤੇ ਸਥਾਨਕ ਭਾਰਤੀ ਪ੍ਰਵਾਸੀ ਭਾਰੀ ਗਿਣਤੀ ਵਿਚ ਇਨ੍ਹਾਂ ਦਾ ਸੁਆਗਤ ਕਰਨ ਲਈ ਸਮੁੰਦਰ ਦੇ ਕਿਨਾਰੇ ਵੈਨਕੂਵਰ ਦੀ ਬੰਦਰਗਾਹ ਤੇ ਉਡੀਕ ਕਰ ਰਹੇ ਸਨ। ਜਹਾਜ਼ ਦੇ ਮੁਸਾਫ਼ਰ ਆਪਣੀਆਂ ਵਧੀਆ ਤੇ ਸਾਫ ਸੁਥਰੀਆਂ ਪੁਸ਼ਾਕਾਂ ਪਾ ਕੇ ਉਤਰਣ ਲਈ ਤਿਆਰ ਖੜੇ ਸਨ। ਜਹਾਜ਼ ਦੇ ਰੁਕਦਿਆਂ ਹੀ ਕੈਨੇਡਾ ਦੀਆਂ ਅਖ਼ਬਾਰਾਂ ਦੇ ਕਈ ਨੁਮਾਇੰਦੇ ਇਨ੍ਹਾਂ ਮੁਸਾਫ਼ਰਾਂ ਦਾ ਇੰਟਰਵੀਊ ਲੈਣ ਲਈ ਜਹਾਜ਼ ਦੇ ਵਿਚ ਆ ਗਏ। ਇਨ੍ਹਾਂ ਨੂੰ ਮਿਲਣ ਮਗਰੋਂ ਹੀ ਵੈਨਕੂਵਰ ਡੇਲੀ 'ਨਿਊਜ਼ ਐਡਵਰਟਾਈਜ਼ਰ' ਦੇ ਰਿਪੋਰਟਰ ਨੇ ਇਹ ਲਿਖਿਆ ਸੀ ਕਿ 'ਸਾਰੇ ਮੁਸਾਫ਼ਰ ਸਾਫ਼ ਸੁਥਰੇ ਅਤੇ ਚੰਗੀ ਦਿੱਖ ਵਾਲੇ ਹਨ। ਉਨ੍ਹਾਂ ਦੀ ਸੇਹਤ ਅੱਛੀ ਹੈ ਅਤੇ ਉਹ ਵੇਖਣ ਵਿਚ ਖ਼ੂਬਸੂਰਤ ਹਨ।' 'ਦੀ ਵਿਕਟੋਰੀਆ ਟਾਈਮਜ਼' ਦੇ ਰਿਪੋਰਟਰ ਨੇ (23 ਮਈ 1914) ਨੂੰ ਲਿਖਿਆ ਕਿ ਇਨ੍ਹਾਂ ਵਿਚੋਂ ਬਹੁਤੇ ਮੁਸਾਫ਼ਰ ਉਹ ਹਨ ਜੇਹੜੇ ਕਿਸੇ ਨਾ ਕਿਸੇ ਸਮੇਂ ਅੰਗਰੇਜ਼ੀ ਫੌਜ ਵਿਚ ਰਹਿ ਕੇ ਅੰਗਰੇਜ਼ੀ ਹਕੂਮਤ ਦੀ ਸੇਵਾ ਕਰ ਚੁਕੇ ਹਨ। ਉਹ ਉੱਚੇ ਕਦ ਵਾਲੇ ਸੁੰਦਰ ਗਭਰੂ ਹਨ ਤੇ ਉਨ੍ਹਾਂ ਭਾਰਤੀਆਂ ਨਾਲੋਂ ਕਿਤੇ ਚੰਗੇਰੇ ਹਨ ਜੋ ਇਨ੍ਹਾਂ ਤੋਂ ਪਹਿਲਾਂ ਇੱਥੇ ਆ ਕੇ ਵਸ ਚੁਕੇ ਹਨ। ਉਨ੍ਹਾਂ ਨੇ ਪ੍ਰੈਸ ਕੀਤੇ ਹੋਏ ਸਾਫ਼ ਸੁਥਰੇ ਕਪੜੇ ਪਾਏ ਹੋਏ ਹਨ ਤੇ ਉਨ੍ਹਾਂ ਦੀਆਂ ਪੱਗਾਂ ਦਾਗ਼ ਰਹਿਤ ਹਨ। ਉਨ੍ਹਾਂ ਵਿਚੋਂ ਬਹੁਤਿਆਂ ਨੂੰ ਥੋੜ੍ਹੀ ਬਹੁਤ ਅੰਗਰੇਜ਼ੀ ਆਉਂਦੀ ਹੈ, ਪਰ ਕੁਝ ਤਾਂ ਅੰਗਰੇਜ਼ੀ ਵਿਚ ਚੰਗੀ ਗਲਬਾਤ ਕਰ ਸਕਦੇ ਹਨ'। ਮੁਸਾਫ਼ਰ ਬੜੇ ਪ੍ਰਸੰਨ ਚਿੱਤ ਤੇ ਚੜ੍ਹਦੀ ਕਲਾ ਵਿਚ ਨਜ਼ਰ ਆ ਰਹੇ ਸਨ।

ਜਹਾਜ਼ ਦੇ ਬੁਰਾਰਡ ਇਨਲੈਟ (Burrard Inlet, ਵੈਨਕੂਵਰ) ਵਿਚ ਪਹੁੰਚਦਿਆਂ

Digitized by Panjab Digital Library | www.panjabdigilib.org

ਹੀ ਆਵਾਸੀ ਮਹਿਕਮੇ ਦੇ ਅਧਿਕਾਰੀਆਂ ਅਤੇ ਡਾਕਟਰਾਂ ਦੀ ਇਕ ਟੋਲੀ ਜਹਾਜ਼ ਵਿਚ ਆ ਗਈ। ਇਨ੍ਹਾਂ ਅਧਿਕਾਰੀਆਂ ਵਿਚ ਮਿਸਟਰ ਮੈਲਕੋਮ ਰੀਡ ਅਤੇ ਹੋਪਕਿਨਸਨ ਪ੍ਰਮੁੱਖ ਸਨ। ਹੋਪਕਿਨਸਨ ਭਾਰਤ ਦਾ ਜੰਮਪਲ ਸੀ। ਉਹ ਪਹਿਲਾਂ ਕਲਕੱਤਾ ਪੁਲਿਸ ਵਿਚ ਇਨਸਪੈਕਟਰ ਰਹਿ ਚੁਕਾ ਸੀ ਤੇ ਫਿਰ ਉਸ ਨੇ ਕੈਨੇਡਾ ਪਹੁੰਚ ਕੇ ਆਵਾਸ ਵਿਭਾਗ ਵਿਚ ਨੌਕਰੀ ਕਰ ਲਈ ਸੀ। ਉਹ ਭਾਰਤ ਦੀਆਂ ਕਈ ਦੇਸੀ ਭਾਸ਼ਾਵਾਂ ਚੰਗੀ ਤਰ੍ਹਾਂ ਬੋਲ ਅਤੇ ਸਮਝ ਸਕਦਾ ਸੀ। ਕੈਨੇਡਾ ਵਿਚ ਰਹਿ ਰਹੇ ਪ੍ਰਵਾਸੀਆਂ ਵਿਚ ਉਹ ਬੜਾ ਜ਼ਾਲਮ ਅਤੇ ਸਖ਼ਤ ਅਫ਼ਸਰ ਕਰਕੇ ਜਾਣਿਆ ਜਾਂਦਾ ਸੀ। ਗੁਰਦਿੱਤ ਸਿੰਘ ਵੀ ਹਾਂਗਕਾਂਗ ਵਿਚ ਰਹਿੰਦਿਆਂ ਤੇ ਕੈਨੇਡਾ ਤੋਂ ਵਾਪਸ ਆਉਣ ਵਾਲੇ ਭਾਰਤੀਆਂ ਕੋਲੋਂ ਉਸ ਬਾਰੇ ਕਾਫ਼ੀ ਕੁਝ ਸੁਣ ਚੁਕਾ ਸੀ। ਵੈਨਕੂਵਰ ਵਿਚ ਰਹਿ ਰਿਹਾ ਇਕ ਭਾਰਤੀ ਨਾਗਰਿਕ ਬੇਲਾ ਸਿੰਘ, ਸਰਕਾਰੀ ਮੁਖਬਰ ਵਜੋਂ, ਉਸ ਨੂੰ ਭਾਰਤੀ ਮੂਲ ਦੇ ਲੋਕਾਂ ਦੀਆਂ ਕਈ ਗੁੱਪਤ ਖਬਰਾਂ ਪਹੁੰਚਾਇਆ ਕਰਦਾ ਸੀ।

ਪ੍ਰਵਾਸੀ ਮਹਿਕਮੇ ਦੇ ਡਾਕਟਰਾਂ ਨੇ ਮੁਸਾਫ਼ਰਾਂ ਦਾ ਮੁਆਇਨਾਂ ਕਰਨ ਮਗਰੋਂ 90 ਯਾਤਰੀਆਂ ਨੂੰ ਅਨਫਿਟ (Unfit) ਘੋਸ਼ਿਤ ਕਰ ਦਿੱਤਾ। ਇਸ ਮਗਰੋਂ ਸਰਕਾਰੀ ਅਧਿਕਾਰੀਆਂ ਨੇ ਪਹਿਲਾਂ ਤੋਂ ਹੀ ਨਿਸਚਿਤ ਕੀਤੀ ਨੀਤੀ ਦੇ ਆਧਾਰ ਤੇ ਬਾਕੀ ਮੁਸਾਫ਼ਰਾਂ ਨੂੰ ਸਾਫ਼ ਤੇ ਸਪਸ਼ਟ ਸ਼ਬਦਾਂ ਵਿਚ ਕਹਿ ਦਿੱਤਾ ਕਿ ਉਨ੍ਹਾਂ ਨੂੰ ਕੈਨੇਡਾ ਵਿਚ ਦਾਖ਼ਲ ਹੋਣ ਦਾ ਕੋਈ ਅਧਿਕਾਰ ਨਹੀਂ। ਆਖ਼ਰ ਉਹੀ ਹੋਇਆ ਜਿਸਦਾ ਮੁਸਾਫ਼ਰਾਂ ਨੂੰ ਤੌਖ਼ਲਾ ਸੀ। ਸਾਰੀਆਂ ਸ਼ਰਤਾਂ ਪੂਰੀਆਂ ਕਰਕੇ ਆਏ ਹੋਣ ਦੇ ਬਾਵਜੂਦ ਵੀ ਅੰਗਰੇਜ਼ਾਂ ਦੀ 'ਨਿਆਂਸ਼ੀਲ ਸਰਕਾਰ' ਉਨ੍ਹਾਂ ਨਾਲ ਇਨਸਾਫ਼ ਕਰਨ ਨੂੰ ਤਿਆਰ ਨਹੀਂ ਸੀ। ਜਿਸ ਜਾਪਾਨੀ ਕੰਪਨੀ ਕੋਲੋਂ ਜਹਾਜ਼ ਕਿਰਾਏ ਤੇ ਲਿਆ ਗਿਆ ਸੀ ਉਸਦੇ ਏਜੰਟਾਂ ਵਲੋਂ ਵੀ ਗੁਰਦਿੱਤ ਸਿੰਘ ਤੇ ਦਬਾ ਪਾਇਆ ਜਾ ਰਿਹਾ ਸੀ ਕਿ ਉਹ ਜਹਾਜ਼ ਦੀਆਂ ਬਕਾਇਆ ਕਿਸ਼ਤਾਂ ਨੂੰ ਹੁਣੇ ਹੀ ਤਾਰ ਦੇਵੇ ਨਹੀਂ ਤਾਂ ਜਹਾਜ਼ ਵਾਪਸ ਹਾਂਗ ਕਾਂਗ ਭੇਜ ਦਿੱਤਾ ਜਾਵੇਗਾ। ਆਵਾਸੀ ਵਿਭਾਗ ਨੇ ਇਹ ਚਾਲ ਵੀ ਇਸ ਕਰਕੇ ਚਲੀ ਸੀ ਕਿ ਇਸ ਤਰ੍ਹਾਂ ਉਹ ਬਦਨਾਮ ਵੀ ਨਹੀਂ ਹੋਣਗੇ ਤੇ ਉਨ੍ਹਾਂ ਨੂੰ ਮੁਸਾਫ਼ਰਾਂ ਦੇ ਰੋਕਣ ਲਈ ਕਾਨੂੰਨੀ ਨੁਕਤਾ ਵੀ ਮਿਲ ਜਾਵੇਗਾ ਕਿ ਜਹਾਜ਼ ਦੇ ਪ੍ਰਬੰਧਕਾਂ ਵਲੋਂ ਜਹਾਜ਼ ਦੀਆਂ ਬਕਾਇਆ ਕਿਸ਼ਤਾਂ ਨਾ ਦੇ ਸਕਣ ਕਾਰਨ ਜਹਾਜ਼ ਵਾਪਸ ਭੇਜਿਆ ਜਾ ਰਿਹਾ ਹੈ।

ਜਦੋਂ ਇਸ ਗੱਲ ਦਾ ਪਤਾ ਵੈਨਕੂਵਰ ਵਿਚ ਰਹਿ ਰਹੇ ਭਾਰਤੀਆਂ ਨੂੰ ਲਗਾ ਤਾਂ ਉਨ੍ਹਾਂ ਨੇ ਪੰਜ ਮੈਂਬਰਾਂ ਦੀ ਇਕ ਸ਼ੋਰ ਕਮੇਟੀ (Shore Committee) ਦਾ ਗਠਨ ਕੀਤਾ ਤੇ ਜਹਾਜ਼ ਦਾ ਪਟਾ ਅਪਣੇ ਨਾਮ ਕਰਵਾ ਲਿਆ ਤਾਂ ਜੋ ਜਹਾਜ਼ ਵਿਚ ਯਾਤਰਾ ਕਰਕੇ ਆਏ ਇਨ੍ਹਾਂ ਮੁਸਾਫ਼ਰਾਂ ਦੇ ਕੇਸ ਨੂੰ ਕਚਿਹਰੀ ਵਿਚ ਲਿਜਾ ਕੇ ਲੜਿਆ ਜਾ ਸਕੇ। ਸ਼ੋਰ ਕਮੇਟੀ ਦੇ ਮੈਂਬਰ ਸਨ - ਸ੍ਰ: ਭਾਗ ਸਿੰਘ, ਬਲਵੰਤ ਸਿੰਘ, ਸੋਹਨ ਸਿੰਘ, ਉਮਰਾਉ ਸਿੰਘ ਤੇ ਹੁਸੈਨ ਰਹੀਮ। ਇਨ੍ਹਾਂ ਨੇ ਗੁਰਦੁਆਰੇ ਵਿਚ ਅਪੀਲ ਕਰਕੇ ਪੈਸਾ ਵੀ ਇਕੱਠਾ ਕਰ ਲਿਆ ਅਤੇ ਜਹਾਜ਼ ਦੀਆਂ ਆਖ਼ਰੀ ਦੋ ਕਿਸ਼ਤਾਂ, ਜੇਹੜੀਆਂ 22,000 ਡਾਲਰ ਬਣਦੀਆਂ ਸਨ, ਕੰਪਨੀ ਦੇ ਏਜੰਟਾਂ ਨੂੰ ਦੇ ਕੇ ਪਿਛਲਾ ਹਿਸਾਬ ਖ਼ਤਮ ਕਰ ਦਿੱਤਾ। ਉਨ੍ਹਾਂ ਨੇ ਮੁਸਾਫ਼ਰਾਂ ਦਾ ਮੁਕੱਦਮਾ ਲੜਣ ਲਈ ਕਾਨੂੰਨੀ ਸਲਾਹਕਾਰ ਮਿਸਟਰ ਜੇ ਐਡਵਰਡ ਬਰਡ ਦੀਆਂ ਸੇਵਾਵਾਂ ਹਾਸਲ ਕੀਤੀਆਂ। ਜਹਾਜ਼ ਦੋ ਮਹੀਨੇ ਤਕ ਸਮੁੰਦਰ ਦੇ ਪਾਣੀਆਂ ਵਿਚ ਹੀ ਖੜਾ ਰਿਹਾ। ਨਾ ਤਾਂ ਕਾਨੂੰਨੀ ਸਲਾਹਕਾਰਾਂ ਨੂੰ, ਤੇ ਨਾ ਹੀ ਇਨ੍ਹਾਂ ਮੁਸਾਫ਼ਰਾਂ ਦੇ ਰਿਸ਼ਤੇਦਾਰਾਂ ਜਾਂ ਮਿੱਤਰਾਂ ਨੂੰ ਜਹਾਜ਼ ਵਿਚ ਜਾਣ ਦੀ ਆਗਿਆ ਦਿੱਤੀ

Digitized by Panjab Digital Library | www.panjabdigilib.org

ਗਈ। ਜਿਉਂ-ਜਿਉਂ ਦਿਨ ਬੀਤਦੇ ਜਾ ਰਹੇ ਸਨ ਮੁਸਾਫ਼ਰਾਂ ਦੀਆਂ ਤਕਲੀਫਾਂ ਤੇ ਗੁੱਸਾ ਵੱਧਦਾ ਜਾ ਰਿਹਾ ਸੀ। ਜਿਤਨਾ ਕੁ ਰਾਸ਼ਨ ਲੈ ਕੇ ਉਹ ਹਾਂਗ ਕਾਂਗ ਤੋਂ ਚਲੇ ਸਨ, ਹੁਣ ਤਕ ਉਹ ਵੀ ਤਕਰੀਬਨ ਮੁਕ ਚੁਕਾ ਸੀ। ਜਹਾਜ਼ ਦੇ ਕਈ ਮੁਸਾਫ਼ਰ ਬੀਮਾਰ ਹੋ ਚੁਕੇ ਸਨ ਪਰ ਉਨ੍ਹਾਂ ਨੂੰ ਡਾਕਟਰੀ ਸਹੂਲਤਾਂ ਵੀ ਮੁਹੀਆ ਨਹੀਂ ਸਨ ਕੀਤੀਆਂ ਗਈਆਂ।

ਮਿਸਟਰ ਬਰਡ ਦੁਆਰਾ ਲੜੇ ਜਾ ਰਹੇ ਕੇਸ ਦਾ ਫੈਸਲਾ 7 ਜੁਲਾਈ 1914 ਨੂੰ ਸੁਣਾ ਦਿੱਤਾ ਗਿਆ। ਇਹ ਕੈਸਾ ਇਨਸਾਫ਼ ਸੀ ਕਿ ਕੇਸ ਲੜਣ ਵਾਲੇ ਵਕੀਲ ਨੂੰ ਅਪਣੇ ਮੁਵਕੱਲਾਂ ਨਾਲ ਮੁਲਾਕਾਤ ਤਕ ਨਹੀਂ ਸੀ ਕਰਨ ਦਿੱਤੀ ਗਈ! ਫੈਸਲੇ ਵਿਚ ਯਾਤਰੂਆਂ ਨੂੰ ਜਹਾਜ਼ ਵਾਪਸ ਲੈ ਜਾਣ ਦੇ ਆਦੇਸ਼ ਦਿੱਤੇ ਗਏ ਸਨ। ਗੁਰਦਿੱਤ ਸਿੰਘ ਨੇ ਇਕ ਤਾਰ ਇੰਗਲੈਂਡ ਦੇ ਸ਼ਹਿਨਸ਼ਾਹ ਨੂੰ ਭੇਜੀ ਸੀ ਜਿਸ ਤੋਂ ਮੁਸਾਫ਼ਰਾਂ ਦੀ ਉਸ ਸਮੇਂ ਦੀ ਹਾਲਤ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਗੁਰਦਿੱਤ ਸਿੰਘ ਨੇ ਲਿਖਿਆ ਸੀ ਕਿ 'ਸਾਡੇ ਕੋਲ ਚਾਰ ਦਿਨਾਂ ਤੋਂ ਕੋਈ ਰਸਦ ਨਹੀਂ, ਅਧਿਕਾਰੀ ਕੁਝ ਵੀ ਦੇਣ ਤੋਂ ਇਨਕਾਰ ਕਰ ਰਹੇ ਹਨ, ਸਾਨੂੰ ਕੈਦੀਆਂ ਵਾਂਗ ਰਖਿਆ ਗਿਆ ਹੈ।' ਬੇਸ਼ਕ ਮੁਸਾਫ਼ਰਾਂ ਨੇ ਇਨਸਾਫ਼ ਲੈਣ ਲਈ ਥਾਂ ਥਾਂ ਤੇ ਦਰਵਾਜ਼ੇ ਖਟਖਟਾਏ ਸਨ ਪਰ ਉਨ੍ਹਾਂ ਨੂੰ ਨਿਆਂ ਕਿਸੇ ਜਗ੍ਹਾ ਤੋਂ ਵੀ ਨਹੀਂ ਸੀ ਮਿਲਿਆ। ਕਚਿਹਰੀ ਦੇ ਫੈਸਲੇ ਮਗਰੋਂ ਗੁਰਦਿੱਤ ਸਿੰਘ ਨੇ ਇਹ ਮੰਗ ਕੀਤੀ ਕਿ ਉਨ੍ਹਾਂ ਨੂੰ ਮੁਸਾਫ਼ਰਾਂ ਦੇ ਖਾਣ-ਪੀਣ ਲਈ ਲੋੜੀਂਦੀ ਸਮਗੱਰੀ ਦੇ ਦਿੱਤੀ ਜਾਵੇ, ਉਹ ਜਹਾਜ਼ ਵਾਪਸ ਲੈ ਜਾਣਗੇ। ਆਵਾਸ ਅਧਿਕਾਰੀਆਂ ਨੇ ਇਸ ਗੱਲ ਤੋਂ ਵੀ ਇਨਕਾਰ ਕਰ ਦਿੱਤਾ ਤੇ 18 ਜੁਲਾਈ 1914 ਨੂੰ 'ਸੀ ਲਾਇਨ' (Sea Lion) ਨਾਂ ਦੀ ਇਕ ਵੱਡੀ ਕਿਸ਼ਤੀ ਕੈਨੇਡਾ ਸਰਕਾਰ ਦੇ ਆਦੇਸ਼ਾਂ ਦੀ ਪਾਲਣਾ ਕਰਵਾਉਣ ਲਈ ਕੋਮਾਗਾਟਾ ਮਾਰੂ ਜਹਾਜ਼ ਵਲ ਭੇਜ ਦਿੱਤੀ। ਇਸ ਵਿਚ 105 ਸਿਪਾਹੀ, ਪੁਲਿਸ ਦਾ ਮੁਖੀ ਤੇ 4 ਇੰਸਪੈਕਟਰ ਸਵਾਰ ਸਨ। ਪੁਲਿਸ ਨੇ ਜ਼ਬਰਦਸਤੀ ਕੋਮਾਗਾਟਾ ਮਾਰੂ ਜਹਾਜ਼ ਤੇ ਚੜ੍ਹਣਾ ਅਤੇ ਉਸ ਤੇ ਕਬਜ਼ਾ ਕਰਨਾ ਚਾਹਿਆ। ਮੁਸਾਫ਼ਰ ਪਹਿਲਾਂ ਹੀ ਦੁਖੀ ਅਤੇ ਪ੍ਰੇਸ਼ਾਨ ਸਨ। ਉਨ੍ਹਾਂ ਨੇ ਜਹਾਜ਼ ਦੇ ਉਪਰੋਂ ਹੀ ਜਲਦੇ ਬਲਦੇ ਕੋਲੇ ਤੇ ਹੋਰ ਟੁੱਟਾ ਫੁੱਟਾ ਸਾਮਾਨ Sea Lion ਅਤੇ ਸਿਪਾਹੀਆਂ ਤੇ ਸੁੱਟਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਆਪਣੇ ਜਹਾਜ਼ ਦੇ ਕਪਤਾਨ ਨੂੰ ਵੀ ਕੈਬਿਨ ਵਿਚ ਬੰਦ ਕਰ ਕੇ ਕਹਿ ਦਿੱਤਾ ਕਿ ਜਹਾਜ਼ ਉਤਨੀ ਦੇਰ ਤਕ ਵਾਪਸ ਨਹੀਂ ਜਾਵੇਗਾ ਜਦੋਂ ਤਕ ਕਿ ਉਨ੍ਹਾਂ ਨੂੰ ਸਫ਼ਰ ਲਈ ਲੁੜੀਂਦਾ ਰਾਸ਼ਨ ਤੇ ਹੋਰ ਸਮਗੱਰੀ ਨਹੀਂ ਮਿਲ ਜਾਂਦੀ। ਇਸ 'ਲੜਾਈ' ਵਿਚ 2,3 ਯਾਤਰੀ ਅਤੇ ਕੁਝ ਪੁਲਿਸ ਕਰਮਚਾਰੀ ਜ਼ਖਮੀ ਹੋ ਗਏ। ਸਰਕਾਰ ਨੇ ਮੁਸਾਫ਼ਰਾਂ ਵਿਰੁੱਧ ਕੋਈ ਸਖ਼ਤ ਕਦਮ ਚੁਕਣ ਲਈ 20 ਜੁਲਾਈ 1914 ਨੂੰ 3600 ਟਨ ਭਾਰਾ ਜੰਗੀ ਜਹਾਜ਼ 'ਰੇਨ-ਬੋ' (Rainbow) ਕੋਮਾਗਾਟਾ ਮਾਰੂ ਵਾਲੇ ਪਾਸੇ ਰਵਾਨਾ ਕਰ ਦਿੱਤਾ। ਇਹ ਜਹਾਜ਼ ਚਵ੍ਹਾਂ ਪਾਸਿਉਂ ਤੋਪਾਂ ਨਾਲ ਲੈਸ ਸੀ। ਵੈਨਕੂਵਰ ਵਿਚ ਵਸਦੇ ਭਾਰਤੀ ਇਹ ਸਭ ਕੁਝ ਬੜੀ ਨਿਰਾਸਤਾ ਅਤੇ ਬੇਬਸੀ ਨਾਲ ਵੇਖ ਰਹੇ ਸਨ ਪਰ ਕੁਝ ਕਰ ਸਕਣ ਤੋਂ ਮਜਬੂਰ ਸਨ। ਜਹਾਜ਼ ਦੇ ਸੈਨਿਕ ਕਮਾਂਡਰ ਨੇ ਕੋਮਾਗਾਟਾ ਮਾਰੂ ਦੇ ਮੁਸਾਫ਼ਰਾਂ ਨੂੰ ਸੁਨੇਹਾ ਭੇਜਿਆ ਕਿ, "ਐ ਅਣ ਬੁਲਾਏ ਭਾਰਤੀਓ, ਸਾਡੇ ਕਿਨਾਰੇ ਨੂੰ ਛੱਡ ਦਿਉ, ਨਹੀਂ ਤਾਂ ਅਸੀਂ ਗੋਲੀ ਚਲਾ ਦੇਵਾਂਗੇ'। ਇਸਦੇ ਉੱਤਰ ਵਿਚ ਜਹਾਜ਼ ਦੇ ਯਾਤਰੀਆਂ ਨੇ ਕਿਹਾ ਕਿ ਜੇ ਕੈਨੇਡਾ ਦੀ ਸਰਕਾਰ ਉਨ੍ਹਾਂ ਨੂੰ ਸਫ਼ਰ ਲਈ ਰਸਦ ਆਦਿ ਦੇ ਦੇਵੇ ਤਾਂ ਜਹਾਜ਼ ਚਲ ਪਵੇਗਾ ਨਹੀਂ ਤਾਂ ਤੁਸੀਂ ਗੋਲੀ ਚਲਾਉ, ਅਸੀਂ ਡੂੰਘੇ ਪਾਣੀਆਂ ਵਿਚ ਡੁੱਬਣ ਨਾਲੋਂ ਮੌਤ ਨੂੰ ਵਧੇਰੇ ਤਰਜੀਹ ਦਿੰਦੇ ਹਾਂ'। ਇਸ ਦੁੱਖ ਭਰੀ ਸਥਿਤੀ ਨੇ ਕੈਨੇਡਾ ਵਿਚ ਰਹਿ ਰਹੇ ਭਾਰਤੀਆਂ ਦੇ ਦਿਲ

Digitized by Panjab Digital Library | www.panjabdigilib.org

ਹਿਲਾ ਕੇ ਰੱਖ ਦਿੱਤੇ।

21 ਜੁਲਾਈ 1914 ਦੀ ਸ਼ਾਮ ਨੂੰ ਵੈਨਕੂਵਰ ਗੁਰਦੁਆਰੇ ਵਿਚ ਇਕ ਇਕੱਠ ਹੋਇਆ ਜਿਸ ਵਿਚ ਇਹ ਮਤਾ ਪਾਸ ਕੀਤਾ ਗਿਆ ਕਿ ਜੇ ਕੋਮਾਗਾਟਾ ਮਾਰੂ ਜਹਾਜ਼ ਦੇ ਮੁਸਾਫ਼ਰਾਂ ਉੱਤੇ ਗੋਲੀ ਚਲਾਉਣ ਜਾਂ ਉਨ੍ਹਾਂ ਨੂੰ ਮਾਰ ਦੇਣ ਦੀ ਕੋਈ ਵੀ ਕਾਰਵਾਈ ਕੀਤੀ ਗਈ ਤਾਂ ਉਹ ਸਾਰੇ ਸ਼ਹਿਰ (ਵੈਨਕੂਵਰ) ਨੂੰ ਅੱਗ ਲਾ ਕੇ ਸੁਆਹ ਕਰ ਦੇਣਗੇ। ਭਾਰਤੀ ਪ੍ਰਵਾਸੀਆਂ ਵਿਚ ਇਹੋ ਜਹੇ ਜੋਸ਼ ਅਤੇ ਸੰਭਾਵਿਤ ਗੜਬੜੀ ਦੇ ਸ਼ੰਕੇ ਨੂੰ ਵੇਖਦਿਆਂ ਕੈਨੇਡੀਅਨ ਸਰਕਾਰ ਨੇ ਮੁਸਾਫ਼ਰਾਂ ਨੂੰ ਰਸਦ ਪਾਣੀ ਦੇਣਾ ਸਵੀਕਾਰ ਕਰ ਲਿਆ। ਉਨ੍ਹਾਂ ਨੂੰ ਵਾਪਸ ਪਰਤਣ ਅਤੇ ਰਾਹ ਦੇ ਸਫ਼ਰ ਲਈ ਜੋ ਸਮਾਨ ਦਿੱਤਾ ਗਿਆ ਉਹ ਬਹੁਤ ਥੋੜ੍ਹਾ ਸੀ। ਹੇਠ ਲਿਖਿਆ ਇਹ ਸਾਮਾਨ 355 ਮੁਸਾਫ਼ਰਾਂ ਲਈ ਸੀ ਜੋ ਅਜੇ ਤਕ ਜਹਾਜ਼ ਵਿਚ ਸਵਾਰ ਸਨ :

800 ਬੋਰੀ ਆਟਾ, 3 ਬੋਰੀ ਵੇਸਨ, 70 ਮਨ ਦਾਲਾਂ, 75 ਮਨ ਖੰਡ, 60 ਮਨ ਆਲੂ, 20 ਬੋਰੀ ਪਿਆਜ਼, 10 ਬੋਰੀ ਗਾਜਰਾਂ, ਸਾਢੇ ਪੰਜ ਮਨ ਮਿਰਚਾਂ, 75 ਮਨ ਮਖੱਣ, 25 ਮਨ ਚਾਵਲ, ਸਵਾ ਮਨ ਲੂਣ, 700 ਪੌਂਡ ਚਾਹ, 10 ਬਕਸੇ ਸਾਬਨ, 250 ਪੇਟੀਆਂ ਦੁੱਧ ਦੇ ਡੱਬੇ, ਸਾਢੇ ਛੇ ਮਨ ਅਚਾਰ, 3 ਬੋਰੀ ਅਧਰਕ, 200 ਬੋਤਲਾਂ ਸਿਰਕਾ, 1000 ਸ਼ੀਸ਼ੀ ਸਿਰ ਨੂੰ ਲਾਣ ਵਾਲਾ ਤੇਲ, ਇਕ ਬਕਸਾ ਮਾਚਸ, 10 ਟਨ ਲਕੜਾਂ ਤੇ ਕੁਝ ਮਿੱਟੀ ਦਾ ਤੇਲ।

ਕੋਮਾਗਾਟਾ ਮਾਰੂ ਜਹਾਜ਼ 23 ਜੁਲਾਈ 1914 ਨੂੰ ਵੈਨਕੂਵਰ ਤੋਂ ਵਾਪਸੀ ਸਫ਼ਰ ਲਈ ਚਲ ਪਿਆ। ਇਸ ਵਿਚੋਂ ਕੇਵਲ 21 ਮੁਸਾਫ਼ਰ ਹੀ ਕੈਨੇਡਾ ਉਤਰਨ ਵਿਚ ਸਫ਼ਲ ਹੋ ਸਕੇ ਸਨ ਜਿਨ੍ਹਾਂ ਨੇ ਇਹ ਪ੍ਰਮਾਣ ਪੱਤਰ ਪੇਸ਼ ਕਰ ਦਿੱਤੇ ਸਨ ਕਿ ਉਹ ਕੈਨੇਡਾ ਦੇ ਹੀ ਰਹਿਣ ਵਾਲੇ ਸਨ ਤੇ ਕੁਝ ਸਮੇਂ ਲਈ ਭਾਰਤ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਲਈ ਗਏ ਹੋਏ ਸਨ। ਹੁਣ ਵਾਪਸੀ ਸਫ਼ਰ ਲਈ ਜਹਾਜ਼ ਵਿਚ 355 ਮੁਸਾਫ਼ਰ ਸਨ ਜੇਹੜੇ ਕਿ ਗੋਰੀ ਸਰਕਾਰ ਦੇ 'ਇਨਸਾਫ਼' ਅਤੇ 'ਨਿਯਾਂ-ਪ੍ਰਿਯ' ਹੋਣ ਦੀ ਸਹੀ ਤਸਵੀਰ ਅਖੀਂ ਵੇਖ ਚੁਕੇ ਸਨ।

16 ਅਗਸਤ 1914 ਨੂੰ ਇਹ ਜਹਾਜ਼ ਯੋਕੋਹਾਮਾ (ਜਾਪਾਨ) ਪੁੱਜਾ ਤੇ ਫਿਰ ਕੁਝ ਦਿਨਾਂ ਮਗਰੋਂ ਹਾਂਗ ਕਾਂਗ ਦੀ ਬੰਦਰਗਾਹ ਤੇ ਆ ਲੱਗਾ। ਯੋਕੋਹਾਮਾ ਪਹੁਚੰਣ ਤੇ ਗ਼ਦਰ ਪਾਰਟੀ ਦਾ ਪ੍ਰਧਾਨ ਸੋਹਨ ਸਿੰਘ ਭਕਨਾ, ਬਾਬਾ ਗੁਰਦਿੱਤ ਸਿੰਘ ਅਤੇ ਜਹਾਜ਼ ਦੇ ਮੁਸਾਫ਼ਰਾਂ ਨੂੰ ਜਹਾਜ਼ ਵਿਚ ਮਿਲਣ ਆਇਆ। ਉਸਨੇ ਨਾ ਸਿਰਫ਼ ਇਨ੍ਹਾਂ ਮੁਸਾਫ਼ਰਾਂ ਵਿਚ 'ਗ਼ਦਰ' ਦੀਆਂ ਕਾਪੀਆਂ ਹੀ ਵੰਡੀਆਂ ਸਗੋਂ ਦੋ ਬਕਸੇ ਪਸਤੌਲਾਂ ਅਤੇ ਭਾਰੀ ਮਾਤਰਾ ਵਿਚ ਕਾਰਤੂਸ ਵੀ ਦਿੱਤੇ ਜਿਨ੍ਹਾਂ ਨੂੰ ਭਾਰਤ ਪਹੁੰਚਣ ਤੇ ਅੰਗਰੇਜ਼ਾਂ ਵਿਰੁੱਧ ਸ਼ੁਰੂ ਕੀਤੇ ਜਾਣ ਵਾਲੇ ਗ਼ਦਰ ਵਿਚ ਵਰਤਿਆ ਜਾਣਾ ਸੀ। ਸੋਹਣ ਸਿੰਘ ਭਕਨਾ 21 ਜੁਲਾਈ 1914 ਨੂੰ ਸਾਨਫ੍ਰਾਂਸਿਸਕੋ ਤੋਂ ਚਲਿਆ ਸੀ। ਉਹ ਕੋਮਾਗਾਟਾ ਮਾਰੂ ਦੇ ਯੋਕੋਹਾਮਾ ਪਹੁੰਚਣ ਤੋਂ ਪਹਿਲਾਂ ਇੱਥੇ ਪਹੁੰਚ ਚੁਕਾ ਸੀ। ਜਹਾਜ਼ ਦੇ ਵੈਨਕੂਵਰ ਤੋਂ ਚਲਣ ਦੇ ਕੁਝ ਦਿਨ ਮਗਰੋਂ ਹੀ ਵਿਸ਼ਵ ਦੀ ਪਹਿਲੀ ਵਡੀ ਜੰਗ ਸ਼ੁਰੂ ਹੋ ਚੁਕੀ ਸੀ। ਇੰਗਲੈਂਡ ਦੀ ਸਰਕਾਰ ਨੇ ਆਪਣੇ ਅਧੀਨ ਦੇਸ਼ਾਂ ਵਿਚ ਆਪਣੇ ਅਧਿਕਾਰੀਆਂ ਨੂੰ ਵਿਸ਼ੇਸ਼ ਅਧਿਕਾਰ ਦੇ ਕੇ ਉਨ੍ਹਾਂ ਨੂੰ ਸਪਸ਼ਟ ਤੌਰ ਤੇ ਕਹਿ ਦਿੱਤਾ ਸੀ ਕਿ ਜਿੱਥੇ ਕਿਤੇ ਵੀ ਬਗ਼ਾਵਤ ਦੀ ਕੋਈ ਸੰਭਾਵਨਾ ਨਜ਼ਰ ਆਵੇ ਉਸ ਨੂੰ ਸਖ਼ਤੀ ਨਾਲ ਕੁਚਲ ਦਿੱਤਾ ਜਾਵੇ। ਬਾਹਰੋਂ ਪਰਤ ਰਹੇ ਭਾਰਤੀਆਂ ਤੇ ਵੀ ਕਰੜੀ ਨਿਗਰਾਨੀ ਰਖੀ ਜਾ ਰਹੀ ਸੀ।

Digitized by Panjab Digital Library | www.panjabdigilib.org

ਹਾਂਗ ਕਾਂਗ ਪੁੱਜ ਕੇ ਮੁਸਾਫ਼ਰਾਂ ਨੇ ਇੱਥੇ ਉਤਰਨਾ ਚਾਹਿਆ ਪਰ ਅਧਿਕਾਰੀਆਂ ਨੇ ਉਨ੍ਹਾਂ ਨੂੰ ਉਤਰਨ ਦੀ ਆਗਿਆ ਨਾ ਦਿੱਤੀ। ਨਿਰਾਸ ਹੋ ਕੇ ਮੁਸਾਫ਼ਰ ਸਿੰਘਾਪੁਰ ਲਈ ਚਲ ਪਏ। ਇੱਥੇ ਗੁਰਦਿੱਤ ਸਿੰਘ ਕਈ ਸਾਲ ਤਕ ਠੇਕੇਦਾਰੀ ਕਰਦਾ ਰਿਹਾ ਸੀ। ਪਰ ਇੱਥੇ ਵੀ ਉਨ੍ਹਾਂ ਨੂੰ ਉਤਰਨ ਦੀ ਆਗਿਆ ਨਾ ਦਿੱਤੀ ਗਈ ਤੇ ਅਖ਼ੀਰ ਮਜਬੂਰ ਹੋ ਕੇ ਜਹਾਜ਼ ਨੂੰ ਕਲਕੱਤੇ ਦੀ ਬੰਦਰਗਾਹ ਵਲ ਰਵਾਨਾ ਹੋਣਾ ਪਿਆ। 26 ਸਤੰਬਰ 1917 ਨੂੰ ਕੋਮਾਗਾਟਾ ਮਾਰੂ ਕਿਲਪੀ (ਕਲਕੱਤੇ ਦੇ ਨੇੜੇ) ਪਹੁੰਚਿਆ। ਇਥੋਂ ਕਲਕੱਤੇ ਦਾ ਮੁੱਖ ਨਗਰ ਥੋੜੀ ਹੀ ਦੂਰ ਰਹਿ ਗਿਆ ਸੀ। ਕਿਲਪੀ ਪਹੁੰਚ ਕੇ ਮੁਸਾਫ਼ਰਾਂ ਦੀ ਤਲਾਸ਼ੀ ਲਈ ਗਈ। ਇਹ ਤਲਾਸ਼ੀ ਅਗਲੇ ਦੋ ਦਿਨ ਵੀ ਜਾਰੀ ਰਹੀ ਅਤੇ 29 ਸਤੰਬਰ 1914 ਨੂੰ ਜਹਾਜ਼ ਕਲਕੱਤੇ ਤੋਂ 17 ਮੀਲ ਦੂਰ ਸਵੇਰ ਦੇ 10:30 ਵਜੇ ਬੱਜ ਬੱਜ ਦੇ ਘਾਟ ਤੇ ਜਾ ਲੱਗਾ। ਸੈਡੀਸ਼ਨ ਕਮੇਟੀ ਰਿਪੋਰਟ 1918 ਅਤੇ ਹੋਮ ਡਿਪਾਰਟਮੈਂਟ 1914 ਦੀਆਂ proceedings ਵਿਚ ਕਿਹਾ ਗਿਆ ਹੈ ਕਿ The Government was acting under the provisions of the recently-enacted ordinances; for example, the Government of India had passed a Foreigners' Ordinance on 29th August in order to prevent the entry of undesirable aliens into India. On the 5th September, they had followed up this measure by Ingress Ordinance designed to control the movements of returning emigrants of the 'Ghadar persuation'. ਵਾਪਸ ਪਰਤ ਰਹੇ ਮੁਸਾਫ਼ਰਾਂ ਨੂੰ ਇਨ੍ਹਾਂ ਕਾਨੂੰਨਾਂ ਬਾਰੇ ਕੁਝ ਪਤਾ ਨਹੀਂ ਸੀ ਕਿਉਂਕਿ ਜਦੋਂ ਇਹ ਕਾਨੂੰਨ ਪਾਸ ਕੀਤੇ ਗਏ ਉਦੋਂ ਕੋਮਾਗਾਟਾ ਮਾਰੂ ਵਾਪਸੀ ਸਫ਼ਰ ਲਈ ਸ਼ਾਂਤ ਮਹਾਂਸਾਗਰ ਵਿਚ ਸੀ।

ਇੱਥੇ ਪਹੁੰਚ ਕੇ ਮੁਸਾਫ਼ਰਾਂ ਨੂੰ ਦਸਿਆ ਗਿਆ ਕਿ ਉਨ੍ਹਾਂ ਲਈ ਇਕ ਵਿਸ਼ੇਸ਼ ਗੱਡੀ ਦਾ ਪ੍ਰਬੰਧ ਕੀਤਾ ਗਿਆ ਹੈ ਜੇਹੜੀ ਉਨ੍ਹਾਂ ਨੂੰ ਸਿੱਧੀ ਪੰਜਾਬ ਲੈ ਜਾਵੇਗੀ। ਮੁਸਾਫ਼ਰ ਪੰਜਾਬ ਜਾਣ ਲਈ ਤਿਆਰ ਨਹੀਂ ਸਨ। ਕਿਉਂਕਿ ਜਿੱਥੋਂ ਉਹ ਜ਼ਮੀਨ ਜਾਇਦਾਦ ਆਦਿ ਵੇਚ ਕੇ ਚੰਗੇਰੇ ਭਵਿੱਖ ਦੀ ਆਸ ਨਾਲ ਨਿਕਲੇ ਸਨ ਹੁਣ ਉਨ੍ਹਾਂ ਨੇ ਉੱਥੇ ਜਾ ਕੇ ਕੀ ਕਰਨਾ ਸੀ? ਉਹ ਚਾਹੁੰਦੇ ਸਨ ਕਿ ਉਨ੍ਹਾਂ ਨੂੰ ਕਲਕੱਤੇ ਜਾਣ ਦੀ ਆਗਿਆ ਦਿੱਤੀ ਜਾਵੇ ਤਾਂ ਕਿ ਉੱਥੇ ਕੋਈ ਕੰਮ ਧੰਧਾ ਕਰਕੇ ਉਹ ਆਪਣਾ ਗੁਜ਼ਾਰਾ ਕਰ ਸਕਣ। ਬਾਬਾ ਗੁਰਦਿੱਤ ਸਿੰਘ ਵੀ ਜਹਾਜ਼ ਨਾਲ ਸਬੰਧਿਤ ਸਾਰੇ ਮਸਲੇ ਨਜਿੱਠ ਕੇ ਹੀ ਇਥੋਂ ਜਾਣਾ ਚਾਹੁੰਦਾ ਸੀ। ਅਜੇ ਜਾਪਾਨੀ ਕੰਪਨੀ ਨੂੰ ਬਕਾਇਆ ਰਕਮ ਵੀ ਦੇਣੀ ਸੀ। ਜਹਾਜ਼ ਵਿਚ ਲਦਿਆ ਸਾਮਾਨ ਕਿਸੇ ਟਿਕਾਣੇ ਲਗਾਣਾ ਸੀ ਅਤੇ ਕਈ ਮੁਸਾਫ਼ਰਾਂ ਨਾਲ ਪੈਸੇ ਦੇ ਲੈਣ ਦੇਣ ਦਾ ਹਿਸਾਬ ਕਰਨਾ ਸੀ। ਇਸ ਤੋਂ ਵੀ ਵਡੀ ਗੱਲ ਇਹ ਸੀ ਕਿ ਉਹ ਕਲਕੱਤੇ ਵਿਚ ਉਤਰ ਕੇ ਅੰਗਰੇਜ਼ ਅਧਿਕਾਰੀਆਂ ਨੂੰ ਆਪਣੇ ਨਾਲ ਵਾਪਰੀਆਂ ਮੁਸੀਬਤਾਂ ਤੋਂ ਜਾਣੂ ਕਰਾਉਣਾ ਚਾਹੁੰਦਾ ਸੀ। ਪਰ ਇਨ੍ਹਾਂ ਗੱਲਾਂ ਵਿਚੋਂ ਕੁਝ ਵੀ ਨਾ ਹੋਣ ਦਿੱਤਾ ਗਿਆ। ਜਹਾਜ਼ ਦੇ ਕੁਝ ਮੁਸਾਫ਼ਰ ਤਾਂ ਸਪੈਸ਼ਲ ਗਡੀ ਵਿਚ ਸਵਾਰ ਹੋ ਗਏ ਜਿਨ੍ਹਾਂ ਵਿਚ ਉਹ 21 ਮੁਸਲਮਾਨ ਵੀ ਸ਼ਾਮਲ ਸਨ ਜੇਹੜੇ ਜਹਾਜ਼ ਵਿਚ ਸਫ਼ਰ ਕਰਦੇ ਆਏ ਸਨ। ਬਾਕੀ ਮੁਸਾਫ਼ਰਾਂ ਨੇ ਜਲੂਸ ਦੀ ਸ਼ਕਲ ਵਿਚ, ਗੁਰੂ ਗ੍ਰੰਥ ਸਾਹਿਬ ਦੀ ਬੀੜ ਸਿਰ ਤੇ ਚੁਕ ਕੇ ਕਲਕੱਤੇ ਵਲ ਵਧਣਾ ਸ਼ੁਰੂ ਕਰ ਦਿੱਤਾ। ਬੀੜ ਬਾਬਾ ਗੁਰਦਿੱਤ ਸਿੰਘ ਨੇ ਸਿਰ ਤੇ ਚੁਕੀ ਹੋਈ ਸੀ। ਪੁਲਿਸ ਨੇ ਇਨ੍ਹਾਂ ਨੂੰ ਵਾਪਸ ਮੁੜ ਜਾਣ ਦਾ ਹੁਕਮ ਦਿੱਤਾ। ਮੁਸਾਫ਼ਰ ਚਾਹੁੰਦੇ ਸਨ ਕਿ ਪਹਿਲਾਂ ਗੁਰੂ ਗ੍ਰੰਥ ਸਾਹਿਬ

Digitized by Panjab Digital Library | www.panjabdigilib.org

ਦੀ ਬੀੜ ਨੂੰ ਕਿਸੇ ਗੁਰਦੁਆਰੇ ਵਿਚ ਸਤਿਕਾਰ ਨਾਲ ਰੱਖ ਦੇਣ ਤੇ ਮਗਰੋ ਉਹ ਵਾਪਸ ਪਰਤ ਜਾਣਗੇ। ਮੁਸਾਫ਼ਰ ਭੁੱਖ ਅਤੇ ਤ੍ਰੇਹ ਕਰਕੇ ਵੀ ਪ੍ਰੇਸ਼ਾਨ ਸਨ ਤੇ ਵੈਸੇ ਵੀ ਪਿਛਲੇ 4 ਮਹੀਨਿਆਂ ਤੋਂ ਗੁਲਾਮੀ ਦੀ ਜ਼ਿਲਤ ਅਤੇ ਨਮੋਸ਼ੀ ਭੋਗਦੇ ਆਏ ਸਨ।

ਅਧਿਕਾਰੀਆਂ ਵਲੋਂ ਕੀਤੀ ਜਾ ਰਹੀ ਸਖ਼ਤੀ ਅਤੇ ਹਾਲਾਤ ਨੂੰ ਵਿਗੜਦਿਆਂ ਦੇਖ ਕੇ ਮੁਸਾਫ਼ਰ ਮੁੜ ਬੱਜ ਬੱਜ ਘਾਟ ਵਲ ਪਰਤ ਆਏ। ਗੁਰੂ ਗ੍ਰੰਥ ਸਾਹਿਬ ਦੀ ਬੀੜ ਵਿਚਕਾਰ ਰੱਖ ਕੇ ਆਸ ਪਾਸ ਚੌਕੜੀ ਮਾਰ ਕੇ ਬੈਠ ਗਏ ਤੇ ਪਾਠ ਕਰਨਾ ਸ਼ੁਰੂ ਕਰ ਦਿੱਤਾ। ਸ਼ਾਮ ਦੇ 7:00 ਵੱਜੇ ਸਨ ਜਦੋਂ ਉਨ੍ਹਾਂ ਨੂੰ ਫਿਰ ਮਜਬੂਰ ਕੀਤਾ ਗਿਆ ਕਿ ਅਜ ਦੀ ਰਾਤ ਉਨ੍ਹਾਂ ਨੂੰ ਜਹਾਜ਼ ਵਿਚ ਹੀ ਕਟਣੀ ਪਵੇਗੀ। ਪੰਜਾਬ ਨੂੰ ਜਾਣ ਵਾਲੀ ਗੱਡੀ ਰਵਾਨਾ ਹੋ ਚੁਕੀ ਸੀ। ਪੁਲਿਸ ਸ਼ਾਂਤਮਈ ਬੈਠੇ ਮੁਸਾਫ਼ਰਾਂ ਨੂੰ ਚਵ੍ਹਾਂ ਪਾਸਿਆਂ ਤੋਂ ਘੇਰੀ ਖਲੋਤੀ ਸੀ। ਪਾਠ ਦੀ ਸਮਾਪਤੀ ਹੋਣ ਵਾਲੀ ਸੀ ਕਿ ਈਸਟਵ ਡ ਨਾਂ ਦਾ ਅਫ਼ਸਰ ਅਗੇ ਵਧਿਆ ਤੇ ਗੁਰਦਿੱਤ ਸਿੰਘ ਨੂੰ ਬਾਹਰ ਆਉਣ ਲਈ ਕਹਿਣ ਲੱਗਾ। ਮੁਸਾਫ਼ਰਾਂ ਨੇ ਕਿਹਾ ਕਿ ਪਾਠ ਦੀ ਸਮਾਪਤੀ ਮਗਰੋਂ ਉਹ ਬਾਹਰ ਆ ਕੇ ਤੁਹਾਡੇ ਨਾਲ ਗੱਲਬਾਤ ਕਰਨਗੇ। ਈਸਟਵੁਡ ਨੇ ਜਦੋਂ ਸਖ਼ਤੀ ਤੋਂ ਕੰਮ ਲੈਣਾ ਚਾਹਿਆ ਤਾਂ ਕਿਸੇ ਮੁਸਾਫ਼ਰ ਨੇ ਉਸ ਦੇ ਹੱਥ ਵਿਚ ਫੜਿਆ ਡੰਡਾ ਖੋਹ ਲਿਆ। ਈਸਟਵੁੱਡ ਨੇ ਆਪਣੀ ਪਸਤੌਲ ਕੱਢ ਲਈ ਤੇ ਅਰਦਾਸ ਵਿਚ ਜੁੜੀ ਸੰਗਤ ਤੇ ਦੋ ਗੋਲੀਆਂ ਚਲਾ ਦਿੱਤੀਆਂ। ਇਕ ਗੋਲੀ ਭਾਈ ਹਰਨਾਮ ਸਿੰਘ ਗੁੱਜਰਵਾਲ ਦੀ ਪਗੜੀ ਨੂੰ ਚੀਰਦੀ ਪਾਰ ਹੋ ਗਈ ਅਤੇ ਦੂਸਰੀ ਗੋਲੀ ਨਾਲ ਪਿੰਡ ਕੰਗ (ਜ਼ਿਲਾ ਅੰਮ੍ਰਿਤਸਰ) ਦਾ ਠਾਕੁਰ ਸਿੰਘ ਜ਼ਖਮੀ ਹੋ ਗਿਆ। ਇਹ ਵੇਖਕੇ ਮੁਸਾਫ਼ਰ ਗੁੱਸੇ ਵਿਚ ਆ ਗਏ। ਮੁਸਾਫ਼ਰਾਂ ਵਿਚੋਂ ਇਕ ਸ੍ਰ: ਮੁਨਸ਼ਾ ਸਿੰਘ ਨੇ ਈਸਟਵੁਡ ਹਥੋਂ ਪਸਤੌਲ ਖੋਹ ਕੇ ਉਸ ਤੇ ਹੀ ਗੋਲੀ ਚਲਾ ਦਿੱਤੀ। ਬਸ ਹੁਣ ਕੀ ਸੀ, ਚਵ੍ਹਾਂ ਪਾਸੇ ਖੜੀ ਪੁਲਿਸ ਨੇ ਜਹਾਜ਼ ਦੇ ਸ਼ਾਂਤਮਈ ਮੁਸਾਫ਼ਰਾਂ ਤੇ ਅੰਧਾ ਧੁੰਦ ਗੋਲੀਆਂ ਚਲਾਣੀਆਂ ਸ਼ੁਰੂ ਕਰ ਦਿੱਤੀਆਂ। ਗੋਲੀਆਂ ਦੀ ਮਾਰ ਨਾਲ ਮੁਸਾਫ਼ਰ ਉੱਥੇ ਹੀ ਢੇਰੀ ਹੋਣੇ ਸ਼ੁਰੂ ਹੋ ਗਏ। ਬਹੁਤ ਸਾਰੇ ਆਪਣੀਆਂ ਜਾਨਾਂ ਬਚਾਉਣ ਲਈ ਆਸ ਪਾਸ ਬਣੇ ਲੱਕੜੀ ਦੇ ਖੋਖਿਆਂ ਜਾਂ ਰੁੱਖਾਂ ਦੀ ਓਟ ਪਿੱਛੇ ਜਾ ਛਿਪੇ। ਇਹ ਘਟਨਾ ਰਾਤ 7:15 ਵਜੇ ਵਾਪਰੀ। ਸਰਕਾਰੀ ਰਿਪੋਰਟ ਅਨੁਸਾਰ ਮਰਨ ਵਾਲਿਆਂ ਦੀ ਸੰਖਿਆ 19 ਦਸੀ ਗਈ ਜਦ ਕਿ ਗ਼ੈਰ ਸਰਕਾਰੀ ਤੌਰ ਤੇ ਕਿਹਾ ਗਿਆ ਕਿ ਮਰਨ ਵਾਲਿਆਂ ਦੀ ਸੰਖਿਆ ਇਸ ਤੋਂ ਕਿਤੇ ਵੱਧ ਸੀ। ਵੈਸੇ ਵੀ ਮੰਨਣ ਵਿਚ ਨਹੀਂ ਆਉਂਦਾ ਕਿ ਨਿਸ਼ਾਨਾ ਬੰਨ੍ਹ ਕੇ ਖੜੀ ਪੁਲਿਸ 177 ਰਾਂਊਂਡ ਗੋਲੀਆਂ ਚਲਾਵੇ ਤੇ ਕੇਵਲ 19 ਬੰਦੇ ਹੀ ਮਰਨ। 23 ਮੁਸਾਫ਼ਰਾਂ ਨੂੰ ਜ਼ਖਮੀ ਹਾਲਤ ਵਿਚ ਹਸਪਤਾਲ ਪਹੁੰਚਾਇਆ ਗਿਆ। ਬਹੁਤ ਸਾਰੇ ਮੁਸਾਫ਼ਰਾਂ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿੱਤਾ ਗਿਆ। ਸ੍ਰ: ਗੁਰਦਿੱਤ ਸਿੰਘ, ਉਸਦਾ ਸਕੱਤਰ ਦਲਜੀਤ ਸਿੰਘ ਅਤੇ 28 ਹੋਰ ਮੁਸਾਫ਼ਰ ਗ੍ਰਿਫ਼ਤਾਰੀ ਤੋਂ ਬਚ ਕੇ ਉਥੋਂ ਸੁਰੱਖਿਅਤ ਥਾਵਾਂ ਤੇ ਚਲੇ ਗਏ। ਅਗਲੇ ਦਿਨ ਗ੍ਰਿਫ਼ਤਾਰ ਕੀਤੇ ਗਏ ਬੰਦਿਆਂ ਵਿਚੋਂ ਕਈ ਹੋਰ ਮੁਸਾਫ਼ਰਾਂ ਨੂੰ 'ਝੂਠੇ ਮੁਕਾਬਲੇ' ਵਿਖਾਕੇ ਸ਼ਹੀਦ ਕਰ ਦਿੱਤਾ ਗਿਆ। ਸਰਕਾਰ ਨੇ ਬਾਬਾ ਗੁਰਦਿੱਤ ਸਿੰਘ ਦੀ ਗ੍ਰਿਫ਼ਤਾਰੀ ਲਈ 10,000 ਰੁਪੈ ਦਾ ਇਨਾਮ ਘੋਸ਼ਿਤ ਕਰ ਦਿੱਤਾ। ਕਰੀਬ 200 ਮੁਸਾਫ਼ਰਾਂ ਨੂੰ ਪਕੜ ਕੇ ਉਨ੍ਹਾਂ ਨੂੰ ਉਨ੍ਹਾਂ ਦੇ ਪਿੰਡ ਵਿਚ ਹੀ ਨਜ਼ਰ ਬੰਦ ਕਰ ਦਿੱਤਾ ਗਿਆ।

ਬੇਸ਼ਕ ਇਹ ਸਾਰਾ 'ਡਰਾਮਾ' (ਕੋਮਾਗਾਟਾ ਮਾਰੂ ਦੀ ਘਟਨਾ) 4 ਮਹੀਨੇ ਤੋਂ ਉਪਰ ਤਕ ਦੇ ਸਮੇਂ ਲਈ ਚਲਦਾ ਰਿਹਾ ਪਰ ਦੇਸ਼ ਦੀ ਕਿਸੇ ਵੀ ਰਾਜਸੀ ਪਾਰਟੀ ਜਾਂ ਪ੍ਰਮੁੱਖ ਨੇਤਾ

Digitized by Panjab Digital Library | www.panjabdigilib.org

ਨੇ ਇਨ੍ਹਾਂ ਬਦਨਸੀਬ ਭਾਰਤੀਆਂ ਦੇ ਦੁਖੜੇ ਅਤੇ ਤਕਲੀਫਾਂ ਨੂੰ ਵੇਖ ਕੇ ਆਹ ਦਾ ਨਾਹਰਾ ਨਹੀਂ ਮਾਰਿਆ ਅਤੇ ਨਾ ਹੀ ਇਸ ਗੱਲ ਦਾ ਅੰਗਰੇਜ਼ ਹਕੂਮਤ ਤਕ ਕੋਈ ਵਿਰੋਧ ਹੀ ਪ੍ਰਗਟ ਕੀਤਾ। ਅਜੇ ਤਾਂ ਕਾਂਗਰਸ ਪਾਰਟੀ ਵੀ ਅੰਗਰੇਜ਼ ਹਕੂਮਤ ਕੋਲੋਂ ਪਹਿਲੀ ਵਿਸ਼ਵ ਜੰਗ ਵਿਚ ਉਸ ਦੀ ਹਰ ਤਰ੍ਹਾਂ ਨਾਲ ਮਦਦ ਕਰ ਕੇ ਉਨ੍ਹਾਂ ਕੋਲੋ ਦੇਸ਼ ਲਈ ਕੁਝ ਰਿਆਇਤਾਂ ਹਾਸਲ ਕਰਨ ਦੇ ਅਸੂਲ ਤੇ ਹੀ ਚਲ ਰਹੀ ਸੀ। ਜਦੋਂ ਗ਼ਦਰ ਲਹਿਰ ਅਤੇ ਕੋਮਾਗਾਟਾ ਮਾਰੂ ਦੇ ਸਿਰੜੀ ਵੀਰ ਅੰਗਰੇਜ਼ ਸਾਮਰਾਜ ਨੂੰ ਹਰ ਪਾਸਿਉਂ ਵੰਗਾਰਾਂ ਪਾ ਰਹੇ ਸਨ ਉਦੋਂ ਦੇਸ਼ ਅਜੇ ਗਹਿਰੀ ਨੀਂਦ ਸੁਤਾ ਪਿਆ ਸੀ।

ਜਦੋਂ ਗੋਲੀ ਚਲ ਰਹੀ ਸੀ ਤਾਂ ਬਹੁਤ ਸਾਰੇ ਮੁਸਾਫ਼ਰ ਬਚ ਕੇ ਇਧਰ ਉਧਰ ਖਿੰਡ ਪੁੰਡ ਗਏ। ਬਾਬਾ ਗੁਰਦਿੱਤ ਸਿੰਘ ਵੀ ਉਨ੍ਹਾਂ ਵਿਚ ਹੀ ਸਨ। ਅੰਗਰੇਜ਼ੀ ਸਰਕਾਰ ਨੇ ਉਨ੍ਹਾਂ ਨੂੰ ਪਕੜਣ ਲਈ ਵਾਰੰਟ ਜਾਰੀ ਕਰ ਦਿੱਤੇ ਤੇ ਇਹ ਵੀ ਕਹਿ ਦਿੱਤਾ ਗਿਆ ਕਿ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਾਉਣ ਵਾਲੇ ਨੂੰ ਭਾਰੀ ਇਨਾਮ ਦਿੱਤਾ ਜਾਵੇਗਾ।

ਬੱਜ ਬੱਜ ਘਾਟ ਤੋਂ ਚਲ ਕੇ ਬਾਬਾ ਜੀ ਪਹਿਲਾਂ ਜਗਨਨਾਥ ਪੁਰੀ ਗਏ, ਫ਼ਿਰ ਗੋਪਾਲ ਮੰਦਰ, ਹਜ਼ੂਰ ਸਾਹਿਬ, ਤੇ ਸਾਪਾਰੀ ਆਦਿ ਸ਼ਹਿਰਾਂ ਵਿਚ ਵਕਤ ਕਟਦੇ ਬੰਬਈ ਪਹੁੰਚੇ। ਇੱਥੇ ਪਹੁੰਚ ਕੇ ਉਨ੍ਹਾਂ ਨੇ ਮਹਾਤਮਾਂ ਗਾਂਧੀ, ਪੰਡਤ ਜਵਾਹਰ ਲਾਲ ਨਹਿਰੂ ਅਤੇ ਹੋਰ ਕਈ ਰਾਸ਼ਟਰੀ ਨੇਤਾਵਾਂ ਨਾਲ ਸੰਪਰਕ ਪੈਦਾ ਕੀਤਾ ਤਾਕਿ ਕੋਮਾਗਾਟਾ ਮਾਰੂ ਦੇ ਦੁਖਾਂਤ ਨੂੰ ਲੋਕਾਂ ਤਕ ਪ੍ਰਗਟ ਕਰ ਸਕਣ। ਮਹਾਤਮਾ ਗਾਂਧੀ ਨੇ ਉਨ੍ਹਾਂ ਨੂੰ ਸਲਾਹ ਦਿੱਤੀ ਕਿ ਉਹ ਆਪਣੇ ਆਪ ਨੂੰ ਪੁਲਿਸ ਦੇ ਹਵਾਲੇ ਕਰ ਦੇਣ। ਅਜੇਹਾ ਕਰਨ ਨਾਲ ਇਸ ਘਟਨਾ ਦੀ ਚਰਚਾ ਲੋਕਾਂ ਤਕ ਪਹੁੰਚ ਜਾਵੇਗੀ ਤੇ 'ਅੰਗਰੇਜ਼ੀ ਇਨਸਾਫ਼' ਦਾ ਭਾਂਡਾ ਵੀ ਫੁੱਟ ਜਾਵੇਗਾ।


ਆਖ਼ਰ 7 ਸਾਲ ਦੇ ਗੁੱਪਤ ਵਾਸ ਮਗਰੋਂ ਬਾਬਾ ਗੁਰਦਿੱਤ ਸਿੰਘ ਨੇ 15 ਨਵੰਬਰ ਸੰਨ 1921 ਨੂੰ ਨਨਕਾਣਾ ਸਾਹਿਬ ਵਿਖੇ ਆਪਣੇ ਆਪਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ। ਗ੍ਰਿਫ਼ਤਾਰੀ ਤੋਂ ਪਹਿਲਾਂ ਉਹ ਲਗਾਤਾਰ 2 ਘੰਟੇ ਤਕ ਸੰਗਤ ਨੂੰ ਸੰਬੋਧਨ ਕਰਦੇ ਰਹੇ ਸਨ। ਜਦੋਂ ਪੁਲਿਸ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਤਾਂ ਉਦੋਂ ਉਨ੍ਹਾਂ ਦੇ ਨਾਲ ਕਰੀਬ 2 ਲੱਖ ਸੰਗਤਾਂ ਦਾ ਵਿਸ਼ਾਲ ਜਲੂਸ ਸੀ ਜੋ ਬਾਬਾ ਜੀ ਅਤੇ ਪੰਥ ਦੀ ਚੜ੍ਹਦੀ ਕਲਾ ਦੇ ਨਾਹਰੇ ਲਗਾ ਰਿਹਾ ਸੀ।

ਬਾਬਾ ਜੀ ਸੰਨ 1954 ਤਕ ਜੀਊਂਦੇ ਰਹੇ। ਆਪ ਨੇ ਪੰਜਾਬ ਅਤੇ ਮਲਾਇਆ ਦੇ ਬੇਗ਼ਾਰੀ ਮਜ਼ਦੂਰਾਂ ਦੀ ਹਾਲਤ ਸੁਧਾਰਨ ਵਾਸਤੇ ਵੀ ਬੜਾ ਕੰਮ ਕੀਤਾ ਸੀ। ਹੁਣ ਰਾਸ਼ਟਰੀ ਨੇਤਾਵਾਂ ਦੇ ਸੰਪਰਕ ਵਿਚ ਆਕੇ ਉਨ੍ਹਾਂ ਨੇ ਬਾਕੀ ਦਾ ਜੀਵਨ ਦੇਸ਼ ਵਾਸੀਆਂ ਦੀ ਸੇਵਾ ਲਈ ਅਰਪਿਤ ਕਰ ਦਿੱਤਾ। ਅੰਗਰੇਜ਼ੀ ਸਰਕਾਰ ਦੀ ਤਿੱਖੀ ਆਲੋਚਨਾਂ ਕਾਰਨ ਉਨ੍ਹਾਂ ਨੂੰ 1922, 1931, 1932 ਅਤੇ 1933 ਵਿਚ ਕਈ ਵਾਰ ਲੰਮੀਆਂ ਸਜ਼ਾਵਾਂ ਸੁਣਾਈਆਂ ਗਈਆਂ। ਇਨ੍ਹਾਂ ਵਿਚੋਂ 5 ਸਾਲ ਦਾ ਸਮਾਂ ਉਨ੍ਹਾਂ ਨੇ ਮੀਆਂ ਵਾਲੀ ਜੇਲ੍ਹ ਵਿਚ ਬਿਤਾਇਆ। ਜਦੋਂ 1952 ਵਿਚ ਪੰਡਤ ਨਹਿਰੂ ਨੇ ਬੱਜ ਬੱਜ ਘਾਟ ਦੇ ਸ਼ਹੀਦਾਂ ਦੀ ਯਾਦਗਾਰ ਕਾਇਮ ਕੀਤੀ ਤਾਂ ਬਾਬਾ ਗੁਰਦਿੱਤ ਸਿੰਘ ਜੀ ਵੀ ਉਨ੍ਹਾਂ ਨਾਲ ਸਨ। ਉਨ੍ਹਾਂ ਦਾ ਦੇਹਾਂਤ 24 ਜੁਲਾਈ ਸੰਨ 1954 ਨੂੰ ਹੋਇਆ।

ਆਪ ਸਦਾ ਸੱਚ ਬੋਲਣ ਅਤੇ ਆਪਣੇ ਅਸੂਲਾਂ ਤੇ ਡਟੇ ਰਹਿਣ ਦੀ ਪ੍ਰੇਰਨਾਂ ਦਿਆ ਕਰਦੇ ਸਨ। ਬਾਬਾ ਜੀ ਬੜੇ ਸੁਲਝੇ ਹੋਏ ਤੇ ਦ੍ਰਿੜ ਵਿਚਾਰਾਂ ਦੇ ਵਿਅਕਤੀ ਸਨ। ਆਪਣੇ ਧਰਮ

Digitized by Panjab Digital Library | www.panjabdigilib.org

ਵਿਚ ਪ੍ਰਪਕ ਹੋਣ ਦੇ ਬਾਵਜੂਦ ਵੀ ਆਪ ਫ਼ਿਰਕੂ ਭਾਵਨਾਂ ਤੋਂ ਬਹੁਤ ਉਚੇਰੇ ਸਨ। ਆਪ ਕਿਹਾ ਕਰਦੇ ਸਨ ਕਿ ਆਜ਼ਾਦੀ ਦੀ ਲੜਾਈ ਕੇਵਲ ਮਿਲ ਜੁਲਕੇ ਹੀ ਸਾਂਝੇ ਜਤਨਾਂ ਨਾਲ ਜਿਤੀ ਜਾ ਸਕਦੀ ਹੈ। ਆਪ ਦੀਨ ਅਤੇ ਮਜ਼ਲੂਮ ਦੀ ਬਾਂਹ ਪਕੜਕੇ ਵਡੀ ਤੋਂ ਵਡੀ ਹਕੂਮਤ ਨਾਲ ਵੀ ਟਕਰਾ ਜਾਣ ਦਾ ਜੇਰਾ ਰਖਦੇ ਸਨ। ਬਾਬਾ ਗੁਰਦਿੱਤ ਸਿੰਘ ਜੀ ਦੁਆਰਾ ਆਜ਼ਾਦੀ ਦੇ ਸੰਘਰਸ਼ ਵਿਚ ਦਿੱਤੇ ਗਏ ਯੋਗਦਾਨ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ।



**The Komagata Maru - ਗੁਰੂ ਨਾਨਕ ਜਹਾਜ਼**

Digitized by Panjab Digital Library | www.panjabdigilib.org

# ਸੋਹਨ ਲਾਲ ਪਾਠਕ (ਪੱਟੀ)

ਭਾਰਤ ਨੂੰ ਸੁਤੰਤਰ ਕਰਾਉਣ ਦਾ ਮੁਢੱਲਾ ਯਤਨ ਸੰਨ 1857 ਵਿਚ ਕੀਤਾ ਗਿਆ। ਉਦੋਂ ਦੇਸ਼ ਦੇ ਕਈ ਹਿੱਸਿਆ ਵਿਚ ਅੰਗਰੇਜ਼ੀ ਸਾਮਰਾਜ ਨੂੰ ਖਤਮ ਕਰਨ ਦੇ ਭਰਪੂਰ ਯਤਨ ਹੋਏ ਪਰ 1857 ਦੀ ਕ੍ਰਾਂਤੀ ਨੂੰ ਬੜੀ ਸਖ਼ਤੀ ਨਾਲ ਦਬਾ ਦਿੱਤਾ ਗਿਆ। ਦੂਜਾ ਸਸ਼ਸਤਰ ਯਤਨ 1913 ਤੋਂ 1917 ਦੇ ਦੌਰਾਨ 'ਗ਼ਦਰ' ਲਹਿਰ ਦੇ ਰੂਪ ਵਿਚ ਸਾਮ੍ਹਣੇ ਆਇਆ ਜਦੋਂ ਦੇਸ਼ ਦੇ ਅਨੇਕਾਂ ਨੌਜਵਾਨ ਭਾਰਤ ਮਾਂ ਨੂੰ ਆਜ਼ਾਦ ਕਰਾਉਣ ਦੀ ਕੋਸ਼ਿਸ਼ ਵਿਚ ਹੱਸ ਹੱਸ ਕੇ ਫਾਂਸੀ ਦੇ ਰਸਿਆਂ ਤੇ ਝੂਲ ਗਏ। ਇਨ੍ਹਾਂ ਨੌਜਵਾਨਾਂ ਵਿਚੋਂ ਹੀ ਇਕ ਸੀ ਪੰਡਤ ਸੋਹਨ ਲਾਲ ਪਾਠਕ ਜਿਸ ਨੂੰ ਗੋਰੀ ਸਰਕਾਰ ਨੇ ਇੰਗਲੈਂਡ ਦੇ ਸ਼ਹਿਨਸ਼ਾਹ ਵਿਰੁੱਧ 'ਬਗਾਵਤ ਭੜਕਾਣ' ਦੇ ਦੋਸ਼ ਵਿਚ 10 ਫਰਵਰੀ ਸੰਨ 1916 ਨੂੰ ਮਾਂਡਲੇ ਜੇਲ੍ਹ ਵਿਚ ਫਾਂਸੀ ਦੇ ਤਖਤੇ ਤੇ ਲਟਕਾ ਕੇ ਸ਼ਹੀਦ ਕਰ ਦਿੱਤਾ।

ਸੋਹਨ ਲਾਲ ਪਾਠਕ ਦਾ ਜਨਮ ਪੱਟੀ, ਜ਼ਿਲਾ ਅੰਮ੍ਰਿਤਸਰ ਦੇ ਇਕ ਗਰੀਬ ਬ੍ਰਹਾਮਣ ਪਰਿਵਾਰ ਵਿਚ 7 ਜਨਵਰੀ 1883 ਈਸਵੀ ਨੂੰ ਹੋਇਆ। ਸੋਹਨ ਲਾਲ ਦੇ ਪਿਤਾ ਦਾ ਨਾਮ ਪੰਡਿਤ ਚੰਦਾ ਰਾਮ ਤੇ ਮਾਤਾ ਦਾ ਨਾਮ ਕਿਰਪਾ ਦੇਵੀ ਸੀ। ਸੋਹਨ ਲਾਲ ਦੇ ਦੋ ਭਰਾ ਤੇ ਇਕ ਭੈਣ ਹੋਰ ਸਨ। ਵੱਡੇ ਭਰਾ ਦਾ ਨਾਮ ਨਾਨਕ ਚੰਦ ਅਤੇ ਛੋਟੇ ਦਾ ਨਾਮ ਮੋਹਨ ਲਾਲ ਸੀ। ਇਨ੍ਹਾਂ ਦੀ ਭੈਣ ਦਾ ਨਾਮ ਪ੍ਰਤਾਪ ਕੌਰ ਸੀ ਜੋ ਵਿਆਹ ਤੋਂ ਛੇਤੀ ਹੀ ਮਗਰੋਂ ਪਤੀ ਦੀ ਮੌਤ ਹੋ ਜਾਣ ਕਾਰਨ ਵਿਧਵਾ ਹੋ ਗਈ ਸੀ। ਵੱਡੇ ਭਰਾ ਨੂੰ ਪਲੇਗ ਹੋ ਗਈ ਸੀ ਪਰ ਉਹ ਮਗਰੋਂ ਰਾਜ਼ੀ ਹੋ ਗਿਆ।

ਬੇਸ਼ਕ ਇਨ੍ਹਾਂ ਦਾ ਪਰਿਵਾਰ ਬਹੁਤ ਵੱਡਾ ਨਹੀਂ ਸੀ ਪਰ ਤਾਂ ਵੀ ਗਰੀਬੀ ਕਾਰਨ ਇਨ੍ਹਾਂ ਦਾ ਗੁਜ਼ਾਰਾ ਬੜੀ ਮੁਸ਼ਕਿਲ ਨਾਲ ਚਲਦਾ ਸੀ। ਚੰਦਾ ਰਾਮ ਕੋਲ ਕੇਵਲ ਡੇਢ ਵਿਘਾ ਜ਼ਮੀਨ ਸੀ ਜੋ ਪਰਿਵਾਰ ਦੇ ਗੁਜ਼ਾਰੇ ਲਈ ਕਾਫ਼ੀ ਨਹੀਂ ਸੀ। ਪਿਤਾ ਚਾਹੁੰਦੇ ਸਨ ਕਿ ਬੱਚੇ ਪੜ੍ਹ ਲਿਖ ਕੇ ਕਿਸੇ ਸਰਕਾਰੀ ਨੌਕਰੀ ਤੇ ਲਗ ਜਾਣ। ਇਸੇ ਕਰਕੇ ਉਨ੍ਹਾਂ ਨੇ ਆਪਣੇ ਬੱਚਿਆਂ ਦੀ ਪੜ੍ਹਾਈ ਵਲ ਉਚੇਚਾ ਧਿਆਨ ਦਿੱਤਾ ਸੀ। ਸਭ ਤੋਂ ਵੱਧ ਆਸ ਉਨ੍ਹਾਂ ਨੂੰ ਆਪਣੇ ਦੂਜੇ ਪੁੱਤਰ ਸੋਹਨ ਲਾਲ ਕੋਲੋਂ ਸੀ ਜੋ ਸ਼ੁਰੂ ਤੋਂ ਹੀ ਪੜ੍ਹਾਈ ਵਿਚ ਬੜਾ ਤੇਜ਼ ਤੇ ਰੋਸ਼ਨ ਦਿਮਾਗ ਸੀ। ਉਸਨੇ ਪੰਜਵੀਂ ਤਕ ਦੀ ਪੜ੍ਹਾਈ ਆਪਣੇ ਪਿੰਡ ਦੇ ਸਕੂਲ ਚੋਂ ਹੀ ਪਾਸ ਕੀਤੀ। ਪੜ੍ਹਾਈ ਵਿਚ ਅਵੱਲ ਰਹਿਣ ਕਰਕੇ ਉਸ ਨੂੰ ਦੋ ਰੁਪਏ ਸਰਕਾਰੀ ਵਜ਼ੀਫਾ ਮਿਲਣਾ ਸ਼ੁਰੂ ਹੋ ਗਿਆ। ਸੋਹਨ ਲਾਲ ਨੂੰ ਇਹ ਵਜ਼ੀਫਾ ਮਿਡਲ ਪਾਸ ਕਰਨ ਤਕ ਲਗਾਤਾਰ ਮਿਲਦਾ ਰਿਹਾ। ਉਸਨੂੰ ਖੇਡਾਂ ਵਿਚ ਵੀ ਹਿੱਸਾ ਲੈਣ ਦਾ ਬਹੁਤ ਸੀ ਪਰ ਸਰੀਰਕ ਤੌਰ ਤੇ ਕਮਜ਼ੋਰ ਹੋਣ ਕਾਰਨ ਉਹ ਆਪਣੀ ਇਹ ਰੀਝ ਪੂਰੀ ਨਾ ਕਰ ਸਕਿਆ। ਉਸਨੇ ਆਪਣੀ ਪੜ੍ਹਾਈ ਦੌਰਾਨ ਹੀ ਸੰਸਕ੍ਰਿਤ, ਉਰਦੂ, ਫ਼ਾਰਸੀ ਅਤੇ ਪੰਜਾਬੀ ਦਾ ਚੰਗਾ ਗਿਆਨ ਹਾਸਲ ਕਰ ਲਿਆ ਸੀ।

ਘਰ ਦੀ ਹਾਲਤ ਨੂੰ ਧਿਆਨ ਵਿਚ ਰਖਦਿਆਂ ਹੋਇਆਂ ਸੋਹਨ ਲਾਲ ਨੇ ਅਠਵੀਂ

Digitized by Panjab Digital Library | www.panjabdigilib.org

ਪਾਸ ਕਰਨ ਮਗਰੋਂ ਪੜ੍ਹਾਈ ਛੱਡ ਦਿੱਤੀ ਅਤੇ ਨਗਰਪਾਲਿਕਾ ਦੇ ਸਿੰਚਾਈ ਦੇ ਮਹਿਕਮੇ ਵਿਚ 6 ਰੁਪਏ ਮਹੀਨੇ ਤੇ ਨੌਕਰ ਹੋ ਗਿਆ। ਤਨਖਾਹ ਘੱਟ ਹੋਣ ਕਾਰਨ ਉਸਨੇ ਕੁਝ ਸਮੇਂ ਬਾਅਦ ਇਹ ਨੌਕਰੀ ਛੱਡ ਦਿੱਤੀ। ਪਹਿਲਾਂ ਉਹ ਪ੍ਰਾਇਮਰੀ ਸਕੂਲ ਚਵਿੰਡਾ, ਜ਼ਿਲ੍ਹਾ ਅੰਮ੍ਰਿਤਸਰ ਅਤੇ ਫਿਰ ਨਾਰਮਲ ਟ੍ਰੇਨਿੰਗ ਸਕੂਲ ਲਾਹੌਰ ਵਿਚ ਦਾਖ਼ਲ ਹੋ ਗਿਆ। ਨਾਰਮਲ ਟ੍ਰੇਨਿੰਗ ਪਾਸ ਕਰਨ ਮਗਰੋਂ ਸੋਹਨ ਲਾਲ ਵਰਨੈਕੂਲਰ ਸਕੂਲ, ਅਜਨਾਲਾ, ਜ਼ਿਲਾ ਅੰਮ੍ਰਿਤਸਰ ਵਿਚ 8 ਰੁਪਏ ਮਹੀਨੇ ਤੇ ਅਧਿਆਪਕ ਲਗ ਗਿਆ।

ਜਦੋਂ ਸੋਹਨ ਲਾਲ ਨਾਰਮਲ ਸਕੂਲ ਵਿਚ ਟ੍ਰੇਨਿੰਗ ਲੈ ਰਿਹਾ ਸੀ ਤਾਂ ਇਨ੍ਹਾਂ ਦੀ ਮਾਤਾ ਕਿਰਪਾ ਦੇਵੀ ਦਾ ਦੇਹਾਂਤ ਹੋ ਗਿਆ। ਵੱਡੀ ਭੈਣ ਪ੍ਰਤਾਪ ਕੌਰ ਪਹਿਲਾਂ ਹੀ ਵਿਧਵਾ ਹੋ ਚੁੱਕੀ ਸੀ ਅਤੇ ਉਸ ਵਲ ਕੋਈ ਸੰਤਨ ਨਹੀਂ ਸੀ। ਵੱਡਾ ਭਰਾ ਨਾਨਕ ਚੰਦ ਅਕਸਰ ਬੀਮਾਰ ਰਹਿੰਦਾ ਸੀ ਅਤੇ ਛੋਟਾ ਮੋਹਨ ਲਾਲ ਪੜ੍ਹਾਈ ਵਿਚ ਬਹੁਤਾ ਲਾਇਕ ਨਹੀਂ ਸੀ। ਇਸ ਲਈ ਘਰ-ਗ੍ਰਹਿਸਤੀ ਨੂੰ ਚਲਾਉਣ ਦਾ ਸਾਰਾ ਭਾਰ ਸੋਹਨ ਲਾਲ ਉਪਰ ਹੀ ਸੀ। 18 ਸਾਲ ਦੀ ਉਮਰ ਵਿਚ ਉਸਦੀ ਸ਼ਾਦੀ ਕਲਾਨੌਰ, ਜ਼ਿਲ੍ਹਾ ਗੁਰਦਾਸਪੁਰ ਦੀ ਬੀਬੀ ਲਖਸ਼ਮੀ ਦੇਵੀ ਨਾਲ ਹੋ ਗਈ। ਆਉਂਦੇ ਵਰ੍ਹੇ ਇਨ੍ਹਾਂ ਦੇ ਘਰ ਇਕ ਬੱਚੇ ਨੇ ਜਨਮ ਲਿਆ। ਪੁੱਤਰ ਪੈਦਾ ਹੋਣ ਤੋਂ 12ਵੇਂ ਦਿਨ ਸੋਹਨ ਲਾਲ ਦੀ ਪਤਨੀ ਗੁਜ਼ਰ ਗਈ ਤੇ ਕੁਝ ਦਿਨ ਮਗਰੋਂ ਬੱਚਾ ਵੀ ਅਕਾਲ ਚਲਾਣਾ ਕਰ ਗਿਆ। ਵੱਡਾ ਭਰਾ ਤਾਂ ਬੀਮਾਰ ਰਹਿੰਦਾ ਹੀ ਸੀ ਪਰ ਉਸਦੀ ਪਤਨੀ ਦੇ ਗੁਜ਼ਰ ਜਾਣ ਕਾਰਨ ਘਰ ਗ੍ਰਹਿਸਤੀ ਦਾ ਸਾਰਾ ਸਿਲਸਿਲਾ ਬਿਖਰ ਗਿਆ। ਪਰਿਵਾਰ ਵਿਚ ਵਾਪਰਨ ਵਾਲੀਆਂ ਇਨ੍ਹਾਂ ਦੁਖਦਾਈ ਘਟਨਾਵਾਂ ਦਾ ਸੋਹਨ ਲਾਲ ਪਾਠਕ ਦੇ ਮਨ ਤੇ ਬੜਾ ਗਹਿਰਾ ਪ੍ਰਭਾਵ ਪਿਆ। ਉਹ ਆਪਣੇ ਜੀਵਨ ਨੂੰ ਕਿਸੇ ਉਚੇਰੇ ਉਦੇਸ਼ ਵਿਚ ਲਗਾਉਣ ਲਈ ਬੜੀ ਗੰਭੀਰਤਾ ਨਾਲ ਸੋਚਣ ਲਗ ਪਿਆ।

ਸਕੂਲ ਦੀ ਅਧਿਆਪਕੀ ਦੇ ਦੌਰਾਨ ਹੀ ਸੋਹਨ ਲਾਲ ਨੂੰ ਸੀਨੀਅਰ ਟ੍ਰੇਨਿੰਗ ਕਾਲਜ ਵਿਚ ਦਾਖ਼ਲਾ ਮਿਲ ਗਿਆ ਸੀ। ਇੱਥੇ ਇਸ ਨੂੰ 10 ਰੁਪਏ ਮਹੀਨਾ ਵਜ਼ੀਫਾ ਵੀ ਮਿਲਣਾ ਸ਼ੁਰੂ ਹੋ ਗਿਅ। ਐਸ. ਵੀ. ਦੀ ਪ੍ਰੀਖਿਆ ਪਾਸ ਕਰਨ ਮਰਗੋਂ ਵਿਦਿਅਕ ਵਿਭਾਗ ਇਹ ਆਸ ਕਰਦਾ ਸੀ ਕਿ ਹੁਣ ਸੋਹਨ ਲਾਲ ਕਿਸੇ ਸਰਕਾਰੀ ਸਕੂਲ ਵਿਚ ਨੌਕਰੀ ਕਰਕੇ ਭਾਰਤੀ ਬੱਚਿਆਂ ਨੂੰ ਅੰਗਰੇਜ਼ੀ ਰਾਜ ਪ੍ਰਤੀ ਵਫ਼ਾਦਾਰ ਰਹਿਣ ਦੀ ਸਿੱਖਿਆ ਦੇਵੇਗਾ, ਪਰ ਸੋਹਨ ਲਾਲ ਨੇ ਅਜੇਹਾ ਨਹੀਂ ਕੀਤਾ। ਸਰਕਾਰੀ ਸਕੂਲਾਂ ਵਿਚ ਮਿਲਣ ਵਾਲੇ ਬਹੁਤੇ ਵੇਤਨ ਦੀ ਥਾਂ ਉਸਨੇ ਲਾਲਾ ਲਾਜਪਤ ਰਾਏ ਦੇ ਪ੍ਰਭਾਵ ਅਧੀਨ ਚਲ ਰਹੇ ਡੀ.ਏ.ਵੀ. ਸਕੂਲ ਵਿਚ 21 ਰੁਪਏ ਮਹੀਨੇ ਤੇ ਸੇਵਾ ਕਰਨ ਨੂੰ ਪਹਿਲ ਦਿੱਤੀ। ਇੱਥੇ ਰਹਿਕੇ ਉਸ ਨੂੰ ਕਈ ਸੁਤੰਤਰਤਾ ਸੰਗ੍ਰਾਮੀਆਂ ਨੂੰ ਮਿਲਣ ਦਾ ਅਵਸਰ ਮਿਲਿਆ। ਲਾਹੌਰ ਵਿਚ ਹੀ ਲਾਲਾ ਹਰਦਿਆਲ ਵੀ ਇਕ ਸਕੂਲ ਚਲਾ ਰਿਹਾ ਸੀ ਜਿੱਥੇ ਭਾਰਤੀ ਵਿਦਿਆਰਥੀਆਂ ਨੂੰ ਦੇਸ਼ ਪ੍ਰਤੀ ਸਮਰਪਿਤ ਹੋਣ ਅਤੇ ਅੰਗਰੇਜ਼ੀ ਰਾਜ ਵਿਰੁੱਧ ਸੰਘਠਿਤ ਹੋਣ ਦੀ ਸਿਖਿਆ ਦਿੱਤੀ ਜਾਂਦੀ ਸੀ। ਸੋਹਨ ਲਾਲ ਵੀ ਇਨ੍ਹਾਂ ਕਲਾਸਾਂ ਵਿਚ ਜਾਇਆ ਕਰਦਾ ਸੀ ਤੇ ਲਾਲਾ ਹਰਦਿਆਲ ਨਾਲ ਉਸਦੀ ਪਹਿਲੀ ਮੁਲਾਕਾਤ ਇੱਥੇ ਹੀ ਹੋਈ ਸੀ। ਉਸਦੇ ਮਨ ਵਿਚ ਰਾਸ਼ਟਰ ਪ੍ਰਤੀ ਤਿਆਗ ਅਤੇ ਕੁਰਬਾਨੀ ਦਾ ਜਜ਼ਬਾ ਪੈਦਾ ਕਰਨ ਵਿਚ ਲਾਲਾ ਲਾਜਪਤ ਰਾਏ ਦਾ ਵੀ ਬੜਾ ਹੱਥ ਸੀ ਜਿਨ੍ਹਾਂ ਦੁਆਰਾ ਚਲਾਏ ਜਾ ਰਹੇ 'ਬੰਦੇ ਮਾਤ੍ਰਮ' ਵਿਚ ਸੋਹਨ ਲਾਲ ਸਹਿ-ਸੰਪਾਦਕ ਵਜੋਂ ਸੇਵਾ ਨਿਭਾ ਰਿਹਾ ਸੀ। ਇਨ੍ਹਾਂ ਦਿਨਾਂ ਵਿਚ ਸੋਹਨ ਲਾਲ ਪਾਠਕ ਨੂੰ ਇਕ ਸਥਾਨਕ ਲਾਇਬਰੇਰੀ ਸੰਭਾਲਣ ਅਤੇ ਲਾਲਾ ਲਾਜਪਤ ਰਾਏ ਦੀ ਬੱਚੀ ਨੂੰ ਟਿਊਸ਼ਨ ਪੜ੍ਹਾਉਣ

Digitized by Panjab Digital Library | www.panjabdigilib.org

ਦਾ ਕੰਮ ਸੌਂਪਿਆ ਗਿਆ। ਪਾਠਕ ਨੇ ਲਾਇਬਰੇਰੀ ਦਾ ਇੰਜਾਰਜ ਹੋਣ ਦੇ ਨਾਤੇ ਆਜ਼ਾਦੀ ਦੀਆਂ ਲਹਿਰਾਂ ਨਾਲ ਸਬੰਧਿਤ ਕਈ ਪੁਸਤਕਾਂ ਦਾ ਅਧਿਐਨ ਕੀਤਾ ਅਤੇ ਉਨ੍ਹਾਂ ਤੋਂ ਬਹੁਤ ਕੁਝ ਸਿਖਿਆ।

ਜਿੱਥੇ ਉਸਦੇ ਮਨ ਵਿਚ ਦੇਸ਼ ਸੇਵਾ ਪ੍ਰਤੀ ਬੜੀ ਤੇਜ਼ੀ ਨਾਲ ਪ੍ਰੀਵਰਤਨ ਆ ਰਿਹਾ ਸੀ, ਉੱਥੇ ਉਹ ਆਪਣੇ ਘਰ ਅਤੇ ਪਰਿਵਾਰ ਪ੍ਰਤੀ ਵੀ ਪੂਰੀ ਜ਼ਿੰਮੇਵਾਰੀ ਨਾਲ ਆਪਣਾ ਫਰਜ਼ ਪੂਰਾ ਕਰੀ ਜਾ ਰਿਹਾ ਸੀ। ਉਸਨੂੰ ਆਪਣੇ ਬਜ਼ੁਰਗ ਪਿਤਾ, ਵਿਧਵਾ ਭੈਣ ਅਤੇ ਭਰਾਵਾਂ ਨਾਲ ਬੜਾ ਸਨੇਹ ਸੀ। ਕਈ ਸੰਸਥਾਵਾਂ ਵਿਚ ਕੰਮ ਕਰਨ ਮਗਰੋਂ ਆਪਣੇ ਖ਼ਰਚ ਲਈ ਥੋੜ੍ਹੀ ਬਹੁਤ ਮਾਇਆ ਆਪਣੇ ਲਈ ਰੱਖ ਕੇ ਉਹ ਬਾਕੀ ਦੀ ਸਾਰੀ ਤਨਖਾਹ ਆਪਣੇ ਘਰ ਭੇਜ ਦਿਆ ਕਰਦਾ ਸੀ। ਉਹ ਲਾਲਾ ਲਾਜਪਤ ਰਾਏ ਦੁਆਰਾ ਚਲਾਏ ਜਾ ਰਹੇ ਸਵਾਮੀ ਦਯਾਨੰਦ ਬ੍ਰਹਮਚਾਰੀ ਆਸ਼ਰਮ ਵਿਚ ਵੀ ਕੰਮ ਕਰਦਾ ਸੀ। ਇਨ੍ਹਾਂ ਸਾਰੀਆਂ ਸੇਵਾਵਾਂ ਬਦਲੇ ਉਸਨੂੰ 25 ਰੁਪਏ ਮਿਲਿਆ ਕਰਦੇ ਸਨ। ਜਦੋਂ ਉਸਦਾ ਛੋਟਾ ਭਰਾ ਓਵਰਸੀਅਰ ਦੇ ਇਮਤਿਹਾਨ ਵਿਚ ਫੇਲ ਹੋ ਗਿਆ ਤਾਂ ਉਸਨੂੰ ਬੜਾ ਅਫਸੋਸ ਹੋਇਆ ਪਰ ਉਸਨੇ ਫਿਰ ਵੀ ਘਰ ਨੂੰ ਮਦਦ ਕਰਨਾ ਜਾਰੀ ਰਖਿਆ।

ਸੰਨ 1905-1907 ਦੇ ਵਿਚਕਾਰ ਪੰਜਾਬ ਵਿਚ ਕਿਸਾਨ ਅੰਦੋਲਨ ਜ਼ੋਰਾਂ ਤੇ ਸੀ। ਇਸ ਅੰਦੋਲਨ ਦੇ ਨੇਤਾ ਥਾਂ ਥਾਂ ਤੇ ਜਾਕੇ ਕਿਸਾਨਾਂ ਨੂੰ 'ਪਗੜੀ ਸੰਭਾਲਣ' ਅਤੇ ਅੰਗਰੇਜ਼ੀ ਸਰਕਾਰ ਦੀਆਂ ਦਮਨਕਾਰੀ ਨੀਤੀਆਂ ਦਾ ਵਿਰੋਧ ਕਰਨ ਦੀ ਪ੍ਰੇਰਨਾ ਕਰ ਰਹੇ ਸਨ। ਉਦੋਂ ਸਾਰੇ ਦੇਸ਼ ਵਿਚ ਅੰਗਰੇਜ਼ ਵਿਰੋਧੀ ਲਹਿਰ ਜ਼ੋਰ ਪਕੜ ਰਹੀ ਸੀ। ਇਸੇ ਸਿਲਸਿਲੇ ਵਿਚ ਸ੍ਰ: ਅਜੀਤ ਸਿੰਘ ਅਤੇ ਲਾਲਾ ਲਾਜਪਤ ਰਾਏ ਨੂੰ ਗ੍ਰਿਫ਼ਤਾਰ ਕਰਕੇ ਮਾਂਡਲੇ ਜੇਲ੍ਹ ਭੇਜ ਦਿੱਤਾ ਗਿਆ ਸੀ। 1907 ਵਿਚ ਹੀ ਸੋਹਨ ਲਾਲ ਪਾਠਕ ਨੇ ਨੌਕਰੀ ਛੱਡ ਕੇ ਸਿਆਮ (ਥਾਈਲੈਂਡ) ਅਤੇ ਉਥੋਂ ਅਮਰੀਕਾ ਚਲੇ ਜਾਣ ਦਾ ਵਿਚਾਰ ਬਣਾ ਲਿਆ। ਹੁਣ ਤਕ ਉਸਦੇ ਛੋਟੇ ਭਰਾ ਨੇ ਵੀ ਓਵਰਸੀਅਰ ਦਾ ਇਮਤਿਹਾਨ ਪਾਸ ਕਰ ਲਿਆ ਸੀ ਅਤੇ ਪਾਠਕ ਪਰਿਵਾਰਕ ਜ਼ਿੰਮੇਵਾਰੀ ਤੋਂ ਵੀ ਕੁਝ ਹੌਲਾ ਮਹਿਸੂਸ ਕਰਨ ਲਗ ਪਿਆ ਸੀ। ਹੁਣ ਉਸਨੂੰ ਲਗਦਾ ਸੀ ਕਿ ਉਹ ਆਪਣਾ ਪੂਰਾ ਸਮਾਂ ਦੇਸ਼ ਸੇਵਾ ਅਤੇ ਉਸਦੀ ਆਜ਼ਾਦੀ ਲਈ ਲਗਾ ਸਕੇਗਾ। ਦੇਸ਼ ਸੇਵਾ ਦੀ ਇਹ ਤੜਪ ਉਸਦੇ ਸੀਨੇ ਵਿਚ ਲੰਮੇ ਸਮੇਂ ਤੋਂ ਸੁਲਗਦੀ ਚਲੀ ਆ ਰਹੀ ਸੀ।

1907 ਵਿਚ ਸੋਹਨ ਲਾਲ ਪਾਠਕ ਨੇ ਆਪਣਾ ਵਤਨ ਛੱਡ ਦਿੱਤਾ ਤੇ ਉਹ ਆਪਣੇ ਇਕ ਮਿੱਤਰ ਸ੍ਰ: ਗਿਆਨ ਸਿੰਘ ਕੋਲ ਸਿਆਮ (ਥਾਈਲੈਂਡ) ਪਹੁੰਚ ਗਿਆ। ਪਰਿਵਾਰ ਵਾਲਿਆਂ ਨੇ ਪਾਠਕ ਨੂੰ ਰੋਕਣ ਦਾ ਬੜਾ ਜਤਨ ਕੀਤਾ ਪਰ ਉਸਨੇ ਇਕ ਵਾਰ ਜੋ ਫੈਸਲਾ ਕਰ ਲਿਆ ਸੀ, ਉਸਤੇ ਅਟੱਲ ਰਿਹਾ। ਹਾਂ, ਉਸਨੇ ਚਲਣ ਤੋਂ ਪਹਿਲਾਂ ਇਹ ਵਚਨ ਜ਼ਰੂਰ ਕੀਤਾ ਕਿ ਉਹ ਆਪਣੇ ਨਿੱਕੇ ਭਰਾ ਦੇ ਵਿਆਹ ਤੇ ਇਕ ਵਾਰ ਸੁਦੇਸ਼ ਜ਼ਰੂਰ ਆਵੇਗਾ। 1916 ਵਿਚ ਫਾਂਸੀ ਲਗਣ ਤੋਂ ਪਹਿਲਾਂ ਬਸ ਇਹੀ ਇਕ ਅਵਸਰ ਸੀ ਜਦੋਂ ਉਸਨੂੰ ਆਪਣੇ ਵਤਨ ਦੀ ਮਿੱਟੀ ਨੂੰ ਆਖ਼ਰੀ ਵਾਰ ਮੱਥੇ ਤੇ ਲਗਾਣ ਦਾ ਸੁਭਾਗ ਪ੍ਰਾਪਤ ਹੋਇਆ।

ਕੁਝ ਸਮਾਂ ਆਪਣੇ ਮਿੱਤਰ ਗਿਆਨ ਸਿੰਘ ਕੋਲ ਰਹਿਣ ਮਗਰੋਂ ਸੋਹਨ ਲਾਲ ਬੈਂਕਾਕ ਰਵਾਨਾ ਹੋ ਗਿਆ। ਹੁਣ ਉਸਦੇ ਨਾਲ ਪੰਜ ਸਾਥੀ ਹੋਰ ਵੀ ਸਨ ਜਿਨ੍ਹਾਂ ਨੇ ਅਮਰੀਕਾ ਜਾਣ ਦੀ ਯੋਜਨਾ ਬਣਾਈ ਸੀ। ਜਦੋਂ ਇਹ ਟੋਲੀ ਬੈਂਕਾਕ ਪਹੁੰਚੀ ਤਾਂ ਇਨ੍ਹਾਂ ਕੋਲ ਰਾਹ ਦੇ ਖ਼ਰਚ

Digitized by Panjab Digital Library | www.panjabdigilib.org

ਸੰਸਥਾ ਦਾ ਪਹਿਲਾ ਪ੍ਰਧਾਨ ਸ੍ਰ. ਸੋਹਨ ਸਿੰਘ ਭਕਨਾ, ਜਨਰਲ ਸਕੱਤਰ ਲਾਲਾ ਹਰਦਿਆਲ ਅਤੇ ਖਜ਼ਾਨਚੀ ਪੰਡਿਤ ਕਾਸ਼ੀ ਰਾਮ੍ ਸੀ। ਇਕ ਨਵੰਬਰ 1913 ਤੋਂ ਇਸ ਸੰਸਥਾ ਦੁਆਰਾ ਉਰਦੂ ਅਤੇ ਪੰਜਾਬੀ ਵਿਚ ਇਕ ਹਫ਼ਤਾਵਾਰੀ ਪਰਚਾ ਜਾਰੀ ਕੀਤਾ ਗਿਆ ਜਿਸ ਦਾ ਨਾਮ 'ਗ਼ਦਰ' ਸੀ। ਇਸ ਪਰਚੇ ਦੇ ਨਾਮ ਤੇ ਹੀ ਭਾਰਤੀਆਂ ਦੀ ਇਹ ਸੰਸਥਾ 'ਗ਼ਦਰ ਲਹਿਰ' ਕਰਕੇ ਜਾਣੀ ਜਾਣ ਲਗ ਪਈ। ਪਰਚੇ ਅਤੇ ਸੰਸਥਾ ਦੇ ਕੰਮ ਨੂੰ ਚਲਾਉਣ ਲਈ ਜੋ ਦਫ਼ਤਰ ਕਾਇਮ ਕੀਤਾ ਗਿਆ ਉਸਦਾ ਨਾਮ 'ਯੁਗਾਂਤਰ ਆਸ਼ਰਮ' ਰਖਿਆ ਗਿਆ। ਦਫਤਰ ਦੀ ਦੇਖ ਰੇਖ ਤੇ ਚਿੱਠੀ ਪੱਤਰ ਦਾ ਕੰਮ ਪੰਡਿਤ ਜਗਤ ਰਾਮ, ਪ੍ਰਿਥਵੀ ਸਿੰਘ ਆਜ਼ਾਦ ਅਤੇ ਰਾਮ ਚੰਦਰ ਤੋਂ ਛੁੱਟ ਪੰਡਿਤ ਸੋਹਨ ਲਾਲ ਪਾਠਕ ਨੂੰ ਸੌਂਪਿਆ ਗਿਆ। ਉਹ ਹੁਣ ਤੱਕ 'ਗ਼ਦਰ ਲਹਿਰ' ਦਾ ਸਰਗਰਮ ਵਰਕਰ ਬਣ ਚੁਕਾ ਸੀ। ਜਦੋਂ 1914 ਵਿਚ ਉੱਤਰ ਪ੍ਰਦੇਸ਼ ਵਿਚ ਅਕਾਲ ਪਿਆ ਤਾਂ ਵੈਨਕੂਵਰ ਵਿਖੇ ਸਥਾਪਿਤ 'ਯੂਨਾਈਟਿਡ ਪ੍ਰੋਵਿੰਸਿਜ਼ ਫੈਮਿਨ ਰੀਲੀਫ ਕਮੇਟੀ' ਦੁਆਰਾ ਫੰਡ ਇਕੱਠੇ ਕਰਨ ਦਾ ਕੰਮ ਵੀ ਸੋਹਨ ਲਾਲ ਪਾਠਕ ਨੂੰ ਹੀ ਸੌਂਪਿਆ ਗਿਆ।

23 ਮਾਰਚ 1914 ਨੂੰ ਬਾਬਾ ਗੁਰਦਿੱਤ ਸਿੰਘ ਦੁਆਰਾ ਭਾਰਤੀ ਮੁਸਾਫਰਾਂ ਨੂੰ ਲਿਜਾ ਰਿਹਾ ਜਹਾਜ਼ ਕੋਮਾਗਾਟਾ ਮਾਰੂ ਜਦੋਂ ਵੈਨਕੂਵਰ ਦੀ ਬੰਦਰਗਾਹ ਤੇ ਪਹੁੰਚਿਆ ਤਾਂ ਕੈਨੇਡਾ ਦੇ ਅੰਗਰੇਜ਼ ਅਧਿਕਾਰੀਆਂ ਨੇ ਮੁਸਾਫਰਾਂ ਦੇ ਉਤਰਨ ਤੇ ਪਾਬੰਦੀ ਲਗਾ ਦਿੱਤੀ। ਪੁਲਿਸ ਨੇ ਜਹਾਜ਼ ਨੂੰ ਚਵ੍ਹਾਂ ਪਾਸਿਆਂ ਤੋਂ ਘੇਰ ਲਿਆ। ਬੇਸ਼ਕ ਬਾਬਾ ਗੁਰਦਿੱਤ ਸਿੰਘ ਕੈਨੇਡਾ ਦੇ ਆਵਾਸੀ ਨਿਯਮਾਂ ਅਨੁਸਾਰ ਸਾਰੀਆਂ ਸ਼ਰਤਾਂ ਪੂਰੀਆਂ ਕਰਕੇ ਉੱਥੇ ਪਹੁੰਚਿਆ ਸੀ ਪਰ ਤਾਂ ਵੀ ਗੋਰੇ ਅਫ਼ਸਰਾਂ ਨੇ ਉਨ੍ਹਾਂ ਨੂੰ ਮਜਬੂਰ ਕੀਤਾ ਕਿ ਉਹ ਹਾਂਗ ਕਾਂਗ ਯਾਂ ਵਾਪਸ ਹਿੰਦੁਸਤਾਨ ਪਰਤ ਜਾਣ ਜਿੱਥੋਂ ਉਹ ਮੁਸਾਫ਼ਰਾਂ ਨੂੰ ਲੈਕੇ ਆਏ ਸਨ। ਹੋਰ ਤਾਂ ਹੋਰ ਵੈਨਕੂਵਰ ਦੇ ਸਥਾਨਿਕ ਅਧਿਕਾਰੀਆਂ ਨੇ ਮੁਸਾਫਿਰਾਂ ਨੂੰ ਰਾਸ਼ਨ-ਪਾਣੀ ਜਾਂ ਡਾਕਟਰੀ ਸਹਾਇਤਾ ਦੇਣ ਤੋਂ ਵੀ ਇਨਕਾਰ ਕਰ ਦਿੱਤਾ। ਕੋਮਾਗਾਟਾ ਮਾਰੂ ਜਹਾਜ਼ ਦੇ ਮੁਸਾਫਰਾਂ ਦੀ ਇਹ ਹਾਲਤ ਵੇਖਕੇ ਅਮ੍ਰੀਕਾ ਅਤੇ ਕੈਨੇਡਾ ਵਿਚ ਰਹਿ ਰਹੇ ਭਾਰਤੀਆਂ ਨੇ 'ਸ਼ੋਰ ਕਮੇਟੀ' ਦਾ ਗਠਨ ਕੀਤਾ ਜਿਸਦਾ ਕੰਮ ਜਹਾਜ਼ ਦੀਆਂ ਬਕਾਇਆ ਕਿਸ਼ਤਾਂ ਤਾਰਨ ਲਈ ਫੰਡ ਇਕੱਠਾ ਕਰਨਾ ਅਤੇ ਮੁਸਾਫਰਾਂ ਦੇ ਕੈਨੇਡਾ ਵਿਚ ਪ੍ਰਵੇਸ਼ ਕਰਨ ਲਈ ਉਨ੍ਹਾਂ ਦਾ ਕੇਸ ਲੜਣਾ ਸੀ। ਸ਼ੋਰ ਕਮੇਟੀ ਦੇ ਮੈਂਬਰਾਂ ਵਿਚ ਸੋਹਨ ਲਾਲ ਪਾਠਕ ਵੀ ਸ਼ਾਮਲ ਸੀ ਜਿਨ੍ਹਾਂ ਨੇ ਕਰੀਬ 2 ਮਹੀਨੇ ਤਕ ਅਧਿਕਾਰੀਆਂ ਨਾਲ ਕਾਨੂੰਨੀ ਲੜਾਈ ਲੜੀ ਸੀ। ਆਖ਼ਰ ਦੋ ਮਹੀਨੇ ਦੀ ਲੰਮੀ ਜਦੋ ਜਹਿਦ ਮਗਰੋਂ 23 ਜੁਲਾਈ 1914 ਨੂੰ ਜਹਾਜ਼ ਨੂੰ ਵਾਪਸ ਪਰਤਣਾ ਪੈ ਗਿਆ। ਪਰ ਇਸ ਘਟਨਾ ਨੇ ਗ਼ਦਰ-ਲਹਿਰ ਦੇ ਮੈਂਬਰਾਂ ਦੇ ਮਨ ਵਿਚ ਅੰਗਰੇਜ਼ੀ ਰਾਜ ਪ੍ਰਤੀ ਜ਼ਬਰਦਸਤ ਨਫਰਤ ਪੈਦਾ ਕਰ ਦਿੱਤੀ ਤੇ ਉਹ ਕਿਸੇ ਅਜੇਹੇ ਮੌਕੇ ਦੀ ਤਲਾਸ਼ ਕਰਨ ਲਗ ਪਏ ਜਦੋਂ ਸਸ਼ਸਤ੍ਰ ਕ੍ਰਾਂਤੀ ਦੁਅਰਾ ਅੰਗਰੇਜ਼ਾਂ ਨੂੰ ਭਾਰਤ ਵਿਚੋਂ ਬਾਹਰ ਕਢਿਆ ਜਾ ਸਕੇ।

4 ਅਗਸਤ 1914 ਨੂੰ ਇੰਗਲੈਂਡ ਨੇ ਜਰਮਨੀ ਵਿਰੁਧ ਲੜਾਈ ਦੀ ਘੋਸ਼ਨਾ ਕਰ ਦਿੱਤੀ। ਗ਼ਦਰੀ ਨੌਜਵਾਨਾਂ ਨੇ ਇਸ ਮੌਕੇ ਨੂੰ ਗਨੀਮਤ ਜਾਣ ਕੇ ਅੰਗਰੇਜ਼ਾਂ ਵਿਰੁੱਧ 'ਐਲਾਨੇ ਜੰਗ' ਦਾ ਬਿਗਲ ਵਜਾ ਦਿੱਤਾ। ਉਹ ਸਮਝਦੇ ਸਨ ਕਿ ਹੁਣ ਜਦੋਂ ਇੰਗਲੈਂਡ ਜਰਮਨੀ ਵਿਰੁੱਧ ਜੰਗ ਵਿਚ ਰੁਝਿੱਆ ਹੋਵੇਗਾ ਤਾਂ ਉਨ੍ਹਾਂ ਲਈ ਦੇਸ਼ ਪਹੁੰਚ ਕੇ ਕ੍ਰਾਂਤੀ ਦੁਆਰਾ ਅੰਗਰੇਜ਼ਾਂ ਨੂੰ ਭਾਰਤ ਵਿਚੋਂ ਬਾਹਰ ਕੱਢ ਸਕਣਾ ਆਸਾਨ ਹੋ ਜਾਵੇਗਾ। ਇਸ ਆਸ਼ੇ ਨੂੰ ਮੁੱਖ ਰੱਖਕੇ ਬਹੁਤ ਸਾਰੇ ਪੰਜਾਬੀ ਨੌਜਵਾਨ ਹਥਿਆਰਾਂ, ਗੋਲੀ ਬਾਰੂਦ ਤੇ ਗ਼ਦਰ ਲਿਟਰੇਚਰ ਨਾਲ ਸੁਦੇਸ਼ ਪਰਤਣੇ ਸ਼ੁਰੂ ਹੋ ਗਏ

Digitized by Panjab Digital Library | www.panjabdigilib.org

। ਸਾਨਫ੍ਰਾਂਸਿਸਕੋ ਵਿਚ ਹੋਈ ਗ਼ਦਰ ਪਾਰਟੀ ਦੀ ਐਗਜ਼ੈਕਟਿਵ ਕਮੇਟੀ ਦੀ ਮੀਟਿੰਗ ਵਿਚ ਇਹ ਫੈਸਲਾ ਕੀਤਾ ਗਿਆ ਕਿ ਪੰਡਿਤ ਸੋਹਨ ਲਾਲ ਪਾਠਕ 'ਪੱਟੀ' ਨੂੰ ਸਿਆਮ, ਥਾਈਲੈਂਡ ਅਤੇ ਬਰੁਮਾ ਭੇਜਿਆ ਜਾਵੇ, ਸ੍ਰ: ਸੰਤੋਖ ਸਿੰਘ (ਲਾਲਾ ਹਰਦਿਆਲ ਦੇ ਮਗਰੋਂ ਪਾਰਟੀ ਦੇ ਜਨਰਲ ਸਕੱਤਰ) ਨੂੰ ਸਿੰਘਾਪੁਰ, ਮਲਾਇਆ ਤੇ ਦੱਖਣ ਪੂਰਬੀ ਦੇਸ਼ਾਂ ਵਿਚ ਅਤੇ ਭਾਈ ਭਗਵਾਨ ਸਿੰਘ (ਸ੍ਰ. ਸੋਹਣ ਸਿੰਘ ਭਕਨਾ ਮਗਰੋਂ, ਪ੍ਰਧਾਨੰ, ਗਦਰ ਪਾਰਟੀ) ਨੂੰ ਚੀਨ, ਜਾਪਾਨ ਅਤੇ ਮਨੀਲਾ ਆਦਿ ਥਾਵਾਂ ਤੇ 'ਗ਼ਦਰ'ਵਾਸਤੇ ਕੰਮ ਕਰਨ ਲਈ ਨਿਯੁਕਤ ਕੀਤਾ ਗਿਆ। ਜਿੱਥੇ ਇਨ੍ਹਾਂ ਨੇ ਗ਼ਦਰ ਪਾਰਟੀ ਲਈ ਵਰਕਰ ਤਿਆਰ ਕਰਨੇ ਸਨ, ਇਨ੍ਹਾਂ ਦੇਸ਼ਾਂ ਵਿਚ ਰਹਿ ਰਹੇ ਭਾਰਤੀ ਸੈਨਿਕਾਂ ਨੂੰ ਅੰਗਰੇਜ਼ਾਂ ਵਿਰੁੱਧ ਬਗਾਵਤ ਕਰਨ ਲਈ ਤਿਆਰ ਕਰਨਾ ਸੀ, ਉੱਥੇ ਮਾਇਕ ਤੌਰ ਤੇ ਸੋਖੇ ਭਾਰਤੀਆਂ ਕੋਲੋਂ ਫੰਡ ਇਕੱਠਾ ਕਰਨਾ ਤੇ ਹਥਿਆਰ ਖਰੀਦ ਕੇ ਸੁਦੇਸ਼ ਪਹੁੰਚਾਣ ਦਾ ਪ੍ਰਬੰਧ ਵੀ ਕਰਨਾ ਸੀ ਤਾਂ ਜੋ ਅੰਗਰੇਜ਼ੀ ਸ਼ਕਤੀ ਦਾ ਪੂਰੀ ਤਰ੍ਹਾਂ ਨਾਲ ਮੁਕਾਬਲਾ ਕੀਤਾ ਜਾ ਸਕੇ।

ਸਾਨਫ੍ਰਾਂਸਿਸਕੋ ਤੋਂ ਚਲਕੇ ਸੋਹਨ ਲਾਲ ਪਾਠਕ ਅਤੇ ਹੋਰ ਗ਼ਦਰੀ ਨੇਤਾਵਾਂ ਨੇ ਦੱਖਣ-ਪੂਰਬੀ ਦੇਸ਼ਾਂ ਵਿਚ ਪਹੁੰਚਦਿਆਂ ਹੀ ਆਪਣਾ ਕੰਮ ਸ਼ੁਰੂ ਕਰ ਦਿੱਤਾ। ਬਰ੍ਹਮਾ, ਸਿਆਮ ਅਤੇ ਮਲਾਇਆ ਆਦਿ ਦੇਸ਼ਾਂ ਵਿਚ ਪਾਠਕ ਦੀ ਵੈਸੇ ਵੀ ਬਹੁਤ ਵਾਕਫੀਅਤ ਸੀ। ਇਨ੍ਹਾਂ ਗ਼ਦਰੀਆਂ ਦੇ ਪ੍ਰਚਾਰ ਸਦਕਾ ਮਾਰਚ 1915 ਵਿਚ ਸਿੰਘਾਪੁਰ ਦੇ ਭਾਰਤੀ ਸੈਨਿਕਾਂ ਨੇ ਵਿਦਰੋਹ ਕਰ ਦਿੱਤਾ। ਇਹ ਬਗ਼ਾਵਤ ਸਿੰਘਾਪੁਰ ਦੀ ਪੰਜਵੀ ਲਾਈਟ ਪਲਟਨ ਦੇ ਸੈਨਿਕਾਂ ਵਲੋਂ ਅੰਗਰੇਜ਼ ਵਿਰੋਧੀ ਨਫ਼ਰਤ ਦਾ ਸਿੱਟਾ ਸੀ। ਪੂਰੀ ਤਿਅਰੀ ਅਤੇ ਯੋਗ ਅਗਵਾਈ ਦੀ ਅਣਹੋਂਦ ਕਾਰਨ ਨਾ ਸਿਰਫ਼ ਇਸ ਬਗਾਵਤ ਨੂੰ ਦਬਾ ਦਿੱਤਾ ਗਿਆ ਸਗੋਂ ਇਸ ਵਿਚ ਭਾਗ ਲੈਣ ਵਾਲਿਆਂ ਨੂੰ ਬੜੀਆਂ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ। ਬੇਸ਼ਕ ਇਸ ਵਿਦਰੋਹ ਦੀ ਅਸਫਲਤਾ ਕਾਰਨ ਗ਼ਦਰ ਲਹਿਰ ਦੇ ਪ੍ਰੋਗਰਾਮਾਂ ਨੂੰ ਬੜਾ ਭਾਰੀ ਧੱਕਾ ਲੱਗਾ ਪਰ ਪਾਠਕ ਸਿੰਘਾਪੁਰ ਛੱਡਕੇ ਪਹਿਲਾਂ ਸਿਆਮ (ਥਾਈਲੈਂਡ) ਅਤੇ ਫਿਰ ਬਰੁਮਾ ਆ ਗਿਆ। ਇੱਥੇ ਆ ਕੇ ਉਸਨੇ ਭਾਰਤੀ ਮੂਲ ਦੇ ਲੋਕਾਂ ਅਤੇ ਭਾਰਤੀ ਸੈਨਿਕਾਂ ਵਿਚ ਗ਼ਦਰ ਦੇ ਪ੍ਰਚਾਰ ਦਾ ਕੰਮ ਪਹਿਲਾਂ ਨਾਲੋਂ ਵੀ ਤੇਜ਼ ਕਰ ਦਿੱਤਾ।

ਇਨ੍ਹਾਂ ਦੇਸ਼ਾਂ ਵਿਚ ਵੱਖ ਵੱਖ ਥਾਵਾਂ ਵਿਚ ਕੰਮ ਕਰ ਰਹੇ ਭਾਰਤੀਆਂ ਦੀ ਇਕ ਵੱਡੀ ਗਿਣਤੀ ਸੀ। ਉੱਥੇ ਵਿਉਪਾਰ ਵਿਚ ਲਗੇ ਕੁਝ ਮੁਸਲਮਾਨ ਵੀ ਸਨ। ਸੋਹਨ ਲਾਲ ਪਾਠਕ, ਸ੍ਰ. ਸੰਤੋਖ ਸਿੰਘ, ਸ੍ਰ. ਬਲਵੰਤ ਸਿੰਘ, ਗਿਆਨੀ ਭਗਵਾਨ ਸਿੰਘ ਇਤਿਆਦਿ ਨੇਤਾਵਾਂ ਦੇ ਆਉਣ ਤੋਂ ਪਹਿਲਾ ਸ੍ਰ. ਜੀਵਨ ਸਿੰਘ, ਸ੍ਰ. ਇੰਦਰ ਸਿੰਘ, ਸ੍ਰ. ਪਦਮ ਸਿੰਘ, ਸ੍ਰੀ ਚੇਤ ਰਾਮ ਅਤੇ ਸ੍ਰੀ ਕਰਮ ਚੰਦ ਗ਼ਦਰ ਪਾਰਟੀ ਲਈ ਨਿੱਗਰ ਆਧਾਰ ਤਿਆਰ ਕਰ ਚੁਕੇ ਸਨ। ਰੰਗੂਨ (ਬਰ੍ਹਮਾ) ਪਹੁੰਚਣ ਤੇ ਸੋਹਨ ਲਾਲ ਦੀ ਦੋਸਤੀ ਕਿਰਪਾ ਰਾਮ ਨਾਲ ਹੋ ਗਈ। ਉਹ ਰੰਗੂਨ ਦੇ ਆਰਮੀ ਸਕੂਲ ਵਿਚ ਅਧਿਆਪਕ ਸੀ। ਕਿਰਪਾ ਰਾਮ ਦੇ ਗ਼ਦਰ-ਪਾਰਟੀ ਵਿਚ ਸ਼ਾਮਲ ਹੋਣ ਨਾਲ ਇਨ੍ਹਾਂ ਨਾਲ ਦੋ ਅਧਿਆਪਕ ਹੋਰ ਆਕੇ ਰਲ ਗਏ। ਇਹ ਸਨ - ਭਾਈ ਕਾਲਾ ਸਿੰਘ ਨਾਇਕ ਅਤੇ ਭਾਈ ਪ੍ਰਤਾਪ ਸਿੰਘ। ਇਨ੍ਹਾਂ ਦੇ ਇਕ ਹੋਰ ਸਾਥੀ ਚੇਤ ਰਾਮ ਨੇ 16, ਡਫਰਿਨ ਰੋਡ, ਰੰਗੂਨ ਦੇ ਸਥਾਨ ਤੇ ਗ਼ਦਰ ਦਾ ਕੇਂਦਰ ਵੀ ਸਥਾਪਿਤ ਕਰ ਦਿੱਤਾ ਸੀ। ਇਨ੍ਹਾਂ ਨੋਜਵਾਨਾਂ ਨਾਲ ਖਿਲਾਫ਼ਤ ਲਹਿਰ ਦੇ ਕਈ ਨੇਤਾ ਵੀ ਰਲ ਗਏ ਜਿਨ੍ਹਾਂ ਵਿਚੋਂ ਪ੍ਰਮੱਖ ਤੋਰ ਤੇ ਮੁਜ਼ਤਬਾ ਹੁਸੈਨ, ਅਲੀ ਅਹਿਮਦ ਸਦੀਕੀ ਅਤੇ ਫੀਅਨ ਅਲੀ ਆਦਿ ਬੜੇ ਸਰਗਰਮ ਮੈਂਬਰ ਸਨ।

Digitized by Panjab Digital Library | www.panjabdigilib.org

ਗ਼ਦਰੀਆਂ ਨੇ ਜਰਮਨਾਂ ਨਾਲ ਚੰਗੇ ਸੰਬੰਧ ਸਥਾਪਿਤ ਕਰ ਲਏ ਸਨ। ਇਨ੍ਹਾਂ ਸੰਬੰਧਾਂ ਕਾਰਨ ਸਾਂਝੇ ਤੌਰ ਤੇ ਸਿਆਮ-ਬਰਮਾ ਨਾਮ ਦੀ ਇਕ ਨਵੀਂ ਯੋਜਨਾ ਤਿਆਰ ਕੀਤੀ ਗਈ। ਇਸ ਯੋਜਨਾ ਅਨੁਸਾਰ, ਜਰਮਨੀ ਦੇ ਸੈਨਿਕ ਮਾਹਿਰਾਂ ਦੀ ਸਹਾਇਤਾ ਨਾਲ ਇਸ ਖੇਤਰ ਵਿਚ 10,000 ਭਾਰਤੀਆਂ ਨੂੰ ਸੈਨਿਕ ਸਿੱਖਿਆ ਦੇਣ ਦਾ ਪ੍ਰੋਗ੍ਰਾਮ ਬਣਾਇਆ ਗਿਆ। ਮੈਕਸੀਕੋ ਅਤੇ ਅਮਰੀਕਾ ਵਿਚ ਰਹਿ ਰਹੇ ਜਰਮਨ ਏਜੰਟਾਂ ਨੇ ਕੁਝ ਸ਼ਸਤਰ ਸਿਆਮ ਅਤੇ ਬਰਮਾ ਲਈ ਅਤੇ ਕੁਝ ਸ਼ਸਤਰ ਭਾਰਤ ਲਈ ਦੇਣੇ ਸਨ। ਬਰਮਾ-ਸਿਆਮ ਯੋਜਨਾਂ ਦੇ ਅੰਤਰਗਤ ਇਨ੍ਹਾਂ ਦੇਸ਼ਾਂ ਵਿਚ ਰਹਿ ਰਹੇ ਭਾਰਤੀਆਂ ਨੂੰ ਚਾਂਦਗਈ ਜੰਗਲ 'ਸਿਆਮ' ਵਿਚ ਟ੍ਰੇਨਿੰਗ ਦਿੱਤੀ ਜਾਣੀ ਸੀ। ਇਸ ਯੋਜਨਾ ਦੀ ਦੇਖ-ਰੇਖ ਅਤੇ ਸਫ਼ਲਤਾ ਲਈ ਸੋਹਨ ਲਾਲ ਪਾਠਕ ਦੇ ਨਾਲ ਸ੍ਰ: ਹਰਨਾਮ ਸਿੰਘ ਕਾਹਰੀ ਸਾਹਰੀ, ਸ੍ਰ: ਸੰਤੋਖ ਸਿੰਘ, ਸ੍ਰ: ਐਚ. ਐਲ. ਗੁਪਤਾ, ਸ੍ਰ: ਬਲਵੰਤ ਸਿੰਘ ਅਤੇ ਗਿਆਨੀ ਭਗਵਾਨ ਸਿੰਘ ਨੂੰ ਨਿਯੁਕਤ ਕੀਤਾ ਗਿਆ।

ਇਸ ਤੋਂ ਪਹਿਲਾਂ ਕਿ ਇਹ ਯੋਜਨਾ ਅਮਲੀ ਸ਼ਕਲ ਅਖ਼ਤਿਆਰ ਕਰ ਸਕਦੀ, ਅਪ੍ਰੈਲ 1915 ਵਿਚ ਕੁਝ ਗ਼ਦਰ ਲਿਟਰੇਚਰ ਦੇ ਪਕੜੇ ਜਾਣ ਕਾਰਨ, ਬਰਮਾ ਅਤੇ ਸਿਆਮ ਵਿਚ ਗ਼ਦਰੀ ਨੌਜਵਾਨਾਂ ਦੁਆਰਾ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਦਾ ਪਤਾ ਚਲ ਗਿਆ। ਅੰਗਰੇਜ਼ ਅਧਿਕਾਰੀਆਂ ਨੇ ਗ਼ਦਰੀ ਟਿਕਾਣਿਆਂ ਤੇ ਛਾਪੇ ਮਾਰਣੇ ਅਤੇ ਗ਼ਦਰੀ ਨੇਤਾਵਾਂ ਨੂੰ ਗ੍ਰਿਫਤਾਰ ਕਰਨਾ ਸ਼ੁਰੂ ਕਰ ਦਿੱਤਾ। ਅਲੀ ਅਹਿਮਦ ਸਦੀਕੀ ਅਤੇ ਫ਼ੀਅਨ ਅਲੀ ਬਰਮਾ ਵਿਚ ਅਤੇ ਚੇਤ ਰਾਮ ਤੇ ਮੁਜ਼ਤਬਾ ਹੁਸੈਨ ਸਿਆਮ (ਥਾਈਲੈਂਡ) ਵਿਚ ਪਕੜੇ ਗਏ। ਕੁਝ ਹੀ ਦਿਨਾਂ ਦੇ ਅੰਦਰ ਅੰਦਰ ਗ਼ਦਰ ਪਾਰਟੀ ਦੇ 21 ਹੋਰ ਕਾਰਕੁਨ ਪਕੜੇ ਗਏ ਜਿਨ੍ਹਾਂ ਵਿਚ ਭਾਈ ਹਰਦਿੱਤ ਸਿੰਘ, ਭਾਈ ਕਪੂਰ ਸਿੰਘ, ਭਾਈ ਨਰਿੰਜਨ ਸਿੰਘ ਤੋਂ ਛੁੱਟ ਬਾਬੂ ਹਰਨਾਮ ਸਿੰਘ ਕਾਹਰੀ ਸਾਹਰੀ ਵੀ ਸ਼ਾਮਲ ਸੀ ਜਿਸ ਨੂੰ 14 ਅਗਸਤ ਵਾਲੇ ਦਿਨ ਮਾਂਡਲੇ ਜੇਲ੍ਹ ਵਿਚ ਫਾਂਸੀ ਦੇ ਦਿੱਤੀ ਗਈ।

ਪੰਡਿਤ ਸੋਹਨ ਲਾਲ ਪਾਠਕ ਜੋ ਕਿ ਮੈਮੀਉ ਕੈਂਟੋਨਮੈਂਟ ਦੀ 23ਵੀਂ ਬਟਾਲੀਅਨ ਦੇ ਤੋਪਖਾਨੇ ਵਿਚ ਇਸ ਉਦੇਸ਼ ਨਾਲ ਦਾਖ਼ਲ ਹੋਇਆ ਸੀ ਕਿ ਉੱਥੇ ਨੌਕਰੀ ਕਰ ਰਹੇ ਭਾਰਤੀ ਸੈਨਿਕਾਂ ਨੂੰ ਅੰਗਰੇਜ਼ੀ ਰਾਜ ਵਿਰੁੱਧ ਵਿਦਰੋਹ ਕਰਨ ਲਹੀ ਤਿਆਰ ਕੀਤਾ ਜਾ ਸਕੇ, ਨੂੰ 14 ਅਗਸਤ 1915 ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਅਸਲ ਵਿਚ ਇਸ ਤੋਪਖਾਨੇ ਦੇ ਦੇਸੀ ਅਫ਼ਸਰਾਂ ਨੇ ਪਿਛਲੇ ਦੌਰੇ ਸਮੇਂ ਸੋਹਨ ਲਾਲ ਪਾਠਕ ਨੂੰ ਪੂਰਾ ਸਹਿਯੋਗ ਦੇਣ ਦਾ ਭਰੋਸਾ ਦੁਆਇਆ ਸੀ। ਉਦੋਂ ਉਸ ਨਾਲ ਭਾਈ ਨਰਾਇਣ ਸਿੰਘ ਬਲੋ ਵੀ ਸ਼ਾਮਲ ਸੀ। ਪਰ ਇਸ ਵਾਰ ਜਦੋਂ ਉਹ ਤੋਪਖ਼ਾਨੇ ਦੇ ਜਮਾਂਦਾਰ ਦੇ ਨਾਲ ਖੁਲ੍ਹ ਕੇ ਗੱਲਾਂ ਕਰ ਰਿਹਾ ਸੀ ਤਾਂ ਜਮਾਂਦਾਰ ਦੇ ਮਨ ਵਿਚ ਬੇਈਮਾਨੀ ਆ ਗਈ। ਉਸਨੇ ਵਿਛੜਨ ਲਗਿਆਂ ਸੋਹਨ ਲਾਲ ਨਾਲ ਹੱਥ ਮਿਲਾਇਆ ਅਤੇ ਉਸ ਪ੍ਰਤੀ ਸਨੇਹ ਪ੍ਰਗਟ ਕਰਨ ਲਈ ਉਸਨੂੰ ਆਪਣੀ ਜਫ਼ੀ ਵਿਚ ਲੈ ਲਿਆ। ਪਰ ਜਮਾਂਦਾਰ ਦੇ ਇਸ਼ਾਰਾ ਕਰਨ ਦੀ ਦੇਰ ਸੀ ਕਿ ਕੋਲ ਖੜੇ ਸਿਪਾਹੀਆਂ ਨੇ ਸੋਹਨ ਲਾਲ ਨੂੰ ਚੁਪਾਸਿਉਂ ਘੇਰ ਕੇ ਆਪਣੀਆਂ ਬਾਹਵਾਂ ਵਿਚ ਜਕੜ ਲਿਆ। ਸੋਹਨ ਲਾਲ ਨੂੰ ਇਸ ਕਿਸਮ ਦੇ ਵਿਸ਼ਵਾਸਘਾਤ ਦੀ ਉਮੀਦ ਨਹੀਂ ਸੀ। ਇਹ ਸਭ ਕੁਝ ਇਤਨੀ ਜਲਦੀ ਹੋ ਗਿਆ ਕਿ ਉਸਨੂੰ ਆਪਣੀ ਜੇਬ ਵਿਚੋਂ ਭਰੀ ਹੋਈ ਸ੍ਵੈਚਾਲਕ ਪਿਸਤੌਲ ਕੱਢਣ ਅਤੇ ਵਰਤਣ ਦਾ ਮੌਕਾ ਵੀ ਨਾ ਮਿਲ ਸਕਿਆ। ਗ੍ਰਿਫ਼ਤਾਰੀ ਮਗਰੋਂ ਜਦੋਂ ਉਸਦੀ ਤਲਾਸ਼ੀ ਲਈ ਗਈ ਤਾਂ ਉਸ ਕੋਲੋਂ ਬੰਬ ਬਣਾਉਣ ਦੇ ਫ਼ਾਰਮੂਲੇ, ਕੁਝ ਕ੍ਰਾਂਤੀਕਾਰੀ ਲਿਟਰੇਚਰ, ਤਿੰਨ ਸ੍ਵੈਚਾਲਕ ਪਿਸਤੌਲਾਂ ਅਤੇ 300 ਗੋਲੀਆਂ ਬਰਾਮਦ

Digitized by Panjab Digital Library | www.panjabdigilib.org

ਹੋਈਆਂ। ਬਾਅਦ ਵਿਚ ਸੋਹਨ ਲਾਲ ਦੇ ਕੁਝ ਹੋਰ ਸਾਥੀ ਵੀ ਪਕੜ ਲਏ ਗਏ।

ਮਾਂਡਲੇ, (ਬਰਮਾ) ਸੈਸ਼ਨ ਜੱਜ ਦੀ ਅਦਾਲਤ ਵਿਚ ਸੋਹਨ ਲਾਲ ਪਾਠਕ ਉਪਰ ਦਫਾ 121 'ਡਿਫੈਂਸ ਆਫ਼ ਇੰਡੀਆ ਐਕਟ' ਦੇ ਅਧੀਨ, ਇੰਗਲੈਂਡ ਦੇ ਬਾਦਸ਼ਾਹ ਵਿਰੁੱਧ ਬਗ਼ਾਵਤ ਭੜਕਾਉਣ ਅਤੇ 'ਐਲਾਨੇ-ਜੰਗ' ਕਰਨ ਦੇ ਦੋਸ਼ ਵਿਚ ਮੁਕੱਦਮਾ ਚਲਾਇਆ ਗਿਆ। ਬੜੀ ਸਖ਼ਤ ਪੁੱਛ ਪੜਤਾਲ ਦੇ ਦੌਰਾਨ ਵੀ ਸੋਹਨ ਲਾਲ ਪਾਠਕ ਕਿਸੇ ਗੱਲ ਤੇ ਵੀ ਝੁਕਣ ਲਈ ਤਿਆਰ ਨਾ ਹੋਇਆ। ਮੁਕੱਦਮੇ ਦੇ ਦੌਰਾਨ ਇਕ ਵਾਰ ਬਰਮਾ ਦਾ ਲੈਫਟੀਨੈਂਟ ਗਵ੍ਰਨਰ ਜੇਲ੍ਹ ਵਿਚ ਪਾਠਕ ਨੂੰ ਆਕੇ ਮਿਲਿਆ ਤੇ ਉਸਨੇ ਕਿਹਾ ਕਿ ਜੇ ਉਹ (ਸੋਹਨ ਲਾਲ) ਲਿਖਤੀ ਮਾਫ਼ੀ ਮੰਗ ਲਵੇ ਤਾਂ ਉਸਦੀ ਜਾਨ ਬਖਸ਼ੀ ਜਾ ਸਕਦੀ ਹੈ। ਅੰਗਰੇਜ਼ ਗਵਰਨਰ ਦੀ ਗੱਲ ਸੁਣਕੇ ਪਾਠਕ ਹੱਸ ਪਿਆ ਤੇ ਕਹਿਣ ਲੱਗਾ ਕਿ ਜੇ ਮਾਫ਼ੀ ਮੰਗਣ ਦੀ ਹੀ ਗੱਲ ਹੈ ਤਾਂ ਅੰਗਰੇਜ਼ਾਂ ਨੂੰ ਮੇਰੇ ਦੇਸ਼ ਕੋਲੋਂ ਮਾਫ਼ੀ ਮੰਗਣੀ ਚਾਹੀਦੀ ਹੈ ਜਿੱਥੇ ਉਹ ਜ਼ੋਰ-ਜ਼ਬਰਦਸਤੀ ਤੇ ਚਾਲਾਕੀ ਨਾਲ ਦਾਖ਼ਲ ਹੋਕੇ ਹੁਕਮਰਾਨ ਬਣ ਬੈਠੇ ਹਨ। ਦੋ ਸੌ ਸਾਲ ਤੋਂ ਮੇਰੇ ਦੇਸ਼ ਨੂੰ ਲੁਟਦੇ ਅਤੇ ਗਰੀਬ ਜਨਤਾ ਤੇ ਜ਼ੁਲਮ ਅਤੇ ਅਤਿਆਚਾਰ ਕਰਦੇ ਚਲੇ ਆ ਰਹੇ ਹਨ। ਫ਼ਾਂਸੀ ਲਗਾਣ ਤੋਂ ਕੁਝ ਚਿਰ ਪਹਿਲਾਂ ਇਕ ਵਾਰ ਫਿਰ ਅੰਗਰੇਜ਼ ਮੈਜਿਸਟ੍ਰੇਟ ਨੇ ਕਿਹਾ ਕਿ ਜੇ ਅਜੇ ਵੀ ਉਹ ਜ਼ਬਾਨੀ ਮਾਫ਼ੀ ਮੰਗ ਲਵੇ ਤਾਂ ਉਸਦੀ ਮੌਤ ਦੀ ਸਜ਼ਾ ਉਮਰ ਕੈਦ ਵਿਚ ਬਦਲੀ ਜਾ ਸਕਦੀ ਹੈ। ਇਸ ਵਾਰ ਫਿਰ ਪਾਠਕ ਦਾ ਉਹੀ ਜੁਆਬ ਸੀ, 'ਮੈਜਿਸਟ੍ਰੇਟ ਸਾਹਿਬ ਮੈਂ ਆਪਣੇ ਦੇਸ਼ ਪ੍ਰਤੀ ਆਪਣਾ ਫਰਜ਼ ਪੂਰਾ ਕੀਤਾ ਹੈ, ਹੁਣ ਤੁਸੀਂ ਆਪਣੀ ਡਿਊਟੀ ਪੂਰੀ ਕਰੋ, ਤੁਹਾਨੂੰ ਮੇਰੀ ਚਿੰਤਾ ਕਰਨ ਦੀ ਲੋੜ ਨਹੀਂ।'

ਪਾਠਕ ਦੇ ਇਨਕਾਰ ਕਰਨ ਦੀ ਦੇਰ ਸੀ ਕਿ ਉਸਨੂੰ ਵਤਨ ਤੋਂ ਹਜ਼ਾਰਾਂ ਮੀਲ ਦੂਰ ਮਾਂਡਲੇ ਜੇਲ੍ਹ ਵਿਚ 10 ਫਰਵਰੀ 1916 ਨੂੰ ਫ਼ਾਂਸੀ ਤੇ ਲਟਕਾ ਦਿੱਤਾ ਗਿਆ।

ਸੋਹਨ ਲਾਲ ਪਾਠਕ ਬੜਾ ਹਿੰਮਤੀ, ਇਰਾਦੇ ਦਾ ਪੱਕਾ ਅਤੇ ਦੇਸ਼ ਪ੍ਰਤੀ ਪੂਰੀ ਵਫ਼ਾਦਾਰੀ ਅਤੇ ਤਿਆਗ ਦੀ ਭਾਵਨਾ ਨਾਲ ਕੰਮ ਕਰਨ ਵਾਲਾ ਨੌਜਵਆਨ ਸੀ। ਸਰੀਰਕ ਤੌਰ ਤੇ ਦੁਬਲਾ ਪਤਲਾ ਹੋਣ ਦੇ ਬਾਵਜੂਦ ਉਹ ਆਤਮਕ ਤੌਰ ਤੇ ਬੜਾ ਬਲਵਾਨ ਅਤੇ ਨਿਡਰ ਸੀ। ਅਜੇਹੇ ਨੌਜਵਾਨਾਂ ਦੀ ਕੁਰਬਾਨੀ ਨੇ ਹੀ ਦੇਸ਼ ਨੂੰ ਆਜ਼ਾਦ ਹੋਣ ਦਾ ਗੌਰਵ ਪ੍ਰਦਾਨ ਕੀਤਾ ਹੈ। ਹੁਣ ਹਰ ਸਾਲ ਸੋਹਨ ਲਾਲ ਪਾਠਕ ਦਾ ਸ਼ਹੀਦੀ ਦਿਹਾੜਾ ਪੱਟੀ (ਪੰਜਾਬ) ਵਿਖੇ ਬੜੀ ਸ਼ਰਧਾ ਨਾਲ ਮਨਾਇਆ ਜਾਂਦਾ ਹੈ।

Digitized by Panjab Digital Library | www.panjabdigilib.org

# ਬਾਬੂ ਹਰਨਾਮ ਸਿੰਘ ਕਾਹਰੀ ਸਾਹਰੀ

ਦੇਸ਼ ਦੀ ਆਜ਼ਾਦੀ ਲਈ ਆਪਣਾ ਸਭ ਕੁਝ ਨਿਛਾਵਰ ਕਰ ਦੇਣ ਵਾਲਾ ਬਾਬੂ ਹਰਨਾਮ ਸਿੰਘ ਕਾਹਰੀ ਸਾਹਰੀ ਪੰਜਾਬ ਦੇ ਉਨ੍ਹਾਂ ਮੁਢੱਲੇ ਸੁਤੰਤਰਤਾ ਸੰਗ੍ਰਾਮੀਆਂ ਵਿਚੋਂ ਸੀ ਜਿਸ ਨੇ ਅਮਰੀਕਾ, ਕੈਨੇਡਾ, ਚੀਨ, ਜਾਪਾਨ, ਸਿਆਮ (ਥਾਈਲੈਂਡ) ਅਤੇ ਬਰਮਾ ਵਿਚ ਵਸਦੇ ਪਰਵਾਸੀ ਭਾਰਤੀਆਂ ਵਿਚ ਰਾਸ਼ਟਰ ਦੀ ਭਾਵਨਾਂ ਨੂੰ ਜਗਾ ਕੇ ਇਕ ਅਜੇਹੇ 'ਗ਼ਦਰ' ਲਈ ਜ਼ਮੀਨ ਤਿਆਰ ਕੀਤੀ ਜਿਸਦਾ ਨਿਸ਼ਾਨਾਂ ਅੰਗਰੇਜ਼ਾਂ ਨੂੰ ਦੇਸ਼ ਚੋਂ ਬਾਹਰ ਕੱਢਣਾ ਅਤੇ ਭਾਰਤ ਨੂੰ ਆਜ਼ਾਦ ਕਰਵਾਉਣਾ ਸੀ। ਮਾਂਡਲੇ ਜੇਲ੍ਹ ਵਿਚ ਚਲਾਏ ਗਏ ਕੇਸ ਦੇ ਜੱਜਾਂ ਅਨੁਸਾਰ ਉਹ ਅਮਰੀਕਾ ਦੇ ਖ਼ਤਰਨਾਕ ਗ਼ਦਰੀ ਲੀਡਰਾਂ ਵਿਚੋਂ ਸੀ। ਅੰਗਰੇਜ਼ਾਂ ਵਿਰੁੱਧ ਬਗ਼ਾਵਤ ਉਕਸਾਨ ਦੇ ਦੋਸ਼ ਵਿਚ ਉਸਨੂੰ 14 ਅਗਸਤ 1914 ਨੂੰ ਫ਼ਾਂਸੀ ਦੇ ਦਿੱਤੀ ਗਈ। ਉਹ ਬੜਾ ਸਿਆਣਾ, ਜੁਸ਼ੀਲਾ ਤੇ ਪੱਕਾ ਦੇਸ਼ ਭਗਤ ਸੀ।

ਬਾਬੂ ਹਰਨਾਮ ਸਿੰਘ ਦਾ ਜਨਮ ਜ਼ਿਲ੍ਹਾ ਹੁਸ਼ਿਆਰਪੁਰ ਦੇ ਇਕ ਗੁਮਨਾਮ ਜਹੇ ਪਿੰਡ ਕਾਹਰੀ ਸਾਹਰੀ ਵਿਚ ਸ੍ਰ: ਲਾਭ ਸਿੰਘ ਦੇ ਘਰ ਹੋਇਆ। ਉਸਦੀ ਮਾਤਾ ਦਾ ਨਾਮ ਚੰਦ ਕੌਰ ਸੀ। ਉਸਨੇ ਮੁਢੱਲੀ ਵਿੱਦਿਆ ਆਪਣੇ ਪਿੰਡ ਵਿਚ ਹੀ ਹਾਸਲ ਕੀਤੀ। ਉਹ ਪੜ੍ਹਾਈ ਵਿਚ ਬੜਾ ਤੇਜ਼ ਅਤੇ ਤੀਖਣ ਬੁੱਧੀ ਵਾਲਾ ਬਾਲਕ ਸੀ। ਪਰ ਨੇੜੇ ਤੇੜੇ ਉਚੇਰੀ ਵਿੱਦਿਆ ਦਾ ਕੋਈ ਯੋਗ ਪ੍ਰਬੰਧ ਨਾ ਹੋਣ ਕਰਕੇ ਉਸਨੇ ਮਿਡਲ ਦਾ ਇਮਤਿਹਾਨ ਪਾਸ ਕਰਨ ਮਗਰੋਂ ਪੜ੍ਹਾਈ ਛੱਡ ਦਿੱਤੀ ਤੇ ਫ਼ੌਜ ਦੇ ਰਸਾਲਾ ਨੰਬਰ 30 ਵਿਚ 11 ਰੁਪੈ ਮਹੀਨੇ ਤੇ ਭਰਤੀ ਹੋ ਗਿਆ। ਉਦੋਂ ਉਸ ਦੀ ਉਮਰ 16 ਸਾਲ ਦੀ ਸੀ। ਫ਼ੌਜ ਵਿਚ ਉਸਦੀ ਮੁਲਾਕਾਤ ਬਲਵੰਤ ਸਿੰਘ ਨਾਲ ਹੋਈ। ਹਰਨਾਮ ਸਿੰਘ ਉਸਦੇ ਰਾਸ਼ਟਰਵਾਦੀ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਹੋਇਆ। ਉਸ ਨੇ ਅੰਗਰੇਜ਼ਾਂ ਦੀ ਨੌਕਰੀ ਛੱਡ ਦੇਣ ਦਾ ਵਿਚਾਰ ਬਣਾਇਆ ਤੇ ਕੇਵਲ ਡੇਢ ਸਾਲ ਤਕ ਫ਼ੌਜ ਵਿਚ ਰਹਿਣ ਮਗਰੋਂ ਉਹ ਅਸਤੀਫ਼ਾ ਦੇ ਕੇ ਵਾਪਸ ਪਿੰਡ ਪਰਤ ਆਇਆ। ਪਿੰਡ ਪਹੁੰਚ ਕੇ ਉਹ ਪਿਤਾ ਦੇ ਕੰਮ ਵਿਚ ਹੱਥ ਵਟਾਉਣ ਲਗ ਪਿਆ।

1905 ਅਤੇ 1907 ਦੇ ਵਿਚਕਾਰ ਜਦੋਂ ਕਿਸਾਨ ਅੰਦੋਲਨ ਨੇ ਜ਼ੋਰ ਪਕੜਿਆ ਤਾਂ ਉਹ ਭਾਵਨਾਤਮਕ ਤੌਰ ਤੇ ਇਸ ਅੰਦੋਲਨ ਨਾਲ ਜੁੜ ਗਿਆ। ਸ੍ਰ: ਅਜੀਤ ਸਿੰਘ ਦੀਆਂ ਤਕਰੀਰਾਂ ਅਤੇ ਲਾਲ ਚੰਦ 'ਫ਼ਲਕ' ਦੇ ਕੌਮੀ ਤਰਾਨਿਆ ਨੇ ਉਸ ਦੇ ਮਨ ਵਿਚ ਅਜੇਹੀ ਹਲਚਲ ਪੈਦਾ ਕੀਤੀ ਕਿ ਉਸਨੇ ਇਹ ਫ਼ੈਸਲਾ ਕਰ ਲਿਆ ਕਿ ਚਾਹੇ ਉਹ ਦੇਸ਼ ਵਿਚ ਰਹੇ ਜਾਂ ਵਿਦੇਸ਼ਾਂ ਵਿਚ, ਉਹ ਆਪਣਾ ਸਾਰਾ ਜੀਵਨ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਅਰਪਿਤ ਕਰ ਦੇਵੇਗਾ। ਨੌਕਰੀ ਛੱਡ ਕੇ ਆਉਣ ਮਗਰੋਂ, ਪਿੰਡ ਵਿਚ ਰਹਿੰਦਿਆਂ ਉਸਨੇ ਕੁਝ ਪੈਸਾ ਇਕੱਠਾ ਕੀਤਾ ਤੇ ਹਾਂਗ ਕਾਂਗ ਲਈ ਰਵਾਨਾ ਹੋ ਗਿਆ। ਬਾਹਰਲੇ ਮੁਲਕਾਂ ਵਿਚ ਆਰਥਿਕ ਤੌਰ ਤੇ ਤਰੱਕੀ ਕਰਨ ਦੀਆਂ ਚੰਗੀਆਂ ਸੰਭਾਵਨਾਵਾਂ ਸਨ। ਉਨ੍ਹਾਂ ਦਿਨਾਂ ਵਿਚ ਕਾਫ਼ੀ ਹਿੰਦੁਸਤਾਨੀ ਉੱਥੇ ਰਹਿ ਰਹੇ ਸਨ। ਹਾਂਗ ਕਾਂਗ ਪਹੁੰਚ ਕੇ ਉਸਨੇ ਇਕ ਟ੍ਰਾਮ ਕੰਪਨੀ ਵਿਚ ਨੌਕਰੀ ਕਰ ਲਈ।

Digitized by Panjab Digital Library | www.panjabdigilib.org

ਵੀਹਵੀਂ ਸਦੀ ਦੇ ਸ਼ੁਰੂ ਵਿਚ ਭਾਰਤੀ ਮੂਲ ਦੇ ਲੋਕਾਂ ਲਈ ਵਿਦੇਸ਼ਾਂ ਵਿਚ ਜਾਣ ਲਈ ਇਮੀਗ੍ਰੇਸ਼ਨ ਕਾਨੂੰਨ ਬੜੇ ਸਖ਼ਤ ਸਨ। ਅਮਰੀਕਾ ਅਤੇ ਕੈਨੇਡਾ ਆਦਿ ਦੇਸ਼ਾਂ ਦੇ ਇਮੀਗ੍ਰੇਸ਼ਨ ਵਿਭਾਗਾਂ ਵਲੋਂ ਭਾਰਤੀਆਂ ਨੂੰ ਬੜਾ ਤੰਗ ਅਤੇ ਪ੍ਰੇਸ਼ਾਨ ਕੀਤਾ ਜਾਂਦਾ ਸੀ। ਜਿਨ੍ਹਾਂ ਦੇਸ਼ਾਂ ਦੀਆਂ ਸਰਕਾਰਾਂ ਅੰਗਰੇਜ਼ਾਂ ਦੇ ਅਧੀਨ ਸਨ ਉਨ੍ਹਾਂ ਦੇਸ਼ਾਂ ਵਿਚ ਭਾਰਤੀਆਂ ਨੂੰ ਨਫ਼ਰਤ ਦੀ ਨਿਗਾਹ ਨਾਲ ਵੇਖਿਆ ਅਤੇ ਉਨ੍ਹਾਂ ਨਾਲ ਬੜਾ ਮਾੜਾ ਸਲੂਕ ਕੀਤਾ ਜਾਂਦਾ ਸੀ। ਪ੍ਰਦੇਸਾਂ ਵਿਚ ਪਹੁੰਚਣ ਵਾਲੇ ਭਾਰਤੀ ਇਹੋ ਜਹੇ ਵਿਤਕਰੇ ਪੂਰਨ ਵਿਉਹਾਰ ਤੋਂ ਬਹੁਤ ਦੁੱਖੀ ਹੁੰਦੇ ਸਨ ਤੇ ਉਨ੍ਹਾਂ ਦੇ ਮਨ ਵਿਚ ਇਹ ਵਿਚਾਰ ਪੈਦਾ ਹੋਣਾ ਕੁਦਰਤੀ ਸੀ ਕਿ ਇਸ ਸਾਰੀ ਸਥਿਤੀ ਦਾ ਮੂਲ ਕਾਰਨ ਦੇਸ਼ ਦੀ ਗੁਲਾਮੀ ਸੀ। ਉਹ ਮਹਿਸੂਸ ਕਰਦੇ ਸਨ ਕਿ ਜਿਤਨੀ ਦੇਰ ਤਕ ਦੇਸ਼ ਆਜ਼ਾਦ ਨਹੀਂ ਹੋ ਜਾਂਦਾ ਉਤਨੀ ਦੇਰ ਤਕ ਇਸ ਸਥਿਤੀ ਵਿਚ ਕੋਈ ਪ੍ਰੀਵਰਤਨ ਹੋਣਾ ਸੰਭਵ ਨਹੀਂ।

ਕੈਨੇਡਾ ਜਾਣ ਵਾਲੇ ਬਹੁਤ ਸਾਰੇ ਭਾਰਤੀ ਰਾਹ ਵਿਚ ਹਾਂਗ ਕਾਂਗ ਰੁਕ ਜਾਇਆ ਕਰਦੇ ਸਨ। ਕਈ ਵਾਰ ਉਨ੍ਹਾਂ ਕੋਲ ਇਤਨਾਂ ਵੀ ਪੈਸਾ ਨਹੀਂ ਸੀ ਬਚਦਾ ਕਿ ਉਹ ਆਪਣਾ ਸਫ਼ਰ ਅਗੇ ਜਾਰੀ ਰੱਖ ਸਕਣ ਜਾਂ ਫ਼ਿਰ ਵਾਪਸ ਸੁਦੇਸ਼ ਪਰਤ ਜਾਣ। ਹਰਨਾਮ ਸਿੰਘ ਨੂੰ ਅਜੇਹੇ ਭਾਰਤੀਆਂ ਤੇ ਬੜਾ ਤਰਸ ਆਉਂਦਾ। ਕਈ ਵਾਰ ਉਹ ਉਨ੍ਹਾਂ ਨੂੰ ਆਪਣੇ ਘਰ ਵਿਚ ਰੱਖ ਲੈਂਦਾ ਤੇ ਆਪਣੀ ਨੌਕਰੀ ਚੋਂ ਬਚਾਏ ਹੋਏ ਪੈਸਿਆਂ ਨਾਲ ਉਨ੍ਹਾਂ ਦੀ ਮਦਦ ਕਰਦਾ ਰਹਿੰਦਾ। ਕੁਝ ਸਮਾਂ ਹਾਂਗ ਕਾਂਗ ਰਹਿਣ ਮਗਰੋਂ ਹਰਨਾਮ ਸਿੰਘ ਦਸੰਬਰ 1907 ਵਿਚ ਕੈਨੇਡਾ ਚਲਾ ਗਿਆ। ਉਦੋਂ ਹਰਨਾਮ ਸਿੰਘ ਦੀ ਆਯੂ ਮਸਾਂ 20 ਸਾਲ ਦੀ ਸੀ। ਆਪਣੇ ਮਿੱਠੇ ਅਤੇ ਠੰਡੇ ਸੁਭਾ ਕਾਰਨ ਉਹ ਛੇਤੀ ਹੀ ਉੱਥੇ ਗਏ ਭਾਰਤੀਆਂ ਵਿਚ ਹਰਮਨ ਪਿਆਰਾ ਹੋ ਗਿਆ। ਉਸਨੂੰ ਫ਼ੌਜ ਦੀ ਨੌਕਰੀ ਸਮੇਂ ਮਿਲਿਆ ਬਲਵੰਤ ਸਿੰਘ ਵੀ ਕੈਨੇਡਾ ਪਹੁੰਚ ਚੁਕਾ ਸੀ। ਡਾ: ਐਚ.ਕੇ. ਪੁਰੀ ਅਨੁਸਾਰ ਐਸ ਵੇਲੇ ਕੁਝ ਹੋਰ ਨੌਜਵਾਨ ਜੋ ਵੈਨਕੂਵਰ (ਕੈਨੇਡਾ) ਵਿਚ ਕ੍ਰਾਂਤੀਕਾਰੀ ਗਤੀਵਿਧੀਆਂ ਵਿਚ ਲਗੇ ਹੋਏ ਸਨ ਉਨ੍ਹਾਂ ਵਿਚ 23 ਸਾਲਾਂ ਦਾ ਬੰਗਾਲੀ ਯੁਵਕ ਤਾਰਕਨਾਥ, ਸੁਰਿੰਦਰ ਮੋਹਨ ਬੋਸ ਅਤੇ ਭਾਰਤ ਦੇ ਉੱਤਰ-ਪੱਛਮੀ ਪ੍ਰਾਂਤ ਚੋਂ ਆਇਆ ਜੀ.ਡੀ. ਕੁਮਾਰ ਸ਼ਾਮਲ ਸਨ। ਕ੍ਰਾਂਤੀਕਾਰੀ ਵਿਚਾਰਧਾਰਾ ਰਖਣ ਵਾਲੇ ਹਰਨਾਮ ਸਿੰਘ ਦਾ ਇਨ੍ਹਾਂ ਦੇ ਸੰਪਰਕ ਵਿਚ ਆ ਜਾਣਾ ਸੁਭਾਵਕ ਸੀ। ਉਹ ਕੈਨੇਡਾ ਪਹੁੰਚਦਿਆਂ ਹੀ ਆਪਣੇ ਮਿਸ਼ਨ ਵਿਚ ਜੁੱਟ ਗਿਆ। ਇਕ ਸਾਲ ਤਕ ਵਿਕਟੋਰੀਆ (ਕੈਨੇਡਾ) ਰਹਿਣ ਮਗਰੋਂ ਉਹ ਅਮਰੀਕਾ ਆ ਗਿਆ। ਇਥੇ ਆਕੇ ਉਸਨੇ ਸੀਆਟਲ ਦੇ ਇਕ ਸਕੂਲ ਵਿਚ ਦਾਖ਼ਲਾ ਲੈ ਲਿਆ। ਪੜ੍ਹਾਈ ਦੇ ਦੌਰਾਨ ਉਸਨੇ ਅਮਰੀਕਾ ਦੀ ਆਜ਼ਾਦੀ ਦੇ ਸੰਘਰਸ਼ ਬਾਰੇ ਡੂੰਘਾ ਅਧਿਐਨ ਕੀਤਾ ਤੇ ਇਸ ਨਤੀਜੇ ਤੇ ਪਹੁੰਚਿਆ ਕਿ ਅਸੀਂ ਵੀ ਅਮ੍ਰੀਕਨਾਂ ਵਾਂਗ ਸੰਗਠਿਤ ਹੋਕੇ ਸਸ਼ਸਤ੍ਰ ਕ੍ਰਾਂਤੀ ਨਾਲ ਅੰਗਰੇਜ਼ਾਂ ਦੀ ਗੁਲਾਮੀ ਤੋਂ ਨਜਾਤ ਪਾ ਸਕਦੇ ਹਾਂ।

ਕਈ ਵਾਰ ਇਹ ਖ਼ਿਆਲ ਕੀਤਾ ਜਾਂਦਾ ਹੈ ਕਿ ਕ੍ਰਾਂਤੀਕਾਰੀ ਨੌਜਵਾਨ ਬਹੁਤੇ ਪੜ੍ਹੇ ਲਿਖੇ ਨਹੀਂ ਸਨ। ਪਰ ਹਰਨਾਮ ਸਿੰਘ ਕਾਹਰੀ ਸਾਹਰੀ ਦੇ ਕੇਸ ਵਿਚ ਇਹ ਵਿਚਾਰ ਸਹੀ ਸਾਬਤ ਨਹੀਂ ਹੁੰਦਾ। ਉਹ ਬੜਾ ਸੂਝਵਾਨ ਅਤੇ ਪੜ੍ਹਿਆ ਲਿਖਿਆ ਨੌਜਵਾਨ ਸੀ। ਉਹ ਬੜੀ ਸ਼ੁਧ ਅਤੇ ਪ੍ਰਭਾਵਸ਼ਾਲੀ ਅੰਗਰੇਜ਼ੀ ਵਿਚ ਗੱਲ ਬਾਤ ਕਰ ਸਕਦਾ ਸੀ। ਉਸਦੀ ਅਜੇਹੀ ਪ੍ਰਪਕਤਾ ਅਤੇ ਬਹੁਪੱਖੀ ਗਿਆਨ ਕਰਕੇ ਸਾਥੀ ਮਿੱਤਰ ਉਸਨੂੰ 'ਬਾਬੂ' ਹਰਨਾਮ ਸਿੰਘ ਕਹਿ ਕੇ ਪੁਕਾਰਨ

Digitized by Panjab Digital Library | www.panjabdigilib.org

ਲਗ ਪਏ ਸਨ। ਗਿਆਨੀ ਗੁਰਮੁੱਖ ਸਿੰਘ ਨੇ ਉਸ ਨੂੰ ਐਮ.ਏ. ਪਾਸ ਲਿਖਿਆ ਹੈ।

ਅਮਰੀਕਾ ਵਿਚ ਤਿੰਨ ਸਾਲ ਦੀ ਪੜ੍ਹਾਈ ਪੂਰੀ ਕਰਨ ਮਗਰੋਂ ਹਰਨਾਮ ਸਿੰਘ ਨੂੰ ਇੰਡੀਅਨ ਟ੍ਰੇਡਿੰਗ ਕੰਪਨੀ (Indian Trading Company) ਵਿਚ ਨੌਕਰੀ ਮਿਲ ਗਈ। ਇਹ ਕੰਪਨੀ ਭਾਰਤੀ ਪਰਵਾਸੀਆਂ ਵਲੋਂ ਡੇਢ ਲੱਖ ਰੁਪੈ ਦੇ ਸਰਮਾਏ ਨਾਲ ਸ਼ੁਰੂ ਕੀਤੀ ਗਈ ਸੀ। ਇਸ ਕੰਪਨੀ ਨੇ ਥੋੜ੍ਹੇ ਹੀ ਸਮੇਂ ਵਿਚ ਕਾਫ਼ੀ ਮੁਨਾਫ਼ਾ ਕਮਾ ਲਿਆ। ਕੰਪਨੀ ਦਾ ਪਹਿਲਾ ਮੈਨੇਜਰ ਉੱਥੋਂ ਦਾ ਇਕ ਗੋਰਾ ਅਫ਼ਸਰ ਸੀ, ਪਰ ਕੰਪਨੀ ਨੂੰ ਤਰਕੀ ਕਰਦਿਆਂ ਵੇਖਕੇ ਉਸਦਾ ਮਨ ਬੇਈਮਾਨ ਹੋ ਗਿਆ। ਉਹ ਕੰਪਨੀ ਦਾ ਸਾਰਾ ਪੈਸਾ ਹੜਪ ਕਰਕੇ ਭਗੌੜਾ ਹੋ ਜਾਣਾ ਚਾਹੁੰਦਾ ਸੀ। ਜਦੋਂ ਹਰਨਾਮ ਸਿੰਘ ਨੂੰ ਇਸ ਗੱਲ ਦਾ ਪਤਾ ਚਲਿਆ ਤਾਂ ਉਸਨੇ ਕੰਪਨੀ ਸ਼ੁਰੂ ਕਰਨ ਵਾਲੇ ਭਾਰਤੀ ਮਿੱਤਰਾਂ ਨਾਲ ਸਲਾਹ ਕਰਕੇ ਕੰਪਨੀ ਦਾ ਪ੍ਰਬੰਧ ਆਪਣੇ ਹੱਥ ਵਿਚ ਲੈ ਲਿਆ। ਉਸਨੇ ਨਾ ਸਿਰਫ਼ ਕੰਪਨੀ ਦੇ ਸਾਰੇ ਕੰਮ ਨੂੰ ਬੜੀ ਯੋਗਤਾ ਨਾਲ ਸੰਭਾਲਿਆ ਹੀ, ਸਗੋਂ ਕੰਪਨੀ ਦੇ ਸਰਮਾਏ ਵਿਚ ਵਾਧਾ ਕਰਕੇ ਕੰਪਨੀ ਨੂੰ ਦੀਵਾਲੀਆ ਹੋਣ ਤੋਂ ਬਚਾ ਲਿਆ। ਇੱਥੇ ਰਹਿੰਦਿਆਂ ਉਸਨੂੰ ਪੰਜਾਬੀ ਮਜ਼ਦੂਰਾਂ ਦੇ ਨੇੜ ਆਉਣ ਦਾ ਮੌਕਾ ਮਿਲਿਆ। ਵਿਰੋਧੀ ਧਿਰ ਵਲੋਂ ਉਸਤੇ ਝੂਠਾ ਮੁਕੱਦਮਾ ਬਣਾ ਕੇ ਉਸਨੂੰ ਗ੍ਰਿਫ਼ਤਾਰ ਕਰਾਉਣ ਦੀ ਬੜੀ ਕੋਸ਼ਿਸ਼ ਕੀਤੀ ਗਈ ਪਰ ਉਸਦੇ ਇਕ ਜੱਜ ਮਿੱਤਰ ਨੇ ਉਸਨੂੰ ਕਿਸੇ ਵੀ ਕਲਪਿਤ ਅਤੇ ਬੇ-ਬੁਨਿਆਦ ਦੋਸ਼ ਤੋਂ ਬਚਾ ਲਿਆ ਤੇ ਉਸਨੂੰ ਆਪਣੇ ਘਰ ਲੈ ਆਇਆ।

ਅਜੇ 'ਗ਼ਦਰ ਲਹਿਰ' ਦਾ ਮੁੱਢ ਨਹੀਂ ਸੀ ਬਝ੍ਹਿਆ। ਹਰਨਾਮ ਸਿੰਘ ਨੇ ਆਪਣੇ ਦੇਸ਼ ਵਾਸੀਆਂ ਨੂੰ ਸੰਗਠਿਤ ਕਰਨ ਅਤੇ ਉਨ੍ਹਾਂ ਨੂੰ ਅੰਗਰੇਜ਼ੀ ਰਾਜ ਦੀਆਂ ਵਧੀਕੀਆਂ ਪ੍ਰਤੀ ਜਾਗ੍ਰਿਤ ਕਰਨ ਲਈ ਅੰਗਰੇਜ਼ੀ ਵਿਚ ਇਕ ਪਰਚਾ ਕਢਣਾ ਸ਼ੁਰੂ ਕੀਤਾ ਜਿਸਦਾ ਨਾਮ 'ਦੀ ਹਿੰਦੁਸਤਾਨ' ਰਖਿਆ ਗਿਆ। ਉਸਨੇ ਅਮਰੀਕਾ ਅਤੇ ਕੈਨੇਡਾ ਵਿਚ ਸਥਾਪਿਤ ਭਾਰਤੀ ਸੰਗਠਨਾਂ ਵਿਚ ਵੀ ਭਾਗ ਲੈਣਾ ਸ਼ੁਰੂ ਕਰ ਦਿੱਤਾ ਜਿਨ੍ਹਾਂ ਦਾ ਨਿਸ਼ਾਨਾਂ ਦੇਸ਼ ਵਿਚੋਂ ਅੰਗਰੇਜ਼ਾਂ ਨੂੰ ਬਾਹਰ ਕੱਢਣਾ ਸੀ। ਆਪਣੇ ਪਰਚੇ ਵਿਚ ਛਪੇ ਉਸਦੇ ਲੇਖ ਬੜੇ ਧੜਲੇਦਾਰ ਅਤੇ ਅੰਗਰੇਜ਼ੀ-ਸਾਮਰਾਜ ਵਿਰੋਧੀ ਹੋਇਆ ਕਰਦੇ ਸਨ। ਇਸੇ ਕਰਕੇ ਕੈਨੇਡਾ ਦੀ ਸਰਕਾਰ ਇਸਤੇ ਕੈੜੀ ਨਜ਼ਰ ਰਖਣ ਲਗ ਪਈ।

1909 ਵਿਚ 'ਹਿੰਦੁਸਤਾਨ ਐਸੋਸੀਏਸ਼ਨ' ਨਾਮ ਦੀ ਇਕ ਜਥੇਬੰਦੀ ਕਾਇਮ ਕੀਤੀ ਗਈ ਜਿਸਦੇ ਪ੍ਰਧਾਨ ਭਾਈ ਭਾਗ ਸਿੰਘ ਭਿੱਖੀਵਿੰਡ, ਸਕੱਤਰ ਜੀ.ਡੀ.ਕੁਮਾਰ (ਜਿਸਦਾ ਪੂਰਾ ਨਾਮ ਗੁਰਾਂ ਦਿੱਤਾ ਕੁਮਾਰ ਸੀ) ਅਤੇ ਖ਼ਜ਼ਾਨਚੀ ਬਾਬੂ ਹਰਨਾਮ ਸਿੰਘ ਦਾ ਮਿੱਤਰ ਭਾਈ ਬਲਵੰਤ ਸਿੰਘ ਕੈਨੇਡੀਅਨ ਸੀ। ਹਰਨਾਮ ਸਿੰਘ ਇਸ ਐਸੋਸੀਏਸ਼ਨ ਦਾ ਬੜਾ ਸਰਗਰਮ ਅਤੇ ਉੱਦਮੀ ਮੈਂਬਰ ਸੀ। ਇਸ ਸਭਾ ਦੇ ਉਦੇਸ਼ਾਂ ਨੂੰ ਪ੍ਰਚਾਰਨ ਲਈ ਉਰਦੂ ਵਿਚ 'ਸਵਦੇਸ਼ ਸੇਵਕ' ਨਾਮ ਦਾ ਅਖ਼ਬਾਰ ਕਢਿਆ ਗਿਆ, ਜਿਸ ਦਾ ਐਡੀਟਰ ਜੀ.ਡੀ. ਕੁਮਾਰ ਸੀ। ਇਹੋ ਜਿਹਾ ਇਕ ਪੰਜਾਬੀ ਅਖ਼ਬਾਰ 'ਪਰਦੇਸੀ ਖ਼ਾਲਸਾ' ਸ੍ਰ: ਅਮਰ ਸਿੰਘ ਝਿੰਗਰ ਨੇ ਜਾਰੀ ਕੀਤਾ। ਵੈਨਕੂਵਰ ਵਿਖੇ ਲੰਡਨ ਦੇ ਇੰਡੀਆ ਹਾਊਸ ਦੀ ਤਰਜ਼ ਦਾ 'ਸਵਦੇਸ਼ ਸੇਵਕ ਹੋਮ' ਕਾਇਮ ਕੀਤਾ ਗਿਆ। ਇਸ ਵਿਚ ਵੀ ਹਰਨਾਮ ਸਿੰਘ ਨੇ ਬੜਾ ਹਿੱਸਾ ਪਾਇਆ। ਇਨ੍ਹਾਂ, ਅਖ਼ਬਾਰਾਂ ਅਤੇ ਸੰਸਥਾਵਾਂ ਦਾ ਉਦੇਸ਼ ਇਹੀ ਸੀ ਕਿ ਆਪਣੇ ਦੇਸ਼ ਵਿਚ ਨਿਰੋਲ ਆਪਣੀ ਸਰਕਾਰ ਹੋਵੇ, ਸਭ ਲਈ ਕੌਮੀ

Digitized by Panjab Digital Library | www.panjabdigilib.org

ਵਿੱਦਿਆ ਦਾ ਪ੍ਰਬੰਧ, ਭਾਰਤੀ ਸਨਅਤਾਂ ਅਤੇ ਖੇਤੀ ਬਾੜੀ ਦੀ ਉਨੱਤੀ ਅਤੇ ਆਰਥਿਕ ਤੌਰ ਤੇ ਦੇਸ਼ ਵਿਚ ਹੋ ਰਹੀ ਅੰਗਰੇਜ਼ਾਂ ਦੁਆਰਾ ਲੁੱਟ ਖਸੁੱਟ ਨੂੰ ਰੋਕ ਪਾਈ ਜਾਵੇ। ਇਨ੍ਹਾਂ ਅਖ਼ਬਾਰਾਂ ਦਾ ਨਿਸ਼ਾਨਾ ਹਿੰਦੀਆਂ ਨੂੰ ਮਜ਼ਹਬੀ ਅਤੇ ਸੂਬਾਈ ਘੇਰਿਆਂ ਤੋਂ ਉਤਾਂਹ ਚੁਕ ਕੇ ਕੌਮੀ ਸੋਚ ਲਈ ਪ੍ਰੇਰਨਾਂ ਤੇ ਕੰਮ ਕਰਨਾ ਸੀ। ਕੁਝ ਸਮੇਂ ਬਾਦ 'ਸਵਦੇਸ਼ ਸੇਵਕ' ਦੇ ਭਾਰਤ ਭੇਜੇ ਜਾਣ ਤੇ Sea Customs Act ਦੇ ਅੰਤਰਗਤ ਪਾਬੰਦੀ ਲਗਾ ਦਿੱਤੀ ਗਈ ਕਿਉਂਕਿ ਇਸ ਵਿਚ ਖੁਲ੍ਹੇ ਤੌਰ ਤੇ ਭਾਰਤੀ ਸੈਨਾ ਦੇ ਸਿੱਖ ਸੈਨਿਕਾਂ ਨੂੰ ਅੰਗਰੇਜ਼ਾਂ ਵਿਰੁੱਧ ਉੱਠ ਖਲੋਣ ਲਈ 'ਉਕਸਾਇਆ' ਜਾਂਦਾ ਸੀ।

1908 ਵਿਚ ਜਦੋਂ ਕੈਨੇਡਾ ਦੀ ਸਰਕਾਰ ਨੇ ਕੈਨੇਡਾ ਵਿਚ ਵਸਦੇ ਭਾਰਤੀਆਂ ਨੂੰ ਕੈਨੇਡਾ ਛੱਡ ਕੇ ਹਾਂਡੂਰਾਸ ਜਾਕੇ ਵੱਸ ਜਾਣ ਲਈ ਜ਼ੋਰ ਪਾਉਣਾ ਸ਼ੁਰੂ ਕੀਤਾ ਤਾਂ ਹੋਰ ਭਾਰਤੀ ਸਾਥੀਆਂ ਨਾਲ ਮਿਲ ਕੇ ਹਰਨਾਮ ਸਿੰਘ ਨੇ ਵੀ ਇਸ ਯੋਜਨਾਂ ਦਾ ਸਖ਼ਤ ਵਿਰੋਧ ਕੀਤਾ। ਕਿਉਂਕਿ ਭਾਰਤੀ ਪਰਵਾਸੀਆਂ ਵਲੋਂ ਭੇਜੀ ਗਈ ਤਿੰਨ ਮੈਂਬਰੀ ਕਮੇਟੀ ਨੇ ਹਾਂਡੂਰਾਸ ਦਾ ਮੁਆਇਨਾਂ ਕਰਕੇ ਪਰਤਣ ਮਗਰੋਂ ਇਹ ਰਿਪੋਰਟ ਦਿੱਤੀ ਸੀ ਕਿ 'ਉਹ ਦਲਦਲ ਅਤੇ ਮਲੇਰੀਏ ਦੀ ਬੀਮਾਰੀ ਨਾਲ ਗ੍ਰਸੀ ਧਰਤੀ ਹੈ' ਜਿੱਥੇ ਜਾਕੇ ਵਸਣਾ ਅਤੇ ਖੇਤੀ ਆਦਿ ਕਰ ਸਕਣਾ ਸੰਭਵ ਨਹੀਂ।

ਕੈਨੇਡਾ ਵਿਚ ਪ੍ਰਵੇਸ਼ ਕਰਨ ਲਈ ਭਾਰਤੀਆਂ ਲਈ ਬੜੇ ਸਖ਼ਤ ਕਾਨੂੰਨ ਸਨ ਤੇ ਹੌਲੀ ਹੌਲੀ ਇਨ੍ਹਾਂ ਕਾਨੂੰਨਾ ਨੂੰ ਹੋਰ ਸਖ਼ਤ ਕੀਤਾ ਜਾ ਰਿਹਾ ਸੀ। ਕੈਨੇਡਾ ਵਿਚ ਥਾਂ ਥਾਂ ਤੇ ਇਨ੍ਹਾਂ, ਕਾਨੂੰਨਾਂ ਦੇ ਵਿਰੋਧ ਵਿਚ ਮੀਟਿੰਗਾਂ ਸਦੀਆਂ ਅਤੇ ਕਾਨੂੰਨੀ ਲੜਾਈ ਲੜਣ ਲਈ ਫੰਡ ਇਕੱਠੇ ਕੀਤੇ ਜਾ ਰਹੇ ਸਨ। ਹਿੰਦੁਸਤਾਨ ਐਸੋਸੀਏਸ਼ਨ ਦੇ ਸੱਦੇ ਤੇ ਅਪ੍ਰੈਲ 1910 ਵਿਚ ਇਕ ਮੀਟਿੰਗ ਬੁਲਾਈ ਗਈ ਜਿਸ ਵਿਚ ਹੁਸੈਨ ਰਹੀਮ ਉਰਫ਼ ਛਗਣ ਖੈਰਾਜ ਵਰਮਾ ਦੀ ਗ੍ਰਿਫ਼ਤਾਰੀ ਬਾਰੇ ਵਿਚਾਰ ਕੀਤਾ ਗਿਆ ਜੋ 1910 ਦੇ ਸ਼ੁਰੂ ਵਿਚ ਕਾਠੀਆਵਾੜ ਤੋਂ ਵੈਨਕੂਵਰ ਪਹੁੰਚਿਆ ਸੀ। ਵੈਨਕੂਵਰ ਪਹੁੰਚਦਿਆਂ ਹੀ ਉਸਨੂੰ ਗ਼ੈਰ-ਕਾਨੂੰਨੀ ਢੰਗ ਨਾਲ ਕੈਨੇਡਾ ਪ੍ਰਵੇਸ਼ ਕਰਨ ਦੇ ਦੋਸ਼ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਦੋਸ਼ ਇਹ ਸੀ ਕਿ ਉਹ ਕੈਨੇਡਾ ਲਈ ਸਿੱਧੀ ਟਿਕਟ ਲੈਕੇ ਵੈਨਕੂਵਰ ਨਹੀਂ ਸੀ ਪਹੁੰਚਿਆ। ਹਿੰਦੁਸਤਾਨ ਐਸੋਸੀਏਸ਼ਨ ਵਲੋਂ ਸਦੀ ਗਈ ਇਸ ਮੀਟਿੰਗ ਵਿਚ ਤਾਰਕ ਨਾਥ ਅਤੇ ਜੀ.ਡੀ. ਕੁਮਾਰ ਤੋਂ ਇਲਾਵਾ ਹਰਨਾਮ ਸਿੰਘ ਨੇ ਵੀ ਕੈਨੇਡੀਅਨ ਸਰਕਾਰ ਦੀ ਬੜੀ ਨਖੇਦੀ ਕੀਤੀ ਸੀ। ਸਰਕਾਰੀ ਕਾਨੂੰਨਾਂ ਨੂੰ ਚੁਣੌਤੀ ਦੇਣ ਦੇ ਦੋਸ਼ ਵਿਚ ਕੁਝ ਸਮੇਂ ਬਾਦ ਹਰਨਾਮ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਉਸਨੂੰ 48 ਘੰਟੇ ਦੇ ਅੰਦਰ-ਅੰਦਰ ਦੇਸ਼ ਛੱਡ ਜਾਣ ਦਾ ਆਦੇਸ਼ ਜਾਰੀ ਕਰ ਦਿੱਤਾ ਗਿਆ। ਉਸ ਉਪਰ ਸਰਕਾਰ ਵਿਰੁੱਧ ਵਿਦਰੋਹ ਭੜਕਾਣ ਦਾ ਦੋਸ਼ ਸੀ। ਬਾਬੂ ਹਰਨਾਮ ਸਿੰਘ ਨੇ ਇਸ ਆਦੇਸ਼ ਦੀ ਸੂਚਨਾ ਆਪਣੇ ਇਕ ਅਮ੍ਰੀਕਨ ਮਿੱਤਰ ਰੈਮਿਸਬਰਗ ਨੂੰ ਤਾਰ ਰਾਹੀਂ ਭੇਜ ਦਿੱਤੀ। ਤਾਰ ਦੇ ਉੱਤਰ ਵਿਚ ਉਸਦੇ ਅਮ੍ਰੀਕਨ ਦੋਸਤ ਨੇ ਕੈਨੈਡੀਅਨ ਸਰਕਾਰ ਨੂੰ ਲਿਖਿਆ ਕਿ ਉਹ ਉਸਨੂੰ ਦੇਸ਼ ਨਿਕਾਲਾ ਨਾ ਦੇਣ, ਉਹ ਜਲਦੀ ਹੀ ਕੈਨੇਡਾ ਆਕੇ ਉਸਨੂੰ ਆਪਣੀ ਜ਼ਿਮੇਂਵਾਰੀ ਤੇ ਅਮਰੀਕਾ ਲੈ ਜਾਵੇਗਾ। ਤਾਰ ਮਿਲਦਿਆਂ ਹੀ ਰੈਮਿਸਬਰਗ ਆਪਣੀ ਨਿੱਜੀ ਬੋਟ (ਕਿਸ਼ਤੀ) ਲੈਕੇ ਕੈਨੇਡਾ ਪਹੁੰਚ ਗਿਆ ਅਤੇ ਹਰਨਾਮ ਸਿੰਘ ਨੂੰ ਆਪਣੇ ਨਾਲ ਅਮਰੀਕਾ ਲੈ ਆਇਆ।

ਅਮਰੀਕਾ ਪਹੁੰਚ ਕੇ ਇਕ ਵਾਰ ਫਿਰ ਹਰਨਾਮ ਸਿੰਘ ਨੇ ਉਚੇਰੀ ਸਿੱਖਿਆ ਲਈ

Digitized by Panjab Digital Library | www.panjabdigilib.org

ਕੈਲੀਫੋਰਨੀਆ ਦੀ ਬਰਕਲੇ ਯੂਨੀਵਰਸਿਟੀ ਵਿਚ ਦਾਖ਼ਲਾ ਲੈ ਲਿਆ। ਇੱਥੇ ਉਹ ਉਨ੍ਹਾਂ ਨੌਜਵਾਨਾਂ ਦੇ ਸੰਪਰਕ ਵਿਚ ਆਇਆ ਜੋ 'ਗ਼ਦਰ ਲਹਿਰ' ਨੂੰ ਸ਼ੁਰੂ ਕਰਨ ਦੀ ਯੋਜਨਾਂ ਬਣਾ ਰਹੇ ਸਨ। ਅੰਤਰਰਾਸ਼ਟਰੀ ਹਾਲਾਤ ਬੜੀ ਤੇਜ਼ੀ ਨਾਲ ਬਦਲ ਰਹੇ ਸਨ ਤੇ ਵਿਸ਼ਵ ਜੰਗ ਸ਼ੁਰੂ ਹੋ ਜਾਣ ਦੇ ਬਦੱਲ ਗਹਿਰੇ ਹੋਣੇ ਸ਼ੁਰੂ ਹੋ ਗਏ ਸਨ। ਭਾਰਤੀ ਨੌਜਵਾਨ ਚਾਹੁੰਦੇ ਸਨ ਕਿ ਜਦੋਂ ਅੰਗਰੇਜ਼ ਜਰਮਨੀ ਵਿਰੁੱਧ ਉਲਝੇ ਹੋਣ ਤਾਂ ਉਹ ਇਸ ਸਥਿਤੀ ਦਾ ਲਾਭ ਉਠਾ ਕੇ ਅੰਗਰੇਜ਼ਾਂ ਵਿਰੁੱਧ ਗ਼ਦਰ ਕਰ ਦੇਣ। ਇਹੋ ਜਹੇ ਹਾਲਾਤ ਵਿਚ ਅੰਗਰੇਜ਼ ਦੋ ਦੋ ਫਰੰਟ ਉਤੇ ਨਹੀਂ ਲੜ ਸਕਣਗੇ ਤੇ ਉਹ ਭਾਰਤ ਛੱਡ ਜਾਣ ਤੇ ਮਜਬੂਰ ਹੋ ਜਾਣਗੇ।

ਨਵੰਬਰ 1913 ਵਿਚ ਜਦੋਂ ਉਰਦੂ ਅਤੇ ਪੰਜਾਬੀ ਵਿਚ ਗ਼ਦਰ ਪਰਚਾ ਜਾਰੀ ਕੀਤਾ ਗਿਆ ਅਤੇ ਸੋਹਨ ਸਿੰਘ ਭਕਨਾ, ਲਾਲ ਹਰਦਿਆਲ ਅਤੇ ਹੋਰ ਕ੍ਰਾਂਤੀਕਾਰੀ ਨੌਜਵਾਨਾਂ ਦੁਆਰਾ ਗ਼ਦਰ ਲਹਿਰ ਸ਼ੁਰੂ ਕੀਤੀ ਗਈ ਤਾਂ ਹਰਨਾਮ ਸਿੰਘ ਤਨ, ਮਨ ਤੇ ਧੰਨ ਨਾਲ ਗ਼ਦਰ ਪਰਚੇ ਅਤੇ ਗ਼ਦਰ ਲਹਿਰ ਨਾਲ ਜੁੜ ਗਿਆ। ਪਹਿਲਾਂ ਉਹ ਆਪਣਾ ਪਰਚੇ 'ਦੀ ਹਿੰਦੁਸਤਾਨ' ਅਤੇ 'ਸਵਦੇਸ਼ ਸੇਵਕ' ਲਈ ਲੇਖ ਲਿਖਿਆ ਕਰਦਾ ਸੀ ਹੁਣ ਉਸਨੇ ਗ਼ਦਰ ਲਈ ਅੰਗਰੇਜ਼ੀ ਸਾਮਰਾਜ ਵਿਰੁੱਧ ਅਤੇ ਦੇਸ਼ ਦੀ ਆਜ਼ਾਦੀ ਲਈ ਲੇਖ ਲਿਖਣੇ ਸ਼ੁਰੂ ਕਰ ਦਿੱਤੇ। ਉਸਦੇ ਲੇਖ ਬੜੇ ਧੜਲੇਦਾਰ ਅਤੇ ਬਾਗ਼ੀਆਨਾਂ ਅੰਦਾਜ਼ ਵਿਚ ਹੁੰਦੇ ਸਨ।

ਜਦੋਂ ਕੈਨੇਡੀਅਨ ਸਰਕਾਰ ਵਲੋਂ ਲਾਈਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਨ ਮਗਰੋਂ ਬਾਬਾ ਗੁਰਦਿੱਤ ਸਿੰਘ ਦੁਆਰਾ ਕਰਾਏ ਤੇ ਲਿਆ ਜਹਾਜ਼ ਕੋਮਾਗਾਟਾਮਾਰੂ 23 ਮਈ 1914 ਨੂੰ 376 ਭਾਰਤੀ ਮੁਸਾਫ਼ਰਾਂ ਨੂੰ ਲੈਕੇ ਵੈਨਕੂਵਰ ਪਹੁੰਚਿਆ ਤਾਂ ਕੈਨੇਡੀਅਨ ਅਧਿਕਾਰੀਆਂ ਨੇ ਉਨ੍ਹਾਂ ਨੂੰ ਬੰਦਰਗਾਹ ਤੇ ਉਤਰਨ ਅਤੇ ਸ਼ਹਿਰ ਵਿਚ ਪ੍ਰਵੇਸ਼ ਕਰਨ ਦੀ ਇਜਾਜ਼ਤ ਨਾ ਦਿੱਤੀ। ਮੁਸਾਫ਼ਰਾਂ ਨੂੰ ਨਿਆਂ ਦੁਆਉਣ ਅਤੇ ਉਨ੍ਹਾਂ ਦੀਆਂ ਪ੍ਰੇਸ਼ਾਨੀਆਂ ਨੂੰ ਦੂਰ ਕਰਨ ਲਈ ਸ਼ੋਰ ਕਮੇਟੀ ਦਾ ਗਠਨ ਕੀਤਾ ਗਿਆ। ਨਿਆਂ ਵਿਭਾਗ ਦੇ ਦਰਵਾਜ਼ੇ ਖਟਖਟਾਏ ਗਏ ਪਰ ਕੈਨੇਡਾ ਵਾਲੇ ਕੁਝ ਵੀ ਸੁਣਨ ਲਈ ਤਿਆਰ ਨਹੀਂ ਸਨ। ਭਾਈ ਹਰਨਾਮ ਸਿੰਘ ਤੇ ਕੁਝ ਹੋਰ ਕ੍ਰਾਂਤੀਕਾਰੀਆਂ ਨੇ ਮੁਸਾਫ਼ਰਾਂ ਨਾਲ ਗੁਪਤ ਤੌਰ ਤੇ ਸੰਪਰਕ ਪੈਦਾ ਕਰਨ ਅਤੇ ਸਹਾਇਤਾ ਕਰਨ ਦੀ ਕੋਸ਼ਿਸ਼ ਕੀਤੀ। ਕੌਮਾਗਾਟਾ ਮਾਰੂ ਦੀ ਘਟਨਾ ਨੇ ਇਕ ਵਾਰ ਫਿਰ ਹਿੰਦੀਆਂ ਦੀ ਕੌਮੀ ਅਣਖ ਨੂੰ ਵੰਗਾਰਿਆ। ਉਨ੍ਹਾਂ ਨੇ ਕੈਨੇਡੀਅਨ ਹਕੂਮਤ ਅਤੇ ਉਸ ਦੇ ਹਮਾਇਤੀਆਂ ਨਾਲ ਸਿੱਧੀ ਟਕਰ ਲੈਣ ਦਾ ਫ਼ੈਸਲਾ ਕਰ ਲਿਆ। ਇਸ ਕੰਮ ਲਈ ਅਮਰੀਕਾ ਤੋਂ ਹਥਿਆਰ ਲਿਆਉਂਦੇ ਹੋਏ ਬਾਬੂ ਹਰਨਾਮ ਸਿੰਘ ਤੇ ਉਸ ਦੇ ਤਿੰਨ ਹੋਰ ਸਾਥੀ ਭਾਈ ਭਾਗ ਸਿੰਘ, ਭਾਈ ਬਲਵੰਤ ਸਿੰਘ ਅਤੇ ਭਾਈ ਮੇਵਾ ਸਿੰਘ ਕੈਨੇਡਾ ਦੀ ਹੱਦ ਅੰਦਰ ਦਾਖ਼ਲ ਹੁੰਦੇ ਹੋਏ ਗ੍ਰਿਫਤਾਰ ਕਰ ਲਏ ਗਏ। ਕੈਨੇਡਾ ਦੀ ਪੁਲਿਸ ਕੋਲ ਹਰਨਾਮ ਸਿੰਘ ਵਿਰੁੱਧ ਹੋਰ ਵੀ ਕਈ ਕੇਸ ਦਰਜ ਸਨ ਜਿਸ ਕਰਕੇ ਉਸ ਨੂੰ ਦੇਸ਼ ਛੱਡ ਜਾਣ ਦਾ ਹੁਕਮ ਦੇ ਦਿੱਤਾ ਗਿਆ। ਇਕ ਵਾਰ ਫਿਰ ਹਰਨਾਮ ਸਿੰਘ ਦੇ ਕੁਝ ਅਮਰੀਕਨ ਸਾਥੀਆਂ ਨੇ 2500 ਡਾਲਰ ਦੀ ਜ਼ਮਾਨਤ ਦੇ ਕੇ ਉਸਨੂੰ ਛੁਡਵਾ ਲਿਆ ਪਰ ਹਰਨਾਮ ਸਿੰਘ ਉੱਤੇ ਸਰਕਾਰ ਵਿਰੁੱਧ ਕਾਰਵਾਈਆਂ ਕਰਨ, ਬਗ਼ਾਵਤ ਭੜਕਾਉਣ ਅਤੇ ਗ਼ੈਰ ਕਾਨੂੰਨੀ ਢੰਗ ਨਾਲ ਦੇਸ਼ ਵਿਚ ਹਥਿਆਰ ਲਿਆਉਣ ਦੇ ਦੋਸ਼ ਵਿਚ ਕੇਸ ਚਲਾਇਆ ਗਿਆ। ਜਦੋਂ ਹਰਨਾਮ ਸਿੰਘ ਦੇ ਅਮਰੀਕਨ ਮਿੱਤਰਾਂ ਨੂੰ ਪਤਾ ਚਲਿਆ ਕਿ ਉਹ ਕੇਸ ਹਾਰ ਜਾਣਗੇ ਤਾਂ ਉਨ੍ਹਾਂ ਜ਼ਮਾਨਤ ਦੀ ਰਕਮ ਵਾਪਸ ਲੈਕੇ ਹਰਨਾਮ ਸਿੰਘ ਨੂੰ ਭਾਰਤ ਜਾਣ ਵਾਲੇ ਜਹਾਜ਼ ਤੇ

Digitized by Panjab Digital Library | www.panjabdigilib.org

ਬਿਠਾ ਦਿੱਤਾ।

ਜਹਾਜ਼ ਤੇ ਬਿਠਾਣ ਤੋਂ ਪਹਿਲਾਂ ਗ਼ਦਰੀ ਨੌਜਵਾਨਾਂ ਦੀ ਇਕ ਮੀਟਿੰਗ ਹੋਈ ਜਿਸ ਵਿਚ ਹਰਨਾਮ ਸਿੰਘ ਦੀ ਇਹ ਡਿਊਟੀ ਲਗਾਈ ਗਈ ਕਿ ਉਹ ਭਾਰਤ ਦੇ ਉੱਤਰ ਪੂਰਬੀ ਏਸ਼ੀਅਨ ਦੇਸ਼ਾਂ - ਚੀਨ, ਜਾਪਾਨ, ਹਾਂਗ ਕਾਂਗ, ਸਿਆਮ ਅਤੇ ਬਰਮਾ ਵਿਚ 'ਗ਼ਦਰ' ਦਾ ਪ੍ਰਚਾਰ ਕਰਦਾ ਹੋਇਆ ਭਾਰਤ ਪਹੁੰਚੇਗਾ। ਦੇਸ਼ ਵਿਚ 'ਗ਼ਦਰ' ਮਚਾਉਣ ਦੇ ਉਦੇਸ਼ ਨਾਲ ਹੋਰ ਵੀ ਬਹੁਤ ਸਾਰੇ ਨੌਜਵਾਨ ਕੈਨੇਡਾ ਅਤੇ ਅਮਰੀਕਾ ਤੋਂ ਵਾਪਸ ਸੁਦੇਸ਼ ਪਰਤਣੇ ਸ਼ੁਰੂ ਹੋ ਗਏ ਸਨ ਤਾਕਿ ਇਕ ਮਿੱਥੀ ਹੋਈ ਯੋਜਨਾਂ ਅਤੇ ਮਿੱਥੀ ਹੋਈ ਤਰੀਕ ਨੂੰ ਅੰਗਰੇਜ਼ਾਂ ਵਿਰੁੱਧ ਦੇਸ਼ ਵਿਆਪੀ ਬਗ਼ਾਵਤ ਖੜੀ ਕਰ ਦਿੱਤੀ ਜਾਵੇ।

ਏਸ਼ੀਆ ਦੇ ਉੱਤਰ-ਪੂਰਬੀ ਦੇਸ਼ਾਂ ਵਿਚ ਪਹੁੰਚ ਕੇ ਹਰਨਾਮ ਸਿੰਘ ਨੇ ਆਪਣੇ ਸਾਥੀ ਇਨਕਲਾਬੀਆਂ - ਭਾਈ ਬਲਵੰਤ ਸਿੰਘ, ਰਾਮ ਸਿੰਘ, ਸੰਤੋਖ ਸਿੰਘ ਅਤੇ ਸੋਹਨ ਲਾਲ ਪਾਠਕ ਨਾਲ ਮਿਲ ਕੇ ਗ਼ਦਰ ਦਾ ਪ੍ਰਚਾਰ ਕਰਨਾ ਅਤੇ ਗੁਪਤ ਜਥੇਬੰਦੀਆਂ ਕਾਇਮ ਕਰਨੀਆਂ ਸ਼ੁਰੂ ਕਰ ਦਿੱਤੀਆਂ। ਇਨ੍ਹਾਂ ਨੌਜਵਾਨਾਂ ਨੂੰ ਪਹਿਲਾਂ ਹੀ ਗ਼ਦਰ ਦੇ ਪ੍ਰਚਾਰ ਲਈ ਇਨ੍ਹਾਂ ਦੇਸ਼ਾਂ ਵਿਚ ਭੇਜਿਆ ਜਾ ਚੁਕਾ ਸੀ। ਜਰਮਨ ਅਧਿਕਾਰੀ ਅੰਗਰੇਜ਼ਾਂ ਵਿਰੁੱਧ ਇਨ੍ਹਾਂ ਦੀ ਹਰ ਤਰ੍ਹਾਂ ਨਾਲ ਮਦਦ ਕਰਨ ਲਈ ਤਿਆਰ ਸਨ। ਜਦੋਂ ਜਰਮਨਾ ਦੁਆਰਾ ਬਣਾਈ ਸਿਆਮ ਬਰਮਾ ਯੋਜਨਾ ਫ਼ੇਲ ਹੋ ਗਈ ਤਾਂ ਹਰਨਾਮ ਸਿੰਘ ਆਪਣੇ ਸਾਥੀ ਸੋਹਨ ਲਾਲ ਪਾਠਕ ਵਾਂਗ ਸਿਆਮ ਤੋਂ ਨਿਕਲ ਕੇ ਬਰਮਾ ਆ ਗਿਆ। ਇੱਥੇ ਪਹੁੰਚ ਕੇ ਉਹ ਫਿਰ ਅੰਗਰੇਜ਼ਾਂ ਵਿਰੁੱਧ ਪ੍ਰਚਾਰ ਅਤੇ ਲੋਕਾਂ ਨੂੰ ਦੇਸ਼ ਦੀ ਆਜ਼ਾਦੀ ਲਈ ਸੰਗਠਿੱਤ ਕਰਨ ਵਿਚ ਜੁੱਟ ਗਿਆ। ਉਹ ਚਾਹੁੰਦਾ ਸੀ ਕਿ ਬਰਮਾ ਵਿਚ ਤੈਨਾਤ ਭਾਰਤੀ ਸੈਨਿਕ ਅੰਗਰੇਜ਼ ਅਫ਼ਸਰਾਂ ਵਿਰੁੱਧ ਬਗ਼ਾਵਤ ਕਰਕੇ ਅੰਗਰੇਜ਼ੀ ਸਰਕਾਰ ਲਈ ਪ੍ਰੇਸ਼ਾਨੀਆਂ ਖੜੀਆਂ ਕਰ ਦੇਣ। ਇਸ ਉਦੇਸ਼ ਲਈ ਉਸਨੇ ਗੁਪਤ ਤੌਰ ਤੇ ਫੌਜੀ ਛਾਉਣੀਆਂ ਵਿਚ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਉਸ ਨੇ ਬਹੁਤ ਸਾਰੇ ਫ਼ੌਜੀਆਂ ਨੂੰ ਗ਼ਦਰ ਪਾਰਟੀ ਦਾ ਮੈਂਬਰ ਬਣਾਇਆ। ਇਸ ਪ੍ਰੋਗਰਾਮ ਨੂੰ ਸਿਰੇ ਚੜਾਉਣ ਲਈ ਪਹਿਲਾਂ ਅਕਤੂਬਰ 1915 ਦਾ ਦਿਨ ਨਿਸ਼ਚਿਤ ਕੀਤਾ ਗਿਆ ਫ਼ਿਰ ਇਹ ਤਰੀਕ ਬਦਲ ਕੇ ਦਸੰਬਰ 1915 ਕਰ ਦਿੱਤੀ ਗਈ।

ਫ਼ਰਵਰੀ 1915 ਵਿਚ ਹਰਨਾਮ ਸਿੰਘ ਸਿਆਮ ਅਤੇ ਬਰਮਾ ਦੀ ਸਰਹੱਦ ਦੇ ਨੇੜੇ ਗਹੇਂਕਾ ਗਿਆ ਤੇ ਉੱਥੋਂ ਸਿਆਮ ਦੀ ਸਰਹੱਦ ਪਾਰ ਕਰਕੇ ਬਰਮਾ ਦੇ ਮੈਸੋਰਟ ਅਤੇ ਮਾਯਾਵਾਦੀ ਸ਼ਹਿਰਾਂ ਚੋਂ ਹੁੰਦਾ ਹੋਇਆ ਮਾਰਚ 1915 ਵਿਚ ਰੰਗੂਨ ਆ ਗਿਆ। ਇੱਥੇ ਉਸਦਾ ਇਕ ਸਾਥੀ ਚਾਲੀਆ ਰਾਮ 'ਗ਼ਦਰ' ਅਖ਼ਬਾਰ ਦੇ ਪਰਚੇ ਹਿੰਦੁਸਤਾਨ ਲਿਜਾਂਦਾ ਹੋਇਆ ਪਕੜਿਆ ਗਿਆ। ਸੀ.ਆਈ.ਡੀ. ਦੇ ਅਫ਼ਸਰਾਂ ਨੇ ਹਰਨਾਮ ਸਿੰਘ ਨੂੰ ਪਕੜਨ ਦੇ ਜਤਨ ਤੇਜ਼ ਕਰ ਦਿੱਤੇ ਜਿਸ ਦੇ ਫ਼ਲਸਰੂਪ ਉਸਨੂੰ ਰੰਗੂਨ ਤੋਂ ਖਿਸਕਣਾ ਪੈ ਗਿਆ। ਗਿਆਨੀ ਗੁਰਮੁਖ ਸਿੰਘ ਮੁਸਾਫ਼ਰ 'ਵੀਹਵੀਂ ਸਦੀ ਦੇ ਸ਼ਹੀਦ' ਵਿਚ ਹਰਨਾਮ ਸਿੰਘ ਬਾਰੇ ਜ਼ਿਕਰ ਕਰਦਿਆਂ ਲਿਖਦੇ ਹਨ ਕਿ ਦੇਸ਼ ਦੀ ਆਜ਼ਾਦੀ ਦੇ ਸਿਲਸਿਲੇ ਵਿਚ ਉਹ ਚੀਨ ਦੇ ਪ੍ਰਸਿੱਧ ਆਗੂ ਡਾਕਟਰ ਸੁਨਯਤ ਸੇਨ ਨੂੰ ਵੀ ਮਿਲਿਆ ਸੀ ਅਤੇ ਇਸ ਉਦੇਸ਼ ਲਈ ਚੀਨ ਤੋਂ ਸਹਾਇਤਾ ਦੀ ਮੰਗ ਕੀਤੀ ਸੀ। ਚੀਨੀ ਨੇਤਾ ਭਾਰਤ ਦੀ ਆਜ਼ਾਦੀ ਦਾ ਹਾਮੀ ਸੀ ਤੇ ਉਸ ਨੇ ਬਾਬੂ ਹਰਨਾਮ ਸਿੰਘ ਨੂੰ ਇਸ ਕਾਰਜ ਲਈ ਹਰ ਪ੍ਰਕਾਰ ਦੀ ਸਹਾਇਤਾ ਦਾ ਭਰੋਸਾ ਵੀ ਦੁਆਇਆ ਸੀ।

Digitized by Panjab Digital Library | www.panjabdigilib.org

ਗ਼ਦਰੀ ਨੌਜਵਾਨਾਂ ਦੀ ਹਰ ਪਾਸੇ ਧਰ-ਪਕੜ ਜਾਰੀ ਸੀ। ਉਨ੍ਹਾਂ ਨੂੰ ਹਿੰਦੁਸਤਾਨ ਪਹੁੰਚਣ ਤੋਂ ਰੋਕਿਆ ਜਾ ਰਿਹਾ ਸੀ। ਅਪ੍ਰੈਲ 1915 ਵਿਚ ਜਦੋਂ ਹਰਨਾਮ ਸਿੰਘ ਬਰਮਾ ਤੋਂ ਸਿਆਮ ਜਾ ਰਿਹਾ ਸੀ ਤਾਂ ਅਚਾਨਕ ਹਥਿਆਰਬੰਦ ਪੁਲਿਸ ਨੇ ਉਸਨੂੰ ਮਾਯਾਵਾਦੀ ਦੇ ਸਥਾਨ ਤੇ ਘੇਰੇ ਵਿਚ ਲੈਕੇ ਗ੍ਰਿਫ਼ਤਾਰ ਕਰ ਲਿਆ। ਉਸਨੂੰ 'ਖ਼ਤਰਨਾਕ ਇਨਕਲਾਬੀ' ਸਮਝ ਕੇ ਜੇਲ੍ਹ ਭੇਜ ਦਿੱਤਾ ਗਿਆ ਅਤੇ ਵਿਸ਼ੇਸ਼ ਅਦਾਲਤ ਦਾ ਗਠਨ ਕਰਕੇ ਫ਼ਾਂਸੀ ਦੀ ਸਜ਼ਾ ਸੁਣਾ ਦਿੱਤੀ ਗਈ। ਹਰਨਾਮ ਸਿੰਘ ਜੇਲ੍ਹ ਦੀਆਂ ਸਲਾਖਾਂ ਕਟ ਕੇ ਭਾਈ ਹਰਦਿੱਤ ਸਿੰਘ ਅਤੇ ਇਕ ਹੋਰ ਸਾਥੀ ਨਾਲ ਇਥੋਂ ਫ਼ਰਾਰ ਹੋ ਗਿਆ। ਹੁਣ ਉਸਦਾ ਨਿਸ਼ਾਨਾ ਸਿੱਧਾ ਭਾਰਤ ਪਹੁੰਚਣ ਦਾ ਸੀ।

ਜਦੋਂ ਉਹ ਜੇਲ੍ਹ ਚੋਂ ਫ਼ਰਾਰ ਹੋਏ ਤਾਂ ਬਾਹਰ ਬੜੇ ਜ਼ੋਰ ਦਾ ਮੀਂਹ ਪੈ ਰਿਹਾ ਸੀ। ਅਗੇ ਨਦੀ ਸੀ ਜਿਸਨੂੰ ਉਨ੍ਹਾਂ ਪਾਰ ਕਰਕੇ ਕਿਸੇ ਸੁੱਰਖਿਅਤ ਟਿਕਾਣੇ ਤੇ ਪਹੁੰਚਣਾ ਸੀ। ਉਹ ਤਿਨੋਂ ਨਦੀ ਦੇ ਕਿਨਾਰੇ ਖੜੀ ਕਿਸ਼ਤੀ ਵਿਚ ਸੁਆਰ ਹੋ ਗਏ। ਪਰ ਪੁਲਿਸ ਨੂੰ ਇਨ੍ਹਾਂ ਦੇ ਫ਼ਰਾਰ ਹੋ ਜਾਣ ਦੀ ਸੂਚਨਾ ਮਿਲ ਚੁਕੀ ਸੀ ਅਤੇ ਉਨ੍ਹਾਂ ਦੇ ਗ਼ਸ਼ਤੀ ਦਸਤੇ ਹਰ ਪਾਸੇ ਇਨ੍ਹਾਂ ਦੀ ਖੋਜ ਵਿਚ ਜੁੱਟ ਗਏ ਸਨ। ਨਦੀ ਨੂੰ ਪਾਰ ਕਰਨ ਤੋਂ ਪਹਿਲਾਂ ਹੀ ਹਰਨਾਮ ਸਿੰਘ ਅਤੇ ਉਸਦੇ ਸਾਥੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਗ੍ਰਿਫ਼ਤਾਰ ਕਰਕੇ ਮਾਂਡਲੇ ਦੀ ਜੇਲ੍ਹ ਵਿਚ ਲਿਆਂਦਾ ਗਿਆ। ਇੱਥੇ ਇਨ੍ਹਾਂ ਵਿਰੁੱਧ ਪਹਿਲਾ ਮਾਂਡਲੇ ਸਾਜ਼ਸ਼ ਕੇਸ ਚਲਾਇਆ ਗਿਆ। ਸਪੈਸ਼ਲ ਕਮਿਸ਼ਨ ਨੇ 27 ਜੁਲਾਈ 1916 ਨੂੰ ਬਾਬੂ ਹਰਨਾਮ ਸਿੰਘ ਅਤੇ ਉਸਦੇ ਪੰਜ ਸਾਥੀਆਂ - ਚਾਲੀਆ ਰਾਮ, ਵਸਾਵਾ ਸਿੰਘ, ਨਰੈਣ ਸਿੰਘ, ਨਰਿੰਜਣ ਸਿੰਘ ਅਤੇ ਪਾਲਾ ਸਿੰਘ ਨੂੰ ਫ਼ਾਂਸੀ ਦੀ ਸਜ਼ਾ ਸੁਣਾਈ। ਦੇਸ਼ ਦੇ ਇਨ੍ਹਾਂ ਮਹਾਨ ਸਪੂਤਾਂ ਨੂੰ 14 ਅਗਸਤ 1916 ਨੂੰ ਮਾਂਡਲੇ ਦੀ ਜੇਲ੍ਹ ਵਿਚ ਫ਼ਾਂਸੀ ਤੇ ਲਟਕਾ ਦਿੱਤਾ ਗਿਆ।

ਹਰਨਾਮ ਸਿੰਘ ਦੇ ਮਨ ਵਿਚ ਦੇਸ਼ ਪਿਆਰ ਦਾ ਜਜ਼ਬਾ ਕੁੱਟ ਕੁੱਟ ਕੇ ਭਰਿਆ ਹੋਇਆ ਸੀ। ਉਹ ਬੜਾ ਸੂਝਵਾਨ, ਨਿਧੜਕ ਅਤੇ ਧੁੰਨ ਦਾ ਪੱਕਾ ਨੌਜਵਾਨ ਸੀ। ਉਸਨੇ ਇਕ ਵਾਰ ਦੇਸ਼ ਪਿਆਰ ਦੇ ਰਾਹ ਤੇ ਅਗਾਂਹ ਤੁਰ ਕੇ ਪਿੱਛੇ ਮੁੜਕੇ ਨਹੀਂ ਸੀ ਵੇਖਿਆ ਤੇ ਉਹ ਦੇਸ਼ ਦੀ ਆਜ਼ਾਦੀ ਦੇ ਸੁਪਨੇ ਲੈਂਦਾ ਪਰਦੇਸ ਦੀਆਂ ਜੇਲ੍ਹਾਂ ਵਿਚ ਫ਼ਾਂਸੀ ਦੇ ਤਖ਼ਤੇ ਤੇ ਝੂਲ ਗਿਆ ਸੀ।

Digitized by Panjab Digital Library | www.panjabdigilib.org

ਦੀ ਗ੍ਰਿਫ਼ਤਾਰੀ ਦੇ ਵਾਰੰਟ ਜਾਰੀ ਕਰ ਦਿੱਤੇ। ਸਥਾਨਕ ਪੁਲਿਸ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਸ੍ਰ: ਅਰੂੜ ਸਿੰਘ ਕੁਝ ਸਮੇਂ ਲਈ ਰੂਪੋਸ਼ ਹੋ ਗਿਆ।

ਸ੍ਰ: ਅਰੂੜ ਸਿੰਘ ਧਾਰਮਿਕ ਬਿਰਤੀ ਵਾਲਾ ਨੌਜਵਾਨ ਸੀ। ਕਹਿੰਦੇ ਹਨ ਜਦੋਂ ਵੀ ਉਹ ਗੁਰਦੁਆਰੇ ਮੱਥਾ ਟੇਕਣ ਜਾਂਦਾ ਤਾਂ ਉਸਦੀ ਗੁਰੂ ਚਰਨਾਂ ਵਿਚ ਇਹੀ ਅਰਦਾਸ ਹੁੰਦੀ ਕਿ ਜਾਂ ਤਾਂ ਉਹ ਪੁਲਿਸ ਦਾ ਮੁਕਾਬਲਾ ਕਰਦਾ ਹੋਇਆ ਸ਼ਹਾਦਤ ਦਾ ਜਾਮ ਪੀਵੇ ਤੇ ਜਾਂ ਫਿਰ ਫ਼ਾਂਸੀ ਦੇ ਰੱਸੇ ਨੂੰ ਗੱਲ ਵਿਚ ਪਾ ਕੇ ਸ਼ਹੀਦਾਂ ਦੀ ਮੌਤ ਮਰੇ।

ਅਰੂੜ ਸਿੰਘ ਦਾ ਇਕ ਮਿੱਤਰ ਲਾਹੌਰ ਸੈਂਟਰਲ ਜੇਲ੍ਹ ਵਿਚ ਬੰਦ ਸੀ। ਕਦੇ ਕਦੇ ਖ਼ੁਫ਼ੀਆ ਢੰਗ ਨਾਲ ਅਰੂੜ ਸਿੰਘ ਉਸ ਨੂੰ ਮਿਲਣ ਜਾਇਆ ਕਰਦਾ ਸੀ। ਇਕ ਵਾਰ ਜਦੋਂ ਉਹ ਜੇਲ੍ਹ ਦੇ ਬਾਹਰ ਦੋਸਤ ਨੂੰ ਮਿਲਣ ਦੀ ਉਡੀਕ ਕਰ ਰਿਹਾ ਸੀ ਤਾਂ ਪੁਲਿਸ ਨੂੰ ਉਸ ਉਤੇ ਸ਼ਕ ਪੈ ਗਿਆ। ਇਸ ਤੋਂ ਪਹਿਲਾਂ ਕਿ ਸ੍ਰ: ਅਰੂੜ ਸਿੰਘ ਉਥੋਂ ਬਚ ਨਿਕਲਣ ਦਾ ਕੋਈ ਉਪਾ ਸੋਚ ਸਕਦਾ, ਪੁਲਿਸ ਨੇ ਘੇਰਾ ਪਾ ਕੇ ਉਸਨੂੰ ਗ੍ਰਿਫ਼ਤਾਰ ਕਰ ਲਿਆ। ਇਹ ਘਟਨਾ 2 ਨਵੰਬਰ ਸੰਨ 1916 ਦੀ ਹੈ। 8 ਨਵੰਬਰ 1916 ਨੂੰ ਦੂਜੇ ਲਾਹੌਰ ਕੌਂਸਪੀਰੇਸੀ ਕੇਸ ਦੇ ਤਹਿਤ ਉਸ ਤੇ ਮੁਕੱਦਮਾ ਚਲਾਇਆ ਗਿਆ। ਇਹ ਮੁਕੱਦਮਾ 4 ਜਨਵਰੀ 1917 ਤਕ ਚਲਦਾ ਰਿਹਾ ਜਿਸ ਵਿਚ ਉਸਨੂੰ ਜਾਇਦਾਦ ਜ਼ਬਤੀ ਅਤੇ ਫ਼ਾਂਸੀ ਦੀ ਸਜ਼ਾ ਸੁਣਾਈ ਗਈ। ਮੁਕੱਦਮੇ ਦੇ ਦੌਰਾਨ ਸ੍ਰ: ਅਰੂੜ ਸਿੰਘ ਨੇ ਇਕ ਵਾਰ ਵੀ ਆਪਣਾ ਬਚਾਅ ਪਕਸ਼ ਪੇਸ਼ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਸਗੋਂ ਉਹ ਇਹੀ ਕਹਿੰਦਾ ਰਿਹਾ ਕਿ ਮੈਂ ਜੋ ਕੁਝ ਵੀ ਕਰਦਾ ਰਿਹਾ ਹਾਂ, ਉਹ ਆਪਣੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਕਰਦਾ ਰਿਹਾ ਹਾਂ। ਮੈਂ ਜੋ ਕੀਤਾ ਹੈ, ਉਸਦਾ ਮੈਨੂੰ ਕੋਈ ਪਛਤਾਵਾ ਨਹੀਂ। ਮੁਕੱਦਮੇ ਦੀ ਕਾਰਵਾਈ ਵੇਖਣ ਵਾਲਿਆਂ ਦਾ ਕਹਿਣਾ ਹੈ ਕਿ ਉਹ ਸਦਾ ਪ੍ਰਸੰਨ ਚਿੱਤ ਅਤੇ ਚੜ੍ਹਦੀ ਕਲਾ ਵਿਚ ਹੀ ਰਿਹਾ। 5 ਜਨਵਰੀ 1917 ਨੂੰ ਇਸ ਨੌਜਵਾਨ ਨੂੰ ਕੇਵਲ 26 ਸਾਲ ਦੀ ਯੁਵਾ ਅਵਸਥਾ ਵਿਚ ਹੀ ਫ਼ਾਂਸੀ ਦੇ ਤਖ਼ਤੇ ਤੇ ਲਟਕਾ ਦਿੱਤਾ ਗਿਆ। ਕਿਹਾ ਜਾਂਦਾ ਹੈ ਕਿ ਫ਼ਾਂਸੀ ਲਗਣ ਤੋਂ ਪਹਿਲਾਂ ਵਾਲੀ ਆਖ਼ਰੀ ਰਾਤ ਵੀ ਉਹ ਪਾਠ ਕਰਕੇ ਬੜੀ ਸ਼ਾਂਤੀ ਅਤੇ ਬੇਪਰਵਾਹੀ ਨਾਲ ਗੂੜ੍ਹੀ ਨੀਂਦ ਸੁੱਤਾ ਸੀ। ਉਸ ਦੇ ਮਨ ਵਿਚ ਕੋਈ ਸਹਿਮ, ਡਰ ਜਾਂ ਪਸ਼ਚਾਤਾਪ ਨਹੀਂ ਸੀ।

ਫ਼ਾਂਸੀ ਦੇਣ ਤੋਂ ਬਾਅਦ ਵੀ ਕਈ ਸਾਲ ਤਕ ਗੋਰੀ ਸਰਕਾਰ ਸ੍ਰ: ਅਰੂੜ ਸਿੰਘ ਦੇ ਪ੍ਰਵਾਰ ਨੂੰ ਪ੍ਰੇਸ਼ਾਨ ਕਰਦੀ ਰਹੀ। ਉਸਦੇ ਪੁੱਤਰ ਨੂੰ ਇੰਡੀਅਨ ਆਰਮੀ ਸਰਵਿਸ ਵਿਚੋਂ ਕੇਵਲ ਇਸ ਕਰਕੇ ਡਿਸਮਿਸ ਕਰ ਦਿੱਤਾ ਗਿਆ ਸੀ ਕਿ ਉਹ 'ਖ਼ਤਰਨਾਕ ਕ੍ਰਾਂਤੀਕਾਰੀ' ਸ੍ਰ: ਅਰੂੜ ਸਿੰਘ ਦਾ ਬੇਟਾ ਸੀ। ਸਰਕਾਰੀ ਰਿਕਾਰਡ ਵਿਚ ਸ੍ਰ: ਅਰੂੜ ਸਿੰਘ ਉਰਫ਼ ਡਾਕਟਰ ਰੂੜ ਸਿੰਘ ਨੂੰ a dangerous man (ਅਰਥਾਤ ਖ਼ਤਰਨਾਕ ਵਿਅਕਤੀ) ਕਰਕੇ ਲਿਖਿਆ ਗਿਆ ਹੈ। ਆਜ਼ਾਦੀ ਦੇ ਇਹੋ ਜਹੇ ਪ੍ਰਵਾਨਿਆਂ ਕਰਕੇ ਹੀ ਦੇਸ਼ ਗੁਲਾਮੀ ਦੇ ਬੰਧਨਾਂ ਤੋਂ ਮੁਕਤ ਹੋ ਸਕਿਆ ਹੈ।

Digitized by Panjab Digital Library | www.panjabdigilib.org

# ਡਾਕਟਰ ਮਥਰਾ ਸਿੰਘ

ਅਣਵੰਡੇ ਪੰਜਾਬ, ਅਤੇ ਮੌਜੂਦਾ ਪਾਕਿਸਤਾਨ ਦੇ ਜ਼ਿਲ੍ਹਾ ਜੇਲ੍ਹਮ ਵਿਚ ਢੁੱਡਿਆਲ ਨਾਮ ਦਾ ਇਕ ਤਕੜਾ ਕਸਬਾ ਹੈ। ਇੱਥੇ ਹੀ ਦੇਸ਼ ਭਗਤ ਅਤੇ ਮਹਾਨ ਕ੍ਰਾਂਤੀਕਾਰੀ ਡਾਕਟਰ ਮਥਰਾ ਸਿੰਘ ਦਾ ਜਨਮ ਭਾਈ ਹਰੀ ਸਿੰਘ ਅਤੇ ਮਾਤਾ ਭਾਗ ਸੁਧੀ ਦੇ ਘਰ ਸੰਨ 1883 ਨੂੰ ਹੋਇਆ। ਜੇਲਹਮ ਅਤੇ ਗੁਜਰਾਤ ਦਾ ਇਲਾਕਾ ਕਈ ਗੱਲਾਂ ਵਿਚ ਹੋਰ ਥਾਵਾਂ ਨਾਲੋਂ ਵਧੇਰੇ ਪ੍ਰਗਤੀਸ਼ੀਲ ਸੀ। ਮੁੱਢਲੀ ਵਿੱਦਿਆ ਪਿੰਡ ਦੇ ਸਕੂਲ ਵਿਚ ਲੈਣ ਮਗਰੋਂ ਮਥਰਾ ਸਿੰਘ ਖ਼ਾਲਸਾ ਹਾਈ ਸਕੂਲ ਚੱਕਵਾਲ ਵਿਚ ਦਾਖ਼ਲ ਹੋ ਗਿਆ। ਮੈਟ੍ਰਿਕ ਦਾ ਇਮਤਿਹਾਨ ਉਸਨੇ ਇਥੋਂ ਹੀ ਪਾਸ ਕੀਤਾ। ਉਨ੍ਹਾਂ ਦਿਨਾਂ ਵਿਚ ਦਸ ਬਾਰਾਂ ਜਮਾਤਾਂ ਦੀ ਪੜ੍ਹਾਈ ਵੀ ਕਾਫ਼ੀ ਸਮਝੀ ਜਾਂਦੀ ਸੀ। ਮੈਟ੍ਰਿਕ ਕਰਨ ਮਗਰੋਂ ਮਥਰਾ ਸਿੰਘ ਰਾਵਲਪਿੰਡੀ ਜਾ ਕੇ ਪ੍ਰਸਿੱਧ ਕੈਮਿਸਟ ਫ਼ਰਮ ਮੈਸਰਜ਼ ਜਗਤ ਸਿੰਘ ਐਂਡ ਬ੍ਰਦਰਜ਼ ਕੋਲ ਨੌਕਰ ਹੋ ਗਿਆ। ਇੱਥੇ ਰਹਿ ਕੇ ਉਸਨੇ ਪੰਜ ਸਾਲ ਤਕ ਬੜੀ ਮਿਹਨਤ ਅਤੇ ਲਗਨ ਨਾਲ ਕੰਮ ਕੀਤਾ। ਤੇ ਫਿਰ ਉਹ ਨੌਸ਼ਹਿਰੇ ਦੀ ਇਕ ਹੋਰ ਵਡੀ ਫਰਮ ਐਚ.ਡੀ. ਠਾਕਰ ਦਾਸ ਐਂਡ ਕੰਪਨੀ ਦਾ ਭਾਈਵਾਲ ਬਣ ਗਿਆ। ਆਪਣੇ ਕੰਮ ਦੇ ਦੌਰਾਨ ਉਸਨੇ ਡਾਕਟਰੀ ਦਾ ਕੁਝ ਵਿਵਹਾਰਿਕ ਗਿਆਨ ਵੀ ਹਾਸਲ ਕਰ ਲਿਆ ਸੀ ਜਿਸ ਕਰਕੇ ਉਹ ਆਪਣੇ ਇਲਾਕੇ ਵਿਚ ਡਾਕਟਰ ਮਥਰਾ ਸਿੰਘ ਦੇ ਨਾਮ ਨਾਲ ਪ੍ਰਸਿੱਧ ਹੋ ਗਿਆ। ਇਸ ਕੰਮ ਵਿਚ ਡਾਕਟਰ ਮਥਰਾ ਸਿੰਘ ਨੇ ਚੋਖਾ ਧਨ ਕਮਾਇਆ। 1908 ਵਿਚ ਉਸਦੀ ਸ਼ਾਦੀ ਹੋ ਗਈ। ਉਨ੍ਹਾਂ ਦੀ ਇਕੋ ਇਕ ਸੰਤਾਨ - ਬੱਚੀ ਅਤੇ ਪਤਨੀ ਦਾ ਦੇਹਾਂਤ 1913 ਵਿਚ ਹੋ ਗਿਆ। ਪਤਨੀ ਅਤੇ ਬੱਚੀ ਦੇ ਚਲਾਣਾ ਕਰ ਜਾਣ ਮਗਰੋਂ ਡਾਕਟਰ ਮਥਰਾ ਸਿੰਘ ਨੇ ਕੈਨੇਡਾ ਜਾਣ ਦਾ ਵਿਚਾਰ ਬਣਾ ਲਿਆ। ਨੌਸ਼ਹਿਰੇ ਵਾਲੇ ਆਪਣੇ ਕੰਮ ਨੂੰ ਸਮੇਟ ਕੇ ਉਹ ਕਲਕੱਤੇ ਆ ਗਿਆ ਜਿਥੋਂ ਉਸ ਨੇ ਜਹਾਜ਼ ਤੇ ਸੁਆਰ ਹੋ ਕੇ ਕੈਨੇਡਾ ਜਾਣਾ ਸੀ।

ਵੀਹਵੀਂ ਸਦੀ ਦੇ ਦੂਜੇ ਦਹਾਕੇ ਵਿਚ ਅਮਰੀਕਾ ਅਤੇ ਕੈਨੇਡਾ ਜਾਣ ਲਈ ਉੱਥੋਂ ਦੀਆਂ ਸਰਕਾਰਾਂ ਨੇ ਬੜੇ ਸਖ਼ਤ ਕਾਨੂੰਨ ਲਾਗੂ ਕਰ ਰਖੇ ਸਨ। ਕਲਕੱਤਾ ਪਹੁੰਚ ਕੇ ਸ੍ਰ: ਮਥਰਾ ਸਿੰਘ ਨੂੰ ਪਤਾ ਚਲਿਆ ਕਿ ਸਿੱਧਾ ਕੈਨੇਡਾ ਪਹੁੰਚਣਾ ਬਹੁਤ ਮੁਸ਼ਕਲ ਹੈ। ਇਸ ਲਈ ਉਸਨੇ ਪਹਿਲਾਂ ਸ਼ੰਘਾਈ ਪਹੁੰਚ ਕੇ ਉੱਥੇ ਕੁਝ ਚਿਰ ਰੁਕਣਾ ਉਚਿਤ ਸਮਝਿਆ। ਸ਼ੰਘਾਈ ਪਹੁੰਚ ਕੇ ਉਸਨੇ ਦਵਾਈਆਂ ਦੀ ਦੁਕਾਨ ਖੋਲ੍ਹ ਲਈ। ਥੋੜ੍ਹੇ ਸਮੇਂ ਵਿਚ ਹੀ ਮਿਹਨਤ ਨਾਲ ਪੈਸਾ ਕਮਾ ਕੇ ਉਹ ਆਪਣੇ ਕੁਝ ਸਾਥੀਆਂ ਨਾਲ ਜੁਲਾਈ 1913 ਵਿਚ ਅਮਰੀਕਾ ਪਹੁੰਚ ਗਿਆ। ਕਿਸੇ ਤਰ੍ਹਾਂ ਉਸਨੂੰ ਸਾਨਫ੍ਰਾਂਸਿਸਕੋ ਵਿਚ ਪ੍ਰਵੇਸ਼ ਕਰਨ ਦੀ ਆਗਿਆ ਮਿਲ ਗਈ ਪਰ ਉਸਦੇ ਸਾਥੀਆਂ ਨੂੰ ਵਾਪਸ ਸ਼ੰਘਾਈ ਭੇਜ ਦਿੱਤਾ ਗਿਆ। ਅਮਰੀਕਾ ਪਹੁੰਚ ਕੇ ਉਹ ਗ਼ਦਰ ਲਹਿਰ ਦੇ ਨੇਤਾਵਾਂ ਦੇ ਸੰਪਰਕ ਵਿਚ ਆਇਆ ਤੇ ਜਲਦੀ ਹੀ ਇਸ ਲਹਿਰ ਦਾ ਇਕ ਸਰਗਰਮ ਮੈਂਬਰ ਬਣ ਗਿਆ। ਜਦੋਂ ਮਥਰਾ ਸਿੰਘ ਨੂੰ ਸਥਾਈ ਤੌਰ ਤੇ ਅਮਰੀਕਾ ਰਹਿਣ ਦੀ ਆਗਿਆ ਨਾ ਮਿਲੀ ਤਾਂ ਉਹ 1913 ਦੇ ਅਖ਼ੀਰ ਵਿਚ ਫਿਰ ਸ਼ੰਘਾਈ ਪਰਤ ਆਇਆ। ਇੱਥੇ ਪਹੁੰਚ ਕੇ ਉਸਨੇ

Digitized by Panjab Digital Library | www.panjabdigilib.org

ਗ਼ਦਰ ਪਾਰਟੀ ਦਾ ਕੰਮ ਬੜੀ ਸਰਗਰਮੀ ਨਾਲ ਕਰਨਾ ਸ਼ੁਰੂ ਕਰ ਦਿੱਤਾ। ਕੁਝ ਸਮੇਂ ਬਾਦ ਸ੍ਰ: ਮਥਰਾ ਸਿੰਘ ਨੂੰ ਪਤਾ ਚਲਿਆ ਕਿ ਸਿੰਘਾਪੁਰ ਅਤੇ ਮਲਾਇਆ ਦੇ ਪ੍ਰਸਿੱਧ ਠੇਕੇਦਾਰ (ਬਾਬਾ) ਗੁਰਦਿੱਤ ਸਿੰਘ ਨੇ ਕਿਰਾਏ ਤੇ ਇਕ ਜਹਾਜ਼ (ਕੋਮਾਗਾਟਾਮਾਰੂ) ਲੈਕੇ ਸਿੱਧੇ ਕੈਨੇਡਾ ਪਹੁੰਚਣ ਦੀ ਯੋਜਨਾ ਬਣਾਈ ਹੈ। ਮਥਰਾ ਸਿੰਘ ਨੇ ਆਪਣੇ ਨਿੱਕੇ ਭਰਾ ਲਾਭ ਸਿੰਘ ਨਾਲ ਜੋ ਕਿ ਉਨ੍ਹਾਂ ਦਿਨਾਂ ਵਿਚ ਉਸ ਕੋਲ ਹੀ ਰਹਿ ਰਿਹਾ ਸੀ, ਇਸ ਜਹਾਜ਼ ਰਾਹੀਂ ਕੈਨੇਡਾ ਜਾਣ ਦਾ ਵਿਚਾਰ ਬਣਾ ਲਿਆ। ਪਰ ਇਨ੍ਹਾਂ ਦੋਹਾਂ ਭਰਾਵਾਂ ਦੀ ਬਦਕਿਸਮਤੀ ਕਿ ਜਦੋਂ ਉਹ ਹਾਂਗਕਾਂਗ ਦੀ ਬੰਦਰਗਾਹ ਤੇ ਪਹੁੰਚੇ ਤਾਂ ਕੋਮਾਗਾਟਾਮਾਰੂ ਜਹਾਜ਼ ਉਥੋਂ ਜਾ ਚੁੱਕਾ ਸੀ। ਕੋਮਾਗਾਟਾਮਾਰੂ 4 ਅਪ੍ਰੈਲ 1914 ਨੂੰ ਵੈਨਕੂਵਰ ਲਈ ਰਵਾਨਾ ਹੋਇਆ ਸੀ। ਹੁਣ ਮਥਰਾ ਸਿੰਘ ਨੇ ਸ਼ੰਘਾਈ ਪਰਤਣ ਦੀ ਬਜਾਇ ਹਾਂਗਕਾਂਗ ਹੀ ਠਹਿਰਨ ਦਾ ਫ਼ੈਸਲਾ ਕਰ ਲਿਆ। ਉਸਨੇ ਕੈਨੇਡਾ ਅਤੇ ਅਮਰੀਕਾ ਵਿਚ ਕੰਮ ਕਰ ਰਹੇ ਗ਼ਦਰੀ ਨੌਜਵਾਨਾਂ ਨਾਲ ਨਵੇਂ ਸਿਰਿਉਂ ਸੰਬੰਧ ਸਥਾਪਿਤ ਕੀਤੇ ਅਤੇ ਪੂਰਬ-ਏਸ਼ੀਆਈ ਦੇਸ਼ਾਂ ਵਿਚ ਰਹਿ ਰਹੇ ਭਾਰਤੀਆਂ ਅਤੇ ਭਾਰਤੀ ਸੈਨਿਕਾਂ ਵਿਚ ਅੰਗਰੇਜ਼ੀ ਸਾਮਰਾਜ ਵਿਰੁੱਧ 'ਗ਼ਦਰ' ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਉਹ ਕੈਨੇਡਾ ਅਤੇ ਅਮਰੀਕਾ ਤੋਂ ਪਰਚੇ ਮੰਗਵਾ ਕੇ ਭਾਰਤੀਆਂ ਨੂੰ ਵੰਡਦਾ ਅਤੇ ਉਨ੍ਹਾਂ ਨੂੰ ਸੁਦੇਸ਼ ਪਹੁੰਚ ਕੇ ਅੰਗਰੇਜ਼ੀ ਸਾਮਰਾਜ ਵਿਰੁੱਧ ਗ਼ਦਰ ਕਰਨ ਦੀ ਪ੍ਰੇਰਨਾ ਦਿਆ ਕਰਦਾ ਸੀ। ਹਾਂਗਕਾਂਗ ਰਹਿੰਦਿਆਂ ਹੀ ਉਸਨੂੰ ਪਤਾ ਚਲਿਆ ਕਿ ਕੋਮਾਗਾਟਾਮਾਰੂ ਜਹਾਜ਼ ਦੇ ਮੁਸਾਫ਼ਰਾਂ ਨੂੰ ਕੈਨੇਡਾ ਵਿਚ ਉਤਰਨ ਨਹੀਂ ਦਿੱਤਾ ਗਿਆ ਅਤੇ ਉਹ ਕਈ ਮਹੀਨਿਆਂ ਦੀ ਭੁੱਖ ਅਤੇ ਪ੍ਰੇਸ਼ਾਨੀਆਂ ਝਲਦੇ ਹੋਏ ਵਾਪਸ ਹਿੰਦੁਸਤਾਨ ਪਰਤ ਰਹੇ ਹਨ। ਮਥਰਾ ਸਿੰਘ ਨੇ ਪੰਜਾਹ ਭਾਰਤੀ ਨੌਜਵਾਨਾਂ ਨੂੰ, ਜਿਨ੍ਹਾਂ ਵਿਚ ਵਧੇਰੇ ਸਿੱਖ ਪਰਵਾਸੀ ਸਨ, ਇਸ ਆਸ਼ੇ ਨਾਲ ਤਿਆਰ ਕਰ ਲਿਆ ਕਿ ਉਹ ਕੋਮਾਗਾਟਾਮਾਰੂ ਜਹਾਜ਼ ਵਿਚ ਸਵਾਰ ਹੋ ਕੇ ਵਾਪਸ ਭਾਰਤ ਪਹੁੰਚਣਗੇ ਅਤੇ ਉੱਥੇ ਜਾ ਕੇ ਉਸ ਕ੍ਰਾਂਤੀ ਵਿਚ ਭਾਗ ਲੈਣਗੇ ਜਿਸ ਦੀ ਤਿਆਰੀ ਗ਼ਦਰੀ ਨੌਜਵਾਨ ਚਿਰਾਂ ਤੋਂ ਕਰ ਰਹੇ ਸਨ। ਜਦੋਂ ਅੰਗਰੇਜ਼ੀ ਖੁਫ਼ੀਆ ਏਜੰਸੀਆਂ ਨੂੰ ਇਸ ਗੱਲ ਦਾ ਪਤਾ ਚਲਿਆ ਤਾਂ ਉਨ੍ਹਾਂ ਕੋਮਾਗਾਟਾਮਾਰੂ ਜਹਾਜ਼ ਨੂੰ ਹਾਂਗਕਾਂਗ ਰੁਕਣ ਦੀ ਆਗਿਆ ਹੀ ਨਾ ਦਿੱਤੀ ਅਤੇ ਉਸਨੂੰ ਸਿੱਧਾ ਕਲਕੱਤਾ ਰਵਾਨਾ ਕਰ ਦਿੱਤਾ।

ਮਥਰਾ ਸਿੰਘ ਨੇ ਬਾਹਰ ਰਹਿੰਦਿਆਂ ਇਹ ਵੇਖ ਲਿਆ ਸੀ ਕਿ ਵਿਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਦੀ ਕਿਤੇ ਵੀ ਕਦਰ ਨਹੀਂ ਅਤੇ ਉਨ੍ਹਾਂ ਨਾਲ ਜੋ ਮਾੜਾ ਸਲੂਕ ਕੀਤਾ ਜਾਂਦਾ ਹੈ ਉਹ ਕੇਵਲ ਇਸ ਕਰਕੇ ਹੈ ਕਿ ਉਹ ਗੁਲਾਮ ਦੇਸ਼ ਦੇ ਨਾਗਰਿਕ ਹਨ। ਭਾਰਤੀਆਂ ਨਾਲ ਹੁੰਦੇ ਇਹੋ ਜਹੇ ਵਤੀਰੇ ਨੂੰ ਵੇਖ ਕੇ ਮਥਰਾ ਸਿੰਘ ਦੇ ਮਨ ਵਿਚ ਅੰਗਰੇਜ਼ਾਂ ਅਤੇ ਅੰਗਰੇਜ਼ੀ ਸਰਕਾਰ ਪ੍ਰਤੀ ਨਫ਼ਰਤ ਦੀ ਭਾਵਨਾ ਬਹੁਤ ਗਹਿਰੀ ਹੋ ਗਈ। ਹਾਂਗਕਾਂਗ ਤਿਆਗ ਕੇ ਉਸਨੇ ਸੁਦੇਸ਼ ਪਰਤ ਜਾਣ ਦਾ ਵਿਚਾਰ ਬਣਾ ਲਿਆ ਤਾਕਿ ਉਹ ਦੇਸ਼ ਵਾਸੀਆਂ ਵਿਚ ਰਹਿ ਕੇ ਅੰਗਰੇਜ਼ੀ ਸਾਮਰਾਜ ਵਿਰੁੱਧ ਕੰਮ ਕਰ ਸਕੇ।

ਪੰਜ ਮਹੀਨੇ ਦੇ ਕਸ਼ਟਾਂ ਭਰੇ ਲੰਮੇ ਸਫ਼ਰ ਮਗਰੋਂ ਕੋਮਾਗਾਟਾਮਾਰੂ 29 ਸਤੰਬਰ, 1914 ਨੂੰ ਬੱਜ ਬੱਜ ਘਾਟ (ਕਲਕੱਤਾ) ਆ ਪੁੱਜਾ। ਇਸ ਵਿਚ ਸਵਾਰ 376 ਮੁਸਾਫ਼ਰਾਂ ਵਿਚੋਂ 21 ਨੂੰ ਛੱਡ ਕੇ ਬਾਕੀ ਸਭ ਸਿੱਖ ਸਨ। ਅੰਗਰੇਜ਼ ਹਕੂਮਤ ਵਲੋਂ ਕੀਤੇ ਗਏ ਦੁਰਵਿਵਹਾਰ ਅਤੇ ਪੁਲਿਸ ਫਾਇਰਿੰਗ ਕਾਰਨ ਇਨ੍ਹਾਂ ਮੁਸਾਫ਼ਰਾਂ ਵਿਚੋਂ 19 ਨੂੰ ਆਪਣੀ ਜਾਨ ਤੋਂ ਹੱਥ ਧੋਣੇ ਪਏ। ਜਦੋਂ ਮਥਰਾ ਸਿੰਘ ਦੂਜੇ ਜਹਾਜ਼ ਤੇ ਸਵਾਰ ਹੋ ਕੇ ਕਲਕੱਤਾ ਪਹੁੰਚਿਆ ਤਾਂ ਇਸ ਦੁਖਦਾਈ

Digitized by Panjab Digital Library | www.panjabdigilib.org

ਘਟਨਾ ਨੂੰ ਵਾਪਰਿਆਂ ਕੁਝ ਦਿਨ ਹੀ ਹੋਏ ਸਨ। ਕਲਕੱਤਾ ਪਹੁੰਚਣ ਤੇ ਡਾਕਟਰ ਮਥਰਾ ਸਿੰਘ ਅਤੇ ਉਸ ਦੇ ਨਾਲ ਆਏ ਉਸਦੇ ਸਾਥੀਆਂ ਦੀ ਤਲਾਸ਼ੀ ਲਈ ਗਈ। ਉਸਦੇ ਦੋ ਸਾਥੀਆਂ ਕੋਲੋਂ ਗ਼ਦਰ ਪਰਚੇ ਮਿਲਣ ਤੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ਮਥਰਾ ਸਿੰਘ ਸਮੇਤ ਬਾਕੀ ਸਭ ਮੁਸਾਫ਼ਰਾਂ ਨੂੰ ਕਰੜੀ ਨਿਗਰਾਣੀ ਹੇਠ ਪੰਜਾਬ ਭੇਜ ਦਿੱਤਾ ਗਿਆ।

ਪੰਜਾਬ ਪਹੁੰਚਣ ਤੇ ਡਾਕਟਰ ਮਥਰਾ ਸਿੰਘ ਨੂੰ 'ਗ਼ਦਰ' ਦੀ ਕੇਂਦਰੀ ਕਮੇਟੀ ਦਾ ਮੈਂਬਰ ਚੁਣ ਲਿਆ ਗਿਆ। ਹੁਣ ਉਸਨੇ ਅੰਮ੍ਰਿਤਸਰ ਰਹਿ ਕੇ ਆਪਣੀਆਂ ਗਤੀਵਿਧੀਆਂ ਨੂੰ ਜਾਰੀ ਰਖਣ ਦਾ ਪ੍ਰੋਗਰਾਮ ਬਣਾ ਲਿਆ। ਅੰਮ੍ਰਿਤਸਰ ਰਹਿੰਦਿਆਂ ਉਸਨੇ ਬੰਬ ਬਣਾਉਣ ਦੀ ਵਿਧੀ ਸਿਖ ਲਈ। ਸਾਇੰਸ ਅਤੇ ਮੈਡੀਕਲ ਦਾ ਵਿਦਿਆਰਥੀ ਹੋਣ ਕਰਕੇ ਉਹ ਛੇਤੀ ਹੀ ਸ਼ਕਤੀਸ਼ਾਲੀ ਬੰਬ ਬਣਾਉਣ ਵਿਚ ਮਾਹਿਰ ਹੋ ਗਿਆ।

ਜੁਲਾਈ 1914 ਵਿਚ ਪਹਿਲੀ ਵਿਸ਼ਵ ਜੰਗ ਸ਼ੁਰੂ ਹੋ ਗਈ। ਅੰਗਰੇਜ਼ ਗਹਿਰੇ ਸੰਕਟ ਵਿਚ ਉਲਝ ਗਏ। ਕ੍ਰਾਂਤੀਕਾਰੀ ਇਸ ਸਥਿਤੀ ਦਾ ਪੂਰਾ ਲਾਭ ਉਠਾਉਣਾ ਚਾਹੁੰਦੇ ਸਨ। ਗ਼ਦਰ ਦੀ ਕੇਂਦਰੀ ਕਮੇਟੀ ਨੇ ਸ੍ਰ: ਮਥਰਾ ਸਿੰਘ ਅਤੇ ਸ੍ਰ: ਹਰਨਾਮ ਸਿੰਘ ਕਹੂਟਾ ਨੂੰ ਉੱਤਰ ਪੱਛਮ ਦੇ ਕਬਾਈਲੀਆਂ ਵਿਚ ਜਾ ਕੇ ਪ੍ਰਚਾਰ ਕਰਨ ਲਈ ਉਧਰ ਭੇਜ ਦਿੱਤਾ। ਜਦੋਂ ਅੰਗਰੇਜ਼ ਅਧਿਕਾਰੀਆਂ ਨੂੰ ਸ੍ਰ: ਮਥਰਾ ਸਿੰਘ ਦੀਆਂ ਕਾਰਗੁਜ਼ਾਰੀਆਂ ਦਾ ਪਤਾ ਚਲਿਆ ਤਾਂ ਉਨ੍ਹਾਂ ਉਸ ਦੀ ਗ੍ਰਿਫ਼ਤਾਰੀ ਲਈ 2000 ਹਜ਼ਾਰ ਰੁਪੈ ਅਤੇ ਇਕ ਮੁਰੱਬਾ ਜ਼ਮੀਨ ਇਨਾਮ ਦੇਣ ਦਾ ਐਲਾਨ ਕਰ ਦਿੱਤਾ। ਜਦੋਂ ਮਥਰਾ ਸਿੰਘ ਨੂੰ ਇਸ ਗੱਲ ਦਾ ਪਤਾ ਚਲਿਆ ਤਾਂ ਉਹ ਉੱਤਰ ਪਛਮ ਦੀਆਂ ਸੀਮਾਵਾਂ ਪਾਰ ਕਰਕੇ ਕਾਬਲ ਜਾ ਪਹੁੰਚਿਆ। ਇੱਥੇ ਪਹਿਲਾਂ ਹੀ ਦੇਸ਼ ਦੀ ਆਜ਼ਾਦੀ ਲਈ ਮੌਲਵੀ ਬਰਕਤ ਉੱਲਾ ਅਤੇ ਰਾਜਾ ਮਹਿੰਦਰ ਪ੍ਰਤਾਪ ਕੰਮ ਕਰ ਰਹੇ ਸਨ। ਇੱਥੇ ਉਨ੍ਹਾਂ ਨੇ ਭਾਰਤ ਦੀ ਇਕ ਆਰਜ਼ੀ ਸਰਕਾਰ (Provisional Government) ਵੀ ਕਾਇਮ ਕਰ ਰਖੀ ਸੀ। ਡਾਕਟਰ ਮਥਰਾ ਸਿੰਘ ਨੂੰ ਇਸ ਆਰਜ਼ੀ ਸਰਕਾਰ ਦਾ ਮੰਤਰੀ ਨਿਯੁਕਤ ਕੀਤਾ ਗਿਆ ਅਤੇ ਉਸਦੇ ਸਾਥੀ ਹਰਨਾਮ ਸਿੰਘ ਨੂੰ ਜਲਾਵਤਨੀ ਦੀ ਇਸ ਸਰਕਾਰ ਦਾ ਸੈਕਟਰੀ ਬਣਾਇਆ ਗਿਆ।

ਮੌਲਵੀ ਬਰਕਤ ਉੱਲਾ ਦੀ ਅਫ਼ਗਾਨਿਸਤਾਨ ਦੇ ਅਮੀਰ ਨਾਲ ਚੰਗੀ ਵਾਕਫ਼ੀਅਤ ਸੀ। ਉਸ ਦੇ ਪ੍ਰਭਾਵ ਕਾਰਨ ਅਫ਼ਗਾਨਿਸਤਾਨ ਸਰਕਾਰ ਨੇ ਡਾਕਟਰ ਮਥਰਾ ਸਿੰਘ ਨੂੰ ਕਾਬਲ ਦਾ ਚੀਫ਼ ਮੈਡੀਕਲ ਅਫ਼ਸਰ ਨਿਯੁਕਤ ਕਰ ਦਿੱਤਾ। ਹੁਣ ਇਹ ਨਵੀਆਂ ਜ਼ਿਮੇਵਾਰੀਆਂ ਮਿਲਣ ਕਰਕੇ ਡਾਕਟਰ ਮਥਰਾ ਸਿੰਘ ਦਾ ਕਾਰਜ ਖੇਤਰ ਬਹੁਤ ਵਿਸ਼ਾਲ ਹੋ ਗਿਆ। ਆਪਣੇ ਮਿਸ਼ਨ ਦੀ ਸਫ਼ਲਤਾ ਲਈ ਵਿਦੇਸ਼ੀ ਸਹਾਇਤਾ ਪ੍ਰਾਪਤ ਕਰਨ ਦੇ ਉਦੇਸ਼ ਨਾਲ ਉਹ ਕਈ ਵਾਰ ਜਰਮਨੀ ਅਤੇ ਈਰਾਨ ਗਿਆ। ਵਿਸ਼ਵ ਜੰਗ ਵਿਚ ਜਰਮਨੀ ਹੀ ਇੰਗਲੈਂਡ ਦਾ ਸਭ ਤੋਂ ਵਡਾ ਦੁਸ਼ਮਨ ਸੀ ਇਸ ਕਰਕੇ ਗ਼ਦਰੀ ਨੌਜਵਾਨਾਂ ਨੂੰ ਇਹ ਆਸ ਸੀ ਕਿ ਉਹ ਜਰਮਨੀ ਦੀ ਮਦਦ ਨਾਲ ਭਾਰਤ ਵਿਚੋਂ ਅੰਗਰੇਜ਼ੀ ਸਰਕਾਰ ਦਾ ਤਖ਼ਤਾ ਪਲਟਨ ਵਿਚ ਜ਼ਰੂਰ ਕਾਮਯਾਬ ਹੋ ਜਾਣਗੇ। 2 ਨਵੰਬਰ, 1916 ਨੂੰ ਜਦੋਂ ਮਥਰਾ ਸਿੰਘ ਰੂਸ ਤੋਂ ਵਾਪਸ ਕਾਬਲ ਪਰਤ ਰਿਹਾ ਸੀ ਤਾਂ ਤਾਸ਼ਕੰਦ ਦੇ ਸਥਾਨ ਤੇ ਉਸਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਕਰੜੇ ਪਹਿਰੇ ਵਿਚ ਹਿੰਦੁਸਤਾਨ ਭੇਜ ਦਿੱਤਾ ਗਿਆ। ਹੋਰ ਕ੍ਰਾਂਤੀਕਾਰੀ ਨੌਜਵਾਨਾਂ ਵਾਂਗ ਉਸ ਉਪਰ ਵੀ ਤੀਜੇ ਸਪਲੀਮੈਂਟਰੀ ਲਾਹੌਰ

Digitized by Panjab Digital Library | www.panjabdigilib.org

ਕੇਸ ਦੇ ਤਹਿਤ ਮੁਕੱਦਮਾ ਚਲਾਇਆ ਗਿਆ। ਡਾਕਟਰ ਮਥਰਾ ਸਿੰਘ ਉਪਰ ਚਲਾਏ ਗਏ ਇਸ ਮੁਕੱਦਮੇ ਨੂੰ ਪੂਰਨ ਤੌਰ ਤੇ ਖ਼ੁਫ਼ੀਆ ਰਖਿਆ ਗਿਆ। ਹੋਰ ਤਾਂ ਹੋਰ ਉਸਦੇ ਇਕੋ ਇਕ ਭਰਾ ਲਾਭ ਸਿੰਘ ਨੂੰ ਵੀ ਉਸ ਨਾਲ ਮੁਲਾਕਾਤ ਕਰਨ ਦੀ ਇਜਾਜ਼ਤ ਨਾ ਦਿੱਤੀ ਗਈ। ਮਥਰਾ ਸਿੰਘ ਉਪਰ ਅੰਗਰੇਜ਼ੀ ਸਰਕਾਰ ਦਾ ਤਖ਼ਤਾ ਪਲਟ ਦੇਣ ਦਾ ਸੰਗੀਨ ਜੁਰਮ ਸੀ ਜਿਸ ਕਰਕੇ ਉਸ ਨੂੰ ਮੌਤ ਦੀ ਸਜ਼ਾ ਸੁਣਾਈ ਗਈ। ਫ਼ਾਂਸੀ ਲਗਣ ਤੋਂ ਪਹਿਲਾਂ ਉਸਨੇ ਆਪਣੇ ਨਿੱਕੇ ਭਰਾ ਨੂੰ ਇਕ ਖ਼ਤ ਲਿਖਿਆ ਜਿਸ ਵਿਚ ਉਸਨੇ ਕਿਹਾ ਸੀ, 'ਮੈਨੂੰ ਖੁਸ਼ੀ ਹੈ ਕਿ ਮੈਂ ਵਤਨ ਦੀ ਆਜ਼ਾਦੀ ਲਈ ਸ਼ਹੀਦ ਹੋ ਰਿਹਾ ਹਾਂ। ਮੇਰੇ ਮਰਨ ਪਿਛੋਂ ਕਿਸੇ ਨੂੰ ਅਫਸੋਸ ਨਹੀਂ ਹੋਣਾ ਚਾਹੀਦਾ। ਮੇਰੇ ਦੇਸ਼ ਨੂੰ ਮੇਰੇ ਵਰਗੇ ਕਈ ਸ਼ਹੀਦਾਂ ਦੀ ਲੋੜ ਹੈ ਜੋ ਆਪਣੇ ਲਹੂ ਨਾਲ ਆਜ਼ਾਦੀ ਦੀ ਸ਼ਮਾਂ ਨੂੰ ਜਲਦਾ ਰੱਖ ਸਕਣ। ਮੇਰਾ ਇਹ ਯਕੀਨ ਹੈ ਕਿ ਅਸੀਂ ਆਪਣੇ ਵਤਨ ਲਈ ਜਿਤਨੀਆਂ ਵੱਧ ਕੁਰਬਾਨੀਆਂ ਕਰ ਸਕਾਂਗੇ, ਸਾਡਾ ਦੇਸ਼ ਉਤਨਾਂ ਹੀ ਜਲਦੀ ਆਜ਼ਾਦ ਹੋ ਪਾਵੇਗਾ।' ਜਦੋਂ 27 ਮਾਰਚ, 1917 ਨੂੰ ਡਾਕਟਰ ਮਥਰਾ ਸਿੰਘ ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਫਾਂਸੀ ਦਿੱਤੀ ਗਈ ਤਾਂ ਉਸਦੇ ਮੂੰਹ 'ਚੋਂ ਭਾਰਤ ਦੀ ਆਜ਼ਾਦੀ ਦੇ ਨਾਹਰੇ ਗੂੰਜ ਰਹੇ ਸਨ।

ਫਾਂਸੀ ਲਾ ਦੇਣ ਮਗਰੋਂ ਜੇਲ੍ਹ ਕਰਮਚਾਰੀਆਂ ਨੇ ਡਾਕਟਰ ਮਥਰਾ ਸਿੰਘ ਦਾ ਸਸਕਾਰ ਲਾਹੌਰ ਜੇਲ੍ਹ ਦੇ ਅੰਦਰ ਹੀ ਕਰ ਦਿੱਤਾ। ਅੰਗਰੇਜ਼ੀ ਹਕੂਮਤ ਉਸ ਤੋਂ ਇਤਨਾਂ ਡਰੀ ਹੋਈ ਸੀ ਕਿ ਉਸਦਾ ਮ੍ਰਿਤਕ ਸਰੀਰ ਵੀ ਉਸਦੇ ਰਿਸ਼ਤੇਦਾਰਾਂ ਨੂੰ ਨਾ ਸੌਂਪਿਆ ਗਿਆ ਤੇ ਇਸ ਤਰ੍ਹਾਂ ਆਜ਼ਾਦੀ ਦੀ ਇਹ ਲਾਟ ਜੇਲ੍ਹ ਦੀਆਂ ਸੰਗੀਨ ਦੀਵਾਰਾਂ ਪਿੱਛੇ ਹੀ ਅਲੋਪ ਕਰ ਦਿੱਤੀ ਗਈ।

ਡਾਕਟਰ ਮਥਰਾ ਸਿੰਘ ਪੂਰਨ ਗੁਰਸਿੱਖ ਅਤੇ ਨਿਸ਼ਚੇ ਵਾਲਾ ਨੌਜਵਾਨ ਸੀ। 1913 ਵਿਚ ਆਪਣੀ ਪਤਨੀ ਅਤੇ ਬੱਚੀ ਦੀ ਅਚਾਨਕ ਮੌਤ ਹੋ ਜਾਣ ਮਗਰੋਂ ਉਹ ਕੁਝ ਸਮੇਂ ਲਈ ਮਾਯੂਸ ਜ਼ਰੂਰ ਹੋ ਗਿਆ ਸੀ ਪਰ ਜਲਦੀ ਹੀ ਉਸਨੇ ਆਪਣੇ ਜੀਵਨ ਦੇ ਲਕਸ਼ ਨੂੰ ਦੇਸ਼ ਦੀ ਆਜ਼ਾਦੀ ਦੇ ਮਹਾਨ ਕਾਰਜ ਨਾਲ ਜੋੜ ਲਿਆ ਤੇ ਫਿਰ ਸਿਰੜੀ ਨੌਜਵਾਨਾਂ ਵਾਂਗ ਇਸ ਆਜ਼ਾਦੀ ਦੀ ਪ੍ਰਾਪਤੀ ਲਈ ਆਪਣਾ ਜੀਵਨ ਦੇਸ਼ ਨੂੰ ਅਰਪਨ ਕਰ ਦਿੱਤਾ। ਉਹ ਬੜਾ ਸੂੱਝਵਾਨ ਵਿਅਕਤੀ ਸੀ। ਉਸਦੇ ਸੰਬੰਧ ਦੇਸ਼ ਅਤੇ ਵਿਦੇਸ਼ ਦੇ ਮਹਾਨ ਕ੍ਰਾਂਤੀਕਾਰੀਆਂ ਨਾਲ ਸਨ। ਉਹ ਆਪਣੀ ਧੁੰਨ ਦਾ ਪੱਕਾ ਅਤੇ ਆਦਰਸ਼ ਪ੍ਰਤੀ ਅਡੋਲ ਰਹਿਣ ਵਾਲਾ ਦੇਸ਼ ਭਗਤ ਸੀ ਜਿਸ ਦੀ ਕੁਰਬਾਨੀ ਨੇ ਉਸ ਵਰਗੇ ਹੋਰ ਕਈ ਸ਼ਹੀਦ ਪੈਦਾ ਕੀਤੇ ਜਿਨ੍ਹਾਂ ਦਾ ਸਦਕਾ ਅਜ ਅਸੀਂ ਆਜ਼ਾਦੀ ਦਾ ਸੁੱਖ ਮਾਣ ਰਹੇ ਹਾਂ।

Digitized by Panjab Digital Library | www.panjabdigilib.org

# ਸ੍ਰ: ਸੋਹਣ ਸਿੰਘ ਭਕਨਾ

ਆਜ਼ਾਦੀ ਲਹੂ ਮੰਗਦੀ ਹੈ - ਤੇ ਇਸ ਆਜ਼ਾਦੀ ਨੂੰ ਹਾਸਲ ਕਰਨ ਲਈ ਜਿਤਨਾਂ ਲਹੂ ਸਿੱਖਾਂ ਨੇ ਡੋਲ੍ਹਿਆ ਹੈ, ਇਤਨਾ ਭਾਰਤ ਦੀ ਕਿਸੇ ਹੋਰ ਜਾਤੀ ਜਾਂ ਪ੍ਰਾਂਤ ਦੇ ਲੋਕਾਂ ਨੇ ਨਹੀਂ ਡੋਲ੍ਹਿਆ। ਬਾਬਾ ਸੋਹਣ ਸਿੰਘ ਭਕਨਾ ਉਨ੍ਹਾਂ ਦੇਸ਼ ਭਗਤਾਂ ਵਿਚੋਂ ਸੀ ਜਿਸ ਨੇ 20ਵੀਂ ਸਦੀ ਦੇ ਸ਼ੁਰੂ ਵਿਚ ਦੇਸ਼ ਨੂੰ ਆਜ਼ਾਦ ਕਰਾਉਣ ਲਈ 'ਗ਼ਦਰ ਲਹਿਰ' ਦੀ ਨੀਂਹ ਰਖੀ। ਉਸਨੇ ਅਮਰੀਕਾ, ਕੈਨੇਡਾ ਅਤੇ ਪੂਰਬੀ ਦੇਸ਼ਾਂ ਵਿਚ ਅੰਗਰੇਜ਼ਾਂ ਦੀਆਂ ਵਧੀਕੀਆਂ ਵਿਰੁੱਧ ਜ਼ਬਰਦਸਤ ਪ੍ਰਚਾਰ ਕੀਤਾ ਅਤੇ ਅੰਗਰੇਜ਼ਾਂ ਦਾ ਤਖ਼ਤਾ ਪਲਟ ਦੇਣ ਲਈ ਸਸ਼ਸਤਰ ਕ੍ਰਾਂਤੀ ਦੀ ਰੂਪ ਰੇਖਾ ਤਿਆਰ ਕਰਕੇ ਉਹ ਅਮਰੀਕਾ ਤੋਂ ਭਾਰਤ ਲਈ ਚਲ ਪਿਆ। 13 ਅਕਤੂਬਰ 1914 ਨੂੰ ਕਲਕੱਤੇ ਪਹੁੰਚਦਿਆਂ ਹੀ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪਹਿਲੇ ਲਾਹੌਰ ਸਾਜ਼ਸ਼ ਕੇਸ ਵਿਚ ਉਸਨੂੰ ਮੌਤ ਦੀ ਸਜ਼ਾ ਸੁਣਾਈ ਗਈ ਜੋ ਮਗਰੋਂ ਉਮਰ ਕੈਦ ਵਿਚ ਬਦਲ ਦਿੱਤੀ ਗਈ।

ਸੋਹਣ ਸਿੰਘ ਭਕਨਾ ਦਾ ਜਨਮ ਗੁਰੂ ਕੇ ਬਾਗ਼ ਦੇ ਨੇੜੇ ਆਪਣੇ ਨਾਨਕੇ ਪਿੰਡ ਖੋਤਰਾ ਖੁਰਦ, ਜ਼ਿਲ੍ਹਾ ਅੰਮ੍ਰਿਤਸਰ ਵਿਚ 4 ਜਨਵਰੀ ਸੰਨ 1870 ਈ: ਨੂੰ ਮਾਤਾ ਰਾਮ ਕੌਰ ਦੀ ਕੁਖੋਂ ਹੋਇਆ। ਇਨ੍ਹਾਂ ਦੇ ਪਿਤਾ ਸ੍ਰ: ਕਰਮ ਸਿੰਘ ਸ਼ੇਰਗਿੱਲ ਪਿੰਡ ਭਕਨਾ (ਅੰਮ੍ਰਿਤਸਰ) ਦੇ ਇਕ ਰੱਜੇ ਪੁੱਜੇ ਜ਼ਿਮੀਂਦਾਰ ਸਨ। ਸੋਹਣ ਸਿੰਘ ਆਪਣੇ ਮਾਤਾ ਪਿਤਾ ਦੀ ਇਕਲੌਤੀ ਸੰਤਾਨ ਸੀ। ਅਜੇ ਉਹ ਇਕ ਸਾਲ ਦਾ ਵੀ ਨਹੀਂ ਸੀ ਹੋਇਆ ਕਿ ਉਸਦੇ ਪਿਤਾ ਜੀ ਚੜ੍ਹਾਈ ਕਰ ਗਏ । ਸ੍ਰ: ਕਰਮ ਸਿੰਘ ਬੜੇ ਰਹਿਮ ਦਿਲ ਅਤੇ ਦਾਨੀ ਸੁਭਾ ਦੇ ਵਿਅਕਤੀ ਸਨ। ਰਾਮ ਕੌਰ ਉਨ੍ਹਾਂ ਦੀ ਦੂਜੀ ਪਤਨੀ ਸੀ। ਉਨ੍ਹਾਂ ਦੀ ਪਹਿਲੀ ਪਤਨੀ ਹਰਿ ਕੌਰ (ਜਿਸ ਵਲ ਕੋਈ ਸੰਤਾਨ ਨਹੀਂ ਸੀ ਹੋਈ) ਨੇ ਹੀ ਸ੍ਰ: ਕਰਮ ਸਿੰਘ ਨੂੰ ਦੂਜੀ ਸ਼ਾਦੀ ਕਰ ਲੈਣ ਲਈ ਪ੍ਰੇਰਿਆ ਸੀ।

ਜਦੋਂ ਸੋਹਣ ਸਿੰਘ ਭਕਨਾ ਦਾ ਜਨਮ ਹੋਇਆ ਤਾਂ ਉਦੋਂ ਪਿੰਡ ਵਿਚ ਕੋਈ ਸਕੂਲ ਨਹੀਂ ਸੀ। ਇਸ ਕਰਕੇ ਸੋਹਣ ਸਿੰਘ ਨੂੰ ਮੁੱਢਲੀ ਵਿੱਦਿਆ ਪਿੰਡ ਦੇ ਗੁਰਦੁਆਰੇ ਵਿਚੋਂ ਹੀ ਪ੍ਰਾਪਤ ਕਰਨੀ ਪਈ। ਅਜੇ ਉਹ 10 ਸਾਲ ਦਾ ਹੀ ਸੀ ਕਿ ਉਸਦੀ ਸ਼ਾਦੀ ਪਿੰਡ ਜੰਡਿਆਲਾ, ਜ਼ਿਲਾ ਲਾਹੌਰ ਦੇ ਸ੍ਰ: ਖੁਸ਼ਹਾਲ ਸਿੰਘ ਦੀ ਪੁੱਤਰੀ ਬਿਸ਼ਨ ਕੌਰ ਨਾਲ ਹੋ ਗਈ। ਜਦੋਂ ਉਹ 11 ਸਾਲ ਦਾ ਸੀ ਤਾਂ ਪਿੰਡ ਵਿਚ ਪਹਿਲਾ ਪ੍ਰਾਇਮਰੀ ਸਕੂਲ ਖੁਲ੍ਹਿਆ। ਦੋ ਮਾਵਾਂ ਦੀ ਇਕਲੌਤੀ ਸੰਤਾਨ ਹੋਣ ਕਾਰਨ ਉਨ੍ਹਾਂ ਨੇ ਇਸਨੂੰ ਕਿਸੇ ਹੋਰ ਪਿੰਡ ਜਾ ਵਡੇ ਸ਼ਹਿਰ ਭੇਜਣਾ ਪਸੰਦ ਨਾ ਕੀਤਾ। ਘਰ ਦੀ ਚੰਗੀ ਮਾਇਕ ਹਾਲਤ, ਜ਼ਮੀਨ, ਜਾਇਦਾਦ ਅਤੇ ਦੋ ਮਾਵਾਂ ਦੇ ਲਾਡ ਪਿਆਰ ਕਾਰਨ ਸੋਹਣ ਸਿੰਘ ਜਲਦੀ ਹੀ ਵੈਲੀਆਂ (ਯਾਰ ਲੋਕਾਂ) ਦੀ ਸੰਗਤ ਵਿਚ ਪੈ ਗਿਆ। ਉਸਨੇ ਸ਼ਰਾਬ ਪੀਣੀ, ਮਾਸ ਖਾਣਾ ਤੇ ਸ਼ਿਕਾਰ ਖੇਡਣਾ ਆਪਣਾ ਸ਼ੁਗਲ ਬਣਾ ਲਿਆ। ਉਸਦੇ ਭੈੜੀ ਸੰਗਤ ਵਿਚ ਪੈ ਜਾਣ ਕਾਰਨ ਘਰ ਦੀ ਬਹੁਤ ਸਾਰੀ ਜ਼ਮੀਨ ਗਹਿਣੇ ਪੈ ਗਈ ਅਤੇ ਸਿਰ ਤੇ ਕਰਜ਼ਾ ਇਕੱਠਾ ਹੋਣਾ ਸ਼ੁਰੂ ਹੋ ਗਿਆ। ਹੋ ਸਕਦਾ ਹੈ ਸੋਹਣ ਸਿੰਘ ਦੀਆਂ ਇਨ੍ਹਾਂ ਆਦਤਾਂ ਕਰਕੇ ਘਰ ਦਾ ਸਭ ਕੁਝ ਹੀ ਬਰਬਾਦ ਹੋ ਜਾਂਦਾ। 1896 ਈ. ਦੇ ਸ਼ੁਰੂ ਦੀ ਗੱਲ ਹੈ ਕਿ ਇਕ ਦਿਨ

Digitized by Panjab Digital Library | www.panjabdigilib.org

ਉਸਨੇ ਗੁਆਂਢੀ ਪਿੰਡ ਦੇ ਇਕ ਮਹਾਂਪੁਰਸ਼ ਬਾਬਾ ਕੇਸਰ ਸਿੰਘ ਜੀ ਦੇ ਮੂੰਹੋਂ ਬਾਬਾ ਫਰੀਦ ਜੀ ਦੀ ਬਾਣੀ ਅਤੇ ਉਨ੍ਹਾਂ ਦੇ ਵਿਚਾਰ ਸੁਣੇ। ਉਹ ਬਾਬਾ ਜੀ ਦੇ ਬਚਨਾਂ ਤੋਂ ਇਤਨਾ ਪ੍ਰਭਾਵਿਤ ਹੋਇਆ ਕਿ ਉਸਨੇ ਨਾ ਸਿਰਫ਼ ਮਾੜੇ ਲੋਕਾਂ ਦੀ ਸੰਗਤ ਹੀ ਛੱਡ ਦਿੱਤੀ ਸਗੋਂ ਸ਼ਰਾਬ, ਮਾਸ ਆਦਿ ਵਸਤਾਂ ਦੇ ਸੇਵਨ ਤੋਂ ਵੀ ਪ੍ਰਹੇਜ਼ ਕਰ ਲਿਆ। ਸੋਹਣ ਸਿੰਘ ਇਤਨਾ ਸ੍ਵੈ ਵਿਸ਼ਵਾਸੀ ਸੀ ਕਿ ਅਮਰੀਕਾ ਜਾਕੇ ਵੀ ਉਸਨੇ ਕਦੇ ਸ਼ਰਾਬ ਨੂੰ ਮੂੰਹ ਨਹੀਂ ਸੀ ਲਾਇਆ।

20ਵੀਂ ਸਦੀ ਦੇ ਆਰੰਭ ਵਿਚ ਪੰਜਾਬ ਦੇ ਕਿਸਾਨਾਂ ਦੀ ਹਾਲਤ ਬੜੀ ਮਾੜੀ ਸੀ। ਬਹੁਤ ਸਾਰੇ ਪੰਜਾਬੀ ਅਤੇ ਖਾਸ ਕਰਕੇ ਪੰਜਾਬ ਦੇ ਸਿੱਖ ਨੌਜਵਾਨ ਰੋਜ਼ੀ ਅਤੇ ਆਰਥਿਕ ਵਸੀਲਿਆਂ ਦੀ ਤਲਾਸ਼ ਵਿਚ ਕੈਨੇਡਾ ਅਤੇ ਅਮਰੀਕਾ ਜਾਣੇ ਸ਼ੁਰੂ ਹੋ ਗਏ ਸਨ। 1908 ਤਕ ਸਿਰਫ਼ ਕੈਨੇਡਾ ਵਿਚ ਹੀ 2623 ਪੰਜਾਬੀ ਕਿਰਤੀ (ਕਿਸਾਨ ਅਤੇ ਮਜ਼ਦੂਰ) ਪਹੁੰਚ ਚੁਕੇ ਸਨ। ਆਪਣੀ ਆਰਥਿਕ ਹਾਲਤ ਨੂੰ ਸੁਧਾਰਨ ਅਤੇ ਭੈੜੀ ਸੰਗਤ ਦੇ ਪ੍ਰਭਾਵ ਤੋਂ ਹਮੇਸ਼ਾਂ ਹਮੇਸ਼ਾਂ ਲਈ ਦੂਰ ਚਲੇ ਜਾਣ ਦੇ ਖ਼ਿਆਲ ਨਾਲ ਸੋਹਣ ਸਿੰਘ 3 ਫਰਵਰੀ 1909 ਨੂੰ ਅਮਰੀਕਾ ਲਈ ਚਲ ਪਿਆ। ਉਸਦੀਆਂ ਦੋਵੇਂ ਮਾਤਾਵਾਂ ਅਤੇ ਪਤਨੀ ਨੇ ਉਸਨੂੰ ਬੜਾ ਰੋਕਣਾ ਚਾਹਿਆ ਪਰ ਸੋਹਣ ਸਿੰਘ ਆਪਣੇ ਕੀਤੇ ਫ਼ੈਸਲੇ ਤੇ ਕਾਇਮ ਰਿਹਾ ਅਤੇ 4 ਅਪ੍ਰੈਲ 1909 ਨੂੰ ਅਮਰੀਕਾ ਦੇ ਪਛੱਮੀ ਤੱਟ ਤੇ ਸੀਆਟਲ ਦੀ ਬੰਦਰਗਾਹ ਤੇ ਜਾ ਉਤਰਿਆ। ਅਗੋਂ ਉਸਦੇ ਕੁਝ ਮਿੱਤਰ ਉਸਨੂੰ ਲੈਣ ਲਈ ਆਏ ਹੋਏ ਸਨ। ਉਨ੍ਹਾਂ ਦੀ ਮਦਦ ਨਾਲ ਉਸ ਨੂੰ ਜਲਦੀ ਹੀ ਮਨਾਰਕ ਨਾਮੀਂ ਮਿਲ ਵਿਚ ਕੰਮ ਮਿਲ ਗਿਆ। ਇਸ ਮਿਲ ਵਿਚ ਪਹਿਲਾਂ ਹੀ 200 ਪੰਜਾਬੀ ਮਜ਼ਦੂਰ ਕੰਮ ਤੇ ਲਗੇ ਹੋਏ ਸਨ। ਸ਼ੁਰੂ ਸ਼ੁਰੂ ਵਿਚ ਤਾਂ ਉੱਥੋਂ ਦੀ ਮੋਹਨਤ-ਕਸ਼ ਜ਼ਿੰਦਗੀ ਨੂੰ ਵੇਖ ਕੇ ਸੋਹਣ ਸਿੰਘ ਘਬਰਾ ਗਿਆ। ਪਰ ਜਲਦੀ ਹੀ ਉਹ ਉੱਥੋਂ ਦੀ ਸਖ਼ਤ ਜ਼ਿੰਦਗੀ ਨਾਲ ਸਹਿੰਦੜ ਹੋ ਗਿਆ।

ਬੇਸ਼ਕ ਭਾਰਤ ਦੇ ਮੁਕਾਬਲੇ ਤੇ ਇੱਥੇ ਮਜ਼ਦੂਰਾਂ ਦੀ ਹਾਲਤ ਬਹੁਤ ਚੰਗੀ ਅਤੇ ਰਹਿਣ-ਸਹਿਣ ਦਾ ਸਤਰ ਬਹੁਤ ਉੱਚਾ ਸੀ ਪਰ ਪੂਰਬ ਦੇ ਦੇਸ਼ਾਂ ਤੋਂ ਗਏ ਹੋਏ ਕਾਮਿਆਂ ਨੂੰ ਅਮਰੀਕਨ ਮਜ਼ਦੂਰਾਂ ਦੇ ਮੁਕਾਬਲੇ ਤਨਖ਼ਾਵਾਂ ਬਹੁਤ ਘੱਟ ਮਿਲਦੀਆਂ ਸਨ। ਕੈਨੇਡਾ ਵਿਚ ਤਾਂ ਹਾਲਤ ਹੋਰ ਵੀ ਮਾੜੀ ਸੀ। ਭਾਰਤੀ ਪ੍ਰਵਾਸੀਆਂ ਪ੍ਰਤੀ ਉਨ੍ਹਾਂ ਦਾ ਰਵੱਈਆ ਬੜਾ ਸਖ਼ਤ ਅਤੇ ਅਪਮਾਨਜਨਕ ਸੀ। ਉਨ੍ਹਾਂ ਨੂੰ ਗੁਲਾਮ ਦੇਸ਼ ਦਾ ਨਾਗਰਿਕ ਹੋਣ ਕਾਰਨ ਬੜੀ ਨਫ਼ਰਤ ਨਾਲ ਵੇਖਿਆ ਜਾਂਦਾ ਸੀ। ਕਈ ਵਾਰ ਉੱਥੋਂ ਦੇ ਗੋਰੇ-ਨਾਗਰਿਕ ਭਾਰਤੀ ਮਜ਼ਦੂਰਾਂ ਤੇ ਹਮਲਾ ਬੋਲ ਦਿੰਦੇ ਤੇ ਇਨ੍ਹਾਂ ਨੂੰ Hindu Slave (ਹਿੰਦੂ ਗੁਲਾਮ) ਜਾਂ ਕਾਲੇ ਗੁਲਾਮ ਆਦਿ ਸ਼ਬਦਾਂ ਨਾਲ ਤਾਹਣੇ ਮਾਰਦੇ ਤੇ ਕਹਿੰਦੇ 'ਜਾਉ-ਆਪਣੇ ਦੇਸ਼ ਪਰਤ ਜਾਉ - ਇੱਥੇ ਕੀ ਲੈਣ ਆਏ ਹੋ'? ਅਮਰੀਕਨ ਅਤੇ ਕੈਨੇਡੀਅਨ ਲੋਕ 'ਭਾਰਤੀਆਂ ਨੂੰ 30 ਕਰੋੜ ਭੇਡਾਂ' ਕਹਿ ਕੇ ਪੁਕਾਰਦੇ ਜਿਨ੍ਹਾਂ ਲਈ ਲੱਖ ਦੋ ਲੱਖ ਅੰਗਰੇਜ਼ਾਂ ਨੂੰ ਆਪਣੇ ਦੇਸ਼ ਵਿਚੋਂ ਕਢਣਾ ਔਖਾ ਹੋਇਆ ਪਿਆ ਸੀ। ਉਨ੍ਹਾਂ ਦਿਨਾਂ ਵਿਚ ਸੋਹਣ ਸਿੰਘ ਰਿਆਸਤ ਵਾਸ਼ਿੰਗਟਨ ਦੇ ਨਗਰ ਲਿੰਟਨ ਵਿਚ 'ਲਿੰਟਨ ਟਿੰਬਰ ਕੰਪਨੀ' ਵਿਚ ਕੰਮ ਕਰ ਰਿਹਾ ਸੀ। ਇਕ ਦਿਨ ਉਹ ਆਪਣੇ ਮਿੱਤਰ ਸੰਤ ਤੇਜਾ ਸਿੰਘ ਮਸਤੂਆਨੇ, ਜੋ ਕਿ ਕੈਨੇਡਾ ਤੋਂ ਆਏ ਸਨ ਨਾਲ ਇਕ ਹੋਟਲ ਵਿਚ ਖਾਣਾ ਖਾਣ ਗਿਆ ਤਾਂ ਹੋਟਲ ਦੇ ਮੈਨੇਜਰ ਨੇ ਉਨ੍ਹਾਂ ਨੂੰ ਖਾਣਾ ਦੇਣ ਤੋਂ ਇਨਕਾਰ ਕਰ ਦਿੱਤਾ। ਇਸ ਸਭ ਕਾਸੇ ਨੇ ਸੋਹਣ ਸਿੰਘ ਦੇ ਮਨ ਤੇ ਬੜਾ ਗਹਿਰਾ ਅਸਰ ਕੀਤਾ ਤੇ ਉਹ ਆਪਣੇ ਕੰਮ ਧੰਦੇ ਦੀ ਫ਼ਿਕਰ ਛੱਡ ਕੇ ਦੇਸ਼ ਨੂੰ ਆਜ਼ਾਦ ਕਰਾਉਣ ਦੇ ਪ੍ਰੋਗਰਾਮ ਉਲੀਕਣ ਲਗ ਪਿਆ। It was in that sense, that 'Shame'

Digitized by Panjab Digital Library | www.panjabdigilib.org

as Marx put it, became a major source of a revolutionary sentiment'. ਉਸਨੂੰ ਲਗਾ ਕਿ ਗੁਲਾਮ ਦੇਸ਼ ਦੇ ਨਾਗਰਿਕ ਦਾ ਕੋਈ ਧਰਮ ਨਹੀਂ ਹੁੰਦਾ ਤੇ ਨਾ ਹੀ ਸੰਸਾਰ ਵਿਚ ਉਨ੍ਹਾਂ ਦੀ ਕੋਈ ਇਜ਼ਤ ਹੁੰਦੀ ਹੈ। ਅਜੇਹੀ ਜ਼ਿੰਦਗੀ ਜੀਣ ਨਾਲੋਂ ਤਾਂ ਮਰ ਜਾਣਾ ਕਿਤੇ ਬੇਹਤਰ ਹੈ।

ਇਸ ਘਟਨਾ ਤੋਂ ਬਾਦ ਉਸਨੇ ਸਭ ਤੋਂ ਪਹਿਲਾ ਕੰਮ ਇਹ ਕੀਤਾ ਕਿ ਅਮਰੀਕਾ ਦੇ ਪੱਛਮੀ ਤੱਟ ਤੇ ਕੰਮ ਕਰ ਰਹੇ ਭਾਰਤੀ ਮਜ਼ਦੂਰਾਂ ਨੂੰ ਸੰਗਠਿਤ ਕਰਕੇ ਇਕ ਇਨਕਲਾਬੀ ਸੁਸਾਇਟੀ ਸਥਾਪਿਤ ਕੀਤੀ। ਇਸ ਸੁਸਾਇਟੀ ਦਾ ਨਾਮ 'ਹਿੰਦੁਸਤਾਨ ਐਸੋਸੀਏਸ਼ਨ ਆਫ਼ ਪੈਸਿਫ਼ਿਕ ਕੋਸਟ' ਰਖਿਆ ਗਿਆ। ਸੋਹਣ ਸਿੰਘ ਤੋਂ ਛੁੱਟ ਇਸ ਸੁਸਾਇਟੀ ਨੂੰ ਕਾਇਮ ਕਰਨ ਵਾਲੇ ਬਾਕੀ ਪ੍ਰਸਿੱਧ ਭਾਰਤੀ ਸਨ - ਪੰਡਿਤ ਕਾਂਸ਼ੀਰਾਮ, ਸ੍ਰੀ.ਜੀ.ਡੀ. ਕੁਮਾਰ ਅਤੇ ਸ੍ਰ: ਹਰਨਾਮ ਸਿੰਘ ਟੁੰਡੀਲਾਟ। ਸ੍ਰ: ਸੋਹਣ ਸਿੰਘ ਭਕਨਾ ਸਰਬ ਸੰਮਤੀ ਨਾਲ ਇਸ ਸੁਸਾਇਟੀ ਦੇ ਪ੍ਰਧਾਨ ਚੁਣੇ ਗਏ ਅਤੇ ਪੰਡਿਤ ਕਾਂਸ਼ੀ ਰਾਮ ਨੂੰ ਖ਼ਜ਼ਾਨਚੀ ਨਿਯੁਕਤ ਕੀਤਾ ਗਿਆ। ਇਸ ਸੁਸਾਇਟੀ ਦਾ ਦਫ਼ਤਰ ਪੋਰਟਲੈਂਡ (Portland) ਵਿਖੇ ਕਾਇਮ ਕੀਤਾ ਗਿਆ। ਸੁਸਾਇਟੀ ਦਾ ਪ੍ਰਮੁੱਖ ਨਿਸ਼ਾਨਾਂ ਅਮਰੀਕਾ ਵਿਚ ਕੰਮ ਕਰ ਰਹੇ ਭਾਰਤੀ ਮਜ਼ਦੂਰਾਂ ਦੀ ਜਾਨ-ਮਾਲ ਤੇ ਹੱਕਾਂ ਦੀ ਰਖਿਆ ਕਰਨਾ ਸੀ। ਕੁਝ ਚਿਰ ਮਗਰੋਂ ਇਹ ਸੁਸਾਇਟੀ ਹੀ 'ਗ਼ਦਰ ਲਹਿਰ' ਦੇ ਨਾਮ ਨਾਲ ਪ੍ਰਸਿੱਧ ਹੋਈ। ਗ਼ਦਰ ਲਹਿਰ ਦਾ ਨਿਸ਼ਾਨਾ ਹਥਿਆਰਬੰਦ ਇਨਕਲਾਬ ਰਾਹੀਂ ਦੇਸ਼ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਆਜ਼ਾਦ ਕਰਾਉਣਾ ਸੀ। ਗ਼ਦਰ ਪਾਰਟੀ ਦੀ ਪਹਿਲੀ ਮੀਟਿੰਗ ਵਿਚ ਹੇਠ ਲਿਖੇ ਮੈਂਬਰ ਸਰਬ ਸੰਮਤੀ ਨਾਲ ਇਸ ਪਾਰਟੀ ਦੇ ਅਹੁਦੇਦਾਰ ਚੁਣੇ ਗਏ।

| | | |
|---|---|---|
| ਪ੍ਰਧਾਨ | - | ਸ੍ਰ: ਸੋਹਣ ਸਿੰਘ ਭਕਨਾ |
| ਮੀਤ ਪ੍ਰਧਾਨ | - | ਭਾ: ਕੇਸਰ ਸਿੰਘ ਠਠੱਗੜ੍ਹ |
| ਸਕੱਤਰ | - | ਲਾਲਾ ਹਰਦਿਆਲ |
| ਖ਼ਜ਼ਾਨਚੀ | - | ਪੰਡਿਤ ਕਾਂਸ਼ੀਰਾਮ |

ਨਵੰਬਰ 1913 ਵਿਚ ਇਸ ਪਾਰਟੀ ਵਲੋਂ 'ਗ਼ਦਰ' ਨਾਮ ਦਾ ਹਫ਼ਤਾਵਾਰੀ ਅਖ਼ਬਾਰ ਜਾਰੀ ਕੀਤਾ ਗਿਆ। ਇਸ ਅਖ਼ਬਾਰ ਦਾ ਮੁੱਖ ਨਿਸ਼ਾਨਾ ਅੰਗਰੇਜ਼ਾਂ ਵਿਰੁੱਧ ਪ੍ਰਚਾਰ ਕਰਨਾ ਸੀ। ਅਖ਼ਬਾਰ ਦੀ ਛਪਾਈ ਅਤੇ ਇਸਨੂੰ ਵੰਡਣ ਦਾ ਕਮ ਇਕ ਨੌਜਵਾਨ ਗਭਰੂ ਸ੍ਰ: ਕਰਤਾਰ ਸਿੰਘ ਸਰਾਭਾ ਨੂੰ ਸੌਂਪਿਆ ਗਿਆ। ਗ਼ਦਰ ਪਾਰਟੀ ਦੇ ਖ਼ੁਫ਼ੀਆ ਕੰਮ ਲਈ ਇਕ ਵਖਰਾ 'ਖ਼ੁਫ਼ੀਆ ਕਮਿਸ਼ਨ' ਬਣਾਇਆ ਗਿਆ ਜਿਸਦੇ ਮੈਂਬਰ ਸ੍ਰ: ਸੋਹਣ ਸਿੰਘ ਭਕਨਾ, ਲਾਲਾ ਹਰਦਿਆਲ ਅਤੇ ਪੰਡਿਤ ਕਾਂਸ਼ੀ ਰਾਮ ਚੁਣੇ ਗਏ। ਥੋੜ੍ਹੇ ਸਮੇਂ ਵਿਚ ਹੀ ਗ਼ਦਰ ਪਾਰਟੀ ਦੀਆਂ ਸ਼ਾਖਾਂ ਅਮਰੀਕਾ, ਕੈਨੇਡਾ, ਜਰਮਨੀ, ਸਿੰਘਾਪੁਰ, ਹਾਂਗਕਾਂਗ, ਬਰਮਾ ਤੇ ਭਾਰਤ ਵਿਚ ਸਥਾਪਿਤ ਹੋ ਗਈਆਂ। ਇਸ ਲਹਿਰ ਦਾ ਹੈਡ ਕੁਆਟਰ ਸਾਨਫ੍ਰਾਂਸਿਸਕੋ ਵਿਖੇ ਸਥਾਪਿਤ ਕੀਤਾ ਗਿਆ ਜਿਸ ਦਾ ਨਾਮ ਯੁਗਾਂਤਰ ਆਸ਼ਰਮ (Yugantar Ashram) ਰਖਿਆ ਗਿਆ। ਬਾਬਾ ਸੋਹਣ ਸਿੰਘ ਭਕਨਾ ਨੇ ਪਾਰਟੀ ਦੇ ਕਮਾਂ ਨੂੰ ਤੇਜ਼ ਕਰਨ ਲਈ ਆਪਣੀ ਨੌਕਰੀ ਛੱਡ ਦਿੱਤੀ ਅਤੇ ਜਥੇਬੰਦੀ ਦੀ ਮੈਂਬਰਸ਼ਿਪ ਵਧਾਉਣ ਅਤੇ ਇਸਨੂੰ ਮਜ਼ਬੂਤ ਕਰਨ ਲਈ ਉਨ੍ਹਾਂ ਥਾਵਾਂ ਦਾ ਦੌਰਾ ਕਰਨਾ ਸ਼ੁਰੂ ਕਰ ਦਿੱਤਾ ਜਿੱਥੇ ਭਾਰਤੀ ਮੂਲ ਦੇ ਮਜ਼ਦੂਰ ਮਿਲਾਂ ਜਾਂ ਖੇਤਾਂ ਵਿਚ ਕੰਮ ਤੇ ਲਗੇ ਹੋਏ ਸਨ। ਦਿਨੋ ਦਿਨ

Digitized by Panjab Digital Library | www.panjabdigilib.org

ਵੱਧ ਰਹੇ ਗ਼ਦਰ ਪਾਰਟੀ ਦੇ ਪ੍ਰਚਾਰ ਅਤੇ ਭਾਰਤੀ ਨੌਜਵਾਨਾਂ ਵਿਚ ਵੱਧ ਰਹੀ ਅਸੰਤੁਸ਼ਟਤਾ ਦੇ ਕਾਰਨ ਅੰਗਰੇਜ਼ ਅਧਿਕਾਰੀ ਫ਼ਿਕਰਮੰਦ ਹੋ ਗਏ। ਉਧਰ ਵਿਸ਼ਵ ਜੰਗ ਸ਼ੁਰੂ ਹੋ ਜਾਣ ਦੀਆਂ ਸੰਭਾਵਨਾਵਾਂ ਵਧਦੀਆਂ ਜਾ ਰਹੀਆਂ ਸਨ। ਕੈਨੇਡਾ ਅਤੇ ਅਮਰੀਕਾ ਦੇ ਅਧਿਕਾਰੀਆਂ ਨੇ ਆਪਣੇ ਸਫ਼ਾਰਤ ਖਾਨਿਆਂ ਨੂੰ ਆਦੇਸ਼ ਦੇ ਦਿੱਤੇ ਸਨ ਕਿ ਗ਼ਦਰ ਲਹਿਰ ਦੁਆਰਾ ਪੈਦਾ ਹੋ ਰਹੀ ਵਿਸਫ਼ੋਟਕ ਸਥਿਤੀ ਉਤੇ ਕਰੜੀ ਨਿਗਰਾਨੀ ਰਖੀ ਜਾਵੇ। ਪੜ੍ਹਿਆ ਲਿਖਿਆ ਹੋਣ ਕਰਕੇ ਲਾਲਾ ਹਰਦਿਆਲ ਨੂੰ ਪੈਦਾ ਹੋ ਰਹੀ ਇਸ ਸਥਿਤੀ ਲਈ ਜ਼ਿਮੇਂਵਾਰ ਸਮਝਿਆ ਜਾ ਰਿਹਾ ਸੀ। ਇਸ ਤੋਂ ਪਹਿਲਾਂ ਕਿ ਕੈਨੇਡਾ ਜਾਂ ਅਮਰੀਕਾ ਦੇ ਅਧਿਕਾਰੀ ਉਸ ਨੂੰ ਗ੍ਰਿਫ਼ਤਾਰ ਕਰ ਪਾਂਦੇ, ਗ਼ਦਰ ਪਾਰਟੀ ਦੇ ਨੇਤਾਵਾਂ ਨੇ ਅਪ੍ਰੈਲ 1914 ਵਿਚ ਉਸ ਨੂੰ ਚੋਰੀ ਸਵਿਟਜ਼ਰਲੈਂਡ ਭੇਜ ਦਿੱਤਾ। ਲਾਲਾ ਹਰਦਿਆਲ ਦੇ ਅਮਰੀਕਾ ਛੱਡ ਜਾਣ ਮਗਰੋਂ ਗ਼ਦਰ ਲਹਿਰ ਦਾ ਸਾਰਾ ਭਾਰਾ ਬਾਬਾ ਸੋਹਣ ਸਿੰਘ ਭਕਨਾ ਤੇ ਆ ਪਿਆ। ਲਾਲਾ ਹਰਦਿਆਲ ਦੀ ਥਾਂ ਪਾਰਟੀ ਦਾ ਨਵਾਂ ਸਕੱਤਰ ਭਾਈ ਸੰਤੋਖ ਸਿੰਘ ਨੂੰ ਬਣਾਇਆ ਗਿਆ ਅਤੇ 'ਗ਼ਦਰ' ਪਰਚਾ ਚਲਾਉਣ ਦੀ ਜ਼ਿਮੇਂਵਾਰੀ ਭਾਈ ਹਰਨਾਮ ਸਿੰਘ ਕੋਟਲਾ ਨੌਧ ਸਿੰਘ ਅਤੇ ਨਵੇਂ ਬਣਾਏ ਐਡੀਟੋਰੀਅਲ ਬੋਰਡ ਨੂੰ ਸੌਂਪੀ ਗਈ। ਅੰਗਰੇਜ਼ ਸਾਮਰਾਜੀਆਂ ਨੂੰ ਆਸ ਸੀ ਕਿ ਲਾਲਾ ਹਰਦਿਆਲ ਦੇ ਇੱਥੋਂ ਚਲੇ ਜਾਣ ਨਾਲ ਪਾਰਟੀ ਦਾ ਕੰਮ ਮੱਠਾ ਪੈ ਜਾਵੇਗਾ ਜਾਂ ਫਿਰ ਬਿਲਕੁਲ ਠੱਪ ਹੋ ਜਾਵੇਗਾ। ਪਰ ਅਜੇਹਾ ਕੁਝ ਵੀ ਨਾ ਹੋਇਆ। ਸੋਹਣ ਸਿੰਘ ਭਕਨਾ ਨੇ ਬਤੌਰ ਪਾਰਟੀ-ਪ੍ਰਧਾਨ ਦੇ ਗ਼ਦਰ ਲਹਿਰ ਦੇ ਕੰਮ ਨੂੰ ਇਤਨੇ ਸੁਚੱਜੇ ਢੰਗ ਨਾਲ ਚਲਾਇਆ ਕਿ ਉਸਨੇ ਇਨਕਲਾਬੀ ਨੌਜਵਾਨਾਂ ਵਿਚ ਇਕ ਨਵਾਂ ਉਤਸ਼ਾਹ ਅਤੇ ਦਲੇਰੀ ਭਰ ਦਿੱਤੀ। ਯੁਗਾਂਤਰ ਆਸ਼ਰਮ ਵੇਖਣ ਆਏ ਇਕ ਆਇਰਿਸ਼ ਦੇਸ਼ ਭਗਤ ਨੇ ਸੋਹਣ ਸਿੰਘ ਭਕਨਾ ਅਤੇ ਗ਼ਦਰ ਲਹਿਰ ਦੇ ਕੰਮਾਂ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ 'ਤੁਸੀਂ ਥੋੜ੍ਹੇ ਜਹੇ ਸਮੇਂ ਵਿਚ ਹੀ ਉਹ ਕੁਝ ਕਰ ਲਿਆ ਹੈ ਜੋ ਅਸੀਂ ਕਈ ਵਰ੍ਹਿਆਂ ਵਿਚ ਵੀ ਨਹੀਂ ਕਰ ਸਕੇ'।

1914 ਵਿਚ ਪਹਿਲਾ ਵਿਸ਼ਵ ਯੁੱਧ ਸ਼ੁਰੂ ਹੋ ਗਿਆ। ਗ਼ਦਰੀ ਇਨਕਲਾਬੀਆਂ ਨੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਇਸ ਸਮੇਂ ਨੂੰ ਬੜਾ ਉਪਯੋਗੀ ਸਮਝ ਕੇ ਸੁਦੇਸ਼ ਪਰਤਣਾ ਸ਼ੁਰੂ ਕਰ ਦਿੱਤਾ ਤਾਕਿ ਭਾਰਤੀ ਨੌਜਵਾਨਾਂ ਅਤੇ ਸੈਨਿਕਾਂ ਨੂੰ ਅੰਗਰੇਜ਼ਾਂ ਵਿਰੁੱਧ ਕ੍ਰਾਂਤੀ ਦਾ ਝੰਡਾ ਬੁਲੰਦ ਕਰ ਦੇਣ ਲਈ ਤਿਆਰ ਕੀਤਾ ਜਾ ਸਕੇ।

23 ਮਈ 1914 ਨੂੰ ਇਕ ਮਹੱਤਵਪੂਰਨ ਘਟਨਾ ਘਟੀ ਜਿਸਨੇ ਭਾਰਤੀ ਪ੍ਰਵਾਸੀਆਂ ਦੇ ਮਨਾਂ ਵਿਚ ਆਜ਼ਾਦੀ ਦੀ ਭਾਵਨਾਂ ਨੂੰ ਹੋਰ ਪ੍ਰਜਵਲਤ ਕਰ ਦਿੱਤਾ। ਇਹ ਘਟਨਾ ਕੋਮਾਗਾਟਾ ਮਾਰੂ ਜਹਾਜ਼ ਦੇ ਰੂਪ ਵਿਚ ਵਾਪਰੀ। ਬਾਬਾ ਗੁਰਦਿੱਤ ਸਿੰਘ ਜੋ ਕਿ ਇਹ ਜਹਾਜ਼ ਕਰਾਏ ਤੇ ਲੈਕੇ ਕੈਨੇਡਾ ਪਹੁੰਚੇ ਸਨ, ਕੈਨੇਡਾ ਦੀ ਹਕੂਮਤ ਨੇ ਆਪਣੇ ਆਵਾਸੀ ਨੀਯਮਾਂ ਨੂੰ ਛਿੱਕੇ ਤੇ ਟੰਗ ਕੇ ਇਸ ਜਹਾਜ਼ ਨੂੰ ਪਤੱਣ ਤੇ ਨਾ ਲਗਣ ਦਿੱਤਾ ਅਤੇ ਨਾ ਹੀ ਕਿਸੇ ਮੁਸਾਫ਼ਰ ਨੂੰ ਵੈਨਕੂਵਰ ਸ਼ਹਿਰ ਵਿਚ ਪ੍ਰਵੇਸ਼ ਕਰਨ ਦੀ ਆਗਿਆ ਦਿੱਤੀ ਗਈ। ਇਸ ਦੇ ਫ਼ਲਸਰੂਪ ਇਹ ਜਹਾਜ਼ 23 ਜੁਲਾਈ 1914 ਨੂੰ ਮੁੜ ਭਾਰਤ ਲਈ ਰਵਾਨਾ ਹੋ ਗਿਆ। ਇਸ ਘਟਨਾ ਨੇ ਸਾਰੇ ਪੰਜਾਬੀਆਂ ਦਾ ਮਨ ਵਲੂੰਧਰ ਕੇ ਰੱਖ ਦਿੱਤਾ। ਕੋਮਾਗਾਟਾ ਮਾਰੂ ਜਹਾਜ਼ ਦੇ ਮੁਸਾਫ਼ਰਾਂ ਨਾਲ ਹੋਈਆਂ ਵਧੀਕੀਆਂ ਅਤੇ ਉਨ੍ਹਾਂ ਦੀਆਂ ਮੁਸੀਬਤਾਂ ਬਾਰੇ ਵਿਚਾਰ ਕਰਨ ਲਈ ਥਾਂ ਥਾਂ ਤੇ ਮੀਟਿੰਗਾਂ ਕੀਤੀਆਂ ਗਈਆਂ। 'ਕੋਮਾਗਾਟਾ ਮਾਰੂ ਸਹਾਇਕ ਫੰਡ' ਇਕੱਠਾ ਕੀਤਾ ਗਿਆ 'ਗ਼ਦਰ' ਅਖ਼ਬਾਰ ਨੇ ਕੋਮਾਗਾਟਾ

Digitized by Panjab Digital Library | www.panjabdigilib.org

ਮਾਰੂ ਘਟਨਾ ਸਬੰਧੀ ਇਕ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕੀਤਾ। ਹਰ ਪਾਸੇ ਗੁੱਸੇ ਅਤੇ ਰੋਸ ਦੀ ਅੱਗ ਬਲ ਰਹੀ ਸੀ।

ਕੋਮਾਗਾਟਾ ਮਾਰੂ ਜਹਾਜ਼ ਦੇ ਭਾਰਤ ਲਈ ਤੁਰਦਿਆਂ ਹੀ ਪਾਰਟੀ ਵਲੋਂ ਬਾਬਾ ਸੋਹਣ ਸਿੰਘ ਭਕਨਾ ਦੀ ਇਹ ਡਿਊਟੀ ਲਗਾਈ ਗਈ ਕਿ ਉਹ ਕਿਸੇ ਹੋਰ ਜਹਾਜ਼ ਵਿਚ ਸਵਾਰ ਹੋਕੇ ਅਗੇਤਰੇ ਹੀ ਜਾਪਾਨ ਪਹੁੰਚ ਕੇ, ਕੋਮਾਗਾਟਾ ਮਾਰੂ ਜਹਾਜ਼ ਦੇ ਮੁਸਾਫ਼ਰਾਂ ਨੂੰ ਹਥਿਆਰ ਅਤੇ ਗ਼ਦਰੀ ਲਿਟਰੇਚਰ ਪਹੁੰਚਾਣ। ਸੋਹਣ ਸਿੰਘ ਨੂੰ ਇਹ ਵੀ ਕਿਹਾ ਗਿਆ ਕਿ ਉਹ ਉਨ੍ਹਾਂ ਮੁਸਾਫ਼ਰਾਂ ਵਿਚ ਪਹੁੰਚ ਕੇ ਗ਼ਦਰ ਦਾ ਪ੍ਰਚਾਰ ਕਰੇ ਕਿਉਂਕਿ ਐਸ ਵੇਲੇ ਉਨ੍ਹਾਂ ਦੀਆਂ ਭਾਵਨਾਵਾਂ ਭੜਕੀਆਂ ਹੋਈਆਂ ਸਨ ਅਤੇ ਉਹ ਅੰਗਰੇਜ਼ਾਂ ਵਿਰੁੱਧ ਕੁਝ ਵੀ ਕਰਨ ਲਈ ਤਿਆਰ ਹੋ ਸਕਦੇ ਸਨ।

ਜਿਵੇਂ ਕਿ ਡਿਊਟੀ ਲਗਾਈ ਗਈ ਸੀ ਬਾਬਾ ਸੋਹਣ ਸਿੰਘ ਭਕਨਾ ਆਪਣੇ ਮਿਥੇ ਹੋਏ ਪ੍ਰੋਗਰਾਮ ਅਨੁਸਾਰ 200 ਪਸਤੌਲਾਂ ਅਤੇ 2000 ਕਾਰਤੂਸਾਂ ਨੂੰ ਪੇਟੀਆਂ ਵਿਚ ਬੰਦ ਕਰਕੇ ਯੋਕੋਹਾਮਾ (Yokohama) ਜਾਪਾਨ ਦੀ ਬੰਦਰਗਾਹ ਪਹੁੰਚ ਗਿਆ। ਜਦੋਂ ਕੋਮਾਗਾਟਾ ਮਾਰੂ ਜਹਾਜ਼ ਇਸ ਬੰਦਰਗਾਹ ਤੇ ਪੁੱਜਾ ਤਾਂ ਸੋਹਣ ਸਿੰਘ ਨੇ ਜਹਾਜ਼ ਵਿਚ ਸਵਾਰ ਭਾਈ ਹਰਨਾਮ ਸਿੰਘ ਗੁੱਜਰ ਵਾਲ ਅਤੇ ਰਾਏ ਸਿੰਘ ਸਕੱਤਰ ਜਹਾਜ਼ ਕਮੇਟੀ ਨਾਲ ਸੰਪਰਕ ਪੈਦਾ ਕਰਕੇ ਉਨ੍ਹਾਂ ਨੂੰ ਸਾਰੀ ਸਕੀਮ ਤੋਂ ਅਵਗਤ ਕਰਾ ਦਿੱਤਾ। ਇਸ ਮਗਰੋਂ ਸ੍ਰ: ਦਲਜੀਤ ਸਿੰਘ ਅਤੇ ਹਰਨਾਮ ਸਿੰਘ ਗੁੱਜਰ ਵਾਲ ਉਸਨੂੰ ਹੋਟਲ ਵਿਚ ਮਿਲਣ ਆਏ। ਉਨ੍ਹਾਂ ਨਾਲ ਗੱਲਬਾਤ ਕਰਨ ਮਗਰੋਂ ਅਮਰੀਕਾ ਤੋਂ ਲਿਆਂਦੇ ਗਏ ਹਥਿਆਰ, ਨਕਦੀ ਅਤੇ ਗ਼ਦਰੀ ਸਾਹਿਤ ਨੂੰ ਜਹਾਜ਼ ਵਿਚ ਪਹੁੰਚਾਣ ਦਾ ਪ੍ਰਬੰਧ ਕਰ ਦਿੱਤਾ ਗਿਆ। ਇੱਥੇ ਹੀ ਸ੍ਰ: ਕਰਤਾਰ ਸਿੰਘ ਸਰਾਭਾ ਅਤੇ ਰਘੁਬਰ ਦਿਆਲ ਇਕ ਹੋਟਲ ਵਿਚ ਬਾਬਾ ਸੋਹਣ ਸਿੰਘ ਭਕਨਾ ਨੂੰ ਮਿਲੇ। ਸ੍ਰ: ਕਰਤਾਰ ਸਿੰਘ ਨੇ ਸੋਹਣ ਸਿੰਘ ਨੂੰ ਦਸਿਆ ਕਿ ਉਹ ਵੀ ਭਾਰਤ ਪਹੁੰਚ ਰਿਹਾ ਹੈ ਤਾਕਿ ਗ਼ਦਰ (ਇਨਕਲਾਬ) ਦੀ ਯੋਜਨਾਂ ਨੂੰ ਸਫ਼ਲ ਬਣਾਇਆ ਜਾ ਸਕੇ। ਉਸਨੇ ਬਾਬਾ ਸੋਹਣ ਸਿੰਘ ਭਕਨਾ ਨੂੰ ਵੀ ਇੱਥੋਂ ਦਾ ਕੰਮ ਮੁਕਾ ਕੇ ਛੇਤੀ ਭਾਰਤ ਪਹੁੰਚਣ ਲਈ ਕਿਹਾ। ਗ਼ਦਰੀ ਨੇਤਾ ਬੜੇ ਉਤਸ਼ਾਹ ਵਿਚ ਸਨ। ਉਨ੍ਹਾਂ ਨੂੰ ਲਗ ਰਿਹਾ ਸੀ ਕਿ ਇਹੀ ਸਮਾਂ ਸੀ ਜਦੋਂ ਉਹ ਅੰਗਰੇਜ਼ਾਂ ਨੂੰ ਤਕੜੀ ਢਾਹ ਲਗਾ ਸਕਦੇ ਸਨ ਅਤੇ ਦੇਸ਼ ਵਿਚੋਂ ਚਲੇ ਜਾਣ ਲਈ ਮਜਬੂਰ ਕਰ ਸਕਦੇ ਸਨ।

ਬਾਬਾ ਸੋਹਣ ਸਿੰਘ ਭਕਨਾ ਇਥੋਂ ਹੋਰ ਹਥਿਆਰਾਂ ਦਾ ਪ੍ਰਬੰਧ ਕਰਕੇ ਆਪਣੇ ਕੁਝ ਸਾਥੀਆਂ ਸਮੇਤ ਸੰਘਾਈ ਪਹੁੰਚਿਆ ਤੇ ਉੱਥੋਂ ਉਹ ਹਾਂਗਕਾਂਗ ਆ ਗਿਆ। ਇੱਥੇ ਉਸਦੀ ਮੁਲਾਕਾਤ ਇਕ ਹੋਰ ਇਨਕਲਾਬੀ ਡਾ:ਮਥਰਾ ਸਿੰਘ ਨਾਲ ਹੋਈ ਜੋ ਬੰਬ ਬਣਾਉਣ ਵਿਚ ਬੜਾ ਮਾਹਿਰ ਸੀ। ਸੋਹਣ ਸਿੰਘ ਭਕਨਾ ਨੇ ਗ਼ਦਰ ਦੀ ਇਕ ਸਥਾਨਕ ਬ੍ਰਾਂਚ ਦੀ ਸਹਾਇਤਾ ਨਾਲ ਕਾਫ਼ੀ ਸਾਰੇ ਹਥਿਆਰ ਪੀਕਿੰਗ ਤੋਂ ਮੰਗਵਾਏ ਤੇ ਉਨ੍ਹਾਂ ਨੂੰ ਭਾਰਤ ਪਹੁੰਚਾਣ ਦਾ ਪ੍ਰਬੰਧ ਵੀ ਕਰ ਲਿਆ ਗਿਆ। ਉਨ੍ਹਾਂ ਦਿਨਾਂ ਵਿਚ ਇਕ ਗੋਰੀ ਪਲਟਨ ਪੀਕਿੰਗ ਤੋਂ ਕਲਕੱਤੇ ਜਾਣ ਵਾਲੀ ਸੀ। ਉਨ੍ਹਾਂ ਵਿਚ ਇਕ ਪੰਜਾਬੀ ਅਰਦਲੀ ਵੀ ਸੀ। ਉਹ ਡਾਕਟਰ ਮਥਰਾ ਸਿੰਘ ਦਾ ਚੰਗਾ ਵਾਕਫ਼ ਸੀ। ਉਸਦੀ ਸਹਾਇਤਾ ਨਾਲ ਇੱਥੋਂ ਖਰੀਦੇ ਹੋਏ ਹਥਿਆਰ ਕਲਕੱਤੇ ਪਹੁੰਚਾਏ ਜਾਣੇ ਸਨ। ਪਰ ਬਦਕਿਸਮਤੀ ਨਾਲ ਇਸ ਪਲਟਨ ਨੂੰ ਕਲਕਤੇ ਜਾਣ ਦੀ ਬਜਾਏ ਫ਼ਰਾਂਸ ਚਲੇ ਜਾਣ ਦਾ ਹੁਕਮ ਦੇ ਦਿੱਤਾ ਗਿਆ। ਇੰਞ ਇਹ ਹਥਿਆਰ ਭਾਰਤ ਪਹੁੰਚਣ ਦੀ ਬਜਾਇ ਫ਼ਰਾਂਸ ਪਹੁੰਚ ਗਏ। ਗ਼ਦਰ ਪਾਰਟੀ ਵਾਲਿਆਂ ਲਈ ਇਹ ਇਕ ਬੜਾ ਵਡਾ ਧੱਕਾ ਸੀ। ਪਰ ਉਹ ਇਹੋ ਜਿਹੀਆਂ

Digitized by Panjab Digital Library | www.panjabdigilib.org

ਗੱਲਾਂ ਤੋਂ ਘਬਰਾਉਣ ਵਾਲੇ ਨਹੀਂ ਸਨ।

ਬਾਬਾ ਸੋਹਣ ਸਿੰਘ ਭਕਨਾ ਬਾਰੇ ਸੀ.ਆਈ.ਡੀ. ਦੀਆਂ ਰਿਪੋਰਟਾਂ ਭਾਰਤ ਵੀ ਪਹੁੰਚ ਰਹੀਆਂ ਸਨ। ਜਦੋਂ ਉਨ੍ਹਾਂ ਦਾ ਜਹਾਜ਼ 'ਨਾਮਸੰਗ' ਪੀਨਾਂਗ ਪਹੁੰਚਿਆ ਤਾਂ ਉਨ੍ਹਾਂ ਨੂੰ ਕੋਮਾਗਾਟਾ ਮਾਰੂ ਜਹਾਜ਼ ਦੇ ਮੁਸਾਫ਼ਰਾਂ ਉੱਤੇ ਬੱਜ ਬੱਜ ਘਾਟ ਤੇ ਹੋਈ ਗੋਲੀ ਬਾਰੀ ਅਤੇ ਸ਼ਹੀਦੀਆਂ ਦਾ ਪਤਾ ਚਲਿਆ। ਬਾਬਾ ਜੀ ਨਾਲ 80 ਇਨਕਲਾਬੀ ਹੋਰ ਵੀ ਸਨ ਜੋ ਵਖੋ ਵਖਰੀਆਂ ਬੰਦਰਗਾਹਵਾਂ ਤੋਂ ਇਨ੍ਹਾਂ ਨਾਲ ਆ ਰਲੇ ਸਨ ਤੇ ਹਿੰਦੁਸਤਾਨ ਪਹੁੰਚ ਕੇ ਇਨਕਲਾਬ ਖੜਾ ਕਰ ਦੇਣਾ ਚਾਹੁੰਦੇ ਸਨ। ਸੀ.ਆਈ.ਡੀ. ਵਲੋਂ ਪੂਰਵ ਮਿਲੀਆਂ ਖ਼ਬਰਾਂ ਦੇ ਆਧਾਰ ਤੇ 13 ਅਕਤੂਬਰ 1914 ਨੂੰ ਕਲਕੱਤਾ ਪਹੁੰਚਦਿਆਂ ਹੀ ਸੋਹਣ ਸਿੰਘ ਭਕਨਾ ਅਤੇ ਉਸਦੇ ਸਾਥੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਕ ਰਾਤ ਇਨ੍ਹਾਂ ਨੂੰ ਕਲਕੱਤਾ ਪੁਲਿਸ ਦੇ ਪਹਿਰੇ ਵਿਚ ਰਖਕੇ ਅਗਲੇ ਦਿਨ ਪੰਜਾਬ ਲਈ ਰਵਾਨਾ ਕਰ ਦਿੱਤਾ ਗਿਆ ਤਾਂਕਿ ਇਨ੍ਹਾਂ ਕੋਲੋਂ 'ਗ਼ਦਰ' ਦੀ ਸਕੀਮ, ਉਸਦੇ ਮੈਂਬਰਾਂ, ਗ਼ਦਰ ਦੇ ਟਿਕਾਣਿਆਂ, ਗੋਲਾ-ਬਾਰੂਦ ਅਤੇ ਮਾਇਕ ਸਾਧਨਾਂ ਆਦਿ ਬਾਰੇ ਪੁੱਛ ਪੜਤਾਲ ਕੀਤੀ ਜਾ ਸਕੇ। ਪਹਿਲਾਂ ਸੋਹਣ ਸਿੰਘ ਨੂੰ ਲੁਧਿਆਣੇ ਦੀ ਜੇਲ੍ਹ ਵਿਚ ਰਖਿਆ ਗਿਆ। ਮਗਰੋਂ ਉਸਨੂੰ ਮੁਲਤਾਨ ਜੇਲ੍ਹ ਵਿਚ ਭੇਜ ਦਿੱਤਾ ਗਿਆ। ਲੁਧਿਆਣੇ ਕੀਤੀ ਗਈ ਪੁੱਛ ਪੜਤਾਲ ਮਗਰੋਂ ਉਸਦੇ ਨਾਲ ਆਏ ਬਹੁਤ ਸਾਰੇ ਸਾਥੀਆਂ ਨੂੰ ਛੱਡ ਦਿੱਤਾ ਗਿਆ ਸੀ।

ਮੁਲਤਾਨ ਲਿਜਾਕੇ ਸੋਹਣ ਸਿੰਘ ਨੂੰ ਇਕ ਕਾਲ-ਕੋਠੜੀ ਵਿਚ ਰਖਿਆ ਗਿਆ। ਉਸਦੇ ਨਾਲ ਦੇ ਕਮਰਿਆਂ ਵਿਚ ਬਹੁਤੇ ਉਹ ਕੈਦੀ ਸਨ ਜਿਨ੍ਹਾਂ ਨੂੰ ਫਾਂਸੀ ਦਿੱਤੀ ਜਾਣੀ ਸੀ। ਫਾਂਸੀ ਦੇਣ ਵਾਲੀ ਥਾਂ ਸੋਹਣ ਸਿੰਘ ਦੀ ਕਾਲ-ਕੋਠੜੀ ਦੇ ਬਿਲਕੁਲ ਸਾਮ੍ਹਣੇ ਸੀ। ਅਜੇਹਾ ਇਸ ਲਈ ਕੀਤਾ ਗਿਆ ਸੀ ਕਿ ਕੈਦੀਆਂ ਨੂੰ ਫ਼ਾਂਸੀ ਲਗਦੇ ਵੇਖਕੇ ਸੋਹਣ ਸਿੰਘ ਡਰ ਜਾਵੇਗਾ ਅਤੇ ਉਸ ਕੋਲੋਂ ਗ਼ਦਰ ਲਹਿਰ ਦੇ ਗੁਪਤ ਭੇਦ ਸਹਿਜੇ ਹੀ ਪਤਾ ਲਗ ਸਕਣ ਗੇ। ਸੋਹਣ ਸਿੰਘ ਨੇ ਆਪਣੀ ਅਖੀਂ ਕਈਆਂ ਨੂੰ ਫ਼ਾਂਸੀ ਲਗਦੇ ਵੇਖਿਆ ਸੀ ਪਰ ਜਦੋਂ ਵੀ ਉਸ ਕੋਲੋਂ ਗ਼ਦਰ ਲਹਿਰ ਜਾਂ ਇਸਦੇ ਮੈਂਬਰਾਂ ਬਾਰੇ ਪੁਛਣ ਦੀ ਕੋਸ਼ਿਸ਼ ਕੀਤੀ ਗਈ ਉਸਨੇ ਹਮੇਸ਼ਾਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਉਹ ਇਸ ਸੰਸਥਾ ਬਾਰੇ ਕੁਝ ਵੀ ਨਹੀਂ ਸੀ ਜਾਣਦਾ। ਇਕ ਦਿਨ ਜੇਲ੍ਹ ਦੇ ਦਰੋਗਾ ਨੇ ਸੋਹਣ ਸਿੰਘ ਨੂੰ ਕੁਝ ਹਮਦਰਦੀ ਤੇ ਕੁਝ ਡਰਾਉਣ ਦੀ ਭਾਵਨਾ ਨਾਲ ਆਕੇ ਕਿਹਾ 'ਸੋਹਣ ਸਿੰਘ ਤੈਨੂੰ ਫ਼ਾਂਸੀ ਲਗਦੇ ਕੈਦੀਆਂ ਨੂੰ ਵੇਖ ਕੇ ਡਰ ਨਹੀਂ ਲਗਦਾ'। ਸੋਹਣ ਸਿੰਘ ਮੁਸਕਰਾ ਪਿਆ ਤੇ ਕਹਿਣ ਲਗਾ, 'ਦਰੋਗਾ ਜੀ ਡਰ ਕਾਹਦਾ? ਜੇਹੜੀ ਗੱਲ ਹੋਕੇ ਹੀ ਰਹਿਣੀ ਹੈ ਉਸਤੋਂ ਡਰਨਾ ਕੀ ਹੋਇਆ'? ਸੋਹਣ ਸਿੰਘ ਨੂੰ ਇਹ ਵੀ ਦਸਿਆ ਗਿਆ ਕਿ ਉਸਦੀਆਂ ਬਿਰਧ ਮਾਤਾਵਾਂ ਅਤੇ ਪਤਨੀ ਬੜੇ ਮੰਦੇ ਹਾਲ ਵਿਚ ਹਨ। ਜੇ ਸੋਹਣ ਸਿੰਘ ਨੂੰ ਉਨ੍ਹਾਂ ਦਾ ਰਤਾ ਜਿਤਨਾ ਵੀ ਫ਼ਿਕਰ ਹੈ ਤਾਂ ਉਹ ਗ਼ਦਰ ਲਹਿਰ ਨਾਲ ਆਪਣੇ ਸੰਬੰਧ ਹੋਣ ਦਾ ਇਕਬਾਲ ਕਰਕੇ ਸਖ਼ਤ ਸਜ਼ਾ ਪਾਉਣ ਤੋਂ ਬੱਚ ਸਕਦਾ ਹੈ। ਸੋਹਣ ਸਿੰਘ ਕੋਲੋਂ ਗੁਪਤ ਭੇਦ ਜਾਣਨ ਲਈ ਉਸਨੂੰ ਬੜੀਆਂ ਯਾਤਨਾਵਾਂ ਵੀ ਦਿੱਤੀਆਂ ਗਈਆਂ। ਪਰ ਦੇਸ਼ ਦਾ ਇਹ ਮਹਾਨ ਸਪੂਤ ਅੰਗਰੇਜ਼ਾਂ ਦੇ ਕਿਸੇ ਵੀ ਸਖ਼ਤੀ ਜਾਂ ਚਾਲਾਂ ਦਾ ਸ਼ਿਕਾਰ ਨਾ ਹੋਇਆ। ਪੁਲਿਸ ਨੇ ਉਸ ਦੇ ਇਕ ਮਿੱਤਰ ਸੁਰੈਣ ਸਿੰਘ ਰਾਹੀਂ ਉਸ ਦੀ ਮਾਤਾ ਨੂੰ ਵੀ ਉਸ ਦੇ ਸਾਮ੍ਹਣੇ ਲਿਆਕੇ ਉਸਨੂੰ ਪ੍ਰਭਾਵਿਤ ਕਰਨਾ ਚਾਹਿਆ। ਸੋਹਣ ਸਿੰਘ ਨੇ ਆਪਣੀ ਮਾਤਾ ਨੂੰ ਵੀ ਸਾਫ਼ ਕਹਿ ਦਿੱਤਾ ਕਿ 'ਮਾਂ ਮੈਨੂੰ ਮੇਰਾ ਧਰਮ ਇਹ ਨਹੀਂ ਸਿਖਾਂਦਾ ਕਿ ਮੈਂ ਇਕ ਮਾਂ ਨੂੰ ਖੁਸ਼ ਕਰਨ ਲਈ ਆਪਣੇ ਸਾਥੀਆਂ ਦਾ ਭੇਦ ਦਸ

Digitized by Panjab Digital Library | www.panjabdigilib.org

ਕੇ ਹਜ਼ਾਰਾਂ ਮਾਵਾਂ ਦੀਆਂ ਅੱਖਾਂ ਵਿਚ ਹਮੇਸ਼ਾ ਹਮੇਸ਼ਾ ਲਈ ਹੰਝੂ ਭਰ ਦੇਵਾਂ'। ਸੋਹਣ ਸਿੰਘ ਦੀ ਮਾਤਾ ਪੁੱਤਰ ਦੀਆਂ ਗੱਲਾਂ ਸੁਣ ਕੇ ਚੁੱਪ ਹੋ ਗਈ ਤੇ ਕਹਿਣ ਲਗੀ 'ਬੱਚਾ ਜੇ ਤੇਰਾ ਇਹੀ ਧਰਮ ਹੈ ਤਾਂ ਮੈਂ ਅਜ ਤੋਂ ਬਾਦ ਕਦੇ ਵੀ ਸਰਕਾਰ ਕੋਲ ਹੌਲਾ ਪੈ ਕੇ ਤੇਰੀ ਰਿਹਾਈ ਵਾਸਤੇ ਨਹੀਂ ਕਹਵਾਂਗੀ'।

ਜਦੋਂ ਸੋਹਣ ਸਿੰਘ ਕੋਲੋਂ ਕੁਝ ਪੁੱਛ ਸਕਣ ਦੇ ਸਾਰੇ ਹੀਲੇ ਵਿਅਰਥ ਹੋ ਗਏ ਤਾਂ ਉਸਨੂੰ ਲਾਹੌਰ ਸੈਂਟਰਲ ਜੇਲ੍ਹ ਲੈ ਆਂਦਾ ਗਿਆ। ਇੱਥੇ ਸੋਹਣ ਸਿੰਘ ਅਤੇ ਉਸਦੇ ਸਾਥੀਆਂ ਉਪਰ 27 ਅਪ੍ਰੈਲ 1915 ਨੂੰ ਮੁਕੱਦਮੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ। ਇਸ ਕੇਸ ਨੂੰ ਲਾਹੌਰ ਸਾਜ਼ਸ਼ ਕੇਸ ਦਾ ਨਾਮ ਦਿੱਤਾ ਗਿਆ। ਮੁਕੱਦਮੇ ਦੀ ਕਾਰਵਾਈ ਸੁਣਨ ਲਈ ਤਿਨ ਜੱਜਾਂ ਦਾ ਇਕ ਸਪੈਸ਼ਲ ਟਰਾਇਬਯੂਨਲ ਬਣਾਇਆ ਗਿਆ। ਵਿਸ਼ੇਸ਼ ਅਦਾਲਤ ਨੂੰ ਇਤਨੇ ਅਧਿਕਾਰ ਦਿੱਤੇ ਗਏ ਕਿ ਇਨ੍ਹਾਂ ਦੁਆਰਾ ਸੁਣਾਏ ਗਏ ਫੈਸਲੇ ਵਿਰੁੱਧ ਅਪੀਲ ਵੀ ਨਹੀਂ ਸੀ ਕੀਤੀ ਜਾ ਸਕਦੀ। ਗ਼ਦਰੀ ਇਨਕਲਾਬੀਆਂ ਨੇ ਇਸ ਅਦਾਲਤ ਦਾ ਬਾਈਕਾਟ ਕਰ ਦਿੱਤਾ। ਪਰ ਸਰਕਾਰ ਵੱਲੋਂ 400 ਦੇ ਕਰੀਬ ਝੂਠੇ ਗਵਾਹ ਭੁਗਤਾ ਕੇ 13 ਸਤੰਬਰ 1915 ਨੂੰ "ਲਾਹੌਰ ਸਾਜ਼ਸ਼ ਕੇਸ" ਦਾ ਫ਼ੈਸਲਾ ਸੁਣਾ ਦਿੱਤਾ ਗਿਆ। ਅਦਾਲਤ ਦੇ ਫ਼ੈਸਲੇ ਅਨੁਸਾਰ 24 ਗ਼ਦਰੀਆਂ ਨੂੰ ਫ਼ਾਂਸੀ ਦੀ ਸਜ਼ਾ ਸੁਣਾਈ ਗਈ, 27 ਨੂੰ ਉਮਰ ਕੈਦ ਅਤੇ 6 ਹੋਰ ਇਨਕਲਾਬੀਆਂ ਨੂੰ ਘੱਟ ਸਮੇਂ ਦੀਆਂ ਸਜ਼ਾਵਾਂ ਸੁਣਾਈਆਂ ਗਈਆਂ। ਜਿਨ੍ਹਾਂ 24 ਗ਼ਦਰੀਆਂ ਨੂੰ ਜ਼ਮੀਨ ਜਾਇਦਾਦ ਦੀ ਜ਼ਬਤੀ ਅਤੇ ਮੌਤ ਦੀ ਸਜ਼ਾ ਸੁਣਾਈ ਗਈ ਉਨ੍ਹਾਂ ਵਿਚ ਬਾਬਾ ਸੋਹਣ ਸਿੰਘ ਭਕਨਾ ਵੀ ਸੀ। ਵਾਇਸਰਾਇ ਦੀ ਕੌਂਸਲ ਦੇ 3 ਮੈਂਬਰਾਂ ਨੇ ਪੁਰਜ਼ੋਰ ਸਿਫ਼ਾਰਸ਼ ਕੀਤੀ ਕਿ ਜੰਗ ਦੇ ਦਿਨਾਂ ਵਿਚ ਇਤਨੀ ਗਿਣਤੀ ਵਿਚ ਦੇਸ਼ ਭਗਤਾਂ ਨੂੰ ਫਾਂਸੀ ਦੇਣ ਨਾਲ ਪੰਜਾਬੀ ਫੌਜ ਵਿਚ ਬਗ਼ਾਵਤ ਫ਼ੈਲ ਸਕਦੀ ਹੈ ਤੇ ਫਿਰ ਇਸਨੂੰ ਸੰਭਾਲਣਾ ਔਖਾ ਹੋ ਜਾਵੇਗਾ। ਵਾਇਸਰਾਇ ਨੇ ਇਕ ਵਿਸ਼ੇਸ਼ ਹੁਕਮ ਜਾਰੀ ਕਰਕੇ ਇਨ੍ਹਾਂ ਵਿਚੋਂ 17 ਕੈਦੀਆਂ ਦੀ ਫ਼ਾਂਸੀ ਦੀ ਸਜ਼ਾ ਰੱਦ ਕਰਕੇ ਉਮਰ ਕੈਦ ਵਿਚ ਬਦਲ ਦਿੱਤੀ। ਜਿਨ੍ਹਾਂ 24 ਕੈਦੀਆਂ ਵਿਚੋਂ 17 ਕੈਦੀਆਂ ਦੀ ਮੌਤ ਦੀ ਸਜ਼ਾ ਮਨਸੂਖ ਕਰਕੇ ਉਮਰ ਕੈਦ ਵਿਚ ਬਦਲੀ ਗਈ ਸੀ, ਉਨ੍ਹਾਂ ਵਿਚ ਸ੍ਰ: ਸੋਹਣ ਸਿੰਘ ਭਕਨਾ ਵੀ ਸੀ। ਉਮਰ ਕੈਦ ਦੀ ਸਜ਼ਾ ਮਿਲਣ ਤੇ ਸੋਹਣ ਸਿੰਘ ਨੂੰ ਅੰਡੇਮਾਨ ਦੀ ਜੇਲ੍ਹ ਵਿਚ ਭੇਜ ਦਿੱਤਾ ਗਿਆ ਜੋ 'ਕਾਲੇਪਾਣੀ' ਕਰਕੇ ਮਸ਼ਹੂਰ ਸੀ। ਇਸ ਜੇਲ੍ਹ ਵਿਚ ਕੈਦੀਆਂ ਨੂੰ ਬੜੀਆਂ ਸਖ਼ਤ ਸਜ਼ਾਵਾਂ ਦਿੱਤੀਆਂ ਜਾਂਦੀਆਂ ਸਨ। ਸੋਹਣ ਸਿੰਘ ਇੱਥੇ 10 ਦਸੰਬਰ 1915 ਨੂੰ ਪਹੁੰਚਿਆ।

ਅੰਡੇਮਾਨ ਜੇਲ੍ਹ ਦਾ ਜੇਲ੍ਹਰ ਮਿਸਟਰ ਬੈਰੀ ਬੜਾ ਜ਼ਾਲਮ ਤੇ ਕੁਰੱਖਤ ਸੁਭਾ ਦਾ ਸੀ। ਉਹ ਕੈਦੀਆਂ ਨਾਲ ਮਾੜਾ ਵਰਤਾਉ ਕਰਦਾ ਤੇ ਉਨ੍ਹਾਂ ਕੋਲੋਂ ਜਾਨਵਰਾਂ ਵਾਲੇ ਕੰਮ ਕਰਾਕੇ ਬੜਾ ਖੁਸ਼ ਹੁੰਦਾ ਸੀ। ਸੋਹਣ ਸਿੰਘ ਭਕਨਾ ਨੂੰ ਇਸ ਜੇਲ੍ਹ ਵਿਚ ਪਹੁੰਚਿਆਂ ਅਜੇ ਇਕ ਦਿਨ ਹੀ ਬੀਤਿਆ ਸੀ ਕਿ ਉਸਨੇ ਇਨ੍ਹਾਂ ਕੈਦੀਆਂ ਲਈ ਕੋਹਲੂ ਪੀੜਣ ਦੀ ਸਜ਼ਾ ਸੁਣਾ ਦਿੱਤੀ। ਇਨ੍ਹਾਂ ਕੈਦੀਆਂ ਨੇ ਮਤਾ ਪਕਾਇਆ ਕਿ ਅਸੀਂ ਚੋਰ ਜਾਂ ਡਕੈਤ ਨਹੀਂ, ਰਾਜਸੀ ਕੈਦੀ ਹਾਂ, ਅਸੀਂ ਇਹ ਜਾਨਵਰਾਂ ਵਾਲਾ ਕੰਮ ਬਿਲਕੁਲ ਨਹੀਂ ਕਰਾਂਗੇ ਚਾਹੇ ਸਾਨੂੰ ਇਸਲਈ ਕਿਸੇ ਵੀ ਤਰ੍ਹਾਂ ਦੀ ਮਾਨਸਕ ਜਾਂ ਸਰੀਰਕ ਸਜ਼ਾ ਕਿਉਂ ਨਾ ਦਿੱਤੀ ਜਾਵੇ। ਆਖ਼ਰ ਉਸ ਜੇਲ੍ਹਰ ਨੇ ਇਨ੍ਹਾਂ ਨੂੰ ਛਿਲਕਾ ਕੁੱਟ ਕੇ ਉਸ ਵਿਚੋਂ ਤਾਰਾਂ ਕੱਢਣ ਦੀ ਮੁਸ਼ੱਕਤ ਦੇ ਦਿੱਤੀ। ਸੋਹਣ ਸਿੰਘ ਭਕਨਾ ਨੇ ਇੱਥੋਂ ਦੇ ਕੈਦੀਆਂ ਦੀ ਦਸ਼ਾ ਸੁਧਾਰਨ ਲਈ ਪੰਜ ਵਾਰ ਭੁੱਖ ਹੜਤਾਲ ਕੀਤੀ। ਇਕ ਵਾਰ ਤਾਂ ਭੁੱਖ ਹੜਤਾਲ

Digitized by Panjab Digital Library | www.panjabdigilib.org

27 ਦਿਨ ਤਕ ਚਲੀ ਪਰ ਅਖ਼ੀਰ ਜੇਲ੍ਹਰ ਨੂੰ ਆਪਣਾ ਫ਼ੈਸਲਾ ਬਦਲ ਕੇ ਉਹੀ ਕਰਨਾ ਪਿਆ ਜੋ ਕੈਦੀਆਂ ਦੀ ਮੰਗ ਸੀ।

ਜਿੱਥੇ ਅੰਡੇਮਾਨ ਜੇਲ੍ਹ ਵਿਚ ਇਨ੍ਹਾਂ ਕੈਦੀਆਂ ਨਾਲ ਬੜਾ ਮਾੜਾ ਸਲੂਕ ਕੀਤਾ ਜਾਂਦਾ ਸੀ ਉੱਥੇ ਉਨ੍ਹਾਂ ਨੂੰ ਖੁਰਾਕ ਵੀ ਪੂਰੀ ਅਤੇ ਚੰਗੀ ਨਹੀਂ ਸੀ ਮਿਲਦੀ ਜਿਸ ਕਰਕੇ ਇਹ ਕੈਦੀ ਕਈ ਤਰ੍ਹਾਂ ਦੀਆਂ ਬੀਮਾਰੀਆਂ ਦੇ ਸ਼ਿਕਾਰ ਹੋ ਜਾਂਦੇ ਸਨ। ਭੁੱਖ ਹੜਤਾਲ ਕਰਨ ਵਾਲਿਆਂ ਉਪਰ ਸਿਆਲ ਦੀ ਰੁੱਤੇ ਨੰਗੇ ਪਿੰਡੇ ਤੇ ਦਿਨ ਵਿਚ ਕਈ ਕਈ ਵਾਰ ਠੰਡਾ ਪਾਣੀ ਪਾਇਆ ਜਾਂਦਾ ਸੀ, ਜਾਂ ਫਿਰ ਇਤਨੀ ਮਾਰ ਮਾਰੀ ਜਾਂਦੀ ਸੀ ਕਿ ਕਈ ਕੈਦੀ ਜਾਨ ਤੋਂ ਹੱਥ ਧੋ ਬੈਠਦੇ ਸਨ। ਅੰਡੇਮਾਨ ਜੇਲ੍ਹ ਵਿਚ ਪੰਡਿਤ ਰਾਮ ਰੱਖਾ ਮੱਲ ਅਤੇ ਭਾਈ ਭਾਨ ਸਿੰਘ ਦੀ ਮੌਤ ਇਨ੍ਹਾਂ ਸਖ਼ਤੀਆਂ ਕਰਕੇ ਹੀ ਹੋਈ ਸੀ।

ਸੋਹਣ ਸਿੰਘ ਭਕਨਾ ਕਿਸੇ ਵੀ ਕੈਦੀ ਨਾਲ ਹੁੰਦੀ ਜ਼ਿਆਦਤੀ ਨੂੰ ਬਰਦਾਸ਼ਤ ਨਹੀਂ ਸੀ ਕਰ ਸਕਦਾ। ਅੰਗੇਰਜ਼ ਅਫ਼ਸਰ ਮੇਜਰ ਮਰੇ ਨੂੰ ਥੱਪੜ ਮਾਰਨ ਦੇ ਦੋਸ਼ ਵਿਚ ਇਕ ਇਨਕਲਾਬੀ ਮਾਸਟਰ ਚੱਤਰ ਸਿੰਘ ਨੂੰ ਜੇਲ੍ਹ ਕਰਮਚਾਰੀਆਂ ਨੇ ਤਿਨ ਸਾਲ ਤੋਂ ਸਲਾਖਾਂ ਦੇ ਇਕ ਪਿੰਜਰੇ ਵਿਚ ਬੰਦ ਕਰ ਕੇ ਰਖਿਆ ਹੋਇਆ ਸੀ ਜਿਸ ਵਿਚ ਨਾ ਤਾਂ ਉਹ ਖੜ੍ਹਾ ਹੋ ਸਕਦਾ ਸੀ ਅਤੇ ਨਾ ਹੀ ਸੌਂ ਸਕਦਾ ਸੀ। ਸੋਹਣ ਸਿੰਘ ਨੇ ਉਸਦੀ ਇਹ ਸਜ਼ਾ ਖ਼ਤਮ ਕਰਾਉਣ ਲਈ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। ਜੇਲ੍ਹਰ ਮੇਜਰ ਬਾਰਕਰ ਨੇ ਮਜ਼ਾਕ ਕਰਦਿਆਂ ਸੋਹਣ ਸਿੰਘ ਨੂੰ ਕਿਹਾ, 'ਚਤਰ ਸਿੰਘ ਤਾਂ ਇਸ ਪਿੰਜਰੇ ਵਿਚ ਹੀ ਮਰੇਗਾ। ਉਹ ਖਾਹਮਖਾਹ ਕਿਉਂ ਆਪਣੀ ਜਾਨ ਨੂੰ ਖਤਰੇ ਵਿਚ ਪਾਂਉਂਦਾ ਹੈ।' ਸੋਹਣ ਸਿੰਘ ਨੇ ਤੁਰੰਤ ਮੋੜਵਾਂ ਉੱਤਰ ਦਿੰਦਿਆਂ ਕਿਹਾ, 'ਜੇਲ੍ਹਰ ਸਾਹਬ ਜੇ ਐਸਾ ਹੋਇਆ ਤਾਂ ਮੇਰੀ ਲਾਸ਼ ਉਸਤੋਂ ਪਹਿਲਾਂ ਇੱਥੋ ਬਾਹਰ ਨਿਕਲੇਗੀ।' ਸੋਹਣ ਸਿੰਘ ਦਾ ਹੱਠ ਵੇਖ ਕੇ ਜੇਲ੍ਹ ਦੇ ਪ੍ਰਬੰਧਕਾਂ ਨੇ ਚੱਤਰ ਸਿੰਘ ਨੂੰ ਪਿੰਜਰੇ ਵਿਚੋਂ ਕੱਢ ਕੇ ਜੇਲ੍ਹ ਦੇ ਕਮਰੇ ਵਿਚ ਭੇਜ ਦਿੱਤਾ।

1921 ਤਕ ਬਹੁਤ ਸਾਰੇ ਗ਼ਦਰੀ ਕ੍ਰਾਂਤੀਕਾਰੀਆਂ ਨੂੰ ਅੰਡੇਮਾਨ ਜੇਲ੍ਹ ਚੋਂ ਲਿਆ ਕੇ ਭਾਰਤ ਦੀਆਂ ਵੱਖ ਵੱਖ ਜੇਲ੍ਹਾਂ ਵਿਚ ਨਜ਼ਰਬੰਦ ਕਰ ਦਿੱਤਾ ਗਿਆ ਸੀ। ਪਹਿਲਾਂ ਸੋਹਣ ਸਿੰਘ ਨੂੰ ਕੋਇਮਬੇਟੂਰ (ਮਦਰਾਸ) ਜੇਲ੍ਹ ਵਿਚ ਰਖਿਆ ਗਿਆ ਤੇ ਫ਼ਿਰ ਯਾਰਦਵਾ ਜੇਲ੍ਹ ਵਿਚ ਤਬਦੀਲ ਕਰ ਦਿੱਤਾ ਗਿਆ। ਇੱਥੇ ਬਾਬਾ ਸੋਹਣ ਸਿੰਘ ਨੂੰ ਜੇਲ੍ਹ ਨਿਯਮਾਂ ਅਨੁਸਾਰ ਦਸਤਾਰ ਦੀ ਥਾਂ ਟੋਪੀ ਪਾਉਣ ਲਈ ਕਿਹਾ ਗਿਆ। ਕੈਦੀਆਂ ਲਈ ਜੇਲ੍ਹ ਦਾ ਕਛਹਿਰਾ ਪਾਉਣਾ ਵੀ ਲਾਜ਼ਮੀ ਸੀ। ਸੋਹਣ ਸਿੰਘ ਨੇ ਅਜੇਹਾ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਅਤੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। ਪੂਰੇ ਇਕ ਮਹੀਨੇ ਦੀ ਹੜਤਾਲ ਮਗਰੋਂ ਬੰਬਈ ਦੀ ਸਰਕਾਰ ਨੇ ਉਨ੍ਹਾਂ ਨੂੰ ਦਸਤਾਰ ਸਜਾਉਣ ਅਤੇ ਸਿੱਖੀ ਕਛਹਿਰਾ ਪਾਉਣ ਦੀ ਆਗਿਆ ਦੇ ਦਿੱਤੀ।

1927 ਵਿਚ ਸੋਹਣ ਸਿੰਘ ਨੂੰ ਯਾਰਦਵਾ ਜੇਲ੍ਹ ਵਿਚੋਂ ਬਦਲ ਕੇ ਲਾਹੌਰ ਦੀ ਸੈਂਟਰਲ ਜੇਲ੍ਹ ਵਿਚ ਲੈ ਆਂਦਾ ਗਿਆ। ਇਨ੍ਹਾਂ ਦਿਨਾਂ ਵਿਚ ਹੀ ਮੀਆਂਵਾਲੀ ਜੇਲ੍ਹ ਤੋਂ ਸ੍ਰ: ਭਗਤ ਸਿੰਘ ਨੂੰ ਵੀ ਸੈਂਟਰਲ ਜੇਲ੍ਹ ਵਿਚ ਲਿਆਂਦਾ ਗਿਆ ਸੀ। ਜਲਦੀ ਹੀ ਇਕ ਇਨਕਲਾਬੀ ਦਾ ਦੂਜੇ ਇਨਕਲਾਬੀ ਨਾਲ ਗੂਹੜਾ ਸੰਬੰਧ ਸਥਾਪਿਤ ਹੋ ਗਿਆ। ਸੋਹਣ ਸਿੰਘ ਉਮਰ ਵਿਚ ਭਗਤ ਸਿੰਘ ਤੋਂ ਕਾਫ਼ੀ ਵਡਾ ਸੀ। 1929 ਵਿਚ ਸੋਹਣ ਸਿੰਘ ਨੇ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੀ

Digitized by Panjab Digital Library | www.panjabdigilib.org

ਹਮਾਇਤ ਵਿਚ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। ਭਗਤ ਸਿੰਘ ਨੇ ਬਾਬਾ ਜੀ ਨੂੰ ਵਰਜਣ ਦੀ ਕਾਫ਼ੀ ਕੋਸ਼ਿਸ਼ ਕੀਤੀ ਕਿ ਤੁਹਾਡੀ ਉਮਰ ਵਡੇਰੀ ਹੈ ਤੁਸੀਂ ਇਹ ਹੜਤਾਲ ਨਾ ਕਰੋ। ਸੋਹਣ ਸਿੰਘ ਨੇ ਹੱਸ ਕੇ ਕਿਹਾ 'ਉਮਰ ਵਡੇਰੀ ਹੈ ਤਾਂ ਕੀ ਹੋਇਆ, ਮੇਰੇ ਅੰਦਰਲਾ ਇਨਕਲਾਬੀ ਸੋਹਣ ਸਿੰਘ ਅਜੇ ਬੜਾ ਤਕੜਾ ਤੇ ਜਵਾਨ ਹੈ' (What if the body looks old, the revolutionary in me is young and strong.)

ਇਸ ਜੇਲ੍ਹ ਵਿਚ ਹੀ ਸੋਹਣ ਸਿੰਘ ਨੇ ਜਾਤਿ ਪਾਤਿ ਦੇ ਆਧਾਰ ਤੇ ਕੀਤੇ ਜਾਂਦੇ ਵਿਤਕਰੇ ਵਿਰੁੱਧ ਇਕ ਹੋਰ ਹੜਤਾਲ ਕੀਤੀ। ਕੈਦੀਆਂ ਨੂੰ ਰੋਟੀ ਖੁਆਉਣ ਸਮੇਂ ਜੱਟਾਂ ਅਤੇ ਜ਼ਿਮੀਦਾਰਾਂ ਦੀ ਵੱਖਰੀ ਵੱਖਰੀ ਪੰਗਤ ਲਗਦੀ ਸੀ ਤੇ ਮਜ਼ਹਬੀ ਸਿੱਖਾਂ ਅਤੇ ਨੀਵੀਂ ਜਾਤੀ ਦੇ ਲੋਕਾ ਲਈ ਵੱਖਰੀ। ਇਹ ਵਿਤਕਰਾ ਅੰਗਰੇਜ਼ਾਂ ਦੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਨੂੰ ਵੀ ਰਾਸ ਆਉਂਦਾ ਸੀ। ਸੋਹਣ ਸਿੰਘ ਦੇਸ਼ ਵਿਚ ਕਿਸੇ ਵੀ ਤਰ੍ਹਾਂ ਦੇ ਜ਼ਾਤੀ ਵਿਤਕਰੇ ਦੇ ਵਿਰੁੱਧ ਸੀ। ਪਹਿਲਾਂ ਤਾਂ ਉਸਨੇ ਜੇਲ੍ਹ ਅਧਿਕਾਰੀਆਂ ਦਾ ਧਿਆਨ ਇਸ ਪਾਸੇ ਦੁਆਉਣ ਦੀ ਕੋਸ਼ਿਸ਼ ਕੀਤੀ ਪਰ ਜਦੋਂ ਉਸਨੇ ਵੇਖਿਆ ਕਿ ਉਹ ਇਸ ਨੀਤੀ ਨੂੰ ਬਦਲਣ ਲਈ ਤਿਆਰ ਨਹੀਂ ਤਾਂ ਉਸਨੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। ਪੰਦਰਾਂ ਕੁ ਦਿਨਾਂ ਮਗਰੋਂ ਜੇਲ੍ਹ ਅਧਿਕਾਰੀ ਉਨ੍ਹਾਂ ਦੀ ਮੰਗ ਮਣਨ ਲਈ ਤਿਆਰ ਹੋ ਗਏ ਤੇ ਜੇਲ੍ਹ ਵਿਚ ਸਜ਼ਾਵਾਂ ਭੁਗਤ ਰਹੇ ਨੀਵੀਂ ਜਾਤੀ ਵਾਲਿਆਂ ਨੂੰ ਵੀ ਬਰਾਬਰ ਦੇ ਹੱਕ ਮਿਲ ਗਏ।

ਸੋਹਣ ਸਿੰਘ ਦੀ ਉਮਰ-ਕੈਦ ਦਾ ਸਮਾਂ 14 ਸਾਲ ਦਾ ਸੀ। ਪਰ 14 ਸਾਲ ਪੂਰੇ ਹੋ ਜਾਣ ਮਗਰੋਂ ਵੀ ਉਨ੍ਹਾਂ ਨੂੰ ਰਿਹਾ ਨਾ ਕੀਤਾ ਗਿਆ। ਸਰਕਾਰ ਕਿਸੇ ਨਾ ਕਿਸੇ ਬਹਾਨੇ ਅਜੇ ਉਨ੍ਹਾਂ ਨੂੰ ਜੇਲ੍ਹ ਵਿਚ ਹੀ ਰਖਣਾ ਚਾਹੁੰਦੀ ਸੀ। ਇਕ ਸਾਲ ਹੋਰ ਉਪਰ ਹੋ ਚੁਕਾ ਸੀ। ਉਨ੍ਹਾਂ ਨੂੰ ਸ਼ਰਤਾਂ ਉਪਰ ਰਿਹਾ ਕਰਨ ਦੀ ਪੇਸ਼ਕਸ਼ ਕੀਤੀ ਗਈ। ਸੋਹਣ ਸਿੰਘ ਨੇ ਸ਼ਰਤਾਂ ਉਪਰ ਰਿਹਾ ਹੋਣ ਦੀ ਪੇਸ਼ਕਸ਼ ਨੂੰ ਠੁਕਰਾ ਦਿੱਤਾ ਅਤੇ ਸਾਫ਼ ਕਹਿ ਦਿੱਤਾ ਕਿ ਜਦ ਉਹ ਆਪਣੀ ਸਜ਼ਾ ਪੂਰੀ ਕਰ ਚੁਕਾ ਹੈ ਤਾਂ ਫ਼ਿਰ ਹੁਣ ਸ਼ਰਤਾਂ ਕਿਉਂ ਲਗਾਈਆਂ ਜਾ ਰਹੀਆਂ ਹਨ। ਉਸ ਨੇ ਸ਼ਰਤਾਂ ਤੇ ਰਿਹਾ ਹੋਣ ਵਿਰੁੱਧ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। ਭੁੱਖ ਹੜਤਾਲ ਦੇ ਦੌਰਾਨ ਉਸ ਦੀ ਹਾਲਤ ਬਹੁਤ ਵਿਗੜ ਗਈ। ਉਸ ਨੂੰ ਲਾਹੌਰ ਦੇ ਮੇਉ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ। ਦਿਨ ਬਦਿਨ ਉਸ ਦੀ ਹਾਲਤ ਵਿਗੜਦੀ ਵੇਖਕੇ ਜੁਲਾਈ 1930 ਵਿਚ ਸਰਕਾਰ ਸੋਹਣ ਸਿੰਘ ਨੂੰ ਬਿਨਾਂ ਸ਼ਰਤ ਰਿਹਾ ਕਰਨ ਤੇ ਰਾਜ਼ੀ ਹੋ ਗਈ।

ਸੋਲਾਂ ਸਾਲ ਦੀ ਨਜ਼ਰਬੰਦੀ ਮਗਰੋਂ ਜਦੋਂ ਉਹ ਰਿਹਾ ਹੋਕੇ ਆਪਣੇ ਪਿੰਡ ਪਰਤਿਆ ਤਾਂ ਉੱਥੇ ਸਭ ਕੁਝ ਬਦਲ ਚੁਕਾ ਸੀ। ਦੋਵੇਂ ਮਾਤਾਵਾਂ ਪ੍ਰਲੋਕ ਸਿਧਾਰ ਚੁਕੀਆਂ ਸਨ ਤੇ ਪਤਨੀ ਪੇਕੇ ਘਰ ਜਾਕੇ ਵਿਛੋੜੇ ਦੇ ਦਿਨ ਕੱਟ ਰਹੀ ਸੀ। ਪੁਰਾਣੇ ਘਰ ਦਾ ਕਿਤੇ ਨਾਮੋ-ਨਿਸ਼ਾਨ ਵੀ ਨਹੀਂ ਸੀ। ਪਿੰਡ ਵਾਸੀਆਂ ਨੇ ਬਾਬਾ ਜੀ ਦਾ ਬੜਾ ਨਿੱਘਾ ਸੁਆਗਤ ਕੀਤਾ। ਅੰਮ੍ਰਿਤਸਰ ਅਤੇ ਲਾਹੌਰ ਵਿਚ ਵੀ ਕਈ ਰਾਜਸੀ ਅਤੇ ਧਾਰਮਿਕ ਸੰਸਥਾਵਾਂ ਨੇ ਉਨ੍ਹਾਂ ਦੇ ਸੁਆਗਤ ਵਿਚ ਕਈ ਸਭਾਵਾਂ ਕੀਤੀਆਂ। ਡੇਹਰਾ ਸਾਹਿਬ ਲਾਹੌਰ ਵਿਖੇ ਉਨ੍ਹਾਂ ਨੂੰ ਦੇਸ਼ ਲਈ ਕੀਤੀਆਂ ਕੁਰਬਾਨੀਆਂ ਬਦਲੇ ਸਿਰੋਪਾ ਭੇਂਟ ਕੀਤਾ ਗਿਆ।

ਉਮਰ ਕੈਦ ਕੱਟ ਕੇ ਆਉਣ ਮਗਰੋਂ ਬਾਬਾ ਜੀ ਚੁੱਪ ਕਰਕੇ ਨਹੀਂ ਬੈਠੇ। ਜੇਲ੍ਹ ਤੋਂ

Digitized by Panjab Digital Library | www.panjabdigilib.org

ਰਿਹਾ ਹੁੰਦਿਆਂ ਹੀ ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਕਾਂਗਰਸ ਪਾਰਟੀ ਦੇ ਪ੍ਰੋਗਰਾਮਾਂ, ਕਿਸਾਨਾਂ ਦੀ ਭਲਾਈ, ਬਚਿਆਂ ਦੀ ਸਿੱਖਿਆ ਅਤੇ ਇਸਤ੍ਰੀ ਜਾਤੀ ਦੀ ਹਾਲਤ ਨੂੰ ਸੁਧਾਰਨ ਲਈ ਚਲਾਏ ਜਾ ਰਹੇ ਅਾਂਦੋਲਨ ਵਿਚ ਵੱਧ ਚੜ੍ਹ ਕੇ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਸਰਕਾਰ ਨੂੰ ਉਨ੍ਹਾਂ ਦਾ ਮੁੜ ਕੇ ਕਾਰਜ ਸ਼ੀਲ (active) ਹੋਣਾ ਖਟਕਣ ਲਗ ਪਿਆ। ਸੀ.ਆਈ.ਡੀ. ਦੀ ਕਿਸੇ ਪੁਰਾਣੀ ਰਿਪੋਰਟ ਦੇ ਆਧਾਰ ਤੇ ਉਨ੍ਹਾਂ ਨੂੰ ਫ਼ਿਰ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ ਵਿਰੁੱਧ ਕੋਈ ਖ਼ਾਸ ਮੁਕੱਦਮਾ ਨਾ ਹੋਣ ਕਾਰਨ ਉਨ੍ਹਾਂ ਨੂੰ 3 ਮਹੀਨੇ ਮਗਰੋਂ ਰਿਹਾ ਕਰ ਦਿੱਤਾ ਗਿਆ।

1936 ਈਸਵੀ ਵਿਚ ਕੁਝ ਦੇਸ਼ ਭਗਤਾਂ ਨੂੰ ਕਾਲੇ ਪਾਣੀ ਦੀ ਸਜ਼ਾ ਦੇ ਕੇ ਅੰਡੇਮਾਨ ਜੇਲ੍ਹ ਵਿਚ ਭੇਜ ਦਿੱਤਾ ਗਿਆ ਜਦ ਕਿ ਇਸ ਟਾਪੂ ਵਿਚ ਕੈਦੀਆਂ ਨੂੰ ਭੇਜਣ ਦੀ ਪਹਿਲਾਂ ਹੀ ਮਨਾਹੀ ਹੋ ਚੁਕੀ ਸੀ। ਜਦੋਂ ਕੁਝ ਦੇਸ਼ ਭਗਤ ਨੌਜਵਾਨਾਂ ਨੇ ਉਸ ਟਾਪੂ ਵਿਚ ਜਾਕੇ ਰੋਸ ਵਜੋਂ ਭੁੱਖ ਹੜਤਾਲ ਸ਼ੁਰੂ ਕੀਤੀ ਤਾਂ ਬਾਬਾ ਸੋਹਣ ਸਿੰਘ ਭਕਨਾ ਨੇ ਵੀ ਉਨ੍ਹਾਂ ਦੇਸ਼ ਭਗਤਾਂ ਦੀ ਹਮਦਰਦੀ ਵਿਚ ਜਲ੍ਹਿਆਂ ਵਾਲੇ ਬਾਗ਼ ਜਾਕੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। ਇਹ ਭੁੱਖ ਹੜਤਾਲ ਉਦੋਂ ਤਕ ਜਾਰੀ ਰਹੀ ਜਦ ਤਕ ਕਿ ਅੰਡੇਮਾਨ ਟਾਪੂ ਉਪਰ ਜਾਕੇ ਕੀਤੀ ਗਈ ਦੇਸ਼ ਭਗਤਾਂ ਦੀ ਭੁੱਖ ਹੜਤਾਲ ਜਾਰੀ ਰਹੀ।

ਬਾਬਾ ਸੋਹਣ ਸਿੰਘ ਭਕਨਾ ਨੂੰ ਯਾਦ ਸੀ ਕਿ ਉਨ੍ਹਾਂ ਨੂੰ ਬਚਪਨ ਵਿਚ ਮੁੱਢਲੀ ਵਿੱਦਿਆ ਹਾਸਲ ਕਰਨ ਲਈ ਕਿਤਨੀ ਤਕਲੀਫ਼ ਉਠਾਣੀ ਪਈ ਸੀ। ਪਿੰਡ ਵਿਚ ਕੋਈ ਪ੍ਰਾਇਮਰੀ ਸਕੂਲ ਨਾ ਹੋਣ ਕਰਕੇ ਉਨ੍ਹਾਂ ਨੂੰ ਮੁੱਢਲੀ ਸਿੱਖਿਆ ਗੁਰਦੁਆਰੇ ਤੋਂ ਹੀ ਪ੍ਰਾਪਤ ਕਰਨੀ ਪਈ ਸੀ। ਉਨ੍ਹਾਂ ਦੇ ਮਨ ਵਿਚ ਇਹ ਰੀਝ ਸੀ ਕਿ ਉਨ੍ਹਾਂ ਦੇ ਦੇਸ਼ ਦੇ ਬੱਚੇ ਵੱਧ ਤੋਂ ਵੱਧ ਅਤੇ ਚੰਗੀ ਤੋਂ ਚੰਗੀ ਸਿੱਖਿਆ ਹਾਸਲ ਕਰ ਸਕਣ ਤਾਕਿ ਉਹ ਆਪਣੇ ਦੇਸ਼ ਨੂੰ ਆਜ਼ਾਦ ਕਰਾਉਣ ਦੇ ਫ਼ਰਜ਼ ਤੋਂ ਜਾਣੂ ਹੋ ਸਕਣ। ਉਨ੍ਹਾਂ ਨੇ ਆਪਣੇ ਪਿੰਡ ਦੀ ਹਵੇਲੀ (ਨਿੱਜੀ ਜਾਇਦਾਦ) ਸਕੂਲ ਦੇ ਨਾਂ ਕਰਕੇ ਉੱਥੇ ਬਚਿਆਂ ਦੀ ਸਿਖਲਾਈ ਲਈ ਇਕ ਕੇਂਦਰ ਸਥਾਪਿਤ ਕਰ ਦਿੱਤਾ। ਇਸ ਕੇਂਦਰ ਵਿਚ ਉਹ ਦੇਸ਼ ਭਗਤ ਪ੍ਰਵਾਰਾਂ ਦੇ 7 ਲੜਕੇ ਤੇ ਪੰਜ ਲੜਕੀਆਂ ਨੂੰ ਵੀ ਲੈ ਆਏ ਜਿਨ੍ਹਾਂ ਦੀ ਪੜ੍ਹਾਈ ਆਦਿ ਦਾ ਖਰਚ ਬਾਬਾ ਜੀ ਨੇ ਆਪਣੇ ਜ਼ਿਮੇਂ ਲੈ ਲਿਆ। ਇਸ ਸਿਖਲਾਈ ਕੇਂਦਰ ਵਿਚ ਵੀ ਸਰਕਾਰ ਨੂੰ ਕੋਈ ਇਨਕਲਾਬੀ ਪ੍ਰੋਗਰਾਮ ਪਨਪਦਾ ਦਿਖਾਈ ਦਿੱਤਾ। ਉਨ੍ਹਾਂ ਨੇ ਬਹਾਨੇ ਬਹਾਨੇ ਬਾਬਾ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਜੇਲ੍ਹ ਭੇਜ ਦਿੱਤਾ। ਦੋ ਵਾਰ ਉਨ੍ਹਾਂ ਨੂੰ ਕਾਂਗਰਸ ਦੀਆਂ ਸਟੇਜਾਂ ਤੇ ਦੇਸ਼ ਦੀ ਆਜ਼ਾਦੀ ਲਈ ਗਰਮ ਤਕਰੀਰ ਕਰਨ ਦੇ ਦੋਸ਼ ਵਿਚ ਵੀ ਛੇ-ਛੇ ਮਹੀਨੇ ਦੀ ਕੈਦ ਹੋਈ।

ਬਾਬਾ ਸੋਹਣ ਸਿੰਘ ਭਕਨਾ ਬੜੇ ਖੁਦਾ ਪ੍ਰਸਤ, ਮਨੁੱਖ ਮਾਤਰ ਲਈ ਪਿਆਰ ਦੇ ਜਜ਼ਬੇ ਨਾਲ ਲਬਰੇਜ਼ ਤੇ ਕਿਰਤੀ ਕਿਸਾਨਾਂ ਦੇ ਮਸੀਹਾ ਸਨ। ਉਨ੍ਹਾਂ ਨੇ ਇਕ 'ਕਿਰਤੀ ਕਿਸਾਨ ਆਸ਼ਰਮ' ਦੀ ਨੀਂਹ ਰੱਖੀ ਅਤੇ ਆਪਣਾ ਬਹੁਤਾ ਸਮਾਂ ਉਨ੍ਹਾਂ ਦੇ ਭਲੇ ਲਈ ਲਗਾਉਣਾ ਸ਼ੁਰੂ ਕਰ ਦਿੱਤਾ। ਇਨ੍ਹਾਂ ਦੀ ਲਗਨ ਅਤੇ ਇਨ੍ਹਾਂ ਦੀ ਨਿਸ਼ਕਾਮ ਸੇਵਾ ਨੂੰ ਵੇਖ ਕੇ ਇਨ੍ਹਾਂ ਨੂੰ ਕਿਸਾਨ ਸਭਾ ਦੀ ਪੰਜਾਬ ਬ੍ਰਾਂਚ ਦਾ ਪ੍ਰਧਾਨ ਚੁਣ ਲਿਆ ਗਿਆ। ਬਾਬਾ ਸੋਹਣ ਸਿੰਘ ਨੇ ਕਿਸਾਨਾਂ ਦੀ ਹਾਲਤ ਸੁਧਾਰਨ ਲਈ ਲਾਹੌਰ, ਚੜਿਕ, ਛੀਨਾਂ ਅਤੇ ਅੰਮ੍ਰਿਤਸਰ ਆਦਿ ਥਾਵਾਂ ਉਪਰ ਕਈ ਵਾਰ ਮੋਰਚੇ ਲਗਾਏ। ਕੁਝ ਸਮਾਂ ਮਗਰੋਂ ਉਨ੍ਹਾਂ ਨੂੰ ਸਰਬ ਭਾਰਤੀ ਕਿਸਾਨ ਸਭਾ ਦਾ ਪ੍ਰਧਾਨ ਹੋਣ ਦਾ ਵੀ ਮਾਣ ਪ੍ਰਾਪਤ ਹੋਇਆ। ਪਰ ਕਿਸਾਨ ਅੰਦੋਲਨਾਂ ਵਿਚ ਭਾਗ ਲੈਣ ਅਤੇ ਉਨ੍ਹਾਂ ਨੂੰ ਸੰਗੱਠਿਤ ਕਰਨ

Digitized by Panjab Digital Library | www.panjabdigilib.org

ਦੇ ਦੋਸ਼ ਵਿਚ ਸਰਕਾਰ ਇਨ੍ਹਾਂ ਦੇ ਪਿੱਛੇ ਲਗੀ ਹੋਈ ਸੀ। ਇਕ ਵਾਰ ਜਦੋਂ ਉਹ ਬਨਾਰਸ ਗਏ ਤਾਂ ਉਨ੍ਹਾਂ ਨੂੰ 'ਚੰਗਿਆੜੀ' ਅਖ਼ਬਾਰ ਦੇ ਦਫ਼ਤਰ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ ਨੂੰ ਭਾਰਤੀ ਰਖਿਆ ਕਾਨੂੰਨ ਦੇ ਅੰਤਰਗੱਤ 'ਦਿਉਲਾਲੀ ਕੈਂਪ' ਵਿਚ ਤਿੰਨ ਸਾਲ ਲਈ ਨਜ਼ਰਬੰਦ ਕਰ ਦਿੱਤਾ ਗਿਆ। 4 ਅਪ੍ਰੈਲ 1943 ਵਿਚ ਜਦੋਂ ਉਨ੍ਹਾਂ ਦੇ ਪਿੰਡ ਭਕਨਾ ਵਿਖੇ ਸਰਬ ਭਾਰਤੀ ਕਿਸਾਨ ਸਭਾ ਦਾ ਸਾਲਾਨਾ ਇਜਲਾਸ ਹੋਇਆ ਤਾਂ ਉਨ੍ਹਾਂ ਨੂੰ ਰਿਹਾ ਕਰ ਦਿੱਤਾ ਗਿਆ।

ਬਾਬਾ ਸੋਹਣ ਸਿੰਘ ਭਕਨਾ ਨੇ ਆਪਣੇ ਜੀਵਨ ਵਿਚ ਲਗ ਪਗ 26 ਸਾਲ ਦੀ ਕੈਦ ਕਟੀ। ਪਹਿਲੀ ਵਾਰ 16 ਸਾਲ ਦਾ ਸਮਾਂ, ਜਦੋਂ ਕਿ ਉਨ੍ਹਾਂ ਨੂੰ ਉਮਰ ਕੈਦ ਹੋਈ ਸੀ ਤੇ ਬਾਕੀ ਦਸ ਵਰ੍ਹੇ ਵਖੋ-ਵੱਖਰੇ ਅੰਦੋਲਨਾਂ ਵਿਚ ਭਾਗ ਲੈਣ ਕਰਕੇ ਉਨ੍ਹਾਂ ਨੂੰ ਜੇਲ੍ਹ ਦੀਆਂ ਸੀਖਾਂ ਪਿੱਛੇ ਬਿਤਾਣੇ ਪਏ। ਦੇਸ਼ ਦੀ ਆਜ਼ਾਦੀ ਮਗਰੋਂ 1948 ਵਿਚ ਸਾਡੀ ਕੌਮੀ ਸਰਕਾਰ ਨੇ ਉਨ੍ਹਾਂ ਨੂੰ ਕਿਰਤੀ ਕਿਸਾਨ ਆਸ਼ਰਮ ਵਿਚੋਂ ਗ੍ਰਿਫ਼ਤਾਰ ਕਰ ਲਿਆ। ਜਦੋਂ ਬਾਬਾ ਜੀ ਨੇ ਕਾਰਨ ਪੁਛਿਆ ਤਾਂ ਉਨ੍ਹਾਂ ਨੂੰ ਬਿਨਾਂ ਕਾਰਨ ਦਸੇ ਹੀ 'ਯੋਲ ਕੈਂਪ' ਵਿਚ ਭੇਜ ਦਿੱਤਾ ਗਿਆ। ਇੱਥੇ ਉਨ੍ਹਾਂ ਨਾਲ ਗੋਰੀ ਸਰਕਾਰ ਦੀਆਂ ਜੇਲ੍ਹਾਂ ਨਾਲੋਂ ਵੀ ਮਾੜਾ ਸਲੂਕ ਕੀਤਾ ਗਿਆ। ਬਾਬਾ ਸੋਹਣ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਰੋਸ ਵਜੋਂ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। ਇਹ ਹੜਤਾਲ 27-28 ਦਿਨ ਤਕ ਚਲਦੀ ਰਹੀ। ਜਦੋਂ ਸੰਤ ਵਿਸਾਖਾ ਸਿੰਘ ਨੇ ਪੰਡਤ ਨਹਿਰੂ ਨੂੰ ਇਸ ਗ੍ਰਿਫ਼ਤਾਰੀ ਬਾਰੇ ਦਸਿਆ ਤਾਂ ਉਨ੍ਹਾਂ ਨੇ ਤੁਰੰਤ ਬਾਬਾ ਜੀ ਨੂੰ ਰਿਹਾ ਕਰਨ ਦੇ ਆਦੇਸ਼ ਜਾਰੀ ਕਰ ਦਿੱਤੇ। ਇਸ ਗ੍ਰਿਫ਼ਤਾਰੀ ਸਮੇਂ ਬਾਬਾ ਜੀ ਦੀ ਆਯੂ ਕਰੀਬ 78 ਸਾਲ ਦੀ ਹੋ ਚੁਕੀ ਸੀ। ਇਸ ਭੁੱਖ ਹੜਤਾਲ ਨੇ ਬਾਬਾ ਜੀ ਦੀ ਕਮਰ ਹੀ ਤੋੜ ਕੇ ਰੱਖ ਦਿੱਤੀ। ਉਹ ਕੁਛ ਕਦਰੇ ਕੁੱਬੇ ਹੋ ਗਏ ਤੇ ਇਹ ਕੁੱਬ ਰਹਿੰਦੀ ਜ਼ਿੰਦਗੀ ਤਕ ਉਨ੍ਹਾਂ ਦੇ ਸ਼ਰੀਰ ਦਾ ਅੰਗ ਬਣ ਗਿਆ। ਯੋਲ ਕੈਂਪ ਤੋਂ ਰਿਹਾ ਹੋਕੇ ਬਾਬਾ ਸੋਹਣ ਸਿੰਘ ਭਕਨਾ ਆਪਣੇ ਪਿੰਡ ਆਏ। ਉਨ੍ਹਾਂ ਨੇ ਪਿੰਡ ਦੇ ਬਚਿਆਂ ਲਈ ਜਨਤਾ ਹਾਈ ਸਕੂਲ ਦੀ ਸਥਾਪਨਾ ਕੀਤੀ ਤੇ ਅਤੇ ਲੜਕੀਆਂ ਦੇ ਸਕੂਲ ਲਈ ਆਪਣੀ ਜ਼ਮੀਨ ਸਕੂਲ ਦੇ ਨਾਮ ਕਰ ਦਿੱਤੀ। ਇਹ ਕੰਮ ਇਸ ਗੱਲ ਦਾ ਸਬੂਤ ਹਨ ਕਿ ਉਨ੍ਹਾਂ ਨੂੰ ਬਚਿਆਂ ਅਤੇ ਆਮ ਕਰਕੇ ਲੜਕੀਆਂ ਦੀ ਪੜ੍ਹਾਈ ਦੇ ਨਾਲ ਕਿਤਨਾ ਲਗਾਉ ਸੀ। ਉਨ੍ਹਾਂ ਦੀ ਇਹ ਪੱਕੀ ਧਾਰਨਾ ਸੀ ਕਿ ਦੇਸ਼ ਦਾ ਭਵਿੱਖ ਕੇਵਲ ਸੁਚੱਜੀਆਂ ਮਾਵਾਂ ਹੀ ਬਣਾ ਸਕਦੀਆਂ ਹਨ।

ਉਨ੍ਹਾਂ ਨੂੰ ਦੇਸ਼ ਦੇ ਨੌਜਵਾਨਾਂ ਤੋਂ ਵੀ ਬੜੀਆਂ ਉਮੀਦਾਂ ਸਨ। ਉਨ੍ਹਾਂ ਅਨੁਸਾਰ ਦੇਸ਼ ਦਾ ਸੱਚਾ ਨੌਜਵਾਨ ਉਹੀ ਹੈ ਜੋ ਲੋੜ ਪੈਣ ਤੇ ਆਪਣੇ ਲਹੂ ਦਾ ਆਖ਼ਰੀ ਕਤਰਾ ਵੀ ਦੇਸ਼ ਦੇ ਨਾਮ ਕਰ ਦੇਵੇ। ਉਨ੍ਹਾਂ ਨੂੰ ਸਰਮਾਏ ਦਾਰੀ, ਅਮੀਰ ਗ਼ਰੀਬ ਵਿਚਕਾਰ ਵੱਧ ਰਹੇ ਪਾੜ ਅਤੇ ਸਿਆਸੀ ਬੇਈਮਾਨੀਆਂ ਤੋਂ ਵੀ ਸਖ਼ਤ ਨਫ਼ਰਤ ਸੀ।

1947 ਵਿਚ ਜਦੋਂ ਦੇਸ਼ ਦੀ ਵੰਡ ਹੋਈ (ਭਾਰਤ ਅਤੇ ਪਾਕਿਸਤਾਨ) ਤਾਂ ਬਾਬਾ ਸੋਹਣ ਸਿੰਘ ਨੂੰ ਬੜਾ ਦੁੱਖ ਹੋਇਆ। ਜਿਸ ਦੇਸ਼ ਨੂੰ ਆਜ਼ਾਦ ਕਰਾਉਣ ਲਈ ਗ਼ਦਰ ਲਹਿਰ ਦੇ ਸਿੱਖ, ਹਿੰਦੂ ਅਤੇ ਮੁਸਲਮਾਨ ਇਨਕਲਾਬੀਆਂ ਨੇ ਆਪਣਾ ਸਭ ਕੁਝ ਨਿਛਾਵਰ ਕਰ ਦਿੱਤਾ ਸੀ, ਹੁਣ ਉਹੀ ਦੇਸ਼ ਧਰਮ ਦੇ ਨਾਮ ਤੇ ਵੰਡਿਆ ਜਾ ਰਿਹਾ ਸੀ। ਇਕ ਇਸਲਾਮੀ ਦੇਸ਼ ਅਤੇ ਦੂਜਾ ਹਿੰਦੂ ਬਹੁ ਸੰਖਿਆ ਵਾਲਾ ਦੇਸ਼। 1947 ਦੇ ਦੌਰਾਨ ਦੇਸ਼ ਵਿਚ ਹੋਏ ਫ਼ਸਾਦਾਂ ਦੇ ਵਿਚ ਬਾਬਾ ਸੋਹਣ ਸਿੰਘ ਨੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਕੇ ਵੀ ਅਨੇਕ ਮੁਸਲਮਾਨ ਪ੍ਰਵਾਰਾਂ ਦੀ ਜਾਣ ਬਚਾਈ ਸੀ।

ਅਗਲੇ 20 ਵਰ੍ਹਿਆਂ ਵਿਚ ਉਨ੍ਹਾਂ ਨੇ ਆਪਣਾ ਬਹੁਤਾ ਸਮਾਂ ਸਮਾਜ ਸੁਧਾਰ ਦੇ ਕੰਮਾਂ

Digitized by Panjab Digital Library | www.panjabdigilib.org

ਵਿਚ ਖ਼ਰਚ ਕੀਤਾ। 1955 ਵਿਚ ਜਦੋਂ 'ਦੇਸ਼ ਭਗਤ ਯਾਦਗਾਰ ਕਮੇਟੀ' ਕਾਇਮ ਕੀਤੀ ਗਈ ਤਾਂ ਉਨ੍ਹਾਂ ਆਪਣੀ ਬਾਕੀ ਬਚੀ 10 ਏਕੜ ਜ਼ਮੀਨ ਵੀ ਇਸ ਕਮੇਟੀ ਦੇ ਨਾਮ ਕਰ ਦਿੱਤੀ। ਬਾਬਾ ਸੋਹਣ ਸਿੰਘ ਭਕਨਾ ਇਸ ਕਮੇਟੀ ਦੇ ਪਹਿਲੇ ਪ੍ਰਧਾਨ ਸਨ। ਹੁਣ ਇਸ ਕਮੇਟੀ ਦਾ ਮੁੱਖ ਦਫ਼ਤਰ, ਇਕ ਯਾਦਗਾਰੀ ਹਾਲ, ਅਤੇ ਲਾਇਬਰੇਰੀ, ਜਲੰਧਰ ਵਿਖੇ ਸਥਾਪਿਤ ਹੈ। 1960 ਵਿਚ ਜਦੋਂ ਪੰਡਤ ਨਹਿਰੂ ਉਨ੍ਹਾਂ ਨੂੰ ਮਿਲੇ ਤਾਂ ਬਾਬਾ ਸੋਹਣ ਸਿੰਘ ਨੇ ਹੋਰ ਗੱਲਾਂ ਤੋਂ ਇਲਾਵਾ ਉਨ੍ਹਾਂ ਨੂੰ ਇਹਵੀ ਕਿਹਾ ਕਿ 'ਦੇਸ਼ ਉਤੇ ਹੌਲੀ ਹੌਲੀ ਭ੍ਰਸ਼ਟ ਅਤੇ ਖੁਦਗ਼ਰਜ਼ ਲੋਕਾਂ ਦਾ ਦਬ ਦਬਾ ਵਧਦਾ ਜਾ ਰਿਹਾ ਹੈ। ਉਨ੍ਹਾਂ ਦੇ (ਪੰਡਿਤ ਨਹਿਰੂ ਦੇ) ਆਪਣੇ ਦੁਆਲੇ ਵੀ ਅਜੇਹੇ ਚਾਪਲੂਸ ਅਤੇ ਖੁਸ਼ਾਮਦੀ ਲੋਕ ਇਕੱਠੇ ਹੋ ਗਏ ਹਨ ਜੇਹੜੇ ਅੰਗਰੇਜ਼ਾਂ ਦੇ ਰਾਜ ਸਮੇਂ ਦੇਸ਼ ਭਗਤਾਂ ਨੂੰ ਫ਼ਾਹੇ ਲੁਆਂਉਂਦੇ ਰਹੇ ਸਨ ਤੇ ਹੁਣ ਉਹ ਅਖੋਤੀ ਦੇਸ਼ ਭਗਤ ਬਣੇ ਬੈਠੇ ਹਨ। ਅਜੇਹੇ ਹਾਲਤ ਉਤੇ ਫ਼ੌਰੀ ਕਾਬੂ ਪਾਉਣ ਅਤੇ ਅਜੇ ਹੇ ਲੋਕਾਂ ਤੋਂ ਬਚਣ ਦੀ ਲੋੜ ਹੈ।' ਪੰਡਤ ਨਹਿਰੂ ਬਾਬਾ ਜੀ ਦੀਆਂ ਬੇਬਾਕ ਅਤੇ ਨਿਧੱੜਕ ਹੋਕੇ ਕਹੀਆਂ ਗੱਲਾਂ ਸੁਣਕੇ ਮੁਸਕਰਾ ਪਏ। ਲਗਦਾ ਹੈ ਉਨ੍ਹਾਂ ਨੂੰ ਬਾਬਾ ਜੀ ਦੀਆਂ ਕਹੀਆਂ ਗੱਲਾਂ ਵਿਚ ਬਹੁਤ ਸੱਚ ਜਾਪ ਰਿਹਾ ਸੀ ਜਿਸਦਾ ਉਹ ਸਿਆਸੀ ਮਜ਼ਬੂਰੀਆਂ ਕਾਰਨ ਖੰਡਣ ਨਹੀਂ ਸਨ ਕਰ ਸਕੇ।

ਸੰਨ 1968 ਵਿਚ ਪਿੰਡ ਸਰਾਭੇ ਵਿਖੇ ਸ੍ਰ: ਕਰਤਾਰ ਸਿੰਘ ਸਰਾਭਾ ਦਾ ਸ਼ਹੀਦੀ ਦਿਨ ਮਨਾਇਆ ਜਾਣਾ ਸੀ। ਬਾਬਾ ਸੋਹਣ ਸਿੰਘ ਭਕਨਾ ਨੂੰ ਉਚੇਚੇ ਤੌਰ ਤੇ ਪਿੰਡ ਭਕਨਾ ਤੋਂ ਸਰਾਭੇ ਸਦਿਆ ਗਿਆ। ਸ੍ਰ: ਕਰਤਾਰ ਸਿੰਘ ਸਰਾਭਾ ਗ਼ਦਰ ਲਹਿਰ ਦਾ ਸਭ ਤੋਂ ਵੱਧ ਉਤਸ਼ਾਹੀ ਅਤੇ ਛੋਟੀ ਉਮਰ ਦਾ ਨੌਜਵਾਨ ਸੀ ਜੇਹੜਾ ਦੇਸ਼ ਦੀ ਆਜ਼ਾਦੀ ਲਈ 19 ਸਾਲ ਦੀ ਉਮਰ ਵਿਚ ਹੀ ਫ਼ਾਂਸੀ ਦੇ ਰਸਿਆ ਤੇ ਝੂਲ ਗਿਆ ਸੀ। ਗ਼ਦਰ ਲਹਿਰ ਦੇ ਦੌਰਾਨ ਉਹ ਬਾਬਾ ਸੋਹਣ ਸਿੰਘ ਦਾ ਸੱਜਾ ਹੱਥ ਰਿਹਾ ਸੀ।

ਇੱਥੇ ਆਕੇ ਬਾਬਾ ਜੀ ਨੂੰ ਨਮੂਨੀਆਂ ਹੋ ਗਿਆ। ਡਾਕਟਰਾਂ ਨੇ ਬਾਬਾ ਜੀ ਨੂੰ ਬਚਾਉਣ ਦੀ ਭਰਪੂਰ ਕੋਸ਼ਿਸ਼ ਕੀਤੀ ਪਰ 21 ਦਸੰਬਰ ਸੰਨ 1968 ਦੀ ਰਾਤ ਨੂੰ ਦੇਸ਼ ਵਿਚ ਆਜ਼ਾਦੀ ਦਾ ਸੂਰਜ ਚੜ੍ਹਾਉਣ ਵਾਲਾ ਘੁਲਾਟੀਆ ਸਦਾ ਸਦਾ ਦੀ ਨੀਂਦ ਸੋ ਗਿਆ। ਉਨ੍ਹਾਂ ਦਾ ਸਸਕਾਰ ਅਗਲੇ ਦਿਨ ਉਨ੍ਹਾਂ ਦੇ ਪਿੰਡ ਭਕਨਾ ਵਿਖੇ ਜਨਤਾ ਹਾਈ ਸਕੂਲ ਦੇ ਸਾਮ੍ਹਣੇ ਕੀਤਾ ਗਿਆ। ਇਹ ਸਕੂਲ ਖੁਦ ਉਨ੍ਹਾਂ ਨੇ ਆਪਣੀ ਹਥੀਂ ਕਾਇਮ ਕੀਤਾ ਸੀ।

ਬਾਬਾ ਜੀ ਨੇ ਆਪਣੀ ਹੱਡ ਬੀਤੀ 'ਜੀਵਨ ਸੰਗਰਾਮ' ਵਿਚ ਆਪਣੀ ਪਤਨੀ ਦੀ ਬੜੀ ਸ਼ਲਾਘਾ ਕੀਤੀ ਹੈ ਜਿਸਨੇ ਦੇਸ਼ ਭਗਤੀ ਦੇ ਕੰਮਾਂ ਵਿਚ ਸਦਾ ਹੀ ਬਾਬਾ ਜੀ ਦਾ ਸਾਥ ਦਿੱਤਾ ਸੀ ਤੇ ਸਾਰੀ ਉਮਰ ਦੇ ਲੰਮੇ ਵਿਛੋੜੇ ਆਪਣੀ ਝੋਲੀ ਵਿਚ ਪਾ ਲਏ ਸਨ।

ਬਾਬਾ ਜੀ ਪੱਕੇ ਦੇਸ਼ ਭਗਤ, ਅਫਿਰਕੂ ਸੋਚ ਅਤੇ ਸਮਾਜਵਾਦੀ ਵਿਚਾਰਧਾਰਾ ਰਖਣ ਵਾਲੇ ਇਨਕਲਾਬੀ ਸਨ। ਮੌਤ ਤੋਂ ਕੁਝ ਦਿਨ ਪਹਿਲਾਂ ਡਾ: ਹਰੀਸ਼ ਪੁਰੀ ਨੂੰ ਦਿੱਤੇ ਇਕ ਇੰਟਰਵੀਊ ਵਿਚ ਉਨ੍ਹਾਂ ਨੇ ਕਿਹਾ ਸੀ ਕਿ ਅਸੀਂ ਨਾ ਹਿੰਦੂ ਹਾਂ, ਨਾ ਸਿੱਖ ਤੇ ਨਾ ਮੁਸਲਮਾਨ। ਸਾਡਾ ਧਰਮ ਸਾਡਾ ਦੇਸ਼ ਹੈ ਜਿਸ ਲਈ ਸਾਡੇ ਸਾਥੀਆਂ ਅਤੇ ਦੇਸ਼ ਭਗਤ ਨੌਜਵਾਨਾਂ ਨੇ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ ਸੀ।

Digitized by Panjab Digital Library | www.panjabdigilib.org

# ਸ੍ਰ: ਕਰਤਾਰ ਸਿੰਘ ਸਰਾਭਾ

16 ਨਵੰਬਰ 1915 ਨੂੰ ਜਦੋਂ ਕਰਤਾਰ ਸਿੰਘ ਸਰਾਭਾ ਨੂੰ ਫ਼ਾਂਸੀ ਦਿੱਤੀ ਗਈ ਤਾਂ ਉਸਦੀ ਕੁਲ ਆਯੂ 19 ਸਾਲ ਅਤੇ ਕੁਝ ਮਹੀਨੇ ਸੀ। ਭਾਰਤ ਦੀ ਆਜ਼ਾਦੀ ਲਈ ਸ਼ਹੀਦ ਹੋਣ ਵਾਲੇ ਨੌਜਵਾਨਾਂ ਵਿਚੋਂ ਉਹ ਸਭ ਤੋਂ ਘਟ ਉਮਰ ਦਾ ਕ੍ਰਾਂਤੀਕਾਰੀ ਸੀ। ਉਹ ਗ਼ਦਰ ਲਹਿਰ ਦੇ ਮੋਢੀਆਂ ਵਿਚੋਂ ਸੀ ਜਿਨ੍ਹਾਂ ਨੇ ਅੰਗਰੇਜ਼ਾਂ ਵਿਰੁੱਧ ਸਸ਼ਸਤਰ ਕ੍ਰਾਂਤੀ ਲਿਆ ਕੇ ਦੇਸ਼ ਨੂੰ ਆਜ਼ਾਦ ਕਰਾਉਣ ਦਾ ਸੁਪਨਾ ਵੇਖਿਆ ਸੀ। ਗ਼ਦਰ ਲਹਿਰ ਦਾ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਉਸਨੂੰ 'ਬਾਲਾ ਜਰਨੈਲ' ਕਹਿ ਕੇ ਬੁਲਾਇਆ ਕਰਦਾ ਸੀ। ਭਗਤ ਸਿੰਘ ਉਸਨੂੰ ਆਪਣਾ ਪ੍ਰੇਰਨਾ ਸਰੋਤ, ਆਪਣਾ ਗੁਰੂ, ਆਪਣਾ ਮਿੱਤਰ ਅਤੇ ਆਪਣਾ ਭਰਾ ਕਹਿ ਕੇ ਯਾਦ ਕਰਦਾ ਸੀ। ਜਦੋਂ ਸ੍ਰ: ਭਗਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਤਾਂ ਸ੍ਰ: ਕਰਤਾਰ ਸਿੰਘ ਦੀ ਤਸਵੀਰ ਉਸਦੀ ਜੇਬ ਵਿਚ ਸੀ ਜਿਸਨੂੰ ਉਹ ਹਮੇਸ਼ਾਂ ਆਪਣੇ ਕੋਲ ਰਖਿਆ ਕਰਦਾ ਸੀ। ਭਗਤ ਸਿੰਘ ਨੇ ਇਕ ਥਾਂ ਤੇ ਉਸ ਬਾਰੇ ਲਿਖਿਆ ਹੈ ਕਿ '19 ਸਾਲ ਦੀ ਉਮਰ ਵਿਚ ਕੀਤੇ ਉਹਦੇ ਬਹਾਦਰੀ ਦੇ ਕਾਰਨਾਮਿਆਂ ਬਾਰੇ ਸੋਚ ਕੇ ਡਾਢੀ ਹੈਰਾਨੀ ਹੁੰਦੀ ਹੈ। ਏਨਾ ਹੌਸਲਾ, ਏਨਾ ਆਤਮ ਵਿਸ਼ਵਾਸ਼ ਤੇ ਏਨੀ ਲਗਨ ਕਿਤੇ ਘੱਟ ਹੀ ਵੇਖਣ ਵਿਚ ਆਈ ਹੈ। ਭਾਰਤ ਨੇ ਅਜੇਹੇ ਲੋਕ ਥੋੜ੍ਹੇ ਹੀ ਪੈਦਾ ਕੀਤੇ ਹਨ ਜਿਹੜੇ ਸ਼ਬਦ ਦੇ ਸੱਚੇ ਅਰਥਾਂ ਵਿਚ ਏਨੇ ਵਡੇ 'ਬਾਗ਼ੀ' ਸਨ। ਅਜੇਹੇ ਗਿਣਤੀ ਦੇ ਲੋਕਾਂ ਦੀ ਸੂਚੀ ਵਿਚ ਕਰਤਾਰ ਸਿੰਘ ਦਾ ਨਾਮ ਸਭ ਤੋਂ ਪਹਿਲਾਂ ਆਂਉਂਦਾ ਹੈ। ਇਨਕਲਾਬ ਉਸਦੇ ਲਹੂ ਵਿਚ ਸੀ। ਉਹ ਇਨਕਲਾਬ ਲਈ ਜੀਵਿਆ ਅਤੇ ਇਸੇ ਲਈ ਮਰਿਆ'। 'ਗ਼ਦਰ ਲਹਿਰ' ਦੇ ਆਗੂਆਂ ਵਿਚੋਂ ਸ਼ਾਇਦ ਹੀ ਕੋਈ ਉਸ ਵਾਂਗ ਨਾਇਕ ਬਣਕੇ ਉਭਰਿਆ ਹੋਵੇ। ਉਹ ਗ਼ਦਰ ਲਹਿਰ ਦਾ ਸਰੀਰ ਵੀ ਸੀ ਅਤੇ ਉਸਦੀ ਆਤਮਾ ਵੀ। ਉਸਦਾ ਗ਼ਦਰ ਲਹਿਰ ਤੇ ਅਥਾਹ ਪ੍ਰਭਾਵ ਸੀ।

ਸੰਨ 1912 ਦੀ ਗੱਲ ਹੈ। 15 ਕੁ ਸਾਲ ਦਾ ਇਕ ਨੌਜਵਾਨ ਭਾਰਤ ਤੋਂ ਚਲ ਕੇ ਅਮਰੀਕਾ ਦੀ ਸਾਨਫ੍ਰਾਂਸਿਸਕੋ ਬੰਦਰਗਾਹ ਤੇ ਪੁੱਜਾ। ਜਹਾਜ਼ ਦੇ ਹੋਰ ਮੁਸਾਫ਼ਰਾਂ ਨੂੰ ਉਤਰ ਜਾਣ ਦੀ ਆਗਿਆ ਮਿਲ ਗਈ ਪਰ ਭਾਰਤ ਤੋਂ ਆਏ ਹਿੰਦੀਆਂ ਨੂੰ ਰੋਕ ਦਿੱਤਾ ਗਿਆ। ਉਹਨਾਂ ਵਿਚ ਇਹ ਨੌਜਵਾਨ ਵੀ ਸੀ ਜਿਹੜਾ ਉੱਚ ਵਿੱਦਿਆ ਪ੍ਰਾਪਤ ਕਰਨ ਲਈ ਅਮਰੀਕਾ ਵਰਗੇ ਆਜ਼ਾਦ ਦੇਸ਼ ਵਿਚ ਪਹੁੰਚਿਆ ਸੀ। ਇਮੀਗਰੇਸ਼ਨ ਅਫ਼ਸਰ ਨੇ ਜਹਾਜ਼ ਤੋਂ ਉਤਰਦਿਆਂ ਹੀ ਉਸ ਤੋਂ ਪੁਛਿਆ :

'ਤੇਰਾ ਨਾਂ ਕੀ ਹੈ?'

'ਕਰਤਾਰ ਸਿੰਘ ਸਰਾਭਾ।'

'ਤੂੰ ਇੱਥੇ ਕੀ ਕਰਨ ਆਂਇਆ ਹੈਂ?'

'ਮੈਂ ਇੱਥੇ ਵਿਦਿਆ ਪ੍ਰਾਪਤ ਕਰਨ ਲਈ ਆਇਆ ਹਾਂ।'

'ਕੀ ਹਿੰਦੁਸਤਾਨ ਵਿਚ ਪੜ੍ਹਣ ਲਈ ਕੋਈ ਥਾਂ ਨਹੀਂ ਸੀ?'

'ਹਿੰਦੁਸਤਾਨ ਵਿਚ ਯੂਨੀਵਰਸਿਟੀਆਂ ਤਾਂ ਹਨ ਪਰ ਮੈਨੂੰ ਪਤਾ ਲਗਾ ਹੈ ਕਿ ਅਮਰੀਕਾ ਇਕ

Digitized by Panjab Digital Library | www.panjabdigilib.org

ਆਜ਼ਾਦ ਦੇਸ਼ ਹੈ ਤੇ ਅਮਰੀਕਾ ਵਿਚ ਬਹੁਤ ਚੰਗੀਆਂ ਯੂਨੀਵਰਸਿਟੀਆਂ ਹਨ ਜਿਹਨਾਂ ਵਿਚ ਕਈ ਦੇਸ਼ਾਂ ਦੇ ਵਿੱਦਿਆਰਥੀ ਆ ਕੇ ਪੜ੍ਹਦੇ ਹਨ। ਮੈਂ ਵੀ ਇੱਥੇ ਪੜ੍ਹਣਾ ਚਾਹੁੰਦਾ ਹਾਂ ਤੇ ਕੁਝ ਬਣਨਾ ਚਾਹੁੰਦਾ ਹਾਂ।'

'ਜੇ ਤੈਨੂੰ ਇੱਥੇ ਉਤਰਨ ਨਾ ਦਿੱਤਾ ਜਾਵੇ ਅਤੇ ਵਾਪਸ ਮੋੜ ਦਿੱਤਾ ਜਾਵੇ ਤਾਂ ਕੀ ਕਰੇਂਗਾ?'

'ਇਹ ਤਾਂ ਬੜੀ ਬੇਇਨਸਾਫੀ ਦੀ ਗੱਲ ਹੋਵੇਗੀ', ਕਰਤਾਰ ਸਿੰਘ ਨੇ ਇਮੀਗ੍ਰੇਸ਼ਨ ਅਫ਼ਸਰ ਨੂੰ ਕਿਹਾ। 'ਅਮਰੀਕਾ ਵਰਗੇ ਆਜ਼ਾਦ ਦੇਸ਼ ਵਿਚ ਵੀ ਜੇ ਵਿੱਦਿਆਰਥੀਆਂ ਨੂੰ ਰੋਕਾਂ ਪਾਈਆਂ ਜਾਣਗੀਆਂ ਤਾਂ ਸੰਸਾਰ ਦੀ ਉਨੱਤੀ ਕਿਵੇਂ ਹੋਵੇਗੀ? ਇਸ ਕਰਕੇ ਮੇਰੀ ਬੇਨਤੀ ਹੈ ਕਿ ਮੈਨੂੰ ਨਾ ਰੋਕਿਆ ਜਾਵੇ। ਕੀ ਪਤਾ ਮੈਂ ਇੱਥੋਂ ਵਿੱਦਿਆ ਪ੍ਰਾਪਤ ਕਰਕੇ ਸੰਸਾਰ ਦੇ ਭਲੇ ਦਾ ਕੋਈ ਮਹਾਨ ਕੰਮ ਕਰ ਸਕਾਂ ਜਿਸ ਨਾਲ ਹਿੰਦੁਸਤਾਨ ਦੀ ਹੀ ਨਹੀਂ ਅਮਰੀਕਾ ਦੀ ਵੀ ਇਜ਼ਤ ਵਧ ਸਕੇ'।

ਇਹ ਸੁਣ ਕੇ ਇਮੀਗਰੇਸ਼ਨ ਅਫ਼ਸਰ ਖੁਸ਼ ਹੋ ਗਿਆ ਤੇ ਉਸਨੇ ਕਰਤਾਰ ਸਿੰਘ ਸਰਾਭਾ ਨੂੰ ਸਾਨਫ੍ਰਾਂਸਿਸਿਕੋ ਉਤਰਨ ਦੀ ਆਗਿਆ ਦੇ ਦਿੱਤੀ। ਕਿਸੇ ਨੂੰ ਕੀ ਪਤਾ ਸੀ ਕਿ ਕੁਝ ਹੀ ਵਰ੍ਹਿਆਂ ਵਿਚ ਇਹ ਨੌਜਵਾਨ ਮੁੰਡਾ ਦੇਸ਼ ਦੀ ਆਜ਼ਾਦੀ ਲਈ ਉਹ ਕੁਝ ਕਰ ਗੁਜ਼ਰੇਗਾ ਕਿ ਉਸ਼ਦਾ ਨਾਮ ਇਤਿਹਾਸ ਦੇ ਪੰਨਿਆਂ ਵਿਚ ਸਦਾ ਸਦਾ ਲਈ ਅਮਰ ਹੋ ਜਾਵੇਗਾ।

ਕਰਤਾਰ ਸਿੰਘ ਦਾ ਜਨਮ ਪਿੰਡ ਸਰਾਭਾ, ਜ਼ਿਲ੍ਹਾ ਲੁਧਿਆਣਾ ਵਿਚ ਸ੍ਰ: ਮੰਗਲ ਸਿੰਘ ਦੇ ਘਰ 24 ਮਈ ਸੰਨ 1896 ਵਿਚ ਹੋਇਆ। ਉਹ ਰੱਜੇ ਪੁੱਜੇ ਕਿਸਾਨ ਸਨ ਅਤੇ ਪਿੰਡ ਵਿਚ ਉਨ੍ਹਾਂ ਦੀ ਚੋਖੀ ਜ਼ਮੀਨ ਸੀ। ਕਰਤਾਰ ਸਿੰਘ ਅਜੇ ਬੱਚਾ ਹੀ ਸੀ ਕਿ ਸ੍ਰ: ਮੰਗਲ ਸਿੰਘ ਦਾ ਦੇਹਾਂਤ ਹੋ ਗਿਆ। ਕਰਤਾਰ ਸਿੰਘ ਦੀ ਪਰਵਰਿਸ਼ ਇਨ੍ਹਾਂ ਦੇ ਦਾਦਾ ਸ੍ਰ: ਬਚਨ ਸਿੰਘ ਨੇ ਕੀਤੀ। ਉਹਨਾਂ ਦੀ ਇਹ ਰੀਝ ਸੀ ਕਿ ਉਨ੍ਹਾਂ ਦਾ ਪੋਤਰਾ ਵਡਾ ਹੋ ਕੇ ਅਤੇ ਪੜ੍ਹ ਲਿਖ ਕੇ ਕੋਈ ਵਡਾ ਸਰਕਾਰੀ ਅਫ਼ਸਰ ਬਣੇ। ਕਰਤਾਰ ਸਿੰਘ ਦੀ ਇਕ ਛੋਟੀ ਭੈਣ ਵੀ ਸੀ ਜਿਸਦਾ ਨਾਮ ਧੰਨ ਕੌਰ ਸੀ। ਉਹ ਦੇਸ਼ ਦੀ ਆਜ਼ਾਦੀ ਤੋਂ 20 ਸਾਲ ਬਾਅਦ ਤਕ ਵੀ ਜੀਉਂਦੀ ਰਹੀ ਜਿਸਨੂੰ ਆਜ਼ਾਦ ਭਾਰਤ ਵਿਚ 15 ਰੁਪੈ ਮਹੀਨਾਂ ਪੈਨਸ਼ਨ ਮਿਲਦੀ ਰਹੀ।

ਕਰਤਾਰ ਸਿੰਘ ਦਾ ਬਚਪਨ ਬੜੇ ਲਾਡ ਪਿਆਰ ਵਿਚ ਬੀਤਿਆ। 5 ਕੁ ਸਾਲ ਦੀ ਉਮਰ ਵਿਚ ਉਸ ਨੂੰ ਸਰਾਭੇ ਦੇ ਪ੍ਰਾਇਮਰੀ ਸਕੂਲ ਵਿਚ ਦਾਖ਼ਲ ਕਰਵਾ ਦਿੱਤਾ ਗਿਆ। ਪ੍ਰਾਇਮਰੀ ਦੀ ਵਿੱਦਿਆ ਪ੍ਰਾਪਤ ਕਰਕੇ ਕਰਤਾਰ ਸਿੰਘ ਮਾਲਵਾ ਖ਼ਾਲਸਾ ਹਾਈ ਸਕੂਲ ਲੁਧਿਆਣਾ ਵਿਚ ਦਾਖ਼ਲ ਹੋ ਗਿਆ। ਇੱਥੋਂ ਉਸਨੇ ਮਿਡਲ ਪਾਸ ਕੀਤੀ ਤੇ ਫਿਰ ਮਿਸ਼ਨ ਹਾਈ ਸਕੂਲ 'ਚ ਦਾਖ਼ਲਾ ਲੈ ਲਿਆ। ਇੱਥੇ ਪੜ੍ਹਾਈ ਵਿਚ ਦਿਲ ਨਾ ਲਗਣ ਕਰਕੇ ਉਹ ਨੌਵੀਂ ਜਮਾਤ ਦੀ ਪੜ੍ਹਾਈ ਵਿਚ ਹੀ ਛੱਡ ਕੇ ਆਪਣੇ ਚਾਚਾ ਜੀ ਕੋਲ ਉੜੀਸਾ ਚਲਾ ਗਿਆ। ਉਸਦਾ ਚਾਚਾ ਮਹਿਕਮਾ ਜੰਗਲਾਤ ਵਿਚ ਇਕ ਸਰਕਾਰੀ ਅਫ਼ਸਰ ਸੀ। ਉਸਦਾ ਇਕ ਹੋਰ ਚਾਚਾ ਯੂ.ਪੀ. ਵਿਚ ਸਬ ਇੰਸਪੈਕਟਰ ਲਗਾ ਹੋਇਆ ਸੀ।

ਉੜੀਸਾ ਵਿਚ ਰਹਿੰਦਿਆਂ ਕਰਤਾਰ ਸਿੰਘ ਸਰਾਭਾ ਨੇ ਦਸਵੀਂ ਪਾਸ ਕੀਤੀ। ਇਹਨਾਂ ਦਿਨਾਂ ਵਿਚ ਹੀ ਬੰਗਾਲ ਅਤੇ ਉੜੀਸਾ ਵਿਚ ਆਜ਼ਾਦੀ ਸਬੰਧੀ ਜਾਗ੍ਰਤੀ ਪੈਦਾ ਹੋ ਰਹੀ ਸੀ।

Digitized by Panjab Digital Library | www.panjabdigilib.org

ਕਰਤਾਰ ਸਿੰਘ ਸਰਾਭਾ ਨੇ ਅੰਗਰੇਜ਼ੀ ਅਖਬਾਰਾਂ ਰਾਹੀਂ ਦੇਸ਼-ਵਿਦੇਸ਼ ਵਿਚ ਵਾਪਰ ਰਹੀਆਂ ਘਟਨਾਵਾਂ ਬਾਰੇ ਪੜ੍ਹਿਆ ਅਤੇ ਪਹਿਲੀ ਵਾਰ ਇਹ ਮਹਿਸੂਸ ਕੀਤਾ ਕਿ ਅੰਗਰੇਜ਼ੀ ਸਾਮਰਾਜ ਕਿਸ ਬੇਦਰਦੀ ਨਾਲ ਭਾਰਤ ਵਾਸੀਆਂ ਦਾ ਲਹੂ ਚੂਸ ਰਿਹਾ ਸੀ। ਇੱਥੇ ਉਸਨੂੰ ਅਗਾਂਹਵਧੂ ਸਾਹਿਤ, ਇਤਿਹਾਸ ਅਤੇ ਰਾਜਨੀਤੀ ਸਬੰਧੀ ਕਈ ਪੁਸਤਕਾਂ ਪੜ੍ਹਣ ਦਾ ਅਵਸਰ ਵੀ ਮਿਲਿਆ। ਉਹ ਬੜਾ ਸਮਝਦਾਰ ਅਤੇ ਤੀਖ਼ਣ ਬੁੱਧੀ ਵਾਲਾ ਵਿੱਦਿਆਰਥੀ ਸੀ। ਉਸਨੇ ਆਪਣੀ ਮਾਤ੍ਰ ਭਾਸ਼ਾ ਪੰਜਾਬੀ ਦੇ ਨਾਲ-ਨਾਲ ਹਿੰਦੀ, ਉਰਦੂ ਅਤੇ ਅੰਗਰੇਜ਼ੀ ਦੀ ਚੰਗੀ ਮੁਹਾਰਤ ਹਾਸਲ ਕਰ ਲਈ ਸੀ। ਉਸਨੂੰ ਫੁਟਬਾਲ ਅਤੇ ਕ੍ਰਿਕਿਟ ਖੇਡਣ ਦਾ ਵੀ ਬਹੁਤ ਸ਼ੌਕ ਸੀ। ਸੋਹਣ ਸਿੰਘ ਜੋਸ਼ ਲਿਖਦਾ ਹੈ ਕਿ ਉਸ ਦੀ ਅਗਵਾਈ ਵਿਚ ਟੀਮ ਦੇ ਖਿਡਾਰੀ ਇਕ ਅਜੀਬ ਤਰ੍ਹਾਂ ਦੀ ਖੁਸ਼ੀ ਅਤੇ ਉਤਸ਼ਾਹ ਮਹਿਸੂਸ ਕਰਿਆ ਕਰਦੇ ਸਨ। ਸਕੂਲ ਦੇ ਦਿਨਾਂ ਵਿਚ ਹੀ ਉਸਦਾ ਕੱਦ ਸਰੂ ਦੇ ਬੂਟੇ ਵਾਂਗ ਲੰਮਾਂ ਨਿਕਲ ਆਇਆ ਸੀ। ਦਸਵੀਂ ਪਾਸ ਕਰਕੇ ਕਰਤਾਰ ਸਿੰਘ ਆਪਣੇ ਪਿੰਡ ਸਰਾਭਾ ਪਰਤ ਆਇਆ।

ਘਰ ਵਾਲੇ ਮਾਇਕ ਤੌਰ ਤੇ ਸੌਖੇ ਸਨ। ਕਰਤਾਰ ਸਿੰਘ ਦੇ ਦਾਦਾ ਸ੍ਰ: ਬਚਨ ਸਿੰਘ ਨੇ ਆਪਣੇ ਪੋਤਰੇ ਨੂੰ ਉੱਚ ਵਿੱਦਿਆ ਹਾਸਲ ਕਰਨ ਲਈ ਅਮਰੀਕਾ ਭੇਜਣ ਦਾ ਵਿਚਾਰ ਕੀਤਾ। ਕਰਤਾਰ ਸਿੰਘ ਤਾਂ ਅਗੇ ਹੀ ਕਿਸੇ ਬਹਾਨੇ ਪੱਛਮੀ ਦੇਸ਼ਾਂ ਦੀ ਆਜ਼ਾਦ ਫਿਜ਼ਾ ਵਿਚ ਜਾ ਕੇ ਪੜ੍ਹਣ ਦਾ ਚਾਹਵਾਨ ਸੀ। ਉਹ 1912 ਵਿਚ ਅਮਰੀਕਾ ਲਈ ਰਵਾਨਾ ਹੋ ਗਿਆ ਅਤੇ ਕੈਲੀਫੋਰਨੀਆ ਦੀ ਸਾਨਫਰਾਂਸਿਸਕੋ ਬੰਦਰਗਾਹ ਤੇ ਜਾ ਉਤਰਿਆ। ਹਿੰਦੁਸਤਾਨੀਆਂ ਨਾਲ ਬਦੇਸ਼ਾਂ ਵਿਚ ਹੁੰਦੇ ਮਾੜੇ ਸਲੂਕ ਨੂੰ ਤਕ ਕੇ ਉਸ ਦੀ ਆਤਮਾ ਕੰਬ ਉੱਠੀ। ਉਸਨੇ ਮਹਿਸੂਸ ਕੀਤਾ ਕਿ ਗੁਲਾਮ ਦੇਸ਼ ਦੇ ਲੋਕਾਂ ਦੀ ਜ਼ਿੰਦਗੀ ਕਿਤੇ ਵੀ ਚੰਗੀ ਨਹੀਂ। ਜੇ ਅਸੀਂ ਇਜ਼ਤ ਅਤੇ ਅਣਖ ਦੀ ਜ਼ਿੰਦਗੀ ਜੀਣੀ ਹੈ ਤਾਂ ਸਭ ਤੋਂ ਪਹਿਲਾਂ ਗੁਲਾਮੀ ਦੀਆਂ ਜੰਜ਼ੀਰਾਂ ਲਾਹ ਕੇ ਸੁਟਣੀਆਂ ਹੋਣਗੀਆਂ। ਵਿਦੇਸ਼ਾਂ ਵਿਚ ਰਹਿ ਰਹੇ ਭਾਰਤੀ ਅਤੇ ਵਿਸ਼ੇਸ਼ ਕਰਕੇ ਪੰਜਾਬੀ ਇਹ ਮਹਿਸੂਸ ਕਰਨ ਲਗ ਪਏ ਸਨ ਕਿ :

ਦੇਸ ਪੈਣ ਧੱਕੇ, ਬਾਹਰ ਮਿਲੇ ਢੋਈ ਨਾ
ਸਾਡਾ ਪ੍ਰਦੇਸੀਆਂ ਦਾ ਦੇਸ਼ ਕੋਈ ਨਾ।

ਪੰਜਾਬੀਆਂ ਨੇ ਹਿੰਦੁਸਤਾਨ ਵਿਚ ਰਹਿ ਕੇ ਬਰਤਾਨਵੀ ਸਰਕਾਰ ਦੀ ਨੌਕਰੀ ਕੀਤੀ ਸੀ। ਉਨ੍ਹਾਂ ਦੀ ਖ਼ਾਤਰ ਦੇਸੋਂ ਪਰਦੇਸ ਜਾਕੇ ਉਨ੍ਹਾਂ ਦੀ ਮਾਨ ਤੇ ਪ੍ਰਤਿਸ਼ਠਾ ਲਈ ਲੜੇ ਸਨ ਅਤੇ ਕੁਰਬਾਨੀਆਂ ਕੀਤੀਆਂ ਸਨ। ਉਹ ਸਮਝਦੇ ਸਨ ਕਿ ਕੈਨੇਡਾ ਵਰਗੇ ਵਿਕਾਸਸ਼ੀਲ ਦੇਸ਼ ਵਿਚ ਉਨ੍ਹਾਂ ਨਾਲ ਸਮਾਨਤਾ ਦਾ ਵਰਤਾਉ ਕੀਤਾ ਜਾਇਗਾ। ਪਰ ਇੱਥੇ ਤਾਂ ਹਾਲਾਤ ਹੀ ਕੁਝ ਹੋਰ ਸਨ। ਆਏ ਦਿਨ ਨਸਲੀ ਵਿਤਕਰੇ ਦੇ ਕਾਰਨ ਉਨ੍ਹਾਂ ਨਾਲ ਨਿਰਾਦਰੀ ਭਰਿਆ ਸਲੂਕ ਕੀਤਾ ਜਾਂਦਾ, ਉਨ੍ਹਾਂ ਨੂੰ ਕਾਲੇ ਕੁਲੀ ਅਤੇ ਗੁਲਾਮ ਹਿੰਦੁਸਤਾਨੀ ਕਹਿ ਕੇ ਦੁਰਕਾਰਿਆ ਜਾਂਦਾ। ਉਨ੍ਹਾਂ ਨੂੰ ਗੋਰਿਆਂ ਦੇ ਕਲੱਬਾਂ ਅਤੇ ਹੋਟਲਾਂ ਵਿਚ ਜਾਣ ਦੀ ਇਜਾਜ਼ਤ ਨਾ ਹੁੰਦੀ। ਸੜਕਾਂ ਅਤੇ ਬਾਜ਼ਾਰਾਂ ਚੋਂ ਲੰਘਦਿਆਂ ਉਨ੍ਹਾਂ ਨਾਲ ਕਈ ਤਰ੍ਹਾਂ ਦੇ ਘਟੀਆ ਮਜ਼ਾਕ ਕੀਤੇ ਜਾਂਦੇ। ਇਹ ਸਭ ਕੁਝ ਤਕ ਕੇ ਕਰਤਾਰ ਸਿੰਘ ਦੇ ਮਨ ਵਿਚ ਇਕ ਇਨਕਲਾਬ ਪਨਪਣਾ ਸ਼ੁਰੂ ਹੋ ਗਿਆ।

ਕਰਤਾਰ ਸਿੰਘ 1 ਜਨਵਰੀ 1912 ਨੂੰ ਸਾਨਫ੍ਰਾਂਸਿਸਕੋ ਪਹੁੰਚਿਆ। ਬੰਦਰਗਾਹ ਤੇ

Digitized by Panjab Digital Library | www.panjabdigilib.org

ਤੇ ਉਤਰਦਿਆ ਹੀ ਉਹ ਯੂਲੋਕਾਂਉਂਟੀ ਚਲਾ ਗਿਆ ਜਿੱਥੇ ਪੰਜਾਬੀ ਲੋਕ ਫ਼ਾਰਮਾਂ ਉਤੇ ਅਤੇ ਬਾਗ਼ਾਂ ਵਿਚ ਫੱਲ ਤੋੜਣ ਦਾ ਕੰਮ ਕਰਦੇ ਸਨ। ਇੱਥੇ ਪਹੁੰਚਦਿਆਂ ਹੀ ਹੋਰ ਪੰਜਾਬੀ ਮਜ਼ਦੂਰਾਂ ਵਾਂਗ ਉਸਨੂੰ ਵੀ ਕੰਮ ਮਿਲ ਗਿਆ। ਉਹ ਬੜਾ ਮੇਹਨਤੀ ਸੀ। ਉਸਨੇ ਓਵਰ ਟਾਈਮ ਲਗਾ ਲਗਾ ਕੇ ਕੁਝ ਪੈਸਾ ਜੋੜਿਆ ਤੇ ਬਰਕਲੇ ਵਿਖੇ ਕੈਲੀਫੋਰਨੀਆ ਯੂਨੀਵਰਸਿਟੀ ਵਿਚ ਰਸਾਇਣ ਵਿਦਿਆ (Chemistry) ਦੀ ਉੱਚ ਸ਼ਿਕਸ਼ਾ ਲਈ ਦਾਖ਼ਲਾ ਲੈ ਲਿਆ। ਉਸ ਵੇਲੇ ਲਗਭਗ 30 ਭਾਰਤੀ ਵਿਦਿਆਰਥੀ ਇਸ ਯੂਨੀਵਰਸਿਟੀ ਵਿਚ ਉਚੇਰੀ ਸਿੱਖਿਆ ਪਾ ਰਹੇ ਸਨ, ਜਿਨ੍ਹਾਂ ਵਿਚੋਂ ਵਧੇਰੇ ਪੰਜਾਬੀ ਅਤੇ ਬੰਗਾਲੀ ਸਨ। ਇੱਥੇ ਉਹ ਭਾਰਤੀ ਵਿਦਿਆਰਥੀਆਂ ਵਲੋਂ ਸਥਾਪਿਤ ਕਲੱਬ ਦਾ ਮੈਂਬਰ ਬਣ ਗਿਆ। ਯੂਨੀਵਰਸਿਟੀ ਦੇ ਵਿਦਿਆਰਥੀ ਰਾਜਨੀਤਿਕ ਤੌਰ ਤੇ ਦੋ ਧੜਿਆਂ ਵਿਚ ਵੰਡੇ ਹੋਏ ਸਨ। ਪੰਜਾਬੀ ਵਿਦਿਆਰਥੀ ਦੇਸ਼ ਵਿਚੋਂ ਅੰਗਰੇਜ਼ੀ ਸਾਮਰਾਜ ਨੂੰ ਖ਼ਤਮ ਕਰਨ ਲਈ ਹਥਿਆਰਾਂ ਦੀ ਲੜਾਈ ਲੜਨ ਅਤੇ ਕੁਰਬਾਨੀਆਂ ਦੇਣ ਵਿਚ ਯਕੀਨ ਰਖਦੇ ਸਨ ਜਦ ਕਿ ਗ਼ੈਰ ਪੰਜਾਬੀ ਵਿਦਿਆਰਥੀ ਇਸ ਮੰਤਵ ਲਈ ਅਹਿੰਸਾ ਅਤੇ ਡੰਗ ਟਪਾਊ ਨੀਤੀ ਵਿਚ ਯਕੀਨ ਰਖਦੇ ਸਨ ਤਾਂਕਿ ਦੇਸ਼ ਪਰਤਣ ਤੇ ਉਨ੍ਹਾਂ ਨੂੰ ਨੌਕਰੀ ਹਾਸਲ ਕਰਨ ਵਿਚ ਕੋਈ ਪ੍ਰੇਸ਼ਾਨੀ ਨਾ ਹੋਵੇ। ਕਰਤਾਰ ਸਿੰਘ ਦੀ ਹਮਦਰਦੀ ਪਹਿਲੇ ਧੜੇ ਨਾਲ ਸੀ ਅਤੇ ਉਸਨੂੰ ਉਡੀਕ ਸੀ, ਕਿਸੇ ਅਜੇਹੀ ਜਥੇਬੰਦੀ ਦੀ ਜੋ ਦੇਸ਼ ਵਿਚ ਇਨਕਲਾਬ ਲਿਆਕੇ ਅੰਗਰੇਜ਼ਾਂ ਨੂੰ ਹਿੰਦੁਸਤਾਨ ਵਿਚੋਂ ਬਾਹਰ ਕੱਢ ਸਕੇ।

1912 ਦੇ ਸ਼ੁਰੂ ਵਿਚ ਪੋਰਟਲੈਂਡ (ਓਰੇਗਾਨ) ਵਿਖੇ ਇਕ ਮੀਟਿੰਗ ਸੱਦੀ ਗਈ ਜਿਸ ਵਿਚ ਵਖੋ ਵਖਰੀਆਂ ਆਰਾ ਮਿਲਾਂ, ਖੇਤਾਂ ਅਤੇ ਫ਼ੈਕਟਰੀਆਂ ਵਿਚ ਕੰਮ ਕਰ ਰਹੇ ਬਹੁਤ ਸਾਰੇ ਭਾਰਤੀ ਮਜ਼ਦੂਰ ਸ਼ਾਮਲ ਹੋਏ। ਇਸ ਮੀਟਿੰਗ ਵਿਚ ਭਾਈ ਹਰਨਾਮ ਸਿੰਘ (ਕੋਟਲਾ ਨੌਧ ਸਿੰਘ) ਅਤੇ ਬਰਿਡਲ ਵੇਲ (ਓਰੇਗਾਨ) ਤੋਂ ਉਨ੍ਹਾਂ ਦੇ ਸਾਥੀ ਪੰਡਤ ਕਾਂਸ਼ੀ ਰਾਮ, ਰਾਮ ਰੱਖਾ ਅਤੇ ਦੂਜੇ ਸੇਂਟ ਜਾਨ (ਓਰੇਗਾਨ) ਤੋਂ ਭਾਈ ਸੋਹਣ ਸਿੰਘ ਭਕਨਾ, ਭਾਈ ਊਧਮ ਸਿੰਘ ਕਸੇਲ ਅਤੇ ਮੋਨਾਰਿਕ ਮਿਲ ਅਤੇ ਪੋਰਟਲੈਂਡ ਵਿਖੇ ਕੰਮ ਕਰਦੇ ਅਨੇਕਾਂ ਕਿਰਤੀਆਂ ਨੇ ਭਾਗ ਲਿਆ। ਇਸ ਮੀਟਿੰਗ ਦਾ ਸਿੱਟਾ 'ਦੀ ਹਿੰਦੁਸਤਾਨ ਐਸੋਸੀਏਸ਼ਨ' ਦੇ ਰੂਪ ਵਿਚ ਨਿਕਲਿਆ। ਇਸ ਸੰਸਥਾ ਦਾ ਮੁੱਖ ਦਫ਼ਤਰ ਪੋਰਟਲੈਂਡ ਵਿਖੇ ਕਿਰਾਏ ਦੇ ਇਕ ਮਕਾਨ ਵਿਚ ਰਖਿਆ ਗਿਆ। ਬਾਬਾ ਸੋਹਣ ਸਿੰਘ ਭਕਨਾ, ਜੀ.ਡੀ. ਕੁਮਾਰ ਅਤੇ ਪੰਡਿਤ ਕਾਂਸ਼ੀ ਰਾਮ ਕਰਮਵਾਰ ਇਸ ਦੇ ਪ੍ਰਧਾਨ, ਜਨਰਲ ਸਕੱਤਰ ਅਤੇ ਖ਼ਜ਼ਾਨਚੀ ਚੁਣੇ ਗਏ। ਇਸ ਮੀਟਿੰਗ ਵਿਚ 'ਹਿੰਦੁਸਤਾਨ' ਨਾਮ ਦਾ ਪਰਚਾ ਜਾਰੀ ਕਰਨ ਦਾ ਵੀ ਫ਼ੈਸਲਾ ਕੀਤਾ ਗਿਆ। ਪਰ ਜੀ.ਡੀ. ਕੁਮਾਰ ਦੇ ਅਚਾਨਕ ਬੀਮਾਰ ਹੋ ਜਾਣ ਕਰਕੇ 'ਦੀ ਹਿੰਦੁਸਤਾਨ ਐਸੋਸੀਏਸ਼ਨ' ਅਤੇ ਪਰਚੇ ਦਾ ਕੰਮ ਸ਼ੁਰੂ ਨਾ ਹੋ ਸਕਿਆ।

ਇਸ ਤੋਂ ਬਾਦ ਵੱਖੋ ਵੱਖਰੇ ਨਗਰਾਂ ਅਤੇ ਥਾਵਾਂ ਤੇ ਲਗਾਤਾਰ ਕਈ ਮੀਟਿੰਗਾਂ ਸਦੀਆਂ ਗਈਆਂ। ਕ੍ਰਾਂਤੀਕਾਰੀ ਜਥੇਬੰਦੀ ਸਥਾਪਿਤ ਕਰਨ ਦੇ ਉਦੇਸ਼ ਨਾਲ ਇਕ ਮਹੱਤਵ ਪੂਰਨ ਮੀਟਿੰਗ 21 ਅਪ੍ਰੈਲ 1913 ਨੂੰ ਕੇਸਰ ਸਿੰਘ ਦੀ ਆਰਾ ਮਿਲ ਵਿਚ ਆਸਟੋਰੀਆ (ਓਰੇਗਾਨ) ਵਿਚ ਬੁਲਾਈ ਗਈ। ਹੋਰਾਂ ਤੋਂ ਇਲਾਵਾ ਇਸ ਮੀਟਿੰਗ ਵਿਚ ਕਰਤਾਰ ਸਿੰਘ ਸਰਾਭਾ ਵੀ ਸ਼ਾਮਲ ਸੀ। ਇਸ ਮੀਟਿੰਗ ਵਿਚ ਹੋਏ ਫ਼ੈਸਲੇ ਅਨੁਸਾਰ ਨਵੀਂ ਸੰਸਥਾ ਦਾ ਨਾਮ 'ਦੀ ਹਿੰਦੀ ਐਸੋਸੀਏਸ਼ਨ ਆਫ਼ ਪੈਸੇਫ਼ਿਕ ਕੋਸਟ' ਰਖਿਆ ਗਿਆ। ਇਸ ਮੀਟਿੰਗ ਵਿਚ ਬਰਿਡਲ ਵੇਲ, ਪੋਰਟਲੈਂਡ, ਵੀਨਾ, ਸੇਂਟ ਜਾਨ ਅਤੇ ਲਿੰਟਨ ਤੋਂ ਡੈਲੀਗੇਟ ਆਏ ਹੋਏ ਸਨ। ਲਾਲਾ ਹਰਦਿਆਲ ਨੇ ਆਏ

Digitized by Panjab Digital Library | www.panjabdigilib.org

ਹੋਏ ਡੈਲੀਗੇਟਾਂ ਨੂੰ ਸੰਬੋਧਨ ਕਰਦਿਆਂ ਇਹ ਮੰਗ ਕੀਤੀ ਕਿ ਉਹ ਨੌਜਵਾਨ ਅਗੇ ਆਉਣ ਜੋ ਆਪਣੇ ਦੇਸ਼ ਦੀ ਆਜ਼ਾਦੀ ਲਈ ਆਪਣਾ ਤਨ, ਮਨ ਅਤੇ ਧਨ ਅਰਪਣ ਕਰਨ ਲਈ ਤਿਆਰ ਹੋਣ। ਬਾਬਾ ਕਰਤਾਰ ਸਿੰਘ ਲਤਾਲਾ ਦੇ ਬਿਆਨ ਅਨੁਸਾਰ ਜੇਹੜੇ ਨੌਂ ਵਲੰਟੀਅਰ ਅਗੇ ਹੋਏ ਉਨ੍ਹਾਂ ਵਿਚੋਂ ਸ੍ਰ: ਕਰਤਾਰ ਸਿੰਘ ਸਰਾਭਾ ਸਭ ਤੋਂ ਪਹਿਲਾ ਸੀ। ਲਗਦਾ ਹੈ ਜਿਵੇਂ ਆਨੰਦਪੁਰ ਸਾਹਿਬ ਵਿਖੇ ਕੀਤੀ ਗਈ ਸਿਰਾਂ ਦੀ ਮੰਗ ਇਕ ਵਾਰ ਫ਼ਿਰ ਕਿਸੇ ਹੋਰ ਰੂਪ ਵਿਚ ਇੱਥੇ ਦੁਹਰਾਈ ਗਈ ਸੀ ਤੇ ਸ੍ਵੈਮਾਨ ਅਤੇ ਆਜ਼ਾਦੀ ਦੀ ਸ਼ਮਾਂ ਨੂੰ ਜਗਦਾ ਰਖਣ ਵਾਲੇ ਪ੍ਰਵਾਨੇ ਆਪਣੇ ਸਿਰ ਤਲੀ ਤੇ ਰੱਖ ਕੇ ਅਗੇ ਆ ਗਏ ਸਨ। ਸ੍ਰ: ਸੋਹਣ ਸਿੰਘ ਭਕਨਾ ਨੂੰ ਇਸ ਜਥੇਬੰਦੀ ਦਾ ਪ੍ਰਧਾਨ, ਲਾਲਾ ਹਰਦਿਆਲ ਨੂੰ ਜਨਰਲ ਸਕੱਤਰ, ਕੇਸਰ ਸਿੰਘ ਥਟਗੜ੍ਹ ਨੂੰ ਮੀਤ ਪ੍ਰਧਾਨ ਅਤੇ ਪੰਡਿਤ ਕਾਂਸ਼ੀ ਰਾਮ ਨੂੰ ਖ਼ਜ਼ਾਨਚੀ ਨਿਯੁਕਤ ਕੀਤਾ ਗਿਆ। ਕਰਤਾਰ ਸਿੰਘ ਸਰਾਭਾ ਨੂੰ ਉਸਦੀ ਛੋਟੀ ਉਮਰ ਕਰਕੇ ਪਾਰਟੀ ਦਾ ਕੋਈ ਅਹੁਦਾ ਤਾਂ ਨਾ ਦਿੱਤਾ ਗਿਆ ਪਰ ਇਕ ਨਵੰਬਰ 1913 ਨੂੰ ਜਦੋਂ 'ਗ਼ਦਰ' ਪਰਚੇ ਦਾ ਪ੍ਰਕਾਸ਼ਨ ਸ਼ੁਰੂ ਹੋਇਆ ਤਾਂ ਉਸਦੀ ਸਾਰੀ ਜ਼ਿਮੇਂਵਾਰੀ ਕਰਤਾਰ ਸਿੰਘ ਸਰਾਭਾ ਨੂੰ ਹੀ ਸੌਂਪੀ ਗਈ। ਇਸ ਪਰਚੇ ਦੇ ਨਾਮ ਤੇ ਹੀ 'ਹਿੰਦੀ ਐਸੋਸੀਏਸ਼ਨ ਆਫ਼ ਪੈਸਿਫ਼ਿਕ ਕੋਸਟ' ਦਾ ਨਾਮ ਬਦਲ ਕੇ 'ਗ਼ਦਰ ਲਹਿਰ' ਪ੍ਰਸਿੱਧ ਹੋ ਗਿਆ।

'ਗ਼ਦਰ' ਦਾ ਪਹਿਲਾ ਪਰਚਾ ਉਰਦੂ ਵਿਚ ਕਢਿੱਆ ਗਿਆ। ਇਸ ਦਾ ਪੰਜਾਬੀ ਪ੍ਰਕਾਸ਼ਨ 8 ਦਸੰਬਰ 1913 ਤੋਂ ਸ਼ੁਰੂ ਹੋਇਆ। ਕੁਝ ਚਿਰ ਮਗਰੋਂ ਇਸਦੇ ਹਿੰਦੀ ਅਤੇ ਗੁਜਰਾਤੀ ਸੰਸਕਰਨ ਵੀ ਨਿਕਲਣੇ ਸ਼ੁਰੂ ਹੋ ਗਏ। ਪੰਜਾਬੀ ਪਰਚੇ ਦੀ ਦੇਖ ਰੇਖ ਦਾ ਸਾਰਾ ਕੰਮ ਕਰਤਾਰ ਸਿੰਘ ਸਰਾਭਾ ਕੋਲ ਸੀ। ਪਰਚੇ ਦੇ ਮੁੱਖ ਪੰਨੇ ਤੇ ਇਹ ਸਤਰਾਂ ਦਰਜ ਹੁੰਦੀਆਂ ਸਨ।

ਜੇ ਚਿੱਤ ਪ੍ਰੇਮ ਖੇਲਨ ਦਾ ਚਾਉ
ਸਿਰ ਧਰ ਤਲੀ ਗਲੀ ਮੇਰੀ ਆਉ।

ਸੋਹਣ ਸਿੰਘ ਜੋਸ਼, ਡਾਕਟਰ ਪੁਰੀ, ਡਾਕਟਰ ਦਿਉਲ, ਡਾਕਟਰ ਗੁਰਚਰਨ ਸਿੰਘ, ਪ੍ਰਿੰਸੀਪਲ ਨਾਹਰ ਸਿੰਘ ਅਤੇ ਪਿਆਰਾ ਸਿੰਘ ਦਾਤਾ ਆਪਣੀਆਂ ਰਚਨਾਵਾਂ ਵਿਚ ਲਿਖਦੇ ਹਨ ਕਿ ਕਰਤਾਰ ਨਿਰਾਪੁਰਾ ਅਖ਼ਬਾਰ ਦਾ ਐਡੀਟਰ ਹੀ ਨਹੀਂ ਸੀ ਸਗੋਂ ਉਹ ਆਪ ਹੀ ਕੰਪੋਜ਼ੀਟਰ, ਆਪ ਹੀ ਮਸ਼ੀਨ ਮੈਨ, ਆਪ ਹੀ ਦਫ਼ਤਰੀ ਅਤੇ ਆਪ ਹੀ ਇਸ ਪਰਚੇ ਨੂੰ ਗ਼ਦਰ ਪਾਰਟੀ ਦੇ ਮੈਂਬਰਾਂ ਤਕ ਪਹੁੰਚਾਣ ਵਾਲਾ ਹਰਕਾਰਾ ਸੀ। ਡਾ: ਫ਼ੌਜਾ ਸਿੰਘ 'ਐਮੀਨੈਂਟ ਫ਼ਰੀਡਮ ਫ਼ਾਈਟਰਜ਼ ਆਫ਼ ਪੰਜਾਬ' ਵਿਚ ਲਿਖਦੇ ਹਨ ਕਿ 'The Ghadar Newspaper was actually his child and to begin with, he bore practically the whole of its burden. ਸ੍ਰ: ਜੋਸ਼ ਲਿਖਦੇ ਹਨ ਕਿ ਇਹ ਅਖ਼ਬਾਰ ਉਸਦੀ ਹਿੰਮਤ ਅਤੇ ਸਿਰੜ ਸਦਕਾ ਨਿਕਲਣਾ ਸ਼ੁਰੂ ਹੋਇਆ ਸੀ। ਉਹ ਲਿਥੋ ਮਸ਼ੀਨ ਉਪਰ ਕੰਮ ਕਰਦਾ, ਲੇਖਾਂ ਦਾ ਪੰਜਾਬੀ ਵਿਚ ਉਤਾਰਾ ਅਤੇ ਤਰਜਮਾ ਕਰਦਾ ਅਤੇ ਸੰਪਾਦਕੀ ਦਾ ਬਹੁਤ ਸਾਰਾ ਕੰਮ ਸੰਭਾਲਦਾ। ਉਹ ਗ਼ਦਰ ਲਈ ਬੜੀਆਂ ਜੁਸ਼ੀਲੀਆਂ ਕਵਿਤਾਵਾਂ ਲਿਖਿਆ ਕਰਦਾ ਸੀ। ਜਦੋਂ ਪਰਚੇ ਦੀਆਂ ਕਾਪੀਆਂ ਆਪਣੇ ਸਾਈਕਲ ਤੇ ਰੱਖ ਕੇ ਉਹ ਘਰੋ ਘਰੀਂ ਵੰਡਣ ਜਾਂਦਾ ਤਾਂ ਉਸਦੇ ਬੁਲ੍ਹਾਂ ਤੇ ਅਕਸਰ ਇਹ ਪੰਕਤੀਆਂ ਹੋਇਆ ਕਰਦੀਆਂ ਸਨ :

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ
ਗੱਲਾਂ ਕਰਨੀਆਂ ਢੇਰ ਸੁਖਲੀਆਂ ਨੇ

Digitized by Panjab Digital Library | www.panjabdigilib.org

ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਪਾਇਆ
ਉਹਨਾਂ ਲੱਖ ਮੁਸੀਬਤਾਂ ਝੱਲੀਆਂ ਨੇ।

ਸ੍ਰ: ਕਰਤਾਰ ਸਿੰਘ ਸਰਾਭਾ ਦੀ ਅਣਥੱਕ ਮੇਹਨਤ, ਲਗਨ ਅਤੇ ਹਿੰਮਤ ਸਦਕਾ ਇਹ ਪਰਚਾ ਅਮਰੀਕਾ ਅਤੇ ਕੈਨੇਡਾ ਦੀਆਂ ਹਦਾਂ ਪਾਰ ਕਰਕੇ ਯੂਰਪ, ਉੱਤਰ ਪੂਰਬੀ ਏਸ਼ੀਆ ਅਤੇ ਭਾਰਤ ਤਕ ਵੀ ਪਹੁੰਚਣਾ ਸ਼ੁਰੂ ਹੋ ਗਿਆ। 'ਗ਼ਦਰ' ਵਿਚ ਛਪਣ ਵਾਲੀਆਂ ਖ਼ਬਰਾਂ, ਲੇਖ ਅਤੇ ਕਵਿਤਾਵਾਂ ਨੇ ਭਾਰਤੀ ਕਾਮਿਆਂ ਅਤੇ ਖ਼ਾਸ ਕਰਕੇ ਪੰਜਾਬੀਆਂ ਦੀ ਜ਼ਿੰਦਗੀ ਵਿਚ ਇਕ ਬੜਾ ਵਡਾ ਪ੍ਰੀਵਰਤਨ ਲੈ ਆਂਦਾ। ਆਮ ਤੌਰ ਤੇ ਪਰਚੇ ਵਿਚ ਇਹੋ ਜਹੀਆਂ ਰਚਨਾਵਾਂ ਛਪਿਆ ਕਰਦੀਆਂ ਸਨ :

ਹਿੰਦੂ ਸਿੱਖ ਪਠਾਣ ਤੇ ਮੁਸਲਮਾਨੋ
ਫ਼ੌਜਾਂ ਵਾਲਿਉ ਜ਼ਰਾ ਖ਼ਿਆਲ ਕਰਨਾ।
ਦੇਸ਼ ਲੁੱਟ ਫਰੰਗੀਆਂ ਲਿਆ ਸਾਡਾ
ਅਸੀਂ ਜੰਗ ਹੁਣ ਇਨ੍ਹਾਂ ਦੇ ਨਾਲ ਕਰਨਾ।
ਕਰਕੇ ਦੂਰ ਫਰੰਗੀਆਂ ਪਾਮਰਾਂ ਨੂੰ
ਰੌਸ਼ਨ ਹਿੰਦ ਨੂੰ ਵਾਂਗ ਮਸ਼ਾਲ ਕਰਨਾ।
...
ਹਿੰਦੂ ਸਿੱਖ, ਪਠਾਣ ਤੇ ਮੁਸਲਮਾਨੋ
ਫ਼ੌਜਾਂ ਵਾਲਿਉ ਤਿਆਰ ਬਰ ਤਿਆਰ ਹੋ ਜਾਉ।
ਗਾਨੇ ਬੰਨ੍ਹ ਲਉ ਹੱਥ ਸ਼ਹੀਦੀਆਂ ਦੇ
ਲੜ ਕੇ ਮਰੋ ਜਾਂ ਮਾਰਨੇ ਹਾਰ ਹੋ ਜਾਉ।
...
ਬਿਨਾ ਜੁੱਧ ਕੀਤੇ ਨਹੀਂ ਜਾਣ ਪਾਜੀ,
ਕੋਈ ਬਾਤ ਨਾ ਹੋਰ ਛੁਟਕਾਰ ਵਾਲੀ।
ਜੜ੍ਹੋਂ ਜ਼ੁਲਮ ਅੰਗਰੇਜ਼ ਦਾ ਕਟਣੇ ਲਈ
ਕਰੋ ਤੇਜ਼ ਹੁਣ ਧਾਰ ਤਲਵਾਰ ਵਾਲੀ॥

10 ਫ਼ਰਵਰੀ 1914 ਨੂੰ ਗ਼ਦਰ ਪਰਚੇ ਵਿਚ ਇਹ ਇਸ਼ਤਿਹਾਰ ਦਿੱਤਾ ਗਿਆ।

ਜ਼ਰੂਰਤ ਹੈ ਜ਼ਰੂਰਤ ਹੈ-ਨਿਡਰ ਅਤੇ ਬਹਾਦਰ ਸਿਪਾਹੀਆਂ ਦੀ,
ਹਿੰਦੁਸਤਾਨ ਵਿਚ ਗ਼ਦਰ ਮਚਾਉਣ ਵਾਸਤੇ।

| | | | | |
|---|---|---|---|---|
| ਤਨਖ਼ਾਹ | - | ਮੌਤ | | |
| ਇਨਾਮ | - | ਸ਼ਹੀਦੀ | | |
| ਪੈਨਸ਼ਨ | - | ਆਜ਼ਾਦੀ | | |
| ਮੁਕਾਮ | - | ਮੈਦਾਨੇ ਜੰਗ | - | ਹਿੰਦੁਸਤਾਨ। |

ਇਸੇ ਤਰ੍ਹਾਂ 10 ਮਈ 1914 ਨੂੰ 'ਗ਼ਦਰ' ਵਿਚ ਇਹ ਛਾਪਿਆ ਗਿਆ, 'ਆਜ਼ਾਦੀ ਮੰਗਣੇ ਸੇ ਨਹੀਂ ਮਿਲਦੀ। ਬਹਾਦਰ ਲੋਕ ਜ਼ੋਰ ਨਾਲ ਆਜ਼ਾਦੀ ਲੈਂਦੇ ਹਨ। ਡਰਪੋਕ ਆਦਮੀ ਤਾਂ

Digitized by Panjab Digital Library | www.panjabdigilib.org

ਦਿੱਤੀ ਹੋਈ ਆਜ਼ਾਦੀ ਵੀ ਨਹੀਂ ਰੱਖ ਸਕਦੇ। ਜੇ ਕਰ ਬਹਾਦਰ ਬਣਨਾ ਹੈ ਤਾਂ ਗ਼ਦਰ ਕਰੋ। ਜੇ ਗ਼ਦਰ ਕਰਨਾ ਹੈ ਤਾਂ ਬਹਾਦਰ ਬਣੋ। ਬਹਾਦਰ ਬਣਨ ਵਾਸਤੇ ਸਿਰ ਤੇ ਕਫ਼ਨ ਬੰਨ੍ਹ ਕੇ ਮੈਦਾਨੇ ਜੰਗ ਵਿਚ ਆ ਜਾਉ'।

'ਗ਼ਦਰ' ਪਰਚੇ ਦੁਆਰਾ ਹੋ ਰਹੇ ਇਨਕਲਾਬੀ ਪ੍ਰਚਾਰ ਕਾਰਨ 'ਗ਼ਦਰ ਲਹਿਰ' ਵੀ ਜ਼ੋਰ ਪਕੜ ਗਈ। ਗ਼ਦਰ ਦਾ ਉਦੇਸ਼ ਭਾਰਤ ਨੂੰ ਬਰਤਾਨਵੀ ਪ੍ਰਸ਼ਾਸਨ ਤੋਂ ਸ਼ਸਤਰ-ਬੱਧ ਬਗ਼ਾਵਤ ਦੁਆਰਾ ਮੁਕਤ ਕਰਵਾਉਣਾ ਸੀ। ਇਸਦੇ ਨਾਲ ਹੀ ਨਾਲ ਭਾਰਤ ਵਿਚ ਸ੍ਵੈ-ਸ਼ਾਸਨ ਦਾ ਇਕ ਅਜਿਹਾ ਪ੍ਰਬੰਧ ਸਥਾਪਤ ਕਰਨਾ ਸੀ ਜੋ ਸੁਤੰਤਰਤਾ, ਸਮਾਨਤਾ ਅਤੇ ਭਰਾਤਰੀ ਭਾਵ ਦੇ ਸਿਧਾਤਾਂ ਤੇ ਅਧਾਰਤ ਹੋਵੇ। ਨਾਲ ਹੀ ਨਾਲ ਵਿਚਾਰਾਂ ਦੀ ਆਜ਼ਾਦੀ, ਬੋਲਣ ਦੀ ਆਜ਼ਾਦੀ, ਪ੍ਰੈਸ ਦੀ ਆਜ਼ਾਦੀ ਅਤੇ ਲੋਕ ਭਲਾਈ ਲਈ ਸੰਗਠਨਾਂ ਦੀ ਸੁਤੰਤਰਤਾ ਵੀ ਗ਼ਦਰ ਲਹਿਰ ਦੇ ਪ੍ਰੋਗਰਾਮ ਦਾ ਹਿੱਸਾ ਸਨ ਜਿਨ੍ਹਾਂ ਦਾ ਅੰਤਿਮ ਨਿਸ਼ਾਨਾਂ ਰਾਜਸੀ ਆਜ਼ਾਦੀ ਹਾਸਲ ਕਰਨਾ ਸੀ, ਜਿਸ ਲਈ ਭਾਰਤ ਤੋਂ ਗਏ ਇਹ ਪ੍ਰਵਾਸੀ ਲਾਮ ਬੱਧ ਹੋ ਰਹੇ ਸਨ। ਕਰਤਾਰ ਸਿੰਘ ਸਰਾਭਾ ਦੇ ਦਿਲੋ ਦਿਮਾਗ਼ ਤੇ ਦੇਸ਼ ਦੀ ਆਜ਼ਾਦੀ ਦਾ ਇਕ ਅਜੀਬ ਨਸ਼ਾ ਛਾਇਆ ਹੋਇਆ ਸੀ ਜਿਸ ਦੀ ਧੁੰਨ ਵਿਚ ਉਹ ਆਪਣੇ ਸਾਰੇ ਸੁੱਖ ਅਤੇ ਆਰਾਮ ਤਿਆਗ ਕੇ ਇਹ ਫ਼ੈਸਲਾ ਕਰ ਚੁਕਾ ਸੀ ਕਿ :

ਬਾਝੋਂ ਸਿਰ ਦਿਤਿਆਂ ਨਾ ਕੰਮ ਸਰਨਾ
ਯੁੱਧ ਵਿਚ ਪਵੇਗਾ ਜ਼ਰੂਰ ਮਰਨਾ।
ਪਾਵੋ ਲਲਕਾਰ ਸ਼ੇਰਾਂ ਵਾਂਗ ਗੱਜ ਕੇ
ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ।
...
ਸੂਰਿਆਂ ਦਾ ਕੰਮ ਨਹੀਂ ਪਿੱਛੇ ਹਟਣਾ
ਛੱਕ ਕੇ ਸ਼ਹੀਦੀ ਬਾਟਾ ਜੱਸ ਖਟਣਾ।
ਬੋਲੋ ਬੰਦੇ ਮਾਤ੍ਰਮ ਸਾਰੇ ਗੱਜ ਕੇ
ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ॥

ਕਰਤਾਰ ਸਿੰਘ ਦੇ ਇਸ ਕੰਮ ਵਿਚ ਉਸਦੇ ਸਹਿਯੋਗੀ ਰਘੁਬਰ ਦਿਆਲ ਗੁਪਤਾ, ਭਾਈ ਹਰਨਾਮ ਸਿੰਘ ਕੋਟਲਾ ਨੌਧ ਸਿੰਘ, ਸੋਹਣ ਸਿੰਘ ਭਕਨਾ, ਪੰਡਿਤ ਜਗਤ ਰਾਮ, ਪੰਡਿਤ ਸੋਹਨ ਲਾਲ ਪਾਠਕ ਅਤੇ ਪ੍ਰਿਥਵੀ ਸਿੰਘ ਆਜ਼ਾਦ ਵੀ ਬਹੁਤ ਹੱਥ ਵਟਾਇਆ ਕਰਦੇ ਸਨ। ਇਨ੍ਹਾਂ ਦੀਆਂ ਗਤੀਵਿਧੀਆਂ ਦਾ ਕੇਂਦਰ 'ਯੁਗਾਂਤਰ ਅਸ਼ਰਮ' ਸੀ ਜੋ ਸਾਨਫ੍ਰਾਂਸਿਸਕੋ ਵਿਖੇ ਸਥਿਤ ਸੀ।

ਗ਼ਦਰ ਲਹਿਰ ਦੇ ਜ਼ੋਰ ਪਕੜ ਜਾਣ ਕਰਕੇ ਅਮਰੀਕਾ ਅਤੇ ਕੈਨੇਡਾ ਦੇ ਗੋਰੇ ਅਧਿਕਾਰੀ ਚੌਕਸ ਹੋ ਗਏ। ਉਧਰੋਂ ਪਹਿਲੀ ਵਿਸ਼ਵ ਜੰਗ ਸ਼ੁਰੂ ਹੋ ਜਾਣ ਦੇ ਆਸਾਰ ਬਣਦੇ ਜਾ ਰਹੇ ਸਨ। ਉਨ੍ਹਾਂ ਨੇ ਪਾਰਟੀ ਦੇ ਜਨਰਲ ਸਕੱਤਰ ਲਾਲਾ ਹਰਦਿਆਲ ਵਿਰੁੱਧ ਕੇਸ ਬਣਾ ਕੇ 25 ਮਾਰਚ 1914 ਨੂੰ ਗ੍ਰਿਫ਼ਤਾਰ ਕਰ ਲਿਆ। ਗ਼ਦਰ ਪਾਰਟੀ ਦੇ ਮੈਂਬਰਾਂ ਨੇ ਲਾਲਾ ਹਰਦਿਆਲ ਦੀ ਜ਼ਮਾਨਤ ਦੇਕੇ ਉਸਨੂੰ ਰਿਹਾ ਕਰਵਾ ਲਿਆ ਤੇ ਉਹ 14 ਅਪ੍ਰੈਲ 1914 ਨੂੰ ਗੁਪਤ ਤੌਰ ਤੇ ਸਵਿਟਜ਼ਰਲੈਂਡ ਚਲਾ ਗਿਆ। ਉਸਦੇ ਚਲੇ ਜਾਣ ਨਾਲ ਪਾਰਟੀ ਅਤੇ ਪਰਚੇ ਦਾ ਸਾਰਾ ਭਾਰ ਪਾਰਟੀ ਦੇ ਪ੍ਰਧਾਨ

Digitized by Panjab Digital Library | www.panjabdigilib.org

ਸ੍ਰ: ਸੋਹਣ ਸਿੰਘ, ਜਨਰਲ ਸਕੱਤਰ ਸਨਤੋਖ ਸਿੰਘ ਅਤੇ ਗ਼ਦਰ ਪਰਚੇ ਦੀ ਜਿੰਦ-ਜਾਨ ਸਮਝੇ ਜਾਂਦੇ ਸ੍ਰ: ਕਰਤਾਰ ਸਿੰਘ ਸਰਾਭਾ ਅਤੇ ਹੋਰ ਸਾਥੀਆਂ ਤੇ ਆ ਪਿਆ ਜੋ ਭਾਰਤ ਪਰਤ ਕੇ ਦੇਸ਼ ਵਿਚ ਗ਼ਦਰ ਸ਼ੁਰੂ ਕਰਨ ਦੀਆਂ ਯੋਜਨਾਵਾਂ ਬਣਾ ਰਹੇ ਸਨ।

ਸਸ਼ਸਤਰ ਕ੍ਰਾਂਤੀ ਲਈ ਹਥਿਆਰਾਂ ਅਤੇ ਫ਼ੌਜੀ ਟ੍ਰੇਨਿੰਗ ਦੀ ਲੋੜ ਸੀ। ਲਹਿਰ ਨਾਲ ਜੁੜੇ ਹੋਏ ਵੱਖੋ ਵੱਖਰੇ ਮੈਂਬਰਾਂ ਅਤੇ ਵਿੱਦਿਆਰਥੀਆਂ ਨੂੰ ਇਸ ਕੰਮ ਲਈ ਅਮਰੀਕਾ ਸਥਿਤ ਕਈ ਕੇਂਦਰਾਂ ਵਿਚ ਭੇਜਿਆ ਗਿਆ। ਪੜ੍ਹਾਈ ਵਿਚ ਤੇਜ਼, ਦਮਾਗ਼ੀ ਤੌਰ ਉਤੇ ਚੁਸਤ ਅਤੇ ਡੀਲ ਡੌਲ ਵਜੋਂ ਸੋਹਣਾ ਤੇ ਸੁਨੱਖਾ ਹੋਣ ਕਰਕੇ ਕਰਤਾਰ ਸਿੰਘ ਸਰਾਭਾ ਨੂੰ ਹਵਾਈ ਜਹਾਜ਼ ਚਲਾਉਣ ਅਤੇ ਉਨ੍ਹਾਂ ਦੀ ਮੁਰੰਮਤ ਕਰਨ ਦੀ ਯੋਗਿਤਾ ਹਾਸਲ ਕਰਨ ਲਈ ਨਿਊਯਾਰਕ ਭੇਜਿਆ ਗਿਆ। ਅਜੇ ਜਹਾਜ਼ਾਂ ਦਾ ਅਵਿਸ਼ਕਾਰ ਕੁੱਝ ਵਰ੍ਹੇ ਪਹਿਲਾਂ ਹੀ ਹੋਇਆ ਸੀ ਅਤੇ ਪਹਿਲੀ ਵਿਸ਼ਵ ਜੰਗ ਵਿਚ ਇਨ੍ਹਾਂ ਦੇ ਵਰਤੇ ਜਾਣ ਦੀ ਸੰਭਾਵਣਾ ਸੀ। ਕਰਤਾਰ ਸਿੰਘ ਨੇ 6 ਮਹੀਨੇ ਦੀ ਟ੍ਰੇਨਿੰਗ ਕੇਵਲ 4 ਮਹੀਨਿਆਂ ਵਿਚ ਹੀ ਪੂਰੀ ਕਰ ਲਈ। ਜਤਿੰਦਰ ਨਾਥ ਲਹਿਰੀ ਨੂੰ ਬੰਬ ਬਣਾਉਣ ਅਤੇ ਯੁੱਧ ਕਲਾ ਸਿੱਖਣ ਲਈ ਸ਼ਿਕਾਗੋ ਭੇਜਿਆ ਗਿਆ। ਛਾਪਾ ਮਾਰ ਯੁੱਧ ਕਲਾ ਦੀ ਟ੍ਰੇਨਿੰਗ ਲਈ ਡੀ. ਚੈਚੀਆਹ ਅਤੇ ਡਾ: ਖਾਨਖੋਜੀ ਨੂੰ ਊਟਾਹ (Utah) ਅਤੇ ਇਕ ਹੋਰ ਮਿਲਟਰੀ ਅਕੈਡਮੀ ਵਿਚ ਭੇਜਿਆ ਗਿਆ। ਮਾਸਟਰ ਊਧਮ ਸਿੰਘ ਕਸੇਲ ਦੇ ਜ਼ਿਮੇਂ ਦੂਜੇ ਪਾਰਟੀ ਵਲੰਟੀਅਰਾਂ ਨੂੰ ਸੈਨਿਕ ਸਿੱਖਿਆ ਦੇਣ ਦੀ ਜ਼ਿੰਮੇਵਾਰੀ ਲਗਾਈ ਗਈ। ਉਹ ਪਹਿਲਾਂ ਬ੍ਰਿਟਿਸ਼ ਆਰਮੀ ਵਿਚ ਕੰਮ ਕਰ ਚੁਕਾ ਸੀ। ਹਥਿਆਰ ਖ਼ਰੀਦਣ ਲਈ ਫੰਡ ਇਕੱਤਰ ਕੀਤੇ ਗਏ। ਇਸ ਕੰਮ ਵਿਚ ਪੰਜਾਬੀਆਂ ਅਤੇ ਖ਼ਾਸ ਕਰਕੇ ਸਿੱਖ ਪ੍ਰਵਾਸੀਆਂ ਨੇ ਬਹੁਤ ਵੱਡਾ ਹਿੱਸਾ ਪਾਇਆ। ਡਾ: ਪੁਰੀ 'ਗ਼ਦਰ ਮੂਵਮੈਂਟ' ਵਿਚ ਲਿਖਦਾ ਹੈ ਕਿ 'The Sikh brothers... were the patriotic donors of funds and army of Ghadar'.

ਜਦੋਂ ਗ਼ਦਰ ਦੀਆਂ ਇਹ ਤਿਆਰੀਆਂ ਜਾਰੀ ਸਨ ਤਾਂ ਕੋਮਾਗਾਟਾ ਮਾਰੂ ਜਹਾਜ਼ ਦੀ ਘਟਨਾ ਨੇ ਵਿਦਰੋਹ ਦੀ ਭਾਵਨਾਂ ਨੂੰ ਹੋਰ ਉਤੇਜਿਤ ਕਰ ਦਿੱਤਾ। ਬਾਬਾ ਗੁਰਦਿੱਤ ਸਿੰਘ ਕੈਨੇਡੀਅਨ ਇਮੀਗ੍ਰੇਸ਼ਨ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਕੇ 376 ਮੁਸਾਫ਼ਰਾਂ ਸਮੇਤ 23 ਮਈ 1914 ਨੂੰ ਵੈਨਕੂਵਰ ਦੀ ਬੰਦਰਗਾਹ ਤੇ ਪਹੁੰਚਿਆ। ਪਰ ਕੈਨੇਡਾ ਦੇ ਅਧਿਕਾਰੀਆਂ ਨੇ ਉਨ੍ਹਾਂ ਮੁਸਾਫ਼ਰਾਂ ਨੂੰ ਜਹਾਜ਼ ਤੋਂ ਉਤਰਨ ਦੀ ਇਜਾਜ਼ਤ ਨਾ ਦਿੱਤੀ ਅਤੇ ਉਹ 23 ਜੁਲਾਈ 1914 ਨੂੰ ਵਾਪਸ ਕਲਕੱਤਾ ਲਈ ਚਲ ਪਏ। ਇਹ ਜਹਾਜ਼ ਅਜੇ ਪ੍ਰਸ਼ਾਂਤ ਮਹਾਂ ਸਾਗਰ ਦੇ ਪਾਣੀਆਂ ਵਿਚ ਹੀ ਸੀ ਕਿ ਵਿਸ਼ਵ ਜੰਗ ਸ਼ੁਰੂ ਹੋ ਗਈ। ਕੋਮਾਗਾਟਾ ਮਾਰੂ ਜਹਾਜ਼ ਦੇ ਪਰਤਦਿਆਂ ਹੀ ਸਾਰੀ ਸਥਿਤੀ ਦਾ ਜਾਇਜ਼ਾ ਲੈਣ ਅਤੇ ਭਵਿੱਖ ਦੀ ਕਾਰਵਾਈ ਉਲੀਕਣ ਲਈ ਵਖੋ ਵਖਰੇ ਸ਼ਹਿਰਾਂ ਵਿਚ ਕਈ ਮੀਟਿੰਗਾਂ ਸਦੀਆਂ ਗਈਆਂ। ਸ੍ਰ: ਭਗਵਾਨ ਸਿੰਘ ਜਿਸ ਨੂੰ ਬਾਬਾ ਸੋਹਣ ਸਿੰਘ ਭਕਨਾ ਦੇ ਅਮਰੀਕਾ ਤੋਂ ਚਲੇ ਜਾਣ ਮਗਰੋਂ ਪਾਰਟੀ ਦਾ ਪ੍ਰਧਾਨ ਬਣਾਇਆ ਗਿਆ ਸੀ, ਨੇ 5 ਅਗਸਤ 1914 ਨੂੰ 'ਐਲਾਨੇ-ਜੰਗ' ਤਿਆਰ ਕੀਤਾ ਜਿਸ ਰਾਹੀਂ ਭਾਰਤੀ ਨੌਜਵਾਨਾਂ ਨੂੰ ਅਪੀਲ ਕੀਤੀ ਗਈ ਕਿ ਉਹ ਆਪਣੇ ਕੰਮ-ਧੰਦੇ ਤੇ ਹਰ ਚੀਜ਼ ਦਾ ਮੋਹ ਤਿਆਗ ਕੇ ਵਾਪਸ ਸੁਦੇਸ਼ ਪਹੁੰਚਣ ਤਾਂ ਜੁ ਭਾਰਤ ਜਾਕੇ ਗ਼ਦਰ ਸ਼ੁਰੂ ਕੀਤਾ ਜਾ ਸਕੇ। ਸੋਹਣ ਸਿੰਘ ਭਕਨਾ ਨੂੰ ਕੁਝ ਹਥਿਆਰ, ਪਸਤੌਲਾਂ ਅਤੇ ਕਾਰਤੂਸ ਦੇਕੇ ਭੇਜਿਆ ਗਿਆ ਕਿ ਉਹ ਕੋਮਾਗਾਟਾ ਮਾਰੂ ਜਹਾਜ਼ ਤੋਂ ਅਗੇਤਰੇ ਜਾਪਾਨ ਪਹੁੰਚ ਕੇ ਇਹ

Digitized by Panjab Digital Library | www.panjabdigilib.org

ਹਥਿਆਰ ਜਹਾਜ਼ ਦੇ ਮੁਸਾਫ਼ਰਾਂ ਤਕ ਪਹੁੰਚਾ ਦੇਵੇ।

ਨੌਜਵਾਨਾਂ ਨੂੰ ਭਾਰਤ ਭੇਜਣ ਲਈ ਮੀਟਿੰਗਾਂ ਸਦੀਆਂ ਅਤੇ ਪ੍ਰੋਗਰਾਮ ਬਣਾਏ ਜਾ ਰਹੇ ਸਨ ਕਿ ਸ੍ਰ: ਕਰਤਾਰ ਸਿੰਘ ਸਰਾਭਾ ਆਪਣੇ ਸਾਥੀ ਰਘੂਬਰ ਦਿਆਲ ਗੁਪਤਾ ਨੂੰ ਨਾਲ ਲੈਕੇ ਭਾਰਤ ਲਈ ਚਲ ਪਿਆ। ਉਸ ਨੇ ਪਾਰਟੀ ਦਾ ਫ਼ੈਸਲਾ ਉਡੀਕਣ ਦੀ ਵੀ ਢਿੱਲ ਨਾ ਕੀਤੀ। ਉਸਨੂੰ ਇਹ ਵੀ ਸ਼ਕ ਸੀ ਕਿ ਸ਼ਾਇਦ ਪਾਰਟੀ ਦੇ ਵਡੇਰੀ ਉਮਰ ਦੇ ਮੈਂਬਰ ਉਸਨੂੰ 'ਬੱਚਾ' ਸਮਝ ਕੇ ਗ਼ਦਰ ਵਿਚ ਹਿੱਸਾ ਲੈਣ ਲਈ ਭਾਰਤ ਨਾ ਭੇਜਣ। ਉਹ ਰਸਤੇ ਵਿਚ ਕੋਬੇ (ਜਾਪਾਨ) ਦੀ ਬੰਦਰਗਾਹ ਤੇ ਬਾਬਾ ਸੋਹਣ ਸਿੰਘ ਭਕਨਾ ਨੂੰ ਮਿਲਿਆ ਅਤੇ ਉਸਨੂੰ ਕਿਹਾ ਕਿ ਉਹ ਵੀ ਕੋਮਾਗਾਟਾ ਮਾਰੂ ਜਹਾਜ਼ ਦੇ ਮੁਸਾਫ਼ਰਾਂ ਨੂੰ ਹਥਿਆਰ ਪਹੁੰਚਾਣ ਦਾ ਕੰਮ ਪੂਰਾ ਕਰਕੇ ਜਲਦੀ ਹਿੰਦੁਸਤਾਨ ਪਹੁੰਚ ਜਾਵੇ। ਡਾ: ਗੁਰਚਰਨ ਸਿੰਘ ਅਤੇ ਐਸ. ਐਨ. ਅਗਰਵਾਲ (The Heroes of Cellular Jail) ਅਨੁਸਾਰ ਸ੍ਰ: ਕਰਤਾਰ ਸਿੰਘ ਸਰਾਭਾ ਨਿਪੋਨਮਾਰੂ ਜਹਾਜ਼ ਰਾਹੀਂ ਕੋਲੰਬੋ ਅਤੇ ਮਦਰਾਸ ਹੁੰਦਾ ਹੋਇਆ 15 ਸਤੰਬਰ 1914 ਨੂੰ ਪੰਜਾਬ ਪਹੁੰਚ ਗਿਆ ਜਦ ਕਿ ਸੋਹਣ ਸਿੰਘ ਭਕਨਾ ਨੂੰ 13 ਅਕਤੂਬਰ 1914 ਨੂੰ 'ਨਾਮਸੰਗ' ਰਾਹੀਂ ਕਲਕਤਾ ਪਹੁੰਚਣ ਤੇ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ ਨਾਲ ਗ਼ਦਰ ਪਾਰਟੀ ਦੇ ਹੋਰ ਵੀ 83 ਮੈਂਬਰ ਪਕੜ ਲਏ ਗਏ ਜੇਹੜੇ ਬਾਬਾ ਸੋਹਣ ਸਿੰਘ ਨਾਲ ਦੇਸ਼ ਵਿਚ ਗ਼ਦਰ ਮਚਾਉਣ ਦੇ ਉਦੇਸ਼ ਨਾਲ ਭਾਰਤ ਪਹੁੰਚੇ ਸਨ। ਇਨ੍ਹਾਂ ਵਿਚ ਭਾਈ ਬੀਰ ਸਿੰਘ ਬਾਹੋਵਾਲ ਅਤੇ ਭਾਈ ਜਵੰਦ ਸਿੰਘ ਵੀ ਸ਼ਾਮਲ ਸਨ। ਇਤਿਹਾਸਕਾਰਾਂ ਦਾ ਇਹ ਮੰਨਣਾ ਹੈ ਕਿ ਇਨ੍ਹਾਂ ਅਤੇ ਹੋਰ ਗ਼ਦਰੀ ਨੇਤਾਵਾਂ ਦਾ ਪਕੜੇ ਜਾਣਾ ਪਾਰਟੀ ਪ੍ਰੋਗਰਾਮਾਂ ਲਈ ਇਕ ਬੜਾ ਵਡਾ ਝਟਕਾ ਸੀ। ਪਕੜੇ ਗਏ ਪਾਰਟੀ ਵਰਕਰਾਂ ਅਤੇ ਨੇਤਾਵਾਂ ਨੂੰ ਮਾਮੂਲੀ ਜਹੀ ਕਾਨੂੰਨੀ ਕਾਰਵਾਈ ਦੇ ਬਾਦ ਲੰਮੀਆਂ ਸਜ਼ਾਵਾਂ ਸੁਣਾ ਕੇ ਦੇਸ਼ ਦੀਆਂ ਵਖੋ ਵਖਰੀਆਂ ਜੇਲ੍ਹਾਂ ਵਿਚ ਭੇਜ ਦਿੱਤਾ ਗਿਆ। Although the arrest of these leaders was a set back to their planning but it did not dampen the spirits of those who had escaped the dragnet of the police. ਹੁਣ ਹਿੰਦੁਸਤਾਨ ਵਿਚ ਗ਼ਦਰ ਮਚਾਉਣ ਦਾ ਸਾਰਾ ਭਾਰ ਸ੍ਰ: ਕਰਤਾਰ ਸਿੰਘ ਸਰਾਭਾ ਦੇ ਮੋਢਿਆਂ ਤੇ ਆ ਪਿਆ ਜੋ ਕਿਸੇ ਤਰ੍ਹਾਂ ਪੁਲਿਸ ਹਿਰਾਸਤ ਵਿਚ ਆਉਣ ਤੋਂ ਬਚ ਗਿਆ ਸੀ। ਇਸਦਾ ਵਡਾ ਕਾਰਨ ਉਸ ਦੁਆਰਾ ਰਾਹ ਬਦਲ ਕੇ ਸੁਦੇਸ਼ ਪਹੁੰਚਣਾ ਸੀ।

ਹਿੰਦੁਸਤਾਨ ਪਹੁੰਚਦਿਆਂ ਹੀ ਨੌਜਵਾਨ ਕ੍ਰਾਂਤੀਕਾਰੀ (agile revolutionary) ਸ੍ਰ: ਕਰਤਾਰ ਸਿੰਘ ਸਰਾਭਾ ਆਪਣੇ ਮਿਸ਼ਨ ਦੀ ਪੂਰਤੀ ਵਿਚ ਲਗ ਗਿਆ। ਉਦੋਂ ਉਸਦੀ ਉਮਰ ਕੇਵਲ 18 ਸਾਲ ਦੀ ਸੀ। ਉਸਦਾ ਨਿੱਤ ਦਾ ਪ੍ਰੋਗਰਾਮ ਇਸ ਤਰ੍ਹਾਂ ਸੀ ਕਿ ਉਹ ਪਿੰਡਾਂ ਵਿਚ ਜਾਂਦਾ, ਲੋਕਾਂ ਨੂੰ ਮਿਲਦਾ, ਉਨ੍ਹਾਂ ਵਿਚ ਗ਼ਦਰ ਦਾ ਪ੍ਰਚਾਰ ਕਰਦਾ ਅਤੇ ਲੋਕਾਂ ਨੂੰ ਅੰਗਰੇਜ਼ਾਂ ਵਿਰੁੱਧ ਤਿਆਰ ਹੋ ਜਾਣ ਲਈ ਪ੍ਰੇਰਦਾ। ਸਚਿੰਦਰ ਨਾਥ ਸਾਨਿਆਲ ਅਨੁਸਾਰ ਉਹ ਹਰ ਰੋਜ਼ 40-50 ਮੀਲ ਦਾ ਸਫ਼ਰ ਆਪਣੇ ਸਾਈਕਲ ਤੇ ਕਰਿਆ ਕਰਦਾ ਸੀ। ਉਹ ਲਿਖਦਾ ਹੈ ਕਿ Kartar Singh Sarabha was labouring surprisingly hard those days. He used to cover, on bicyle, forty to fifty miles in rural areas each day.

Digitized by Panjab Digital Library | www.panjabdigilib.org

ਦਲੇਰੀ ਅਤੇ ਹੌਸਲੇ ਵਿਚ ਉਸਦਾ ਕਦ ਸਭ ਤੋਂ ਵਡਾ ਸੀ। ਉਸਨੇ ਭਾਰਤ ਆਉਂਦਿਆਂ ਹੀ ਇਕ ਮਹਤੱਵਪੂਰਨ ਮੀਟਿੰਗ ਉਨ੍ਹਾਂ ਗ਼ਦਰੀ ਵਰਕਰਾਂ ਦੀ ਸਦੀ ਜੋ ਪੁਲਿਸ ਗ੍ਰਿਫ਼ਤਾਰੀਆਂ ਤੋਂ ਬਚ ਗਏ ਸਨ। ਸਰਕਾਰੀ ਅਤੇ ਗ਼ੈਰ ਸਰਕਾਰੀ ਰਿਪੋਰਟਾਂ ਦਸਦੀਆਂ ਹਨ ਕਿ 1914 ਤੋਂ 1916 ਦੇ ਵਿਚਕਾਰ ਸੁਦੇਸ਼ ਪਰਤਣ ਵਾਲੇ ਗ਼ਦਰੀ ਇਨਕਲਾਬੀਆਂ ਦੀ ਸੰਖਿਆ 6000 ਤੋਂ 8000 ਸੀ ਪਰ ਇਨ੍ਹਾਂ ਵਿਚੋਂ ਵਧੇਰੇ ਨੌਜਵਾਨ ਗ੍ਰਿਫ਼ਤਾਰ ਕਰ ਲਏ ਗਏ ਸਨ। ਕਰਤਾਰ ਸਿੰਘ ਸਰਾਭਾ ਦੁਆਰਾ ਸਦੀ ਗਈ ਮੀਟਿੰਗ 16-17 ਅਕਤੂਬਰ 1914 ਨੂੰ ਅੰਮ੍ਰਿਤਸਰ ਵਿਖੇ ਭਾਈ ਨਾਨਕ ਸਿੰਘ ਦੇ ਘਰ ਹੋਈ। ਇਸ ਵਿਚ ਇਹ ਫ਼ੈਸਲੇ ਕੀਤੇ ਗਏ ਕਿ :

(ੳ) ਸੁਦੇਸ਼ ਪਰਤਣ ਵਾਲੇ ਗ਼ਦਰ-ਮੈਂਬਰਾਂ ਦੀਆਂ ਲਿਸਟਾਂ ਤਿਆਰ ਕੀਤੀਆਂ ਜਾਣ।

(ਅ) ਪਾਰਟੀ ਦੇ ਪ੍ਰੋਗਰਾਮਾਂ ਨੂੰ ਚਲਾਉਣ ਲਈ ਫੰਡ ਅਤੇ ਹਥਿਆਰ੍ਹ ਇਕੱਠੇ ਕੀਤੇ ਜਾਣ।

(ੲ) ਪਾਰਟੀ ਦੇ ਪ੍ਰੋਗਰਾਮਾਂ ਨੂੰ ਅਮਲੀ ਰੂਪ ਦੇਣ ਲਈ ਸੈਨਿਕ ਛਾਉਣੀਆਂ ਨਾਲ ਸੰਪਰਕ ਪੈਦਾ ਕੀਤਾ ਜਾਵੇ ਅਤੇ ਗ਼ਦਰ ਦੀ ਤਰੀਕ ਨਿਸ਼ਚਿਤ ਕੀਤੀ ਜਾਵੇ।

(ਸ) ਬੰਗਾਲ ਅਤੇ ਦੇਸ਼ ਦੇ ਹੋਰ ਕ੍ਰਾਂਤੀਕਾਰੀਆਂ ਨਾਲ ਸੰਪਰਕ ਸਥਾਪਿਤ ਕਰਕੇ ਗ਼ਦਰ ਲਹਿਰ ਲਈ ਇਕ ਤਕੜਾ ਆਧਾਰ ਬਣਾਇਆ ਜਾਵੇ ਤਾਂਕਿ ਅੰਗਰੇਜ਼ ਦੇਸ਼ ਛੱਡ ਜਾਣ ਲਈ ਮਜਬੂਰ ਹੋ ਜਾਣ।

ਨਵੰਬਰ 1914 ਦੇ ਦੂਜੇ ਹਫ਼ਤੇ ਵਿਚ ਪਿੰਡ ਮੜੌਲੀ ਦਾ ਪੰਡਿਤ ਕਾਂਸ਼ੀ ਰਾਮ ਅਤੇ ਤੀਜੇ ਹਫ਼ਤੇ ਵਿਚ ਪੂਨਾ (ਮਹਾਰਾਸ਼ਟਰ) ਦਾ ਵਿਸ਼ਨੂੰ ਗਣੇਸ਼ ਪਿੰਗਲੇ ਕਰਤਾਰ ਸਿੰਘ ਸਰਾਭਾ ਦੁਆਰਾ ਬਣਾਈ ਯੋਜਨਾ ਵਿਚ ਆਕੇ ਸ਼ਾਮਲ ਹੋ ਗਏ। ਉਲੀਕੇ ਗਏ ਪ੍ਰੋਗਰਾਮ ਅਨੁਸਾਰ ਭਾਈ ਪ੍ਰੇਮ ਸਿੰਘ ਸੁਰ ਸਿੰਘੀਆ, ਭਾਈ ਗੁੱਜਰ ਸਿੰਘ ਭਕਨਾ, ਭਾਈ ਜਵੰਦ ਸਿੰਘ ਨੰਗਲ, ਭਾਈ ਉੱਤਮ ਸਿੰਘ ਹੰਸ, ਭਾਈ ਈਸ਼ਰ ਸਿੰਘ ਢੁੱਡੀਕੇ, ਭਾਈ ਗਾਂਧਾ ਸਿੰਘ ਅਤੇ ਭਾਈ ਭਗਤ ਸਿੰਘ ਕੱਚਰ ਭੰਨ ਅਤੇ ਹੋਰ ਨੇਤਾਵਾਂ ਨੂੰ ਗ਼ਦਰ ਲਿਟਰੇਚਰ ਵੰਡਣ ਅਤੇ ਗ਼ਦਰ ਲਹਿਰ ਲਈ ਲੋਕ ਆਧਾਰ ਬਣਾਉਣ ਲਈ ਪੰਜਾਬ ਦੇ ਵੱਖੋ-ਵੱਖਰੇ ਪਿੰਡਾਂ ਵਲ ਰਵਾਨਾ ਕਰ ਦਿੱਤਾ ਗਿਆ। ਲਾਹੌਰ ਦੇ ਭਾਈ ਪਰਮਾਨੰਦ ਨੂੰ ਪੰਜਾਬ, ਬੰਗਾਲ ਅਤੇ ਅਮਰੀਕਾ ਦੇ ਕ੍ਰਾਂਤੀਕਾਰੀਆਂ ਨਾਲ ਤਾਲ ਮੇਲ ਬਣਾਕੇ ਰੱਖਣ ਲਈ ਨੀਯਤ ਕੀਤਾ ਗਿਆ। ਇਹ ਉਹੀ ਭਾਈ ਪਰਮਾਨੰਦ ਸੀ ਜਿਸਨੇ ਕਰਤਾਰ ਸਿੰਘ ਸਰਾਭਾ ਕੋਲੋਂ ਪੁਛਿਆ ਸੀ, 'ਤੂੰ ਇੱਥੇ (ਭਾਰਤ ਵਿਚ) ਕੀ ਕਰਨ ਆਇਆ ਹੈਂ? ਤਾਂ ਕਰਤਾਰ ਸਿੰਘ ਦਾ ਫ਼ੌਰੀ ਉੱਤਰ ਸੀ, 'ਮੈਂ ਇੱਥੇ ਦੇਸ਼ ਦੀ ਆਜ਼ਾਦੀ ਲਈ ਮਰਨ ਆਇਆ ਹਾਂ'। ਕਰਤਾਰ ਸਿੰਘ ਦਾ ਜੁਆਬ ਸੁਣਕੇ ਭਾਈ ਪਰਮਾਨੰਦ ਨਿਰੁੱਤਰ ਹੋ ਗਿਆ ਸੀ। ਅੰਮ੍ਰਿਤਸਰ ਵਿਚ ਹੋਈ ਮੀਟਿੰਗ ਅਤੇ ਉਸ ਵਿਚ ਲਏ ਗਏ ਫ਼ੈਸਲੇ ਇਸ ਗੱਲ ਦਾ ਪ੍ਰਮਾਣ ਹਨ ਕਿ ਕਰਤਾਰ ਸਿੰਘ ਸਰਾਭਾ ਵਿਚ ਇਕ ਕਾਮਯਾਬ ਆਗੂ ਦੇ ਉਹ ਸਾਰੇ ਗੁਣ ਮੌਜੂਦ ਸਨ ਜੋ ਸਾਧਾਰਨ ਯੋਗਤਾ ਰਖਣ ਵਾਲੇ ਪੁਰਸ਼ਾਂ ਵਿਚ ਜ਼ਿੰਦਗੀ ਦੇ ਲੰਮੇਂ ਤਜਰਬਿਆਂ ਮਗਰੋਂ ਹੀ ਆਉਂਦੇ ਹਨ। ਫ਼ੌਜੀ ਛਾਉਣੀਆਂ ਵਿਚ ਤੈਨਾਤ ਸਿਪਾਹੀਆਂ ਅਤੇ ਗ਼ਦਰ ਇਨਕਲਾਬੀਆਂ ਤੇ ਪਏ ਪ੍ਰਭਾਵਾਂ ਦੇ ਸਬੰਧ ਵਿਚ

Digitized by Panjab Digital Library | www.panjabdigilib.org

ਡਾ: ਪੁਰੀ ਲਿਖਦਾ ਹੈ ਕਿ The sepoys were captivated by the uncommon boldness and optimism of these Ghadar men for which Kartar Singh Sarabha's name became a legend in the Punjab.

ਮਿੱਥੇ ਹੋਏ ਪ੍ਰੋਗਰਾਮ ਅਨੁਸਾਰ ਪਰਮਾਨੰਦ ਝਾਂਸੀ ਅਤੇ ਰਾਮ ਸਰਨ ਦਾਸ ਤਲਵਾਰ ਨੂੰ ਬਨਾਰਸ ਭੇਜਿਆ ਗਿਆ ਤਾਕਿ ਉਹ ਰਾਸ ਬਿਹਾਰੀ ਬੋਸ ਨਾਲ ਸੰਪਰਕ ਸਥਾਪਿਤ ਕਰਨ। ਰਾਸ ਬਿਹਾਰੀ ਬੋਸ ਨੇ 23 ਦਸੰਬਰ 1912 ਨੂੰ ਦਿੱਲੀ ਵਿਚ ਲਾਰਡ ਹਾਰਡਿੰਗ ਉਪਰ ਬੰਬ ਸੁਟੱਣ ਦੀ ਯੋਜਨਾਂ ਬਣਾਈ ਸੀ। ਫ਼ਿਲਹਾਲ ਰਾਸ ਬਿਹਾਰੀ ਬੋਸ ਨੇ ਆਪਣੀ ਥਾਂ ਆਪਣੇ ਸਹਾਇਕ ਸਚਿੰਦਰ ਨਾਥ ਸਾਨਿਆਲ ਨੂੰ ਪੰਜਾਬ ਭੇਜਿਆ ਤਾਕਿ ਉਹ ਗ਼ਦਰ ਜਥੇਬੰਦੀ ਦੇ ਕੰਮ ਕਾਜ ਦੇ ਤੌਰ ਤਰੀਕਿਆਂ ਅਤੇ ਵਰਕਰਾਂ ਦੀ ਸੰਖਿਆ ਬਾਰੇ ਪੁੱਛ ਪੜਤਾਲ ਕਰਕੇ ਉਸਨੂੰ ਇਨ੍ਹਾਂ ਗੱਲਾਂ ਦੀ ਰਿਪੋਰਟ ਦੇਵੇ। ਸਚਿੰਦਰ ਨਾਥ ਸਾਨਿਆਲ ਪੰਜਾਬ ਆਕੇ ਸ੍ਰ: ਕਰਤਾਰ ਸਿੰਘ ਸਰਾਭਾ, ਅਮਰ ਸਿੰਘ (ਨਵਾਂ ਸ਼ਹਿਰ), ਪ੍ਰਿਥਵੀ ਸਿੰਘ (ਸਾਭੂ) ਅਤੇ ਰਾਮਸਰਨ ਦਾਸ (ਕਪੂਰਥਲਾ) ਨੂੰ ਮਿਲਿਆ। ਉਸਨੇ ਵਖਰੇ ਤੌਰ ਤੇ ਕਰਤਾਰ ਸਿੰਘ ਸਰਾਭਾ ਨਾਲ ਕਈ ਮੀਟਿੰਗਾਂ ਕੀਤੀਆਂ ਅਤੇ ਪਾਰਟੀ ਦੇ ਕੰਮਾ ਬਾਰੇ ਚਰਚਾ ਕੀਤੀ। ਉਸਨੇ ਅੰਮ੍ਰਿਤਸਰ ਅਤੇ ਲਾਹੌਰ ਦੀ ਵੀ ਯਾਤਰਾ ਕੀਤੀ। ਉਸਨੇ ਕਰਤਾਰ ਸਿੰਘ ਨੂੰ ਬੰਬ ਬਣਾਉਣ ਲਈ ਧੰਨ ਇਕੱਠਾ ਕਰਨ ਅਤੇ ਪਾਰਟੀ ਵਰਕਰਾਂ ਦੇ ਮਿਲ ਬੈਠਣ ਅਤੇ ਮੀਟਿੰਗਾਂ ਕਰਨ ਲਈ ਇਕ ਕੇਂਦਰੀ ਦਫ਼ਤਰ ਬਣਾਉਣ ਦੀ ਸਲਾਹ ਦਿੱਤੀ। ਪੰਜਾਬ ਫੇਰੀ ਤੋਂ ਬਾਦ ਸਾਨਿਆਲ ਨੇ ਵਾਪਸ ਬਨਾਰਸ ਪਹੁੰਚ ਕੇ ਰਾਸ ਬਿਹਾਰੀ ਬੋਸ ਨੂੰ ਗ਼ਦਰ ਪਾਰਟੀ ਦੇ ਕੰਮ ਕਾਜ ਅਤੇ ਕਰਤਾਰ ਸਿੰਘ ਸਰਾਭਾ ਬਾਰੇ ਬੜੀ ਆਸ਼ਾ ਜਨਕ ਰਿਪੋਰਟ ਦਿੱਤੀ।

ਬੰਗਾਲ ਦੇ ਕ੍ਰਾਂਤੀਕਾਰੀਆਂ ਨਾਲ ਤਾਲ ਮੇਲ ਹੋ ਜਾਣ ਮਗਰੋਂ ਗ਼ਦਰ ਪਾਰਟੀ ਦੇ ਮੈਂਬਰਾਂ ਨੇ ਅੰਮ੍ਰਿਤਸਰ ਵਿਖੇ ਗੁਲਾਬ ਸਿੰਘ ਦੀ ਧਰਮਸ਼ਾਲਾ ਨੂੰ ਆਪਣਾ ਮੁੱਖ ਦਫ਼ਤਰ ਬਣਾਇਆ। ਬਾਹਰ ਤੋਂ ਆਉਣ ਵਾਲੇ ਨੇਤਾਵਾਂ ਅਤੇ ਵਰਕਰਾਂ ਲਈ ਦੋ ਪੁੱਛਗਿੱਛ ਕੇਂਦਰ ਸਥਾਪਿਤ ਕੀਤੇ ਗਏ। ਇਹ ਕੇਂਦਰ ਸਨ - ਦਰਜੀ ਨੌਰੰਗ ਸਿੰਘ ਟਾਂਗੀ ਦੀ ਦੁਕਾਨ ਅਤੇ ਡਾ: ਹਰਦਿੱਤ ਸਿੰਘ ਦਾ ਕਲੀਨਿਕ, ਜਿੱਥੋਂ ਪਾਰਟੀ ਦੇ ਪ੍ਰੋਗਰਾਮਾਂ, ਮੈਂਬਰਾਂ ਅਤੇ 'ਖ਼ਤਰਾ ਨਹੀਂ" (No Danger) ਦੀ ਸੂਚਨਾ ਪ੍ਰਾਪਤ ਕੀਤੀ ਜਾ ਸਕਦੀ ਸੀ। ਉਨ੍ਹਾਂ ਲੁਧਿਆਣੇ ਨੇੜੇ ਝਾਬੇਵਾਲ ਵਿਖੇ ਬੰਬ ਬਣਾਉਣ ਦੇ ਕਾਰਖਾਨੇ ਵੀ ਸਥਾਪਿਤ ਕਰ ਲਏ ਸਨ।

ਇਨ੍ਹਾਂ ਦਿਨਾਂ ਵਿਚ ਕਰਤਾਰ ਸਿੰਘ ਸਰਾਭਾ ਨੇ ਇਕਲਿਆਂ ਜਾਂ ਵਿਸ਼ਨੂੰ ਗਣੇਸ਼ ਪਿੰਗਲੇ ਨਾਲ ਪੰਜਾਬ ਅਤੇ ਪੰਜਾਬ ਤੋਂ ਬਾਹਰ ਅਨੇਕ ਥਾਵਾਂ ਦਾ ਦੌਰਾ ਕੀਤਾ। ਇਨ੍ਹਾਂ ਦੌਰਿਆਂ ਦਾ ਮੁੱਖ ਉਦੇਸ਼ ਸੈਨਿਕ ਛਾਉਣੀਆਂ ਦੇ ਭਾਰਤੀ ਸਿਪਾਹੀਆਂ ਨੂੰ ਗ਼ਦਰ ਲਈ ਤਿਆਰ ਕਰਨਾ, ਲੋਕਾਂ ਵਿਚ ਅੰਗਰੇਜ਼ੀ ਰਾਜ ਦੀਆਂ ਵਧੀਕੀਆਂ ਅਤੇ ਉਨ੍ਹਾਂ ਦੀਆਂ ਗੱਲਘੋਟੂ ਨੀਤੀਆਂ ਬਾਰੇ ਪ੍ਰਚਾਰ ਕਰ ਕੇ ਉਨ੍ਹਾਂ ਨੂੰ ਅੰਗਰੇਜ਼ੀ ਰਾਜ ਵਿਰੁੱਧ ਹੋਣ ਵਾਲੇ ਗ਼ਦਰ ਵਿਚ ਸ਼ਾਮਲ ਹੋਣ ਲਈ ਪ੍ਰੇਰਨਾ ਅਤੇ ਪਾਰਟੀ ਦੇ ਸੰਚਾਲਨ ਅਤੇ ਹਥਿਅਰਾਂ ਦੀ ਖ਼ਰੀਦ ਲਈ ਧੰਨ ਇਕੱਠਾ ਕਰਨਾ ਸੀ। ਇਨ੍ਹਾਂ, ਉਦੇਸ਼ਾਂ ਲਈ ਉਸਨੇ ਮੇਰਠ, ਫ਼ਿਰੋਜ਼ਪੁਰ, ਮੀਆਂ ਮੀਰ (ਲਾਹੌਰ) ਅਤੇ ਰਾਵਲ ਪਿੰਡੀ ਦੀਆਂ ਫੌਜੀ ਯੂਨਿਟਾਂ ਤੋਂ ਇਲਾਵਾ, ਆਗਰਾ, ਕਾਨਪੁਰ, ਲਖਨਊ, ਬਨਾਰਸ, ਅਲਾਹਬਾਦ, ਅੰਬਾਲਾ, ਲੁਧਿਆਣਾ ਅਤੇ ਪੰਜਾਬ ਦੇ ਕਈ ਨਗਰਾਂ ਦਾ ਦੌਰਾ ਕੀਤਾ। ਉਹ ਹਥਿਆਰ ਖ਼ਰੀਦਣ ਲਈ

Digitized by Panjab Digital Library | www.panjabdigilib.org

ਗਏ ਡਾਕਿਆਂ ਵਿਚ ਭਾਗ ਲਿਆ। ਉਸਦੀ ਡਿਊਟੀ ਇਹ ਹੁੰਦੀ ਸੀ ਕਿ ਉਹ ਪਸਤੌਲ ਲੈਕੇ ਡਾਕੇ ਵਾਲੀ ਥਾਂ ਤੇ ਪਹਿਰਾ ਦੇਵੇ ਤੇ ਜੇ ਵਰਕਰਾਂ ਦੀ ਜਾਨ ਬਚਾਉਣ ਲਈ ਲੋੜ ਪੈ ਜਾਵੇ ਤਾਂ ਉਹ ਹਮਲਾ ਕਰਨ ਵਾਲਿਆਂ ਨੂੰ ਪਾਰ ਬੁਲਾ ਦੇਵੇ। ਸਚਿੰਦਰ ਨਾਥ ਸਾਨਿਆਲ ਲਿਖਦਾ ਹੈ ਕਿ ਲੁਟਿਆ ਗਿਆ ਪੈਸਾ ਇਨਕਲਾਬ ਦੇ ਮੰਤਵ ਲਈ ਬੜੀ ਸਾਵਧਾਨੀ ਨਾਲ ਵਰਤਿਆ ਜਾਂਦਾ ਸੀ। ਕਿਸੇ ਵੀ ਥਾਂ ਤੇ ਡਾਕਾ ਮਾਰਨ ਵੇਲੇ ਕਰਤਾਰ ਸਿੰਘ ਸਰਾਭਾ ਵਲੋਂ ਮੈਂਬਰਾਂ ਨੂੰ ਇਹ ਖ਼ਾਸ ਹਦਾਇਤ ਸੀ ਕਿ ਜਿਸ ਘਰ ਨੂੰ ਲੁੱਟਣਾ ਹੈ ਉਸ ਘਰ ਦੇ ਕਿਸੇ ਵੀ ਮੈਂਬਰ ਨੂੰ ਜਾਨ ਤੋਂ ਨਾ ਮਾਰਿਆ ਜਾਵੇ ਅਤੇ ਦੂਸਰਾ ਇਹ ਕਿ ਉਸ ਘਰ ਦੀ ਧੀ-ਭੈਨ ਨਾਲ ਕਿਸੇ ਕਿਸਮ ਦੀ ਛੇੜਖਾਨੀ ਜਾਂ ਮਾੜੀ ਹਰਕਤ ਨਾ ਕੀਤੀ ਜਾਵੇ ਜਿਸ ਕਾਰਨ ਉਨ੍ਹਾਂ ਨੂੰ ਸ਼ਰਮਿੰਦਾ ਹੋਣਾ ਪਵੇ। ਪਰ ਸਾਹਨੇਵਾਲ ਵਿਖੇ ਮਾਰੇ ਗਏ ਡਾਕੇ ਸਮੇਂ ਜੋ ਘਟਨਾ ਵਾਪਰੀ ਉਸ ਤੋਂ ਸ੍ਰ: ਕਰਤਾਰ ਸਿੰਘ ਦੇ ਉੱਚੇ ਇਖ਼ਲਾਕ ਦੀ ਜੋ ਤਸਵੀਰ ਉੱਘੜ ਕੇ ਸਾਮ੍ਹਣੇ ਆਉਂਦੀ ਹੈ ਉਹੋ ਜਹੀ ਇਖ਼ਲਾਕੀ ਉੱਚਤਾ ਵਰ੍ਹਿਆਂ ਦੀ ਤੱਪਸਿਆ ਅਤੇ ਸੰਜਮ ਨਾਲ ਵੀ ਹਾਸਲ ਨਹੀਂ ਹੁੰਦੀ।

ਜਦੋਂ ਸਾਹਨੇਵਾਲ ਦੇ ਇਕ ਸ਼ਾਹੂਕਾਰ ਦੇ ਘਰ ਡਾਕਾ ਮਾਰਿਆ ਗਿਆ ਤਾਂ ਡਾਕਾ ਮਾਰਨ ਵਾਲੀ ਪਾਰਟੀ ਦੇ ਇਕ ਮੈਂਬਰ ਨੇ ਘਰ ਦੀ ਖ਼ੂਬਸੂਰਤ, ਜਵਾਨ ਅਤੇ ਕੁਆਰੀ ਕੁੜੀ ਨਾਲ ਨਾਜ਼ਾਇਜ਼ ਛੇੜਖਾਨੀ ਕਰਨ ਦੀ ਕੋਸ਼ਿਸ਼ ਕੀਤੀ। ਪਾਰਟੀ ਦੇ ਬਾਕੀ ਮੈਂਬਰ ਘਰ ਦਾ ਸਾਰਾ ਪੈਸਾ ਅਤੇ ਗਹਿਣੇ ਇਕੱਠੇ ਕਰਕੇ, ਇਕ ਪੋਟਲੀ ਵਿਚ ਬੰਨ੍ਹ ਕੇ, ਘਰੋਂ ਭੱਜਣ ਲਈ ਤਿਆਰ ਸਨ। ਜਦੋਂ ਕਰਤਾਰ ਸਿੰਘ ਨੂੰ ਇਸ ਹਰਕਤ ਦਾ ਪਤਾ ਚਲਿਆ ਤਾਂ ਉਹ ਆਪਣੀ ਪਸਤੌਲ ਲੈਕੇ ਉਸ ਵਰਕਰ ਕੋਲ ਆਇਆ ਤੇ ਪਸਤੌਲ ਦੀ ਨਲੀ ਉਸਦੇ ਮੱਥੇ ਨਾਲ ਲਗਾ ਕੇ ਕਹਿਣ ਲੱਗਾ, 'ਜਿਸ ਕੁੜੀ ਨੂੰ ਤੂੰ ਛੇੜਿਆ ਹੈ, ਉਸਨੂੰ ਭੈਣ ਬਣਾ ਤੇ ਉਸਦੇ ਪੈਰੀਂ ਪੈਕੇ ਉਸ ਕੋਲੋਂ ਮਾਫ਼ੀ ਮੰਗ, ਨਹੀਂ ਤੇ ਹੁਣੇ ਇਸ ਪਸਤੌਲ ਦੀ ਗੋਲੀ ਤੇਰੇ ਮੱਥੇ ਚੋਂ ਪਾਰ ਹੋ ਜਾਵੇਗੀ'। ਕਰਤਾਰ ਸਿੰਘ ਦੇ ਚੇਹਰੇ ਤੇ ਗੁੱਸੇ ਅਤੇ ਉਸਦੀਆਂ ਲੱਟ ਲੱਟ ਬਲਦੀਆਂ ਅੱਖਾਂ ਨੂੰ ਵੇਖ ਕੇ ਉਹ ਵਰਕਰ ਉਸ ਕੁੜੀ ਦੇ ਪੈਰੀਂ ਪੈ ਗਿਆ ਤੇ ਗਿੜਗਿੜਾ ਕੇ ਕਹਿਣ ਲਗਾ, 'ਭੈਣ ਮੈਨੂੰ ਮਾਫ਼ ਕਰ ਦੇ, ਮੈਂ ਬੜਾ ਵਡਾ ਗੁਨਾਹਾ ਕੀਤਾ ਹੈ।' ਕਰਤਾਰ ਸਿੰਘ ਦਾ ਅਜੇਹਾ ਇਖ਼ਲਾਕ ਵੇਖਕੇ ਕੁੜੀ ਦੀ ਮਾਂ ਅਗੇ ਹੋਈ ਤੇ ਕਰਤਾਰ ਸਿੰਘ ਨੂੰ ਕਹਿਣ ਲੱਗੀ, 'ਪੁੱਤਰ ਇਹ ਕਿਸਤਰਾਂ ਹੋਇਆ ਕਿ ਤੇਰੇ ਵਰਗਾ ਨੇਕ ਬੰਦਾ ਡਾਕੇ ਮਾਰਨ ਦੇ ਕੰਮਾਂ ਵਿਚ ਪੈ ਗਿਆ'? ਉਸਦੀ ਗੱਲ ਸੁਣਕੇ ਕਰਤਾਰ ਸਿੰਘ ਨੇ ਕਿਹਾ 'ਮਾਂ ਅਸੀਂ ਡਾਕੂ ਜਾਂ ਲੁਟੇਰੇ ਨਹੀਂ। ਇਹ ਪੈਸਾ ਤਾਂ ਸਾਨੂੰ ਦੇਸ਼ ਆਜ਼ਾਦ ਕਰਵਾਉਣ ਲਈ ਚਾਹੀਦਾ ਹੈ।' ਕੁੜੀ ਦੀ ਮਾਂ ਨੇ ਬੇਨਤੀ ਕੀਤੀ ਕਿ ਅਸਾਂ ਇਸ ਕੁੜੀ ਦਾ ਵਿਆਹ ਕਰਨਾ ਹੈ, ਕੁਝ ਪੈਸਾ ਇਸਦੇ ਵਿਆਹ ਲਈ ਛੱਡ ਜਾਉ। ਕਰਤਾਰ ਸਿੰਘ ਨੇ ਬੰਨ੍ਹੀ ਹੋਈ ਉਹ ਪੋਟਲੀ ਉਸਦੇ ਪੈਰਾਂ ਵਿਚ ਰੱਖ ਦਿੱਤੀ ਤੇ ਕਿਹਾ 'ਮਾਂ ਤੈਨੂੰ ਜਿਤਨੇ ਪੈਸੇ ਚਾਹੀਦੇ ਹਨ, ਉਹ ਰੱਖ ਲੈ ਤੇ ਬਾਕੀ ਸਾਨੂੰ ਸਾਡੇ ਕੰਮ ਲਈ ਦੇ ਦੇ'। ਸਰਕਾਰੀ ਮਹਿਕਮੇ ਦੀਆਂ ਖ਼ੁਫ਼ੀਆਂ ਰਿਪੋਰਟਾਂ ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ ਕਿ ਉਸ ਔਰਤ ਨੇ ਥੋੜ੍ਹੇ ਜਹੇ ਪੈਸੇ ਤੇ ਗਹਿਣੇ ਰੱਖ ਕੇ ਬਾਕੀ ਸਭ ਕੁਝ ਇਨ੍ਹਾਂ ਨੌਜਵਾਨਾਂ ਨੂੰ ਦੇ ਦਿੱਤਾ ਅਤੇ ਅਸ਼ੀਰਵਾਦ ਦਿੱਤੀ ਕਿ ਉਹ ਆਪਣੇ ਮਿਸ਼ਨ ਵਿਚ ਕਾਮਯਾਬ ਹੋਣ। ਇੱਥੇ ਮੈਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਵਿਚੋਂ ਉਹ ਘਟਨਾ ਯਾਦ ਆਉਂਦੀ ਹੈ ਜਦੋਂ ਕੁਝ ਸਿੱਖਾਂ ਨੇ ਗੁਰੂ ਜੀ ਤੋਂ ਪੁਛਿਆ ਸੀ, 'ਮਹਾਰਾਜ, ਜਦੋਂ ਤੁਰਕ ਸਾਡੇ ਨਗਰਾਂ ਅਤੇ ਪਿੰਡਾਂ ਤੇ ਹਮਲਾ ਕਰਦੇ ਹਨ ਤਾਂ ਉਹ ਪੈਸੇ ਅਤੇ ਧੰਨ ਦੌਲਤ ਦੇ ਨਾਲ ਨਾਲ ਘਰ ਦੀਆਂ ਔਰਤਾਂ ਵੀ ਲੁੱਟ ਕੇ

Digitized by Panjab Digital Library | www.panjabdigilib.org

ਲੈ ਜਾਂਦੇ ਹਨ। ਪਰ ਤੁਸੀਂ ਸਾਨੂੰ ਅਜੇਹਾ ਕਰਨ ਤੋਂ ਕਿਉਂ ਵਰਜਦੇ ਹੋ?' ਤਾਂ ਗੁਰੂ ਗੋਬਿੰਦ ਸਿੰਘ ਜੀ ਮੁਸਕਰਾ ਪਏ ਤੇ ਕਹਿਣ ਲਗੇ, 'ਮੈਂ ਪੰਥ ਨੂੰ ਉਚੇਰਾ ਲਿਜਾਣਾ ਚਾਂਹੁੰਦਾ ਹਾਂ':

ਸੱਭ ਸਿੱਖ ਪੁਛਣ ਗੁਨ ਖਾਣੀ
ਸਗਲ ਤੁਰਕ ਭੁਗਵਹਿ ਹਿੰਦਵਾਣੀ।
ਸਿੱਖ ਬਦਲਾ ਲੈ ਭਲਾ ਜਣਾਵੈ
ਗੁਰੂ ਸ਼ਾਸਤ੍ਰ ਕਿਉਂ ਵਰਜ ਹਟਾਵੈ।
...
ਸੁਣਿ ਸਤਿਗੁਰੂ ਬੋਲੇ ਤਿਸ ਬੇਰੇ
ਹਮ ਲੇ ਜਾਵਹੁ ਪੰਥ ਉਚੇਰੋ॥

ਤੇ ਸਾਹਨੇਵਾਲ ਦੀ ਘਟਨਾ ਦੇ ਰੂਪ ਵਿਚ ਸ੍ਰ: ਕਰਤਾਰ ਸਿੰਘ ਸਰਾਭਾ ਆਪਣੇ ਗੁਰੂ ਦੁਆਰਾ ਸਥਾਪਿਤ ਉਨ੍ਹਾਂ ਮਾਪ ਡੰਡਾਂ ਦੀ ਸਿਖਰ ਨੂੰ ਛੂਹ ਰਿਹਾ ਸੀ।

ਕਰਤਾਰ ਸਿੰਘ ਉਸ ਸਮੇਂ ਗ਼ਦਰ ਲਹਿਰ ਦੀ ਅਗਵਾਈ ਕਰ ਰਿਹਾ ਸੀ। ਉਹ ਫ਼ੌਜੀ ਛਾਉਣੀਆਂ ਤੇ ਹਮਲਾ ਕਰਕੇ ਉਥੋਂ ਕੁਝ ਹਥਿਆਰ ਪ੍ਰਾਪਤ ਕਰਨਾ ਚਾਹੁੰਦਾ ਸੀ। ਇਸ ਕੰਮ ਲਈ ਪਾਰਟੀ ਦੇ ਜ਼ਿੰਮੇਵਾਰ ਮੈਂਬਰਾਂ ਨੂੰ ਵਖੋ ਵਖਰੀਆਂ ਛਾਉਣੀਆਂ ਦਾ ਜਾਇਜ਼ਾ ਲੈਣ ਲਈ ਨਿਯੁਕਤ ਕੀਤਾ ਗਿਆ। ਭਾਈ ਹਿਰਦੇ ਰਾਮ ਨੂੰ ਜਲੰਧਰ ਭੇਜਿਆ ਗਿਆ, ਹਰਨਾਮ ਸਿੰਘ ਕਾਹੂਟਾ ਨੂੰ ਜੇਹਲਮ, ਰਾਵਲਪਿੰਡੀ, ਪੇਸ਼ਾਵਰ ਅਤੇ ਮਰਦਾਨ ਦੇ ਇਲਾਕੇ ਵਿਚ ਅਤੇ ਪਿਆਰਾ ਸਿੰਘ ਨੂੰ ਬੰਨੂੰ ਅਤੇ ਕੋਹਾਟ ਵਿਚ ਫ਼ੌਜੀਆਂ ਨੂੰ ਪ੍ਰੇਰਨ ਲਈ ਭੇਜਿਆ ਗਿਆ ਤਾਕਿ ਗ਼ਦਰ ਦੇ ਸ਼ੁਰੂ ਹੁੰਦਿਆਂ ਹੀ ਉਹ ਇਸ ਸੰਘਰਸ਼ ਵਿਚ ਕੁੱਦ ਪੈਣ। ਕਰਤਾਰ ਸਿੰਘ ਸਰਾਭਾ ਫ਼ਿਰੋਜ਼ਪੁਰ ਅਤੇ ਮੀਆਂ ਮੀਰ ਦੀਆਂ ਛਾਉਣੀਆਂ ਵਿਚ ਸੈਨਿਕਾਂ ਨੂੰ ਤਿਆਰ ਕਰਨ ਲਈ ਜਤਨ ਸ਼ੀਲ ਹੋ ਗਿਆ। ਵਿਸ਼ਨੂੰ ਗਣੇਸ਼ ਪਿੰਗਲੇ ਨੂੰ ਮੇਰਠ ਛਾਉਣੀ ਦੀ ਜ਼ਿੰਮੇਵਾਰੀ ਸੌਂਪੀ ਗਈ। ਇਨ੍ਹਾਂ ਸਾਰਿਆਂ ਵਿਚ ਤਾਲ ਮੇਲ ਬਣਾਈ ਰਖਣ ਦੀ ਜ਼ਿੰਮੇਵਾਰੀ ਕਰਤਾਰ ਸਿੰਘ ਸਰਾਭਾ ਦੀ ਸੀ ਜਿਸਨੂੰ ਨਾ ਸਮੇਂ ਸਿਰ ਖਾਣ ਦੀ ਵੇਹਲ ਸੀ ਅਤੇ ਨਾ ਆਰਾਮ ਕਰਨ ਦੀ। ਉਸਦੇ ਦਿਲ ਦਿਮਾਗ ਤੇ ਬਸ ਇਕੋ ਹੀ ਵਿਚਾਰ ਛਾਇਆ ਹੋਇਆ ਸੀ ਕਿ ਆਪਣੇ ਗੁਲਾਮ ਦੇਸ਼ ਨੂੰ ਕਿਸ ਤਰ੍ਹਾਂ ਆਜ਼ਾਦ ਕਰਵਾਇਆ ਜਾਵੇ।

ਗ਼ਦਰ ਦੇ ਭਾਵੀ ਪ੍ਰੋਗਰਾਮ ਨੂੰ ਅੰਤਿਮ ਛੋਹਾਂ ਦੇਣ ਲਈ ਨਵੰਬਰ 1914 ਵਿਚ ਕਈ ਮੀਟਿੰਗਾਂ ਕੀਤੀਆਂ ਗਈਆਂ। ਪਹਿਲੀ ਮੀਟਿੰਗ 2 ਨਵੰਬਰ 1914 ਨੂੰ ਨਨਕਾਣਾ (ਸ਼ੇਖ਼ੂਪੁਰਾ) ਰਖੀ ਗਈ। ਕੁਝ ਦਿਨਾਂ ਮਗਰੋਂ ਦੂਸਰੀ ਮੀਟਿੰਗ ਖ਼ਾਸਾ (ਅੰਮ੍ਰਿਤਸਰ) ਅਤੇ ਤੀਸਰੀ ਮੀਟਿੰਗ ਲਾਡੋ (ਲੁਧਿਆਣਾ) ਵਿਖੇ 23 ਨਵੰਬਰ ਨੂੰ ਕੀਤੀ ਗਈ। ਇਸੇ ਦਿਨ ਇਕ ਹੋਰ ਮੀਟਿੰਗ ਝਾੜ ਸਾਹਿਬ (ਤਰਨ ਤਾਰਨ) ਵਿਖੇ ਵੀ ਹੋਈ। ਇਨ੍ਹਾਂ ਮੀਟਿੰਗਾਂ ਵਿਚ ਇਹ ਫ਼ੈਸਲਾ ਕੀਤਾ ਗਿਆ ਕਿ ਸਭ ਤੋਂ ਪਹਿਲਾਂ ਪਰਖ ਦੇ ਤੌਰ ਤੇ 26 ਨਵੰਬਰ ਨੂੰ ਮੀਆਂ ਮੀਰ ਅਤੇ ਫ਼ਿਰੋਜ਼ਪੁਰ ਦੀਆਂ ਛਾਉਣੀਆਂ ਤੇ ਹਮਲਾ ਕੀਤਾ ਜਾਵੇ। ਇਹ ਦੋਵੇਂ ਥਾਵਾਂ ਫ਼ੌਜੀ ਨੁਕਤਾ ਨਿਗਾਹ ਤੋਂ ਬੜੀ ਮਹੱਤਤਾ ਵਾਲੀਆਂ ਸਨ। ਕਿਤਨੇ ਦਿਨਾਂ ਤਕ ਕਰਤਾਰ ਸਿੰਘ ਇਨ੍ਹਾਂ ਛਾਉਣੀਆਂ ਵਿਚ ਕਦੇ ਸਾਧੂ, ਕਦੇ ਫ਼ਕੀਰ ਅਤੇ ਕਦੇ ਸਫ਼ਾਈ ਕਰਮਚਾਰੀ ਦਾ ਭੇਸ ਬਣਾ ਕੇ ਫ਼ਿਰਦਾ ਰਿਹਾ ਸੀ। ਜਿਸ ਦਿਨ ਹਮਲਾ

Digitized by Panjab Digital Library | www.panjabdigilib.org

ਕੀਤਾ ਜਾਣਾ ਸੀ ਮੰਦੇ ਭਾਗੀਂ ਉਸ ਦਿਨ ਉਨ੍ਹਾਂ ਸੈਨਿਕਾਂ ਦੀ ਡਿਊਟੀ ਉੱਥੋਂ ਬਦਲ ਦਿੱਤੀ ਗਈ ਜਿਨ੍ਹਾਂ ਨੇ ਸਹਿਯੋਗ ਦੇਣ ਦਾ ਭਰੋਸਾ ਦੁਆਇਆ ਸੀ। ਦੂਸਰਾ ਇਹ ਕਿ ਕੁਝ ਹਥਿਆਰਾਂ ਦੀ ਥੁੜ ਕਾਰਨ ਵੀ ਇਹ ਦੋਵੇ ਪ੍ਰੋਗਰਾਮ ਸਫ਼ਲ ਨਾ ਹੋ ਸਕੇ।

ਹੁਣ ਆਜ਼ਮਾਇਸ਼ ਦੀ ਆਖ਼ਰੀ ਘੜੀ ਆਣ ਪੁੱਜੀ ਸੀ। ਬੰਗਾਲ ਤੋਂ ਰਾਸ ਬਿਹਾਰੀ ਬੋਸ ਵੀ 25 ਜਨਵਰੀ 1915 ਨੂੰ ਪੰਜਾਬ ਪਹੁੰਚ ਚੁਕਾ ਸੀ। ਰਾਸ ਬਿਹਾਰੀ ਬੋਸ ਦੇ ਆਉਣ ਮਗਰੋਂ ਗ਼ਦਰ ਲਹਿਰ ਦਾ ਹੈਡ ਆਫ਼ਿਸ ਲਾਹੌਰ ਤਬਦੀਲ ਕਰ ਦਿੱਤਾ ਗਿਆ। ਰਾਸ ਬਿਹਾਰੀ ਬੋਸ ਲਾਹੌਰ ਵਿਚ ਹੀ ਠਹਿਰਿਆ ਹੋਇਆ ਸੀ। ਗ਼ਦਰ ਲਹਿਰ ਸ਼ੁਰੂ ਕਰਨ ਲਈ 21 ਫਰਵਰੀ 1915 ਦਾ ਦਿਨ ਨਿਸ਼ਚਿਤ ਕੀਤਾ ਗਿਆ ਅਤੇ ਇਸ ਲਈ ਸਾਰੀਆਂ ਤਿਆਰੀਆਂ ਵੀ ਮੁਕੰਮਲ ਕਰ ਲਈਆਂ ਗਈਆਂ। ਗ਼ਦਰ ਮੇਰਠ, ਫ਼ਿਰੋਜ਼ਪੁਰ ਅਤੇ ਮੀਆਂਮੀਰ (ਲਾਹੌਰ) ਤੋਂ ਸ਼ੁਰੂ ਹੋਣਾ ਸੀ। ਕਰਤਾਰ ਸਿੰਘ ਸਰਾਭਾ ਨੇ ਫ਼ਿਰੋਜ਼ਪੁਰ ਅਤੇ ਵਿਸ਼ਨੂੰ ਗਣੇਸ਼ ਪਿੰਗਲੇ ਨੇ ਮੇਰਠ ਦੀ ਕਾਰਵਾਈ ਵਿਚ ਹਿੱਸਾ ਲੈਣਾ ਸੀ। ਗ਼ਦਰ ਦੇ ਕੁਝ ਹੋਰ ਪ੍ਰਮੁੱਖ ਨੇਤਾਵਾਂ ਨੇ 20 ਫਰਵਰੀ 1915 ਨੂੰ ਲੋਪੋਕੇ ਦੇ ਪੁਲਿਸ ਸਟੇਸ਼ਨ ਤੇ ਹਮਲਾ ਬੋਲ ਕੇ 21 ਫ਼ਰਵਰੀ ਨੂੰ ਲਾਹੌਰ ਪਹੁੰਚਣਾ ਸੀ। ਇਸ ਕੰਮ ਲਈ ਇਕ ਵਾਰ ਫ਼ਿਰ ਫ਼ਿਰੋਜ਼ਪੁਰ ਅਤੇ ਮੀਆਂ ਮੀਰ ਦੇ ਸਹਿਯੋਗੀ ਸੈਨਿਕਾਂ ਨਾਲ ਸੰਪਰਕ ਸਥਾਪਿਤ ਕਰ ਲਿਆ ਗਿਆ ਸੀ। ਪਰ ਇਸ ਤੋਂ ਪਹਿਲਾਂ ਕਿ ਗ਼ਦਰ ਦੀਆਂ ਇਹ ਯੋਜਨਾਵਾਂ ਅਮਲੀ ਜਾਮਾ ਪਹਿਣ ਸਕਦੀਆਂ ਗ਼ਦਰ ਪਾਰਟੀ ਦੇ ਇਕ ਮੈਂਬਰ ਕਿਰਪਾਲ ਸਿੰਘ ਨੇ ਇਨ੍ਹਾਂ ਯੋਜਨਾਵਾਂ ਦੀ ਸੂਚਨਾਂ ਅੰਗਰੇਜ਼ ਅਧਿਕਾਰੀਆਂ ਤਕ ਪਹੁੰਚਾ ਦਿੱਤੀ। ਉਸਨੂੰ ਗ਼ਦਰ ਪਾਰਟੀ ਵਿਚ ਸ਼ਾਮਲ ਹੋਏ ਅਜੇ ਕੁਝ ਹੀ ਦਿਨ ਹੋਏ ਸਨ। ਗ਼ਦਰ ਪਾਰਟੀ ਬਾਰੇ ਇਹ ਮਹੱਤਵ ਪੂਰਨ ਸੂਚਨਾਂ ਮਿਲਣ ਦੀ ਦੇਰ ਸੀ ਕਿ ਦੇਸ਼ ਦੀ ਸਾਰੀ ਮਸ਼ੀਨਰੀ ਹਰਕਤ ਵਿਚ ਆ ਗਈ। ਸੈਨਿਕ ਅਧਿਕਾਰੀਆਂ ਨੇ ਸਾਰੀਆਂ ਫ਼ੌਜੀ ਛਾਉਣੀਆਂ ਤੇ ਚੌਕਸੀ ਵਧਾ ਦਿੱਤੀ। ਅਜੇਹੇ ਸਾਰੇ ਸੈਨਿਕਾਂ ਤੋਂ ਹਥਿਆਰ ਵਾਪਸ ਲੈ ਲਏ ਗਏ ਜਿਨ੍ਹਾਂ ਬਾਰੇ ਗ਼ਦਰ ਵਿਚ ਸ਼ਾਮਲ ਹੋ ਜਾਣ ਦਾ ਸ਼ਕ ਸੀ। ਬਹੁਤਿਆਂ ਨੂੰ ਫ਼ੌਜੀ ਨੌਕਰੀ ਤੋਂ ਨਿਲੰਬਿਤ ਕਰ ਦਿੱਤਾ ਗਿਆ।

ਗ਼ਦਰ ਪਾਰਟੀ ਦੇ ਮੈਂਬਰਾਂ ਨੂੰ ਵੀ ਪਤਾ ਲਗ ਚੁਕਾ ਸੀ ਕਿ ਉਨ੍ਹਾਂ ਦੁਆਰਾ ਮਿੱਥੀ ਤਰੀਕ ਦਾ ਕਿਸੇ ਤਰ੍ਹਾਂ ਸਰਕਾਰ ਨੂੰ ਪਤਾ ਲਗ ਚੁਕਾ ਹੈ। ਉਨ੍ਹਾਂ ਕਾਹਲੇ ਵਿਚ ਫ਼ੈਸਲਾ ਲੈਕੇ ਗ਼ਦਰ ਦੀ ਤਰੀਕ ਦੋ ਦਿਨ ਅਗੇਤਰੇ ਕਰ ਦਿੱਤੀ। ਹੁਣ 21 ਫਰਵਰੀ 1915 ਦੀ ਥਾਂ 19 ਫਰਵਰੀ ਨੂੰ ਗ਼ਦਰ ਕਰਨ ਦੇ ਆਦੇਸ਼ ਵਰਕਰਾਂ ਨੂੰ ਭੇਜ ਦਿੱਤੇ ਗਏ। ਇਸ ਵਾਰ ਵੀ ਸਰਕਾਰ ਨਾਲ ਵਫ਼ਾਦਾਰੀ ਨਿਭਾਉਂਦਿਆਂ ਕਿਰਪਾਲ ਸਿੰਘ ਨੇ ਇਸ ਤਰੀਕ ਦੀ ਸੂਚਨਾ ਅੰਗਰੇਜ਼ ਅਧਿਕਾਰੀਆਂ ਤਕ ਪਹੁੰਚਾ ਦਿੱਤੀ। ਮਿੱਥੀ ਹੋਈ ਤਰੀਕ ਅਤੇ ਪ੍ਰਗੋਰਾਮ ਅਨੁਸਾਰ ਜਦੋਂ ਗ਼ਦਰ ਦੇ ਸਿਪਾਹੀ ਉਨ੍ਹਾਂ ਛਾਉਣੀਆਂ ਲਾਗੇ ਪਹੁੰਚੇ ਜਿੱਥੋਂ ਗ਼ਦਰ ਸ਼ੁਰੂ ਹੋਣਾ ਸੀ ਤਾਂ ਉਨ੍ਹਾਂ ਦੀ ਫ਼ੜਾ, ਫ਼ੜਾਈ ਸ਼ੁਰੂ ਹੋ ਗਈ। ਸਰਕਾਰ ਨੇ ਪੁਲਿਸ ਅਤੇ ਫ਼ੌਜੀ ਪ੍ਰਬੰਧ ਮਜ਼ਬੂਤ ਕਰ ਲਏ ਹੋਏ ਸਨ। ਉਨ੍ਹਾਂ ਨੇ ਗ਼ਦਰੀ ਨੇਤਾਵਾਂ ਦੇ ਗੁਪਤ ਟਿਕਾਣਿਆਂ ਅਤੇ ਲੁਕਵੀਂਆਂ ਥਾਵਾਂ ਤੇ ਛਾਪੇ ਮਾਰ ਕੇ ਬਹੁਤ ਸਾਰੇ ਨੇਤਾਵਾਂ ਨੂੰ ਗ੍ਰਿਫ਼ਤਾਰ ਕਰ ਲਿਆ। ਤੇ ਇਸ ਤਰ੍ਹਾਂ ਗ਼ਦਰ ਸ਼ੁਰੂ ਹੋਣ ਤੋਂ ਪਹਿਲਾਂ ਹੀ ਇਕ ਦੇਸ਼ ਧਰੋਹੀ ਦੀਆਂ ਨੀਚ ਕਾਰਵਾਈਆਂ ਕਰਕੇ ਅਸਫ਼ਲ ਹੋ ਗਿਆ। ਇਸ ਲਹਿਰ ਨੂੰ ਆਖ਼ਰੀ ਝਟਕਾ ਉਦੋਂ ਲਗਾ ਜਦੋਂ 2 ਮਾਰਚ 1915 ਨੂੰ ਸ੍ਰ: ਕਰਤਾਰ ਸਿੰਘ ਅਤੇ 23 ਮਾਰਚ 1915 ਨੂੰ ਵਿਸ਼ਨੂੰ ਗਣੇਸ਼ ਪਿੰਗਲੇ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

Digitized by Panjab Digital Library | www.panjabdigilib.org

21 ਫ਼ਰਵਰੀ ਦੀ ਯੋਜਨਾਂ ਫ਼ੇਲ ਹੋ ਜਾਣ ਮਗਰੋਂ ਹੁਣ ਸਭ ਤੋਂ ਵਡਾ ਮਸਲਾ ਇਹ ਸੀ ਕਿ ਰਾਸ ਬਿਹਾਰੀ ਬੋਸ ਨੂੰ ਕਿਵੇਂ ਤੇ ਕਿਸਤਰਾਂ ਲਾਹੌਰ ਚੋਂ ਕੱਢ ਕੇ ਬਨਾਰਸ ਜਾਂ ਬੰਗਾਲ ਭੇਜਿਆ ਜਾਵੇ। ਪੁਲਿਸ ਵਲੋਂ ਥਾਂ ਥਾਂ ਤੇ ਛਾਪੇ ਮਾਰੇ ਜਾ ਰਹੇ ਸਨ ਤੇ ਉਹ ਸਾਰੇ ਲੋਕ ਪਕੜੇ ਜਾ ਰਹੇ ਸਨ ਜਿਨ੍ਹਾਂ ਦਾ ਸਬੰਧ ਇਸ ਲਹਿਰ ਨਾਲ ਰਿਹਾ ਸੀ। ਰਾਸ ਬਿਹਾਰੀ ਬੋਸ ਦਾ ਵਿਚਾਰ ਸੀ ਕਿ ਸਿਰਫ਼ ਉਸਨੂੰ ਹੀ ਨਹੀਂ ਸਗੋਂ ਉਨ੍ਹਾਂ ਸਾਰੇ ਇਨਕਲਾਬੀਆਂ ਨੂੰ ਗ੍ਰਿਫ਼ਤਾਰੀ ਤੋਂ ਬਚਣ ਦੀ ਲੋੜ ਸੀ ਜਿਨ੍ਹਾਂ ਦੇ ਹੁੰਦਿਆਂ ਫ਼ਿਰ ਨਵੇਂ ਸਿਰਿਉਂ ਗ਼ਦਰ ਦੇ ਪ੍ਰੋਗਰਾਮਾਂ ਨੂੰ ਅਮਲੀ ਰੂਪ ਦਿੱਤਾ ਜਾ ਸਕਦਾ ਸੀ। ਅਜੇਹੇ ਨੇਤਾਵਾਂ ਵਿਚ ਸਭ ਤੋਂ ਪ੍ਰਮੁੱਖ ਸ੍ਰ: ਕਰਤਾਰ ਸਿੰਘ ਸਰਾਭਾ ਆਪ ਸੀ ਜਿਸ ਦੀ ਹੋਂਦ ਇਨਕਲਾਬੀਆਂ ਵਿਚ ਨਵਾਂ ਜੋਸ਼ ਭਰ ਸਕਦੀ ਸੀ। ਉਲੀਕੀ ਗਈ ਯੋਜਨਾਂ ਅਨੁਸਾਰ 20 ਤਰੀਕ ਦੀ ਰਾਤ ਨੂੰ ਰਾਸ ਬਿਹਾਰੀ ਬੋਸ ਨੂੰ ਪੰਜਾਬੀ ਲਿਬਾਸ ਪੁਆ ਕੇ ਅਤੇ ਗੱਡੀ ਚੜ੍ਹਾ ਕੇ ਅਗਲੇ ਦਿਨ ਸ੍ਰ: ਕਰਤਾਰ ਸਿੰਘ, ਸ੍ਰ: ਹਰਨਾਮ ਸਿੰਘ ਟੁੰਡੀਲਾਟ ਅਤੇ ਸ੍ਰ: ਜਗਤ ਸਿੰਘ ਪਹਿਲਾਂ ਲਾਇਲਪੁਰ ਅਤੇ ਫ਼ਿਰ ਪਿਸ਼ਾਵਰ ਪਹੁੰਚ ਗਏ। ਉਥੋਂ ਉਹ ਪੁਲਿਸ ਦੀਆਂ ਨਜ਼ਰਾਂ ਤੋਂ ਬਚਦੇ ਬਚਾਂਦੇ ਸਰਹੱਦ ਪਾਰ ਕਰਕੇ (ਅਫ਼ਗਾਨਿਸਤਾਨ) ਚਲੇ ਗਏ। ਉਨ੍ਹਾਂ ਦੇ ਚੇਹਰੇ ਮਾਯੂਸ ਸਨ ਕਿ ਸਾਮਰਾਜੀ ਸ਼ਕਤੀਆਂ ਨਾਲ ਦੋ ਦੋ ਹੱਥ ਕੀਤੇ ਬਗ਼ੈਰ ਹੀ ਉਹ ਦੇਸ਼ ਛੱਡ ਆਏ ਸਨ। ਪਤਾ ਨਹੀਂ ਬੈਠਿਆਂ ਬੈਠਿਆਂ ਮਨ ਵਿਚ ਕੀ ਵਿਚਾਰ ਆਇਆ ਕਿ ਕਰਤਾਰ ਸਿੰਘ ਗ਼ਦਰ ਪਰਚੇ ਵਿਚ ਛਪੀ ਇਹ ਕਵਿਤਾ ਗੁਣਗਣਾਉਣ ਲਗ ਪਿਆ :

ਬਾਝੋਂ ਸਿਰ ਦਿੱਤਿਆਂ ਨਾ ਕੰਮ ਸਰਨਾ
ਜੁੱਧ ਵਿਚ ਪਵੇਗਾ ਜ਼ਰੂਰ ਮਰਨਾ।
ਪਾਉ ਲਲਕਾਰ ਸ਼ੇਰਾ ਵਾਂਗ ਗੱਜ ਕੇ
ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ।

ਕਵਿਤਾ ਦੇ ਬੰਦ ਗੁਣ ਗੁਣਾਉਂਦਿਆਂ ਕਰਤਾਰ ਸਿੰਘ ਸਰਾਭਾ ਆਪਣੇ ਨਾਲ ਦੇ ਸਾਥੀਆਂ ਨੂੰ ਕਹਿਣ ਲਗਾ, 'ਚਲੋ ਚਲੀਏ।'

'ਕਿੱਥੇ?' ਸਾਥੀਆਂ ਨੇ ਪੁਛਿਆ।

'ਵਾਪਸ ਪੰਜਾਬ', ਕਰਤਾਰ ਸਿੰਘ ਦਾ ਜੁਆਬ ਸੀ। 'ਸਾਨੂੰ ਇਕ ਵਾਰ ਫ਼ਿਰ ਜਤਨ ਕਰਨਾ ਚਾਹੀਦਾ ਹੈ। ਸਾਨੂੰ ਇਹ ਸੋਭਦਾ ਨਹੀਂ ਕਿ ਅਸੀਂ ਇਸ ਤਰ੍ਹਾਂ ਲੁਕਦੇ ਫ਼ਿਰੀਏ ਤੇ ਸਾਡੇ ਸਾਥੀ ਫਰੰਗੀਆਂ ਦੇ ਜ਼ੁਲਮ ਸਹਿੰਦੇ ਰਹਿਣ।' ਇਹ ਵਿਚਾਰ ਆਉਂਦਿਆਂ ਹੀ ਤਿੰਨੋ ਕਰਾਂਤੀਕਾਰੀ ਪੰਜਾਬ ਵਲ ਮੁੜ ਪਏ। ਕਾਬਲ ਤੋਂ ਚਲ ਕੇ ਤਿੰਨੋ ਸਾਥੀ ਸਰਗੋਧਾ ਦੇ ਚੱਕ ਨੰਬਰ 5 ਪਹੁੰਚੇ। ਇੱਥੇ ਉਹ 22 ਕੈਵਲਰੀ ਦੇ ਸੈਨਿਕਾਂ ਨਾਲ ਸੰਪਰਕ ਪੈਦਾ ਕਰਨ ਅਤੇ ਕੁਝ ਹਥਿਆਰ ਹਾਸਲ ਕਰਨ ਆਏ ਸਨ। ਇਸ ਥਾਂ ਤੇ ਜਗਤ ਸਿੰਘ ਦਾ ਇਕ ਦੋਸਤ ਸ਼ੇਰ ਸਿੰਘ ਰਹਿੰਦਾ ਸੀ ਜਿਸਨੇ ਕੁਝ ਸਮਾਂ ਪਹਿਲਾਂ ਤਿੰਨ ਬੰਦੂਕਾਂ ਅਤੇ ਕੁਝ ਕਿਰਪਾਨਾਂ ਦੇਣ ਦਾ ਵਾਇਦਾ ਕੀਤਾ ਸੀ। ਉਸ ਦਾ ਇਕ ਹੋਰ ਸਾਥੀ ਘੰਡਾ ਸਿੰਘ ਫ਼ੌਜ ਵਿਚ ਰਿਸਾਲਦਾਰ ਰਹਿ ਚੁਕਾ ਸੀ। ਜਦੋਂ ਇਹ ਤਿੰਨੋ ਕਰਾਂਤੀਕਾਰੀ ਉਨ੍ਹਾਂ ਕੋਲ ਪਹੁੰਚੇ ਤਾਂ ਸ਼ੇਰ ਸਿੰਘ ਅਤੇ ਘੰਡਾ ਸਿੰਘ ਨੇ ਇਨ੍ਹਾਂ ਦੀ ਖ਼ਬਰ ਸਰਕਾਰ ਤਕ ਪਹੁੰਚਾ ਦਿੱਤੀ। ਪੁਲਿਸ ਨੇ 2 ਮਾਰਚ 1915 ਨੂੰ ਇਨ੍ਹਾਂ ਨੂੰ ਵਿਲਸਨਪੁਰ ਦੇ ਸਥਾਨ ਤੋਂ ਗ੍ਰਿਫ਼ਤਾਰ ਕਰ ਲਿਆ। ਇਸ ਤਰ੍ਹਾਂ ਅਪ੍ਰੈਲ 1915 ਤਕ ਪਾਰਟੀ ਦੇ 63 ਪ੍ਰਮੁੱਖ

Digitized by Panjab Digital Library | www.panjabdigilib.org

ਨੇਤਾ ਪਕੜੇ ਜਾ ਚੁਕੇ ਸਨ ਅਤੇ ਗ਼ਦਰ ਮਚਾਉਣ ਦੀ ਯੋਜਨਾਂ ਫੇਲ੍ਹ ਹੋ ਗਈ ਸੀ।

ਗ੍ਰਿਫ਼ਤਾਰ ਕਰਨ ਮਗਰੋਂ ਸ੍ਰ: ਕਰਤਾਰ ਸਿੰਘ ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਲਿਆਂਦਾ ਗਿਆ। ਉਸ ਉਪਰ ਇੰਗਲੈਂਡ ਦੇ ਬਾਦਸ਼ਾਹ ਵਿਰੁੱਧ ਯੁੱਧ ਛੇੜਣ ਅਤੇ ਅੰਗਰੇਜ਼ੀ ਰਾਜ ਦਾ ਤਖ਼ਤਾ ਪਲਟਣ ਦੀ ਕੋਸ਼ਿਸ਼ ਵਰਗੇ ਸੰਗੀਨ ਜੁਰਮ ਲਗਾ ਕੇ ਮੁਕੱਦਮਾਂ ਚਲਾਇਆ ਗਿਆ। ਕਰਤਾਰ ਸਿੰਘ ਨੇ ਨਾ ਤਾਂ ਆਪ ਹੀ ਕੋਈ ਸਫ਼ਾਈ ਪੇਸ਼ ਕੀਤੀ ਅਤੇ ਨਾ ਹੀ ਉਸਨੇ ਅਦਾਲਤ ਵਲੋਂ ਨੀਯਤ ਕੀਤੇ ਗਏ ਵਕੀਲ ਨੂੰ ਕੁਝ ਕਹਿਣ ਦਿੱਤਾ। ਕਰਤਾਰ ਸਿੰਘ ਸਰਾਭਾ ਦੇ ਇਕ ਸਾਥੀ ਭਾਈ ਪਰਮਾਨੰਦ ਨੇ ਆਪਣੀਆਂ ਯਾਦਾਂ ਵਿਚ ਲਿਖਿਆ ਹੈ ਕਿ ਉਹ ਮੁਕੱਦਮੇਂ ਦੇ ਦੌਰਾਨ ਬੜਾ ਪ੍ਰਸੰਨ ਚਿੱਤ ਅਤੇ ਚੜ੍ਹਦੀ ਕਲਾ ਵਿਚ ਸੀ। ਉਹ ਅਦਾਲਤ ਵਿਚ ਅਕਸਰ ਕਿਹਾ ਕਰਦਾ ਸੀ ਕਿ ਮੈਨੂੰ ਜਲਦੀ ਫ਼ਾਂਸੀ ਦਿਉ ਤਾਂਕਿ ਮੈਂ ਫ਼ਿਰ ਜਨਮ ਲੈਕੇ ਆਪਣੇ ਅਧੂਰੇ ਕੰਮ ਨੂੰ ਪੂਰਾ ਕਰ ਸਕਾਂ। ਉਸਨੇ ਸਰਕਾਰ ਵਲੋਂ ਲਗਾਏ ਗਏ ਸਾਰੇ ਦੋਸ਼ ਕਬੂਲ ਕਰਦਿਆਂ ਕਿਹਾ ਕਿ ਮੈਂ ਜੋ ਕੀਤਾ ਹੈ ਉਹ ਆਪਣੇ ਦੇਸ਼ ਨੂੰ ਤੁਹਾਡੀ ਗੁਲਾਮੀ ਤੋਂ ਆਜ਼ਾਦ ਕਰਵਾਉਣ ਲਈ ਕੀਤਾ ਹੈ। ਮੈਨੂੰ ਆਪਣੇ ਕੀਤੇ ਤੇ ਕੋਈ ਪਛਤਾਵਾ ਨਹੀਂ। ਜਦੋਂ ਜੱਜ ਨੇ ਕਿਹਾ ਕਿ ਕੀ ਉਹ ਜਾਣਦਾ ਹੈ ਕਿ ਅਜੇਹੇ ਇਕਬਾਲੀਆ ਬਿਆਨ ਦੇਣ ਦਾ ਨਤੀਜਾ ਕੀ ਹੋ ਸਕਦਾ ਹੈ? ਤਾਂ ਕਰਤਾਰ ਸਿੰਘ ਨੇ ਕਿਹਾ, 'ਹਾਂ ਮੈਂ ਜਾਣਦਾ ਹਾਂ, ਮੌਤ ਜਾਂ ਉਮਰ ਕੈਦ। ਪਰ ਮੈਂ ਚਾਂਹਵਾਂਗਾ ਕਿ ਤੁਸੀਂ ਮੈਨੂੰ ਫਾਂਸੀ ਦੇਉ ਤਾਕਿ ਮੈਂ ਬਾਰ ਬਾਰ ਜਨਮ ਲੈਕੇ ਉਤਨੀ ਦੇਰ ਤਕ ਫ਼ਾਂਸੀ ਤੇ ਲਟਕਦਾ ਰਹਾਂ ਜਦੋਂ ਤਕ ਕਿ ਮੇਰਾ ਦੇਸ਼ ਆਜ਼ਾਦ ਨਹੀਂ ਹੋ ਜਾਂਦਾ'। ਸਗੋਂ ਉਸਨੇ ਆਪਣੇ ਬਿਆਨ ਵਿਚ ਇਹ ਵੀ ਕਿਹਾ ਕਿ ਜੇ ਕਿਸੇ ਜਨਮ ਵਿਚ ਪ੍ਰਮਾਤਮਾਂ ਨੇ ਮੈਨੂੰ ਔਰਤ ਬਣਾ ਦਿੱਤਾ ਤਾਂ ਮੈਂ ਅਜੇਹੇ ਸੂਰਬੀਰ ਅਤੇ ਦੇਸ਼ ਭਗਤ ਪੁੱਤਰਾਂ ਨੂੰ ਜਨਮ ਦੇਵਾਂਗਾ ਜੋ ਉਦੋਂ ਤਕ ਸਾਮਰਾਜੀ ਸ਼ਕਤੀਆਂ ਨਾਲ ਲੜਦੇ ਅਤੇ ਕੁਰਬਾਨ ਹੁੰਦੇ ਰਹਿਣਗੇ ਜਦੋਂ ਤਕ ਕਿ ਸਾਡੇ ਦੇਸ਼ ਵਿਚੋਂ ਤੁਹਾਡੇ ਰਾਜ ਦਾ ਅੰਤ ਨਹੀਂ ਹੋ ਜਾਂਦਾ। ਜੱਜ ਨੇ ਉਸਦੀ ਉਮਰ ਦਾ ਖਿਆਲ ਕਰਦੇ ਹੋਏ ਉਸਨੂੰ ਸੋਚਣ ਲਈ ਇਕ ਦਿਨ ਦੀ ਹੋਰ ਮੁਹਲਤ ਦਿੱਤੀ। ਪਰ ਅਗਲੇ ਦਿਨ ਵੀ ਨੌਜਵਾਨ ਸਰਾਭਾ ਦਾ ਬਿਆਨ ਉਹੀ ਸੀ ਜੋ ਉਹ ਹੁਣ ਤਕ ਦਿੰਦਾ ਆਇਆ ਸੀ। ਉਸਨੂੰ ਇਸ ਗੱਲ ਦਾ ਪੂਰਾ ਯਕੀਨ ਸੀ :

ਹਮਾਰਾ ਹਿੰਦ ਭੀ ਫੂਲੇ ਫਲੇਗਾ ਏਕ ਦਿਨ, ਲੇਕਿਨ
ਮਿਲੇਂਗੇ ਖ਼ਾਕ ਮੇਂ ਲਾਖੋਂ ਹਮਾਰੇ ਗੁਲਬਦਨ ਪਹਿਲੇ॥

ਇਨਕਲਾਬੀਆਂ ਦੇ ਕੇਸ ਨਜਿੱਠਣ ਲਈ ਗੋਰੀ ਸਰਕਾਰ ਵਲੋਂ ਗਠਿੱਤ ਕੀਤੀ ਗਈ ਵਿਸ਼ੇਸ਼ ਟ੍ਰਾਇਬਿਯੂਨਲ ਨੇ ਉਸਨੂੰ 'ਸਭ ਤੋਂ ਵੱਧ ਖ਼ਤਰਨਾਕ ਇਨਕਲਾਬੀ' ਕਰਾਰ ਦਿੰਦੇ ਹੋਏ 13 ਦਸੰਬਰ 1915 ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ। ਇਸ ਟ੍ਰਾਇਬਿਯੂਨਲ ਦੇ ਦੋ ਮੈਂਬਰ ਅੰਗਰੇਜ਼ ਅਤੇ ਇਕ ਹਿੰਦੁਸਤਾਨੀ ਸੀ। ਸ੍ਰ: ਕਰਤਾਰ ਸਿੰਘ ਨੂੰ 16 ਨਵੰਬਰ 1915 ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਫ਼ਾਂਸੀ ਦਿੱਤੀ ਗਈ। ਉਸਦੇ ਨਾਲ ਉਸੇ ਦਿਨ ਫ਼ਾਂਸੀ ਤੇ ਚੜ੍ਹਣ ਵਾਲੇ ਬਾਕੀ ਸਾਥੀ ਸਨ - ਵਿਸ਼ਨੂੰ ਗਣੇਸ਼ ਪਿੰਗਲੇ, ਬਖ਼ਸ਼ੀਸ਼ ਸਿੰਘ, ਸੁਰਾਇਣ ਸਿੰਘ, ਸੁਰੈਣ ਸਿੰਘ ਦੂਜਾ (ਗਿਲਵਾਲੀ) ਅੰਮ੍ਰਿਤਸਰੀ, ਜਗਤ ਸਿੰਘ ਸੁਰ ਸਿੰਘ ਅਤੇ ਭਾਈ ਹਰਨਾਮ ਸਿੰਘ ਸਿਆਲਕੋਟੀ। ਗਿਆਨੀ ਨਾਹਰ ਸਿੰਘ ਪੰਜਾਬੀ ਵੀਰ ਪਰੰਪਰਾ ਦੇ ਇਸ ਅਦੁੱਤੀ ਨਾਇਕ ਦੀ ਜੀਵਨੀ ਵਿਚ ਲਿਖਦੇ ਹਨ ਕਿ ਜਦੋਂ ਜੇਲ੍ਹ ਦਾ ਦਰੋਗਾ ਉਸਨੂੰ ਫ਼ਾਂਸੀ ਦੇ ਤਖ਼ਤੇ ਤੇ ਲੈਕੇ ਆਇਆ ਤਾਂ ਉਸਨੇ

Digitized by Panjab Digital Library | www.panjabdigilib.org

ਹਨ ਕਿ ਜਦੋਂ ਜੇਲ੍ਹ ਦਾ ਦਰੋਗਾ ਉਸਨੂੰ ਫ਼ਾਂਸੀ ਦੇ ਤਖ਼ਤੇ ਤੇ ਲੈਕੇ ਆਇਆ ਤਾਂ ਉਸਨ ਦਰੋਗਾ ਨੂੰ ਇਹ ਸ਼ਬਦ ਕਹੇ ਸਨ, 'ਦਰੋਗਾ ਮੱਤ ਸਮਝੋ ਕਿ ਕਰਤਾਰ ਸਿੰਘ ਮਰ ਗਿਆ ਹੈ। ਮੇਰੇ ਖ਼ੂਨ ਕੇ ਜਿਤਨੇ ਕਤਰੇ ਹੈਂ, ਉਤਨੇ ਕਰਤਾਰ ਸਿੰਘ ਔਰ ਪੈਦਾ ਹੋਂਗੇ, ਔਰ ਦੇਸ਼ ਕੀ ਆਜ਼ਾਦੀ ਕੇ ਲੀਏ ਕਾਮ ਕਰੇਂਗੇ'। ਫ਼ਾਂਸੀ ਲਗਣ ਵਾਲੇ ਦਿਨ ਉਹ 'ਗ਼ਦਰ' ਪਰਚੇ ਲਈ ਇਕ ਜੁਸ਼ੀਲੀ ਕਵਿਤਾ ਲਿੱਖ ਰਿਹਾ ਸੀ। ਉਹ ਬੜੀ ਚੜ੍ਹਦੀਕਲਾ ਵਿਚ ਸੀ ਅਤੇ ਦੇਸ਼ ਲਈ ਕੁਰਬਾਨ ਹੋਣ ਦੀ ਖ਼ੁਸ਼ੀ ਕਾਰਨ ਉਸਦਾ ਭਾਰ 14 ਪੌਂਡ ਵੱਧ ਚੁਕਾ ਸੀ। ਜਦੋਂ ਉਸ ਦੀ ਸ਼ਹੀਦੀ ਦੀ ਖ਼ਬਰ ਗ਼ਦਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ (ਜੋ ਉਨ੍ਹਾਂ ਦਿਨਾਂ ਵਿਚ ਉਮਰ ਕੈਦ ਕਟ ਰਹੇ ਸਨ) ਨੂੰ ਮਿਲੀ ਤਾਂ ਉਨ੍ਹਾਂ ਆਪਣੇ ਸਾਥੀਆਂ ਨੂੰ ਕਿਹਾ, 'ਜਿਵੇਂ ਸ੍ਰ: ਕਰਤਾਰ ਸਿੰਘ ਸਾਥੋਂ ਹਰ ਕੰਮ ਵਿਚ ਮੂਹਰੇ ਰਹਿੰਦਾ ਸੀ, ਉਸੇ ਤਰ੍ਹਾਂ ਕੁਰਬਾਨੀ ਵਿਚ ਵੀ ਸਾਨੂੰ ਸਭ ਨੂੰ ਪਿੱਛੇ ਛੱਡ ਗਿਆ ਹੈ'।

ਸੋਹਨ ਸਿੰਘ ਜੋਸ਼ ਨੇ ਆਪਣੀ ਰਚਨਾ 'ਭਗਤ ਸਿੰਘ ਨਾਲ ਮੇਰੀਆਂ ਮੁਲਾਕਾਤਾਂ ਅਤੇ ਚਾਰ ਹੋਰ ਮੁਢੱਲੇ ਇਨਕਲਾਬੀ' ਵਿਚ ਇਕ ਘਟਨਾ ਦਾ ਜ਼ਿਕਰ ਕੀਤਾ ਹੈ ਜਿਸ ਤੋਂ ਪਤਾ ਲਗਦਾ ਹੈ ਕਿ ਉਸਨੇ ਜੀਵਨ ਭਰ ਮੌਤ ਦੇ ਭੈ ਨੂੰ ਕਦੇ ਵੀ ਆਪਣੇ ਮਨ ਵਿਚ ਨਹੀਂ ਸੀ ਆਉਣ ਦਿੱਤਾ। ਉਸ ਲਈ ਜ਼ਿੰਦਗੀ ਦਾ ਅਰਥ ਦੇਸ਼ ਅਤੇ ਲੋਕਾਂ ਦੀ ਭਲਾਈ ਲਈ ਕੰਮ ਕਰਨਾ ਅਤੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨ ਹੋ ਜਾਣਾ ਸੀ। ਉਹ ਲਿਖਦੇ ਹਨ:

ਲਾਹੌਰ ਸਾਜ਼ਸ਼ ਕੇਸ ਵਿਚ ਫ਼ੈਸਲਾ ਸੁਣਾਇਆ ਜਾ ਚੁਕਾ ਸੀ। ਸ੍ਰ: ਕਰਤਾਰ ਸਿੰਘ ਸਰਾਭਾ ਦੇ ਦਾਦਾ ਸ੍ਰ: ਬਚਨ ਸਿੰਘ ਆਖ਼ਰੀ ਵਾਰ ਉਸਨੂੰ ਜੇਲ੍ਹ ਵਿਚ ਮਿਲਣ ਆਏ। ਉਹ ਚਾਹੁੰਦੇ ਸਨ ਕਿ ਕਰਤਾਰ ਸਿੰਘ ਆਪਣਾ ਬਿਆਨ ਬਦਲ ਲਵੇ ਤਾਕਿ ਮੌਤ ਦੀ ਸਜ਼ਾ ਉਮਰ ਕੈਦ ਵਿਚ ਬਦਲੀ ਜਾ ਸਕੇ। ਉਹ ਜੀਊਂਦਾ ਰਹੇਗਾ ਤਾਂ ਉਨ੍ਹਾਂ ਦੇ ਪ੍ਰਵਾਰ ਦਾ ਨਾਮ ਵੀ ਚਲਦਾ ਰਹੇਗਾ। ਬਚਨ ਸਿੰਘ ਨੇ ਬੜੇ ਮਾਯੂਸ ਹੋਕੇ ਕਰਤਾਰ ਸਿੰਘ ਨੂੰ ਕਿਹਾ, 'ਮੇਰੇ ਬੱਚੇ ਇਹ ਤੂੰ ਕੀਤਾ? ਤੂੰ ਕਿਨ੍ਹਾਂ ਲੋਕਾਂ ਲਈ ਮਰ ਰਿਹਾ ਹੈਂ? ਜੇਹੜੇ ਤੈਨੂੰ ਗਾਲ੍ਹਾਂ ਕਢਦੇ ਹਨ? ਤੇਰੇ ਮਰਨ ਨਾਲ ਕਿਸੇ ਨੂੰ ਕੋਈ ਲਾਭ ਹੋਣ ਵਾਲਾ ਨਹੀਂ, ਸਗੋਂ ਸਾਡਾ ਤਾਂ ਨਾਮ ਹੀ ਮਿੱਟ ਜਾਵੇਗਾ'। ਦਾਦੇ ਦੇ ਚੇਹਰੇ ਅਤੇ ਅੱਖਾਂ ਵਿਚ ਮਾਯੂਸੀ ਵੇਖ ਕੇ ਕਰਤਾਰ ਸਿੰਘ ਨੇ ਗੱਲ ਹੋਰ ਪਾਸੇ ਲਾਉਣ ਦੇ ਇਰਾਦੇ ਨਾਲ ਪੁਛਿਆ, 'ਦਾਦਾ ਜੀ, ਉਹ ਸਾਡੇ ਗੁਆਂਢੀ ਚਾਚੇ ਦਾ ਕੀ ਹਾਲ ਹੈ'? ਦਾਦੇ ਨੇ ਕਿਹਾ, 'ਪੁੱਤ ਉਹ ਤਾਂ ਟੀ.ਬੀ. ਦਾ ਸ਼ਿਕਾਰ ਹੋਕੇ ਮਰ ਚੁਕਾ ਹੈ'। ਕਰਤਾਰ ਸਿੰਘ ਨੇ ਫ਼ਿਰ ਪੁਛਿਆ, 'ਸਾਡੇ ਪਿਤਾ ਜੀ ਦੇ ਦੋਸਤ ਦਾ ਕੀ ਹੋਇਆ ਜੋ ਸਾਡੇ ਘਰ ਦੇ ਨਾਲ ਰਿਹਾ ਕਰਦਾ ਸੀ', ਦਾਦੇ ਨੇ ਫ਼ਿਰ ਕਿਹਾ 'ਬੱਚੇ ਉਹ ਤਾਂ ਪਿਛਲੇ ਹੀ ਸਾਲ ਹੈਜ਼ੇ ਨਾਲ ਮਰ ਗਿਆ'। ਇਹ ਗੱਲ ਸੁਣ ਕੇ ਕਰਤਾਰ ਨੇ ਧੌਣ ਉੱਚੀ ਕੀਤੀ ਅਤੇ ਆਪਣੇ ਦਾਦੇ ਨੂੰ ਕਹਿਣ ਲਗਾ, 'ਪਰ ਦਾਦਾ ਜੀ ਤੁਹਾਡਾ ਪੁੱਤਰ ਤਾਂ ਹੈਜ਼ੇ ਜਾਂ ਟੀ.ਬੀ. ਨਾਲ ਨਹੀਂ ਮਰ ਰਿਹਾ, ਉਹ ਤਾਂ ਆਪਣੇ ਦੇਸ਼ ਲਈ ਕੁਰਬਾਨ ਹੋ ਰਿਹਾ ਹੈ ਜਿਸ ਦੀ ਸ਼ਹੀਦੀ ਨੂੰ ਲੋਕ ਯਾਦ ਕਰਿਆ ਕਰਨਗੇ'। ਪੋਤਰੇ ਦੀਆਂ ਇਹ ਗੱਲਾਂ ਸੁਣ ਕੇ ਦਾਦੇ ਦਾ ਸਿਰ ਵੀ ਝੁੱਕ ਗਿਆ। ਹੁਣ ਉਨ੍ਹਾਂ ਕੋਲ ਕੋਈ ਉੱਤਰ ਨਹੀਂ ਸੀ, ਕੋਈ ਤਰਕ ਨਹੀਂ ਸੀ।

ਹੁਣ ਆਜ਼ਾਦ ਭਾਰਤ ਵਿਚ ਹਰ ਸਾਲ 16 ਨਵੰਬਰ ਦਾ ਦਿਨ ਕਰਤਾਰ ਸਿੰਘ ਦੇ ਪਿੰਡ


Digitized by Panjab Digital Library | www.panjabdigilib.org

ਸਰਾਭਾ ਅਤੇ ਪੂਰੇ ਦੇਸ਼ ਵਿਚ ਉਸਦੀ ਸ਼ਹੀਦੀ ਦਿਵਸ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਉਸ਼ਦੇ ਨਾਮ ਤੇ ਸਕੂਲ ਹਨ, ਵਿਦਿਅਕ ਸੰਸਥਾਵਾਂ ਅਤੇ ਖੇਡ ਦੇ ਮੈਦਾਨ ਹਨ ਅਤੇ ਲੁਧਿਆਣੇ ਦੇ ਚੌਕ ਵਿਚ ਉਸ ਦਾ ਬੁੱਤ ਹੈ ਜਿਸ ਦਾ ਉਦਘਾਟਨ ਉਸ ਸਮੇਂ ਦੇ ਪੰਜਾਬ ਦੇ ਮੁੱਖ ਮੰਤਰੀ ਸ੍ਰ: ਪ੍ਰਤਾਪ ਸਿੰਘ ਕੈਰੋਂ ਨੇ ਕੀਤਾ ਸੀ। ਇਕ ਵਿਦਵਾਨ ਨੇ ਉਸਦੇ ਬਾਰੇ ਲਿਖਿਆ ਹੈ ਕਿ ਬੇਸ਼ਕ ਕਰਤਾਰ ਸਿੰਘ ਦਾ ਰਾਜਸੀ ਜੀਵਨ, ਉਸਦੇ ਪੰਜ ਭੌਤਿਕ ਸਰੀਰ ਵਾਂਗ ਅਲਪਕਾਲੀ ਸੀ, ਪਰੰਤੂ ਉਹ ਅਪਣੇ ਨਿਰਸੁਆਰਥ ਸੰਘਰਸ਼ ਅਤੇ ਕੁਰਬਾਨੀ ਕਰਕੇ ਦੇਸ਼ ਅਤੇ ਸਮੇਂ ਦੀਆਂ ਪੈੜਾਂ ਤੇ ਆਪਣੀ ਗਹਿਰੀ ਛਾਪ ਛੱਡ ਗਿਆ ਹੈ।

ਕਰਤਾਰ ਸਿੰਘ ਅਸਾਧਾਰਨ ਯੋਗਤਾ ਦਾ ਮਾਲਕ ਅਤੇ ਦ੍ਰਿੜ ਨਿਸ਼ਚੇ ਵਾਲਾ ਨੌਜਵਾਨ ਸੀ। ਉਹ ਬੜਾ ਬੇਬਾਕ, ਨਿਡਰ ਅਤੇ ਨਿਰਭੈ ਬਿਰਤੀ ਵਾਲਾ ਕ੍ਰਾਂਤੀਕਾਰੀ ਸੀ। ਉਸਨੇ ਆਪਣੀ ਲੇਖਣੀ, ਆਪਣੇ ਵਿਚਾਰਾਂ ਅਤੇ ਆਪਣੀ ਕਰਨੀ ਨਾਲ ਸ਼ਹੀਦੀ ਪਰੰਪਰਾ ਦੇ ਨਵੇਂ ਰਾਹ ਉਲੀਕੇ ਅਤੇ ਗ਼ਫ਼ਲਤ ਵਿਚ ਸੁੱਤੇ ਭਾਰਤੀਆਂ ਨੂੰ ਆਪਣੀ ਆਹੂਤੀ ਦੇ ਕੇ ਜਗਾਇਆ। ਉਸਨੇ ਕੇਵਲ ਆਪਣੇ ਸਮੇਂ ਦੀ ਇਨਕਲਾਬੀ ਲਹਿਰ ਦੀ ਹੀ ਅਗਵਾਹੀ ਨਹੀਂ ਕੀਤੀ ਸਗੋਂ ਮਗਰੋਂ ਚਲਣ ਵਾਲੀਆਂ ਕ੍ਰਾਂਤੀਕਾਰੀ ਅਤੇ ਜੁਝਾਰੂ ਲਹਿਰਾਂ ਲਈ ਵੀ ਰਾਹ ਤਿਆਰ ਕੀਤਾ। ਉਹ ਉਮਰ ਵਿਚ ਛੋਟਾ ਪਰ ਪ੍ਰਭਾਵ ਕਰਕੇ ਆਪਣੇ ਹਾਣੀਆਂ ਵਿਚੋਂ ਸਭ ਤੋਂ ਵੱਡਾ ਤੇ ਉਚੇਰਾ ਸੀ। ਉਹ ਬੁਜ਼ਦਿੱਲ, ਕਮਜ਼ੋਰ, ਕਾਇਰ ਅਤੇ ਗ਼ਦਾਰ ਬਿਰਤੀ ਵਾਲੇ ਲੋਕਾਂ ਨੂੰ ਨਫ਼ਰਤ ਕਰਦਾ ਸੀ। ਉਸਦਾ ਲਹੂ ਦੇਸ਼ ਭਗਤੀ ਦਾ ਚਸ਼ਮਾਂ ਸੀ ਅਤੇ ਉਸਦੀ ਸ਼ਹੀਦੀ ਨਾਲ ਇਸ ਚਸ਼ਮੇਂ ਦਾ ਸੂਹਾ ਰੰਗ ਦੇਸ਼ ਦੀ ਮਿੱਟੀ ਨਾਲ ਇਕ ਮਿਕ ਹੋ ਗਿਆ।

ਜੀਨਾ ਬੁਰਾ ਹੈ ਉਸਕਾ, ਜੋ ਅਪਨੇ ਲੀਏ ਜੀਏ।
ਜੀਤਾ ਹੈ ਵੁਹ, ਜੋ ਮਰ ਚੁਕਾ ਹੈ ਕੌਮ ਕੇ ਲੀਏ॥

## ਗਦਰ ਪਾਰਟੀ ਦਾ ਤਿਰੰਗਾ



Digitized by Panjab Digital Library | www.panjabdigilib.org

# ਸ਼ਹੀਦ ਭਾਈ ਰਣ ਸਿੰਘ

29 ਮਾਰਚ 1849 ਨੂੰ ਜਦੋਂ ਅੰਗਰੇਜ਼ਾਂ ਨੇ ਪੰਜਾਬ ਉਪਰ ਆਪਣਾ ਪੂਰਨ ਅਧਿਕਾਰ ਸਥਾਪਿਤ ਕਰ ਲਿਆ ਤਾਂ ਪਟਿਆਲਾ, ਨਾਭਾ ਅਤੇ ਜੀਂਦ ਦੀਆਂ ਰਿਆਸਤਾਂ ਨੂੰ ਜਿਉਂ ਦਾ ਤਿਉਂ ਹੀ ਰਹਿਣ ਦਿੱਤਾ ਗਿਆ। ਇਹ ਰਿਆਸਤਾਂ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਹੀ ਅੰਗਰੇਜ਼ੀ ਹਕੂਮਤ ਦੀ ਸੁਰੱਖਿਆ ਹੇਠ ਚਲੀਆਂ ਆ ਰਹੀਆਂ ਸਨ। 20 ਦਸੰਬਰ 1911 ਨੂੰ ਟਿੱਕਾ ਰਿਪੁਦਮਨ ਸਿੰਘ ਨਾਭਾ ਰਿਆਸਤ ਦਾ ਮਹਾਰਾਜਾ ਬਣਿਆ। ਕੁਝ ਰਾਜਸੀ ਅਤੇ ਕੁਝ ਵਿਅਕਤੀਗਤ ਕਾਰਨਾਂ ਕਰਕੇ ਉਸਦੇ ਗੁਆਂਢੀ ਰਿਆਸਤ ਪਟਿਆਲਾ ਦੇ ਮਹਾਰਾਜੇ ਨਾਲ ਸੰਬੰਧ ਚੰਗੇ ਨਹੀਂ ਸਨ। ਇਨ੍ਹਾਂ ਅਣਸੁਖਾਵੇਂ ਹਾਲਾਤ ਕਰਕੇ ਹੌਲੀ ਹੌਲੀ ਇਹ ਦੋਵੇਂ ਮਹਾਰਾਜੇ ਇਕ ਦੂਜੇ ਦੇ ਕਟੱੜ ਵਿਰੋਧੀ ਬਣ ਗਏ।

ਮਹਾਰਾਜਾ ਰਿਪੁਦਮਨ ਸਿੰਘ ਅਗਾਂਹਵਧੂ, ਸਮਾਜ ਸੁਧਾਰਕ ਅਤੇ ਰਾਸ਼ਟਰਵਾਦੀ ਵਿਚਾਰਾਂ ਵਾਲਾ ਵਿਅਕਤੀ ਸੀ। 1920-21 ਵਿਚ ਜਦੋਂ ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਹੋਈ ਤਾਂ ਉਸਦੀ ਹਮਦਰਦੀ ਅਕਾਲੀ ਮੋਰਚਿਆਂ ਅਤੇ ਅਕਾਲੀ ਲਹਿਰ ਦੇ ਪ੍ਰੋਗਰਾਮਾਂ ਨਾਲ ਜੁੜ ਗਈ। ਮਹਾਰਾਜਾ ਪਟਿਆਲਾ ਨੇ ਆਪਣੇ ਖੁਫ਼ੀਆ ਵਿਭਾਗ ਰਾਹੀਂ ਅੰਗਰੇਜ਼ ਸਰਕਾਰ ਨੂੰ ਇਹ ਯਕੀਨ ਦੁਆ ਦਿੱਤਾ ਕਿ ਨਾਭਾ ਦਾ ਮਹਾਰਾਜਾ ਰਿਪੁਦਮਨ ਸਿੰਘ ਅਕਾਲੀਆਂ ਨਾਲ ਮਿਲਕੇ ਅੰਗਰੇਜ਼ਾਂ ਵਿਰੁੱਧ ਬਗ਼ਾਵਤ ਕਰਨੀ ਚਾਹੁੰਦਾ ਹੈ। ਆਪਣੇ ਪੱਖ ਨੂੰ ਹੋਰ ਮਜ਼ਬੂਤ ਕਰਨ ਲਈ ਪਟਿਆਲੇ ਦੇ ਮਹਾਰਾਜੇ ਨੇ ਇਹ ਵੀ ਕਿਹਾ ਕਿ 1914-1918 ਦਰਮਿਆਨ ਪਹਿਲੇ ਵਿਸ਼ਵ ਯੁੱਧ ਦੇ ਸਮੇਂ ਨਾਭੇ ਦੇ ਮਹਾਰਾਜੇ ਨੇ ਲੜਾਈ ਵਿਚ ਆਪਣੀਆਂ ਫੌਜਾਂ ਭੇਜਣ ਤੋਂ ਹਿਚਕਚਾਹਟ ਜ਼ਾਹਿਰ ਕੀਤੀ ਸੀ। ਇਨ੍ਹਾਂ ਗੱਲਾਂ ਨੂੰ ਮੁੱਖ ਰਖਦਿਆਂ ਅੰਗਰੇਜ਼ ਸਰਕਾਰ ਨੇ 9 ਜੁਲਾਈ 1923 ਨੂੰ ਮਹਾਰਾਜਾ ਰਿਪੁਦਮਨ ਸਿੰਘ ਨੂੰ ਗਦੀਉਂ ਲਾਹਕੇ ਰਿਆਸਤ ਦਾ ਪ੍ਰਬੰਧ ਇਕ ਅੰਗਰੇਜ਼ ਐਡਮਿੰਸਟ੍ਰੇਟਰ ਦੇ ਹੱਥ ਸੌਂਪ ਦਿੱਤਾ ਤੇ ਮਹਾਰਾਜੇ ਨੂੰ ਫੌਜੀ ਨਿਗਰਾਣੀ ਥਲੇ ਡੇਹਰਾਦੂਨ ਭੇਜ ਦਿੱਤਾ ਗਿਆ।

ਮਹਾਰਾਜੇ ਦੇ ਗਦੀਉਂ ਲਾਹੇ ਜਾਣ ਦੀ ਕਾਰਵਾਈ ਨਾਲ ਅਕਾਲੀਆਂ ਅਤੇ ਖਾਸ ਕਰਕੇ ਆਮ ਸਿੱਖਾਂ ਵਿਚ ਰੋਸ ਦੀ ਲਹਿਰ ਦੋੜ ਗਈ। ਮਹਾਰਾਜੇ ਦੇ ਸਮਰਥਨ ਵਿਚ ਥਾਂ ਥਾਂ ਤੇ ਜਲੂਸ ਨਿਕਲਣੇ ਅਤੇ ਜਲਸੇ ਹੋਣੇ ਸ਼ੁਰੂ ਹੋ ਗਏ। ਇਸ ਰੋਸ ਨੂੰ ਪ੍ਰਗਟਉਣ ਲਈ ਜੈਤੋ ਦੇ ਗੁਰਦੁਆਰੇ ਗੰਗਸਰ ਵਿਖੇ ਅਖੰਡ ਪਾਠ ਸ਼ੁਰੂ ਕੀਤਾ ਗਿਆ ਜਿਸ ਨੂੰ ਅੰਗਰੇਜ਼ ਅਧਿਕਾਰੀਆਂ ਦੇ ਹੁਕਮ ਨਾਲ ਖੰਡਿਤ ਕਰ ਦਿੱਤਾ ਗਿਆ। ਅਕਾਲੀ ਲਹਿਰ, ਅਥਵਾ ਗੁਰਦੁਆਰਾ ਸੁਧਾਰ ਲਹਿਰ ਜੋ ਇਸ ਵੇਲੇਂ ਆਪਣੇ ਪੂਰੇ ਜੋਬਨ ਤੇ ਸੀ, ਉਨ੍ਹਾਂ ਨੇ ਅਖੰਡ ਪਾਠ ਖੰਡਿਤ ਕੀਤੇ ਜਾਣ ਦੀ ਘਟਨਾ ਨੂੰ ਬੜੀ ਗੰਭੀਰਤਾ ਨਾਲ ਲਿਆ ਤੇ ਸਰਕਾਰੀ ਨੀਤੀਆਂ ਵਿਰੁੱਧ ਜੈਤੋ ਦਾ ਮੋਰਚਾ ਸ਼ੁਰੂ ਕਰ ਦਿੱਤਾ। ਉਨ੍ਹਾਂ ਅਨੁਸਾਰ ਸਰਕਾਰ ਦਾ ਇਹ ਕਦਮ ਉਨ੍ਹਾਂ ਦੀ ਧਾਰਮਿਕ ਆਜ਼ਾਦੀ ਤੇ ਪ੍ਰਹਾਰ ਸੀ ਜਿਸਨੂੰ ਉਹ ਕਿਸੇ ਵੀ ਕੀਮਤ ਤੇ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਸਨ। ਅਜੋਕੀ

Digitized by Panjab Digital Library | www.panjabdigilib.org

ਇਤਿਹਾਸਕ ਖੋਜ ਅਤੇ ਅਕਾਲੀ ਲਹਿਰ ਦੇ ਇਤਿਹਾਸਕਾਰ ਮਹਾਰਾਜਾ ਰਿਪੁਦਮਨ ਸਿੰਘ ਦੀ ਤਖ਼ਤ ਤੋਂ ਬਰਖਾਸਤਗੀ ਅਤੇ ਅਕਾਲੀ ਮੋਰਚਿਆਂ ਨੂੰ ਸੁਤੰਤਰਤਾ ਸੰਗ੍ਰਾਮ ਦੀ ਇਕ ਮਹੱਤਵ ਪੂਰਨ ਕੜੀ ਮੰਨਦੇ ਹਨ।

ਜਦੋਂ ਜੈਤੋ ਦਾ ਮੋਰਚਾ ਸ਼ੁਰੂ ਹੋਇਆ ਤਾਂ ਸ਼ੁਰੂ ਸ਼ੁਰੂ ਵਿਚ 25, 25 ਸਿੰਘਾਂ ਦੇ ਜਥੇ ਭੇਜੇ ਗਏ। ਫਿਰ ਇਨ੍ਹਾਂ ਜਥਿਆਂ ਦੀ ਸੰਖਿਆ ਵੱਧ ਕੇ 500 ਤੱਕ ਪਹੁੰਚ ਗਈ। ਅਕਾਲ ਤਖ਼ਤ ਸਾਹਿਬ ਤੋਂ ਤੁਰਨ ਲਗਿਆਂ ਇਨ੍ਹਾਂ ਕੋਲੋਂ ਪੂਰਨ ਸ਼ਾਂਤ ਮਈ ਰਹਿਣ ਦਾ ਪ੍ਰਣ ਲਿਆ ਜਾਂਦਾ ਸੀ। ਨਾਭਾ ਰਿਆਸਤ ਦੀ ਹੱਦ ਵਿਚ ਪਹੁੰਚਦਿਆਂ ਹੀ ਇਨ੍ਹਾਂ ਜਥਿਆਂ ਉਪਰ ਸਖ਼ਤੀ ਅਤੇ ਤਸ਼ਦਦ ਦਾ ਦੌਰ ਸ਼ੁਰੂ ਹੋ ਜਾਂਦਾ ਸੀ।

500 ਅਕਾਲੀ ਵਾਲੰਟੀਅਰਾਂ ਦਾ ਪਹਿਲਾ ਸ਼ਹੀਦੀ ਜਥਾ ਅਕਾਲ ਤਖ਼ਤ ਤੋਂ 9 ਫਰਵਰੀ 1924 ਨੂੰ ਗੰਗਸਰ (ਜੈਤੋ) ਲਈ ਰਵਾਨਾ ਹੋਇਆ। ਇਸ ਜਥੇ ਦਾ ਪ੍ਰੋਗਰਾਮ 21 ਫਰਵਰੀ ਨੂੰ ਜੈਤੋ ਪਹੁੰਚਣ ਦਾ ਸੀ। ਤਿੰਨ ਸਾਲ ਪਹਿਲਾਂ ਇਸੇ ਦਿਨ 130 ਸ਼ਹੀਦ ਸਿੰਘਾਂ ਦੀ ਕੁਰਬਾਨੀ ਮਗਰੋਂ ਨਨਕਾਣਾ ਸਾਹਿਬ ਨੂੰ ਮਹੰਤ ਨਰੈਣਦਾਸ ਦੀ ਚੰਡਾਲ ਜੁੰਡਲੀ ਤੋਂ ਸੁਤੰਤਰ ਕਰਾ ਕੇ ਪੰਥ ਦੇ ਅਧਿਕਾਰ ਥਲੇ ਲਿਆਂਦਾ ਗਿਆ ਸੀ। ਜਦੋਂ ਇਹ ਜਥਾ ਗੁਰਦੁਆਰਾ ਟਿੱਬੀ ਸਾਹਿਬ (ਜੈਤੋ) ਦੇ ਨੇੜੇ ਪਹੁੰਚਿਆ ਤਾਂ ਅੰਗਰੇਜ਼ ਅਫਸਰ ਵਿਲਸਨ-ਜੋਹਨਸਨ ਦੇ ਹੁਕਮ ਨਾਲ ਗੋਲੀ ਚਲਾਕੇ ਵਡੀ ਗਿਣਤੀ ਵਿਚ ਅਕਾਲੀ ਵਾਲੰਟੀਅਰਾਂ ਨੂੰ ਭੁੰਨ ਦਿੱਤਾ ਗਿਆ। ਗੋਲੀ ਚਲਣ ਮਗਰੋਂ ਘੁੜ-ਸੁਆਰ ਪੁਲਿਸ ਕਰਮੀਆਂ ਨੇ ਜ਼ਖਮੀ ਹੋਕੇ ਜ਼ਮੀਨ ਤੇ ਡਿੱਗੇ ਅਕਾਲੀ ਸਿੰਘਾਂ ਨੂੰ ਘੋੜਿਆਂ ਦੀਆਂ ਟਾਪਾਂ ਥੱਲੇ ਰੋਂਦਨਾ ਤੇ ਲਾਠੀਆਂ ਨਾਲ ਮਾਰਨਾ ਸ਼ੁਰੂ ਕਰ ਦਿੱਤਾ। ਜ਼ਖਮੀਆਂ ਦੀ ਸੇਵਾ ਸੰਭਾਲ ਲਈ ਕਿਸੇ ਵੀ ਡਾਕਟਰ ਨੂੰ ਉਨ੍ਹਾਂ ਦੇ ਨੇੜੇ ਜਾਣ ਦੀ ਇਜਾਜ਼ਤ ਨਾ ਦਿੱਤੀ ਗਈ। ਹੋਰ ਤਾਂ ਹੋਰ ਡਾ: ਕੇਹਰ ਸਿੰਘ ਸਿਧਵਾ ਜੋ ਜਥੇ ਦੇ ਨਾਲ ਗਿਆ ਸੀ ਉਸਨੂੰ ਵੀ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿੱਤਾ ਗਿਆ। ਰੇਤਲੀ ਜ਼ਮੀਨ ਹੋਣ ਦੇ ਬਾਵਜੂਦ ਹਰ ਪਾਸੇ ਖ਼ੂਨ ਹੀ ਖ਼ੂਨ ਡੁਲ੍ਹਿਆ ਤੇ ਵਗਦਾ ਦਿਖਾਈ ਦੇ ਰਿਹਾ ਸੀ। ਸਰਕਾਰੀ ਆਂਕੜਿਆਂ ਅਨੁਸਾਰ ਮਰਨ ਵਾਲਿਆਂ ਦੀ ਸੰਖਿਆ 19 ਅਤੇ ਜ਼ਖਮੀ ਹੋਣ ਵਾਲੇ ਅਕਾਲੀਆਂ ਦੀ ਗਿਣਤੀ 28 ਦਸੀ ਗਈ ਜਦ ਕਿ ਗ਼ੈਰ ਸਰਕਾਰੀ ਆਂਕੜਿਆਂ ਅਨੁਸਾਰ ਮਰਨ ਵਾਲਿਆਂ ਦੀ ਗਿਣਤੀ 150 ਅਤੇ ਜ਼ਖਮੀ ਹੋਏ ਅਕਾਲੀ ਵਾਲੰਟੀਅਰਾਂ ਦੀ ਸੰਖਿਆ 300 ਸੀ। ਸਰਕਾਰ ਸੋਚਦੀ ਸੀ ਕਿ ਇਹੋ ਜਹੀ ਸਖ਼ਤੀ ਦੇ ਬਾਅਦ ਅਕਾਲੀ ਜਥਿਆਂ ਦਾ ਮਨੋਬਲ ਟੁੱਟ ਜਾਵੇਗਾ 'ਤੇ ਉਹ ਆਪਣਾ ਮੋਰਚਾ ਸਮਾਪਤ ਕਰ ਦੇਣਗੇ। ਪਰ ਅਜਿਹਾ ਹੋਣ ਦੀ ਬਜਾਇ 500 ਸਿੰਘਾਂ ਦਾ ਦੂਜਾ ਸ਼ਹੀਦੀ ਜਥਾ ਅੰਮ੍ਰਿਤਸਰ ਤੋਂ 28 ਫਰਵਰੀ 1924 ਨੂੰ ਜੈਤੋ ਲਈ ਰਵਾਨਾ ਹੋਇਆ, ਤੀਜਾ ਜਥਾ 22 ਮਾਰਚ 1924 ਨੂੰ ਅਤੇ ਚੌਥਾ ਜਥਾ 27 ਮਾਰਚ 1924 ਨੂੰ ਆਨੰਦਪੁਰ ਸਾਹਿਬ ਤੋਂ ਚਲਕੇ 18 ਅਪ੍ਰੈਲ 1924 ਨੂੰ ਜੈਤੋ ਪਹੁੰਚਿਆ। **ਸ਼ਹੀਦ ਭਾਈ ਰਣ ਸਿੰਘ ਇਸੇ ਜਥੇ ਵਿਚ ਸ਼ਾਮਲ ਸੀ।** ਇਨ੍ਹਾਂ ਬਾਰੇ ਸੰਖੇਪ ਜਾਣਕਾਰੀ ਡਾ. ਫੌਜਾ ਸਿੰਘ ਨੇ Who's Who Punjab Freedom Fighters, Vol-2 ਦੇ ਪੰਨਾ 543 ਉਪਰ ਦਰਜ ਕੀਤੀ ਹੈ।

ਇਸ ਤੋਂ ਬਾਅਦ ਜੈਤੋ ਪਹੁੰਚਣ ਵਾਲੇ ਜਥਿਆਂ ਦੀ ਸੰਖਿਆ ਬਹੁਤ ਵੱਧ ਗਈ। ਸਰਕਾਰੀ ਅਧਿਕਾਰੀਆਂ ਲਈ ਇਨ੍ਹਾਂ ਜਥਿਆਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹਾਂ ਵਿਚ ਭੇਜਣਾ ਇਕ

Digitized by Panjab Digital Library | www.panjabdigilib.org

ਬੜੀ ਵੱਡੀ ਸਮੱਸਿਆ ਬਣ ਗਈ। ਨਾਭਾ ਸੈਂਟਰਲ ਜੇਲ੍ਹ ਦੇ ਨਾਲ ਦੋ ਆਰਜ਼ੀ 'ਕੈਂਪ ਜੇਲ੍ਹਾਂ' ਬਣਾ ਦਿੱਤੀਆਂ ਗਈਆਂ। ਇਹ ਜੇਲ੍ਹਾਂ ਸਨ-ਬੀੜ ਦੁਸਾਂਝਾ ਅਤੇ ਬੀੜ ਮੈਂਸ। ਇਨ੍ਹਾਂ ਦੁਆਲੇ 15 ਫੁੱਟ ਉੱਚੀ ਦੀਵਾਰ ਖੜੀ ਕਰਕੇ ਅਕਾਲੀ ਵਲੰਟੀਅਰਾਂ ਨੂੰ ਇਸ ਤਰ੍ਹਾਂ ਡੱਕਿਆ ਜਾਂਦਾ ਸੀ ਜਿਵੇਂ ਕਤਲਗਾਹ ਤੇ ਲਿਜਾਣ ਤੋਂ ਪਹਿਲਾਂ ਕਿਸੇ ਵਾੜੇ ਵਿਚ ਭੇਡ ਬਕਰੀਆਂ ਤੁੰਨੀਆ ਜਾਂਦੀਆਂ ਹਨ। ਜੇਲ੍ਹ ਅਧਿਕਾਰੀਆਂ ਵਲੋਂ ਗ੍ਰਿਫ਼ਤਾਰ ਕੀਤੇ ਗਏ ਇਨ੍ਹਾਂ ਸਿੰਘਾਂ ਨਾਲ ਬੜਾ ਮਾੜਾ ਸਲੂਕ ਕੀਤਾ ਜਾਂਦਾ ਸੀ। ਨਾ ਕੋਈ ਮੁਕੱਦਮਾ, ਨਾ ਪੇਸ਼ੀ ਤੇ ਨਾ ਫੱਟੜ ਹੋਏ ਵਲੰਟੀਅਰਾਂ ਲਈ ਕੋਈ ਡਾਕਟਰੀ ਸਹਾਇਤਾ ਉਪਲਬਧ ਸੀ। ਜਦੋਂ ਅਕਾਲੀ ਕੈਦੀਆਂ ਨੇ ਅੰਗਰੇਜ਼ ਐਡਮਿੰਸਟ੍ਰੇਟਰ ਵਿਲਸਨ ਅਤੇ ਡਿਪਟੀ ਐਡਮਿੰਸਟ੍ਰੇਟਰ ਗੁਰਦਿਆਲ ਸਿੰਘ 'ਦੁਲੱਟ' ਨੂੰ ਆਪਣੀਆਂ ਤਕਲੀਫਾਂ ਬਾਰੇ ਦਸਣਾ ਚਾਹਿਆ ਤਾਂ ਉਨ੍ਹਾਂ ਸਾਫ਼ ਕਹਿ ਦਿੱਤਾ ਕਿ 'ਤੁਸੀਂ ਕੋਈ ਸਾਡੇ ਪ੍ਰਾਹੁਣੇ ਨਹੀਂ, ਕੈਦੀ ਹੋ ਕੈਦੀ। ਤੇ ਕੈਦੀਆਂ ਨਾਲ ਜਿਹੋ ਜਿਹਾ ਸਲੂਕ ਹੋਣਾ ਚਾਹੀਦਾ ਹੈ, ਤੁਹਾਡੇ ਨਾਲ ਉਹੀ ਕੀਤਾ ਜਾ ਰਿਹਾ ਹੈ।'

ਜਦੋਂ ਭਾਈ ਰਣ ਸਿੰਘ ਚੌਥੇ ਸ਼ਹੀਦੀ ਜਥੇ ਨਾਲ ਜੈਤੋ ਪਹੁੰਚਿਆ ਤਾਂ ਉਨ੍ਹਾਂ ਨੂੰ 'ਬੀੜ ਦੁਸਾਂਝ ਕੈਂਪ ਜੇਲ੍ਹ' ਵਿਚ ਬੰਦ ਕੀਤਾ ਗਿਆ। ਮਗਰੋਂ ਇੱਥੇ ਹੀ ਜਥਾ ਨੰਬਰ 6, 8, 11, 12, 13 ਅਤੇ 14 ਦੇ ਅਕਾਲੀ ਵਲੰਟੀਅਰ ਵੀ ਰੱਖੇ ਗਏ ਜਦ ਕਿ ਬੀੜ ਮੈਂਸ ਵਿਚ ਤੀਜੇ ਤੇ ਸਤਵੇ ਜਥੇ ਨੂੰ ਨਜ਼ਰਬੰਦ ਕੀਤਾ ਗਿਆ। ਹਰ ਰੋਜ਼ ਇਨ੍ਹਾਂ ਕੈਂਪ ਜੇਲ੍ਹਾਂ ਵਿਚੋਂ ਕੁਝ ਸਰਗਰਮ ਅਕਾਲੀ ਸਿੰਘਾਂ ਤੇ ਨੇਤਾਵਾਂ ਨੂੰ ਵਖਰਾ ਕਰਕੇ ਸੈਂਟਰਲ ਜੇਲ੍ਹ ਨਾਭਾ ਵਿਖੇ ਲਿਜਾਇਆ ਜਾਂਦਾ ਤਾਕਿ ਉਹ ਮਹਾਰਾਜਾ ਰਿਪੁਦਮਨ ਸਿੰਘ ਅਤੇ ਗੰਗਸਰ ਦੇ ਮੋਰਚੇ ਤੋਂ ਆਪਣੇ ਆਪ ਨੂੰ ਅਲੱਗ ਕਰਕੇ ਮਾਫ਼ੀ ਮੰਗ ਲੈਣ। ਸਰਕਾਰ ਦੀਆਂ ਸਖ਼ਤੀਆਂ ਦੇ ਬਾਵਜੂਦ ਨਾ ਤਾਂ ਅਧਿਕਾਰੀ ਇਸ ਮੋਰਚੇ ਨੂੰ ਤੋੜ ਹੀ ਸਕੇ ਅਤੇ ਨਾ ਹੀ ਉਹ ਸ੍ਵੈ-ਇਛੱਤ ਤੇ ਸ਼ਾਂਤ ਮਈ ਰਹਿਣ ਦਾ ਪ੍ਰਣ ਕਰਕੇ ਆਏ ਅਕਾਲੀ ਵਲੰਟੀਅਰਾਂ ਕੋਲੋਂ ਮਾਫ਼ੀ ਮੰਗਵਾਉਣ ਵਿਚ ਕਾਮਯਾਬ ਹੋ ਸਕੇ। ਇਹ ਮੋਰਚਾ 6 ਅਗਸਤ 1925 ਤੱਕ ਜਾਰੀ ਰਿਹਾ। ਇਸ ਦੌਰਾਨ ਅਨੇਕਾਂ ਅਕਾਲੀ ਵਲੰਟੀਅਰ ਸਰਕਾਰੀ ਤਸ਼ਦੱਦ ਦਾ ਸ਼ਿਕਾਰ ਹੋਕੇ ਸ਼ਹੀਦੀਆਂ ਪਾ ਗਏ। ਇਨ੍ਹਾਂ ਸ਼ਹੀਦ ਹੋਣ ਵਾਲੇ ਸਿੰਘਾਂ ਵਿਚ ਹੀ ਪਿੰਡ ਮਾਦਪੁਰ, ਤਹਿਸੀਲ ਸਮਰਾਲਾ, ਜ਼ਿਲਾ ਲੁਧਿਆਣਾ ਦਾ ਭਾਈ ਰਣ ਸਿੰਘ ਵੀ ਸੀ।

ਡਾ. ਫੌਜਾ ਸਿੰਘ ਅਨੁਸਾਰ ਭਾਈ ਰਣ ਸਿੰਘ ਦਾ ਜਨਮ ਸ੍ਰ: ਭੋਲਾ ਸਿੰਘ ਅਤੇ ਮਾਤਾ ਅੱਤਰ ਕੌਰ ਦੇ ਗ੍ਰਹਿ ਵਿਖੇ ਸੰਨ 1864 ਵਿਚ ਹੋਇਆ ਸੀ। ਪਰ ਸ੍ਰ: ਅਮਰ ਸਿੰਘ ਤੇਗ਼ ਨੇ 'ਫਰੰਗੀਆਂ ਦੀਆਂ ਜੇਲ੍ਹਾਂ ਵਿਚ ਦੇਸ਼ ਭਗਤ' ਪੁਸਤਕ ਵਿਚ ਇਨ੍ਹਾਂ ਦਾ ਜਨਮ 1890 ਦੇ ਆਸ ਪਾਸ ਹੋਇਆ ਲਿਖਿਆ ਹੈ। ਸ੍ਰ: ਅਮਰ ਸਿੰਘ ਤੇਗ਼ ਦੁਆਰਾ ਦਿੱਤਾ ਇਹ ਸਾਲ ਵਧੇਰੇ ਸਹੀ ਜਾਪਦਾ ਹੈ ਕਿਉਂਕਿ ਇਹ ਜਾਣਕਾਰੀ ਉਨ੍ਹਾਂ ਨੂੰ ਮਾਸਟਰ ਕਪੂਰ ਸਿੰਘ ਮਾਦਪੁਰ ਕੋਲੋਂ ਭਾਈ ਬਚਨ ਸਿੰਘ ਅਕਾਲੀ ਰਾਹੀਂ ਪ੍ਰਾਪਤ ਹੋਈ ਸੀ ਜੋ ਕਿ ਭਾਈ ਰਣ ਸਿੰਘ ਨੂੰ ਨਿੱਜੀ ਤੌਰ ਤੇ ਜਾਣਦੇ ਅਤੇ ਉਨ੍ਹਾਂ ਦੀ ਸ਼ਹੀਦੀ ਤੋਂ ਵਾਕਫ ਸਨ।

ਸ੍ਰ. ਰਣ ਸਿੰਘ ਦੇ ਪਿਤਾ ਸ੍ਰ. ਭੋਲਾ ਸਿੰਘ ਚੰਗੇ ਖਾਂਦੇ ਪੀਂਦੇ ਜ਼ਿਮੀਂਦਾਰ ਸਨ। ਉਨ੍ਹਾਂ ਕੋਲ ਵਾਹੀ ਕਰਨ ਵਾਲੀ ਕਾਫੀ ਜ਼ਮੀਨ ਸੀ ਅਤੇ ਪਿੰਡ ਵਿਚ ਚੰਗਾ ਸਤਿਕਾਰ ਸੀ। ਭਾਈ ਰਣ ਸਿੰਘ ਨੇ ਆਪਣਾ ਬਚਪਨ ਅਤੇ ਜਵਾਨੀ ਸਾਧਾਰਨ ਪੇਂਡੂ ਕਿਸਾਨਾਂ ਵਾਂਗ ਹੀ ਗੁਜ਼ਾਰੀ ਅਤੇ ਪੰਜਾਬੀ ਲਿਖਣ, ਪੜ੍ਹਣ ਅਤੇ ਗੁਰਬਾਣੀ ਦੀ ਸਿੱਖਿਆ ਪਿੰਡ ਦੇ ਗੁਰਦੁਆਰੇ ਤੋਂ ਪ੍ਰਾਪਤ ਕੀਤੀ। ਵੀਹਵੀਂ

Digitized by Panjab Digital Library | www.panjabdigilib.org

ਸਦੀ ਦੇ ਦੂਜੇ ਦਹਾਕੇ ਵਿਚ ਹੋਣ ਵਾਲੀਆਂ ਘਟਨਾਵਾਂ ਅਤੇ ਨੌਜਵਾਨਾਂ ਵਿਚ ਆ ਰਹੀ ਰਾਸ਼ਟਰੀ ਚੇਤਨਾ ਇਨ੍ਹਾਂ ਨੂੰ ਦੇਸ਼ ਸੇਵਾ ਅਤੇ ਗੁਰਦੁਆਰਾ ਸੁਧਾਰ ਵਲ ਲੈ ਆਈ। ਜਦੋਂ ਨਨਕਾਣਾ ਸਾਹਿਬ ਅਤੇ ਹੋਰ ਪਵਿੱਤਰ ਗੁਰਧਾਮਾਂ ਨੂੰ ਦੁਰਾਚਾਰੀ ਮਹੰਤਾਂ ਦੇ ਕੰਟਰੋਲ ਚੋਂ ਮੁਕਤ ਕਰਾਉਣ ਲਈ ਗੁਰਦੁਆਰਾ ਸੁਧਾਰ ਲਹਿਰ ਚਲੀ ਤਾਂ ਭਾਈ ਰਣ ਸਿੰਘ ਇਸ ਲਹਿਰ ਵਿਚ ਤਨ-ਮਨ ਧੰਨ ਅਤੇ ਪੂਰਨ ਕੁਰਬਾਨੀ ਦੇ ਜਜ਼ਬੇ ਨਾਲ ਸ਼ਾਮਲ ਹੋ ਗਏ। ਉਹ ਅੰਮ੍ਰਿਤਸਰ ਦੀ ਕਾਰ ਸੇਵਾ ਅਤੇ ਗੁਰੂ ਕੇ ਬਾਗ਼ ਦੇ ਮੋਰਚੇ ਵਿਚ ਹਿੱਸਾ ਲੈਕੇ ਪੰਥ ਸੇਵਾ ਵਿਚ ਜੁੱਟ ਗਏ। 1921 ਤੋਂ 1924 ਦੇ ਦਰਮਿਆਨ ਉਹ ਤਹਿਸੀਲ ਸਮਰਾਲਾ ਦੇ ਅਕਾਲੀ ਜਥੇਦਾਰ ਵੀ ਰਹੇ।

ਪੰਥਕ ਕੰਮਾਂ ਅਤੇ ਅਕਾਲੀ ਮੋਰਚਿਆਂ ਵਿਚ ਲਗਾਤਾਰ ਪੰਜ ਸਾਲ ਤਕ ਸਰਗਰਮ ਰਹਿਣ ਕਰਕੇ ਘਰ ਦੀ ਆਰਥਕ ਹਾਲਤ ਬੜੀ ਮਾੜੀ ਹੋ ਗਈ। ਪਿੰਡ ਦੇ ਨੇੜੇ ਵਾਹੀ ਯੋਗ ਜੱਦੀ ਜ਼ਮੀਨ 500 ਰੁਪਏ ਵਿਚ ਗਹਿਣੇ ਰਖਣੀ ਪੈ ਗਈ ਪਰ ਇਨ੍ਹਾਂ ਦਾ ਧਾਰਮਿਕ ਅਤੇ ਦੇਸ਼ ਪ੍ਰਤੀ ਜੋਸ਼ ਕਿਸੇ ਵੀ ਤਰ੍ਹਾਂ ਮੱਠਾ ਨਾ ਪਿਆ। ਜਦੋਂ ਚੋਥਾ ਸ਼ਹੀਦੀ ਜਥਾ ਆਨੰਦਪੁਰ ਸਾਹਿਬ ਤੋਂ ਗੰਗਸਰ (ਜੈਤੋ) ਲਈ ਚਲਿਆ ਤਾਂ ਆਪ ਘਰ ਦਾ ਮੋਹ ਅਤੇ ਸੁੱਖ ਆਰਾਮ ਤਿਆਗ ਕੇ ਉਸ ਵਿਚ ਸ਼ਾਮਲ ਹੋ ਗਏ। ਇਹ ਜਥਾ 18 ਅਪ੍ਰੈਲ 1924 ਨੂੰ ਜੈਤੋ ਪਹੁੰਚਿਆ। ਅੰਗਰੇਜ਼ ਅਧਿਕਾਰੀਆਂ ਨੇ ਸਥਾਨਕ ਅਫਸਰਾਂ ਅਤੇ ਪੁਲਿਸ ਦੀ ਮਦਦ ਨਾਲ ਜਥੇ ਦੇ ਅਕਾਲੀ ਵਲੰਟੀਅਰਾਂ ਨੂੰ 'ਬੀੜ ਦੁਸਾਂਝ ਕੈਂਪ ਜੇਲ੍ਹ' ਵਿਚ ਨਜ਼ਰਬੰਦ ਕਰ ਦਿੱਤਾ। ਜੇਲ੍ਹ ਵਿਚ ਜੇਲ੍ਹ ਕਰਮੀਆਂ ਦੀ ਬਦਸਲੂਕੀ ਅਤੇ ਭੈੜੇ ਪ੍ਰਬੰਧ ਕਾਰਨ ਭੁੱਖ ਹੜਤਾਲ ਹੋ ਗਈ। ਇਸਦੇ ਨਾਲ ਹੀ ਸਿੰਘਾਂ ਨੂੰ ਮਜਬੂਰ ਕੀਤਾ ਜਾਂਦਾ ਸੀ ਕਿ ਉਹ ਖਾਲਸਾਈ ਬਾਣਾ ਤਿਆਗ ਕੇ ਜੇਲ੍ਹ ਦੀ ਵਰਦੀ ਧਾਰਨ ਕਰ ਲੈਣ। ਭਾਈ ਰਣ ਸਿੰਘ ਇਨ੍ਹਾਂ ਪਾਬੰਧੀਆਂ ਦੇ ਵਿਰੁੱਧ ਡੱਟ ਗਏ ਅਤੇ ਭੁੱਖ ਹੜਤਾਲ ਵਿਚ ਸਰਗਰਮ ਹਿੱਸਾ ਲਿਆ। ਮੋਰਚੇ ਦੌਰਾਨ ਫੜੇ ਗਏ ਅਤੇ ਹੜਤਾਲੀ ਸਿੰਘਾਂ ਨੂੰ ਭਾਰੀ ਜੁਰਮਾਨੇ ਕੀਤੇ ਗਏ, ਜ਼ਮੀਨ ਜ਼ਬਤੀ ਦੇ ਹੁਕਮ ਜਾਰੀ ਹੋਏ ਅਤੇ ਕਈਆਂ ਨੂੰ ਰਿਆਸਤ ਵਿਚੋਂ ਜਲਾਵਤਨ ਕਰ ਦਿੱਤਾ ਗਿਆ। ਜੇਲ੍ਹ ਵਿਚ ਕ੍ਰਿਆਸ਼ੀਲ ਹਿੱਸਾ ਲੈਣ ਕਰਕੇ ਭਾਈ ਰਣ ਸਿੰਘ ਜੇਲ੍ਹ ਕਰਮਚਾਰੀਆਂ ਦੀ ਅੱਖ ਵਿਚ ਰੜਕਣ ਲਗ ਪਏ। 18 ਫਰਵਰੀ ਅਤੇ 20 ਫਰਵਰੀ 1925 ਦੇ ਦਰਮਿਆਨ ਉਨ੍ਹਾਂ ਨੂੰ ਨਾਭਾ ਦੀ ਸੈਂਟਰਲ ਜੇਲ੍ਹ ਵਿਚ ਭੇਜ ਦਿੱਤਾ ਗਿਆ।

ਦੁਸਾਂਝਾਂ ਕੈਂਪ ਜੇਲ੍ਹ ਤੋਂ ਤੁਰਨ ਲਗਿਆਂ ਭਾਈ ਰਣ ਸਿੰਘ ਨੇ ਸਾਥੀ ਕੈਦੀਆਂ ਨੂੰ ਫਤਹਿ ਬੁਲਾਈ। ਗਲ ਵਿਚ ਪਲੂ ਪਾਕੇ ਅਰਦਾਸ ਕੀਤੀ ਅਤੇ ਕਹਿਣ ਲੱਗੇ, 'ਹੇ ਸਤਿਗੁਰੂ ਮੈਨੂੰ ਸ਼ਹੀਦੀ ਦਾ ਦਾਨ ਬਖਸ਼ਣਾ। ਸਿੱਖੀ ਕੇਸਾਂ ਸੁਆਸਾਂ ਸੰਗ ਨਿਭ ਆਵੇ।' ਉਨ੍ਹਾਂ ਨੇ ਇਕ ਰੁੱਕਾ ਭਾਈ ਰਾਮ ਸਿੰਘ ਲਿਬੜਾ, ਜ਼ਿਲਾ, ਲੁਧਿਆਣਾ ਦੇ ਨਾਮ ਲਿਖਕੇ ਆਪਣੇ ਇਕ ਸਾਥੀ ਨੂੰ ਦਿੱਤਾ ਤੇ ਕਿਹਾ ਕਿ ਕਿਸੇ ਤਰ੍ਹਾਂ ਇਸ ਨੂੰ ਜੇਲ੍ਹ ਤੋਂ ਬਾਹਰ ਭਿਜਵਾ ਦੇਣਾ। ਇਸ ਰੁੱਕੇ ਵਿਚ ਸ੍ਰ: ਰਾਮ ਸਿੰਘ ਦੀ ਪਰਸ਼ੰਸਾ ਕਰਦਿਆਂ ਉਨ੍ਹਾਂ ਨੇ ਲਿਖਿਆ ਸੀ ਕਿ 'ਤੁਸੀਂ ਮੇਰੀ ਹੀ ਨਹੀਂ ਸਗੋਂ ਆਮ ਦੇਸ਼ ਭਗਤਾਂ ਅਤੇ ਅਕਾਲੀ ਜਲਾਵਤਨਾਂ ਦੀ ਸੇਵਾ ਕਰਦਿਆਂ ਆਪਣੀ ਠੇਕੇਦਾਰੀ ਅਤੇ ਘਰ ਨੂੰ ਉਜਾੜਿਆ ਹੈ, ਸਤਿਗੁਰੂ ਤੁਹਾਨੂੰ ਚੜ੍ਹਦੀਆਂ ਕਲਾਂ ਵਿਚ ਰਖੇ। ਸੇਵਾ ਦਾ ਰਾਹ ਨਾ ਛੱਡਣਾ। ਅਡੋਲ ਰਹਿਣਾ। ਮੇਰੇ ਵਲੋਂ ਸਮੂਹ ਸਾਥੀਆਂ ਨੂੰ ਗੁਰ ਫਤਿਹ ਵਾਚਣੀ।'

ਦਰਮਿਆਨਾ ਕੱਦ, ਪਤਲਾ ਤੇ ਛੋਹਲਾ ਸਰੀਰ, ਭਰਵਾਂ ਦਾਹੜਾ, ਸ਼ੇਰਾਂ ਵਾਂਗ ਦਗਦਗ

Digitized by Panjab Digital Library | www.panjabdigilib.org

ਕਰਦੀਆਂ ਅੱਖਾਂ ਅਤੇ ਚੇਹਰੇ ਦਾ ਪ੍ਰਭਾਵ ਇਕ ਮਕਨਾਤੀਸੀ ਖਿੱਚ ਰਖ਼ਦਾ ਸੀ। ਭਾਈ ਰਣ ਸਿੰਘ, ਨਿਹੰਗ ਸਿੰਘਾਂ ਵਾਂਗ ਦਸਤਾਰ ਸਜਾਉਂਦੇ ਅਤੇ ਉਪਰ ਚੱਕਰ ਪਹਿਣਦੇ ਸਨ। ਅੰਮ੍ਰਿਤਧਾਰੀ ਅਤੇ ਪੂਰਨ ਗੁਰਸਿੱਖ, ਉਹ ਜੇਲ੍ਹ ਵਿਚ ਵੀ ਹਮੇਸ਼ਾਂ ਬਾਣੀ ਦਾ ਪਾਠ ਕਰਦੇ ਰਹਿੰਦੇ ਸਨ। ਨਿੱਤ ਨੇਮ ਦੀਆਂ ਬਾਣੀਆਂ ਤੋਂ ਛੁੱਟ ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਦੀ ਬਹੁਤ ਸਾਰੀ ਬਾਣੀ ਕੰਠ ਸੀ। ਗਾਤਰੇ ਵਡੀ ਕਿਰਪਾਨ, ਰਸਨਾਂ ਤੇ ਬਾਣੀ, ਅਧਿਕਾਰੀ ਉਨ੍ਹਾਂ ਦੇ ਉੱਚੇ ਸੁੱਚੇ ਕਿਰਦਾਰ ਤੋਂ ਬੜੇ ਪ੍ਰਭਾਵਿਤ ਸਨ ਅਤੇ ਉਨ੍ਹਾਂ ਤੋਂ ਥਰ ਥਰ ਕੰਬਦੇ ਸਨ। ਜਦੋਂ ਕੈਂਪ ਜੇਲ੍ਹ ਵਿਚੋਂ ਭਾਈ ਰਣ ਸਿੰਘ ਨੂੰ ਸੈਂਟਰਲ ਜੇਲ੍ਹ ਨਾਭਾ ਵਿਖੇ ਲਿਆਂਦਾ ਗਿਆ ਤਾਂ ਕਿਸੇ ਨੂੰ ਪਤਾ ਨਹੀਂ ਸੀ ਕਿ ਜੇਲ੍ਹ ਦੇ ਕਰਮਚਾਰੀ ਉਨ੍ਹਾਂ ਬਾਰੇ ਕੀ ਸੋਚੀ ਬੈਠੇ ਸਨ। ਪਰ ਲਗਦਾ ਹੈ ਕਿ ਭਾਈ ਰਣ ਸਿੰਘ ਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਸੀ ਕਿ ਉਨ੍ਹਾਂ ਦੇ ਸ਼ਹੀਦ ਹੋਣ ਦਾ ਸਮਾਂ ਆ ਗਿਆ ਹੈ। ਇਸੇ ਲਈ ਉਨ੍ਹਾਂ ਨੇ ਕੈਦੀ-ਸਾਥੀਆਂ ਤੋਂ ਵਿਛੜਣ ਸਮੇਂ ਆਖ਼ਰੀ ਫ਼ਤਹਿ ਬੁਲਾਈ ਸੀ ਤੇ ਜ਼ਿਲ੍ਹਾ ਲੁਧਿਆਣਾ ਦੇ ਨਾਮ ਇਕ ਰੁੱਕਾ ਲਿਖ ਕੇ ਜੇਲ੍ਹ ਤੋਂ ਬਾਹਰ ਭਿਜਵਾ ਦਿੱਤਾ ਸੀ।

20 ਫਰਵਰੀ 1925 ਦਾ ਦਿਨ, ਸ਼ਾਮ ਦਾ ਸਮਾਂ ਸੀ। ਸੂਰਜ ਢੱਲ ਚੁਕਾ ਸੀ। ਭਾਈ ਰਣ ਸਿੰਘ ਆਪਣੇ ਸੈਲ (Cell) ਵਿਚ ਬੈਠੇ ਰਹਿਰਾਸ ਸਾਹਿਬ ਦਾ ਪਾਠ ਕਰ ਰਹੇ ਸਨ ਕਿ ਸੈਂਟਰਲ ਜੇਲ੍ਹ ਦੇ ਜਲਾਦ ਉਨ੍ਹਾਂ ਦੇ ਸੈਲ ਵਿਚ ਆ ਵੜੇ। ਅਜੇ ਪਾਠ ਦੀ ਸਮਾਪਤੀ ਵੀ ਨਹੀਂ ਸੀ ਹੋਈ ਕਿ ਉਹ ਭਾਈ ਰਣ ਸਿੰਘ ਨੂੰ ਕੇਸਾਂ ਤੋਂ ਪਕੜ ਕੇ ਯਾਤਨਾ ਗ੍ਰਿਹਿ ਵਿਚ ਲੈ ਗਏ। ਉਨ੍ਹਾਂ ਦਾ ਦੋਸ਼ ਇਤਨਾਂ ਹੀ ਸੀ ਕਿ ਉਨ੍ਹਾਂ ਨੇ ਆਜ਼ਾਦੀ ਲਈ ਚਲ ਰਹੇ ਅੰਦੋਲਨ ਅਤੇ ਜੈਤੋ ਦੇ ਅਕਾਲੀ ਮੋਰਚੇ ਵਿਚ ਭਾਗ ਲਿਆ ਸੀ। ਜਲਾਦਾਂ ਨੇ ਉਨ੍ਹਾਂ ਦੇ ਸਿਰ ਦੇ ਲੰਮੇ ਕੇਸ ਖੋਲ੍ਹ ਕੇ ਛੱਤ ਨਾਲ ਲਟਕਦੇ ਕੁੰਡਿਆਂ ਨਾਲ ਬੰਨ੍ਹ ਦਿੱਤੇ। ਉਨ੍ਹਾਂ ਨੂੰ ਲਕੜੀ ਦੀ ਕੁਰਸੀ ਉਪਰ ਖੜਾ ਕਰਕੇ ਉਨ੍ਹਾਂ ਦੇ ਦੋਹਾਂ ਪੈਰਾਂ ਨਾਲ ਵਜ਼ਨੀ ਪੱਥਰ ਬੰਨ੍ਹ ਦਿੱਤੇ ਗਏ, ਜਿਨ੍ਹਾਂ ਦਾ ਭਾਰ ਉਨ੍ਹਾਂ ਦੇ ਸਰੀਰਕ ਭਾਰ ਤੋਂ ਵੀ ਵੱਧ ਸੀ। ਜਦੋਂ ਇਹ ਸਭ ਕੁਝ ਮੁਕੰਮਲ ਹੋ ਗਿਆ ਤਾਂ ਉਨ੍ਹਾਂ ਦੇ ਪੈਰਾਂ ਥਲਿਓਂ ਕੁਰਸੀ ਦੀ ਟੇਕ ਖਿਚ ਲਈ ਗਈ। ਟੇਕ ਹਟਣ ਦੀ ਦੇਰ ਸੀ ਕਿ ਉਨ੍ਹਾਂ ਦੇ ਸਿਰ ਦੇ ਕੇਸ ਖੋਪਰੀ ਨਾਲੋਂ ਅਲੱਗ ਹੋ ਗਏ ਤੇ ਭਾਈ ਰਣ ਸਿੰਘ ਦਾ ਸਰੀਰ ਫਰਸ਼ ਤੇ ਆ ਡਿੱਗਾ। ਜਦੋਂ ਉਨ੍ਹਾਂ ਦੀ ਸ਼ਹੀਦੀ ਹੋਈ ਉਨ੍ਹਾਂ ਦੇ ਹੋਠਾਂ ਚੋਂ 'ਵਾਹਿਗੁਰੂ, ਵਾਹਿਗੁਰੂ' ਦਾ ਸ਼ਬਦ ਸਾਫ਼ ਸੁਣਾਈ ਦੇ ਰਿਹਾ ਸੀ। ਸਿੱਖ ਇਤਿਹਾਸ ਵਿਚ ਕੇਸਾਂ ਸਮੇਤ ਖੋਪਰੀ ਅਲੱਗ ਹੋਣ ਦੀ ਇਹ ਦੂਸਰੀ ਮਹਾਨ ਘਟਨਾ ਹੈ। ਜੇ ਭਾਈ ਰਣ ਸਿੰਘ ਨੂੰ ਦੂਸਰਾ ਭਾਈ ਤਾਰੂ ਸਿੰਘ ਸ਼ਹੀਦ ਕਹਿ ਲਿਆ ਜਾਵੇ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ।

ਮਹਾਤਮਾ ਗਾਂਧੀ, ਪੰਡਿਤ ਮੋਤੀ ਲਾਲ ਨਹਿਰੂ, ਪੰਡਿਤ ਮਦਨ ਮੋਹਨ ਮਾਲਵੀਆ, ਲਾਲਾ ਲਾਜਪਤ ਰਾਏ, ਡਾ: ਸੈਫ਼-ਉ-ਦੀਨ ਕਿਚਲੂ ਅਤੇ ਪੰਡਿਤ ਜਵਾਹਰ ਲਾਲ ਨਹਿਰੂ ਨੇ ਜੈਤੋ ਦੇ ਮੋਰਚੇ ਵਿਚ ਸ਼ਾਂਤਮਈ ਢੰਗ ਨਾਲ ਸ਼ਹੀਦ ਹੋਣ ਵਾਲੇ ਅਕਾਲੀ ਵਲੰਟੀਅਰਾਂ ਦੀ ਪਰਸ਼ੰਸਾ ਕਰਦਿਆਂ ਕਿਹਾ ਸੀ ਕਿ ਸੰਕਟ ਦੀ ਇਸ ਘੜੀ ਵਿਚ ਸਾਨੂੰ ਅਕਾਲੀ ਵੀਰਾਂ ਦਾ ਸਾਥ ਦੇਣਾ ਚਾਹੀਦਾ ਹੈ ਜੋ ਧਰਮ ਦੀ ਆਜ਼ਾਦੀ ਅਤੇ ਦੇਸ਼ ਦੀ ਸੁਤੰਤਰਤਾ ਲਈ ਆਪਣਾ ਅੰਦੋਲਨ ਚਲਾ ਰਹੇ ਹਨ।

ਪਰ ਅੱਜ ਦੇਸ਼ ਵਾਸੀ, ਪੰਜਾਬੀ ਵੀਰਾਂ ਦੀਆਂ ਕੁਰਬਾਨੀਆਂ ਨੂੰ ਨਜ਼ਰ ਅੰਦਾਜ਼ ਕਰੀ

Digitized by Panjab Digital Library | www.panjabdigilib.org

ਬੈਠੇ ਹਨ। ਸਰਕਾਰੀ ਆਂਕੜਿਆਂ ਅਨੁਸਾਰ ਅਕਾਲੀ ਮੋਰਚਿਆਂ ਵਿਚ ਭਾਗ ਲੈਣ ਵਾਲਿਆਂ ਦੀ ਸੰਖਿਆ 30,000, ਗੰਭੀਰ ਰੂਪ ਵਿਚ ਜ਼ਖ਼ਮੀ ਹੋਣ ਵਾਲਿਆਂ ਦੀ ਸੰਖਿਆ 2,000 ਅਤੇ ਸ਼ਹੀਦ ਹੋਣ ਵਾਲੇ ਸਿੰਘਾਂ ਦੀ ਗਿਣਤੀ 400 ਤੋਂ ਵੱਧ ਸੀ।



Digitized by Panjab Digital Library | www.panjabdigilib.org

# ਕਿਸ਼ਨ ਸਿੰਘ ਗੜਗੱਜ

ਗੁਰਦੁਆਰਿਆਂ ਦੀ ਆਜ਼ਾਦੀ ਅਤੇ ਸੁਧਾਰ ਲਈ ਚਲਾਇਆ ਗਿਆ ਅਕਾਲੀ ਅੰਦੋਲਨ ਪੂਰਨ ਤੌਰ ਤੇ ਸ਼ਾਂਤਮਈ ਅਤੇ ਕੁਰਬਾਨੀਆਂ ਦੀ ਬੇਮਿਸਾਲ ਘਟਨਾ ਸੀ, ਜਿਸ ਰਾਹੀਂ ਖ਼ਾਲਸਾ ਪੰਥ ਨੇ ਆਪਣੇ ਗੁਰਧਾਮਾਂ ਦੀ ਪਵਿੱਤਰਤਾ ਨੂੰ ਮੁੜ ਬਹਾਲ ਕੀਤਾ। ਅਕਾਲੀ ਲਹਿਰ ਦਾ ਦੂਜਾ ਮੰਤਵ ਅੰਗਰੇਜ਼ੀ ਸਾਮਰਾਜ ਵਿਰੁੱਧ ਸੰਘਰਸ਼ ਛੇੜਣਾ ਸੀ ਤਾਕਿ ਦੇਸ਼ ਨੂੰ ਉਨ੍ਹਾਂ ਦੀ ਗੁਲਾਮੀ ਤੋਂ ਆਜ਼ਾਦ ਕਰਾਇਆ ਜਾ ਸਕੇ। ਬੇਸ਼ਕ 'ਬੱਬਰ ਅਕਾਲੀ' ਇਸ ਲਹਿਰ ਦਾ ਅੰਗ ਤਾਂ ਨਹੀਂ ਸਨ ਪਰ ਉਨ੍ਹਾਂ ਦਾ ਨਿਸ਼ਾਨਾ ਪੂਰਨ ਤੌਰ ਤੇ ਦੇਸ਼ ਨੂੰ ਆਜ਼ਾਦ ਕਰਾਉਣਾ ਅਤੇ ਸਰਕਾਰੀ ਪਿੱਠੂਆਂ ਨੂੰ ਸੋਧਨਾ (ਮਾਰਨਾ) ਸੀ ਜਿਨ੍ਹਾਂ ਦੀ ਬਦੌਲਤ ਅੰਗਰੇਜ਼ ਭਾਰਤ ਭੂਮੀ ਤੇ ਆਪਣੀ ਪਕੜ ਮਜ਼ਬੂਤ ਬਣਾਈ ਬੈਠੇ ਸਨ। ਬੱਬਰ, ਮਹਾਤਮਾ ਗਾਂਧੀ ਅਤੇ ਅਕਾਲੀਆਂ ਦੀ ਸ਼ਾਂਤਮਈ ਨੀਤੀ ਦੇ ਹੱਕ ਵਿਚ ਨਹੀਂ ਸਨ। ਉਨ੍ਹਾਂ ਨੇ ਵੇਖ ਲਿਆ ਸੀ ਕਿ 1919 ਦੀ ਵਿਸਾਖੀ ਵਾਲੇ ਦਿਨ ਜਲ੍ਹਿਆਂ ਵਾਲੇ ਬਾਗ਼ ਵਿਚ ਕਿਵੇਂ ਨਿਰਦੋਸ਼ ਅਤੇ ਨਿਹੱਥੇ ਪੰਜਾਬੀਆਂ ਨੂੰ ਗੋਲੀਆਂ ਦਾ ਨਿਸ਼ਾਨਾ ਬਣਾਇਆ ਗਿਆ ਸੀ ਤੇ ਕਿਵੇਂ ਮਹੰਤ ਨਰੈਣ ਦਾਸ ਦੇ ਭਾੜੇ ਦੇ ਗੁੰਡਿਆਂ ਨੇ ਸ਼ਹੀਦ ਲਛਮਣ ਸਿੰਘ ਅਤੇ ਦਲੀਪ ਸਿੰਘ ਦੇ ਜਥੇ ਤੇ ਛਵ੍ਹੀਆਂ ਅਤੇ ਗੰਡਾਸਿਆਂ ਨਾਲ ਵਾਰ ਕਰਕੇ ਜਥੇ ਦੇ ਬਹੁਤ ਸਾਰੇ ਮਰਜੀਵੜਿਆਂ ਤੇ ਮਿੱਟੀ ਦਾ ਤੇਲ ਪਾ ਕੇ ਜੀਉਂਦਿਆਂ ਸਾੜ ਦਿੱਤਾ ਸੀ। ਉਨ੍ਹਾਂ ਨੇ ਗੁਰੂ ਕੇ ਬਾਗ਼ ਵਿਚ ਬੀ. ਟੀ. ਵਲੋਂ ਚਲਾਈਆਂ ਗਈਆਂ ਲਾਠੀਆਂ ਅਤੇ ਜੈਤੋ ਦੇ ਮੋਰਚੇ ਸਮੇਂ ਜਥਿਆਂ ਨੂੰ ਗੋਲੀਆਂ ਨਾਲ ਭੁਜਦਿਆਂ ਵੇਖਿਆ ਸੀ। ਉਹ ਅੰਗਰੇਜ਼ੀ ਸਾਮਰਾਜ ਦੀ ਸ਼ਕਤੀ ਦਾ ਮੁਕਾਬਲਾ ਸ਼ਕਤੀ ਨਾਲ ਅਤੇ ਇੱਟ ਦਾ ਜੁਆਬ ਪੱਥਰ ਨਾਲ ਦੇਣ ਵਿਚ ਯਕੀਨ ਰਖਦੇ ਸਨ। ਉਹ ਕਿਹਾ ਕਰਦੇ ਸਨ :

ਪਕੜੋ ਖੰਡਾ ਸ਼ੇਰੋ, ਆਖੇ ਬੱਬਰ ਪੁਕਾਰ
ਖੰਡਾ ਪਕੜ ਸਾਣ ਤੇ ਲਾਉ ਤੇਜ਼ ਕਰੋ ਇਹਦੀ ਧਾਰ,
ਬਿਨ ਖੰਡਿਉਂ ਨਾ ਮਿਲੇ ਆਜ਼ਾਦੀ ਕਹਿੰਦਾ ਬੱਬਰ ਵੰਗਾਰ।

ਬੱਬਰਾਂ ਦਾ ਪ੍ਰਮੁੱਖ ਕੇਂਦਰ ਦੁਆਬਾ (ਜਲੰਧਰ) ਅਤੇ ਹੁਸ਼ਿਆਰਪੁਰ ਦੀ ਧਰਤੀ ਸੀ। ਬੇਸ਼ਕ ਇਸ ਲਹਿਰ ਦਾ ਜੀਵਨ-ਕਾਲ ਬਹੁਤ ਥੋੜ੍ਹਾ ਸੀ (1921-1926 ਤਕ) ਪਰ ਇਸ ਲਹਿਰ ਦੇ ਆਗੂਆਂ ਨੇ ਆਪਣੇ ਦੇਸ਼-ਪਿਆਰ ਅਤੇ ਕੁਰਬਾਨੀਆਂ ਦੀ ਜੋ ਮਿਸਾਲ ਕਾਇਮ ਕੀਤੀ ਉਸ ਨਾਲ ਹਿੰਦੁਸਤਾਨ ਦੀ ਗੋਰੀ ਸਰਕਾਰ, ਪੰਜਾਬ ਤੋਂ ਲੰਡਨ ਤਕ ਬੁਰੀ ਤਰ੍ਹਾਂ ਨਾਲ ਹਿੱਲ ਗਈ। ਗੁਰਦੁਆਰਾ ਸੁਧਾਰ ਲਹਿਰ ਅਥਵਾ ਅਕਾਲੀ ਲਹਿਰ ਦੇ ਨੇਤਾਵਾਂ ਨਾਲ ਕੀਤੇ ਗਏ ਸਨਮਾਨ ਜਨਕ ਸਮਝੌਤੇ ਪਿੱਛੇ ਵੀ ਬੱਬਰ ਅਕਾਲੀਆਂ ਦੀਆਂ ਕੁਰਬਾਨੀਆਂ ਦਾ ਬੜਾ ਵੱਡਾ ਹੱਥ ਸੀ। 27 ਫਰਵਰੀ ਸੰਨ 1926 ਈਸਵੀ ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਜਿਨ੍ਹਾਂ 6 ਬੱਬਰਾਂ ਨੂੰ ਫ਼ਾਂਸੀ ਦੇ ਕੇ ਸ਼ਹੀਦ ਕੀਤਾ ਗਿਆ, ਉਹ ਸਨ : ਜਥੇਦਾਰ ਕਿਸ਼ਨ ਸਿੰਘ ਬੜਿੰਗ (ਜਲੰਧਰ), ਸ੍ਰ: ਨੰਦ ਸਿੰਘ ਘੁੜਿਆਲ (ਜਲੰਧਰ), ਸ੍ਰ: ਕਰਮ ਸਿੰਘ ਮਾਣਕੋ (ਜਲੰਧਰ), ਸ੍ਰ: ਦਲੀਪ ਸਿੰਘ (ਛੋਟਾ) ਧਾਮੀਆਂਕਲਾਂ (ਹੁਸ਼ਿਆਰਪੁਰ), ਬਾਬੂ ਸੰਤਾ ਸਿੰਘ ਛੋਟੀ ਹਰਿਉਂ (ਲੁਧਿਆਣਾ) ਅਤੇ ਸ੍ਰ:

Digitized by Panjab Digital Library | www.panjabdigilib.org

ਧਰਮ ਸਿੰਘ ਕੰਦੋਲਾ, ਹਯਾਤਪੁਰ (ਹੁਸ਼ਿਆਰਪੁਰ)।

ਬੱਬਰ ਲਹਿਰ ਦੇ ਮੋਢੀ ਸ੍ਰ: ਕਿਸ਼ਨ ਸਿੰਘ ਗੜਗੱਜ ਦਾ ਜਨਮ ਸ੍ਰ:ਫਤਹਿ ਸਿੰਘ ਅਤੇ ਮਾਤਾ ਜੀਵੀ ਦੇ ਗ੍ਰਹਿ ਵਿਖੇ ਸੰਨ 1891 ਈਸਵੀ ਨੂੰ ਜਲੰਧਰ ਛਾਉਣੀ ਦੇ ਨਿਕਟ, ਪਿੰਡ ਬੜਿੰਗ ਵਿਚ ਹੋਇਆ। ਇਨ੍ਹਾਂ ਦੇ ਦਾਦਾ ਸ੍ਰ: ਗੰਡਾ ਸਿੰਘ ਖ਼ਾਲਸਾ ਦਰਬਾਰ ਲਾਹੌਰ ਦੇ ਇਕ ਉੱਚ ਅਧਿਕਾਰੀ ਸਨ ਅਤੇ ਉਨ੍ਹਾਂ ਦੀਆਂ ਸ਼ਲਾਘਾਯੋਗ ਸੇਵਾਵਾਂ ਅਤੇ ਰਾਜ ਪ੍ਰਤੀ ਨਿਸ਼ਟਾ ਦੇ ਕਾਰਨ ਲਾਹੌਰ ਦਰਬਾਰ ਵਲੋਂ ਉਨ੍ਹਾਂ ਨੂੰ ਕਾਫ਼ੀ ਮਾਤਰਾ ਵਿਚ ਵਾਹੀ ਵਾਲੀ ਜ਼ਮੀਨ ਦੇ ਕੇ ਸਨਮਾਨਿਤ ਕੀਤਾ ਗਿਆ ਸੀ। ਸ੍ਰ: ਕਿਸ਼ਨ ਸਿੰਘ ਗੜਗੱਜ ਦੇ ਮਾਤਾ ਪਿਤਾ ਦਾ ਜੀਵਨ ਬੜਾ ਸਾਦਾ ਅਤੇ ਸਿੱਖੀ ਜਜ਼ਬੇ ਨਾਲ ਓਤਪੋਤ ਸੀ। ਉਨ੍ਹਾਂ ਦਾ ਪ੍ਰਭਾਵ ਉਨ੍ਹਾਂ ਦੇ ਇਕੋ ਇਕ ਬੇਟੇ ਕਿਸ਼ਨ ਸਿੰਘ ਤੇ ਵੀ ਪਿਆ। ਉਸਨੂੰ ਗੁਰਬਾਣੀਆਂ ਦੀਆਂ ਇਹ ਪੰਕਤੀਆਂ ਸਦਾ ਪ੍ਰੇਰਨਾ ਦਿੰਦੀਆਂ ਸਨ:

ਜਉ ਤਉ ਪ੍ਰੇਮ ਖੇਲਨ ਕਾ ਚਾਉ।
ਸਿਰੁ ਧਰਿ ਤਲੀ ਗਲੀ ਮੇਰੀ ਆਉ।
ਇਤੁ ਮਾਰਗਿ ਪੈਰੁ ਧਰੀਜੈ।
ਸਿਰੁ ਦੀਜੈ ਕਾਣਿ ਨਾ ਕੀਜੈ।

ਸ੍ਰ: ਕਿਸ਼ਨ ਸਿੰਘ ਨੂੰ ਪੜ੍ਹਣ ਲਿਖਣ ਦਾ ਬਹੁਤ ਸ਼ੌਕ ਸੀ। ਉਸ ਨੂੰ ਪੰਜਾਬੀ ਵਾਰਤਕ ਲਿਖਣ ਵਿਚ ਖ਼ਾਸ ਮੁਹਾਰਤ ਸੀ। ਉਹ ਸੰਸਕ੍ਰਿਤ ਵਿਚ ਰਚਿਤ ਪੁਸਤਕਾਂ ਨੂੰ ਵੀ ਬੜੀ ਆਸਾਨੀ ਨਾਲ ਪੜ੍ਹ ਤੇ ਸਮਝ ਸਕਦਾ ਸੀ। ਉਸ ਨੂੰ ਭਾਗਵਤ ਗੀਤਾ ਦੇ ਵੀ ਕਈ ਸ਼ਲੋਕ ਅਤੇ ਗੁਰਬਾਣੀ ਦੇ ਬਹੁਤ ਸਾਰੇ ਸ਼ਬਦ ਜ਼ਬਾਨੀ ਯਾਦ ਸਨ। ਉਹ ਪਿੰਡ ਦੇ ਸਕੂਲ ਅਤੇ ਜਲੰਧਰ ਕੈਂਟ ਤੋਂ ਆਪਣੀ ਮੁੱਢਲੀ ਵਿਦਿਆ ਪ੍ਰਾਪਤ ਕਰਨ ਮਗਰੋਂ ਸੰਨ 1906 ਵਿਚ ਫ਼ੌਜ ਵਿਚ ਭਰਤੀ ਹੋ ਗਿਆ। ਸਿਪਾਹੀ ਤੋਂ ਤਰੱਕੀ ਕਰਦਾ ਕਰਦਾ ਉਹ 35ਵੀਂ ਸਿੱਖ ਬਟਾਲੀਅਨ ਵਿਚ ਹਵਾਲਦਾਰ ਮੇਜਰ ਬਣ ਗਿਆ। ਗੁਰਦੁਆਰਾ ਰਕਾਬ ਗੰਜ ਸਾਹਿਬ ਦੀ ਦੀਵਾਰ ਨੂੰ ਗਿਰਾਏ ਜਾਣ ਦੀ ਘਟਨਾ, ਕੋਮਾਗਾਟਾ ਮਾਰੂ ਜਹਾਜ਼ ਦਾ ਦੁਖਾਂਤ, ਰੌਲੈਟ ਐਕਟ, 1919 ਵਿਚ ਵਾਪਰੀ ਜਲ੍ਹਿਆਂ ਵਾਲਾ ਬਾਗ਼ ਦੀ ਘਟਨਾ ਅਤੇ 20 ਫਰਵਰੀ 1921 ਵਿਚ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਨੇ ਉਸਦੇ ਮਨ ਵਿਚ ਅੰਗਰੇਜ਼ੀ ਰਾਜ ਪ੍ਰਤੀ ਜ਼ਬਰਦਸਤ ਨਫ਼ਰਤ ਪੈਦਾ ਕਰ ਦਿੱਤੀ। ਫੌਜ ਵਿਚ ਰਹਿੰਦਿਆਂ ਹੀ ਉਸਨੇ ਅੰਗਰੇਜ਼ੀ ਸਾਮਰਾਜ ਦੀਆਂ ਵਧੀਕੀਆਂ ਵਿਰੁੱਧ ਖੁਲ੍ਹ ਕੇ ਬੋਲਣਾ ਅਤੇ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਸੀ ਜਿਸਦੇ ਨਤੀਜੇ ਵਜੋਂ ਉਸਦਾ ਕੋਰਟ ਮਾਰਸ਼ਲ ਕੀਤਾ ਗਿਆ ਤੇ ਉਸਨੂੰ 28 ਦਿਨ ਦੀ ਸਖ਼ਤ ਸਜ਼ਾ ਸੁਣਾ ਕੇ ਜੇਲ੍ਹ ਭੇਜ ਦਿੱਤਾ ਗਿਆ। 15 ਸਾਲ ਦੀ ਸਰਕਾਰੀ ਸੇਵਾ ਮਗਰੋਂ, 1921 ਵਿਚ ਜੇਲ੍ਹ ਤੋਂ ਰਿਹਾ ਹੁੰਦਿਆਂ ਹੀ ਉਸਨੇ ਫੌਜ ਦੀ ਨੌਕਰੀ ਛੱਡ ਦਿੱਤੀ ਤੇ ਪਿੰਡ ਪਰਤ ਕੇ ਅਕਾਲੀ ਲਹਿਰ ਵਿਚ ਸ਼ਾਮਲ ਹੋ ਗਿਆ। ਉਸਦੀ ਯੋਗਤਾ, ਸਿੱਖੀ ਸਪਿਰਟ ਅਤੇ ਤਿਆਗ ਦੀ ਭਾਵਨਾ ਨੂੰ ਮੁੱਖ ਰਖਦਿਆਂ ਉਸ ਨੂੰ ਸ਼੍ਰੋਮਣੀ ਅਕਾਲੀ ਪਾਰਟੀ ਦਾ ਜਨਰਲ ਸਕੱਤਰ ਬਣਾ ਦਿੱਤਾ ਗਿਆ। ਕਿਸ਼ਨ ਸਿੰਘ ਨੇ ਜਲਦੀ ਹੀ ਇਹ ਅਨੁਭਵ ਕਰ ਲਿਆ ਕਿ ਅਕਾਲੀ ਦਲ ਦੀਆਂ ਸ਼ਾਂਤਮਈ ਕੁਰਬਾਨੀਆਂ, ਅੰਗਰੇਜ਼ੀ ਸਾਮਰਾਜ ਨੂੰ ਢਾਹ ਲਾਉਣ ਲਈ ਕਾਫ਼ੀ ਨਹੀਂ। ਅੰਗਰੇਜ਼ਾਂ ਦੀਆਂ ਸਖ਼ਤੀਆਂ ਅਗੇ ਘੁਟਨੇ ਟੇਕ ਕੇ, ਉਨ੍ਹਾਂ ਦੀਆਂ ਮਾਰਾਂ ਖਾਈ ਜਾਣ ਨਾਲ ਕੁਝ ਹਾਸਲ ਹੋਣ ਵਾਲਾ ਨਹੀਂ। ਉਨ੍ਹਾਂ ਦਾ ਮੁਕਾਬਲਾ ਕਰਨ ਅਤੇ ਉਨ੍ਹਾਂ ਦੇ ਝੋਲੀ ਚੁੱਕਾਂ ਨੂੰ ਸੋਧਨ

Digitized by Panjab Digital Library | www.panjabdigilib.org

ਲਈ ਤਲਵਾਰ ਦੇ ਮੁੱਠੇ ਤੇ ਹੱਥ ਰਖਣਾ ਲਾਜ਼ਮੀ ਹੋ ਗਿਆ ਹੈ। ਬੱਬਰ ਅਕਾਲੀ ਜ਼ਫਰਨਾਮੇ ਦਾ ਇਹ ਸ਼ੇਅਰ ਆਮ ਪੜ੍ਹਿਆ ਕਰਦੇ ਸਨ :

ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ
ਹਲਾਲ ਅਸਤ ਬੁਰਦਨ, ਬ ਸ਼ਮਸ਼ੀਰ ਦਸਤ।

ਅਰਥਾਤ ਜਦੋਂ ਹੋਰ ਸਾਰੇ ਹੀਲੇ ਵਿਅਰਥ ਹੋ ਜਾਣ ਤਾਂ ਤਲਵਾਰ ਨੂੰ ਹੱਥ ਵਿਚ ਪਕੜਨਾ ਜਾਇਜ਼ ਹੈ।

19 ਤੋਂ 21 ਮਾਰਚ, 1921 ਨੂੰ ਹੁਸ਼ਿਆਰਪੁਰ ਵਿਖੇ ਸਿੱਖ ਵਿਦਿਅਕ ਕਾਨਫਰੰਸ ਹੋਈ। ਇੱਥੇ ਹੀ ਭਾਈ ਕਿਸ਼ਨ ਸਿੰਘ ਦੀ ਮੁਲਾਕਾਤ ਮਾਸਟਰ ਮੋਤਾ ਸਿੰਘ ਨਾਲ ਹੋਈ। ਉਹ ਗਰਮ ਖਿਆਲ ਦੇ ਨੌਜਵਾਨ ਅਤੇ ਸੂਝਵਾਨ ਵਿਅਕਤੀ ਸਨ। 21 ਮਾਰਚ ਨੂੰ ਗਰਮ ਖ਼ਿਆਲੀਏ ਨੌਜਵਾਨਾਂ ਨੇ ਇਸੇ ਥਾਂ ਤੇ ਆਪਣੀ ਇਕ ਵਖਰੀ ਮੀਟਿੰਗ ਕੀਤੀ ਜਿਸ ਵਿਚ ਬੱਬਰ ਅਕਾਲੀ ਲਹਿਰ ਦੇ ਉਦੇਸ਼ ਅਤੇ ਪ੍ਰੋਗਰਾਮ ਉਲੀਕੇ ਗਏ। ਇਸ ਮੀਟਿੰਗ ਵਿਚ ਸ਼ਾਮਲ ਹੋਣ ਵਾਲਿਆਂ ਵਿਚ ਭਾਈ ਕਿਸ਼ਨ ਸਿੰਘ 'ਗੜਗਜ' ਤੋਂ ਇਲਾਵਾ ਮਾਸਟਰ ਮੋਤਾ ਸਿੰਘ, ਭਾਈ ਅਮਰ ਸਿੰਘ, ਭਾਈ ਤੋਤਾ ਸਿੰਘ ਪਿਸ਼ੌਰੀ, ਭਾਈ ਗੁਰਬਚਨ ਸਿੰਘ ਅਤੇ ਭਾਈ ਬਤਨ ਸਿੰਘ ਪ੍ਰਮੁੱਖ ਸਨ। ਇਸ ਮੀਟਿੰਗ ਵਿਚ ਇਹ ਫ਼ੈਸਲਾ ਕੀਤਾ ਗਿਆ ਕਿ ਹਥਿਆਰ ਇਕੱਠੇ ਕਰਕੇ ਕੇਂਦਰੀ ਪੰਜਾਬ ਅਤੇ ਫਰੰਟੀਅਰ ਦੇ ਇਲਾਕੇ ਵਿਚ ਅੰਦੋਲਨ ਸ਼ੁਰੂ ਕੀਤਾ ਜਾਵੇਗਾ ਕਿਉਂ ਜੁ ਇਹ ਥਾਂਵਾਂ ਅੰਗਰੇਜ਼ਾਂ ਦੀਆਂ ਦੁਸ਼ਮਨ ਸਨ। ਹਾਲ ਦੀ ਘੜੀ ਉਨ੍ਹਾਂ ਨੇ ਨਨਕਾਣਾ ਸਾਹਿਬ ਦੇ ਖੂਨੀ ਸਾਕੇ ਦੇ ਜ਼ਿੰਮੇਵਾਰ ਕਾਤਲਾਂ ਨੂੰ ਸਜ਼ਾਵਾਂ ਦੇਣ ਅਤੇ ਉਨ੍ਹਾਂ ਨੂੰ 'ਮਿਟਾਉਣ' ਦਾ ਫ਼ੈਸਲਾ ਕਰ ਲਿਆ। ਅਜਿਹਾ ਉਹ ਇਸ ਲਈ ਕਰਨਾ ਚਾਹੁੰਦੇ ਸਨ ਕਿ ਹਕੂਮਤ ਅਤੇ ਉਸਦੇ ਪਿੱਠੂਆਂ ਨੂੰ ਇਹ ਚੇਤਾਵਨੀ ਦਿੱਤੀ ਜਾ ਸਕੇ ਕਿ ਸਿੱਖਾਂ ਵਿਚ ਸ੍ਵੈਮਾਨ ਅਤੇ ਕ੍ਰਾਂਤੀਕਾਰੀ ਸਪਿਰਟ ਅਜੇ ਜੀਊਂਦੀ ਹੈ ਅਤੇ ਉਹ ਦੇਸ਼ ਅਤੇ ਪੰਥ ਦੇ ਕਾਤਲਾਂ ਨੂੰ ਮਾਫ਼ ਨਹੀਂ ਕਰਨਗੇ। ਹੌਲੀ ਹੌਲੀ ਇਨ੍ਹਾਂ ਬੱਬਰਾਂ ਨਾਲ ਕੈਨੇਡਾ ਅਤੇ ਅਮਰੀਕਾ ਵਿਚ ਗ਼ਦਰ ਲਹਿਰ ਵਿਚ ਭਾਗ ਲੈਣ ਵਾਲੇ ਨੌਜਵਾਨ ਅਤੇ ਪੁਲਿਸ ਜਾਂ ਫ਼ੌਜ ਦੀ ਨੌਕਰੀ ਛੱਡ ਕੇ ਆਏ ਸੈਨਿਕ ਵੀ ਰਲ ਗਏ।

ਬੱਬਰਾਂ ਨੇ ਆਪਣੇ ਮਿੱਥੇ ਹੋਏ ਪ੍ਰੋਗਰਾਮ ਅਨੁਸਾਰ ਸਭ ਤੋਂ ਪਹਿਲਾਂ ਲਾਹੌਰ ਦੇ ਬ੍ਰਿਟਿਸ਼ ਸੁਪਰਡੈਂਟ ਪੁਲੀਸ ਮਿਸਟਰ ਜੇ ਡਬਲੀ ਬੌਵਰਿੰਗ ਨੂੰ ਆਪਣਾ ਨਿਸ਼ਾਨਾ ਬਨਾਉਣਾ ਚਾਹਿਆ। ਉਨ੍ਹਾਂ ਦਾ ਖ਼ਿਆਲ ਸੀ ਕਿ ਨਨਕਾਣਾ ਸਾਹਿਬ ਦਾ ਖ਼ੂਨੀ ਸਾਕਾ ਲਾਹੌਰ ਦੇ ਅੰਗਰੇਜ਼ ਕਮਿਸ਼ਨਰ ਸੀ, ਐਮ.ਕਿੰਗ ਅਤੇ ਮਿਸਟਰ ਬੌਵਰਿੰਗ ਦੀ ਮਹੰਤਾ ਨੂੰ ਸ਼ਹਿ ਅਤੇ ਹੱਲਾਸ਼ੇਰੀ ਕਰਕੇ ਵਾਪਰਿਆ ਸੀ। ਇਸ ਲਈ ਇਨ੍ਹਾਂ ਦੋਹਾਂ ਨੂੰ ਖ਼ਤਮ ਕਰਨਾ ਉਨ੍ਹਾਂ ਦੀ ਸਭ ਤੋਂ ਵੱਡੀ ਪ੍ਰਾਥਮਿਕਤਾ ਸੀ। ਉਨ੍ਹਾਂ ਦੀ ਅਲਖ ਮੁਕਾਉਣ ਲਈ ਬੱਬਰ ਤੋਤਾ ਸਿੰਘ ਨੂੰ ਉੱਤਰ ਪੱਛਮੀ ਸੀਮਾਂ ਦੇ ਇਲਾਕੇ ਵਿਚ ਭੇਜਿਆ ਗਿਆ ਤਾਕੇ ਉੱਥੋਂ ਕੁਝ ਹਥਿਆਰ ਪ੍ਰਾਪਤ ਕੀਤੇ ਜਾ ਸਕਣ। ਹਥਿਆਰ ਮਿਲ ਜਾਣ ਮਗਰੋਂ ਬੇਲਾ ਸਿੰਘ ਅਤੇ ਗੰਡਾ ਸਿੰਘ ਬੱਬਰਾਂ ਦੀ ਡਿਊਟੀ ਲਗਾਈ ਗਈ ਕਿ ਉਹ ਜੇ. ਡਬਲੀਊ ਬੌਵਰਿੰਗ ਨੂੰ ਖ਼ਤਮ ਕਰ ਦੇਣ ਜਿਸ ਦੀ ਗੁਪਤ ਸ਼ਹਿ ਉਤੇ ਮਹੰਤ ਨਰੈਣ ਦਾਸ ਤੇ ਉਸਦੇ ਗੁੰਡਿਆਂ ਨੇ 130 ਤੋਂ ਵੱਧ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ ਸੀ। ਇਹ ਦੋਵੇਂ ਬੱਬਰ ਬੌਵਰਿੰਗ ਨੂੰ ਮਾਰਨ ਦੇ ਉਦੇਸ਼ ਨਾਲ 23 ਮਈ 1921 ਨੂੰ ਲਾਹੌਰ ਪਹੁੰਚੇ। ਉਨ੍ਹਾਂ ਨੂੰ ਇਹ ਜਾਣ ਕੇ ਬੜੀ

Digitized by Panjab Digital Library | www.panjabdigilib.org

ਨਿਰਾਸਤਾ ਹੋਈ ਕਿ ਪੁਲਿਸ ਸੁਪਰਡੈਂਟ ਮਿਸਟਰ ਬੌਵਰਿੰਗ ਸ਼ਹਿਰ ਤੋਂ ਬਾਹਰ ਗਿਆ ਹੋਇਆ ਸੀ। ਜਦੋਂ ਉਹ ਲਾਹੌਰ ਸਟੇਸ਼ਨ ਤੇ ਸ਼ਕੀ ਹਾਲਾਤ ਵਿਚ ਘੁੰਮ ਰਹੇ ਸਨ ਤਾਂ ਪੁਲਿਸ ਦੇ ਬੰਦਿਆਂ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ। ਪੁਲਿਸ ਦੁਆਰਾ ਕੀਤੀ ਗਈ ਸਖ਼ਤ ਪੁੱਛ ਪੜਤਾਲ ਦੌਰਾਨ ਉਨ੍ਹਾਂ ਨੇ ਬੱਬਰਾਂ ਦੇ ਪ੍ਰੋਗਰਾਮ ਅਤੇ ਇਸ ਸ਼ਾਜ਼ਸ਼ ਦਾ ਪੂਰਾ ਭੇਦ ਉਨ੍ਹਾਂ ਨੂੰ ਦੇ ਦਿੱਤਾ। ਉਨ੍ਹਾਂ ਦੁਆਰਾ ਦਿੱਤੀ ਗਈ ਜਾਣਕਾਰੀ ਦੇ ਆਧਾਰ ਤੇ ਇਸ ਹਮਲੇ ਵਿਚ ਸ਼ਾਮਲ ਹੋਣ ਵਾਲੇ ਸਾਰੇ ਬੱਬਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਗ੍ਰਿਫ਼ਤਾਰ ਕੀਤੇ ਗਏ ਬੱਬਰ ਸਨ - ਭਾਈ ਅਮਰ ਸਿੰਘ, ਨਰੈਣ ਸਿੰਘ, ਤੋਤਾ ਸਿੰਘ, ਚੰਚਲ ਸਿੰਘ, ਠਾਕਰ ਸਿੰਘ ਅਤੇ ਸ਼ੱਕਰ ਸਿੰਘ। ਸ੍ਰ: ਕਿਸ਼ਨ ਸਿੰਘ, ਮਾਸਟਰ ਮੋਤਾ ਸਿੰਘ ਅਤੇ ਸ੍ਰ: ਬਿਜਲਾ ਸਿੰਘ ਪੁਲਿਸ ਦੀਆਂ ਅੱਖਾਂ ਵਿਚ ਘਟਾ ਪਾ ਕੇ ਫ਼ਰਾਰ ਹੋ ਗਏ। ਪੰਜਾਬ ਪੁਲਿਸ ਨੇ ਕਿਸ਼ਨ ਸਿੰਘ ਦੀ ਗ੍ਰਿਫ਼ਤਾਰੀ ਲਈ 200 ਰੁਪੈ ਇਨਾਮ ਦੇਣ ਦੀ ਘੋਸ਼ਨਾ ਕਰ ਦਿੱਤੀ।

'ਇਸ ਘਟਨਾ ਤੋਂ ਬਾਦ ਸ੍ਰ: ਕਿਸ਼ਨ ਸਿੰਘ ਨੇ ਆਪਣੇ ਸਾਥੀਆਂ ਸਮੇਤ ਦੁਆਬੇ ਦੇ ਪਿੰਡ ਪਿੰਡ ਵਿਚ ਫਿਰ ਕੇ ਅੰਗਰੇਜ਼ੀ ਰਾਜ ਤੇ ਉਸਦੀਆਂ ਵਧੀਕੀਆਂ ਵਿਰੁੱਧ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਉਹ ਲੋਕਾਂ ਨੂੰ ਸ਼ਾਂਤੀ ਤੇ ਦਬੂ ਨੀਤੀ ਤਿਆਗ ਕੇ ਸ਼ਸਤਰ ਚੁੱਕਣ ਅਤੇ ਅੰਗਰੇਜ਼ਾਂ ਵਿਰੁੱਧ ਬਗ਼ਾਵਤ ਕਰਨ ਦੀ ਪ੍ਰੇਰਨਾ ਕਰਿਆ ਕਰਦਾ ਸੀ। ਉਹ ਹੱਥ ਵਿਚ ਨੰਗੀ ਤਲਵਾਰ ਪਕੜ ਕੇ ਆਏ ਹੋਏ ਸਰੋਤਿਆਂ ਨੂੰ ਸੰਬੋਧਨ ਕਰਿਆ ਕਰਦਾ ਸੀ। ਉਹ ਆਪਣੇ ਭਾਸ਼ਨਾਂ ਵਿਚ ਅਕਸਰ ਦਸਮ ਗ੍ਰੰਥ ਦੀਆਂ ਇਹ ਲਾਈਨਾਂ ਪੜ੍ਹਿਆ ਕਰਦਾ ਸੀ:

ਅਸ ਕ੍ਰਿਪਾਨ ਖੰਡੋ ਖੜਗ, ਤੁਪਕ ਤਬਰ ਅਰੁ ਤੀਰ।
ਸੈਫ਼ ਸਰੋਹੀ ਸੈਥੀ, ਯਹੈ ਹਮਾਰੈ ਪੀਰ।।

(ਸ਼ਸਤਰ ਮਾਲਾ)

ਉਸਦਾ ਭਾਸ਼ਨ ਇਤਨਾਂ ਜੁਸ਼ੀਲਾ ਅਤੇ ਭੜਕਾਊ ਹੁੰਦਾ ਸੀ ਕਿ ਸੁਣਨ ਵਾਲੇ ਉਸ ਦੇ ਖ਼ਿਆਲਾਂ ਤੋਂ ਪ੍ਰਭਾਵਿਤ ਹੋਏ ਬਗ਼ੈਰ ਨਹੀਂ ਸਨ ਰਹਿ ਸਕਦੇ। ਉਸਦੇ ਇਸ ਪ੍ਰਚਾਰ ਦਾ ਜ਼ਿਕਰ ਬੱਬਰਾਂ ਵਲੋਂ ਜਾਰੀ ਕੀਤੇ ਗਏ 'ਬੱਬਰ ਅਕਾਲੀ ਦੁਆਬਾ ਅਖ਼ਬਾਰ' ਵਿਚ ਖੁਲ੍ਹ ਕੇ ਕੀਤਾ ਜਾਂਦਾ ਸੀ। ਉਸਨੇ ਆਪਣੇ ਕ੍ਰਾਂਤੀਕਾਰੀ ਜੀਵਨ ਦੇ ਅਲਪ ਕਾਲ ਵਿਚ 357 ਸਭਾਵਾਂ ਨੂੰ ਸੰਬੋਧਨ ਕੀਤਾ ਸੀ। ਸ੍ਰ: ਕਿਸ਼ਨ ਸਿੰਘ ਨੇ ਇਸ ਕ੍ਰਾਂਤੀ ਵਿਚ ਭਾਗ ਲੈਣ ਲਈ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਵੀ ਸੱਦਾ ਦਿੱਤਾ। ਡਾ. ਮਹਿੰਦਰ ਸਿੰਘ 'ਦੀ ਅਕਾਲੀ ਮੂਵਮੈਂਟ' ਵਿਚ ਲਿਖਦਾ ਹੈ ਕਿ The (Babbar Akalí) paper called upon the Hindus and the Muslims to join the Khalsa in their war against the foreigner and adopt the creed of violence as this alone will bring the final victory.

ਸ੍ਰ: ਕਿਸ਼ਨ ਸਿੰਘ ਗੜਗੱਜ ਦੇ ਪ੍ਰਚਾਰ ਦਾ ਬਹੁਤਾ ਅਸਰ ਪੰਜਾਬ ਦੀ ਕਿਰਸਾਨੀ ਤੇ ਹੋਇਆ। ਪਿੰਡਾਂ ਵਿਚ ਆਯੋਜਿਤ ਦੀਵਾਨਾਂ ਅਤੇ ਮੀਟਿੰਗਾਂ ਵਿਚ ਜਦੋਂ ਕਿਸਾਨਾਂ ਦੀ ਦੁਰਦਸ਼ਾ ਬਾਰੇ ਚਰਚਾ ਕੀਤੀ ਜਾਂਦੀ ਤਾਂ ਇਹੋ ਜਹੀਆਂ ਕਵਿਤਾਵਾਂ ਅਕਸਰ ਪੜ੍ਹੀਆਂ ਅਤੇ ਸੁਣਾਈਆਂ ਜਾਂਦੀਆਂ ਸਨ ਜਿਨ੍ਹਾਂ ਵਿਚ ਕਿਸਾਨਾਂ ਦੀ ਮੰਦਹਾਲੀ ਦਾ ਉਲੇਖ ਕੀਤਾ ਹੁੰਦਾ :

ਅੱਖਾਂ ਖੋਲ੍ਹੋ ਹਿੰਦੀ ਭਾਈਉ, ਕੌਮ ਗਰਕਦੀ ਜਾਂਦੀ ਹੈ।

Digitized by Panjab Digital Library | www.panjabdigilib.org

ਪਿਛਲੇ ਸਮੇਂ ਸੀ ਕਦਰ ਅਸਾਡੀ, ਖੇਤੀ ਪੈਦਾ ਕਰਦੇ ਸੀ।
ਪਿੰਡਾਂ ਵਿਚ ਪੰਚ ਅਸਾਡੇ, ਆਪ ਅਦਾਲਤ ਕਰਦੇ ਸੀ।
ਘਰ ਘਰ ਸੌ ਸੌ ਮਹੀਆਂ ਗਾਂਈਆ,
ਵਗ ਅਸਾਡੇ ਚਰਦੇ ਸੀ।
ਹੁਣ ਤਾਂ ਵੀਰੋ ਨਸਲ ਅਸਾਡੀ, ਰੁੱਖੀ ਰੋਟੀ ਖਾਂਦੀ ਹੈ।

(ਬੱਬਰ ਅਕਾਲੀਆਂ ਦਾ ਇਤਿਹਾਸ)

1921 ਦੇ ਅਖ਼ੀਰ ਵਿਚ ਸ੍ਰ: ਕਿਸ਼ਨ ਸਿੰਘ (ਜਿਸਨੂੰ ਉਸ ਦੀਆਂ ਧੜਲੇਦਾਰ ਤਕਰੀਰਾਂ ਕਰਕੇ 'ਗੜਗੱਜ' ਦੇ ਨਾਮ ਨਾਲ ਜਾਣਿਆਂ ਜਾਣ ਲਗ ਪਿਆ ਸੀ) ਨੇ ਇਕ 'ਖੁਫ਼ੀਆ' ਜਥੇ ਦਾ ਨਿਰਮਾਣ ਕੀਤਾ ਜਿਸ ਨੂੰ 'ਚਕਰਵਰਤੀ ਜਥਾ' (ਤੁਰਦੇ ਫਿਰਦੇ ਰਹਿਣ ਵਾਲਾ ਜਥਾ) ਦਾ ਨਾਮ ਦਿੱਤਾ ਗਿਆ। ਇਸ ਜਥੇ ਦੇ ਪ੍ਰਮੁੱਖ ਮੈਂਬਰ ਸਨ - ਭਾਈ ਦਲੀਪ ਸਿੰਘ ਗੋਸ਼ਲ, ਸੁੰਦਰ ਸਿੰਘ ਬੱਬਰ, ਕਰਮ ਸਿੰਘ ਝਿੰਗੱਰ ਅਤੇ ਸੰਤ ਕਰਤਾਰ ਸਿੰਘ। ਇਨ੍ਹਾਂ ਮੈਂਬਰਾਂ ਦਾ ਕੰਮ ਭਾਰਤੀ ਫੌਜੀਆਂ ਵਿਚ ਜਾ ਕੇ ਉਨ੍ਹਾਂ ਕੋਲੋਂ ਚੋਰੀ ਛਿੱਪੇ ਹਥਿਆਰ ਪ੍ਰਾਪਤ ਕਰਨਾ ਅਤੇ ਉਨ੍ਹਾਂ ਨੂੰ ਅੰਗਰੇਜ਼ਾਂ ਵਿਰੁੱਧ ਬਗ਼ਾਵਤ ਕਰਨ ਲਈ ਪ੍ਰੇਰਨਾ ਸੀ। ਕਿਸ਼ਨ ਸਿੰਘ ਨੇ ਆਪਣਾ ਪ੍ਰਚਾਰ-ਖੇਤਰ ਜਲੰਧਰ ਅਤੇ ਆਸ ਪਾਸ ਦੇ ਪਿੰਡਾਂ ਵਿਚ ਰਖਿਆ ਜਦ ਕਿ ਕਰਮ ਸਿੰਘ ਦੌਲਤਪੁਰ, ਹੁਸ਼ਿਆਰਪੁਰ ਦੇ ਇਲਾਕੇ ਵਿਚ ਭੇਜਿਆ ਗਿਆ। ਜੂਨ 1921 ਵਿਚ ਪਿੰਡ ਮਸਤੂਆਨਾ (ਜੀਂਦ ਰਿਆਸਤ) ਵਿਖੇ ਇਕ ਦੀਵਾਨ ਵਿਚ ਬੋਲਦਿਆਂ ਸ੍ਰ: ਕਿਸ਼ਨ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜ਼ਫ਼ਰਨਾਮੇ ਦਾ ਹਵਾਲਾ ਦਿੰਦਿਆ ਸਰੋਤਿਆਂ ਨੂੰ ਅੰਗਰੇਜ਼ਾਂ ਨਾਲ ਨਜਿੱਠਣ ਲਈ ਖੰਡਾ ਪਕੜਣ ਅਤੇ ਟੋਡੀਆਂ ਨੂੰ ਟਿਕਾਣੇ ਲਗਾ ਦੇਣ ਦੀ ਪ੍ਰੇਰਨਾ ਕੀਤੀ। ਕਰਮ ਸਿੰਘ ਬੱਬਰ ਨੇ ਹੇਠ ਲਿਖੀ ਕਵਿਤਾ ਪੜ੍ਹ ਕੇ ਦੇਸ਼ ਵਾਸੀਆਂ ਨੂੰ ਵੰਗਾਰ ਪਾਈ :

ਪਕੜੋ ਖੰਡਾ ਸ਼ੇਰੋ, ਆਖੇ ਬੱਬਰ ਪੁਕਾਰ।
ਖੰਡਾ ਪਕੜੋ ਸਾਣ ਤੇ ਲਾਉ ਤੇਜ਼ ਕਰੋ ਇਹਧੀ ਧਾਰ।
ਬਿਨ ਖੰਡਿਉਂ ਨਾ ਮਿਲੇ ਆਜ਼ਾਦੀ ਆਖੇ ਬੱਬਰ ਵੰਗਾਰ।

(ਬੱਬਰ ਅਕਾਲੀ ਲਹਿਰ ਦਾ ਇਤਿਹਾਸ)

ਬੱਬਰ ਦੇਸ਼ ਵਾਸੀਆਂ ਨੂੰ ਗ਼ਫ਼ਲਤ ਦੀ ਨੀਂਦ ਤੋਂ ਜਗਾ ਕੇ ਉਨ੍ਹਾਂ ਨੂੰ ਆਜ਼ਾਦੀ ਦੀ ਜੰਗ ਲਈ ਤਿਆਰ ਕਰਨਾ ਚਾਹੁੰਦੇ ਸਨ। 13 ਅਕਤੂਬਰ 1921 ਨੂੰ ਹਰਦਾਸਪੁਰ (ਫ਼ਗਵਾੜਾ) ਵਿਚ ਇਕ ਦੀਵਾਨ ਵਿਚ ਬੋਲਦਿਆਂ ਕਿਸ਼ਨ ਸਿੰਘ ਨੇ ਕਿਹਾ :

ਹਿੰਦ ਦੇ ਬਹਾਦਰੋ, ਨਹੀਂ ਵੇਲਾ ਸੌਣ ਦਾ।
ਆ ਗਿਆ ਵਕਤ ਹੁਣ, ਤੇਗ਼ ਦੇ ਉਠਾਉਣ ਦਾ।

ਉਸਨੇ ਨੋਕਰਸ਼ਾਹੀ ਸਰਕਾਰੀ ਪਿਠੂਆਂ ਦਾ ਸੋਸ਼ਲ ਬਾਈਕਾਟ ਕਰਨ ਅਤੇ ਉਨ੍ਹਾਂ ਨੂੰ ਸੋਧਨ ਦੀ ਵੀ ਪ੍ਰੇਰਨਾ ਕੀਤੀ। **Kishan Singh delivered similar speeches in various other parts of the province and exhorted people to give up non-violence. He also intensified revolutionary propaganda among the Sikh peasantry and... among the Sikh soldiers at Jullandhar**

Digitized by Panjab Digital Library | www.panjabdigilib.org

cantonement.......

ਨਵੰਬਰ 1921 ਤੋਂ ਲੈ ਕੇ ਅਗਸਤ 1922 ਵਿਚ ਦੁਆਬੇ ਦੇ ਅਨੇਕ ਪਿੰਡਾਂ ਵਿਚ ਦੀਵਾਨ ਕੀਤੇ ਗਏ ਅਤੇ ਲੋਕਾਂ ਨੂੰ ਸ਼ਾਂਤਮਈ ਨੀਤੀ ਤਿਆਗ ਕੇ ਸ਼ਸਤਰਾਂ ਦੀ ਨੀਤੀ ਅਪਨਾਉਣ ਅਤੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਪ੍ਰੇਰਿਆ ਗਿਆ। ਜਿਨ੍ਹਾਂ ਪਿੰਡਾਂ ਵਿਚ ਇਨ੍ਹਾਂ ਬੱਬਰਾਂ ਨੇ ਆਪਣਾ ਪ੍ਰਚਾਰ ਕੀਤਾ ਉਹ ਸਨ - ਭੂਬੀਆਣਾ, ਰੁੜਕਾ ਕਲਾਂ, ਬੁਲੇਨਾ, ਪੰਡੋਰੀ, ਨਿੱਝਰਾਂ, ਢੀਂਗੜੀਆਂ, ਹਰੀਪੁਰ, ਭੋਜੋਵਾਲ ਅਤੇ ਸੰਘਵਾਲ।

ਇਸ ਤੋਂ ਇਲਾਵਾ ਪਿੰਡ ਧੰਨੋਵਾਲੀ, ਅਚਲਪੁਰ ਅਤੇ ਪਿੰਡ ਬਹਾਨੀ ਥਾਣਾ ਫ਼ਗਵਾੜਾ ਦਿਆਂ ਦੀਵਾਨਾਂ ਵਿਚ ਵੀ ਖੁਲ੍ਹਮ ਖੁਲ੍ਹਾ ਪ੍ਰਚਾਰ ਕੀਤਾ ਗਿਆ ਕਿ ਜੇ ਭਾਰਤੀਆਂ ਨੇ ਆਜ਼ਾਦੀ ਦਾ ਸੂਰਜ ਵੇਖਣਾ ਹੈ ਤਾਂ ਅੰਗਰੇਜ਼ੀ ਸਰਕਾਰ ਦੇ ਪਿੱਠੂਆਂ, ਮੁਖਬਰਾਂ ਅਤੇ ਝੋਲੀਚੁੱਕ ਸਰਕਾਰੀ ਬੰਦਿਆਂ ਨੂੰ 'ਟਿਕਾਣੇ' ਲਗਾਣਾ ਬਹੁਤ ਜ਼ਰੂਰੀ ਹੈ। ਅਜੇਹੇ ਲੋਕਾਂ ਦਾ ਸੋਸ਼ਲ ਬਾਈਕਾਟ ਕਰਨ ਲਈ ਵੀ ਕਿਹਾ ਗਿਆ। ਅਗਸਤ 1922 ਵਿਚ ਬੱਬਰ ਜਥਿਆਂ ਦਾ ਇਕ ਜਨਰਲ ਅਜਲਾਸ ਪਿੰਡ ਗੋਜੇਵਾਲ ਸਦਿਆ ਗਿਆ। ਗੜਗੱਜ ਨੂੰ ਜਥੇਦਾਰ (ਮੁੱਖੀ) ਚੁਣਿਆ ਗਿਆ। ਦਲੀਪ ਸਿੰਘ ਗੋਸ਼ਲ ਨੂੰ ਸੱਕਤਰ ਅਤੇ ਬਾਬਾ ਸੰਤਾ ਸਿੰਘ ਨੂੰ ਖਜ਼ਾਨਚੀ ਨਿਯੁਕਤ ਕੀਤਾ ਗਿਆ। ਕਮੇਟੀ ਦੇ ਹੋਰ ਮੈਂਬਰ ਸਨ-ਕਰਮ ਸਿੰਘ ਝਿੰਗਰ, ਕਰਮ ਸਿੰਘ ਦੌਲਤਪੁਰ ਅਤੇ ਬੱਬਰ ਉਦੈ ਸਿੰਘ। ਜਨਰਲ ਅਜਲਾਸ ਵਿਚ ਬੱਬਰ ਅਕਾਲੀ ਦਲ ਦਾ ਆਪਣਾ ਅਖ਼ਬਾਰ ਕੱਢਣ ਦਾ ਵੀ ਫ਼ੈਸਲਾ ਕੀਤਾ ਗਿਆ। ਇਸਦਾ ਨਾਮ 'ਬੱਬਰ ਅਕਾਲੀ ਦੁਆਬਾ ਅਖ਼ਬਾਰ' ਰਖਿਆ ਗਿਆ ਅਤੇ ਸ੍ਰ: ਕਰਮ ਸਿੰਘ ਦੌਲਤਪੁਰ ਨੂੰ ਇਸਦਾ ਐਡੀਟਰ ਬਣਾਇਆ ਗਿਆ। ਕਰਮ ਸਿੰਘ ਇਸ ਅਖ਼ਬਾਰ ਲਈ ਕਵਿਤਾਵਾਂ ਅਤੇ ਸ੍ਰ: ਕਿਸ਼ਨ ਸਿੰਘ ਲੇਖ ਲਿਖਿਆ ਕਰਦਾ ਸੀ। ਛਾਪਣ ਵਾਲੇ ਪ੍ਰੈਸ ਦਾ ਨਾਮ ਗੁਪਤ ਰਖਨ ਲਈ ਪ੍ਰੈਸ ਦਾ ਨਾਮ 'ਉਡਾਰੂ ਪ੍ਰੈਸ' (Flying and Safari, travelling press) ਰਖਿਆ ਗਿਆ। The Babbar Akali Doaba Akhbar which began appearing as monthly from September 1922 regularly highlighted the desperate economic condition of the people and their exploitation at the hands of a foreign Government. ਇਸ ਪਰਚੇ ਦੇ ਉਪਰ ਇਹ ਪੰਕਤੀਆਂ ਦਰਜ ਹੁੰਦੀਆਂ ਸਨ:

ਸੂਰਾ ਸੋ ਪਹਿਚਾਨੀਐ, ਜੁ ਲਰੇ ਦੀਨ ਕੇ ਹੇਤ।
ਪੁਰਜ਼ਾ ਪੁਰਜ਼ਾ ਕਟਿ ਮਰੈ, ਕਬਹੂ ਨਾ ਛਾਡੇ ਖੇਤੁ।।

(ਗੁਰੂ ਗ੍ਰੰਥ ਸਾਹਿਬ, ਪੰਨਾ 1105)

ਹੋਮ ਪੋਲਿਟੀਕਲ ਫ਼ਰਵਰੀ 1923 ਦੇ ਹਵਾਲੇ ਨਾਲ ਇਸ ਪਰਚੇ ਬਾਰੇ ਲਿਖਦਿਆਂ ਸਤਿਆ, ਐਮ. ਰਾਇ ਨੇ Punjabi HeroicTradition ਵਿਚ ਇਹ ਟਿੱਪਣੀ ਦਰਜ ਕੀਤੀ ਹੈ : 'The leaflet described the deteriorating economic conditions in the country and the tyranny of the British rulers. It appealed to the people to reject the non-violent doctrines of the Akali Party and Indian National Congress; instead they should kill the foreigners to help establish a free government. ਇਸ ਪਰਚੇ ਰਾਹੀਂ ਅੰਗਰੇਜ਼ ਅਧਿਕਾਰੀਆਂ, ਉਨ੍ਹਾਂ ਦੇ ਝੋਲੀਚੁੱਕਾਂ, ਪਿੰਡਾਂ

Digitized by Panjab Digital Library | www.panjabdigilib.org

ਦੇ ਜ਼ੈਲਦਾਰ, ਲੰਬੜਦਾਰ, ਪਟਵਾਰੀ, ਅਤੇ ਸਫ਼ੇਦਪੋਸ਼ਾਂ ਨੂੰ ਚੇਤਾਵਨੀ ਦਿੱਤੀ ਗਈ ਕਿ ਜੇ ਉਨ੍ਹਾਂ ਨੇ ਬੱਬਰਾਂ ਵਿਰੁੱਧ ਕੋਈ ਕਾਰਵਾਈ ਜਾਂ ਗ਼ਦਾਰੀ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੂੰ ਸੋਧ (ਮਾਰ) ਦਿੱਤਾ ਜਾਵੇਗਾ।

ਦਸੰਬਰ 1922 ਵਿਚ, ਪਹਿਲਾਂ 25 ਦਸੰਬਰ ਅਤੇ ਫਿਰ 30-31 ਦਸੰਬਰ ਨੂੰ ਪਿੰਡ ਜੱਸੋਵਾਲ ਵਿਖੇ ਬੱਬਰਾਂ ਦੀ ਮੀਟਿੰਗ ਸੱਦੀ ਗਈ। ਇਸ ਵਿਚ ਬੱਬਰ ਲਹਿਰ ਵਿਚ ਪ੍ਰਵੇਸ਼ ਕਰਨ ਲਈ ਹੇਠ ਲਿਖੀ ਮਰਯਾਦਾ ਨਿਸ਼ਚਿਤ ਕੀਤੀ ਗਈ।

1. ਹਰ ਬੱਬਰ ਅਕਾਲੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਗੁਰਬਾਣੀ, ਨੀਯਮ ਅਨੁਸਾਰ ਹਰ ਰੋਜ਼ ਸਵੇਰੇ-ਸ਼ਾਮ ਪੜ੍ਹਣੀ ਜ਼ਰੂਰੀ ਹੈ।
2. ਬੱਬਰ ਅਕਾਲੀ ਆਪਣੀ ਪਾਰਟੀ ਜਾਂ ਮੈਂਬਰ ਦੀ ਵਿਰੋਧਤਾ ਨਹੀਂ ਕਰੇਗਾ।
3. ਵਾਰਦਾਤ ਵੇਲੇ ਕੋਈ ਬੱਬਰ ਅਕਾਲੀ ਕਿਸੇ ਦੀ ਧੀ ਭੈਣ ਅਤੇ ਇਸਤ੍ਰੀ ਦੀ ਇਜ਼ਤ ਨੂੰ ਹੱਥ ਨਹੀਂ ਪਾਵੇਗਾ।
4. ਵਾਰਦਾਤ ਅਥਵਾ ਹਮਲਾ ਕਰਨ ਸਮੇਂ ਕੋਈ ਬੱਬਰ ਅਕਾਲੀ ਕਿਸੇ ਵੀ ਵਾਰਦਾਤ ਵਾਲੀ ਥਾਂ ਤੋਂ ਕੋਈ ਸ਼ੈ (ਚੀਜ਼) ਚੋਰੀ ਨਹੀਂ ਕਰੇਗਾ, ਪਰ ਜਥੇਦਾਰ ਦੀ ਆਗਿਆ ਨਾਲ ਨਕਦੀ ਗਹਿਣੇ ਕਪੜੇ ਅਤੇ ਲੀੜੇ ਚੁਕਣੇ ਹੋਣਗੇ।
5. ਜਥੇਦਾਰ ਅਤੇ ਬੱਬਰ ਅਕਾਲੀ ਪਾਰਟੀ ਦੇ ਨਿਯਮਾਂ ਦੀ ਹਰ ਕੀਮਤ ਤੇ ਪਾਲਣਾ ਕਰਨੀ ਹੋਵੇਗੀ।
6. ਬੱਬਰ ਅਕਾਲੀ ਕਿਸੇ ਧਰਮ ਅਥਵਾ ਜਾਤਿ ਦੇ ਬੰਦੇ ਨਾਲ ਵਿਤਕਰਾ ਨਹੀਂ ਕਰੇਗਾ।
7. ਬੱਬਰ ਅਕਾਲੀ ਪਾਰਟੀ ਵਿਚ ਸ਼ਾਮਲ ਹੋਣ ਲਈ ਹਰ ਮੈਂਬਰ ਲਈ ਜ਼ਰੂਰੀ ਹੋਵੇਗਾ ਕਿ ਉਸ ਵਿਚ ਗੋਲੀ ਸਿੱਕਾ ਚਲਾਉਣ ਦੀ ਲਿਆਕਤ ਅਤੇ ਯੋਗਤਾ ਹੋਵੇ। ਨਵੇਂ ਬਣੇ ਮੈਂਬਰ ਲਈ ਜਥੇਦਾਰ ਨੂੰ ਯਕੀਨ ਦੁਆਉਣਾ ਜ਼ਰੂਰੀ ਹੋਵੇਗਾ ਕਿ ਉਹ ਪਾਰਟੀ ਨਾਲ ਗ਼ਦਾਰੀ ਨਹੀਂ ਕਰੇਗਾ ਅਤੇ ਪਾਰਟੀ ਦੇ ਕਿਸੇ ਭੇਤ ਨੂੰ ਬਾਹਰ ਨਹੀਂ ਕਢੇਗਾ।

ਗ਼ਦਾਰਾਂ ਅਤੇ ਝੋਲੀਚੁੱਕਾਂ ਨੂੰ ਸੋਧਨ ਦਾ ਜੋ ਪ੍ਰੋਗਰਾਮ ਉਲੀਕਿਆ ਗਿਆ ਸੀ ਉਸ ਦੇ ਤਹਿਤ, ਨਹਿਰੀ ਵਿਭਾਗ ਦੇ ਬਿਸ਼ਨ ਸਿੰਘ ਨੂੰ 10 ਫ਼ਰਵਰੀ 1923, ਬੂਟਾ ਸਿੰਘ ਲੰਬੜਦਾਰ ਅਤੇ ਉਸਦੇ ਪੋਤਰੇ (ਨੰਗਲ ਜਿਲ੍ਹਾ ਜਲੰਧਰ) ਨੂੰ 11 ਮਾਰਚ 1923, ਮਿਸਤ੍ਰੀ ਲਾਭ ਸਿੰਘ ਨੂੰ 19 ਮਾਰਚ, ਹੁਸ਼ਿਆਰਪੁਰ ਦੇ ਹਜ਼ਾਰਾ ਸਿੰਘ ਨੂੰ 27 ਮਾਰਚ, ਸਾਬਕਾ ਸੂਬੇਦਾਰ ਗੈਂਦਾ ਸਿੰਘ ਨੂੰ 17 ਅਪ੍ਰੈਲ ਅਤੇ ਕਾਲੂਗੜ੍ਹ ਪਿੰਡ (ਹੁਸ਼ਿਆਰਪੁਰ) ਦੇ ਚੌਧਰੀ ਰਲਾ ਰਾਮ ਤੇ ਉਸਦੇ ਭਰਾ ਦਿੱਤਾ ਰਾਮ ਨੂੰ 27 ਮਈ 1923 ਨੂੰ ਪਾਰ ਬੁਲਾ ਦਿੱਤਾ ਗਿਆ। ਪੰਜਾਬ ਦੇ ਗਵਰਨਰ ਦੇ ਨਾਮ ਲਿਖੀ ਚਿੱਠੀ ਵਿਚ ਬੱਬਰਾਂ ਨੇ ਇਨ੍ਹਾਂ ਕਤਲਾਂ ਦੀ ਜ਼ਿੰਮੇਵਾਰੀ ਆਪਣੇ ਉਪਰ ਲੈ ਲਈ। ਇਕ ਦੇ ਬਾਦ ਇਕ ਹੁੰਦੇ ਇਨ੍ਹਾਂ ਕਤਲਾਂ ਕਰਕੇ ਸਾਰੇ ਪੰਜਾਬ ਵਿਚ ਦਹਿਸ਼ਤ ਫੈਲ ਗਈ ਤੇ ਪੰਜਾਬ ਦੀ

Digitized by Panjab Digital Library | www.panjabdigilib.org

ਗੋਰੀ ਸਰਕਾਰ ਨੇ ਬੱਬਰਾਂ ਨੂੰ ਪਕੜਨ ਅਤੇ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਦਾ ਅਭਿਆਨ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਸ੍ਰ: ਕਿਸ਼ਨ ਸਿੰਘ ਗੜਗੱਜ ਨੂੰ ਪਕੜਨ ਲਈ ਇਨਾਮ ਦੀ ਰਾਸ਼ੀ 200 ਤੋਂ ਵਧਾ ਕੇ 2000 ਰੁਪੈ ਕਰ ਦਿੱਤੀ ਅਤੇ ਨਾਲ ਹੀ ਪਕੜਨ ਵਾਲੇ ਨੂੰ ਵਾਹੀ ਵਾਲੀ ਜ਼ਮੀਨ ਦੇਣ ਦਾ ਵੀ ਐਲਾਨ ਕੀਤਾ। ਜਲੰਧਰ ਦੇ ਡਿਪਟੀ ਕਮਿਸ਼ਨਰ ਦੇ ਕਹਿਣ ਤੇ ਡੀ.ਆਈ.ਜੀ. ਪੁਲਿਸ ਨੇ ਖਾਨ ਬਹਾਦਰ ਅਤੇ ਅਬਦੁਲ ਅਜ਼ੀਜ਼ (ਸੁਪਰਿਨਟੈਂਡੈਂਟ ਆਫ਼ ਪੁਲਿਸ ਸੀ.ਆਈ.ਡੀ.) ਨੂੰ ਇਸ ਸਥਿਤੀ ਨਾਲ ਨਿਬਟਨ ਅਤੇ ਬੱਬਰਾਂ ਨੂੰ ਸਖ਼ਤੀ ਨਾਲ ਦਬਾ ਦੇਣ ਲਈ ਇਸ ਇਲਾਕੇ ਵਿਚ ਤੈਨਾਤ ਕਰ ਦਿੱਤਾ। ਅਪ੍ਰੈਲ 1923 ਵਿਚ ਬੱਬਰਾਂ ਦੀ ਜਥੇਬੰਦੀ ਨੂੰ ਗ਼ੈਰ ਕਾਨੂੰਨੀ ਕਰਾਰ ਦੇ ਦਿੱਤਾ ਗਿਆ। ਜੂਨ 1923 ਵਿਚ ਮਾਸਟਰ ਮੋਤਾ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਜਦੋਂ ਸ੍ਰ: ਕਿਸ਼ਨ ਸਿੰਘ ਅਤੇ ਬੱਬਰਾਂ ਦਾ ਪ੍ਰੋਗਰਾਮ ਪੂਰੇ ਜ਼ੋਰ ਨਾਲ ਚਲ ਰਿਹਾ ਸੀ ਤਾਂ ਬੱਬਰ ਲਹਿਰ ਨੂੰ ਇਕ ਬੜਾ ਵੱਡਾ ਧੱਕਾ ਲਗਾ। ਪ੍ਰਚਾਰ ਦੇ ਆਸ਼ੇ ਨਾਲ ਸ੍ਰ: ਕਿਸ਼ਨ ਸਿੰਘ ਪਿੰਡੋਰੀ ਮਹਿਲ ਵਿਚ ਠਹਿਰਿਆ ਹੋਇਆ ਸੀ। ਇਸ ਗੱਲ ਦੀ ਭਿਨਕ ਉਸਦੇ ਪਿੰਡ ਬੜਿੰਗ ਦੇ ਕਾਬਲ ਸਿੰਘ ਨੂੰ ਲਗ ਗਈ। 2000 ਰੁਪੈ ਦਾ ਇਨਾਮ ਹਾਸਲ ਕਰਨ ਲਈ ਉਸਨੇ ਸੰਤ ਕਰਤਾਰ ਸਿੰਘ ਨਾਲ ਮਿਲ ਕੇ ਇਸ ਗੱਲ ਦੀ ਸੂੰਹ ਪੁਲਿਸ ਨੂੰ ਦੇ ਦਿੱਤੀ। ਕਾਬਲ ਸਿੰਘ ਤੋਂ ਖ਼ਬਰ ਮਿਲਦਿਆਂ ਹੀ ਪੰਜਾਬ ਪੁਲਿਸ ਨੇ ਪਿੰਡ ਨੂੰ ਆ ਕੇ ਘੇਰ ਲਿਆ। ਜਿਸ ਮਕਾਨ ਵਿਚ ਭਾਈ ਕਿਸ਼ਨ ਸਿੰਘ ਠਹਿਰਿਆ ਹੋਇਆ ਸੀ, ਉਸ ਮਕਾਨ ਦੇ ਦਰਵਾਜ਼ੇ ਨੂੰ ਇਕ ਤਰਖਾਣ ਕੋਲੋਂ ਕਟਵਾ ਕੇ ਪੁਲਿਸ ਅੰਦਰ ਵੜ ਗਈ। ਇਸ ਤਰ੍ਹਾਂ 26 ਫਰਵਰੀ ਸੰਨ 1923 ਨੂੰ ਬੱਬਰ ਲਹਿਰ ਦਾ ਇਹ ਨਿਧੱੜਕ ਨੇਤਾ ਆਪਣੇ ਹੀ ਪਿੰਡ ਦੇ ਇਕ ਗ਼ਦਾਰ ਕਾਰਨ ਗ੍ਰਿਫ਼ਤਾਰ ਕਰ ਲਿਆ ਗਿਆ। ਸ੍ਰ: ਕਿਸ਼ਨ ਸਿੰਘ ਦੀ ਗ੍ਰਿਫ਼ਤਾਰੀ ਅੰਗਰੇਜ਼ੀ ਸਰਕਾਰ ਲਈ ਇਕ ਬੜੀ ਵੱਡੀ ਪ੍ਰਾਪਤੀ ਸੀ। ਸ੍ਰ: ਕਿਸ਼ਨ ਸਿੰਘ ਤੇ ਇਕਦਮ ਮੁਕੱਦਮਾ ਚਲਾਉਣ ਦੀ ਬਜਾਏ ਪਹਿਲਾਂ ਉਸਨੂੰ 17 ਅਗਸਤ, 1923 ਤਕ ਪੁਲਿਸ ਹਿਰਾਸਤ ਵਿਚ ਰਿਮਾਂਡ ਤੇ ਰਖਿਆ ਗਿਆ ਤਾਕਿ ਉਸ ਕੋਲੋਂ ਬੱਬਰ ਲਹਿਰ ਦੇ ਪ੍ਰਮੁਖ ਨੇਤਾਵਾਂ, ਮੈਂਬਰਾਂ ਅਤੇ ਉਲੀਕੇ ਗਏ ਪ੍ਰੋਗਰਾਮਾਂ ਬਾਰੇ ਜਾਣਕਾਰੀ ਹਾਸਲ ਕੀਤੀ ਜਾ ਸਕੇ । ਰਿਮਾਂਡ ਦੇ ਦੌਰਾਨ ਪੁਲਿਸ ਨੇ ਇਨ੍ਹਾਂ ਉਪਰ ਬੇਹਦ ਤਸ਼ਦਦ ਕਰਕੇ ਅਤੇ ਅਣਮਨੁੱਖੀ ਯਾਤਨਾਵਾਂ ਦੇ ਕੇ ਬੱਬਰਾਂ ਬਾਰੇ ਜਾਣਕਾਰੀ ਹਾਸਲ ਕਰਨੀ ਚਾਹੀ। ਪਰ ਉਹ ਆਪਣੇ ਮੰਤਵ ਵਿਚ ਸਫ਼ਲ ਨਾ ਹੋ ਸਕੇ।

ਸ੍ਰ: ਕਿਸ਼ਨ ਸਿੰਘ ਨੂੰ ਮਾਝੇ ਜਾਂ ਦੁਆਬੇ ਦੀ ਜੇਲ੍ਹ ਵਿਚ ਰਖਣਾ ਪੁਲਿਸ ਨੂੰ ਖ਼ਤਰਨਾਕ ਜਾਪਿਆ। ਇਸ ਲਈ ਸਰਕਾਰ ਨੇ ਉਨ੍ਹਾਂ ਨੂੰ ਮੀਆਂਵਾਲੀ ਜੇਲ੍ਹ ਵਿਚ ਭੇਜ ਦਿੱਤਾ। ਉਨ੍ਹਾਂ ਉਪਰ 2 ਜੂਨ 1924 ਨੂੰ ਸਰਕਾਰ ਦਾ ਤਖ਼ਤਾ ਪਲਟ ਦੇਣ ਦੇ ਦੋਸ਼ ਵਿਚ ਮੁਕਦੱਮਾ ਚਲਾਇਆ ਗਿਆ। ਇਹ ਮੁਕਦੱਮਾ 28 ਫਰਵਰੀ 1925 ਤਕ ਚਲਦਾ ਰਿਹਾ। ਕਿਸ਼ਨ ਸਿੰਘ ਨੇ ਇਸ ਮੁਕੱਦਮੇ ਵਿਚ ਆਪਣੇ ਕੇਸ ਦੀ ਪੈਰਵੀ ਆਪ ਕੀਤੀ। ਉਸਨੇ 125 ਸਫ਼ੇ ਦੇ ਲਿਖਤੀ ਬਿਆਨ ਰਾਹੀਂ (ਜੋ ਉਸਨੇ ਆਪ ਹੀ ਤਿਆਰ ਕੀਤਾ ਸੀ) ਸਰਕਾਰ ਉਪਰ ਦੋਸ਼ ਲਗਾਇਆ ਕਿ ਉਹ ਭਾਰਤ ਵਾਸੀਆਂ ਉਪਰ ਕੀ ਕੀ ਜ਼ੁਲਮ ਕਰ ਰਹੇ ਹਨ ਅਤੇ ਉਨ੍ਹਾਂ ਦੀ ਆਰਥਕ ਸਥਿਤੀ ਨੂੰ ਇਸ ਮਾੜੀ ਦਸ਼ਾ ਤਕ ਪਹੁੰਚਾਣ ਦੀ ਜ਼ਿਮੇਵਾਰੀ ਉਨ੍ਹਾਂ ਉਪਰ ਹੈ। ਇਸ ਲਿਖਤੀ ਬਿਆਨ ਵਿਚ ਜਲ੍ਹਿਆਂ ਵਾਲਾ ਬਾਗ, ਗ਼ਦਰ ਲਹਿਰ, ਕੋਮਾਗਾਟਾਮਾਰੂ ਤੇ ਬੱਜ ਬੱਜ ਘਾਟ ਦੀ ਘਟਨਾ, ਨਨਕਾਣਾ

Digitized by Panjab Digital Library | www.panjabdigilib.org

ਸਾਹਿਬ ਤੇ ਗੁਰੂ ਕੇ ਬਾਗ਼ ਦੇ ਮੋਰਚਿਆਂ ਵਿਚ ਸ਼ਹੀਦ ਹੋਏ ਸਿੰਘਾਂ ਅਤੇ ਭਾਰਤ ਵਾਸੀਆਂ ਦੀ ਮਾੜੀ ਹਾਲਤ ਦਾ ਵੀ ਜ਼ਿਕਰ ਸੀ। ਸੰਖੇਪ ਰੂਪ ਵਿਚ ਸ੍ਰ: ਕਿਸ਼ਨ ਸਿੰਘ ਦਾ ਇਹ ਬਿਆਨ ਇਸ ਪ੍ਰਕਾਰ ਹੈ :

ਸ਼ੁਰੂ 1921 ਵਿਚ ਜਿਸ ਵੇਲੇ ਮੈਂ ਫ਼ੌਜ ਦੀ ਨੌਕਰੀ ਤਿਆਗ ਕੇ ਆ ਗਿਅ ਸੀ ਤਾਂ ਉਸ ਵੇਲੇ ਨਨਕਾਣਾ ਸਾਹਿਬ ਦਾ ਖ਼ੂਨੀ ਸਾਕਾ ਹੋ ਚੁੱਕਿਆ ਸੀ ਅਤੇ ਅਕਾਲੀ ਲਹਿਰ ਪੂਰੇ ਜੋਬਨ ਉੱਤੇ ਆ ਚੁੱਕੀ ਸੀ। ਸਾਰੇ ਪੰਥ ਨੇ ਸਰਬ-ਸੰਮਤੀ ਨਾਲ ਮੈਨੂੰ ਸ਼੍ਰੋਮਣੀ ਅਕਾਲੀ ਦਲ ਦਾ ਪਹਿਲਾ ਜਨਰਲ ਸਕੱਤਰ ਚੁਣ ਲਿਆ ਸੀ ਜਿਸ ਦੇ ਪ੍ਰਧਾਨ ਬਾਬਾ ਖੜਕ ਸਿੰਘ ਜੀ ਸਨ ਅਤੇ ਸ਼ੁਰੂ ਅਪ੍ਰੈਲ 1921 ਵਿਚ ਮੈਂ ਅੰਮ੍ਰਿਤਸਰ ਆ ਕੇ ਚਾਰਜ ਸੰਭਾਲ ਲਿਆ ਸੀ।

ਉਸ ਵੇਲੇ ਹੀ ਮੈਨੂੰ ਅੰਗਰੇਜ਼ ਹਕੂਮਤ ਵਲੋਂ ਮੁਲਕ ਵਿਚ ਮੇਰੇ ਹਮਵਤਨਾਂ ਉੱਤੇ ਕੀਤੇ ਜਾ ਰਹੇ ਜੁਲਮਾਂ ਦੀ ਜਾਣਕਾਰੀ ਮਿਲਣ ਦਾ ਖੁੱਲਾ ਮੌਕਾ ਮਿਲਿਆ। ਸਾਰੇ ਮੁਲਕ ਵਿਚ ਫ਼ਰੰਗੀਆਂ ਵਲੋਂ ਦਹਿਸ਼ਤ ਦਾ ਮਾਹੌਲ ਪੈਦਾ ਕੀਤਾ ਜਾ ਚੁਕਿਆ ਸੀ। ਏਸੇ ਅੰਮ੍ਰਿਤਸਰ ਦੀ ਧਰਤੀ ਉੱਤੇ ਪਤਾ ਨਹੀਂ ਕਿੰਨੀਆਂ ਸਦੀਆਂ ਤੱਕ ਗ਼ੈਰਾਂ ਨੇ ਆ ਕੇ ਬੜੇ ਭਾਰੀ ਕਹਿਰ ਢਾਹੇ ਸਨ ਅਤੇ ਮੇਰੇ ਦੇਸ਼ ਦੇ ਲੋਕਾਂ ਨੇ ਇਸੇ ਸ਼ਹਿਰ ਨੂੰ ਬਚਾਉਣ ਲਈ ਅਣਗਿਣਤ ਸ਼ਹੀਦੀਆਂ ਪਾਈਆਂ ਸਨ ਤੇ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਕਟਿਆ ਸੀ। ਹੁਣ ਮੁੜ ਬੇਗਾਨੀ ਹਕੂਮਤ ਮੇਰੇ ਮੁਲਕ ਉੱਤੇ ਕਾਬਜ਼ ਹੋ ਕੇ ਉਹੋ ਅਤਿਆਚਾਰ ਕਰਨ ਲੱਗ ਪਈ ਸੀ। ਦੂਜੇ ਪਾਸੇ ਮੇਰੇ ਵਤਨ ਦੇ ਸਿਰਲੱਥ ਯੋਧੇ ਗੁਲਾਮੀ ਦੇ ਸੰਗਲ ਤੋੜਨ ਲਈ ਮੁੜ ਜਤਨ ਕਰ ਰਹੇ ਸਨ। ਮਦਨ ਲਾਲ ਢੀਂਗਰਾ, ਸੂਫ਼ੀ ਅੰਬਾ ਪ੍ਰਸ਼ਾਦਿ, ਅਜੀਤ ਸਿੰਘ, ਲਾਜਪਤ ਰਾਇ ਦੀਆਂ ਮਿਸਾਲਾਂ ਤੋਂ ਬਾਅਦ ਲਾਰਡ ਹਾਰਡਿੰਗ ਉੱਤੇ ਬੰਬ ਸੁੱਟਣਾ, ਫੇਰ ਗ਼ਦਰ ਲਹਿਰ ਅਤੇ ਅਨੇਕਾਂ ਦਾ ਇਸੇ ਲਾਹੌਰ ਸੈਂਟਰਲ ਜਿਹਲ ਵਿਚ ਸਜ਼ਾਵਾਂ ਭੁਗਤਣਾ ਤੇ ਲਗਾਤਾਰ ਗ਼ਦਰੀਆਂ ਦਾ ਫ਼ਾਂਸੀ ਉੱਤੇ ਲਟਕਣਾ, ਜਲ੍ਹਿਆਂ ਵਾਲੇ ਬਾਗ ਦਾ ਖ਼ੂਨੀ ਸਾਕਾ ਅਤੇ ਉਸੇ ਜਲ੍ਹਿਆਂ ਵਾਲੇ ਬਾਗ ਦੇ ਕਾਤਲ ਜਨਰਲ ਓਡਵਾਇਰ ਨੂੰ ਸਿੱਖਾਂ ਦੇ ਪਵਿੱਤਰ ਗੁਰਧਾਮ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਉਹਦੇ ਚਾਟੜਿਆਂ, ਸਿੰਘਸਭੀਆਂ ਅਤੇ ਚੀਫ਼ ਖਾਲਸਾ ਦੀਵਾਨੀਆਂ ਦੀ ਮਾਰਫ਼ਤ ਉਸ ਵੇਲੇ ਦੇ ਪੁਜਾਰੀਆਂ ਤੋਂ ਪੂਰੀ ਸਿੱਖ ਕੌਮ ਦੇ ਨਾਂ ਉੱਤੇ ਸਿਰੋਪਾ ਮਿਲਣਾ - ਇਹ ਸਭ ਗੱਲਾਂ ਮੈਨੂੰ ਝੰਜੋੜ ਕੇ ਰਖ ਗਈਆਂ। ਰਹਿੰਦੀ-ਖੂੰਹਦੀ ਕਸਰ ਨਨਕਾਣਾ ਸਾਹਿਬ ਦੇ ਖ਼ੂਨੀ ਸਾਕੇ ਨੇ ਪੂਰੀ ਕਰ ਦਿੱਤੀ, ਜਿੱਥੇ ਫ਼ਰੰਗੀ ਦੀ ਹਕੂਮਤ ਦੇ ਪੁਰਜ਼ੇ, ਸ਼ੇਖੂਪੁਰੇ ਦੇ ਡਿਪਟੀ ਕਮਿਸ਼ਨਰ ਮਿਸਟਰ ਕਿੰਗ ਅਤੇ ਪੁਲਸ ਕਪਤਾਨ ਬੌਵਰਿੰਗ ਨੇ ਨਰੈਣੂ ਮਹੰਤ ਨੂੰ ਸ਼ਹਿ ਦੇ ਕੇ ਅਤੇ ਹਰ ਤਰ੍ਹਾਂ ਦੇ ਹਥਿਆਰ ਦੇ ਕੇ, ਸਮੁੱਚੀ ਸਿੱਖ ਕੌਮ ਨੂੰ ਸਬਕ ਸਿਖਾਉਣ ਦਾ ਫੈਸਲਾ ਕੀਤਾ। ਨਤੀਜਾ ਤੁਹਾਡੇ ਸਾਹਮਣੇ ਹੀ ਹੈ।

"ਇਥੇ ਹੀ ਬੱਸ ਨਹੀਂ। ਸਿੱਖਾਂ ਦੇ ਗੁਰਧਾਮਾਂ ਉੱਤੇ ਮਹੰਤਾਂ ਅਤੇ ਪੁਜਾਰੀਆਂ ਨੂੰ ਜਮਾਈ ਰਖਣ ਲਈ ਅੰਗਰੇਜ਼ ਹਕੂਮਤ ਨੇ ਕੋਈ ਕਸਰ ਨਹੀਂ ਸੀ ਰਹਿਣ ਦਿੱਤੀ। ਇਹ ਵੱਖਰੀ ਗੱਲ ਹੈ ਕਿ ਸਿੱਖਾਂ ਨੇ ਵੀ ਸਿਰ-ਧੜ ਦੀ ਬਾਜ਼ੀ ਲਾ ਦਿੱਤੀ ਅਤੇ ਮੈਂ ਫ਼ੈਸਲਾ ਕਰ ਲਿਆ ਕਿ ਵਕਤ ਆ ਗਿਆ ਹੈ ਕਿ ਮੁਲਕ ਵਿਚ ਇਕ ਵਾਰ ਫੇਰ 1857 ਦੀ ਗ਼ਦਰ ਲਹਿਰ ਦੀਆਂ ਲੀਹਾਂ ਉੱਤੇ ਫ਼ਰੰਗੀਆਂ ਨੂੰ ਮੁਲਕ ਵਿਚੋਂ ਦੁੜਾਉਣ ਲਈ ਕੋਸ਼ਿਸ਼ ਕੀਤੀ ਜਾਵੇ। ਉਨਾਂ ਚਿਰ ਸਾਡਾ ਧਰਮ ਸੁਰਖਿਅਤ ਨਹੀਂ ਰਹਿ ਸਕਦਾ, ਜਿੰਨਾ ਚਿਰ ਗੁਲਾਮੀ ਦਾ ਜੂਲਾ ਗਲੋਂ ਨਹੀਂ ਲਾਹਿਆ ਜਾਂਦਾ। ਉਨਾਂ ਚਿਰ

Digitized by Panjab Digital Library | www.panjabdigilib.org

ਸਾਡੇ ਗੁਰਧਾਮਾਂ ਉੱਤੇ ਮੁਸ਼ਟੰਡੇ ਮਹੰਤਾਂ ਦਾ ਕਬਜ਼ਾ ਹੀ ਰਹਿਣਾ ਹੈ, ਜਿੰਨਾਂ ਚਿਰ ਅੰਗਰੇਜ਼ਾਂ ਦੀਆਂ ਸੰਗੀਨਾਂ ਲੁੱਚੇ ਪੁਜਾਰੀਆਂ ਦੀ ਰਖਿਆ ਕਰਦੀਆਂ ਰਹਿਣਗੀਆਂ ਅਤੇ ਸਾਡੇ ਸਿੱਖ ਭਰਾ ਸਿੰਘ ਸਭੀਏ ਅਤੇ ਚੀਫ਼ ਖਾਲਸੀਏ ਚੰਦ ਟੁਕੜਿਆਂ ਬਦਲੇ ਅੰਗਰੇਜ਼ ਦੀ ਪਿੱਠ ਪੂਰਦੇ ਰਹਿਣਗੇ। ਸੋ ਇਹੋ ਸੋਚ ਕੇ ਮੈਂ ਆਪਣੇ ਲੈਕਚਰਾਂ ਰਾਹੀਂ ਖੁੱਲ੍ਹੀ ਬਗ਼ਾਵਤ ਕਰਨ ਦਾ ਨਿਸਚਾ ਧਾਰ ਲਿਆ ਅਤੇ ਮੈਦਾਨੇ -ਅਮਲ ਵਿਚ ਕੁੱਦ ਪਿਆ। ਮੈਂ ਆਪਣੀ ਗ੍ਰਿਫ਼ਤਾਰੀ ਤੱਕ ਕੁਲ 357 ਤਕਰੀਰਾਂ ਕੀਤੀਆਂ। ਜਿਹੜੇ ਬੱਬਰ ਅਕਾਲੀ ਪਰਚੇ ਛਾਪੇ ਅਤੇ ਇਸ਼ਤਿਹਾਰ ਕੱਢੇ, ਉਹ ਵੱਖਰੇ ਸਨ। ਮੈਂ ਅਪਣੇ ਵਤਨ ਨੂੰ ਆਜ਼ਾਦ ਕਰਾਉਣ ਲਈ ਪੂਰੀ ਵਾਹ ਲਾਈ। ਇਹ ਮੇਰਾ ਹੱਕ ਸੀ, ਜੀਹਦਾ ਇਸਤੇਮਾਲ ਮੈਂ ਆਪਣੀ ਅਕਲ ਮੁਤਾਬਿਕ ਕੀਤਾ ਹੈ।

"ਰਹਿ ਗਿਆ ਸਵਾਲ ਸਜ਼ਾ ਦਾ, ਉਸ ਲਈ ਮੈਂ ਤਿਆਰ-ਬਰ-ਤਿਆਰ ਹਾਂ। ਮੈਨੂੰ ਪਤਾ ਹੈ ਕਿ ਮੈਨੂੰ ਕਿਹੜੀ ਸਜ਼ਾ ਮਿਲੇਗੀ ਅਤੇ ਤੁਸੀਂ ਵੀ ਮਜਬੂਰ ਹੋ, ਕਿਉਂਕਿ ਤੁਸੀਂ ਵੀ ਉਸੇ ਹਕੂਮਤ ਦੇ ਇਕ ਪੁਰਜ਼ੇ ਹੋ ਜਿਹੜੀ ਤਲਵਾਰ ਦੇ ਜ਼ੋਰ ਨਾਲ ਰਾਜ ਕਰ ਰਹੀ ਹੈ ਅਤੇ ਉਨਾਂ ਚਿਰ ਕਰਦੀ ਰਹੇਗੀ ਜਿਨਾਂ ਚਿਰ ਅਸੀਂ ਜਵਾਬੀ ਕਾਰਵਾਈ ਕਰਕੇ ਇਨ੍ਹਾਂ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਕੱਟ ਕੇ ਸੁੱਟ ਨਹੀਂ ਦਿੰਦੇ। ਵੱਡੇ-ਵੱਡੇ ਅੰਗਰੇਜ਼ ਤੇ ਦੇਸੀ ਅਫ਼ਸਰ ਅਤੇ ਸੈਂਕੜੇ ਗਵਾਹ ਗਵਾਹੀਆਂ ਦੇ ਗਏ ਹਨ। ਇੱਥੋਂ ਤੱਕ ਕਿ ਪੰਜਾਬ ਦਾ ਗਵਰਨਰ ਵੀ ਜ਼ਾਤੀ ਤੌਰ ਉੱਤੇ ਇਹ ਦੇਖਣ ਲਈ ਜਿਹਲ ਵਿਚ ਆਇਆ ਸੀ ਕਿ ਉਹ ਕਿਹੜੇ ਲੋਕ ਹਨ ਜਿਨ੍ਹਾਂ ਨੇ ਐਡੀ ਵੱਡੀ ਸਲਤਨਤ ਨੂੰ ਗੁੱਠੇ ਲਾਈ ਰਖਿਆ, ਜਿਸ ਵਿਚ ਕਦੀ ਸੂਰਜ ਨਹੀਂ ਸੀ ਗਰੂਬ ਹੋਇਆ। ਹੁਣ ਪੁਤਲੀਆਂ ਦਾ ਤਮਾਸ਼ਾ ਖ਼ਤਮ ਹੋ ਚੁੱਕਿਆ ਹੈ। ਹੁਕਮ ਸੁਣਾਉ ਅਤੇ ਵਿਹਲੇ ਹੋਵੋ।"

(ਦਸਖ਼ਤ)
ਕਿਸ਼ਨ ਸਿੰਘ ਗੜਗੱਜ ਚਕਰਵਰਤੀ

ਉਨ੍ਹਾਂ ਵਿਰੁੱਧ ਚਲਾਏ ਗਏ ਮੁਕੱਦਮੇ ਦਾ ਫ਼ੈਸਲਾ ਸੈਸ਼ਨ ਜੱਜ ਜੇ. ਕੇ. ਟੌਪ ਨੇ 28 ਫਰਵਰੀ, 1925 ਨੂੰ ਸੁਣਾਇਆ ਜਿਸ ਵਿਚ ਸ੍ਰ: ਕਿਸ਼ਨ ਸਿੰਘ ਤੋਂ ਇਲਾਵਾ ਪੰਜ ਹੋਰ ਬੱਬਰਾਂ ਨੂੰ ਵੀ ਫ਼ਾਂਸੀ ਦੀ ਸਜ਼ਾ ਸੁਣਾਈ ਗਈ ਸੀ। ਜੱਜ ਦਾ ਫ਼ੈਸਲਾ ਸੁਣਨ ਤੋਂ ਪਹਿਲਾਂ ਸ੍ਰ: ਕਿਸ਼ਨ ਸਿੰਘ ਨੇ ਬੜੇ ਜਜ਼ਬਾਤੀ ਲਹਿਜ਼ੇ ਵਿਚ ਹੱਥਕੜੀ ਲਗੇ ਹੱਥਾਂ ਨਾਲ ਅਰਦਾਸਾ ਸੋਧਿਆ ਅਤੇ ਅਕਾਲ ਪੁਰਖ ਤੋਂ ਇਹ ਮੰਗ ਕੀਤੀ, 'ਸਾਨੂੰ ਵਤਨ ਤੋਂ ਨਿਛਾਵਰ ਹੋਣ ਦਾ ਹੌਸਲਾ ਬਖ਼ਸ਼ੋ ਅਤੇ ਇਸ ਜ਼ਾਲਮ ਬਦੇਸ਼ੀ ਹਕੂਮਤ ਨੂੰ ਆਪਣੇ ਵਤਨ ਵਿਚੋਂ ਕਢਣ ਲਈ ਵਾਰ ਵਾਰ ਜਨਮ ਦੇਣ ਦੀ ਮਿਹਰ ਕਰਨੀ।' ਜੱਜ ਵਲੋਂ ਸੁਣਾਏ ਗਏ ਫੈਸਲੇ ਦੇ ਕੁਝ ਅੰਸ਼ ਇਸ ਪ੍ਰਕਾਰ ਹਨ :

'ਵਾਇਦਾ-ਮੁਆਫ਼ਾਂ ਅਤੇ ਬਾਕੀ ਗਵਾਹਾਂ ਦੇ ਬਿਆਨਾਂ ਤੋਂ ਸਪੱਸ਼ਟ ਤੌਰ ਉਤੇ ਸਾਬਤ ਹੋ ਚੁਕਿਆ ਹੈ ਕਿ ਇਸ ਬੇਮਿਸਾਲ ਸਾਜਸ਼ ਦਾ ਬੁਨਿਆਦੀ ਪੱਥਰ ਰੱਖਣ ਵਾਲਾ ਮੁਲਜ਼ਮ ਨੰਬਰ ਇਕ, ਕਿਸ਼ਨ ਸਿੰਘ ਹੀ ਹੈ। ਫੇਰ ਇਸ ਖ਼ਤਰਨਾਕ ਅਤੇ ਭਿਆਨਕ ਸਾਜਿਸ਼ ਨੂੰ ਅਗੇ ਤੋਰਨ ਅਤੇ ਸਿਧੀਆਂ ਲੀਹਾਂ ਉਤੇ ਰੱਖਣ ਵਾਲਾ ਸ਼ਖ਼ਸ਼ ਵੀ ਇਹੋ ਕਿਸ਼ਨ ਸਿੰਘ ਹੀ ਹੈ। ਗਵਾਹਾਂ ਅਤੇ ਵਾਇਦਾ ਮੁਆਫ਼ਾਂ ਦੇ ਬਿਆਨਾਂ ਮੁਤਾਬਿਕ ਸਾਰੀ ਸਾਜ਼ਿਸ਼ ਦੀ ਸਕੀਮ ਇਸੇ ਮੁਲਜ਼ਮ ਨੇ ਤਿਆਰ ਕੀਤੀ, ਜੁਸ਼ੀਲੀਆਂ ਤਕਰੀਰਾਂ ਕਰ-ਕਰ ਕੇ ਭੜਥੂ ਪਾ ਦਿੱਤਾ, ਅੰਗਰੇਜ਼ਾਂ ਦੀ ਹਕੂਮਤ ਵਿਰੁੱਧ ਧੂਆਂ-ਧਾਰ ਤਕਰੀਰਾਂ ਰਾਹੀਂ ਅੱਗ ਦੇ ਭਾਂਬੜ ਮਚਾ ਦਿੱਤੇ। ...ਮੈਂ ਸਜ਼ਾ ਦੇ ਮਾਮਲੇ ਬਾਰੇ ਸੋਚਣ ਦੀ

Digitized by Panjab Digital Library | www.panjabdigilib.org

ਪੂਰੀ ਈਮਾਨਦਾਰੀ ਨਾਲ ਵਾਹ ਲਾਈ ਹੈ। ਜੋ ਕੁਝ ਮੈਂ ਉਪਰ ਕਿਹਾ ਹੈ, ਉਸਨੂੰ ਦੇਖਦਿਆਂ ਮੇਰੀ ਸਮਝ ਮੁਤਾਬਕ ਜੇ ਕੋਈ ਆਦਮੀ ਪੂਰੀ ਸਜ਼ਾ ਦਾ ਹੱਕਦਾਰ ਹੈ ਤਾਂ ਇਹੋ ਕਿਸ਼ਨ ਸਿੰਘ ਹੀ ਹੈ। ਸੋ ਮੈਂ ਮੁਲਜ਼ਮ ਕਿਸ਼ਨ ਸਿੰਘ ਨੂੰ ਫ਼ਾਂਸੀ ਉਤੇ ਲਟਕਾਏ ਜਾਣ ਦੀ ਸਜ਼ਾ ਦਿੰਦਾਂ ਹਾਂ। ਅਤੇ ਇਸ ਨੂੰ ਗੱਲ ਵਿਚ ਪਾਏ ਜਾ ਚੁਕੇ ਰੱਸੇ ਨਾਲ ਉਦੋਂ ਤਕ ਲਟਕਣ ਰਹਿਣ ਦਿੱਤਾ ਜਾਵੇ, ਜਿਨਾਂ ਚਿਰ ਇਹਦੇ ਪ੍ਰਾਣ ਨਿਕਲ ਨਾ ਜਾਣ'।

(ਬੱਬਰ ਅਕਾਲੀ ਲਹਿਰ ਦਾ ਇਤਿਹਾਸ, ਪੰਨਾ 407-408)

ਫ਼ਾਂਸੀ ਦਿੱਤੇ ਜਾਣ ਵਾਲੇ ਬੱਬਰਾਂ ਬਾਰੇ ਪੰਜਾਬ ਦੇ ਲੋਕ ਇਹੋ ਜਿਹੇ ਗੀਤ ਗਾਇਆ ਕਰਦੇ ਸਨ :

ਲਾੜੀ ਮੌਤ ਨੂੰ ਕਰਨ ਪਰਨਾਮ ਚਲੇ
ਸੇਹਰੇ ਲਟਕਦੇ ਬੱਬਰ ਅਕਾਲੀਆਂ ਦੇ।

(ਬੱਬਰ ਅਕਾਲੀਆਂ ਦਾ ਇਤਿਹਾਸ)

ਸ੍ਰ: ਕਿਸ਼ਨ ਸਿੰਘ ਨੂੰ 27 ਫਰਵਰੀ, 1926 ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਫ਼ਾਂਸੀ ਤੇ ਲਟਕਾ ਦਿੱਤਾ ਗਿਆ। ਉਦੋਂ ਉਨ੍ਹਾਂ ਦੀ ਉਮਰ ਕੇਵਲ 35 ਸਾਲ ਸੀ। ਉਦੋਂ ਉਨ੍ਹਾਂ ਦਾ ਇਕੋ ਇਕ ਪੁੱਤਰ ਗੁਰਮੱਖ ਸਿੰਘ ਚਾਰ ਸਾਲ ਦਾ ਅਤੇ ਇਕ ਬੱਚੀ ਅਜੀਤ ਕੌਰ ਸੱਤ ਸਾਲ ਦੇ ਸਨ। ਇਨ੍ਹਾਂ ਦੀ ਧਰਮ ਪਤਨੀ ਧਰਮ ਕੌਰ, ਸਪੁੱਤਰੀ ਸ੍ਰ: ਮਈਆ ਸਿੰਘ (ਗੜਗੱਜ ਪਿੰਡ ਨੰਗਲ ਫ਼ਤਹਿ ਖਾਂ) ਨੇ ਇਨ੍ਹਾਂ ਦੀ ਸ਼ਹਾਦਤ ਨੂੰ ਅਕਾਲ ਪੁਰਖ ਦਾ ਭਾਨਾ ਸਮਝ ਕੇ ਖਿੜੇ ਮੱਥੇ ਸਵੀਕਾਰ ਕਰ ਲਿਆ ਸੀ। ਫ਼ਾਂਸੀ ਲਗਣ ਤੋਂ ਇਕ ਰਾਤ ਪਹਿਲਾਂ ਸ੍ਰ: ਕਿਸ਼ਨ ਸਿੰਘ ਨੇ ਲਾਹੌਰ ਜੇਲ੍ਹ ਵਿਚ ਕੈਦ ਬੱਬਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਸੀ, 'ਸਾਡਾ ਵੈਰੀ (ਸਾਨੂੰ ਫ਼ਾਂਸੀ ਲਾ ਕੇ) ਖੁਸ਼ ਹੋਵੇਗਾ ਪਰ ਅਸਲੀ ਖੁਸ਼ੀ ਤਾਂ ਸਾਨੂੰ ਹੈ ਕਿ ਅਸੀਂ ਆਪਣਾ ਬਚਨ ਪੂਰਾ ਕਰ ਚਲੇ ਹਾਂ। ਸ਼ਹੀਦੀ ਖ਼ੂਨ ਦੇ ਕਤਰੇ ਜੁਗ ਗਰਦੀ ਦੇ ਬੀਜ ਹਨ ਜੋ ਪ੍ਰਫੁਲਤ ਹੋਣਗੇ। ਇਹ ਸ਼ਕਤੀ ਬਹੁਤ ਛੇਤੀ ਬਰਤਾਨਵੀ ਹਕੂਮਤ ਦਾ ਤਖ਼ਤਾ ਉਲਟ ਦੇਵੇਗੀ। ਸਾਡੀ ਇੱਛਾ ਹੈ ਕਿ ਸਾਡਾ (ਆਜ਼ਾਦ) ਦੇਸ਼ ਸਾਡੇ ਨਾਲ ਦੇ ਜੀਊਂਦੇ ਰਹਿਣ ਵਾਲੇ ਬੱਬਰਾਂ ਦੀਆਂ ਅੱਖਾਂ ਸਾਮ੍ਹਣੇ ਹੋਵੇ। ਮੈਨੂੰ ਯਕੀਨ ਹੈ ਕਿ ਐਸਾ ਹੋ ਕੇ ਰਹੇਗਾ। ਜਿਨ੍ਹਾਂ ਹੋਰ ਪੰਜ ਬੱਬਰਾਂ ਨੂੰ ਸ੍ਰ: ਕਿਸ਼ਨ ਸਿੰਘ ਨਾਲ ਸ਼ਹੀਦ ਕੀਤਾ ਗਿਆ ਉਹ ਸਨ, ਬਾਬੂ ਸੰਤਾ ਸਿੰਘ, ਧਰਮ ਸਿੰਘ ਹਯਾਤਪੁਰ, ਸ੍ਰ: ਕਰਮ ਸਿੰਘ ਮਾਣਕੋ, ਸ੍ਰ: ਨੰਦ ਸਿੰਘ ਘੁੜਿਆਲ ਅਤੇ ਸ੍ਰ: ਦਲੀਪ ਸਿੰਘ ਧਾਮੀਆਂ।

ਇਨ੍ਹਾਂ ਸ਼ਹੀਦਾਂ ਦੇ ਵਾਰਸ ਇਨ੍ਹਾਂ ਦੀਆਂ ਲਾਸ਼ਾਂ ਲੈਣ ਵਾਸਤੇ ਜੇਲ੍ਹ ਦੇ ਬਾਹਰ ਪਹੁੰਚੇ ਹੋਏ ਸਨ, ਪਰ ਸਰਕਾਰ ਨੇ ਕਿਸੇ ਭਾਵੀ ਖ਼ਤਰੇ ਨੂੰ ਅਨੁਭਵ ਕਰਦੇ ਹੋਏ ਵਾਰਸਾਂ ਨੂੰ ਲਾਸ਼ਾਂ ਦੇਣ ਤੋਂ ਇਨਕਾਰ ਕਰ ਦਿੱਤਾ। ਜੇਲ੍ਹ ਦੇ ਬਾਹਰ ਹੌਲੀ ਹੌਲੀ ਲੋਕਾਂ ਦਾ ਹਜੂਮ ਵਧਦਾ ਜਾ ਰਿਹਾ ਸੀ। ਇਨ੍ਹਾਂ ਵਿਚ ਸ੍ਰ: ਸਰਦੂਲ ਸਿੰਘ ਕਵੀਸ਼ਰ, ਸ੍ਰ: ਬਹਾਦਰ ਮਹਿਤਾਬ ਸਿੰਘ, ਸੁੰਦਰ ਸਿੰਘ ਝੌਰਾ ਅਤੇ ਭਾਰੀ ਗਿਣਤੀ ਵਿਚ ਦੇਸ਼ ਹਿਤੈਸ਼ੀ ਪਹੁੰਚੇ ਹੋਏ ਸਨ। ਜੇਲ੍ਹ ਦੇ ਬਾਹਰ ਵੱਧ ਰਹੀ ਅਸੰਤੁਸ਼ਟਤਾ ਅਤੇ ਗਰਮ ਮਾਹੌਲ ਨੂੰ ਵੇਖ ਕੇ ਦੁਪਹਿਰ ਬਾਦ ਦੋ ਵਜੇ ਦੇ ਕਰੀਬ ਇਨ੍ਹਾਂ ਸ਼ਹੀਦਾਂ ਦੀਆਂ ਲਾਸ਼ਾਂ ਵਾਰਸਾਂ ਨੂੰ ਸੌਂਪ ਦਿੱਤੀਆਂ ਗਈਆਂ। ਜੇਲ੍ਹ ਦੇ ਬਾਹਰ ਇਕਤ੍ਰਿਤ ਲੋਕਾਂ ਨੇ ਭਾਈ ਕਿਸ਼ਨ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਮ੍ਰਿਤਕ ਸਰੀਰਾਂ ਨੂੰ ਫੁੱਲਾਂ ਨਾਲ ਸਜਾਇਆ ਤੇ ਫਿਰ

Digitized by Panjab Digital Library | www.panjabdigilib.org

ਜਲੂਸ ਦੀ ਸ਼ਕਲ ਵਿਚ ਰਾਮੂੰ ਦੇ ਬਾਗ਼ ਦੇ ਸ਼ਮਸ਼ਾਨ ਘਾਟ ਵਲ ਤੁਰ ਪਏ। ਸਭ ਤੋਂ ਅਗੇ ਭਾਈ ਕਿਸ਼ਨ ਸਿੰਘ ਦੀ ਅਰਥੀ ਸੀ। ਇਨ੍ਹਾਂ ਛੇ ਬੱਬਰਾਂ ਲਈ ਇਕੋ ਅੰਗੀਠਾ ਤਿਆਰ ਕੀਤਾ ਗਿਆ ਤੇ ਅਗਨ ਭੇਟ ਕਰਨ ਮਗਰੋਂ ਇਨ੍ਹਾਂ ਦੀ ਰਾਖ ਅਤੇ ਅਸਤੀਆਂ ਰਾਵੀ ਵਿਚ ਜੱਲ ਪ੍ਰਵਾਹ ਕਰ ਦਿੱਤੀਆਂ ਗਈਆਂ। ਸ੍ਰ: ਸੁਰਜੀਤ ਸਿੰਘ ਗਾਂਧੀ ਲਿਖਦੇ ਹਨ ਕਿ ਭਾਈ ਕਿਸ਼ਨ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਆਪਣੇ ਕਿਰਦਾਰ ਅਤੇ ਕੁਰਬਾਨੀ ਰਾਹੀਂ ਪੰਜਾਬੀ ਵੀਰ ਪਰੰਪਰਾ ਨੂੰ ਹੋਰ ਅਮੀਰ ਬਣਾਇਆ ਅਤੇ ਇਕ ਅਜੇਹਾ ਚਾਅ ਤੇ ਉਮਾਹ ਪੈਦਾ ਕੀਤਾ ਜੋ ਪੰਜਾਬ ਵਿਚ ਰਾਸ਼ਟਰਵਾਦੀ-ਅਤਿਵਾਦੀ ਸੰਗਠਨਾਂ ਦੀ ਪਿੱਠ ਭੂਮੀ ਬਣਿਆ। ਭਾਰਤੀਆਂ ਦੇ ਇਕ ਵਡੇ ਤਬਕੇ ਦੀ ਇਹ ਵਿਚਾਰਧਾਰਾ ਪੁਖਤਾ ਹੋ ਗਈ ਕਿ ਅੰਗਰੇਜ਼ੀ ਸਾਮਰਾਜ ਦੀ ਸਮਾਪਤੀ ਦੀ ਪ੍ਰਕਿਰਿਆ ਤੇਜ਼ ਕਰਨ ਲਈ ਜ਼ਰੂਰੀ ਹੈ ਕਿ ਸੰਗਠਿਤ ਰੂਪ ਵਿਚ ਦਿਸ਼ਾ ਬੱਧ ਹਿੰਸਾ ਦਾ ਪ੍ਰਯੋਗ ਕੀਤਾ ਜਾਵੇ।

ਉੱਚਾ ਲੰਮਾ ਕੱਦ, ਗਠਵਾਂ ਸਰੀਰ ਤੇ ਸ਼ੇਰ ਵਰਗੀਆਂ ਤੇਜਸਵੀ ਅੱਖਾਂ ਵਾਲਾ ਸ੍ਰ: ਕਿਸ਼ਨ ਸਿੰਘ ਗੜਗੱਜ ਬੜਾ ਨਿਧੱੜਕ ਤੇ ਜੁਸ਼ੀਲਾ ਨੌਜਵਾਨ ਸੀ। ਉਹ ਚੰਗਾ ਪੜ੍ਹਿਆ ਲਿਖਿਆ ਤੇ ਸ਼ਕਤੀਸ਼ਾਲੀ ਵਕਤਾ ਸੀ। ਉਸਦੀਆਂ ਧੜਲੇਦਾਰ ਤੇ ਜੁਸ਼ੀਲੀਆਂ ਤਕਰੀਰਾਂ ਦਾ ਅਸਰ ਇਹ ਸੀ ਕਿ ਸ਼ਹਾਦਤ ਦਾ ਜਾਮ ਪੀਣ ਲਈ ਪੰਜਾਬੀ ਪ੍ਰਵਾਨੇ ਉਸ ਦੀ ਲਹਿਰ ਵਿਚ ਸ਼ਾਮਲ ਹੁੰਦੇ ਚਲੇ ਗਏ। ਉਸ ਨੂੰ ਗੁਰਬਾਣੀ, ਦਸਮ ਗੁਰੂ ਦੀ ਬਾਣੀ ਅਤੇ ਗੀਤਾ ਦੇ ਅਨੇਕ ਸ਼ਲੋਕ ਯਾਦ ਸਨ ਜੋ ਉਹ ਆਪਣੀਆਂ ਤਕਰੀਰਾਂ ਵਿਚ ਪ੍ਰਮਾਣ ਵਜੋਂ ਵਰਤ ਜਾਇਆ ਕਰਦਾ ਸੀ। ਉਸਨੂੰ ਆਪਣੇ ਆਦਰਸ਼ ਅਤੇ ਅਕਾਲ ਪੁਰਖ ਦੀ ਮੇਹਰ ਤੇ ਪੂਰਨ ਵਿਸ਼ਵਾਸ ਸੀ। ਉਹ ਸਮਝਦਾ ਸੀ ਕਿ ਅੰਗਰੇਜ਼ੀ ਰਾਜ ਦਾ ਸਮਾਂ ਬਸ ਕੁਝ ਵਰ੍ਹਿਆਂ ਦੀ ਗੱਲ ਸੀ। ਉਨ੍ਹਾਂ ਦੀਆਂ ਕੁਰਬਾਨੀਆਂ ਦੇਸ਼ ਦੀ ਆਜ਼ਾਦੀ ਵਲ ਪੁਟਿਆ ਅਜੇਹਾ ਕਦਮ ਸੀ ਜਿਸ ਮਗਰੋਂ ਆਜ਼ਾਦੀ ਦਾ ਸੂਰਜ ਰੋਕ ਸਕਣਾ ਕਿਸੇ ਵੀ ਸਾਮਰਾਜੀ ਸ਼ਕਤੀ ਦੇ ਵੱਸ ਦੀ ਗੱਲ ਨਹੀਂ ਸੀ। ਉਹ ਸੱਚੇ ਸੁੱਚੇ ਕਿਰਦਾਰ ਦਾ ਮਾਲਕ ਅਤੇ ਪੱਕਾ ਦੇਸ਼ ਭਗਤ ਸੀ ਜੋ ਆਜ਼ਾਦੀ ਦੇ ਸੁਪਨੇ ਆਪਣੀਆਂ ਅੱਖਾਂ ਵਿਚ ਸੰਜੋਏ ਫ਼ਾਂਸੀ ਦੇ ਤਖ਼ਤੇ ਤੇ ਝੂਲ ਗਿਆ। ਪੰਜਾਬ ਦੀ ਵੀਰ ਪਰੰਪਰਾ ਅਤੇ ਲੋਕ ਜੀਵਨ ਉਪਰ ਪਏ ਬੱਬਰ ਲਹਿਰ ਦੇ ਪ੍ਰਭਾਵ ਬਾਰੇ ਟਿੱਪਣੀ ਕਰਦਿਆਂ ਸਤਿਆ ਐਮ. ਰਾਏ ਨੇ ਲਿਖਿਆ ਹੈ, 'ਬੱਬਰ ਅਕਾਲੀ ਲਹਿਰ 1921 ਤੋਂ 1926 ਤਕ ਪੰਜ ਸਾਲ ਦੇ ਥੋੜ੍ਹੇ ਜਹੇ ਸਮੇਂ ਲਈ ਹੀ ਚਲੀ ਪਰ ਬੱਬਰ ਅਕਾਲੀਆਂ ਦੀ ਬਹਾਦਰੀ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਦਾ ਪੰਜਾਬ ਦੇ ਲੋਕਾਂ ਅਤੇ ਵਿਸ਼ੇਸ਼ ਤੌਰ ਤੇ ਪੇਂਡੂ ਨੌਜਵਾਨਾਂ ਦੇ ਮਨਾਂ ਉਤੇ ਡੂੰਘਾ ਪ੍ਰਭਾਵ ਪਿਆ। ਕੁੱਝ ਬੱਬਰਾਂ ਦੀਆਂ ਤਾਂ ਵਾਰਾਂ ਗਾਈਆਂ ਜਾਣ ਲਗ ਪਈਆਂ। ਉਨ੍ਹਾਂ ਦੀ ਵੀਰਤਾ ਅਤੇ ਨਿਡਰਤਾ, ਲੋਕ ਗੀਤਾਂ ਵਿਚ ਦਰਸਾਈ ਜਾਣ ਲੱਗੀ। 'ਬੰਤਾ ਸਿੰਘ ਧਾਮੇ' ਦਾ 'ਲੱਕ ਬੰਨ੍ਹ ਕੇ ਨਦੀ ਤਰ ਜਾਵੇ' ਵਰਗੇ ਟੱਪੇ ਅਜੇ ਤਕ ਸਾਰੇ ਪੰਜਾਬ ਵਿਚ ਪ੍ਰਚਲਿਤ ਹਨ। ਬੱਬਰ ਯੋਧਿਆਂ ਨਾਲ ਸੰਬੰਧਿਤ ਅਣਗਿਣਤ ਕਹਾਣੀਆਂ ਹਨ ਜੋ ਇਸ ਲਹਿਰ ਦੀ ਵੀਰ ਪਰੰਪਰਾ ਦਾ ਲੋਹਾ ਮਨਾਉਣ ਲਈ ਦਸੀਆਂ ਜਾ ਸਕਦੀਆਂ ਹਨ'।

Digitized by Panjab Digital Library | www.panjabdigilib.org

# ਸ਼ਹੀਦ ਹਰੀ ਕਿਸ਼ਨ

23 ਮਾਰਚ 1931 ਨੂੰ ਸ੍ਰ: ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਫਾਂਸੀ ਦੇ ਦਿੱਤੀ ਗਈ। ਉਨ੍ਹਾਂ ਦੀ ਸ਼ਹੀਦੀ ਤੋਂ ਕੇਵਲ ਢਾਈ ਮਹੀਨੇ ਬਾਅਦ ਆਪਣੀ ਮਾਤਰ ਭੂਮੀ ਲਈ ਸ਼ਹਾਦਤ ਦਾ ਜਾਮ ਪੀਣ ਵਾਲਾ, ਅਣਵੰਡੇ ਪੰਜਾਬ ਦੇ ਸਰਹੱਦੀ ਪ੍ਰਾਂਤ ਦਾ ਅਣਖੀ ਸਪੂਤ ਹਰੀ ਕਿਸ਼ਨ ਸੀ, ਜਿਸਨੂੰ 9 ਜੂਨ 1931 ਨੂੰ ਮੀਆਂ ਵਾਲੀ ਜੇਲ੍ਹ (ਅਜੋਕੇ ਪਾਕਿਸਤਾਨ) ਵਿਚ ਫਾਂਸੀ ਦੇ ਤਖ਼ਤੇ ਤੇ ਲਟਕਾ ਦਿੱਤਾ ਗਿਆ।

ਮੀਆਂ ਵਾਲੀ ਪੰਜਾਬ ਦੇ ਸਰਹੱਦੀ ਸੂਬੇ ਨਾਲ ਲਗਦੀ ਹੱਦ ਦਾ ਇਕ ਖੁਸ਼ਕ ਜ਼ਿਲ੍ਹਾ ਸੀ। ਅੰਗਰੇਜ਼ੀ ਸਰਕਾਰ ਨੇ ਇਥੋਂ ਦੀ ਜੇਲ੍ਹ ਰਾਜਸੀ ਕੈਦੀਆਂ ਲਈ ਚੁਣੀ ਹੋਈ ਸੀ। ਆਮ ਤੌਰ ਤੇ ਮੀਆਂ ਵਾਲੀ ਜੇਲ੍ਹ ਨੂੰ ਪੰਜਾਬ ਦਾ ਕਾਲਾ ਪਾਣੀ ਕਿਹਾ ਜਾਂਦਾ ਸੀ। 1921 ਵਿਚ ਨਾ-ਮਿਲਵਰਤਨ ਲਹਿਰ ਦੇ ਰਾਜਸੀ ਕੈਦੀ ਅਤੇ 1928 ਵਿਚ ਸਾਈਮਨ ਕਮਿਸ਼ਨ ਦੇ ਬਾਈਕਾਟ ਐਜੀਟੇਸ਼ਨ ਦੇ ਸਿਲਸਿਲੇ ਵਿਚ ਪਕੜੇ ਗਏ ਪੰਜਾਬ ਦੇ ਪ੍ਰਮੁੱਖ ਨੇਤਾਵਾਂ ਨੂੰ ਇੱਥੇ ਹੀ ਰਖਿਆ ਗਿਆ ਸੀ।

8 ਅਪ੍ਰੈਲ 1929 ਨੂੰ ਦਿੱਲੀ ਦੇ ਸੈਂਟਰਲ ਅਸੈਂਬਲੀ ਹਾਲ ਵਿਚ ਜਦੋਂ ਸ੍ਰ: ਭਗਤ ਸਿੰਘ ਅਤੇ ਬੁਟਕੇਸ਼ਵਰ ਦੱਤ ਨੇ ਬੰਬ ਸੁਟਿਆ ਤਾਂ ਮੁਕੱਦਮੇ ਦੌਰਾਨ ਉਮਰ ਕੈਦ ਸੁਣਾਏ ਜਾਣ ਮਗਰੋਂ ਸ੍ਰ: ਭਗਤ ਸਿੰਘ ਨੂੰ ਮੀਆਂ ਵਾਲੀ ਜੇਲ੍ਹ ਹੀ ਰਖਿਆ ਗਿਆ ਸੀ। ਫਾਂਸੀ ਲਗਣ ਤੋਂ ਕੁਝ ਮਹੀਨੇ ਪਹਿਲਾਂ ਹਰੀ ਕਿਸ਼ਨ ਨੇ ਸ੍ਰ: ਭਗਤ ਸਿੰਘ ਨੂੰ ਮਿਲਣ ਦੀ ਖਾਹਿਸ਼ ਜ਼ਾਹਿਰ ਕੀਤੀ ਸੀ। ਉਦੋਂ ਇਹ ਦੋਵੇਂ ਕ੍ਰਾਂਤੀਕਾਰੀ ਲਾਹੌਰ ਸੈਂਟਰਲ ਜੇਲ੍ਹ ਵਿਚ ਬੰਦ ਸਨ।

ਸ਼ਹੀਦ ਹਰੀ ਕਿਸ਼ਨ ਦਾ ਜਨਮ ਸੰਨ 1912 ਵਿਚ ਅਣਵੰਡੇ ਪੰਜਾਬ ਦੇ ਸਰਹੱਦੀ ਪ੍ਰਾਂਤ ਦੇ ਜ਼ਿਲ੍ਹਾ ਮਰਦਾਨ ਵਿਚ ਗੱਲਾਢੇਰ ਪਿੰਡ ਵਿਚ ਹੋਇਆ ਸੀ। ਉਸਦੇ ਪਿਤਾ ਗੁਰਦਾਸ ਮੱਲ ਇਲਾਕੇ ਦੇ ਮੰਨੇ ਪ੍ਰਮੰਨੇ ਅਤੇ ਬਾਰਸੂਖ਼ ਵਿਅਕਤੀ ਸਨ। ਪੱਕੇ ਦੇਸ਼ ਭਗਤ ਅਤੇ ਰਾਸ਼ਟਰੀ ਵਿਚਾਰਾਂ ਵਾਲੇ ਹੋਣ ਕਰਕੇ ਉਹ ਸੁਤੰਤਰਤਾ ਸੰਗ੍ਰਾਮ ਦੇ ਪ੍ਰੋਗਰਾਮਾਂ ਅਤੇ ਕੰਮਾਂ ਵਿਚ ਬੜੀ ਦਿਲਚਸਪੀ ਰਖਦੇ ਸਨ। ਉਹ ਚੰਗੇ ਨਿਸ਼ਾਨੇਬਾਜ਼ ਸਨ। ਉਨ੍ਹਾਂ ਹਰੀ ਕਿਸ਼ਨ ਨੂੰ ਛੋਟੀ ਉਮਰ ਤੋਂ ਹੀ ਨਿਸ਼ਾਨੇਬਾਜ਼ੀ ਦੀ ਸਿੱਖਿਆ ਦੇਣੀ ਸ਼ੁਰੂ ਕਰ ਦਿੱਤੀ ਸੀ। ਬਚਪਨ ਤੋਂ ਹੀ ਹਰੀ ਕਿਸ਼ਨ ਦੇ ਵਿਚਾਰ ਆਪਣੇ ਪਿਤਾ ਵਾਂਗ ਦੇਸ਼ ਭਗਤੀ ਅਤੇ ਰਾਸ਼ਟਰੀ ਹਿੱਤਾਂ ਵਾਲੇ ਬਣਨੇ ਸ਼ੁਰੂ ਹੋ ਗਏ ਸਨ।

ਉਹ ਚੜ੍ਹਦੀ ਜਵਾਨੀ ਵਿਚ ਬੜਾ ਖੂਬਸੂਰਤ, ਗਠੀਲੇ ਤੇ ਤਕੜੇ ਸਰੀਰ ਵਾਲਾ ਨੌਜਵਾਨ ਸੀ। 18 ਸਾਲ ਦੀ ਉਮਰ ਵਿਚ ਉਹ ਆਪਣੇ ਚਾਚੇ ਦੇ ਪੁੱਤ ਚਮਨ ਲਾਲ ਕਪੂਰ ਨਾਲ ਪਹਿਲੀ ਵਾਰ ਲਾਹੌਰ ਆਇਆ। ਚਮਨ ਲਾਲ ਦੇ ਪੰਜਾਬ ਦੇ ਕ੍ਰਾਂਤੀਕਾਰੀਆਂ ਨਾਲ ਬੜੇ ਗੂੜ੍ਹੇ ਅਤੇ ਗੁਪਤ ਸਬੰਧ ਸਨ। ਉਨ੍ਹਾਂ ਦਿਨਾਂ ਵਿਚ ਸ੍ਰ: ਭਗਤ ਸਿੰਘ ਸੈਂਟਰਲ ਜੇਲ੍ਹ ਲਾਹੌਰ ਵਿਚ ਬੰਦ ਸੀ ਤੇ ਉਸਦੀ ਬਹਾਦਰੀ ਅਤੇ ਨਿਡਰਤਾ ਦੇ ਕਿੱਸੇ ਹਰ ਪੰਜਾਬੀ ਦੀ ਜ਼ਬਾਨ ਤੇ ਸਨ।

Digitized by Panjab Digital Library | www.panjabdigilib.org

ਚਮਨ ਲਾਲ ਨੇ ਆਪਣੇ ਭਰਾ ਹਰੀ ਕਿਸ਼ਨ ਨੂੰ ਪੰਜਾਬ ਦੇ ਕਈ ਕ੍ਰਾਂਤੀਕਾਰੀ ਸਾਥੀਆਂ ਨਾਲ ਮਿਲਾਇਆ ਅਤੇ ਉਸਦੇ ਅਚੂਕ ਨਿਸ਼ਾਨੇ ਦੀ ਬੜੀ ਤਾਰੀਫ਼ ਕੀਤੀ ਜਿਸਦੀ ਸਿੱਖਿਆ ਉਸਨੇ ਆਪਣੇ ਪਿਤਾ ਗੁਰਦਾਸ ਮੱਲ ਤੋਂ ਲਈ ਸੀ। ਹਰੀ ਕਿਸ਼ਨ ਨੂੰ ਮਿਲਣ ਵਾਲਿਆਂ ਵਿਚ ਦੁਰਗਾ ਦਾਸ ਖੰਨਾ, ਰਣਬੀਰ ਸਿੰਘ 'ਉਰਦੂ ਮਿਲਾਪ' ਅਤੇ ਵਰਿੰਦਰ 'ਉਰਦੂ ਪ੍ਰਤਾਪ' ਪ੍ਰਮੁੱਖ ਸਨ। ਵਿਚਾਰਾਂ ਅਤੇ ਆਦਰਸ਼ਾਂ ਦੀ ਸਾਂਝ ਹੋਣ ਕਰਕੇ ਇਹ ਨੌਜਵਾਨ ਜਲਦੀ ਹੀ ਇਕ ਦੂਜੇ ਦੇ ਨੇੜੇ ਆ ਗਏ। ਇਹ ਪੰਜੋ ਸਾਥੀ ਮਿਲਕੇ ਪੰਜਾਬ ਵਿਚ ਕੋਈ ਅਜੇਹੀ ਵਾਰਦਾਤ ਕਰਨਾ ਚਾਹੁੰਦੇ ਸਨ ਕਿ ਜਿਸ ਨਾਲ ਅੰਗਰੇਜ਼ ਸਰਕਾਰ ਹਿਲ ਜਾਵੇ ਤੇ ਉਸਦੇ ਸਾਮਰਾਜੀ ਕਿਲ੍ਹੇ ਵਿਚ ਤ੍ਰੇੜਾਂ ਪੈ ਜਾਣ। ਇਸ ਮਕਸਦ ਲਈ ਉਨ੍ਹਾਂ ਨੇ ਪੰਜਾਬ ਦੇ ਗੋਰੇ ਗਵਰਨਰ ਸਰ ਜੈਫਰੀ ਮੋਂਟਮੋਰੈਂਸੀ ਨੂੰ ਗੋਲੀ ਨਾਲ ਉਡਾ ਦੇਣ ਦਾ ਪਲਾਨ ਬਣਾਇਆ। ਉਸਨੇ 22 ਦਸੰਬਰ 1930 ਵਾਲੇ ਦਿਨ ਪੰਜਾਬ ਯੂਨੀਵਰਸਿਟੀ ਹਾਲ ਲਾਹੌਰ ਵਿਚ ਡਿਗਰੀਆਂ ਤਕਸੀਮ ਕਰਨ ਆਉਣਾ ਸੀ। ਡਿਗਰੀ ਵਿਤਰਣ ਸਮਾਰੋਹ ਦੇ ਮੌਕੇ ਤੇ ਇਸ ਪਲਾਨ ਨੂੰ ਅਮਲੀ ਰੂਪ ਦੇਣ ਦੀ ਜ਼ਿੰਮੇਵਾਰੀ 'ਪਠਾਨ ਪੁੱਤਰ' ਹਰੀ ਕਿਸ਼ਨ ਦੀ ਲਗਾਈ ਗਈ।

ਡਿਗਰੀ ਵਿਤਰਣ ਸਮਾਰੋਹ ਵਾਲੇ ਦਿਨ ਹਰੀ ਕਿਸ਼ਨ, ਡਿਗਰੀ ਲੈਣ ਵਾਲੇ ਵਿਦਿਆਰਥੀਆਂ ਦਾ ਗਾਊਨ ਪਾਕੇ, ਹੱਥ ਵਿਚ ਹਾਲ ਵਿਚ ਦਾਖ਼ਲੇ ਦੀ ਸਲਿਪ ਫੜੀ, ਬਗ਼ਲ ਵਿਚ ਇਕ ਕਿਤਾਬ ਦਬਾਈ, ਜਿਸ ਦੀ ਪੋਲੀ ਜਿਲਦ ਵਿਚ ਲੋਡ ਕੀਤਾ ਪਿਸਤੌਲ ਰਖਿਆ ਹੋਇਆ ਸੀ, ਦਬਾ ਦਬ, ਬਿਨਾਂ ਝਿਜਕ ਹਾਲ ਦੇ ਅੰਦਰ ਪ੍ਰਵੇਸ਼ ਕਰ ਗਿਆ। ਡਿਊਟੀ ਤੇ ਖੜੇ ਪੁਲਿਸ ਅਫ਼ਸਰ ਅਤੇ ਨਿਗਰਾਨੀ ਕਰਨ ਵਾਲੇ ਅਧਿਕਾਰੀਆਂ ਨੂੰ ਉਸਤੇ ਕੋਈ ਸ਼ੱਕ ਨਾ ਪਿਆ। ਅੰਦਰ ਪਹੁੰਚ ਕੇ ਹਰੀ ਕਿਸ਼ਨ ਗਵਰਨਰ ਦੇ ਸਾਮ੍ਹਣੇ ਵਾਲੀ ਕੁਰਸੀ ਤੇ ਜਾਕੇ ਬੈਠ ਗਿਆ। ਉਸਦੇ ਨਾਲ ਵਾਲੀ ਕੁਰਸੀ ਤੇ ਡਾਕਟਰ ਰਾਧਾ ਕ੍ਰਿਸ਼ਨਨ ਬੈਠਾ ਸੀ। ਜਿਉਂ ਹੀ ਡਿਗਰੀਆਂ ਵੰਡਣ ਦਾ ਕੰਮ ਖ਼ਤਮ ਹੋਇਆ, ਹਰੀ ਕਿਸ਼ਨ ਨੇ ਖੜੇ ਹੋਕੇ ਪਿਸਤੌਲ ਦੀ ਇਕ ਗੋਲੀ ਗਵਰਨਰ ਵਲ ਦਾਗ਼ ਦਿੱਤੀ। ਕੁਰਸੀ ਹਿਲ ਜਾਣ ਕਾਰਨ ਗਵਰਨਰ ਦੀ ਜਾਨ ਤਾਂ ਬਚ ਗਈ, ਪਰ ਉਹ ਜ਼ਖਮੀ ਹੋਕੇ ਫਰਸ਼ ਤੇ ਡਿੱਗ ਪਿਆ। ਜਦੋਂ ਪੁਲਿਸ ਦਾ ਸਬ ਇੰਸਪੈਕਟਰ ਚੰਨਣ ਸਿੰਘ, ਹਰੀ ਕਿਸ਼ਨ ਨੂੰ ਪਕੜਨ ਲਈ ਅੱਗੇ ਵਧਿਆ ਤਾਂ ਹਰੀ ਕਿਸ਼ਨ ਨੇ ਇਕੋ ਹੀ ਗੋਲੀ ਨਾਲ ਉਸਨੂੰ ਉੱਥੇ ਹੀ ਚਿੱਤ ਕਰ ਦਿੱਤਾ। ਗੋਲੀਆਂ ਚਲਣ ਨਾਲ ਯੂਨੀਵਰਸਿਟੀ ਹਾਲ ਵਿਚ ਭਗਦੜ ਮਚ ਗਈ। ਲੋਕ ਆਪਣੀ ਜਾਨ ਬਚਾਉਣ ਲਈ ਇਧਰ ਉਧਰ ਭਜਣੇ ਸ਼ੁਰੂ ਹੋ ਗਏ। ਇਸੇ ਦੌਰਾਨ ਹਰੀ ਕਿਸ਼ਨ ਵਲੋਂ ਚਲਾਈਆਂ ਗਈਆਂ ਦੋ ਹੋਰ ਗੋਲੀਆਂ ਨਾਲ ਸਬ ਇੰਸਪੈਕਟਰ ਵਧਾਵਾ ਰਾਮ ਅਤੇ ਇਕ ਅੰਗਰੇਜ਼ ਲੇਡੀ ਜ਼ਖਮੀ ਹੋ ਗਏ ਸਨ।

ਹਾਲ ਵਿਚ ਫ਼ੈਲੀ ਹਫ਼ੜਾ-ਦਫ਼ੜੀ ਦਾ ਲਾਭ ਉਠਾ ਕੇ ਭਜਣ ਦੀ ਬਜਾਇ ਹਰੀ ਕਿਸ਼ਨ ਉੱਥੇ ਹੀ ਖੜਾ ਹੋ ਗਿਆ। ਜਦੋਂ ਪੁਲਿਸ ਅਧਿਕਾਰੀ ਉਸਨੂੰ ਫੜਣ ਲਈ ਅੱਗੇ ਵੱਧੇ ਤਾਂ ਉਸਨੇ ਖੁਸ਼ੀ ਖੁਸ਼ੀ ਗ੍ਰਿਫ਼ਤਾਰ ਹੋਣਾ ਸਵੀਕਾਰ ਕਰ ਲਿਆ। ਉਸਨੂੰ ਦੁੱਖ ਸੀ ਤਾਂ ਸਿਰਫ਼ ਇਸ ਗੱਲ ਦਾ ਕਿ ਉਹ ਆਪਣੇ ਮਿਸ਼ਨ ਵਿਚ ਸਫ਼ਲ ਨਹੀਂ ਸੀ ਹੋ ਸਕਿਆ। ਜਿਸਨੂੰ ਉਹ ਮਾਰਨ ਆਇਆ ਸੀ ਉਹ ਬੱਚ ਗਿਆ ਸੀ। ਗ੍ਰਿਫ਼ਤਾਰੀ ਤੋਂ ਬਾਅਦ ਪੁਲਿਸ ਅਧਿਕਾਰੀ ਉਸਨੂੰ ਹੱਥਕੜੀ ਲਗਾਕੇ ਲਾਹੌਰ ਦੇ ਕਿਲ੍ਹੇ ਵਿਚ ਲੈ ਗਏ। ਉੱਥੇ ਉਸਨੂੰ ਕਈ ਪ੍ਰਕਾਰ ਦੇ ਤਸੀਹੇ ਦਿੱਤੇ ਗਏ। ਜੇਲ੍ਹ ਅਧਿਕਾਰੀ ਉਸ ਕੋਲੋਂ ਇਹ ਜਾਣਨਾ ਚਾਹੁੰਦੇ ਸਨ ਕਿ ਇਸ ਸ਼ੂਟਿੰਗ ਪਲਾਨ ਵਿਚ ਉਸਦੇ ਨਾਲ

Digitized by Panjab Digital Library | www.panjabdigilib.org

ਹੋਰ ਕਿਹੜੇ ਸਾਥੀ ਸ਼ਾਮਲ ਸਨ। ਪੁਲਿਸ ਦੀ ਮਾਰ ਜਾਰੀ ਸੀ। ਉਸਦਾ ਬਦਨ ਲਹੂ ਲੁਹਾਣ ਹੋ ਗਿਆ ਸੀ। ਸਖ਼ਤ ਮਾਰ ਕੁਟਾਈ ਕਾਰਨ ਉਸਦਾ ਚੇਹਰਾ ਨੀਲਾ ਤੇ ਬੇਪਛਾਣਿਆ ਕਰ ਦਿੱਤਾ ਗਿਆ ਸੀ। ਉਸਦਾ ਮੱਥਾ ਤੇ ਹੋਠ ਸੁੱਜ ਗਏ ਸਨ। ਪਰ ਇਸ 'ਪਠਾਨ ਪੁੱਤਰ' ਨੇ ਆਪਣਾ ਮੂੰਹ ਨਾ ਖੋਲ੍ਹਿਆ, ਤੇ ਨਾ ਹੀ ਆਪਣੇ ਕਿਸੇ ਸਾਥੀ ਦਾ ਨਾਮ ਦਸਿਆ। ਸ਼ਾਇਦ ਇਹੋ ਜਹੇ ਦ੍ਰਿੜ ਇਰਾਦੇ ਅਤੇ ਜਿਗਰੇ ਵਾਲੇ ਲੋਕਾਂ ਲਈ ਹੀ ਕਵੀ ਵਾਰਸ ਸ਼ਾਹ ਨੇ ਲਿਖਿਆ ਹੋਵੇ :

ਵਾਰਸ ਸ਼ਾਹ ਨਾ ਭੇਤ ਸੰਦੂਕ ਖੁਲ੍ਹੇ,
ਭਾਵੇਂ ਜਾਨ ਦਾ ਜਿੰਦਰਾ ਟੁੱਟ ਜਾਵੇ॥

ਜੇਲ੍ਹ ਅਧਿਕਾਰੀਆਂ ਵਲੋਂ ਰਾਮ ਕਿਸ਼ਨ ਦੀ 'ਜਾਨ ਦਾ ਜੰਦਰਾ' ਭੰਨਣ ਦੀ ਬੜੀ ਕੋਸ਼ਿਸ਼ ਕੀਤੀ ਗਈ। 9 ਦਿਨ ਤੇ 9 ਰਾਤਾਂ ਉਸ ਨਾਲ ਕਸਾਈਆਂ ਵਰਗਾ ਵਰਤਾਉ ਜਾਰੀ ਰਿਹਾ। ਉਸਨੂੰ ਬਰਫ਼ ਦੀਆਂ ਸਿਲੀਆਂ ਤੇ ਲਿਟਾਇਆ ਗਿਆ, ਬਿਜਲੀ ਦੇ ਝਟਕੇ ਦਿੱਤੇ ਗਏ, ਉਸਦੀ ਗੁਦਾ ਵਿਚ ਲਾਲ ਮਿਰਚਾਂ ਪਾਕੇ ਉਸਦੇ ਗੁਪਤ ਅੰਗਾਂ ਨੂੰ ਤਕਲੀਫ ਦਿੱਤੀ ਗਈ, ਪਰ ਇਹ ਸ਼ੇਰ ਦਾ ਪੁੱਤਰ ਟਸ ਤੋਂ ਮਸ ਨਾ ਹੋਇਆ। ਉਸਨੇ ਆਪਣੇ ਕਿਸੇ ਵੀ ਸਾਥੀ ਦਾ ਨਾਮ ਲੈਣ ਤੋਂ ਸਾਫ਼ ਇਨਕਾਰ ਕਰ ਦਿੱਤਾ।

ਜਦੋਂ ਉਸਦੇ ਘਰ ਵਾਲਿਆਂ ਨੂੰ ਉਸਨੂੰ ਮਿਲਣ ਦੀ ਇਜਾਜ਼ਤ ਮਿਲੀ ਤਾਂ ਉਹ ਆਪਣੇ ਪੁੱਤਰ ਨੂੰ ਪਛਾਣ ਨਾ ਸਕੇ। ਜੇਲ੍ਹ ਅਧਿਕਾਰੀਆਂ ਨੇ ਮਾਰ ਮਾਰ ਕੇ ਉਸਦੀ ਸ਼ਕਲ ਅਣ ਪਛਾਤੀ ਕਰ ਦਿੱਤੀ ਸੀ। ਜਦੋਂ ਇਸ ਬਹਾਦਰ ਪੁੱਤਰ ਦਾ ਪਿਤਾ ਗੁਰਦਾਸ ਮੱਲ ਉਸਨੂੰ ਮਿਲਿਆ ਤਾਂ ਉਸਨੂੰ ਇਹੀ ਦੁੱਖ ਸੀ ਕਿ 'ਤੇਰਾ ਨਿਸ਼ਾਨਾ ਚੂਕ ਕਿਵੇਂ ਗਿਆ। ਉਹ ਗੋਰਾ ਗਵਰਨਰ ਤੇਰੀ ਗੋਲੀ ਤੋਂ ਬਚ ਕਿਵੇਂ ਗਿਆ'?

ਲਾਹੌਰ ਸੈਂਟਰਲ ਜੇਲ੍ਹ ਵਿਚ ਰਹਿੰਦਿਆਂ ਹਰੀ ਕਿਸ਼ਨ ਨੇ ਜੇਲ੍ਹ ਅਧਿਕਾਰੀਆਂ ਕੋਲ ਸ੍ਰ: ਭਗਤ ਸਿੰਘ ਨੂੰ ਮਿਲਣ ਲਈ ਖਾਹਿਸ਼ ਜ਼ਾਹਿਰ ਕੀਤੀ। ਸਾਂਡਰਸ ਕਤਲ ਕੇਸ ਵਿਚ ਸ੍ਰ: ਭਗਤ ਸਿੰਘ ਅਤੇ ਉਸਦੇ ਸਾਥੀ ਇਸ ਜੇਲ੍ਹ ਵਿਚ ਬੰਦ ਸਨ। ਜੇਲ੍ਹ ਅਧਿਕਾਰੀਆਂ ਵਲੋਂ ਇਨਕਾਰ ਕਰਨ ਤੇ ਹਰੀ ਕਿਸ਼ਨ ਨੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਅਤੇ ਉਸਨੇ ਸਪਸ਼ਟ ਕਹਿ ਦਿੱਤਾ ਕਿ ਜੇ ਉਸਨੂੰ ਸ੍ਰ: ਭਗਤ ਸਿੰਘ ਨਾਲ ਮਿਲਣ ਦੀ ਇਜਾਜ਼ਤ ਨਾ ਦਿੱਤੀ ਗਈ ਤਾਂ ਉਹ ਭੁਖਿਆਂ ਰਹਿ ਕੇ ਆਪਣੇ ਪ੍ਰਾਣ ਦੇ ਦੇਵੇਗਾ। ਕਈ ਦਿਨਾਂ ਦੀ ਹੜਤਾਲ ਮਗਰੋਂ ਜਦੋਂ ਉਸਦੀ ਹਾਲਤ ਵਿਗੜਣੀ ਸ਼ੁਰੂ ਹੋ ਗਈ ਤਾਂ ਜੇਲ੍ਹ ਕਰਮਚਾਰੀ ਝੁੱਕ ਗਏ। ਸ੍ਰ: ਭਗਤ ਨੂੰ ਕੁਝ ਮਿੰਟਾਂ ਲਈ ਉਸਦੇ ਸੈਲ ਵਿਚ ਲਿਆਂਦਾ ਗਿਆ। ਹਰੀ ਕਿਸ਼ਨ ਨੇ ਝੁਕ ਕੇ ਉਸਦੇ ਪੈਰਾਂ ਤੇ ਹੱਥ ਲਾਇਆ। ਭਗਤ ਸਿੰਘ ਨੇ ਵਡੇ ਭਰਾ ਵਾਂਗ ਉਸਦੇ ਸਿਰ ਤੇ ਹੱਥ ਰੱਖ ਕੇ ਅਸ਼ੀਰਵਾਦ ਦਿੱਤੀ। ਹਰੀ ਕਿਸ਼ਨ ਦੀਆਂ ਅੱਖਾਂ 'ਚੋਂ ਸ਼ਰਧਾ ਤੇ ਪਿਆਰ ਦੇ ਹੰਝੂ ਵੱਗ ਤੁਰੇ। ਉਹ ਗਦ ਗਦ ਹੋ ਗਿਆ। ਉਸਨੂੰ ਲੱਗਾ ਜਿਵੇਂ ਉਸਦੇ ਜੀਵਨ ਦਾ ਮੰਤਵ ਅੱਜ ਪੂਰਾ ਹੋ ਗਿਆ ਸੀ।

ਫਾਂਸੀ ਲਗਣ ਤੋਂ ਪਹਿਲਾਂ ਦੋ ਕ੍ਰਾਂਤੀਕਾਰੀ ਦੇਸ਼-ਭਗਤਾਂ ਦੀ ਇਹ ਆਖ਼ਰੀ ਮੁਲਾਕਾਤ ਸੀ। ਇਸ ਮੁਲਾਕਾਤ ਤੋਂ 15 ਦਿਨ ਬਾਅਦ ਹਰੀ ਕਿਸ਼ਨ ਨੂੰ ਬੇੜੀਆਂ, ਹੱਥਕੜੀਆਂ ਪਾਕੇ, ਹਥਿਆਰਬੰਦ ਪੁਲਿਸ ਦੇ ਸਖ਼ਤ ਪਹਿਰੇ ਥਲੇ ਲਾਹੌਰ ਸੈਂਟਰਲ ਜੇਲ੍ਹ ਤੋਂ ਮੀਆਂ ਵਾਲੀ ਜੇਲ੍ਹ ਵਿਚ ਭੇਜ ਦਿੱਤਾ ਗਿਆ। ਪੁਲਿਸ ਵਾਲਿਆਂ ਨੇ ਹਰੀ ਕਿਸ਼ਨ ਦੇ ਪਰਿਵਾਰ ਨੂੰ ਬੜਾ ਪ੍ਰੇਸ਼ਾਨ

Digitized by Panjab Digital Library | www.panjabdigilib.org

ਕਰਨ ਦੀ ਕੋਸ਼ਿਸ਼ ਕੀਤੀ। ਇਕੱਲੇ ਉਸਦੇ ਪਿਤਾ ਗੁਰਦਾਸ ਮੱਲ ਤੇ ਹੀ ਵੱਖੋ ਵੱਖਰੀ ਤਰ੍ਹਾਂ ਦੇ 52 ਕੇਸ ਦਰਜ ਕੀਤੇ ਗਏ। ਹਰੀ ਕਿਸ਼ਨ ਤੇ ਚਲਾਏ ਗਏ ਕੇਸ ਦੌਰਾਨ ਮੰਡੀ ਤਾਂਦਲਿਆਂ ਵਾਲੀ ਦੇ ਗ਼ਦਾਰ ਵਸੰਦਾ ਰਾਮ ਨੇ, ਜੋ ਵਾਹਿਦਾ ਮੁਆਫ਼ ਗਵਾਹ ਬਣ ਗਿਆ ਸੀ, ਜੱਜ ਦੇ ਸਾਮ੍ਹਣੇ ਇਸ ਕੇਸ ਦਾ ਸਾਰਾ ਭੇਤ ਖੋਲ੍ਹ ਦਿੱਤਾ। 26 ਜਨਵਰੀ 1931 ਨੂੰ ਹਰੀ ਕਿਸ਼ਨ ਨੂੰ ਮੌਤ ਦੀ ਸਜ਼ਾ ਸੁਣਾਈ ਗਈ। ਮਗਰੋਂ ਪੰਜਾਬ ਹਾਈ ਕੋਰਟ ਵਲੋਂ ਇਸ ਸਜ਼ਾ ਦੀ ਪੁਸ਼ਟੀ ਹੋ ਜਾਣ ਤੇ 9 ਜੂਨ 1931 ਦਾ ਦਿਨ ਫਾਂਸੀ ਲਈ ਨਿਸ਼ਚਿਤ ਕੀਤਾ ਗਿਆ।

ਹਰੀ ਕਿਸ਼ਨ ਨੂੰ ਫਾਂਸੀ ਦਿਤੇ ਜਾਣ ਵਾਲੇ ਦਿਨ ਡੀਊਟੀ ਮੈਜਿਸਟ੍ਰੇਟ ਸਵੇਰੇ 6 ਵਜੇ ਹੀ ਜੇਲ੍ਹ ਅੰਦਰ ਪੁੱਜ ਗਿਆ। ਮਰਦਾਨ ਤੋਂ ਆਏ ਹਰੀ ਕਿਸ਼ਨ ਦੇ ਪਿਤਾ, ਭਰਾ ਜਮਨਾ ਦਾਸ, ਭਗਤ ਰਾਮ ਤੇ ਹੋਰ ਕਈ ਰਿਸ਼ਤੇਦਾਰ ਜੇਲ੍ਹ ਦੇ ਬਾਹਰ ਖੜੇ ਸਨ। ਮੈਜਿਸਟ੍ਰੇਟ ਨੇ ਹਰੀ ਕਿਸ਼ਨ ਕੋਲੋਂ ਉਸਦੀ ਆਖ਼ਰੀ ਖਾਹਿਸ਼ ਪੁੱਛੀ। ਉਸਨੂੰ ਉਮੀਦ ਸੀ ਕਿ ਉਹ ਆਪਣੇ ਪਿਤਾ ਜਾਂ ਕਿਸੇ ਭਰਾ ਨੂੰ ਮਿਲਣ ਦੀ ਖਾਹਿਸ਼ ਜ਼ਾਹਿਰ ਕਰੇਗਾ। ਪਰ ਹਰੀ ਕਿਸ਼ਨ ਨੇ ਮੈਜਿਸਟ੍ਰੇਟ ਨੂੰ ਕਿਹਾ ਕਿ ਮੇਰੀ ਇਕੋ ਇਕ ਤੇ ਆਖ਼ਰੀ ਖਾਹਿਸ਼ ਇਹੀ ਹੈ ਕਿ ਜਦੋਂ ਤਕ ਭਾਰਤ ਤੋਂ ਫਿਰੰਗੀ ਦਾ ਰਾਜ ਖਤਮ ਨਹੀਂ ਹੋ ਜਾਂਦਾ, ਮੈਂ ਬਾਰ ਬਾਰ ਜੰਮਦਾ ਤੇ ਫਾਂਸੀ ਤੇ ਚੜ੍ਹਦਾ ਰਹਾਂ।

ਜੇਲ੍ਹ ਦੇ ਅਸੂਲਾਂ ਮੁਤਾਬਿਕ ਫਾਂਸੀ ਲਗਾਣ ਤੋਂ ਪਹਿਲਾਂ ਉਸਨੂੰ ਇਸ਼ਨਾਨ ਕਰਵਾਕੇ ਕਾਲੇ ਕਪੜੇ ਪੁਆਏ ਗਏ। ਉਸਦੇ ਹੱਥਾਂ ਨੂੰ ਪੁੱਠੀ ਹੱਥਕੜੀ ਲਗਾਕੇ ਵਾਰਡਰਾਂ ਦੇ ਪਹਿਰੇ ਵਿਚ, ਉਸਨੂੰ ਫਾਂਸੀ ਗ੍ਰਹਿ ਲਿਜਾਇਆ ਗਿਆ। ਜਦੋਂ ਫਾਂਸੀ ਦਾ ਰੱਸਾ ਉਸਦੀ ਧੌਣ ਦੁਆਲੇ ਕਸਿਆ ਗਿਆ ਤਾਂ ਉਸਨੇ ''ਇਨਕਲਾਬ ਜ਼ਿੰਦਾਬਾਦ' ਦਾ ਨਾਹਰਾ ਲਗਾਇਆ ਤੇ ਅਗਲੇ ਹੀ ਪੱਲ ਇਸ ਸ਼ੇਰ ਦੀ ਗਰਜਵੀਂ ਆਵਾਜ਼ ਹਮੇਸ਼ਾਂ ਹਮੇਸ਼ਾ ਲਈ ਚੁੱਪ ਹੋ ਗਈ।

ਹਰੀ ਕਿਸ਼ਨ ਦੇ ਘਰ ਵਾਲੇ (ਵਾਰਸ) ਬਾਹਰ ਮੌਜੂਦ ਸਨ। ਉਨ੍ਹਾਂ ਸਸਕਾਰ ਕਰਨ ਲਈ ਜੇਲ੍ਹ ਅਧਿਕਾਰੀਆਂ ਪਾਸੋਂ ਹਰੀ ਕਿਸ਼ਨ ਦੀ ਲਾਸ਼ ਦੀ ਮੰਗ ਕੀਤੀ। ਪਰ ਜੇਲ੍ਹ ਸੁਪਰਿਨਟੈਂਡੈਂਟ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਅਸੀਂ ਰਾਜਸੀ ਕੈਦੀਆਂ ਦੀ ਲਾਸ਼ ਵਾਰਸਾਂ ਨੂੰ ਨਹੀਂ ਦਿਆ ਕਰਦੇ। ਹਰੀ ਕਿਸ਼ਨ ਦੇ ਮ੍ਰਿਤਕ ਸਰੀਰ ਨੂੰ ਫ਼ਾਂਸੀ ਦੇ ਤਖ਼ਤੇ ਤੋਂ ਉਤਾਰ ਕੇ ਜੇਲ੍ਹ ਦੇ ਅੰਦਰ ਹੀ ਉਸਦਾ ਸਸਕਾਰ ਕਰ ਦਿੱਤਾ ਗਿਆ। ਉਸ ਸਮੇਂ ਜੇਲ੍ਹ ਦੇ ਅੰਦਰ ਇਕ ਪ੍ਰਸਿੱਧ ਦੇਸ਼ ਭਗਤ ਕਵੀ ਸ੍ਰੀ ਤ੍ਰਲੋਕ ਚੰਦ 'ਮਹਿਰੂਮ' ਵੀ ਬੰਦ ਸੀ। ਉਸਨੇ ਇਸ ਸ਼ਹੀਦ ਦੀ ਜਲਦੀ ਹੋਈ ਲਾਸ਼ ਨੂੰ ਵੇਖਕੇ ਇਹ ਕਵਿਤਾ ਲਿਖੀ, ਜੋ ਹੁਣ ਸਾਡੇ ਸਾਹਿਤ ਅਤੇ ਇਤਿਹਾਸ ਦਾ ਇਕ ਅਮੁੱਲਾ ਦਸਤਾਵੇਜ਼ ਬਣ ਗਈ ਹੈ:

ਸੁਨਸਾਨ ਵਾਯੂ ਮੰਡਲ ਵਿਚ
ਇਕ ਲਾਸ਼ ਜਲ ਰਹੀ ਹੈ,
ਉਸਦੇ ਨੇੜੇ ਜਾਣ ਦੇ ਸਾਰੇ ਰਸਤੇ
ਜਾਬਰ ਨੇ ਬੰਦ ਕੀਤੇ ਹੋਏ ਹਨ।
ਨਾ ਕੋਈ ਆਹ ਦਾ ਨਾਹਰਾ ਮਾਰਦਾ ਹੈ,
ਅਤੇ ਨਾ ਹੀ ਕੋਈ ਸਾਕ ਮਿੱਤਰ ਉਸਦੇ ਨੇੜੇ ਹੈ।
ਆਹ! ਸਵੇਰੇ ਸਵੇਰੇ 'ਜੰਗਲ' ਵਿਚ ਜਲਦੀ ਚਿਖਾ ਨੂੰ ਤਕ ਕੇ,

Digitized by Panjab Digital Library | www.panjabdigilib.org

ਨਾ ਕਿਸੇ ਅਲਵਿਦਾ ਕਹੀ,
ਅਤੇ ਨਾ ਕਿਸੇ ਕਫ਼ਨ ਚੁਕ ਕੇ ਉਸਦਾ ਮੂੰਹ ਦੇਖਿਆ।
ਇਹ ਵਤਨ ਦੇ ਪਿਆਰ ਦਾ ਨਤੀਜਾ ਹੈ,
ਅਤੇ ਵਤਨ ਦੇ ਦਰਦ ਦਾ ਸਿਲਾ ਹੈ।
ਐ ਸਵੇਰ ਦੀ ਠੰਡੀ ਹਵਾਏ,
ਇਹ ਸ਼ਹੀਦ ਹਰੀ ਕਿਸ਼ਨ ਦੇ ਫੁੱਲ ਹਨ
ਇਹਨਾਂ ਨੂੰ ਖਿੰਡਾਈਂ ਨਾਂਹ,
ਜਿਹੜਾ ਕੋਈ ਵਤਨ ਦੀ ਆਨ ਤੇ ਮਰ ਮਿਟਿਆ
ਇਹ ਉਸੇ ਦੇ ਹੀ ਫੁੱਲ ਹਨ।

ਗ਼ਦਾਰ ਵਸੰਦਾ ਰਾਮ ਦੁਆਰਾ ਦਿੱਤੀ ਜਾਣਕਾਰੀ ਦੇ ਆਧਾਰ ਤੇ ਦੁਰਗਾ ਦਾਸ, ਰਣਬੀਰ ਸਿੰਘ ਅਤੇ ਚਮਨ ਲਾਲ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ। ਪਰ ਉਨ੍ਹਾਂ ਦੇ ਖਿਲਾਫ਼ ਕੋਈ ਸਬੂਤ ਨਾ ਮਿਲ ਸਕਣ ਕਾਰਨ ਹਾਈ ਕੋਰਟ ਨੇ ਉਨ੍ਹਾਂ ਨੂੰ ਬਰੀ ਕਰ ਦਿੱਤਾ।

ਬਿੱਲੀਆਂ ਅੱਖਾਂ, ਗੋਲ ਚੇਹਰਾ, ਭਰਵਾਂ ਤੇ ਗਠਵਾਂ ਸਰੀਰ, ਗੋਰਾ-ਚਿੱਟਾ ਰੰਗ, ਕੁੱਲੇ ਵਾਲੀ ਸ਼ਮ੍ਹਲੇ ਦੀ ਪੱਗ, ਹਰੀ ਕਿਸ਼ਨ ਬੜੇ ਪੱਕੇ ਇਰਾਦੇ ਅਤੇ ਸਖ਼ਤ ਜਾਨ ਵਾਲਾ ਨੌਜਵਾਨ ਸੀ। ਪੰਜਾਬ ਯੂਨੀਵਰਸਿਟੀ ਹਾਲ ਲਾਹੌਰ ਵਿਚ ਗਵਰਨਰ-ਪੰਜਾਬ ਸਰ ਜੈਫਰੀ ਮੌਂਟਮੋਰੈਂਸੀ ਤੇ ਗੋਲੀ ਚਲਾਣ ਤੋਂ ਪਹਿਲਾਂ, ਉਸਦੀ ਪਾਰਟੀ (ਸਾਥੀਆਂ) ਨੇ ਇਕ ਵਾਰ ਇਹ ਵੀ ਕੋਸ਼ਿਸ਼ ਕੀਤੀ ਸੀ ਕਿ ਫਿਲਹਾਲ ਇਸ ਪਲਾਨ ਨੂੰ ਕੁਝ ਸਮੇਂ ਲਈ ਮੁਲਤਵੀ ਕਰ ਦਿੱਤਾ ਜਾਵੇ। ਪਰ ਹਰੀ ਕਿਸ਼ਨ ਨੇ ਆਪਣੇ ਸਾਥੀਆਂ ਨੂੰ ਸਾਫ਼ ਕਹਿ ਦਿੱਤਾ ਸੀ ਕਿ ਜੇ ਹੁਣ ਇਸ ਪਲਾਨ ਨੂੰ ਬਦਲਿਆ ਗਿਆ ਜਾਂ ਮੁਲਤਵੀ ਕੀਤਾ ਗਿਆ ਤਾਂ ਉਹ ਆਪਣੇ ਆਪ ਨੂੰ ਗੋਲੀ ਮਾਰ ਕੇ ਮਰ ਜਾਵੇਗਾ। ਜਦੋਂ ਉਹ ਕਿਸੇ ਗੱਲ ਦਾ ਇਰਾਦਾ ਕਰ ਲੈਂਦਾ ਸੀ ਤਾਂ ਫਿਰ ਉਸਨੂੰ ਉਸਦੇ ਫੈਸਲੇ ਤੋਂ ਬਦਲ ਸਕਣ ਦੀ ਕਿਸੇ ਵਿਚ ਹਿੰਮਤ ਨਹੀਂ ਸੀ। ਸਖ਼ਤ-ਜਾਨ ਇਤਨਾ ਸੀ ਕਿ ਜੇਲ੍ਹ ਦਾ ਕੋਈ ਵੀ ਤਸ਼ਦਦ ਜਾਂ ਅਸਹਿ ਜ਼ੁਲਮ ਉਸ ਕੋਲੋਂ ਉਸਦੇ ਸਾਥੀਆਂ ਦਾ ਨਾਮ ਤੱਕ ਪੁਛਣ ਵਿਚ ਕਾਮਯਾਬ ਨਹੀਂ ਸੀ ਹੋ ਸਕਿਆ।

ਪੁਲਿਸ ਦੀਆਂ ਸਖ਼ਤੀਆਂ ਅਤੇ ਸ਼ੇਰ ਪੁੱਤਰ ਦੀ ਮੌਤ ਦੇ ਸਦਮੇ ਕਾਰਨ ਹਰੀ ਕਿਸ਼ਨ ਦੇ ਪਿਤਾ ਸ੍ਰੀ ਗੁਰਦਾਸ ਮੱਲ ਵੀ ਕੇਵਲ 25 ਦਿਨਾਂ ਮਗਰੋਂ ਹੀ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਹਰੀ ਕਿਸ਼ਨ ਦੇ ਇਕ ਭਰਾ ਭਗਤ ਰਾਮ ਨੇ ਰਹਿਮਤ ਅਲੀ ਦਾ ਭੇਸ ਧਾਰਨ ਕਰਕੇ ਦੇਸ਼ ਦੇ ਮਹਾਨ ਸਪੂਤ ਸੁਭਾਸ਼ ਚੰਦਰ ਬੋਸ ਨੂੰ ਉੱਤਰ ਪੱਛਮੀ ਸੀਮਾ ਪਾਰ ਕਰਵਾ ਕੇ ਅਫਗਾਨਿਸਤਾਨ ਪਹੁੰਚਣ ਵਿਚ ਬੜੀ ਮਦਦ ਕੀਤੀ ਸੀ। ਦੇਸ਼ ਭਗਤਾਂ ਦੇ ਇਸ ਪਰਿਵਾਰ ਦਾ ਦੇਸ਼ ਦੀ ਆਜ਼ਾਦੀ ਦੀ ਜੰਗ ਵਿਚ ਆਪਣਾ ਹੀ ਸਥਾਨ ਹੈ, ਜਿਸ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ।

Digitized by Panjab Digital Library | www.panjabdigilib.org



ਬਾਬਾ ਰਾਮ ਸਿੰਘ



ਭਾਈ ਮਹਾਰਾਜ ਸਿੰਘ

Digitized by Panjab Digital Library | www.panjabdigilib.org



ਸ੍ਰ. ਬਲਵੰਤ ਸਿੰਘ
ਕੈਨੇਡੀਅਨ



ਮਦਨ ਲਾਲ ਢੀਂਗਰਾ

Digitized by Panjab Digital Library | www.panjabdigilib.org



ਭਾਈ ਭਾਗ ਸਿੰਘ
ਭਿੱਖੀਵਿੰਡ



ਭਾਈ ਮੇਵਾ ਸਿੰਘ

Digitized by Panjab Digital Library | www.panjabdigilib.org



ਬਾਬਾ ਗੁਰਦਿੱਤ ਸਿੰਘ



ਪੰਡਿਤ ਕਾਸ਼ੀ ਰਾਮ



ਸੋਹਨ ਲਾਲ ਪਾਠਕ

Digitized by Panjab Digital Library | www.panjabdigilib.org



ਡਾ. ਅਰੂੜ ਸਿੰਘ



ਡਾ. ਮਥਰਾ ਸਿੰਘ



ਬਾਬੂ ਹਰਨਾਮ ਸਿੰਘ

Digitized by Panjab Digital Library | www.panjabdigilib.org




ਬਾਬਾ ਸੋਹਣ ਸਿੰਘ ਭਕਨਾ

Digitized by Panjab Digital Library | www.panjabdigilib.org



ਅਕਾਲੀ ਮੋਰਚਿਆਂ ਦੀ ਇਕ ਦੁਰਲੱਭ ਤਸਵੀਰ

Digitized by Panjab Digital Library | www.panjabdigilib.org



ਸੂ: ਕਿਸ਼ਨ ਸਿੰਘ ਗੜਗੱਜ



ਸ਼ਹੀਦ ਹਰੀ ਕਿਸ਼ਨ

Digitized by Panjab Digital Library | www.panjabdigilib.org



ਸ੍ਰ. ਅਜੀਤ ਸਿੰਘ



ਗੁਰਬਖਸ਼ ਰਾਇ ਅਤੇ ਉਨ੍ਹਾਂ ਦੀ ਪਤਨੀ ਸੁਖਦੇਈ

Digitized by Panjab Digital Library | www.panjabdigilib.org



ਲਾਲਾ ਲਾਜਪਤ ਰਾਇ



ਗੁਰੂ ਕੇ ਬਾਗ਼ ਦਾ ਇਕ ਦ੍ਰਿਸ਼

Digitized by Panjab Digital Library | www.panjabdigilib.org



ਸਰਦਾਰ ਭਗਤ ਸਿੰਘ

Digitized by Panjab Digital Library | www.panjabdigilib.org



ਸ੍ਰ. ਸੇਵਾ ਸਿੰਘ ਠੀਕਰੀ ਵਾਲਾ



ਭਾਈ ਆਤਮਾ ਸਿੰਘ

Digitized by Panjab Digital Library | www.panjabdigilib.org




ਸ੍ਰ. ਕਰਤਾਰ ਸਿੰਘ ਸਰਾਭਾ

Digitized by Panjab Digital Library | www.panjabdigilib.org





ਸੈਲੂਲਰ ਜੇਲ੍ਹ, ਅੰਡੇਮਾਨ




ਡਾ. ਦੀਵਾਨ ਸਿੰਘ ਕਾਲੇ ਪਾਣੀ

Digitized by Panjab Digital Library | www.panjabdigilib.org



ਬਾਬਾ ਖੜਕ ਸਿੰਘ



ਬੰਦੇ ਮਾਤਰਮ

ਹਿੰਦੋਸਤਾਨ

HINDUSTAN GADAR

3 May 1916

ਜਿਲਦ ੨ | ਪ੍ਰੀਤਰ ਆਰਾਮ ਮਾਨ ਫ਼ਰਾਂਸਿਸਕੋ ...

ਆਇਰਲੈਂਡ ਦੇ ਮਹਾਂ ਪੁਰਸ਼ ...

ਜਿਨ ਮਹਾਂ ਪੁਰਸ਼ਾਂ ਨੇ ਹਰ ਮਾਸ ਦਾ ਸਰੀਰ ਦੇ ਕੇ ਅਮਰ ਜੀਵਨ ਪਾ ਲਿਆ ਹੈ। ਜਿਨ ਕੀ ਕੁਰਬਾਨੀ ਸੇ ਉਨਾਂ ਦਾ ਮਾਤਾ ਦਾ ਨਾਮ ਤੇ ਮਾਤਾ ਦੇ ਨਾਮ ਦੇ ਸੰਗ ਉਨਾਂ ਦਾ ਨਾਮ ਸਦਾ ਸਿਖਿਰ ਦੁਪਹਿਰੇ ਦੇ ਸੂਰਜ ਵਾਂਗ ਚਮਕਦਾ ਰਹੂਗਾ।

ਬੰਦੇ ਮਾਤਰਮ.

ਜਰਮਨਾਂ ਦਾ ਧਾਵਾ ਇੰਗਲੈਂਡ ਤੇ

The Editor "Hindustan Gadar," San Francisco, Cal., U. S. A.

ਗ਼ਦਰ ਅਖ਼ਬਾਰ ਦਾ ਇਕ ਪੰਨਾ

Digitized by Panjab Digital Library | www.panjabdigilib.org



ਗੁਰਦੁਆਰਾ ਵੈਨਕੂਵਰ ਕੈਨੇਡਾ




ਯੁਗਾਂਤਰ ਆਸ਼ਰਮ
ਗ਼ਦਰ ਲਹਿਰ ਦਾ ਹੈਡਕੁਆਟਰ




ਗ਼ਦਰ ਪਰਚੇ ਦਾ ਪੰਨਾ
ਫ਼ਾਂਸੀ ਲਟਕੇ ਨੌਜਵਾਨ

Digitized by Panjab Digital Library | www.panjabdigilib.org

ਕਿਸਾਨ ਅੰਦੋਲਨ ਦਾ ਮੋਢੀ

# ਸਰਦਾਰ ਅਜੀਤ ਸਿੰਘ

ਸ੍ਰ: ਅਜੀਤ ਸਿੰਘ ਦੇਸ਼ ਦੇ ਉਨ੍ਹਾਂ ਕੌਮੀ ਸੂਰਬੀਰਾਂ ਵਿਚੋਂ ਹੈ ਜਿਨ੍ਹਾਂ ਨੇ ਦੇਸ਼ ਦੇ ਅੰਦਰ ਅਤੇ ਦੇਸ਼ ਤੋਂ ਬਾਹਰ ਰਹਿ ਕੇ ਭਾਰਤ ਮਾਂ ਦੀ ਆਜ਼ਾਦੀ ਲਈ ਆਪਣਾ ਸਾਰਾ ਜੀਵਨ ਦੇਸ਼ ਦੇ ਲੇਖੇ ਲਗਾ ਦਿੱਤਾ। 1907 ਵਿਚ ਆਜ਼ਾਦੀ ਦੇ ਸੰਘਰਸ਼ ਵਿਚ ਕੁੱਦਣ ਮਗਰੋਂ ਉਹ ਚਾਲੀ ਸਾਲ ਤਕ ਕਈ ਇਨਕਲਾਬੀ ਲਹਿਰਾਂ ਨਾਲ ਜੁੜਿਆ ਰਿਹਾ। ਉਸਨੇ ਆਪਣੇ ਜੀਵਨ ਦੇ 38 ਸਾਲ ਜਲਾਵਤਨੀ ਵਿਚ ਰਹਿ ਕੇ ਕੱਟੇ। ਉਸਦਾ ਦੇਹਾਂਤ ਉਸੇ ਦਿਨ ਹੋਇਆ ਜਿਸ ਦਿਨ ਸਾਰਾ ਦੇਸ਼ 15 ਅਗਸਤ 1947 ਨੂੰ ਆਜ਼ਾਦੀ ਦਾ ਜਸ਼ਨ ਮਨਾ ਰਿਹਾ ਸੀ। ਅਜੀਤ ਸਿੰਘ ਨੇ ਆਪਣੀ ਮੌਤ ਤੋਂ ਕੁਝ ਸਮਾਂ ਪਹਿਲਾਂ ਇਹ ਕਿਹਾ ਸੀ ਕਿ 'ਮੈਨੂੰ ਖੁਸ਼ੀ ਹੈ ਕਿ ਜੇਹੜਾ ਸੰਗਰਾਮ ਅਸੀਂ ਵਰ੍ਹਿਆਂ ਪਹਿਲਾਂ ਸ਼ੁਰੂ ਕੀਤਾ ਸੀ ਅਜ ਅਸੀਂ ਆਪਣੀ ਮੰਜ਼ਿਲ ਤੇ ਪਹੁੰਚ ਗਏ ਹਾਂ। ਜੋ ਸੁਪਨਾ ਅਸੀਂ ਵਰ੍ਹਿਆਂ ਤੋਂ ਵੇਖਦੇ ਚਲੇ ਆਏ ਸਾਂ ਅਜ ਉਹ ਸਾਕਾਰ ਹੋ ਗਿਆ ਹੈ।' ਅਜੀਤ ਸਿੰਘ ਉਨ੍ਹਾਂ ਖੁਸ਼ ਕਿਸਮਤ ਇਨਕਲਾਬੀਆਂ ਵਿਚੋਂ ਸੀ ਜਿਸ ਨੇ ਜ਼ਿੰਦਗੀ ਦਾ ਆਖ਼ਰੀ ਦਿਨ ਇਕ ਸੁਤੰਤਰ ਨਾਗਰਿਕ ਦੇ ਰੂਪ ਵਿਚ ਆਜ਼ਾਦ ਭਾਰਤ ਦੀ ਧਰਤੀ ਤੇ ਬਿਤਾ ਕੇ ਆਪਣੇ ਪ੍ਰਾਣ ਤਿਆਗੇ। ਉਸ ਨੇ ਗੁਲਾਮ ਧਰਤੀ ਦੇ ਮੱਥੇ ਤੇ ਆਜ਼ਾਦੀ ਦਾ ਸੂਰਜ ਚੜ੍ਹਦਾ ਵੇਖ ਲਿਆ ਸੀ। ਜਦੋਂ ਉਸ ਦਾ ਦੇਹਾਂਤ ਹੋਇਆ ਉਹ 66 ਵਰ੍ਹਿਆਂ ਦਾ ਸੀ।

ਸ੍ਰ: ਅਜੀਤ ਸਿੰਘ ਸੁਤੰਤਰਤਾ ਸੰਗ੍ਰਾਮ ਦਾ ਹੀ ਇਕ ਵੀਰ ਯੋਧਾ ਨਹੀਂ ਸੀ ਸਗੋਂ ਉਹ ਸੁਤੰਤਰ ਭਾਰਤ ਵਿਚ ਸਮਾਜਕ ਅਤੇ ਆਰਥਕ ਕ੍ਰਾਂਤੀ ਲਿਆਉਣ ਦਾ ਵੀ ਹਾਮੀ ਸੀ। ਉਹ ਆਪਣੇ ਨਿਸ਼ਾਨੇ ਪ੍ਰਤੀ ਸਦਾ ਆਸ਼ਾਵੰਦ ਤੇ ਜਤਨ ਸ਼ੀਲ ਰਿਹਾ। 29 ਮਾਰਚ 1907 ਨੂੰ ਅੰਮ੍ਰਿਤਸਰ ਵਿਚ ਹੋਏ ਇਕ ਜਲਸੇ ਵਿਚ ਆਏ ਸਰੋਤਿਆਂ ਨੂੰ ਸੰਬੋਧਨ ਕਰਦਿਆਂ ਉਸ ਨੇ ਕਿਹਾ ਸੀ, 'ਆਪਣੇ ਦੇਸ਼ ਦੀ ਖ਼ਾਤਰ ਅਤੇ ਆਪਣੇ ਬਚਿਆਂ ਦੀ ਖ਼ਾਤਰ ਤੁਸੀਂ ਆਪਣੀ ਮੁਕਤੀ (ਆਜ਼ਾਦੀ) ਲਈ ਕੰਮ ਕਰੋ। ਅੰਤਮ ਸਫ਼ਲਤਾ ਤੁਹਾਡੀ ਹੀ ਹੋਵੇਗੀ'।

ਸ੍ਰ: ਅਜੀਤ ਸਿੰਘ ਦਾ ਜਨਮ ਪਿੰਡ ਖਟਕਰਕਲਾਂ ਜ਼ਿਲ੍ਹਾ ਜਲੰਧਰ ਵਿਖੇ 23 ਫਰਵਰੀ ਸੰਨ 1881 ਨੂੰ ਸ੍ਰ: ਅਰਜਨ ਸਿੰਘ ਅਤੇ ਮਾਤਾ ਜੈ ਕੌਰ ਦੇ ਗ੍ਰਹਿ ਵਿਖੇ ਹੋਇਆ। ਇਹ ਪਿੰਡ ਫਗਵਾੜੇ ਤੋਂ 25 ਕਿਲੋਮੀਟਰ ਦੀ ਦੂਰੀ ਤੇ ਹੈ। ਸ੍ਰ: ਅਰਜਨ ਸਿੰਘ ਦੇ ਦੋ ਪੁੱਤਰ ਹੋਰ ਵੀ ਸਨ। ਵਡਾ ਸ੍ਰ: ਕਿਸ਼ਨ ਸਿੰਘ ਅਤੇ ਛੋਟਾ ਸ੍ਰ: ਸਵਰਨ ਸਿੰਘ। ਇਹ ਸਾਰਾ ਪ੍ਰਵਾਰ ਹੀ ਕ੍ਰਾਂਤੀਕਾਰਾਂ ਅਤੇ ਦੇਸ਼ ਭਗਤਾਂ ਦਾ ਪ੍ਰਵਾਰ ਸੀ। ਇਸੇ ਪ੍ਰਵਾਰ ਵਿਚ ਸ੍ਰ: ਭਗਤ ਸਿੰਘ ਦਾ ਜਨਮ ਸ੍ਰ: ਕਿਸ਼ਨ ਸਿੰਘ ਦੇ ਗ੍ਰਹਿ ਵਿਖੇ ਹੋਇਆ ਸੀ। ਇਸ ਤਰ੍ਹਾਂ ਸ੍ਰ: ਅਜੀਤ ਸਿੰਘ ਪੰਜਾਬ ਦੇ ਕੌਮੀ ਨਾਇਕ ਸ਼ਹੀਦ ਭਗਤ ਸਿੰਘ ਦਾ ਚਾਚਾ ਸੀ। ਜਦੋਂ 19ਵੀਂ ਸਦੀ ਦੇ ਅੰਤ ਵਿਚ ਨਹਿਰਾਂ ਦੀ ਸਿੰਚਾਈ ਕਾਰਨ ਲਾਇਲਪੁਰ, ਸ਼ੇਖੂਪੁਰਾ, ਮਿੰਟਗੁੰਮਰੀ, ਸਰਗੋਧਾ ਅਤੇ ਮੁਲਤਾਨ ਆਦਿ ਥਾਵਾਂ ਨੂੰ ਆਬਾਦ ਕੀਤਾ ਗਿਆ ਤਾਂ ਸ੍ਰ: ਅਜੀਤ ਸਿੰਘ ਦਾ ਪਿਤਾ ਸ੍ਰ: ਅਰਜਨ ਸਿੰਘ ਖਟਕਰਕਲਾਂ ਨੂੰ ਛੱਡ ਕੇ ਚੱਕ ਨੰ : 105 ਜ਼ਿਲਾ, ਲਾਇਲਪੁਰ ਵਿਚ ਜਾਕੇ ਵੱਸ ਗਿਆ।

Digitized by Panjab Digital Library | www.panjabdigilib.org

ਸ੍ਰ: ਅਜੀਤ ਸਿੰਘ ਦੇ ਪਿਤਾ ਸ੍ਰ: ਅਰਜਨ ਸਿੰਘ ਚੰਗੇ ਵਿਦਵਾਨ ਅਤੇ ਕਈ ਭਾਸ਼ਾਵਾਂ ਦੇ ਜਾਣੂ ਸਨ। ਉਨ੍ਹਾਂ ਨੇ 19ਵੀਂ ਸਦੀ ਦੀਆਂ ਕਈ ਧਾਰਮਿਕ ਅਤੇ ਸਮਾਜ ਸੁਧਾਰ ਲਹਿਰਾਂ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ ਸੀ। 1893 ਵਿਚ ਲਾਹੌਰ ਵਿਖੇ ਹੋਏ ਕਾਂਗਰਸ ਦੇ ਸੈਸ਼ਨ ਲਈ ਉਹ ਡੈਲੀਗੇਟ ਚੁਣੇ ਗਏ ਸਨ। ਉਹ ਸਮਾਜਕ ਕੰਮਾਂ ਵਿਚ ਬੜੀ ਰੁਚੀ ਰਖਦੇ ਸਨ। ਇਸੇ ਤਰ੍ਹਾਂ ਅਜੀਤ ਸਿੰਘ ਦਾ ਵਡਾ ਭਰਾ ਕਿਸ਼ਨ ਸਿੰਘ ਵੀ ਸੁਧਾਰਵਾਦੀ ਅਤੇ ਰਾਸ਼ਟਰਵਾਦੀ ਵਿਚਾਰਾਂ ਵਾਲਾ ਸੀ। ਘਰ ਦੇ ਮਾਹੌਲ ਦਾ ਅਸਰ ਇਹ ਹੋਇਆ ਕਿ ਬਚਪਨ ਤੋਂ ਹੀ ਅਜੀਤ ਸਿੰਘ ਦੇ ਮਨ ਵਿਚ ਦੇਸ਼ ਪਿਆਰ ਅਤੇ ਰਾਸ਼ਟਰਵਾਦੀ ਵਿਚਾਰ ਪਣਪਨੇ ਸ਼ੁਰੂ ਹੋ ਗਏ।

ਅਜੀਤ ਸਿੰਘ ਨੇ ਮੁਢੱਲੀ ਵਿੱਦਿਆ ਸਾਂਈ ਦਾਸ ਐਂਗਲੋ ਸੰਸਕ੍ਰਿਤ ਹਾਈ ਸਕੂਲ ਜਲੰਧਰ ਤੋਂ ਪ੍ਰਾਪਤ ਕੀਤੀ। ਇਸ ਸਕੂਲ ਤੋਂ ਉਸਨੇ 1894 ਵਿਚ ਪੰਜਾਬ ਯੂਨੀਵਰਸਿਟੀ ਲਾਹੌਰ ਦੀ ਦਸਵੀਂ ਜਮਾਤ ਦਾ ਇਮਤਿਹਾਨ ਪਾਸ ਕੀਤਾ। ਅਜੀਤ ਸਿੰਘ ਬੜੀ ਲਗਨ ਤੇ ਤੀਖਣ ਬੁੱਧੀ ਵਾਲਾ ਵਿਦਿਆਰਥੀ ਸੀ। ਇਥੇ ਪੜ੍ਹਦਿਆਂ ਉਹ ਮਾਸਟਰ ਸੁੰਦਰ ਲਾਲ ਦੇ ਸੰਪਰਕ ਵਿਚ ਆਇਆ ਜੋ ਪੱਕਾ ਦੇਸ਼ ਭਗਤ ਅਤੇ ਰਾਸ਼ਟਰਵਾਦੀ ਜਜ਼ਬੇ ਵਾਲਾ ਅਧਿਆਪਕ ਸੀ। ਉਹ ਆਪਣੇ ਵਿਦਿਆਰਥੀਆਂ ਨੂੰ ਕਿਤਾਬੀ ਗਿਆਨ ਦੇ ਨਾਲ ਨਾਲ ਦੇਸ਼ ਪ੍ਰੇਮ ਅਤੇ ਦੇਸ਼ ਸੇਵਾ ਦੀ ਵੀ ਸਿੱਖਿਆ ਦਿਆ ਕਰਦਾ ਸੀ। ਅਜੀਤ ਸਿੰਘ ਦੇ ਮਨ ਤੇ ਉਸਦੇ ਵਿਚਾਰਾਂ ਦਾ ਗਹਿਰਾ ਪ੍ਰਭਾਵ ਸੀ ਜਿਸ ਨੂੰ ਉਹ ਕਦੇ ਨਹੀਂ ਸੀ ਭੁਲਾ ਪਾਇਆ। ਦਸਵੀਂ ਪਾਸ ਕਰਨ ਮਗਰੋਂ ਉਹ ਡੀ.ਏ.ਵੀ. ਕਾਲਜ ਵਿਚ ਦਾਖ਼ਲ ਹੋ ਗਿਆ। ਇਥੋਂ ਐਫ਼. ਏ. ਕਰਨ ਮਗਰੋਂ ਉਹ ਲਾਅ (Law) ਦੀ ਪੜ੍ਹਾਈ ਕਰਨ ਲਈ ਬਰੇਲੀ ਚਲਾ ਗਿਆ ਪਰ ਸਖ਼ਤ ਬੀਮਾਰ ਹੋ ਜਾਣ ਕਾਰਨ ਉਸਨੂੰ ਇਹ ਪੜ੍ਹਾਈ ਵਿਚੇ ਹੀ ਛਡਣੀ ਪੈ ਗਈ। ਵਾਪਸ ਆਕੇ ਉਹ ਲਾਹੌਰ ਵਿਖੇ ਯੂਰਪੀਨ ਅਫ਼ਸਰਾਂ ਨੂੰ ਉਰਦੂ ਅਤੇ ਪੰਜਾਬੀ ਪੜ੍ਹਾਉਣ ਲਈ ਮੁਨਸ਼ੀ (ਅਧਿਆਪਕ) ਲਗ ਗਿਆ। 1903 ਵਿਚ ਉਸਦੀ ਸ਼ਾਦੀ ਕਸੂਰ ਦੇ ਇਕ ਨਾਮੀਂ ਵਕੀਲ ਸ੍ਰੀ ਧਨਪਤ ਰਾਇ ਦੀ ਗੋਦ ਲਈ ਸਪੁੱਤਰੀ ਹਰਨਾਮ ਕੌਰ ਨਾਲ ਹੋਈ।

ਅਜੀਤ ਸਿੰਘ ਨੇ ਦੇਸ਼ ਪ੍ਰਤੀ ਆਪਣੀਆਂ ਸੇਵਾਵਾਂ ਦਾ ਕਾਰਜ ਮੱਧ-ਪ੍ਰਾਂਤਾਂ ਦੇ ਕਾਲ ਪੀੜਤ ਲੋਕਾਂ ਦੀ ਸਹਾਇਤਾ ਨਾਲ ਸ਼ੁਰੂ ਕੀਤਾ। ਉਸ ਨੇ ਰਾਜਪੂਤਾਨਾ, ਅਹਿਮਦਾਬਾਦ ਅਤੇ ਮੱਧ ਪ੍ਰਾਂਤਾਂ ਵਿਚੋਂ ਲਿਆਂਦੇ ਯਤੀਮ ਬਚਿਆਂ ਨੂੰ ਲਾਹੌਰ ਦੇ ਯਤੀਮ ਖਾਨੇ ਵਿਚ ਭਰਤੀ ਕਰਾ ਕੇ ਉਨ੍ਹਾਂ ਦੀ ਭਲਾਈ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ। ਇਸ ਕੰਮ ਵਿਚ ਉਸ ਦੇ ਛੋਟੇ ਭਰਾ ਸ੍ਰ: ਸਵਰਨ ਸਿੰਘ ਨੇ ਵੀ ਬੜੀ ਸਹਾਇਤਾ ਕੀਤੀ। 1903 ਵਿਚ ਲਾਰਡ ਕਰਜ਼ਨ ਵਲੋਂ ਦਿੱਲੀ ਵਿਖੇ ਬੁਲਾਈ ਗਈ ਦੇਸੀ ਰਾਜਿਆਂ ਮਹਾਰਾਜਿਆਂ ਦੀ ਮੀਟਿੰਗ ਦਾ ਲਾਭ ਉਠਾਉਣ ਲਈ ਅਜੀਤ ਸਿੰਘ ਦਿੱਲੀ ਆ ਗਿਆ ਤੇ ਗੁਪਤ ਤੌਰ ਦੇ ਉਨ੍ਹਾਂ ਦੇ ਨੁਮਾਂਇੰਦਿਆਂ ਨੂੰ ਮਿਲ ਕੇ ਉਨ੍ਹਾਂ ਨੂੰ ਸੁਤੰਤਰਤਾ ਸੰਗ੍ਰਾਮ ਵਿਚ ਭਾਗ ਲੈਣ ਲਈ ਪ੍ਰੇਰਿਆ।

ਉਸਨੇ ਆਪਣੇ ਵਡੇ ਭਰਾ ਕਿਸ਼ਨ ਸਿੰਘ ਨਾਲ ਮਿਲਕੇ ਲਾਹੌਰ ਵਿਖੇ 'ਭਾਰਤ ਮਾਤਾ ਸੁਸਾਇਟੀ' ਨਾਮ ਦੀ ਇਕ ਇਨਕਲਾਬੀ ਸੰਸਥਾ ਕਾਇਮ ਕੀਤੀ ਜਿਸ ਵਿਚ ਸੂਫ਼ੀ ਅੰਬਾ ਪ੍ਰਸ਼ਾਦਿ, ਪਿੰਡੀ ਦਾਸ ਅਤੇ ਪੰਡਿਤ ਦੀਨ ਦਇਆਲ ਬਾਂਕੇ ਵਰਗੇ ਲੋਕ ਸ਼ਾਮਲ ਸਨ। 1906 ਵਿਚ ਉਹ ਕਲਕੱਤਾ ਵਿਖੇ ਹੋਏ ਕਾਂਗਰਸ ਦੇ 22ਵੇਂ ਸਮਾਗਮ ਵਿਚ ਹਿੱਸਾ ਲੈਣ ਲਈ ਉਥੇ ਪਹੁੰਚਿਆ। ਇਸ

Digitized by Panjab Digital Library | www.panjabdigilib.org

ਅਜਲਾਸ ਦੀ ਪ੍ਰਧਾਨਗੀ ਦਾਦਾ ਭਾਈ ਨਾਰੋਜੀ ਨੇ ਕੀਤੀ। ਅਜੀਤ ਸਿੰਘ ਦਾਦਾ ਭਾਈ ਨਾਰੋਜੀ ਅਤੇ ਬਾਲ ਗੰਗਾਧਰ ਤਿਲਕ ਦੇ ਵਿਚਾਰ ਸੁਣ ਕੇ ਇਤਨਾ ਪ੍ਰਭਾਵਿਤ ਹੋਇਆ ਕਿ ਉਸਨੇ ਆਪਣਾ ਸਾਰਾ ਜੀਵਨ ਦੇਸ਼ ਦੇ ਲੇਖੇ ਲਾ ਦੇਣ ਦਾ ਪ੍ਰਣ ਕਰ ਲਿਆ। ਪੰਜਾਬ ਵਾਪਸ ਪਰਤਣ ਤੋਂ ਪਹਿਲਾਂ ਉਹ ਅੰਮ੍ਰਿਤ ਬਾਜ਼ਾਰ ਪਤ੍ਰਿਕਾ ਦੇ ਸ਼੍ਰੀ ਮੋਤੀ ਲਾਲ ਘੋਸ਼ ਅਤੇ ਸ਼੍ਰੀ ਅਰਬਿੰਦੂ ਘੋਸ਼ ਜਹੇ ਬੰਗਾਲੀ ਇਨਕਲਾਬੀਆਂ ਨੂੰ ਵੀ ਮਿਲਿਆ ਅਤੇ ਉਨ੍ਹਾਂ ਨਾਲ ਕਈ ਸਾਂਝੀਆਂ ਵਿਉਂਤਾਂ ਬਾਰੇ ਵਿਚਾਰ ਕੀਤੀ ਜਿਨ੍ਹਾਂ ਦਾ ਮੁੱਖ ਨਿਸ਼ਾਨਾਂ ਅੰਗਰੇਜ਼ਾਂ ਤੋਂ ਆਜ਼ਾਦੀ ਹਾਸਲ ਕਰਨਾ ਸੀ।

ਅੰਗਰੇਜ਼ਾ ਨੇ ਆਪਣੇ ਦੇਸ਼ ਦੇ ਕਾਰਖਾਨਿਆਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਪੰਜਾਬ ਦੇ ਪੱਛਮ ਵਲ ਪਈਆਂ ਬੰਜਰ ਜ਼ਮੀਨਾਂ ਨੂੰ ਵਾਹੁਣ ਯੋਗ ਬਣਾਉਣ ਤੇ ਉਨ੍ਹਾਂ ਤੋਂ ਕੱਚਾ ਮਾਲ ਪ੍ਰਾਪਤ ਕਰਨ ਦੇ ਉਦੇਸ਼ ਨਾਲ ਨਹਿਰਾਂ ਦੀ ਖੁਦਾਈ ਦਾ ਕੰਮ ਸ਼ੁਰੂ ਕੀਤਾ। ਫ਼ਿਰ ਇਨ੍ਹਾਂ ਜ਼ਮੀਨਾਂ ਨੂੰ ਆਬਾਦ ਕਰਨ ਲਈ ਅੰਮ੍ਰਿਤਸਰ, ਗੁਰਦਾਸਪੁਰ, ਜਲੰਧਰ, ਹੁਸ਼ਿਆਰਪੁਰ, ਲੁਧਿਆਣਾ, ਅੰਬਾਲਾ ਅਤੇ ਫਿਰੋਜ਼ਪੁਰ ਦੇ ਕਿਸਾਨਾਂ ਨੂੰ ਉਤਸ਼ਾਹਿਤ ਕੀਤਾ ਕਿ ਉਹ ਉਥੇ ਜਾਕੇ ਆਬਾਦ ਹੋ ਜਾਣ। ਨਹਿਰੀ ਆਬਾਦੀਆਂ ਵਿਚ ਆਕੇ ਵਸਣ ਵਾਲੇ ਕਿਸਾਨਾਂ ਵਿਚ ਸ੍ਰ: ਅਜੀਤ ਸਿੰਘ ਦਾ ਪ੍ਰਵਾਰ ਵੀ ਸੀ। ਕਈ ਦਹਾਕਿਆਂ ਦੀ ਕਰੜੀ ਮੇਹਨਤ ਤੋਂ ਬਾਦ ਜਦੋਂ ਇਨ੍ਹਾਂ ਜ਼ਮੀਨਾਂ ਤੋਂ ਪੈਦਾਵਾਰ ਵੱਧ ਗਈ ਤਾਂ ਅੰਗਰੇਜ਼ ਹਕੂਮਤ ਨੇ ਆਪਣੀ ਲੁੱਟ ਖਸੁੱਟ ਵਿਚ ਵਾਧਾ ਕਰਨ ਲਈ 26 ਅਕਤੂਬਰ 1906 ਨੂੰ ਅਸੈਂਬਲੀ ਵਿਚ ਇਕ ਬਿੱਲ ਪੇਸ਼ ਕੀਤਾ ਜਿਸ ਨੂੰ 'ਨੌ ਆਬਾਦੀ ਬਿੱਲ' (Colonization Bill) ਕਿਹਾ ਜਾਂਦਾ ਹੈ। ਇਹ ਬਿੱਲ 28 ਫਰਵਰੀ 1907 ਨੂੰ ਪਾਸ ਕਰਕੇ 5 ਮਾਰਚ 1907 ਨੂੰ ਗਵਰਨਰ ਜਨਰਲ (ਵਾਇਸਰਾਇ) ਦੀ ਮੰਜ਼ੂਰੀ ਲਈ ਉਸ ਕੋਲ ਭੇਜ ਦਿੱਤਾ ਗਿਆ। ਇਸ ਬਿੱਲ ਦੁਆਰਾ ਸਾਰੀ ਜ਼ਮੀਨ ਨੂੰ ਸਰਕਾਰੀ-ਮਾਲਕੀ ਬਣਾ ਦਿੱਤਾ ਗਿਆ ਤੇ ਵਾਹੀਕਾਰ ਮੁਜ਼ਾਹਰੇ ਬਣ ਕੇ ਰਹਿ ਗਏ। ਇਸਦੇ ਨਾਲ ਹੀ ਪੰਜਾਬ ਸਰਕਾਰ ਨੇ ਸਾਰੀਆਂ ਥਾਵਾਂ ਦਾ ਮਾਮਲਾ (Land Tax) ਇਕੋ ਜਿਹਾ ਕਰਨ ਦੇ ਉਦੇਸ਼ ਨਾਲ ਇਨ੍ਹਾਂ ਨਵੀਆਂ ਵਸਾਈਆਂ ਜ਼ਮੀਨਾਂ ਦਾ ਆਬੀਆਨਾਂ ਵਧਾ ਦਿੱਤਾ। ਉਹ ਕਿਸਾਨ ਜਿਨ੍ਹਾਂ ਨੇ ਇਨ੍ਹਾਂ ਜ਼ਮੀਨਾਂ ਨੂੰ ਜ਼ਰਖੇਜ਼ ਬਨਾਉਣ ਲਈ ਕਰੜੀ ਮੇਹਨਤ ਕੀਤੀ ਅਤੇ ਪ੍ਰੇਸ਼ਾਨੀਆਂ ਉਠਾਈਆਂ ਸਨ, ਉਨ੍ਹਾਂ ਵਿਚ ਇਕਦਮ ਅਸ਼ਾਂਤੀ ਅਤੇ ਹਫ਼ੜਾ-ਦਫ਼ੜੀ ਫ਼ੈਲ ਗਈ। ਕਿਸਾਨਾਂ ਵਿਚ ਫ਼ੈਲੇ ਹੋਏ ਇਸ ਵਿਰੋਧ ਨੂੰ ਵੇਖਦੇ ਹੋਏ ਸ੍ਰ: ਅਜੀਤ ਸਿੰਘ, ਲਾਲਾ ਲਾਜਪਤ ਰਾਏ, ਸੂਫ਼ੀ ਅੰਬਾ ਪ੍ਰਸ਼ਾਦਿ ਅਤੇ ਪੰਜਾਬ ਦੇ ਹੋਰ ਨੇਤਾਵਾਂ ਨੇ ਕਿਸਾਨ ਅੰਦੋਲਨ ਸ਼ੁਰੂ ਕਰ ਦਿੱਤਾ।

ਨੌ ਆਬਾਦੀ ਬਿੱਲ (Colonization Bill) ਦੇ ਮਸਲੇ ਨੂੰ ਲੈਕੇ 21,22 ਮਾਰਚ 1907 ਨੂੰ ਲਾਇਲਪੁਰ ਵਿਖੇ ਇਕ ਪਬਲਿਕ ਮੀਟਿੰਗ ਸਦੀ ਗਈ। ਇਸ ਮੀਟਿੰਗ ਵਿਚ 8,9 ਹਜ਼ਾਰ ਲੋਕ ਸ਼ਾਮਲ ਹੋਏ ਜਿਨ੍ਹਾਂ ਵਿਚੋਂ ਬਹੁਤੇ ਇਨ੍ਹਾਂ ਇਲਾਕਿਆਂ ਵਿਚ ਵਸੇ ਹੋਏ ਕਿਸਾਨ ਸਨ। ਇਸ ਜਲਸੇ ਨੂੰ ਸੰਬੋਧਿਤ ਕਰਨ ਵਾਲੇ ਪ੍ਰਮੁੱਖ ਨੇਤਾਵਾਂ ਵਿਚ ਸ੍ਰ: ਅਜੀਤ ਸਿੰਘ ਅਤੇ ਲਾਲਾ ਲਾਜਪਤ ਰਾਏ ਸਨ। ਇਨ੍ਹਾਂ ਤੋਂ ਇਲਾਵਾ ਰਾਏ ਬਹਾਦਰ ਸੁੱਖ ਦਿਆਲ, ਬਖ਼ਸ਼ੀ ਟੇਕ ਚੰਦ, ਚੌਧਰੀ ਰਾਮ ਭੱਜ ਦੱਤ, ਚੌਧਰੀ ਸ਼ਹਾਬ-ਉ-ਦੀਨ ਅਤੇ ਪੰਜਾਬ ਅਖ਼ਬਾਰ ਦੇ ਐਡੀਟਰ ਜਸਵੰਤ ਰਾਏ ਨੇ ਕੋਲੋਨਾਈਜ਼ੇਸ਼ਨ ਬਿੱਲ ਦੇ ਖ਼ਲਾਫ਼ ਭਾਸ਼ਨ ਦਿੱਤੇ। ਇਸੇ ਕਾਨਫਰੰਸ ਵਿਚ ਝੰਗ ਸਿਆਲ ਦੇ ਐਡੀਟਰ ਸ਼੍ਰੀ ਬਾਂਕੇ ਦਿਆਲ ਦੀ ਲਿਖੀ 'ਪਗੜੀ ਸੰਭਾਲ ਓ ਜੱਟਾ', ਪੜ੍ਹੀ ਗਈ। ਇਹ ਕਵਿਤਾ ਪੰਜਾਬ ਦੇ ਲੋਕਾਂ ਵਿਚ ਇਤਨੀ ਹਰਮਨ ਪਿਆਰੀ ਹੋਈ ਕਿ ਇਸ ਕਵਿਤਾ ਦੇ ਕਾਰਨ

Digitized by Panjab Digital Library | www.panjabdigilib.org

ਹੀ ਕਿਸਾਨ ਅੰਦੋਲਨ ਨੂੰ 'ਪਗੜੀ ਸੰਭਾਲ ਜੱਟਾ'ਲਹਿਰ ਦੇ ਨਾਮ ਨਾਲ ਜਾਣਿਆ ਜਾਣ ਲਗ ਪਿਆ :

ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਏ।
ਫ਼ਸਲਾਂ ਨੂੰ ਖਾ ਗਏ ਕੀੜੇ, ਤਨ ਤੇ ਨਹੀਂ ਤੇਰੇ ਲੀੜੇ
ਭੁੱਖਾਂ ਨੇ ਖ਼ੂਬ ਨਿਚੋੜੇ, ਰੋਂਦੇ ਨੇ ਬਾਲ ਓਏ,
ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਏ।
ਬਣਦੇ ਨੇ ਤੇਰੇ ਲੀਡਰ, ਰਾਜੇ ਤੇ ਖਾਨ ਬਹਾਦਰ
ਤੈਨੂੰ ਹੀ ਖਾਵਨ ਖਾਤਰ, ਵਿਛਦੇ ਨੇ ਜਾਲ ਓਏ,
ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਏ।
ਹਿੰਦ ਹੈ ਤੇਰਾ ਮੰਦਰ, ਉਸਦਾ ਪੁਜਾਰੀ ਤੂੰ
ਝਲੇਂਗਾ ਕਦੋਂ ਤਕ, ਆਪਣੀ ਖਵਾਰੀ ਤੂੰ
ਲੜਨੇ ਤੇ ਮਰਨੇ ਦੀ, ਕਰ ਲੈ ਤਿਆਰੀ ਤੂੰ,
ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਏ।
ਸੀਨੇ ਤੇ ਖਾਨਾ ਏਂ ਤੀਰ, ਰਾਂਝਾ ਤੂੰ ਦੇਸ਼ ਹੈ ਹੀਰ
ਸੰਭਲ ਕੇ ਚੱਲ ਤੂੰ ਵੀਰ,
ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਏ।
ਤੁਸੀਂ ਕਿਉਂ ਦਬਦੇ ਵੀਰੋ, ਉਠੋ ਪੁਕਾਰ ਓਏ
ਹੋਕੇ ਇਕੱਠੇ ਵੀਰੋ, ਮਾਰੋ ਲਲਕਾਰ ਓਏ
ਤਾੜੀ ਦੋ ਹਥੀਂ ਵੱਜੇ, ਛਾਤੀ ਨੂੰ ਤਾਣ ਓਏ,
ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਏ॥

ਸ੍ਰ: ਅਜੀਤ ਸਿੰਘ ਅਤੇ ਲਾਲਾ ਲਾਜਪਤ ਰਾਏ ਵਲੋਂ ਮਾਰਚ, ਅਪ੍ਰੈਲ 1907 ਵਿਚ ਅੰਮ੍ਰਿਤਸਰ, ਸਿਆਲਕੋਟ, ਫਿਰੋਜ਼ਪੁਰ, ਹੁਸ਼ਿਆਰਪੁਰ, ਮੁਲਤਾਨ ਅਤੇ ਗੁਰਦਾਸਪੁਰ ਆਦਿ ਸ਼ਹਿਰਾਂ ਤੇ ਕਸਬਿਆਂ ਵਿਚ 28 ਜਲਸੇ ਕੀਤੇ ਗਏ। ਸ੍ਰ: ਅਜੀਤ ਸਿੰਘ ਨੇ ਪੰਜਾਬ ਦੇ ਕਿਸਾਨਾਂ ਉਪਰ ਆਬੀਆਨਾਂ ਵਧਾਏ ਜਾਣ ਦੇ ਵਿਰੁੱਧ ਸਰਕਾਰ ਦੀ ਸਖ਼ਤ ਆਲੋਚਨਾ ਕੀਤੀ। ਉਸਨੇ ਆਪਣੇ ਭਾਸ਼ਨਾਂ ਵਿਚ ਕਿਸਾਨਾਂ ਨੂੰ ਸਪਸ਼ਟ ਕਿਹਾ ਕਿ ਉਹ ਇਨ੍ਹਾਂ ਜ਼ਮੀਨਾਂ ਉਤੇ ਵਾਹੀ-ਜੋਤੀ ਕਰਨੀ ਅਤੇ ਆਬੀਆਨਾਂ ਦੇਣਾ ਬੰਦ ਕਰ ਦੇਣ ਜਦੋਂ ਤਕ ਕਿ ਸਰਕਾਰ ਇਹ ਬਿੱਲ ਵਾਪਸ ਨਹੀਂ ਲੈ ਲੈਂਦੀ ਅਤੇ ਆਬੀਆਨਾਂ ਘਟਾ ਨਹੀਂ ਦਿੱਤਾ ਜਾਂਦਾ। ਇਕ ਤਰ੍ਹਾਂ ਨਾਲ ਇਹ ਸਿਵਲ ਨਾ ਫੁਰਮਾਨੀ ਦੀ ਪਹਿਲੀ ਮਿਸਾਲ ਸੀ ਜਿਸ ਸਿਧਾਂਤ ਨੂੰ ਅਗੇ ਚਲ ਕੇ ਮਹਾਤਮਾ ਗਾਂਧੀ ਨੇ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਅਪਣਾਇਆ ਸੀ। ਕੁਝ ਦਿਨਾਂ ਮਗਰੋਂ ਲਾਹੌਰ ਵਿਚ ਹੋਈ ਇਕ ਹੋਰ ਮੀਟਿੰਗ ਵਿਚ ਅਜੀਤ ਸਿੰਘ ਨੇ ਲੋਕਾਂ ਨੂੰ ਸਰਕਾਰੀ ਨੌਕਰੀਆਂ ਦਾ ਬਾਈਕਾਟ ਕਰਨ, ਜੇਲ੍ਹਾਂ ਵਿਚ ਜਾਣ, ਸਜ਼ਾਵਾਂ ਕੱਟਣ ਅਤੇ ਵਕਤ ਆਣ ਤੇ ਫ਼ਾਂਸੀ ਤੇ ਲਟਕ ਜਾਣ ਦੀ ਵੀ ਪ੍ਰੇਰਨਾ ਕੀਤੀ ਤਾਂ ਜੁ ਅੰਗਰੇਜ਼ੀ ਹਕੂਮਤ ਦਾ ਤਖ਼ਤਾ ਪਲਟਿਆ ਜਾ ਸਕੇ। ਇਸੇ ਤਰ੍ਹਾਂ ਅੰਮ੍ਰਿਤਸਰ ਦੇ 'ਬੰਦੇ ਮਾਤ੍ਰਮ ਹਾਲ' ਵਿਚ ਤਕਰੀਰ ਕਰਦਿਆਂ ਉਸ ਨੇ ਸਪਸ਼ਟ ਸ਼ਬਦਾਂ ਵਿਚ ਕਿਹਾ ਕਿ 'ਤੁਸੀਂ ਇਹ ਆਸ ਬਿਲਕੁਲ ਨਾ ਰਖੋ ਕਿ ਇਕ ਸ਼ਕਤੀਸ਼ਾਲੀ ਸਾਮਰਾਜ ਦੇ ਲੋਕ ਆਪਣੇ ਆਪ

Digitized by Panjab Digital Library | www.panjabdigilib.org

ਹੀ ਰਾਜਸੀ ਸਤਾ ਤਿਆਗ ਕੇ ਦੇਸ਼ ਦੀ ਵਾਗ ਡੋਰ ਤੁਹਾਡੇ ਹੱਥ ਦੇ ਦੇਣਗੇ। ਰਾਜਸੀ ਆਜ਼ਾਦੀ ਹਾਸਲ ਕਰਨ ਲਈ ਸੰਘਰਸ਼ ਅਤੇ ਕੁਰਬਾਨੀ ਦੀ ਲੋੜ ਹੈ।' ਇਨ੍ਹਾਂ ਪ੍ਰਮੁੱਖ ਨਗਰਾਂ ਤੋਂ ਇਲਾਵਾ ਹੋਰ ਥਾਵਾਂ ਤੇ ਸਦੀਆਂ ਗਈਆਂ ਮੀਟਿੰਗਾਂ ਵਿਚ ਲੋਕਾਂ ਨੂੰ ਸੰਬੋਧਨ ਕਰਦਿਆਂ ਸ੍ਰ: ਅਜੀਤ ਸਿੰਘ ਨੇ ਇਹ ਵੀ ਕਿਹਾ ਕਿ 'ਸਾਨੂੰ ਆਪਣੀ ਜਾਤਿ, ਧਰਮ ਤੇ ਇਲਾਕੇ ਦੇ ਵਿਤਕਰੇ ਭੁਲਾ ਕੇ ਇਕ ਮੁੱਠ ਹੋਕੇ ਲੜਣ ਦੀ ਲੋੜ ਹੈ। ਅਸੀਂ ਤੀਹ ਕਰੋੜ ਹਾਂ ਤੇ ਉਹ ਡੇਢ ਲੱਖ। ਜੇ ਅਸੀਂ ਸਾਰੇ ਇਕ ਹੋ ਜਾਈਏ ਤਾਂ ਉਨ੍ਹਾਂ ਨੂੰ ਸਾਡੀ ਹਵਾ ਦਾ ਬੁਲ੍ਹਾ ਵੀ ਉਖਾੜ ਕੇ ਰੱਖ ਸਕਦਾ ਹੈ'। 1907 ਵਿਚ ਉਸਨੇ 'ਪੇਸ਼ਵਾ' ਨਾਮੀ ਪਤ੍ਰਿਕਾ ਸ਼ੁਰੂ ਕੀਤੀ ਜਿਸ ਦਾ ਮੁੱਖ ਮੰਤਵ ਅੰਗਰੇਜ਼ਾ ਵਿਰੁੱਧ 'ਬਗ਼ਾਵਤ ਦਾ ਪ੍ਰਚਾਰ ਕਰਨਾ' ਸੀ। ਸ਼ੁਰੂ ਸ਼ੁਰੂ ਵਿਚ ਇਹ ਪਤ੍ਰਿਕਾ ਉਸ ਦੇ ਛੋਟੇ ਭਰਾ ਸਵਰਨ ਸਿੰਘ ਦੀ ਨਿਗਰਾਨੀ ਹੇਠ ਸੰਪਾਦਿਤ ਕੀਤੀ ਜਾਂਦੀ ਸੀ ਪਰ ਮਗਰੋਂ ਸੰਪਾਦਕੀ ਦਾ ਕੰਮ ਸੂਫ਼ੀ ਅੰਬਾ ਪ੍ਰਸ਼ਾਦਿ ਨੂੰ ਸੌਂਪ ਦਿੱਤਾ ਗਿਆ। ਇਸ ਦੇ ਨਾਲ ਹੀ ਉਸਨੇ 'ਭਾਰਤ ਮਾਤਾ ਸੁਸਾਇਟੀ' ਵਲੋਂ ਮੀਟਿੰਗਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਜਿਨ੍ਹਾਂ ਵਿਚ ਖੁਲ੍ਹੇ-ਆਮ ਤੇ ਬੜੀ ਨਿਡਰਤਾ ਨਾਲ ਅੰਗਰੇਜ਼ਾਂ ਵਿਰੁੱਧ ਪ੍ਰਚਾਰ ਕੀਤਾ ਜਾਂਦਾ ਸੀ।

ਇਸੇ ਸਮੇਂ ਦੇ ਦੌਰਾਨ ਸ੍ਰ: ਅਜੀਤ ਸਿੰਘ ਨੇ ਬੰਗਾਲ ਦੇ ਇਨਕਲਾਬੀਆਂ, ਜੰਮੂ ਰਾਜ ਦੇ ਉਗਰਵਾਦੀਆਂ ਅਤੇ ਕੁਝ ਹੋਰ ਵਿਦੇਸ਼ੀ ਕ੍ਰਾਂਤੀਕਾਰੀਆਂ, ਵਿਸ਼ੇਸ਼ ਕਰਕੇ ਰੂਸੀਆਂ ਨਾਲ ਸੰਪਰਕ ਪੈਦਾ ਕੀਤਾ ਤਾਕਿ ਇਸ ਸੰਘਰਸ਼ ਵਿਚ ਵੱਧ ਤੋਂ ਵੱਧ ਲੋਕਾਂ ਨੂੰ ਸ਼ਾਮਲ ਕੀਤਾ ਜਾ ਸਕੇ। ਉਸਦਾ ਇਕ ਹੋਰ ਮਹੱਤਵ ਪੂਰਨ ਕਦਮ ਬਰਤਾਨੀਆਂ ਵਿਰੋਧੀ ਸਾਹਿਤ ਦਾ ਪ੍ਰਕਾਸ਼ਨ ਸੀ। ਉਸਨੇ ਅਜੇਹੇ ਕਈ ਲੇਖ ਅਤੇ ਪੈਂਫਲਿਟ ਛਪਵਾ ਕੇ ਲੋਕਾਂ ਵਿਚ ਵੰਡਣੇ ਸ਼ੁਰੂ ਕਰ ਦਿੱਤੇ ਜਿਨ੍ਹਾਂ ਵਿਚ ਅੰਗਰੇਜ਼ਾਂ ਵਲੋਂ ਕੀਤੀ ਜਾ ਰਹੀ ਲੁੱਟ ਖਸੁੱਟ ਅਤੇ ਵਧੀਕੀਆਂ ਦਾ ਵਰਨਣ ਸੀ। ਇਨ੍ਹਾਂ ਵਿਚੋਂ ਕੁਝ ਪ੍ਰਮੁੱਖ ਰਚਨਾਵਾਂ ਇਸ ਪ੍ਰਕਾਰ ਹਨ: 1857 ਦਾ ਗ਼ਦਰ, ਮਹਿਬੂਬਾਨੇ ਵਤਨ, ਬੰਦਰਬਾਟ, ਦੇਸੀ ਫੌਜ ਜਾਫ਼ਰ ਮੌਜ, ਉਂਗਲੀ ਪਕੜੇ ਪੰਜਾ ਪਕੜਾ, ਹੱਕ, ਹਿੰਦੁਸਤਾਨ ਦੀ ਮੌਜੂਦਾ ਹਾਲਤ, ਬਾਗ਼ੀ ਮਸੀਹਾ ਅਤੇ ਜਲਾਵਤਨੀ ਨੰਬਰ 1,2,3. ਇਨ੍ਹਾਂ ਰਚਨਾਵਾਂ ਵਿਚ ਦਰਜ ਵਿਧਰੋਹ ਦੀ ਭਾਵਨਾ ਨੂੰ ਮੁੱਖ ਰਖਦਿਆਂ ਸਰਕਾਰ ਨੇ ਇਨ੍ਹਾਂ ਦੇ ਛਪਵਾਉਣ ਅਤੇ ਵੰਡਣ ਉਪਰ ਪਾਬੰਦੀ ਲਗਾ ਦਿੱਤੀ। ਸਮਕਾਲੀ ਰਿਕਾਰਡ ਇਹ ਗੱਲ ਮਣਦੇ ਹਨ ਕਿ ਸ੍ਰ: ਅਜੀਤ ਸਿੰਘ ਦੁਆਰਾ ਸਥਾਪਿਤ 'ਭਾਰਤ ਮਾਤਾ ਸੁਸਾਇਟੀ' ਦੀਆਂ ਕਾਰਵਾਈਆਂ ਅਤੇ ਸ੍ਰ: ਅਜੀਤ ਸਿੰਘ ਦੇ ਮੰਚ ਅਤੇ ਪ੍ਰੈਸ ਦੁਆਰਾ ਕੀਤੇ ਕੰਮ ਨੇ ਪੰਜਾਬ ਵਿਚ ਇਕ ਬੜੀ ਵਿਸਫ਼ੋਟਕ ਸਥਿਤੀ ਪੈਦਾ ਕਰ ਦਿੱਤੀ ਸੀ। ਇਸ ਸਬੰਧ ਵਿਚ 'ਦੀ ਇੰਡੀਅਨ ਸੈਡੀਸ਼ਨ ਕਮੇਟੀ' ਦੀ ਰਿਪੋਰਟ ਵਿਚ ਦਰਜ ਪੰਜਾਬ ਦੇ ਗਵਰਨਰ ਸਰ ਡੈਂਜ਼ੀਅਲ ਐਬਿਟਸਨ ਦਾ ਇਹ ਬਿਆਨ ਬੜਾ ਮਹੱਤਵ ਪੂਰਨ ਹੈ ਕਿ 'ਸਿਆਲਕੋਟ, ਲਾਇਲਪੁਰ, ਰਾਵਲਪਿੰਡੀ ਆਦਿ ਸ਼ਹਿਰਾਂ ਵਿਚ ਅੰਗਰੇਜ਼ ਵਿਰੋਧੀ ਪ੍ਰਚਾਰ ਖੁਲ੍ਹੇਆਮ ਅਤੇ ਬਾਗ਼ੀਆਨਾਂ ਤੌਰ ਤੇ ਕੀਤਾ ਜਾ ਰਿਹਾ ਹੈ। ਪ੍ਰਾਂਤ ਦੀ ਰਾਜਧਾਨੀ ਲਾਹੌਰ ਵਿਚ ਇਹ ਪ੍ਰਚਾਰ ਬੜਾ ਜ਼ਹਿਰੀਲਾ ਹੈ ਅਤੇ ਸਿੱਟੇ ਵਜੋਂ ਇਥੇ ਗੰਭੀਰ ਅਸ਼ਾਂਤੀ ਪੈਦਾ ਹੋ ਰਹੀ ਹੈ'। ਇਸ ਸਮੇਂ ਦੀ ਲਿਖੀ ਇਕ ਹੋਰ ਰਿਪੋਰਟ ਵਿਚ ਦਰਜ ਹੈ ਕਿ 'ਬਾਗ਼ੀ ਅਜੀਤ ਸਿੰਘ ਅਤੇ ਉਸਦੇ ਸਾਥੀ, ਲੋਕਾਂ ਨੂੰ ਅੰਗ੍ਰੇਜ਼ਾਂ ਵਿਰੁੱਧ ਉਠਣ, ਉਨ੍ਹਾਂ ਉਪਰ ਹਮਲਾ ਕਰਨ ਅਤੇ ਸੁਤੰਤਰ ਹੋਣ ਦਾ ਪ੍ਰਚਾਰ ਕਰ ਰਹੇ ਹਨ। ਪਿੰਡਾਂ ਵਿਚ ਕਿਸਾਨਾਂ ਨੂੰ ਵਰਗਲਾਉਣ ਦੇ ਜਤਨ ਕੀਤੇ ਜਾ ਰਹੇ ਹਨ।' ਪੰਜਾਬ ਦੇ ਕੇਂਦਰੀ ਜ਼ਿਲ੍ਹਿਆਂ ਵਿਚ ਲੋਕਾਂ ਨੂੰ 'ਇਕੱਠੇ ਹੋਣ, ਸਰਕਾਰੀ ਮਾਲੀਆ, ਪਾਣੀ ਕਰ (Water Tax) ਤੇ ਦੂਜੇ ਹੋਰ ਟੈਕਸ, ਅਤੇ ਦੌਰੇ ਸਮੇਂ ਸਰਕਾਰੀ ਕਰਮਚਾਰੀਆਂ

Digitized by Panjab Digital Library | www.panjabdigilib.org

ਨੂੰ ਰਸਦ ਅਤੇ ਸਹਾਇਤਾ ਨਾ ਦੇਣ ਲਈ ਪ੍ਰੇਰਿਆ ਜਾ ਰਿਹਾ ਹੈ। ਇਹ ਲੋਕ ਦੇਸੀ ਸਿਪਾਹੀਆਂ ਅਤੇ ਪੁਲਿਸ ਨੂੰ ਵੀ ਸਰਕਾਰ ਵਿਰੁੱਧ ਉਠ ਖੜੇ ਹੋਣ ਲਈ ਚੁਕ ਰਹੇ ਹਨ'। ਅਪ੍ਰੈਲ 1907 ਦੇ ਆਪਣੇ ਇਕ ਨੋਟ ਵਿਚ ਪੰਜਾਬ ਦੇ ਗਵਰਨਰ ਨੇ ਮੰਨਿਆ ਸੀ ਕਿ 'ਵਰਤਮਾਨ ਅੰਦੋਲਨ ਇਕ ਗੰਭੀਰ ਰੂਪ ਧਾਰਨ ਕਰ ਰਿਹਾ ਹੈ, ਵਿਧਰੋਹੀ ਆਪਣੇ ਕਾਰਜ-ਸਿੱਧੀ ਲਈ ਜਨਤਾ ਦੇ ਦੁਖੜਿਆਂ ਨੂੰ ਸਾਧਨ ਬਣਾ ਕੇ ਉਨ੍ਹਾਂ ਦੀ ਹਮਦਰਦੀ ਜਿੱਤ ਰਹੇ ਹਨ'।

ਸ੍ਰ: ਅਜੀਤ ਸਿੰਘ ਬੜਾ ਜੋਸ਼ੀਲਾ ਵਕਤਾ ਸੀ ਤੇ ਉਸਦੀਆਂ ਤਕਰੀਰਾਂ ਵਿਚ ਇਤਿਹਾਸਕ ਤੱਥਾਂ ਦੇ ਵੇਰਵੇ ਉਸਦੀ ਡੂੰਘੀ ਸੋਚ ਅਤੇ ਅਧਿਐਨ ਵਲ ਸੰਕੇਤ ਦਿੰਦੇ ਹਨ।

ਅਜੀਤ ਸਿੰਘ ਦੀਆਂ ਇਨ੍ਹਾਂ ਕਾਰਵਾਈਆਂ ਤੋਂ ਫ਼ਿਕਰਮੰਦ ਹੋਕੇ ਪੰਜਾਬ ਸਰਕਾਰ ਨੇ ਕੇਂਦਰੀ ਸਰਕਾਰ ਨੂੰ ਲਿਖਿਆ ਕਿ ਪੰਜਾਬ ਦੇ ਇਸ ਕ੍ਰਾਂਤੀਕਾਰੀ ਅਤੇ ਆਰੀਆ ਸਮਾਜੀ ਨੇਤਾ ਲਾਲਾ ਲਾਜਪਤ ਰਾਏ ਨੂੰ ਕਿਸੇ ਸਾਧਾਰਨ ਕਾਨੂੰਨ ਦੇ ਅੰਤਰਗੱਤ ਗ੍ਰਿਫ਼ਤਾਰ ਨਹੀਂ ਕੀਤਾ ਜਾ ਸਕਦਾ। ਕੇਂਦਰ 1818 ਦੇ ਰੈਗੂਲੇਸ਼ਨ 3 ਦੇ ਅਧੀਨ ਤੁਰੰਤ ਕਾਰਵਾਈ ਕਰੇ ਅਤੇ ਇਨ੍ਹਾਂ ਦੋਹਾਂ ਨੇਤਾਵਾਂ ਨੂੰ ਪੰਜਾਬ ਤੋਂ ਕਿਤੇ ਦੂਰ ਭੇਜ ਦਿੱਤਾ ਜਾਵੇ ਤਾਕਿ ਪੰਜਾਬ ਨੂੰ ਉਤਪਨ ਹੋਏ ਮੌਜੂਦਾ ਖ਼ਤਰੇ ਤੋਂ ਬਚਾਇਆ ਜਾ ਸਕੇ। ਪੰਜਾਬ ਸਰਕਾਰ ਦਾ ਬੇਨਤੀ ਪੱਤਰ ਮਿਲਦਿਆਂ ਹੀ ਕੇਂਦਰ ਨੇ ਇਨ੍ਹਾਂ ਦੀ ਗ੍ਰਿਫ਼ਤਾਰੀ ਦੇ ਵਾਰੰਟ ਪੰਜਾਬ ਸਰਕਾਰ ਨੂੰ ਭੇਜ ਦਿੱਤੇ ਤੇ ਨਾਲ ਹੀ ਇਨ੍ਹਾਂ ਨੂੰ ਮਾਂਡਲੇ ਜੇਲ੍ਹ ਵਿਚ ਭੇਜਣ ਦੇ ਪੱਕੇ ਇੰਤਜ਼ਾਮ ਕਰ ਲਏ। ਗ੍ਰਹਿ ਵਿਭਾਗ ਵਲੋਂ ਜਾਰੀ ਕੀਤੇ ਇਸ ਵਾਰੰਟ ਦੇ ਆਧਾਰ ਤੇ ਲਾਲਾ ਲਾਜਪਤ ਰਾਏ ਨੂੰ 9 ਮਈ 1907 ਅਤੇ ਸ੍ਰ: ਅਜੀਤ ਸਿੰਘ ਨੂੰ 3 ਜੂਨ 1907 ਨੂੰ ਲਾਹੌਰ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਇਨ੍ਹਾਂ ਨੇਤਾਵਾਂ ਦੀ ਗ੍ਰਿਫ਼ਤਾਰੀ ਦੀ ਖ਼ਬਰ ਮਿਲਦਿਆਂ ਹੀ ਪੂਰੇ ਪੰਜਾਬ ਅਤੇ ਪੰਜਾਬ ਤੋਂ ਬਾਹਰ ਜਨਤਕ-ਮੀਟਿੰਗਾਂ, ਮੁਜ਼ਾਹਰਿਆਂ ਤੇ ਲਿਖਤੀ ਰੈਜ਼ੂਲੇਸ਼ਨਾਂ ਦੁਆਰਾ ਸਰਕਾਰ ਦੀ ਸਖ਼ਤ ਨਖੇਧੀ ਕੀਤੀ ਗਈ। ਭਾਰਤ ਅਤੇ ਇੰਗਲੈਂਡ ਦੀਆਂ ਸਰਕਾਰਾਂ ਨੂੰ ਵਿਰੋਧ ਪੱਤਰ ਭੇਜੇ ਗਏ ਅਤੇ ਦੋਹਾਂ ਨੇਤਾਵਾਂ ਦੀ ਰਿਹਾਈ ਅਤੇ ਇਨ੍ਹਾਂ ਦੇ ਪ੍ਰਵਾਰਾਂ ਦੀ ਸਹਾਇਤਾ ਲਈ ਫੰਡ ਇਕੱਠੇ ਕੀਤੇ ਗਏ।

ਮਾਂਡਲੇ ਦੀ ਜੇਲ੍ਹ ਵਿਚ ਭੇਜ ਦੇਣ ਮਗਰੋਂ ਅੰਗਰੇਜ਼ ਅਧਿਕਾਰੀਆਂ ਵਲੋਂ ਦੋਹਾਂ ਨੇਤਾਵਾਂ ਨੂੰ ਅਲੱਗ ਅਲੱਗ ਜੇਲ੍ਹਾਂ ਵਿਚ ਰਖਿਆ ਗਿਆ। ਨਾ ਤਾਂ ਉਨ੍ਹਾਂ ਨੂੰ ਆਪਸ ਵਿਚ ਮਿਲਣ ਦੀ ਇਜਾਜ਼ਤ ਸੀ ਅਤੇ ਨਾ ਹੀ ਗੱਲ ਕਰਨ ਦੀ। ਉਨ੍ਹਾਂ ਨੂੰ ਕਾਨੂੰਨੀ ਸਲਾਹ ਪ੍ਰਾਪਤ ਕਰਨ ਦੀ ਵੀ ਆਗਿਆ ਨਹੀਂ ਸੀ। ਸ੍ਰ: ਅਜੀਤ ਸਿੰਘ ਨੂੰ ਮਾਂਡਲੇ ਦੀ ਜੇਲ੍ਹ ਵਿਚ ਕਰੀਬ ਛੇ ਮਹੀਨੇ ਰਖਿਆ ਗਿਆ। ਕਿਉਂਕਿ ਉਹ ਹਮੇਸ਼ਾ ਤਿਆਗ ਅਤੇ ਕੁਰਬਾਨੀ ਦੀ ਗੱਲ ਕਰਿਆ ਕਰਦਾ ਸੀ ਇਸ ਲਈ ਉਸਨੇ ਜੇਲ੍ਹ ਵਿਚ ਹੁੰਦੇ ਮਾੜੇ ਸਲੂਕ ਨੂੰ ਵੀ ਖਿੜ੍ਹੇ ਮੱਥੇ ਝਲਿਆ ਤੇ ਇਸ ਸਬੰਧ ਵਿਚ ਕਦੇ ਵੀ ਕਿਸੇ ਅਗੇ ਰੋਸ ਪ੍ਰਗਟ ਨਹੀਂ ਸੀ ਕੀਤਾ। ਇਕ ਜੁਲਾਈ 1907 ਨੂੰ ਜੇਲ੍ਹ ਸੁਪਰਿਨਟੈਂਡੈਂਟ ਵਲੋਂ ਗਵਰਨਰ ਜਨਰਲ ਇਨ ਕੌਂਸਲ ਨੂੰ ਭੇਜੀ ਗਈ ਇਕ ਰਿਪੋਰਟ ਵਿਚ ਲਿਖਿਆ ਸੀ, 'ਉਸ (ਅਜੀਤ ਸਿੰਘ) ਦਾ ਵਰਤਾਰਾ ਬਹੁਤ ਚੰਗਾ ਹੈ। ਉਹ ਸੰਤੁਸ਼ਟ ਜਾਪਦਾ ਹੈ। ਉਸਦੀ ਤੰਦਰੁਸਤੀ ਸ਼ਾਨਦਾਰ ਹੈ ਅਤੇ ਉਹ ਹਰ ਰੋਜ਼ ਦੋ ਵਾਰ ਕਸਰਤ ਕਰਦਾ ਹੈ'। ਇਹੋ ਜਹੀਆਂ ਰਿਪੋਰਟਾਂ ਇਹ ਜ਼ਾਹਿਰ ਕਰਦੀਆਂ ਹਨ ਕਿ ਦੇਸ਼ ਦੇ ਕ੍ਰਾਂਤੀਕਾਰੀ ਨੌਜਵਾਨ ਕਿਸ ਮਾਨਸਕ ਅਵਸਥਾ ਅਤੇ ਚੜ੍ਹਦੀ ਕਲਾ ਵਿਚ ਵਿਚਰਦੇ ਸਨ ਕਿ ਉਨ੍ਹਾਂ ਦੀ ਦ੍ਰਿੜਤਾ ਤੇ ਤਿਆਗ

Digitized by Panjab Digital Library | www.panjabdigilib.org

ਦੀ ਭਾਵਨਾ ਨੂੰ ਵੇਖ ਕੇ ਜੇਲ੍ਹ ਕਰਮਚਾਰੀ ਵੀ ਹੈਰਾਨ ਹੋ ਜਾਇਆ ਕਰਦੇ ਸਨ।

ਜਨਤਕ ਮੀਟਿੰਗਾਂ, ਮੁਜ਼ਾਹਿਰੇ ਅਤੇ ਵਿਰੋਧ ਪੱਤਰਾਂ ਕਾਰਨ ਸ੍ਰ: ਅਜੀਤ ਸਿੰਘ ਅਤੇ ਲਾਲਾ ਲਾਜਪਤ ਰਾਏ ਨੂੰ ਰਿਹਾ ਕਰਨ ਲਈ ਸਰਕਾਰ ਤੇ ਦਬਾਉ ਵਧੱਦਾ ਜਾ ਰਿਹਾ ਸੀ। ਇਸ ਲਈ ਬਰਤਾਨਵੀ ਸਰਕਾਰ ਨੇ ਨਵੰਬਰ 1907 ਵਿਚ ਇਨ੍ਹਾਂ ਨੂੰ ਰਿਹਾ ਕਰ ਦੇਣ ਦਾ ਫ਼ੈਸਲਾ ਕਰ ਲਿਆ। ਇਨ੍ਹਾਂ ਦੀ ਰਿਹਾਈ ਇਨ੍ਹਾਂ ਨੂੰ ਮਾਂਡਲ੍ਹੇ ਤੋਂ ਪੰਜਾਬ ਪਹੁੰਚਾਣ ਮਗਰੋਂ ਹੀ ਕੀਤੀ ਜਾਣੀ ਸੀ। ਇਨ੍ਹਾਂ ਦੋਹਾਂ ਸੁਤੰਤਰਤਾ ਸੈਨਾਨੀਆਂ ਨੂੰ ਪੁਲਿਸ ਦੇ ਸਖ਼ਤ ਪਹਿਰੇ ਥਲੇ ਮਾਂਡਲੇ ਤੋਂ ਰੰਗੂਨ, ਫਿਰ ਕਲਕੱਤਾ ਤੇ ਉਥੋਂ ਸਪੈਸ਼ਲ ਗੱਡੀ ਰਾਹੀਂ ਲਾਹੌਰ ਲਿਆਂਦਾ ਗਿਆ। ਲਾਹੌਰ ਪਹੁੰਚਣ ਤੇ ਸ੍ਰ: ਅਜੀਤ ਸਿੰਘ ਅਤੇ ਲਾਲਾ ਲਾਜਪਤ ਰਾਏ ਨੂੰ 18 ਨਵੰਬਰ 1907 ਨੂੰ ਰਿਹਾ ਕਰ ਦਿੱਤਾ ਗਿਆ। ਉਨ੍ਹਾਂ ਦੀ ਰਿਹਾਈ ਨਾਲ ਸਾਰੇ ਪੰਜਾਬ ਵਿਚ ਖੁਸ਼ੀ ਅਤੇ ਉਤਸ਼ਾਹ ਦੀ ਲਹਿਰ ਦੌੜ ਗਈ। ਡੀ.ਏ.ਵੀ. ਕਾਲਜ ਲਾਹੌਰ ਵਿਚ ਛੁੱਟੀ ਕੀਤੀ ਗਈ ਤੇ ਪੰਜਾਬ ਦੇ ਕਈ ਨਗਰਾਂ, ਕਸਬਿਆਂ ਤੇ ਪਿੰਡਾਂ ਵਿਚ ਦੀਪ ਮਾਲਾ ਕਰਕੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ।

ਰਿਹਾਈ ਤੋਂ ਕੁਝ ਦਿਨ ਮਗਰੋਂ ਸ੍ਰ: ਅਜੀਤ ਸਿੰਘ ਸੂਰਤ ਵਿਖੇ ਹੋਣ ਵਾਲੇ ਕਾਂਗਰਸ ਦੇ ਸਾਲਾਨਾ ਅਜਲਾਸ ਵਿਚ ਭਾਗ ਲੈਣ ਲਈ ਸੂਰਤ ਚਲਾ ਗਿਆ। ਇਸ ਅਜਲਾਸ ਦੀ ਪ੍ਰਧਾਨਗੀ ਪ੍ਰਸਿੱਧ ਕ੍ਰਾਂਤੀਕਾਰੀ ਸ੍ਰੀ ਰਾਸ ਬਿਹਾਰੀ ਬੋਸ ਨੇ ਕੀਤੀ ਸੀ। ਇਥੇ ਹੀ ਕਾਂਗਰਸ ਦੇ ਦੋ ਧੜਿਆਂ ਵਿਚ ਫੁੱਟ ਪੈ ਜਾਣ ਕਾਰਨ ਬਾਲ ਗੰਗਾਧਰ ਤਿਲਕ ਦੀ ਪ੍ਰਧਾਨਗੀ ਥਲੇ ਇਕ ਵਖਰੀ ਕਾਨਫ੍ਰੰਸ ਕੀਤੀ ਗਈ। ਆਏ ਹੋਏ ਡੈਲੀਗੇਟਾਂ ਨੂੰ ਸੰਬੋਧਨ ਕਰਦਿਆਂ ਤਿਲਕ ਨੇ ਆਪਣੇ ਭਾਸ਼ਨ ਵਿਚ ਕਿਹਾ ਸੀ ਕਿ 'ਸ੍ਰ: ਅਜੀਤ ਸਿੰਘ ਇਕ ਅਨੋਖੀ ਸ਼ਖ਼ਸੀਅਤ ਹੈ ਤੇ ਉਹ ਭਾਰਤ ਦੇ ਪਹਿਲੇ ਰਾਸ਼ਟਰਪਤੀ ਬਣਨ ਦਾ ਪਾਤਰ ਹੈ।' ਸੂਰਤ ਤੋਂ ਵਾਪਸ ਪਰਤ ਕੇ ਅਜੀਤ ਸਿੰਘ ਫ਼ਿਰ ਆਜ਼ਾਦੀ ਦੇ ਸੰਘਰਸ਼ ਵਿਚ ਜੁੱਟ ਗਿਆ। ਉਸਨੇ ਆਪਣੇ ਸੰਬੰਧ ਪੈਰਿਸ ਵਿਚ ਰਹਿ ਰਹੇ ਸ਼ਾਮ ਜੀ ਵਰਮਾ ਅਤੇ ਵਿਦੇਸ਼ਾਂ ਵਿਚ ਰਹਿ ਰਹੇ ਹੋਰ ਭਾਰਤੀ ਇਨਕਲਾਬੀਆਂ ਨਾਲ ਕਾਇਮ ਕੀਤੇ ਤਾਕਿ ਉਨ੍ਹਾਂ ਦੁਆਰਾ ਵਿਦੇਸ਼ਾਂ ਵਿਚ ਕੀਤੀਆਂ ਜਾ ਰਹੀਆਂ ਕਾਰਵਾਈਆਂ ਦਾ ਵੀ ਪਤਾ ਚਲਦਾ ਰਹੇ। ਉਸਨੇ ਅਮਰੀਕਾ ਅਤੇ ਕੈਨੇਡਾ ਵਿਚ ਪੜ੍ਹ ਰਹੇ ਭਾਰਤੀ ਵਿਦਿਆਰਥੀਆਂ ਨੂੰ ਮਾਇਕ ਸਹਾਇਤਾ ਅਤੇ ਇਨਕਲਾਬੀ ਸਾਹਿਤ ਭੇਜਣ ਲਈ ਲਾਹੌਰ ਵਿਖੇ 'ਇੰਡੋ ਅਮਰੀਕਨ ਐਸੋਸੀਏਸ਼ਨ' ਦੀ ਬ੍ਰਾਂਚ ਸਥਾਪਿਤ ਕੀਤੀ। ਇਸ ਵੇਲੇ ਤਕ ਉਹ ਦੇਸ਼ ਦਾ ਸਭ ਤੋਂ ਵੱਧ ਹਰਮਨ ਪਿਆਰਾ ਤੇ ਮਹਿਬੂਬ ਨੇਤਾ ਬਣ ਚੁਕਾ ਸੀ।

ਅਜੀਤ ਸਿੰਘ ਨੇ ਉਨ੍ਹਾਂ ਸਾਰੇ ਢੰਗ ਅਤੇ ਤਰੀਕਿਆਂ ਨੂੰ ਅਪਣਾਇਆ ਜਿਨ੍ਹਾਂ ਰਾਹੀਂ ਕਿ ਦੇਸ਼ ਵਾਸੀਆਂ ਨੂੰ ਅੰਗਰੇਜ਼ੀ ਹਕੂਮਤ ਵਿਰੁੱਧ ਉਕਸਾਇਆ ਜਾ ਸਕਦਾ ਸੀ। 'ਪੇਸ਼ਵਾ' ਵਿਚ ਛਪੇ ਉਸਦੇ ਇਕ ਸਰਕਾਰ ਵਿਰੋਧੀ ਲੇਖ ਤੋਂ ਵੀ ਸਰਕਾਰੀ ਏਜੰਸੀਆਂ ਬਹੁਤ ਪ੍ਰੇਸ਼ਾਨ ਸਨ। ਉਹ ਸ੍ਰ: ਅਜੀਤ ਸਿੰਘ ਦੇ ਪ੍ਰਚਾਰ ਨਾਲ ਪੈਦਾ ਹੋ ਰਹੀ ਸਥਿਤੀ ਬਾਰੇ ਗ੍ਰਹਿ ਵਿਭਾਗ ਨੂੰ ਲਗਾਤਾਰ ਆਪਣੀਆਂ ਰਿਪੋਰਟਾਂ ਰਾਹੀਂ ਸੂਚਿਤ ਕਰ ਰਹੀਆਂ ਸਨ। ਇਸੇ ਤਰ੍ਹਾਂ ਦੀ ਇਕ ਰਿਪੋਰਟ ਵਿਚ ਇਹ ਸਪਸ਼ਟ ਕਿਹਾ ਗਿਆ ਸੀ ਕਿ ਜੇ ਅਜੀਤ ਸਿੰਘ ਤੇ ਉਸਦੇ ਸਾਥੀਆਂ ਦੀ ਕਾਰਵਾਈ ਨੂੰ ਤੁਰੰਤ ਰੋਕ ਨਾ ਪਾਈ ਗਈ ਤਾਂ ਇਸਦੇ ਗੰਭੀਰ ਸਿੱਟੇ ਨਿਕਲ ਸਕਦੇ ਹਨ। ਲਗਾਤਾਰ ਮਿਲ ਰਹੀਆਂ ਅਜੇਹੀਆਂ ਰਿਪੋਰਟਾਂ ਕਾਰਨ ਸਰਕਾਰ ਸ੍ਰ: ਅਜੀਤ ਸਿੰਘ ਨੂੰ ਕਿਸੇ ਗੰਭੀਰ ਮਸਲੇ ਵਿਚ

Digitized by Panjab Digital Library | www.panjabdigilib.org

ਉਲਝਾ ਕੇ ਉਸ ਵਿਰੁੱਧ ਸਖ਼ਤ ਕਾਰਵਾਈ ਕਰਨ ਬਾਰੇ ਸੋਚਣ ਲਗ ਪਈ।

ਜਦੋਂ ਇਸ ਗੱਲ ਦੀ ਸੂਚਨਾ ਸ੍ਰ: ਅਜੀਤ ਸਿੰਘ ਨੂੰ ਮਿਲੀ ਤਾਂ ਉਸਨੇ ਕੁਝ ਸਮੇਂ ਲਈ ਦੇਸ਼ ਤੋਂ ਬਾਹਰ ਜਾਕੇ ਆਪਣੀਆਂ ਗਤੀਵਿਧੀਆਂ ਨੂੰ ਜਾਰੀ ਰਖਣ ਦਾ ਫ਼ੈਸਲਾ ਕਰ ਲਿਆ। ਇਸ ਤੋਂ ਪਹਿਲਾਂ ਕਿ ਸਰਕਾਰ ਅਜੀਤ ਸਿੰਘ ਨੂੰ ਗ੍ਰਿਫ਼ਤਾਰ ਕਰਨ ਦੀ ਦਿਸ਼ਾ ਵਲ ਕੋਈ ਕਦਮ ਚੁਕ ਸਕਦੀ, ਸ੍ਰ: ਅਜੀਤ ਸਿੰਘ, ਸੂਫ਼ੀ ਅੰਬਾ ਪ੍ਰਸ਼ਾਦਿ ਅਤੇ ਸ੍ਰੀ ਜ਼ਿਆ-ਉਲ-ਹੱਕ, ਸਾਧੂਆਂ ਦਾ ਭੇਸ ਬਣਾ ਕੇ ਕਰਾਚੀ ਦੇ ਰਸਤੇ ਹੁੰਦੇ ਹੋਏ ਬੁਸ਼ੈਰ(ਈਰਾਨ) ਪਹੁੰਚ ਗਏ। ਅੰਗਰੇਜ਼ੀ ਹਕੂਮਤ ਨੇ ਬੁਸ਼ੈਰ ਵਿਖੇ ਆਪਣੇ ਰਾਜਨੀਤਕ ਪ੍ਰਤੀਨਿਧੀ ਨੂੰ ਲਿਖਿਆ ਕਿ ਉਹ ਈਰਾਨ ਦੇ ਅਧਿਕਾਰੀਆਂ ਦੀ ਸਹਾਇਤਾ ਨਾਲ ਸ੍ਰ: ਅਜੀਤ ਸਿੰਘ ਤੇ ਉਸਦੇ ਦੋ ਸਾਥੀਆਂ ਨੂੰ ਗ੍ਰਿਫ਼ਤਾਰ ਕਰਕੇ ਵਾਪਸ ਹਿੰਦੁਸਤਾਨ ਭੇਜਣ ਦਾ ਪ੍ਰਬੰਧ ਕਰੇ। ਪਰ ਅਜੀਤ ਸਿੰਘ ਅਤੇ ਸੂਫ਼ੀ ਅੰਬਾ ਪ੍ਰਸ਼ਾਦਿ ਇਥੋਂ ਵੀ ਅੰਗਰੇਜ਼ਾਂ ਦੁਆਰਾ ਵਿਛਾਏ ਗਏ ਜਾਲ ਤੋਂ ਬਚ ਕੇ ਨਿਕਲ ਗਏ, ਜਦ ਕਿ ਉਨ੍ਹਾਂ ਦਾ ਤੀਜਾ ਸਾਥੀ ਜ਼ਿਆ-ਉਲ-ਹੱਕ ਪਕੜ ਲਿਆ ਗਿਆ।

ਸ੍ਰ: ਅਜੀਤ ਸਿੰਘ ਅਤੇ ਸੂਫ਼ੀ ਅੰਬਾ ਪ੍ਰਸ਼ਾਦਿ ਬੁਸ਼ੈਰ ਤੋਂ ਨਿਕਲ ਕੇ ਸ਼ੀਰਾਜ (ਈਰਾਨ) ਪਹੁੰਚੇ। ਇਥੋਂ ਉਨ੍ਹਾਂ ਨੇ ਫ਼ਾਰਸੀ ਵਿਚ 'ਹਯਾਤ' ਨਾਮ ਦਾ ਇਕ ਪਰਚਾ ਜਾਰੀ ਕੀਤਾ ਜਿਸ ਦਾ ਮੁੱਖ ਉਦੇਸ਼ ਉਥੋਂ ਦੇ ਲੋਕਾਂ ਨੂੰ ਭਾਰਤ ਦੀ ਜੱਦੋ ਜਹਿਦ ਤੋਂ ਜਾਣੂ ਕਰਾਉਣਾ ਸੀ। ਅੰਗਰੇਜ਼ੀ ਹਕੂਮਤ ਨੇ ਅਜੀਤ ਸਿੰਘ ਨੂੰ ਗ੍ਰਿਫ਼ਤਾਰ ਕਰਨ ਲਈ ਪਹਿਲਾਂ 1000/- ਤੇ ਮਗਰੋਂ 2000/- ਰੁਪੈ ਦੀ ਰਕਮ ਦਾ ਐਲਾਨ ਕਰ ਦਿੱਤਾ। ਜਦੋਂ ਸ਼ੀਰਾਜ਼ ਵਿਚ ਗ੍ਰਿਫ਼ਤਾਰ ਹੋਣ ਦਾ ਖ਼ਤਰਾ ਵੱਧ ਗਿਆ ਤਾਂ ਅਜੀਤ ਸਿੰਘ ਉਥੋਂ ਟਰਕੀ ਚਲਾ ਗਿਆ ਜਿਥੇ ਉਹ ਤੁਰਕੀ ਜਰਨੈਲ ਅਤੇ ਸਿਆਸਤ ਦਾਨ ਕਮਾਲ ਪਾਸ਼ਾ ਨੂੰ ਮਿਲਿਆ। ਉਹ ਟਰਕੀ ਤੋਂ ਸਵਿਟਜ਼ਰਲੈਂਡ ਗਿਆ ਤੇ ਉਥੋਂ ਉਹ ਪੈਰਿਸ ਪਹੁੰਚ ਗਿਆ ਜਿਥੇ ਪਹਿਲਾਂ ਹੀ ਭਾਰਤੀ ਕ੍ਰਾਂਤੀਕਾਰੀਆਂ ਨੂੰ ਉਸ ਦੇ ਆਉਣ ਦੀ ਸੂਚਨਾ ਮਿਲ ਚੁਕੀ ਸੀ। ਇਥੇ ਆਕੇ ਉਹ ਭਾਰਤੀ ਕ੍ਰਾਂਤੀਕਾਰੀਆਂ ਦੁਆਰਾ ਚਲਾਏ ਜਾ ਰਹੇ ਅੰਦੋਲਨ ਦਾ ਸਰਗਰਮ ਮੈਂਬਰ ਬਣ ਗਿਆ।

ਪੈਰਿਸ ਵਿਚ ਰਹਿੰਦਿਆਂ ਅਜੀਤ ਸਿੰਘ ਯੂਰਪ ਦੇ ਕਈ ਦੇਸ਼ਾਂ ਵਿਚ ਗਿਆ। ਉਹ ਮਸੋਲਿਨੀ ਤੋਂ ਇਲਾਵਾ ਯੂਰਪ ਦੇ ਕਈ ਨੇਤਾਵਾਂ ਨੂੰ ਮਿਲਿਆ। ਜ਼ਿਊਰਿੱਖ ਵਿਚ ਉਹ ਲੈਨਿਨ ਨੂੰ ਵੀ ਮਿਲਿਆ। ਉਸਨੇ ਜਰਮਨ ਰਾਜਦੂਤ ਦੀ ਸਹਾਇਤਾ ਨਾਲ ਜ਼ਿਊਰਿੱਖ ਵਿਖੇ 'ਇੰਟਰਨੈਸ਼ਨਲ ਪਰੋ ਇੰਡੀਆ ਕਮੇਟੀ' ਅਤੇ ਬਰਲਿਨ ਵਿਖੇ 'ਇੰਡੀਅਨ ਨੈਸ਼ਨਲ ਪਾਰਟੀ' ਦੀ ਸਥਾਪਨਾ ਕੀਤੀ। ਇਨ੍ਹਾਂ ਪਾਰਟੀਆਂ ਦਾ ਉਦੇਸ਼ ਜਰਮਨੀ ਦੀ ਸਹਾਇਤਾ ਨਾਲ ਭਾਰਤ ਵਿਚ ਗਣਤੰਤਰ ਸਥਾਪਿਤ ਕਰਨਾ ਸੀ। ਬਰਲਿਨ ਦੀ 'ਇੰਡੀਅਨ ਨੈਸ਼ਨਲ ਪਾਰਟੀ' ਦੇ ਜ਼ਿੰਮੇ ਬਰਤਾਨੀਆਂ ਵਿਰੁੱਧ ਸਾਹਿਤ ਪ੍ਰਕਾਸ਼ਤ ਕਰਨਾ ਅਤੇ ਵੰਡਣਾ, ਜਰਮਨੀ ਵਿਚ ਭਾਰਤੀ ਜੰਗੀ ਕੈਦੀਆਂ ਵਿਚ ਬਗ਼ਾਵਤ ਦਾ ਪ੍ਰਚਾਰ ਕਰਨਾ ਅਤੇ ਜਿਥੋਂ ਤਕ ਸੰਭਵ ਹੋ ਸਕੇ ਫ਼ਰਾਂਸ ਵਿਚ ਹਿੰਦੁਸਤਾਨੀ ਫ਼ੌਜਾਂ ਵਿਚ ਜਾਸੂਸੀ ਕਰਨਾ ਆਦਿ ਕੰਮ ਸ਼ਾਮਲ ਸਨ। ਯੂਰਪ ਵਿਚ ਹੀ ਉਸਦੀ ਮੁਲਕਾਤ ਭਾਰਤ ਦੇ ਪ੍ਰਸਿੱਧ ਕ੍ਰਾਂਤੀਕਾਰੀ ਲਾਲਾ ਹਰਦਿਆਲ ਅਤੇ ਰੂਸੀ ਕ੍ਰਾਂਤੀਕਾਰੀ ਟਰੌਸਕੀ ਨਾਲ ਹੋਈ।

ਅਜੀਤ ਸਿੰਘ ਪੈਰਿਸ ਵਿਚ 1913 ਤਕ ਰਿਹਾ। ਇਸ ਤੋਂ ਬਾਦ ਉਹ ਦੱਖਣੀ ਅਮ੍ਰੀਕਾ ਦੇ ਦੇਸ਼ ਬਰਾਜ਼ੀਲ ਚਲਾ ਗਿਆ। ਜਦੋਂ ਉਹ ਪੈਰਿਸ ਵਿਚ ਹੀ ਸੀ ਤਾਂ ਪਛੱਮੀ ਅਮਰੀਕਾ ਅਤੇ

Digitized by Panjab Digital Library | www.panjabdigilib.org

ਕੈਨੇਡਾ ਦੇ ਗ਼ਦਰੀ ਨੇਤਾਵਾਂ ਨੇ ਉਸਨੂੰ ਅਮਰੀਕਾ ਆਉਣ ਦਾ ਸੱਦਾ ਦਿੱਤਾ ਸੀ। ਗ਼ਦਰ ਲਹਿਰ ਦਾ ਸੰਚਾਲਣ ਕਰਨ ਲਈ ਉਨ੍ਹਾਂ ਨੂੰ ਅਜੀਤ ਸਿੰਘ ਵਰਗੇ ਮਜ਼ਬੂਤ ਇਰਾਦੇ ਵਾਲੇ ਨੌਜਵਾਨ ਦੀ ਅਗਵਾਈ ਦੀ ਜ਼ਰੂਰਤ ਸੀ। ਪਰ ਤਾਰਕ ਨਾਥ ਅਤੇ ਲਾਲਾ ਹਰਦਿਆਲ ਦੇ ਉਥੇ ਪਹੁੰਚ ਜਾਣ ਮਗਰੋਂ ਸ਼ਾਇਦ ਅਜੀਤ ਸਿੰਘ ਨੇ ਪੈਰਿਸ ਅਤੇ ਹੋਰ ਕੇਂਦਰਾਂ ਤੋਂ ਹੀ ਆਪਣਾ ਕੰਮ ਜਾਰੀ ਰਖਣ ਦਾ ਫ਼ੈਸਲਾ ਕਰ ਲਿਆ ਸੀ। ਫ਼ਿਰ ਵੀ ਉਸਦੇ ਇਸ ਫ਼ੈਸਲੇ ਬਾਰੇ ਨਿਸ਼ਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ।

ਅਜੀਤ ਸਿੰਘ ਬਰਾਜ਼ੀਲ ਵਿਚ ਕਰੀਬ ਅਠਾਰਾਂ ਸਾਲ (1914-1932) ਤਕ ਰਿਹਾ। ਜਦੋਂ ਉਸ ਨੇ ਹਿੰਦੁਸਤਾਨ ਛੱਡਿਆ ਸੀ ਤਾਂ ਉਸਨੇ ਕਦੇ ਨਹੀਂ ਸੀ ਸੋਚਿਆ ਕਿ ਉਸਦੀ ਜਲਾਵਤਨੀ ਦਾ ਸਮਾਂ ਇਤਨਾ ਲੰਬਾ ਹੋ ਜਾਵੇਗਾ ਕਿ ਉਹ ਕੇਵਲ ਆਪਣਾ ਸਰੀਰ ਤਿਆਗਣ ਵਾਸਤੇ ਹੀ ਸੁਦੇਸ਼ ਪਰਤ ਸਕੇਗਾ। ਬਰਾਜ਼ੀਲ ਆਉਣ ਮਗਰੋਂ ਉਸ ਨੇ ਗ਼ਦਰ ਲਹਿਰ ਦੇ ਨੇਤਾਵਾਂ ਨਾਲ ਸੰਪਰਕ ਸਥਾਪਿਤ ਕੀਤਾ ਤੇ ਉਨ੍ਹਾਂ ਦੇ ਹਰ ਪ੍ਰੋਗਰਾਮ ਵਿਚ ਉਨ੍ਹਾਂ ਦੀ ਮਦਦ ਕਰਨ ਦਾ ਭਰੋਸਾ ਦੁਆਇਆ। ਪਹਿਲੀ ਵਿਸ਼ਵ ਜੰਗ ਜਾਰੀ ਸੀ। ਗ਼ਦਰੀ ਵੀਰ ਦੇਸ਼ ਵਿਚੋਂ ਅੰਗਰੇਜ਼ਾਂ ਦਾ ਤਖ਼ਤਾ ਪਲਟ ਦੇਣ ਦੇ ਉਦੇਸ਼ ਨਾਲ ਭਾਰਤ ਅਤੇ ਪੂਰਬ ਏਸ਼ਿਆਈ ਦੇਸ਼ਾਂ ਵਿਚ ਪਹੁੰਚ ਚੁਕੇ ਸਨ। 11 ਅਪ੍ਰੈਲ 1916 ਦੀ ਇਕ ਰਿਪੋਰਟ ਵਿਚ ਲਿਖਿਆ ਹੈ ਕਿ ਅਜੀਤ ਸਿੰਘ ਨੇ ਆਪਣੇ ਇਕ ਵਿਸ਼ਵਾਸ ਪਾਤਰ ਜੋਧ ਸਿੰਘ ਨੂੰ ਖ਼ਰਚ ਦੇ ਕੇ ਬਰਾਜ਼ੀਲ ਤੋਂ ਗ਼ਦਰ ਪਾਰਟੀ ਦੀ 'ਬਰਮਾ-ਸਿਆਮ ਸਕੀਮ' ਵਿਚ ਭਾਗ ਲੈਣ ਲਈ ਸਿੰਘਾਪੁਰ ਭੇਜਿਆ। ਇਸ ਯੋਜਨਾਂ ਅਨੁਸਾਰ ਜਰਮਨੀ ਨੇ 20 ਹਜ਼ਾਰ ਭਾਰਤੀ ਸੈਨਿਕਾਂ ਨੂੰ ਸਿਖਲਾਈ ਦੇ ਕੇ ਪੂਰਬੀ ਦਿਸ਼ਾ ਵਲੋਂ ਹਿੰਦੁਸਤਾਨ ਭੇਜਣਾ ਸੀ। ਪਰ ਪਹਿਲੇ ਸੰਸਾਰ ਯੁੱਧ ਵਿਚ ਜਰਮਨੀ ਦੀ ਹਾਰ ਹੋ ਜਾਣ ਕਾਰਨ ਗ਼ਦਰੀ ਨੇਤਾਵਾਂ ਦੀਆਂ ਬਹੁਤ ਸਾਰੀਆਂ ਯੋਜਨਾਵਾਂ ਅਸਫ਼ਲ ਹੋ ਗਈਆਂ। ਅਜੀਤ ਸਿੰਘ ਨੇ ਲੰਬੇ ਸਮੇਂ ਤਕ ਬਰਾਜ਼ੀਲ ਟਿਕੇ ਰਹਿਣ ਕਾਰਨ ਇਥੋਂ ਦੀ ਨਾਗਰਿਕਤਾ ਹਾਸਲ ਕਰ ਲਈ ਸੀ ਜੋ ਅੱਗੇ ਚਲ ਕੇ ਉਸਦੇ ਸੁਦੇਸ਼ ਪਰਤਣ ਵਿਚ ਵੱਡੀ ਰੁਕਾਵਟ ਬਣ ਗਈ।

ਜਦੋਂ 1930 ਵਿਚ ਸ੍ਰ: ਭਗਤ ਸਿੰਘ ਅਤੇ ਉਸਦੇ ਸਾਥੀਆਂ ਤੇ ਲਾਹੌਰ ਸੈਂਟਰਲ ਜੇਲ੍ਹ ਵਿਚ ਮੁਕੱਦਮਾਂ ਚਲ ਰਿਹਾ ਸੀ ਤਾਂ ਸ੍ਰ: ਅਜੀਤ ਸਿੰਘ ਦਾ ਇਕ ਖ਼ਤ ਸ੍ਰ: ਕਿਸ਼ਨ ਸਿੰਘ ਨੂੰ ਮਿਲਿਆ ਜਿਸ ਵਿਚ ਉਸਨੇ ਭਗਤ ਸਿੰਘ ਨੂੰ ਬਰਾਜ਼ੀਲ ਭੇਜ ਦੇਣ ਦਾ ਸੁਝਾਉ ਲਿੱਖ ਭੇਜਿਆ ਸੀ। ਦੂਜੇ ਪਾਸੇ ਸ੍ਰ: ਭਗਤ ਸਿੰਘ ਵੀ ਆਪਣੇ ਚਾਚੇ ਸ੍ਰ: ਅਜੀਤ ਸਿੰਘ ਨੂੰ ਮਿਲਣ ਦਾ ਬੜਾ ਚਾਹਵਾਨ ਸੀ। ਪਰ ਅਜੀਤ ਸਿੰਘ ਦੀ ਇਹ ਚਿੱਠੀ ਕਿਸ਼ਨ ਸਿੰਘ ਨੂੰ ਉਦੋਂ ਪ੍ਰਾਪਤ ਹੋਈ ਜਦੋਂ ਸ੍ਰ: ਭਗਤ ਸਿੰਘ ਜੀ ਜ਼ਿੰਦਗੀ ਦੀ ਸ਼ਮ੍ਹਾਂ ਬੁਝਣ ਵਿਚ ਕੁਝ ਹੀ ਮਹੀਨੇ ਬਾਕੀ ਰਹਿ ਗਏ ਸਨ। ਸ੍ਰ: ਭਗਤ ਸਿੰਘ ਨੂੰ 23 ਮਾਰਚ 1931 ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਫਾਂਸੀ ਦੇ ਦਿੱਤੀ ਗਈ।

1932 ਵਿਚ ਅਜੀਤ ਸਿੰਘ ਨੇ ਫ਼ਿਰ ਯੂਰਪ ਦਾ ਦੌਰਾ ਕੀਤਾ। ਉਹ ਮਸੋਲਿਨੀ ਨੂੰ ਦੁਬਾਰਾ ਮਿਲਿਆ ਤੇ ਉਸਨੇ ਇਟਲੀ ਦੇ ਅਧਿਕਾਰੀਆਂ ਨਾਲ ਵੀ ਅੰਗਰੇਜ਼ਾਂ ਨੂੰ ਭਾਰਤ ਵਿਚੋਂ ਕੱਢ ਦੇਣ ਦੀ ਗੱਲ ਕੀਤੀ। ਉਹ ਪੜ੍ਹਿਆ ਲਿਖਿਆ ਸੀ, ਵਿਦਵਾਨ ਸੀ, ਲੇਖਕ ਅਤੇ ਚੰਗਾ ਬੁਲਾਰਾ ਸੀ। ਇਟਲੀ ਦੇ ਅਧਿਕਾਰੀ ਉਸ ਦੇ ਗੁਣਾਂ ਤੋਂ ਇਤਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਅਜੀਤ ਸਿੰਘ

Digitized by Panjab Digital Library | www.panjabdigilib.org

ਨੂੰ ਰੋਮ ਯੂਨੀਵਰਸਿਟੀ ਵਿਚ ਏਸ਼ਿਆਈ ਭਾਸ਼ਾਵਾਂ ਪੜ੍ਹਾਣ ਲਈ ਪ੍ਰੋਫ਼ੈਸਰ ਨਿਯੁਕਤ ਕਰ ਲਿਆ। ਇਥੇ ਇਹ ਗੱਲ ਵਰਣਨ ਯੋਗ ਹੈ ਕਿ ਉਸਨੇ ਮੱਧ ਏਸ਼ੀਆ, ਯੂਰਪ ਅਤੇ ਦੱਖਣੀ ਅਮਰੀਕਾ ਦੇ ਅਨੇਕ ਦੇਸ਼ਾਂ ਦੇ ਭਰਮਣ ਸਮੇਂ ਕਰੀਬ 40 ਭਾਸ਼ਾਵਾਂ ਦਾ ਗਿਆਨ ਹਾਸਲ ਕਰ ਲਿਆ ਸੀ। ਜਿਨ੍ਹਾਂ ਦੇਸ਼ਾਂ ਵਿਚ ਉਹ ਫਿਰਿਆ ਸੀ ਉਨ੍ਹਾਂ ਦੇ ਇਤਿਹਾਸ ਦੀ ਵੀ ਉਸਨੂੰ ਡੂੰਘੀ ਜਾਣਕਾਰੀ ਸੀ।

1937 ਅਤੇ ਫ਼ਿਰ 1938 ਵਿਚ ਭਾਰਤ ਪਰਤਣ ਦੇ ਉਦੇਸ਼ ਨਾਲ ਉਹ ਯੂਰਪ ਵਿਚ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਮਿਲਿਆ। ਅਜੀਤ ਸਿੰਘ ਬਾਰੇ ਅਜੇ ਪੰਡਿਤ ਜੀ ਦੇ ਜਤਨ ਜਾਰੀ ਸਨ ਕਿ 1939 ਵਿਚ ਦੂਜਾ ਵਿਸ਼ਵ-ਯੁੱਧ ਸ਼ੁਰੂ ਹੋ ਗਿਆ। ਕ੍ਰਾਂਤੀਕਾਰੀਆਂ ਲਈ ਦੇਸ਼ ਨੂੰ ਆਜ਼ਾਦ ਕਰਵਾਉਣ ਦਾ ਇਹ ਇਕ ਹੋਰ ਸੁਨਹਿਰੀ ਮੌਕਾ ਸੀ। ਇੰਗਲੈਂਡ ਨੂੰ ਲੜਾਈ ਵਿਚ ਉਲਝਿਆ ਵੇਖ ਕੇ ਉਹ ਇਸ ਸਥਿਤੀ ਦਾ ਪੂਰਾ ਲਾਭ ਉਠਾ ਸਕਦੇ ਸਨ। ਅਜੀਤ ਸਿੰਘ ਨੇ ਆਪਣੇ ਸੰਘਰਸ਼ ਨੂੰ ਫ਼ਿਰ ਤੇਜ਼ ਕਰ ਦੇਣ ਦੇ ਉਦੇਸ਼ ਨਾਲ ਰੋਮ ਯੂਨੀਵਰਸਿਟੀ ਦੀ ਨੌਕਰੀ ਛੱਡ ਦਿੱਤੀ ਅਤੇ 'ਇੰਡੀਅਨ ਫਰੀਡਮ ਸੁਸਾਇਟੀ' (Indian Freedom Society) ਤੇ 'ਫ਼ਰੈਂਡਜ਼ ਆਫ਼ ਇੰਡੀਆ ਸੁਸਾਇਟੀ' (Friends of India Society) ਦੀ ਸਥਾਪਨਾ ਕਰਕੇ ਇਕ ਵਾਰ ਫ਼ਿਰ ਸੁਤੰਤਰਤਾ ਸੰਗ੍ਰਾਮ ਦੇ ਅਖਾੜੇ ਵਿਚ ਕੁੱਦ ਪਿਆ।

ਜੂਨ 1940 ਵਿਚ ਜਦੋਂ ਇਟਲੀ ਨੇ ਬਰਤਾਨੀਆਂ ਅਤੇ ਫ਼ਰਾਂਸ ਵਿਰੁੱਧ ਲੜਾਈ ਦਾ ਐਲਾਨ ਕੀਤਾ ਤਾਂ ਉਸੇ ਸਾਲ ਸ੍ਰ: ਅਜੀਤ ਸਿੰਘ ਨੇ ਵਿਦੇਸ਼ਾਂ ਵਿਚ 'ਆਜ਼ਾਦ ਹਿੰਦੁਸਤਾਨ ਲਸ਼ਕਰ' (a Revolutionary Army of the Indian Prisoners of War) ਨਾਮ ਦੀ ਕ੍ਰਾਂਤੀਕਾਰੀ ਸੰਸਥਾ ਸਥਾਪਿਤ ਕੀਤੀ। ਕੁਝ ਸਮੇਂ ਬਾਦ ਇਨ੍ਹਾਂ ਲੀਹਾਂ ਤੇ ਹੀ ਜਨਰਲ ਮੋਹਨ ਸਿੰਘ ਅਤੇ ਸੁਭਾਸ਼ ਚੰਦਰ ਬੋਸ ਨੇ ਸ਼ਕਤੀ ਸ਼ਾਲੀ ਆਈ.ਐਨ.ਏ. (I.N.A.) ਦੀ ਸਥਾਪਨਾ ਕੀਤੀ। ਕਾਫ਼ੀ ਸਮੇਂ ਤੋਂ ਇਟਲੀ ਵਿਚ ਰਹਿਣ ਅਤੇ ਰੋਮ ਯੂਨੀਵਰਸਿਟੀ ਵਿਚ ਪੜ੍ਹਾਣ ਕਰਕੇ ਅਜੀਤ ਸਿੰਘ ਦੀ ਇਟਲੀ ਦੇ ਉੱਚ ਅਧਿਕਾਰੀਆਂ ਨਾਲ ਚੰਗੀ ਜਾਣ-ਪਛਾਣ ਸੀ। ਅਜੀਤ ਸਿੰਘ ਨੇ ਉਨ੍ਹਾਂ ਨੂੰ ਮਿਲ ਕੇ ਰੋਮ-ਰੇਡੀਓ ਤੋਂ ਹਿੰਦੁਸਤਾਨੀ ਵਿਚ ਪ੍ਰੋਗਰਾਮ ਪ੍ਰਸਾਰਿਤ ਕਰਨਾ ਸ਼ੁਰੂ ਕਰ ਦਿੱਤਾ, ਜਿਸ ਦਾ ਉਦੇਸ਼ ਬਰਤਾਨੀਆ ਵਿਰੁੱਧ ਪ੍ਰਚਾਰ ਅਤੇ ਉਸਦੀ ਕਰੜੀ ਆਲੋਚਨਾ ਕਰਨਾ ਸੀ।

1941 ਵਿਚ ਅਜੀਤ ਸਿੰਘ ਦੀ ਮੁਲਾਕਾਤ ਦੇਸ਼ ਦੇ ਇਕ ਮਹਾਨ ਸਪੂਤ ਸੁਭਾਸ਼ ਚੰਦਰ ਬੋਸ ਨਾਲ ਹੋਈ ਜੋ ਉਨ੍ਹਾਂ ਦਿਨਾਂ ਵਿਚ ਇਟਲੀ ਅਤੇ ਜਰਮਨੀ ਆਦਿ ਦੇਸ਼ਾਂ ਤੋਂ ਸਹਾਇਤਾ ਪ੍ਰਾਪਤ ਕਰਨ ਦੇ ਉਦੇਸ਼ ਨਾਲ ਉਥੇ ਆਇਆ ਹੋਇਆ ਸੀ। ਦੂਜੇ ਸੰਸਾਰ ਯੁੱਧ ਦਾ ਨਤੀਜਾ ਵੀ ਉਹੀ ਰਿਹਾ ਜੋ ਪਹਿਲੇ ਵਿਸ਼ਵ-ਯੁੱਧ ਦਾ ਰਿਹਾ ਸੀ। ਜਰਮਨੀ, ਇਟਲੀ ਅਤੇ ਉਨ੍ਹਾਂ ਦੇ ਸਾਥੀ ਦੇਸ਼ ਇਹ ਲੜਾਈ ਵੀ ਹਾਰ ਗਏ। ਇਤਹਾਦੀ ਫੌਜਾਂ ਦੁਆਰਾ ਇਟਲੀ ਅਤੇ ਜਰਮਨੀ ਦੀ ਹਾਰ ਹੋ ਜਾਣ ਮਗਰੋਂ 2 ਮਈ 1945 ਨੂੰ ਸ੍ਰ: ਅਜੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪਹਿਲਾਂ ਉਸਨੂੰ ਇਟਲੀ ਵਿਚ ਅਤੇ ਫ਼ਿਰ ਬਰਤਾਨਵੀ ਕਬਜ਼ੇ ਅਧੀਨ ਜਰਮਨੀ ਦੇ ਇਲਾਕੇ ਬੋਰਮ ਵਿਚ ਨਜ਼ਰ ਬੰਦ ਕਰ ਦਿੱਤਾ ਗਿਆ। ਇੱਥੇ ਜੇਲ੍ਹ ਕਰਮਚਾਰੀਆਂ ਦੁਆਰਾ ਕੀਤੇ ਜਾਂਦੇ ਮਾੜੇ ਸਲੂਕ ਅਤੇ ਡਾਕਟਰੀ ਇਲਾਜ ਦੀ ਅਣਹੋਂਦ ਕਾਰਨ ਉਹ ਸਖ਼ਤ ਬੀਮਾਰ ਹੋ ਗਿਆ।

Digitized by Panjab Digital Library | www.panjabdigilib.org

ਜਦੋਂ ਉਸ ਦੀ ਹਾਲਤ ਗੰਭੀਰ ਹੋ ਗਈ ਤਾਂ ਉਸਨੂੰ ਬੀ.ਬੀ.ਬਿਲੀਫੀਲਡ (ਜਰਮਨੀ) ਦੇ ਸਿਵਲ ਹਸਪਤਾਲ ਵਿਚ ਭਰਤੀ ਕਰਵਾ ਦਿੱਤਾ ਗਿਆ। ਇੱਥੇ ਵੀ ਅੰਗਰੇਜ਼ ਅਧਿਕਾਰੀਆਂ ਨੇ ਉਸ ਦੇ ਇਲਾਜ ਵਲ ਕੋਈ ਖ਼ਾਸ ਧਿਆਨ ਨਾ ਦਿੱਤਾ ਜਿਸ ਕਾਰਨ ਅਜੀਤ ਸਿੰਘ ਦੀ ਸੇਹਤ ਬਹੁਤ ਗਿਰ ਗਈ।

ਦੂਜੀ ਵਿਸ਼ਵ ਜੰਗ ਤੋਂ ਬਾਦ ਦੇਸ਼ ਦੇ ਹਾਲਾਤ ਬੜੀ ਤੇਜ਼ੀ ਨਾਲ ਬਦਲ ਰਹੇ ਸਨ। ਅਗਸਤ 1942 ਵਿਚ 'ਅੰਗਰੇਜ਼ੋ ਭਾਰਤ ਛੋੜੋ' ਅੰਦੋਲਨ ਦੇ ਸ਼ੁਰੂ ਹੋਣ ਨਾਲ ਹੌਲੀ ਹੌਲੀ ਅੰਗਰੇਜ਼ਾਂ ਦੇ ਪੈਰ ਖਿਸਕਣੇ ਸ਼ੁਰੂ ਹੋ ਗਏ ਸਨ। ਹੁਣ ਹਿੰਦੁਸਤਾਨ ਦੀ ਆਜ਼ਾਦੀ ਨੇੜੇ ਦਿਖਾਈ ਦੇਣ ਲਗ ਪਈ ਸੀ। ਬਦਲਦੇ ਹਾਲਾਤ ਨੂੰ ਵੇਖਦੇ ਹੋਏ ਅਜੀਤ ਸਿੰਘ ਨੇ ਵੀ ਲੰਬੀ ਜਲਾਵਤਨੀ ਤੋਂ ਬਾਦ ਦੇਸ਼ ਪਰਤਣ ਲਈ ਜਤਨ ਆਰੰਭ ਕਰ ਦਿੱਤੇ। ਉਸਨੂੰ ਭਾਰਤ ਤੋਂ ਗਿਆਂ ਕਰੀਬ 37 ਸਾਲ ਹੋ ਚੁਕੇ ਸਨ। ਅਜੇ ਵੀ ਉਸਦੇ ਰਾਹ ਵਿਚ ਸਭ ਤੋਂ ਵਡੀ ਰੁਕਾਵਟ ਉਸਦੀ ਬ੍ਰਾਜ਼ੀਲੀਅਨ ਨਾਗਰਿਕਤਾ ਸੀ ਜੋ ਉਸਨੂੰ ਸਿਆਸੀ ਕਾਰਨਾਂ ਕਰਕੇ ਮਜਬੂਰੀ ਵਿਚ ਲੈਣੀ ਪਈ ਸੀ। ਉਸ ਦੀ ਸਖ਼ਤ ਬੀਮਾਰੀ ਦੀਆਂ ਖ਼ਬਰਾਂ ਦੇਸ਼ ਵਿਚ ਪਹੁੰਚ ਰਹੀਆਂ ਸਨ। ਉਸਦੇ ਪੁਰਾਨੇ ਸਾਥੀਆਂ, ਰਿਸ਼ਤੇਦਾਰਾਂ ਅਤੇ ਦੇਸ਼ਵਾਸੀਆਂ ਨੇ ਉਸਦੀ ਰਿਹਾਈ ਅਤੇ ਦੇਸ਼ ਵਾਸਪੀ ਲਈ ਅੰਗਰੇਜ਼ ਸਰਕਾਰ ਤੇ ਦਬਾਉ ਪਾਉਣਾ ਸ਼ੁਰੂ ਕਰ ਦਿੱਤਾ ਸੀ।

2 ਸਤੰਬਰ 1946 ਨੂੰ ਪੰਡਿਤ ਜਵਾਹਰ ਲਾਲ ਨਹਿਰੂ ਦੀ ਅਗਵਾਈ ਹੇਠ ਦੇਸ਼ ਵਿਚ ਅੰਤਰਿਮ ਸਰਕਾਰ (Interim Government) ਦਾ ਗਠਨ ਕੀਤਾ ਗਿਆ। ਸ੍ਰ: ਅਜੀਤ ਸਿੰਘ ਨੇ ਉਨ੍ਹਾਂ ਨੂੰ ਵਧਾਈ ਦੀ ਚਿੱਠੀ ਪਾਈ ਅਤੇ ਨਾਲ ਹੀ ਇਹ ਵੀ ਪ੍ਰਾਰਥਨਾ ਲਿੱਖ ਭੇਜੀ ਕਿ ਉਹ ਉਸਦੀ ਰਿਹਾਈ ਅਤੇ ਦੇਸ਼ ਵਾਪਸੀ ਲਈ ਕੋਸ਼ਿਸ਼ ਕਰਨ। ਬਰਤਾਨਵੀ ਸਰਕਾਰ ਨੇ ਲੋਕਾਂ ਵਿਚ ਵੱਧ ਰਹੀ ਬੇਚੈਨੀ ਅਤੇ ਅੰਤਰਿਮ ਸਰਕਾਰ ਦੇ ਦਬਾਉ ਨੂੰ ਵੇਖਦਿਆਂ ਹੋਇਆਂ ਦਸੰਬਰ 1946 ਵਿਚ ਅਜੀਤ ਸਿੰਘ ਨੂੰ ਰਿਹਾ ਕਰਨ ਅਤੇ ਹਿੰਦੁਸਤਾਨ ਭੇਜ ਦੇਣ ਦਾ ਫ਼ੈਸਲਾ ਕਰ ਲਿਆ। ਪਹਿਲਾਂ ਉਸ ਨੂੰ ਜਰਮਨੀ ਤੋਂ ਲੰਡਨ ਲਿਆਂਦਾ ਗਿਆ ਅਤੇ ਫਿਰ ਮਾਰਚ 1947 ਨੂੰ ਉਹ ਲੰਡਨ ਤੋਂ ਕਰਾਚੀ ਪਹੁੰਚਿਆ। ਉਸਨੇ 38 ਸਾਲ ਮਗਰੋਂ ਆਪਣੇ ਦੇਸ਼ ਦੀ ਧਰਤੀ ਤੇ ਪੈਰ ਰਖਿਆ ਸੀ। ਕਰਾਚੀ ਉਦੋਂ ਅਣਵੰਡੇ ਭਾਰਤ ਦਾ ਹਿੱਸਾ ਸੀ। ਹਵਾਈ ਅੱਡੇ ਤੇ ਲੈਣ ਆਇਆਂ ਵਿਚ ਉਸਦੇ ਦੇਸ਼ ਭਗਤ ਸਾਥੀਆਂ ਤੋਂ ਛੁੱਟ ਉਸਦਾ ਭਤੀਜਾ ਕੁਲਬੀਰ ਸਿੰਘ ਵੀ ਸੀ ਜੋ ਪੰਜਾਬ ਤੋਂ ਆਇਆ ਸੀ।

ਕਰਾਚੀ ਵਿਚ ਇਕ ਹਫ਼ਤਾ ਠਹਿਰਣ ਮਗਰੋਂ ਸ੍ਰ: ਅਜੀਤ ਸਿੰਘ ਦਿੱਲੀ ਆਇਆ ਜਿਥੇ ਉਹ ਕੁਝ ਦਿਨ ਪੰਡਿਤ ਨਹਿਰੂ ਦਾ ਮਹਿਮਾਨ ਬਣ ਕੇ ਰਿਹਾ। ਉਹ ਦਿੱਲੀ ਵਿਖੇ ਲਗਭਗ ਵੀਹ ਦਿਨ ਤਕ ਰਿਹਾ। ਉਸ ਸਮੇਂ ਦਿੱਲੀ ਵਿਚ ਅੰਤਰ-ਏਸ਼ਿਆਈ ਦੇਸ਼ਾਂ ਦੀ ਕਾਨਫ੍ਰੰਸ ਚਲ ਰਹੀ ਸੀ। ਸ੍ਰ: ਅਜੀਤ ਸਿੰਘ ਇਸ ਕਾਨਫ੍ਰੰਸ ਵਿਚ ਸਰਕਾਰੀ ਡੈਲੀਗੇਟ ਦੇ ਤੌਰ ਤੇ ਸ਼ਾਮਲ ਹੋਇਆ। ਦਿੱਲੀ ਵਿਖੇ ਹੀ ਉਸਦੀ ਪਤਨੀ ਹਰਨਾਮ ਕੌਰ ਉਸਨੂੰ ਮਿਲਣ ਆਈ। ਇਤਨੀ ਲੰਬੀ ਜੁਦਾਈ ਮਗਰੋਂ ਉਹ ਆਪਣੇ ਪਤੀ ਨੂੰ ਪਹਿਚਾਣ ਨਹੀਂ ਸੀ ਸਕੀ। ਉਸਨੇ ਆਪਣੇ ਪਤੀ ਨੂੰ 38 ਸਾਲ ਬਾਦ ਦੇਖਿਆ ਸੀ। ਜਦੋਂ ਅਜੀਤ ਸਿੰਘ ਨੇ ਦੇਸ਼ ਛਡਿਆ ਸੀ ਤਾਂ ਉਹ ਇਕ ਛੈਲ ਛਬੀਲਾ ਨੌਜਵਾਨ ਸੀ ਪਰ ਹੁਣ ਉਸਦੇ ਸਾਮ੍ਹਣੇ ਇਕ ਦੁਬਲਾ ਪਤਲਾ ਤੇ ਵਡੇਰੀ ਉਮਰ ਦਾ ਇਕ

Digitized by Panjab Digital Library | www.panjabdigilib.org

ਬਜ਼ੁਰਗ ਖੜਾ ਸੀ ਜਿਸ ਨੂੰ ਜੇਲ੍ਹ ਦੀਆਂ ਸਖ਼ਤੀਆਂ, ਲੰਬੀ ਜਲਾਵਤਨੀ ਅਤੇ ਬੀਮਾਰੀ ਨੇ ਮੌਤ ਦੇ ਕੰਢੇ ਲਿਆ ਖੜਾ ਕੀਤਾ ਸੀ।

ਅਪ੍ਰੈਲ 1947 ਵਿਚ ਸ੍ਰ: ਅਜੀਤ ਸਿੰਘ ਨੇ ਦੇਸ਼ ਦੇ ਨੌਜਵਾਨਾਂ ਨੂੰ ਇਹ ਸੰਦੇਸ਼ ਦਿੱਤਾ ਕਿ ਉਹ ਹੋਰ ਅਗਾਂਹ ਵਧੂ ਦੇਸ਼ਾਂ ਦੇ ਨੌਜਵਾਨਾਂ ਵਾਂਗ ਦੇਸ਼ ਦੇ ਨਵ-ਨਿਰਮਾਣ ਵਿਚ ਜੁੱਟ ਜਾਣ ਅਤੇ ਦੇਸ਼ ਦੀ ਆਜ਼ਾਦੀ ਲਈ ਹਰ ਪ੍ਰਕਾਰ ਦੀ ਕੁਰਬਾਨੀ ਕਰਨ ਲਈ ਤਿਆਰ ਰਹਿਣ। ਉਸਨੇ ਕਿਹਾ ਕਿ 'ਆਜ਼ਾਦੀ ਸਾਡੇ ਬੂਹੇ ਤੇ ਦਸਤਕ ਦੇ ਰਹੀ ਹੈ'। ਜਦੋਂ ਉਸ ਨੂੰ ਪਤਾ ਲਗਾ ਕਿ ਪੰਡਿਤ ਜਵਾਹਰ ਲਾਲ ਨਹਿਰੂ ਅਤੇ ਹੋਰ ਕਾਂਗਰਸੀ ਨੇਤਾਵਾਂ ਨੇ ਦੇਸ਼ ਦੇ ਬਟਵਾਰੇ ਦੀ ਸਕੀਮ ਪ੍ਰਵਾਨ ਕਰ ਲਈ ਹੈ ਤਾਂ ਉਸ ਨੂੰ ਬੜਾ ਦੁੱਖ ਹੋਇਆ। ਉਸਨੇ ਕਦੇ ਵੀ ਵੰਡੇ ਹੋਏ ਦੇਸ਼ ਦੇ ਰੂਪ ਵਿਚ ਆਜ਼ਾਦੀ ਦੀ ਕਲਪਨਾ ਨਹੀਂ ਸੀ ਕੀਤੀ। ਉਸਨੇ ਤਾਂ ਅਖੰਡ ਭਾਰਤ ਦਾ ਸੁਪਨਾ ਵੇਖਿਆ ਸੀ।

10 ਅਪ੍ਰੈਲ 1947 ਨੂੰ ਬਰੈਡਲੇ ਹਾਲ ਲਾਹੌਰ ਵਿਖੇ ਉਸ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ। ਇਹ ਉਹੀ ਨਗਰ ਤੇ ਉਹੀ ਹਾਲ ਸੀ ਜਿਥੋਂ ਕਰੀਬ 40 ਸਾਲ ਪਹਿਲਾਂ ਉਸਨੇ ਆਪਣੇ ਕ੍ਰਾਂਤੀਕਾਰੀ ਜੀਵਨ ਦਾ ਆਰੰਭ ਕੀਤਾ ਸੀ।

ਬੇਸ਼ਕ ਉਹ ਸਰੀਰਕ ਤੌਰ ਤੇ ਟੁੱਟ ਚੁਕਾ ਸੀ ਪਰ ਆਤਮਕ ਦਲੇਰੀ ਨੇ ਉਸ ਦੇ ਅੰਦਰ ਅਜੇ ਵੀ ਉਹ ਦੀਵਾ ਜਗਦਾ ਰਖਿਆ ਹੋਇਆ ਸੀ ਜਿਸ ਦੀ ਲੋਅ ਵਿਚ ਉਹ ਉਦੋਂ ਤਕ ਜੀਊਣਾ ਚਾਹੁੰਦਾ ਸੀ ਜਦ ਤਕ ਕਿ ਦੇਸ਼ ਦੀ ਆਜ਼ਾਦੀ ਦੀ ਆਵਾਜ਼ ਉਹ ਆਪਣੇ ਕੰਨਾਂ ਨਾਲ ਸੁਣ ਨਹੀਂ ਲੈਂਦਾ। ਅਚਾਨਕ ਸੇਹਤ ਖਰਾਬ ਹੋ ਜਾਣ ਕਾਰਨ ਡਾਕਟਰਾਂ ਦੀ ਸਲਾਹ ਤੇ ਉਸ ਨੂੰ ਡਲਹੌਜ਼ੀ ਭੇਜ ਦਿੱਤਾ ਗਿਆ ਜਿਥੋਂ ਦੇ ਠੰਡੇ, ਸ਼ਾਂਤ ਅਤੇ ਖੂਬਸੂਰਤ ਵਾਤਾਵਰਣ ਨੇ ਉਸ ਦੇ ਅੰਦਰ ਉਹ ਦਿਨ ਵੇਖਣ ਦੀ ਆਸ ਹੋਰ ਮਜ਼ਬੂਤ ਕਰ ਦਿੱਤੀ ਜਿਸ ਲਈ ਉਹ ਪਿਛਲੇ 40 ਸਾਲ ਤੋਂ ਲਗਾਤਾਰ ਸੰਘਰਸ਼ ਕਰਦਾ ਚਲਾ ਆਇਆ ਸੀ। ਦ੍ਰਿੜ ਇਰਾਦੇ ਅਤੇ ਆਤਮਕ ਬੱਲ ਦੇ ਸਦਕੇ ਉਹ ਜ਼ਿੰਦਗੀ ਦੇ ਆਖ਼ਰੀ ਸੁਆਸਾਂ ਨੂੰ ਅਗੇਰੇ ਪਾਈ ਚਲਾ ਜਾ ਰਿਹਾ ਸੀ। ਆਜ਼ਾਦੀ ਮਿਲਣ ਤੋਂ ਇਕ ਦਿਨ ਪਹਿਲਾਂ ਉਸਨੇ ਕਿਹਾ ਸੀ, 'ਮੈਂ ਸੁਤੰਤਰਤਾ ਦਾ ਐਲਾਨ ਸੁਣਨ ਦੀ ਉਡੀਕ ਕਰ ਰਿਹਾ ਹਾਂ ਤੇ ਫਿਰ ਉਸ ਤੋਂ ਬਾਦ ਖੁਸ਼ੀ ਖੁਸ਼ੀ ਇਸ ਸੰਸਾਰ ਨੂੰ ਅਲਵਿਦਾ ਕਹਿ ਦੇਵਾਂਗਾ'। ਜਿਵੇਂ ਸ੍ਰ: ਅਜੀਤ ਸਿੰਘ ਨੇ ਚਿਤਵਿਆ ਸੀ, ਉਸੇ ਤਰ੍ਹਾਂ ਹੀ ਹੋਇਆ। ਉਸ ਨੇ 14 ਅਗਸਤ ਦੀ ਰਾਤ (ਭਾਵ 15 ਅਗਸਤ ਦੀ ਪ੍ਰਭਾਤ) ਨੂੰ ਪੰਡਿਤ ਜਵਾਹਰ ਲਾਲ ਨਹਿਰੂ ਦੁਆਰਾ ਦੇਸ਼ ਦੇ ਸੁਤੰਤਰ ਹੋ ਜਾਣ ਦਾ ਐਲਾਨ ਸੁਣਿਆ ਤੇ ਆਜ਼ਾਦ ਭਾਰਤ ਦਾ ਸੂਰਜ ਉਦੈ ਹੁੰਦਿਆ ਹੀ ਉਹ 'ਜੈ ਹਿੰਦ' ਦੇ ਸ਼ਬਦਾਂ ਨਾਲ ਇਸ ਸੰਸਾਰ ਤੋਂ ਰੁਖ਼ਸਤ ਹੋ ਗਿਆ।

ਡਲਹੌਜ਼ੀ ਤੋਂ 2 ਮੀਲ ਅਤੇ ਸੱਤਧਾਰਾ ਤੋਂ ਇਕ ਮੀਲ ਦੀ ਵਿੱਥ ਤੇ ਉਸ ਦੇ ਮ੍ਰਿਤਕ ਸਰੀਰ ਨੂੰ ਮਾਤਮੀ ਜਲੂਸ ਦੀ ਸ਼ਕਲ ਵਿਚ ਲਿਜਾ ਕੇ ਅਗਨ ਭੇਟ ਕਰ ਦਿੱਤਾ ਗਿਆ। ਜਿੱਥੇ ਸ੍ਰ: ਅਜੀਤ ਸਿੰਘ ਦਾ ਸਸਕਾਰ ਕੀਤਾ ਗਿਆ, ਉੱਥੇ ਇਕ ਸਮਾਧ ਹੈ ਜੋ ਸੁਤੰਤਰ ਦੇਸ਼ ਵਾਸੀਆਂ ਅਤੇ ਸਰਕਾਰ ਦੀ ਅਣਗਹਿਲੀ ਕਾਰਨ ਟੁੱਟੀ ਭੱਜੀ ਤੇ ਬੜੀ ਮਾੜੀ ਹਾਲਤ ਵਿਚ ਹੈ।

ਸ੍ਰ: ਅਜੀਤ ਸਿੰਘ ਦੇਸ਼ ਭਗਤਾਂ ਦੇ ਉਸ ਪ੍ਰਵਾਰ ਨਾਲ ਸਬੰਧਤ ਸੀ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਬੜੀ ਲੰਬੀ ਜੱਦੋ ਜਹਿਦ ਕੀਤੀ ਸੀ ਅਤੇ ਸ਼ਹੀਦ ਭਗਤ ਸਿੰਘ ਵਰਗੇ

Digitized by Panjab Digital Library | www.panjabdigilib.org

ਨੌਜਵਾਨ ਦੇਸ਼ ਤੋਂ ਕੁਰਬਾਨ ਕਰ ਦਿੱਤੇ ਸਨ। ਸ੍ਰ: ਅਜੀਤ ਸਿੰਘ ਦੇ ਭਰਾਵਾਂ ਸ੍ਰ: ਕਿਸ਼ਨ ਸਿੰਘ ਅਤੇ ਸ੍ਰ: ਸਵਰਨ ਸਿੰਘ ਨੇ ਵੀ ਸੁਤੰਤਰਤਾ ਸੰਗ੍ਰਾਮ ਵਿਚ ਬੜਾ ਹਿੱਸਾ ਲਿਆ ਸੀ ਤੇ ਜੀਵਨ ਦੇ ਕਈ ਵਰ੍ਹੇ ਅੰਗਰੇਜ਼ਾਂ ਦੀਆਂ ਜੇਲ੍ਹਾਂ ਵਿਚ ਰਹਿ ਕੇ ਅਤੇ ਹਰ ਤਰ੍ਹਾਂ ਦੇ ਤਸੀਹੇ ਤੇ ਸਖ਼ਤੀਆਂ ਨੂੰ ਪਿੰਡੇ ਤੇ ਝਲਿਆ ਸੀ। ਸ੍ਰ: ਅਜੀਤ ਸਿੰਘ ਦੀ ਪਤਨੀ ਬੀਬੀ ਹਰਨਾਮ ਕੌਰ ਨੇ ਪਤੀ ਤੋਂ ਦੂਰ ਰਹਿ ਕੇ 38 ਸਾਲ ਦੀ ਲੰਬੀ ਜੁਦਾਈ ਨੂੰ ਇਸ ਉਮੀਦ ਨਾਲ ਬੜੇ ਸਿਦਕ ਅਤੇ ਵਿਸ਼ਵਾਸ ਨਾਲ ਕਟਿਆ ਸੀ ਕਿ ਆਖ਼ਰ ਇਕ ਦਿਨ ਤਾਂ ਸਾਡਾ ਦੇਸ਼ ਜ਼ਰੂਰ ਆਜ਼ਾਦ ਹੋਵੇਗਾ।

ਸ੍ਰ: ਅਜੀਤ ਸਿੰਘ ਦੇਸ਼ ਪਿਆਰ ਦੀ ਰੰਗਣ ਵਿਚ ਰੰਗਿਆ, ਦ੍ਰਿੜ ਨਿਸ਼ਚੇ ਤੇ ਉੱਚੇ ਆਚਰਣ ਵਾਲਾ ਨੌਜਵਾਨ ਸੀ। ਉਹ ਬੜਾ ਧੜਲੇਦਾਰ ਤੇ ਪ੍ਰਭਾਵਸ਼ਾਲੀ ਵਕਤਾ ਸੀ ਜਿਸਨੇ ਇਤਿਹਾਸ ਅਤੇ ਵਿਸ਼ਵ੍ ਰਾਜਨੀਤੀ ਦਾ ਡੂੰਘਾ ਅਧਿਐਨ ਕੀਤਾ ਹੋਇਆ ਸੀ। ਉਸ ਨੂੰ ਵਿਸ਼ਵ ਦੀਆਂ ਕਰੀਬ 40 ਭਾਸ਼ਾਵਾਂ ਦਾ ਗਿਆਨ ਸੀ। ਉਸਨੇ ਲਾਹੌਰ ਅਤੇ ਰੋਮ ਦੀ ਯੂਨੀਵਰਸਿਟੀ ਵਿਚ ਕੁਝ ਸਾਲ ਭਾਰਤੀ ਭਾਸ਼ਾਵਾਂ ਦੇ ਅਧਿਆਪਣ ਦਾ ਕੰਮ ਵੀ ਕੀਤਾ ਸੀ। ਉਹ ਬੜਾ ਹਿੰਮਤੀ ਅਤੇ ਨਿਡਰ ਸੁਭਾ ਵਾਲਾ ਕ੍ਰਾਂਤੀਕਾਰੀ ਸੀ ਜਿਸਨੂੰ ਅੰਗਰੇਜ਼ਾਂ ਵਰਗੀ ਸ਼ਕਤੀਸ਼ਾਲੀ ਹਕੂਮਤ ਅਖ਼ੀਰ ਦਮ ਤਕ ਝੁਕਾ ਨਹੀਂ ਸੀ ਸਕੀ। ਉਸਨੇ 1908 ਵਿਚ ਲਾਹੌਰ ਦੇ ਡਿਪਟੀ ਕਮਿਸ਼ਨਰ ਨੂੰ ਉਸਦੀ ਇਕ ਚਿਤਾਵਨੀ ਦੇ ਉੱਤਰ ਵਿਚ ਕਿਹਾ ਸੀ, 'ਮੈਂ ਆਪਣੇ ਦੇਸ਼ ਵਾਸੀਆਂ ਦੀ ਸੇਵਾ ਕਰਨ ਦਾ ਫ਼ੈਸਲਾ ਕੀਤਾ ਹੈ। ਮੈਂ ਜੀਵਨ ਭਰ ਇਹੀ ਕੁਝ ਕਰਦਾ ਰਹਵਾਂਗਾ, ਚਾਹੇ ਮੈਂ ਭੁੱਖਾ ਰਹਾਂ ਜਾਂ ਮਰ ਜਾਵਾਂ। ਸੰਸਾਰ ਦੀ ਸਾਰੀ ਦੌਲਤ ਵੀ ਮੈਨੂੰ ਉਹ ਖੁਸ਼ੀ ਨਹੀਂ ਦੇ ਸਕਦੀ ਜੋ ਮੈਨੂੰ ਆਪਣੇ ਵਤਨੀ ਭਰਾਵਾਂ ਦੀ ਸੇਵਾ ਅਤੇ ਦੇਸ਼ ਦੀ ਆਜ਼ਾਦੀ ਤੋਂ ਮਿਲੇਗੀ'। ਮੌਤ ਦੀਆਂ ਆਖ਼ਰੀ ਘੜੀਆਂ ਤੋਂ ਪਹਿਲਾਂ ਰੱਬ ਨੇ ਉਹ ਖੁਸ਼ੀ ਉਸ ਦੀ ਝੋਲੀ ਵਿਚ ਪਾ ਦਿੱਤੀ ਸੀ ਜਿਸ ਲਈ ਉਹ 40 ਸਾਲ ਤਕ ਸੰਘਰਸ਼ ਕਰਦਾ ਤੇ ਉਡੀਕਦਾ ਰਿਹਾ ਸੀ।

Digitized by Panjab Digital Library | www.panjabdigilib.org

# ਲਾਲਾ ਲਾਜਪਤ ਰਾਏ

ਮਹਾਰਾਜਾ ਰਣਜੀਤ ਸਿੰਘ ਤੋਂ ਮਗਰੋਂ ਜੇ ਦੇਸ਼ ਵਾਸੀਆਂ ਨੇ ਕਿਸੇ ਨੂੰ ਸ਼ੇਰੇ ਪੰਜਾਬ ਅਥਵਾ ਪੰਜਾਬ ਕੇਸਰੀ ਦੇ ਨਾਮ ਨਾਲ ਯਾਦ ਕੀਤਾ ਹੈ ਤਾਂ ਉਹ ਪੰਜਾਬ ਦਾ ਮਹਾਨ ਸਪੂਤ ਲਾਲਾ ਲਾਜਪਤ ਰਾਏ ਸੀ। ਸੁਤੰਤਰਤਾ ਸੈਨਾਨੀ, ਸਮਾਜ ਸੁਧਾਰਕ ਅਤੇ ਵਿੱਦਿਆ ਦੇ ਪ੍ਰਚਾਰ-ਪ੍ਰਸਾਰ ਲਈ ਜੂਝਣ ਵਾਲੇ ਇਸ ਲੋਹ-ਪੁਰਸ਼ ਦੇ ਸਬੰਧ ਵਿਚ ਪੰਡਤ ਜਵਾਹਰ ਲਾਲ ਨਹਿਰੂ ਨੇ ਕਿਹਾ ਸੀ, 'ਲਾਲਾ ਜੀ ਨਾ ਕੇਵਲ ਮਹਾਨ ਸ਼ਕਤੀਵਾਨ ਅਤੇ ਰਾਸ਼ਟਰਵਾਦੀ ਹੀ ਸਨ ਸਗੋਂ ਇਸ ਧਰਤੀ ਦੇ ਮਹਾਨ ਸਪੂਤ ਸਨ, ਜੋ ਆਪਣਾ ਸਾਰਾ ਜੀਵਨ ਇਸ ਦੇਸ਼ ਦੇ ਲੇਖੇ ਲਗਾ ਗਏ।' ਲਾਲਾ ਜੀ ਰਾਜਨੀਤੀ ਦੀ ਚੰਗੀ ਸੂਝ ਰਖਣ ਵਾਲੇ, ਚੰਗੇ ਬੁਲਾਰੇ ਅਤੇ ਸ਼ਕਤੀਸ਼ਾਲੀ ਲੇਖਕ ਸਨ। ਆਪ ਉੱਘੇ ਆਰੀਆ ਸਮਾਜੀ ਨੇਤਾ ਅਤੇ ਪੱਕੇ ਦੇਸ ਭਗਤ ਸਨ ਜਿਨ੍ਹਾਂ ਨੇ ਦੇਸ਼ ਦੇ ਅਨੇਕਾਂ ਨੌਜਵਾਨਾਂ ਨੂੰ ਆਜ਼ਾਦੀ ਦੇ ਸੰਘਰਸ ਵਲ ਪ੍ਰੇਰਿਆ। ਸਹੀਦ ਭਗਤ ਸਿੰਘ ਦੇ ਮਨ ਵਿਚ ਆਪ ਲਈ ਅਥਾਹ ਸਤਿਕਾਰ ਸੀ। ਲਾਹੌਰ ਵਿਚ ਸਾਈਮਨ ਕਮਿਸ਼ਨ ਦਾ ਬਾਈਕਾਟ ਅਤੇ ਵਿਰੋਧ ਕਰਨ ਸਮੇਂ ਅੰਗਰੇਜ਼ਾਂ ਵਲੋਂ ਮਾਰੀਆਂ ਗਈਆਂ ਲਾਠੀਆਂ ਕਾਰਨ ਲਾਲਾ ਜੀ 17 ਨਵੰਬਰ 1928 ਨੂੰ ਸ਼ਹੀਦ ਹੋਏ ਸਨ। ਪ੍ਰਸਿੱਧ ਭਾਰਤੀਆਂ ਜਿਨ੍ਹਾਂ ਨੇ ਇਸ ਦੇਸ ਦੀ ਫੁਲਵਾੜੀ ਨੂੰ ਆਪਣੇ ਲਹੂ ਨਾਲ ਸਿੰਜਿਆ ਹੈ, ਉਨ੍ਹਾਂ ਵਿਚ ਲਾਲਾ ਜੀ ਦਾ ਵਿਸੇਸ ਸਥਾਨ ਹੈ।

ਲਾਲਾ ਲਾਜਪਤ ਰਾਏ ਦਾ ਜਨਮ ਪਿੰਡ ਢੁੱਡੀਕੇ, ਜ਼ਿਲ੍ਹਾ ਫਿਰੋਜ਼ਪੁਰ ਵਿਚ, 28 ਜਨਵਰੀ 1865 ਨੂੰ ਇਕ ਨਿਰਧਨ ਪ੍ਰਵਾਰ ਵਿਚ ਹੋਇਆ। ਲਾਲਾ ਲਾਜਪਤ ਰਾਏ ਦੇ ਵਡਿਕੇ ਅਗਰਵਾਲ ਜਾਤਿ ਦੇ ਬਣੀਆ ਸਨ। ਉਹ ਮਲੇਰ ਕੋਟਲਾ ਦੇ ਰਹਿਣ ਵਾਲੇ ਸਨ ਪਰ ਮਗਰੋਂ ਸਥਾਈ ਤੌਰ ਤੇ ਜਗਰਾਉਂ ਆਕੇ ਵੱਸ ਗਏ ਸਨ। ਇਥੋਂ ਪਿੰਡ ਢੁੱਢੀਕੇ ਅੱਠ ਕਿਲੋਮੀਟਰ ਦੂਰ ਸੀ। ਢੁੱਡੀਕੇ ਲਾਲਾ ਜੀ ਦੇ ਨਾਨਕੇ ਸਨ। ਲਾਲਾ ਜੀ ਦਾ ਜਨਮ ਆਪਣੇ ਮਾਮੇ ਦੇ ਘਰ ਹੋਇਆ ਸੀ। ਲਾਲਾ ਲਾਜਪਤ ਰਾਏ ਦੇ ਪਿਤਾ ਦਾ ਨਾਮ ਮੁਨਸੀ ਰਾਧਾ ਕ੍ਰਿਸ਼ਨ ਅਤੇ ਮਾਤਾ ਦਾ ਨਾਮ ਗੁਲਾਬ ਦੇਵੀ ਸੀ। ਇਨ੍ਹਾਂ ਦੇ ਦਾਦਾ ਰਲੂ ਮੱਲ ਦੁਕਾਨਦਾਰ ਸਨ ਤੇ ਨਾਲ ਦੇ ਪਿੰਡ ਪਟਵਾਰ ਪੁੰਨੇ ਦਾ ਕੰਮ ਵੀ ਕਰਦੇ ਸਨ। ਇਨ੍ਹਾਂ ਦਾ ਪਿੰਡ ਵਿਚ ਇਕ ਕੱਚਾ ਜਿਹਾ ਮਕਾਨ ਸੀ ਜਿੱਥੇ ਹੁਣ ਸ਼ਾਨਦਾਰ ਯਾਦਗਾਰ ਕਾਇਮ ਕੀਤੀ ਗਈ ਹੈ।

ਲਾਲਾ ਲਾਜਪਤ ਰਾਏ ਦੇ ਪਿਤਾ ਰਾਧਾ ਕ੍ਰਿਸ਼ਨ ਸਕੂਲ ਵਿਚ ਫ਼ਾਰਸੀ ਦੇ ਅਧਿਆਪਕ ਸਨ। ਉਹ ਉਰਦੂ ਵੀ ਬਹੁਤ ਚੰਗੀ ਜਾਣਦੇ ਸਨ। ਉਨ੍ਹਾਂ ਦੀ ਤਨਖ਼ਾਹ 35 ਰੁਪੈ ਮਹੀਨਾ ਸੀ ਜਿਸ ਨਾਲ ਘਰ ਦਾ ਗੁਜ਼ਾਰਾ ਬੜੀ ਮੁਸ਼ਕਲ ਨਾਲ ਚਲਦਾ ਸੀ। ਲਾਜਪਤ ਰਾਏ ਦੇ ਮਾਤਾ ਬੀਬੀ ਗੁਲਾਬ ਦੇਵੀ ਸਿੱਖ ਪ੍ਰਵਾਰ ਦੀ ਸੀ। ਉਸਦੇ ਮਾਤਾ ਪਿਤਾ ਅਤੇ ਭਰਾ ਕੇਸਾਧਾਰੀ ਸਿੱਖ ਸਨ। ਲਾਜਪਤ ਰਾਏ ਦੇ ਪਿਤਾ ਰਾਧਾਕ੍ਰਿਸ਼ਨ ਦਾ ਝੁਕਾ ਇਸਲਾਮ ਵਲ ਸੀ। ਆਪਣੇ ਜੀਵਨ ਦੇ ਪਹਿਲੇ ਤੀਹ ਸਾਲਾਂ ਵਿਚਕਾਰ ਉਹ ਇਸਲਾਮ ਦੀ ਸੁੰਨੀ ਸੰਪ੍ਰਦਾਇ ਦੇ ਪ੍ਰਸ਼ੰਸਕ ਰਹੇ। ਉਹ ਦਿਨ ਵਿਚ ਪੰਜ ਵਾਰ ਨਮਾਜ਼ ਵੀ ਪੜ੍ਹਿਆ ਕਰਦੇ ਸਨ ਤੇ ਰਮਜ਼ਾਨ ਦੇ ਮਹੀਨੇ ਰੋਜ਼ੇ ਵੀ ਰਖਦੇ ਸਨ। ਲਾਜਪਤ ਰਾਏ ਦੀ ਮਾਤਾ

Digitized by Panjab Digital Library | www.panjabdigilib.org

ਗੁਲਾਬ ਦੇਵੀ ਪਹਿਰ-ਰਾਤ ਰਹਿੰਦੀ ਉੱਠ ਕੇ ਇਸ਼ਨਾਨ ਕਰਨ ਮਗਰੋਂ ਜਪੁਜੀ ਸਾਹਿਬ ਅਤੇ ਹੋਰ ਬਾਣੀਆਂ ਦਾ ਪਾਠ ਕਰਿਆ ਕਰਦੀ ਸੀ। ਉਹ ਲਾਜਪਤ ਰਾਏ ਨੂੰ ਬਚਪਨ ਵਿਚ ਗੁਰੂ ਗੋਬਿੰਦ ਸਿੰਘ ਦੇ ਦੇਸ਼ ਪਿਆਰ, ਗੁਰੂ ਤੇਗ ਬਹਾਦਰ ਦੇ ਬਲੀਦਾਨ ਅਤੇਸਾਹਿਬਜ਼ਾਦਿਆਂ ਦੀ ਸ਼ਹੀਦੀ ਅਤੇ ਕੁਰਬਾਨੀ ਦੀਆਂ ਸਾਖੀਆਂ ਸੁਣਾਇਆ ਕਰਦੀ ਸੀ। ਮੁੱਢਲੇ ਵਰ੍ਹਿਆਂ ਵਿਚ ਬਾਲ ਲਾਜਪਤ ਰਾਏ ਦੇ ਮਨ ਤੇ ਇਨ੍ਹਾਂ ਸਾਖੀਆਂ ਦਾ ਬੜਾ ਗਹਿਰਾ ਪ੍ਰਭਾਵ ਸੀ। ਮਗਰੋਂ ਉਸ ਦਾ ਝੁਕਾ ਆਰੀਆ ਸਮਾਜ ਵਲ ਹੋ ਗਿਆ। ਲਾਜਪਤ ਰਾਏ ਨੇ ਆਪਣੀਆਂ ਲਿਖਤਾਂ ਵਿਚ ਕਈ ਥਾਂ ਤੇ ਆਪਣੀ ਮਾਤਾ ਦੀ ਅਸਾਧਾਰਨ ਸੂਝ-ਬੂਝ, ਧਾਰਮਿਕ ਸਹਿਨਸ਼ੀਲਤਾ ਅਤੇ ਨਿਸ਼ਕਾਮ ਸੇਵਾ ਦੇ ਜਜ਼ਬੇ ਦੀ ਭਰਪੂਰ ਸ਼ਲਾਘਾ ਕੀਤੀ ਹੈ।

ਲਾਜਪਤ ਰਾਏ ਨੇ ਮੁਢੱਲੀ ਵਿੱਦਿਆ ਆਪਣੇ ਪਿਤਾ ਰਾਧਾਕ੍ਰਿਸ਼ਨ ਤੋਂ ਹੀ ਪ੍ਰਾਪਤ ਕੀਤੀ। ਬਚਪਨ ਵਿਚ ਉਹ ਸਰੀਰਕ ਤੌਰ ਤੇ ਬੜਾ ਕਮਜ਼ੋਰ ਅਤੇ ਬੀਮਾਰ ਰਹਿਣ ਵਾਲਾ ਬਾਲਕ ਸੀ। ਕੁਝ ਬੀਮਾਰੀਆਂ ਤਾਂ ਜੀਵਨ ਭਰ ਉਸਦੇ ਨਾਲ ਹੀ ਤੁਰਦੀਆਂ ਰਹੀਆਂ। ਉਹ ਬਚਪਨ ਤੋਂ ਹੀ ਬੜੀ ਤੀਖਣ ਬੁੱਧੀ ਵਾਲਾ, ਸਿਆਣਾ, ਗੰਭੀਰ ਅਤੇ ਸੁਲਝਿਆ ਹੋਇਆ ਵਿਦਿਆਰਥੀ ਸੀ। ਪ੍ਰਾਇਮਰੀ ਦੀ ਪੜ੍ਹਾਈ ਉਸਨੇ ਰੋਪੜ ਦੇ ਇਕ ਸਕੂਲ ਤੋਂ ਪ੍ਰਾਪਤ ਕੀਤੀ। ਉਨ੍ਹਾਂ ਦਿਨਾਂ ਵਿਚ ਉਸਦੇ ਪਿਤਾ ਰੋਪੜ ਦੇ ਜ਼ਿਲ੍ਹਾ ਬੋਰਡ ਸਕੂਲ ਵਿਚ ਅਧਿਆਪਕ ਲਗੇ ਹੋਏ ਸਨ। ਤੇਰਾਂ ਸਾਲ ਦੀ ਉਮਰ ਵਿਚ ਲਾਜਪਤ ਰਾਏ ਨੇ ਮਿਡਲ ਦਾ ਇਮਤਿਹਾਨ ਪਾਸ ਕੀਤਾ। ਆਪਣੇ ਜ਼ਿਲ੍ਹੇ ਵਿਚੋਂ ਫ਼ਸਟ ਆਉਣ ਕਾਰਨ ਉਸਨੂੰ ਸੱਤ ਰੁਪੈ ਮਹੀਨਾ ਵਜ਼ੀਫਾ ਦਿੱਤਾ ਗਿਆ। ਉਸ ਸਮੇਂ ਦੇ ਮੁਤਾਬਕ ਵਜ਼ੀਫੇ ਦੀ ਇਹ ਰਾਸ਼ੀ ਆਪਣੇ ਆਪ ਵਿਚ ਬੜੀ ਵਡੀ ਰਕਮ ਸੀ। ਉਨ੍ਹਾਂ ਦਿਨਾਂ ਵਿਚ ਪੰਜਾਬ ਵਿਚ ਛੋਟੀ ਉਮਰ ਵਿਚ ਹੀ ਵਿਆਹ ਕਰ ਦੇਣ ਦਾ ਰਿਵਾਜ਼ ਆਮ ਸੀ। ਲਾਜਪਤ ਰਾਏ ਮਸਾਂ ਬਾਰਾਂ ਕੁ ਸਾਲ ਦਾ ਸੀ ਕਿ ਉਸਦੀ ਸ਼ਾਦੀ ਹਿਸਾਰ ਦੇ ਇਕ ਰੱਜੇ ਪੁੱਜੇ ਅਗਰਵਾਲ ਪ੍ਰਵਾਰ ਵਿਚ ਰਾਧਾ ਦੇਵੀ ਨਾਲ ਕਰ ਦਿੱਤੀ ਗਈ।

1879 ਵਿਚ ਲਾਜਪਤ ਰਾਏ ਨੇ ਲੁਧਿਆਣਾ ਦੇ ਮਿਸ਼ਨ ਹਾਈ ਸਕੂਲ ਵਿਚ ਦਾਖ਼ਲਾ ਲਿਆ। ਇੱਥੇ ਉਸਨੂੰ ਭਾਰਤ ਦੇ ਇਤਿਹਾਸ ਸਬੰਧੀ ਕਈ ਪੁਸਤਕਾਂ ਪੜ੍ਹਣ ਦਾ ਅਵਸਰ ਮਿਲਿਆ ਜਿਨ੍ਹਾਂ ਕਰਕੇ ਉਸ ਦੇ ਮਨ ਵਿਚ ਆਪਣੇ ਦੇਸ਼ ਅਤੇ ਇਥੋਂ ਦੀ ਪੁਰਾਣੀ ਸੰਸਕ੍ਰਿਤਿ ਬਾਰੇ ਅਥਾਹ ਪਿਆਰ ਅਤੇ ਜਿਗਿਆਸਾ ਪੈਦਾ ਹੋ ਗਈ। ਨਵੰਬਰ 1880 ਵਿਚ ਉਹ ਉਚੇਰੀ ਵਿੱਦਿਆ ਲਈ ਲਾਹੌਰ ਚਲਾ ਗਿਆ। ਉਨ੍ਹਾਂ ਦਿਨਾਂ ਵਿਚ ਲਾਹੌਰ ਨਾ ਸਿਰਫ਼ ਪੰਜਾਬ ਦੀ ਰਾਜਧਾਨੀ ਹੀ ਸੀ ਸਗੋਂ ਵਿੱਦਿਅਕ, ਧਾਰਮਿਕ ਅਤੇ ਰਾਜਨੀਤਿਕ ਗਤੀਵਿਧੀਆਂ ਦਾ ਮੁੱਖ ਕੇਂਦਰ ਵੀ ਸੀ। 1882 ਵਿਚ ਲਾਜਪਤ ਰਾਏ ਨੇ ਗੌਰਮੈਂਟ ਕਾਲਜ ਲਾਹੌਰ ਤੋਂ ਐਂਟਰੈਂਸ ਪ੍ਰੀਖਿਆ ਪਾਸ ਕਰਕੇ ਆਪਣੇ ਲਈ ਮੁਖ਼ਤਾਰ ਸ਼ਿਪ (Junior Pleader) ਦੀ ਯੋਗਤਾ ਹਾਸਲ ਕਰ ਲਈ।

ਲਾਹੌਰ ਵਿਚ ਰਹਿੰਦਿਆ ਉਨ੍ਹਾਂ ਦੀ ਦੋਸਤੀ ਕੁਝ ਕੁ ਅਜੇਹੇ ਨੌਜਵਾਨਾਂ ਨਾਲ ਹੋਈ ਜਿਨ੍ਹਾਂ ਨੇ ਉਨ੍ਹਾਂ ਦੀ ਜ਼ਿੰਦਗੀ ਨੂੰ ਢਾਲਣ ਵਿਚ ਬਹੁਤ ਅਹਿਮ ਭੂਮਿਕਾ ਅਦਾ ਕੀਤੀ। ਪ੍ਰਮੁੱਖ ਤੌਰ ਤੇ ਇਨ੍ਹਾਂ ਵਿਚ ਦੋ ਵਿਅਕਤੀ ਸਨ - ਪੰਡਤ ਗੁਰੂ ਦੱਤ ਅਤੇ ਲਾਲਾ ਹੰਸ ਰਾਜ, ਜਿਨ੍ਹਾਂ ਦੇ ਸੰਗ-ਸਾਥ ਨੇ ਇਨ੍ਹਾਂ ਨੂੰ ਸਮਾਜਿਕ, ਧਾਰਮਿਕ ਅਤੇ ਵਿੱਦਿਅਕ ਕੰਮਾਂ ਵਲ ਪ੍ਰੇਰਿਆ। ਇਨ੍ਹਾਂ ਦੀ ਦੋਸਤੀ ਅਤੇ ਸਾਂਝੇ ਜਤਨਾਂ ਦਾ ਹੀ ਨਤੀਜਾ ਸੀ ਕਿ ਆਉਣ ਵਾਲੇ ਵਰ੍ਹਿਆਂ ਵਿਚ ਪੰਜਾਬ ਵਿਚ ਡੀ.ਏ.ਵੀ. ਕਾਲਜਾਂ ਅਤੇ ਵਿੱਦਿਅਕ ਅਦਾਰਿਆਂ ਦਾ ਜਾਲ ਵਿੱਛ ਗਿਆ। ਲਾਲਾ ਲਾਜਪਤ

Digitized by Panjab Digital Library | www.panjabdigilib.org

ਰਾਏ ਦੇ ਹੋਰ ਸਾਥੀ ਦੀਵਾਨ ਬਹਾਦੁਰ ਰਾਜਾ ਨਰਿੰਦਰ ਨਾਥ, ਸ਼ਿਵ ਨਾਥ ਅਤੇ ਪ੍ਰੋਫੈਸਰ ਰੁਚੀ ਰਾਮ ਸਾਹਨੀ ਸਨ ਜਿਨ੍ਹਾਂ ਨੇ ਮਗਰੋਂ ਚਲ ਕੇ ਆਪੋ ਆਪਣੇ ਖੇਤਰ ਵਿਚ ਬਹੁਤ ਪ੍ਰਸਿੱਧੀ ਹਾਸਲ ਕੀਤੀ। ਦਸੰਬਰ 1882 ਵਿਚ ਲਾਲਾ ਸਾਂਈ ਦਾਸ ਦੀ ਪ੍ਰੇਰਨਾ ਨਾਲ ਲਾਜਪਤ ਰਾਏ ਨੇ ਆਰੀਆ ਸਮਾਜ ਵਿਚ ਪ੍ਰਵੇਸ਼ ਕੀਤਾ। ਆਰੀਆ ਸਮਾਜ ਦੀ ਨੀਂਹ ਸੁਆਮੀ ਦਯਾਨੰਦ ਨੇ 10 ਅਪ੍ਰੈਲ 1875 ਵਿਚ ਬੰਬਈ ਵਿਖੇ ਰਖੀ ਸੀ।

ਲਾਲਾ ਲਾਜਪਤ ਰਾਏ ਦੁਆਰਾ ਲਾਹੌਰ ਵਿਚ ਬਿਤਾਏ ਦੋ ਵਰ੍ਹੇ ਉਨ੍ਹਾਂ ਦੇ ਆਉਣ ਵਾਲੇ ਜੀਵਨ ਲਈ ਬੜੇ ਮਹੱਤਵ ਪੂਰਨ ਸਿੱਧ ਹੋਏ। ਲਾਜਪਤ ਰਾਏ ਨੇ ਦੇਸ਼ ਪਿਆਰ ਅਤੇ ਸਮਾਜ ਸੁਧਾਰ ਦਾ ਪਹਿਲਾ ਪਾਠ ਇੱਥੇ ਹੀ ਪੜ੍ਹਿਆ ਸੀ। ਕਈ ਸਾਲ ਮਗਰੋਂ ਉਨ੍ਹਾਂ ਆਪਣੀ ਸ੍ਵੈ ਜੀਵਨੀ ਵਿਚ ਲਿਖਿਆ ਸੀ, 'ਉਨ੍ਹਾਂ ਦਿਨਾਂ ਵਿਚ ਹੀ ਮੈਂ ਆਪਣਾ ਜੀਵਨ ਉਦੇਸ਼ ਨਿਸ਼ਚਿਤ ਕਰ ਲਿਆ ਸੀ... ਮੈਂ ਇਸ ਨੂੰ ਕੇਵਲ ਉਦੇਸ਼ ਹੀ ਨਾ ਰਹਿਣ ਦਿੱਤਾ ਸਗੋਂ ਇਸ ਉਦੇਸ਼ ਦੀ ਪੂਰਤੀ ਲਈ... ਪ੍ਰਯਤਨਸ਼ੀਲ ਹੋ ਗਿਆ...। ਉਨ੍ਹਾਂ ਸਾਲਾਂ ਦੇ ਦੌਰਾਨ ਮੈਂ ਰਾਸ਼ਟਰ ਨਾਲ ਪਿਆਰ ਅਤੇ ਇਸ ਦੀ ਸੇਵਾ ਦਾ ਪਾਠ ਪੜ੍ਹਿਆ ਅਤੇ ਮੇਰੇ ਮਨ ਵਿਚ ਰਾਜਨੀਤਿਕ ਸੁਤੰਤਰਤਾ ਦੀ ਭਾਵਨਾ ਉਤਪੰਨ ਹੋਈ'।

ਆਰੀਆ ਸਮਾਜ ਵਿਚ ਸ਼ਾਮਲ ਹੋ ਜਾਣ ਮਗਰੋਂ ਜਲਦੀ ਹੀ ਉਹ ਉਸਦੇ ਪ੍ਰਮੁੱਖ ਨੇਤਾਵਾਂ ਵਿਚ ਗਿਣੇ ਜਾਣ ਲਗ ਪਏ। ਉਹ ਅਕਸਰ ਕਿਹਾ ਕਰਦੇ ਸਨ ਕਿ ਅਜ ਮੈਂ ਜੋ ਕੁਝ ਵੀ ਹਾਂ ਉਹ ਆਰੀਆ ਸਮਾਜ ਦੀ ਬਦੌਲਤ ਹਾਂ। ਆਰੀਆ ਸਮਾਜ ਨੇ ਹੀ ਮੈਨੂੰ ਸਿਖਾਇਆ ਹੈ ਕਿ ਸਮਾਜ, ਧਰਮ ਅਤੇ ਦੇਸ਼ ਸਾਡੀ ਪੂਜਾ ਦੇ ਪਾਤਰ ਹਨ ਅਤੇ ਜਿਹੜੇ ਲੋਕ ਇਨ੍ਹਾਂ ਦੀ ਸੇਵਾ ਕਰਦੇ ਕੁਰਬਾਨ ਹੋ ਜਾਂਦੇ ਹਨ ਉਨ੍ਹਾਂ ਨੂੰ ਸ੍ਵਰਗ ਪ੍ਰਾਪਤ ਹੁੰਦਾ ਹੈ। ਅਗੇ ਚਲ ਕੇ ਉਨ੍ਹਾਂ ਨੇ ਆਰੀਆ ਸਮਾਜ ਦੇ ਇਤਿਹਾਸ ਅਤੇ ਸਿਧਾਂਤਾਂ ਬਾਰੇ ਇਕ ਪੁਸਤਕ ਲਿਖੀ ਜੋ ਅਜ ਵੀ ਆਰੀਆ ਸਮਾਜ ਦੇ ਮੁੱਢਲੇ ਸਰੋਤਾਂ ਵਿਚੋਂ ਇਕ ਮਹੱਤਵਪੂਰਨ ਰਚਨਾ ਸਮਝੀ ਜਾਂਦੀ ਹੈ। ਆਰੀਆ ਸਮਾਜ ਦੇ ਬਾਨੀ ਸਵਾਮੀ ਦਯਾਨੰਦ ਦਾ ਦੇਹਾਂਤ 31 ਅਕਤੂਬਰ 1883 ਨੂੰ ਹੋ ਗਿਆ। ਇਸ ਘਟਨਾ ਦਾ ਲਾਜਪਤ ਰਾਏ ਦੇ ਮਨ ਤੇ ਬਹੁਤ ਗਹਿਰ ਧੱਕਾ ਲਗਾ। ਲਾਹੌਰ ਵਿਖੇ ਸ਼ਰਧਾਂਜਲੀ ਸਮਾਰੋਹ ਵਿਚ ਬੋਲਦਿਆਂ ਉਨ੍ਹਾਂ ਕਿਹਾ ਕਿ ਸਵਾਮੀ ਜੀ ਦੁਆਰਾ ਦਸਿਆ ਗਿਆ ਰਾਹ ਆਉਣ ਵਾਲੀਆਂ ਸਦੀਆਂ ਵਿਚ ਵੀ ਦੇਸ਼ ਦਾ ਮਾਰਗ-ਦਰਸ਼ਨ ਕਰਦਾ ਰਹੇਗਾ।

ਲਾਹੌਰ ਤੋਂ ਪੜ੍ਹਾਈ ਪੂਰੀ ਕਰਨ ਅਤੇ ਮੁਖਤਿਆਰੀ ਦਾ ਲਾਇਸੈਂਸ ਲੈ ਲੈਣ ਮਗਰੋਂ ਲਾਜਪਤ ਰਾਏ ਵਕਾਲਤ ਦੀ ਪ੍ਰੈਕਟਿਸ ਕਰਨ ਲਈ ਜਗਰਾਉਂ ਆ ਗਏ ਤੇ ਫਿਰ 1884 ਵਿਚ ਉੱਥੋਂ ਰੋਹਤਕ ਚਲੇ ਗਏ ਜਿੱਥੇ ਉਨ੍ਹਾਂ ਦੇ ਪਿਤਾ ਰਾਧਾ ਕ੍ਰਿਸ਼ਨ ਅਧਿਆਪਕ ਲਗੇ ਹੋਏ ਸਨ। ਸਰਕਾਰੀ ਨੌਕਰੀ ਹੋਣ ਕਾਰਨ ਉਨ੍ਹਾਂ ਦੀ ਬਦਲੀ ਅਕਸਰ ਹੁੰਦੀ ਰਹਿੰਦੀ ਸੀਂ।

ਬੇਸ਼ਕ ਮੁਖਤਿਆਰੀ ਦੇ ਕੰਮ ਵਿਚ ਉਹ ਕਾਫ਼ੀ ਪੈਸਾ ਕਮਾ ਲੈਂਦੇ ਸਨ ਪਰ ਉਹ ਵਕਾਲਤ ਦੀ ਪੂਰੀ ਡਿਗਰੀ ਲੈਕੇ ਅਗੇ ਵਧਣਾ ਚਾਹੁੰਦੇ ਸਨ। ਮੁੱਢਲੇ ਤੇ ਚੜ੍ਹਦੀ ਜਵਾਨੀ ਦੇ ਵਰ੍ਹਿਆਂ ਵਿਚ ਕਾਫ਼ੀ ਬੀਮਾਰ ਰਹਿਣ ਕਰਕੇ ਉਨ੍ਹਾਂ ਨੂੰ ਕਈ ਵਾਰ ਆਪਣੀ ਪੜ੍ਹਾਈ ਵਿਚੇ ਹੀ ਛੱਡ ਦੇਣੀ ਪਈ ਸੀ। ਪਰ ਇਸ ਵਾਰ ਉਨ੍ਹਾਂ ਦੀ ਮਿਹਨਤ ਅਤੇ ਦ੍ਰਿੜ੍ਹਤਾ ਨੂੰ ਬੂਰ ਪਿਆ ਤੇ 1886 ਵਿਚ ਉਨ੍ਹਾਂ ਨੇ ਵਕਾਲਤ ਦਾ ਇਮਤਿਹਾਨ ਪਾਸ ਕਰ ਲਿਆ। ਹੁਣ ਉਹ ਪ੍ਰੈਕਟਿਸ ਕਰਨ ਲਈ ਰੋਹਤਕ ਛੱਡ ਕੇ ਹਿਸਾਰ ਆ ਗਏ। ਇੱਥੇ ਲਾਲਾ ਲਾਜਪਤ ਰਾਏ ਨੇ ਛੇ ਸਾਲ (1886-

Digitized by Panjab Digital Library | www.panjabdigilib.org

1892) ਤਕ ਕੰਮ ਕੀਤਾ। ਇਸ ਕੰਮ ਵਿਚ ਉਨ੍ਹਾਂ ਨੇ ਬੜਾ ਪੈਸਾ ਅਤੇ ਨਾਮ ਪੈਦਾ ਕੀਤਾ। ਉਹ ਹਿਸਾਰ ਨਗਰ ਪਾਲਿਕਾ ਦੇ ਨਿਰਵਿਰੋਧ ਮੈਂਬਰ ਚੁਣੇ ਗਏ। ਇੱਥੇ ਹੀ ਉਨ੍ਹਾਂ ਨੇ ਆਪਣੇ ਇਕ ਮਿੱਤਰ ਲਾਲਾ ਚੰਦੂ ਲਾਲ ਨਾਲ ਮਿਲ ਕੇ ਹਿਸਾਰ ਆਰੀਆ ਸਮਾਜ ਦੀ ਨੀਂਹ ਰੱਖੀ। ਉਨ੍ਹਾਂ ਦੀ ਸਫ਼ਲਤਾ ਅਤੇ ਲੋਕਪ੍ਰਿਯਤਾ ਦੇ ਵਡੇ ਹਥਿਆਰ ਉਨ੍ਹਾਂ ਦੀ ਈਮਾਨਦਾਰੀ, ਯੋਗਤਾ ਅਤੇ ਮਿਹਨਤ ਸਨ ਜਿਨ੍ਹਾਂ ਕਰਕੇ ਉਹ ਹੁਣ ਤਕ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਨੇਤਾ ਦੇ ਰੂਪ ਵਿਚ ਉਭਰ ਕੇ ਸਾਮ੍ਹਣੇ ਆ ਚੁਕੇ ਸਨ। ਹੁਣ ਉਨ੍ਹਾਂ ਨੂੰ ਅਗੇ ਵਧਣ ਅਤੇ ਆਪਣੇ ਜੀਵਨ ਦੇ ਅਸਲੀ ਉਦੇਸ਼ਾਂ ਨੂੰ ਪੂਰਾ ਕਰਨ ਲਈ ਇਹ ਥਾਂ ਛੋਟੀ ਤੇ ਥੋੜੀ ਦਿਸਣ ਲਗ ਪਈ। 1892 ਵਿਚ ਉਹ ਹਿਸਾਰ ਛੱਡ ਕੇ ਲਾਹੌਰ ਆ ਗਏ। ਇਸ ਮਗਰੋਂ ਜੀਵਨ ਦੇ ਬਾਕੀ 36 ਵਰ੍ਹਿਆਂ ਤਕ ਇਹੀ ਨਗਰ ਉਨ੍ਹਾਂ ਦੀ ਸਮੂਹ ਗਤੀਵਿਧੀਆਂ ਦਾ ਕੇਂਦਰ ਬਣ ਗਿਆ। ਇੱਥੇ ਹੀ ਉਨ੍ਹਾਂ 17 ਨਵੰਬਰ 1928 ਨੂੰ ਸ਼ਹਾਦਤ ਦਾ ਜਾਮ ਪੀਤਾ ਸੀ।

ਹਿਸਾਰ ਵਿਚ ਰਹਿੰਦਿਆਂ ਉਹਨਾਂ ਆਪਣੀ ਪ੍ਰੈਕਟਿਸ ਦੇ ਦੌਰਾਨ ਨਾ ਸਿਰਫ਼ ਆਰੀਆ ਸਾਮਜ ਦੀ ਨੀਂਹ ਰਖੀ ਸਗੋਂ ਵਿੱਦਿਅਕ ਅਤੇ ਸਮਾਜਕ ਕੰਮਾਂ ਵਿਚ ਵੀ ਵੱਧ ਚੜ੍ਹ ਕੇ ਹਿੱਸਾ ਲਿਆ। ਉਹ ਆਪਣੇ ਭਾਸ਼ਨਾਂ ਅਤੇ ਵਿਚਾਰਾਂ ਰਾਹੀਂ ਲੋਕਾਂ ਵਿਚ ਰਾਸ਼ਟਰੀ ਚੇਤਨਤਾ ਪੈਦਾ ਕਰਨ ਵਿਚ ਲਗ ਗਏ। ਇੱਥੇ ਰਹਿ ਕੇ ਹੀ ਉਨ੍ਹਾਂ ਨੇ ਸਮਾਜ ਸੁਧਾਰ ਅਤੇ ਅਛੂਤ ਸੁਧਾਰ ਜਹੇ ਕੰਮਾਂ ਨੂੰ ਆਪਣੇ ਜੀਵਨ ਦਾ ਇਕ ਪ੍ਰਮੁੱਖ ਉਦੇਸ਼ ਬਣਾਇਆ ਤੇ ਇਸ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ। ਹਿਸਾਰ ਵਿਚ ਆਪਣੇ ਛੇ ਸਾਲ ਦੇ ਕਿਆਮ ਦੌਰਾਨ ਉਨ੍ਹਾਂ ਨੂੰ ਧਰਮ, ਰਾਜਨੀਤੀ, ਇਤਿਹਾਸ ਅਤੇ ਸਾਹਿਤ ਸਬੰਧੀ ਪ੍ਰਸਿੱਧ ਲੇਖਕਾਂ ਦੀਆਂ ਰਚਨਾਵਾਂ ਪੜ੍ਹਣ ਤੇ ਉਨ੍ਹਾਂ ਦਾ ਵਿਸ਼ਲੇਸ਼ਨ ਕਰਨ ਦਾ ਚੰਗਾ ਅਵਸਰ ਮਿਲ ਗਿਆ। ਪੁਸਤਕਾਂ ਤੋਂ ਪ੍ਰਾਪਤ ਕੀਤੇ ਗਿਆਨ ਨੇ ਉਨ੍ਹਾਂ ਦੇ ਵਿਚਾਰਾਂ ਵਿਚ ਵਿਸ਼ਾਲਤਾ ਅਤੇ ਦ੍ਰਿੜ੍ਹਤਾ ਪੈਦਾ ਕੀਤੀ। ਇਨ੍ਹਾਂ ਦਿਨਾਂ ਵਿਚ ਪੜ੍ਹੀਆਂ ਪੁਸਤਕਾਂ ਵਿਚੋਂ ਜਿਸ ਪੁਸਤਕ ਨੇ ਲਾਜਪਤ ਰਾਏ ਦੇ ਮਨ ਤੇ ਸਭ ਤੋਂ ਵੱਧ ਪ੍ਰਭਾਵ ਪਾਇਆ ਉਹ ਇਟਲੀ ਦੇ ਮਹਾਨ ਨੇਤਾ ਮੈਜ਼ਨੀ ਦੀ ਜੀਵਨੀ ਅਤੇ ਆਤਮ ਕਥਾ ਸੀ। ਮੈਜ਼ਨੀ ਦੀ ਦੇਸ਼ ਭਗਤੀ, ਉਸਦੇ ਰਾਸ਼ਟਰਵਾਦ, ਉਸਦੀ ਨੈਤਿਕਤਾ ਅਤੇ ਮਨੁੱਖੀ ਸਨੇਹ ਤੇ ਮਾਨਵ ਵਾਦੀ ਰੁਚੀਆਂ ਤੋਂ ਪ੍ਰਭਾਵਿਤ ਹੋਕੇ ਲਾਜਪਤ ਰਾਏ ਨੇ ਉਸਦੀਆਂ ਸਿੱਖਿਆਵਾਂ ਤੇ ਚਲਣ ਅਤੇ ਉਸ ਵਾਂਗ ਆਪਣੇ ਦੇਸ਼ ਦੀ ਸੇਵਾ ਕਰਨ ਦਾ ਫ਼ੈਸਲਾ ਕਰ ਲਿਆ। ਦੋ ਹੋਰ ਪੈਂਫਲਿਟ 'ਪੂਰਬ ਦਾ ਤਾਰਾ' (Star in the East) ਅਤੇ 'ਇਕ ਸਿਆਣੇ ਮਨੁੱਖ ਦੀ ਆਸ' (The old man's Hope), ਜਿਨ੍ਹਾਂ ਦੇ ਰਚਿਯਤਾ ਕਾਂਗਰਸ ਦੇ ਬਾਨੀ ਮਿਸਟਰ ਹਿਊਮ ਸਨ ਨੇ ਵੀ ਲਾਜਪਤ ਰਾਏ ਨੂੰ ਬੜਾ ਪ੍ਰਭਾਵਿਤ ਕੀਤਾ ਤੇ ਹੁਣ ਉਹ ਦੇਸ਼ ਦੇ ਸੁਤੰਤਰਤਾ ਸੰਗ੍ਰਾਮ ਅਤੇ ਰਾਜਨੀਤਿਕ ਗਤੀ ਵਿਧੀਆਂ ਵਿਚ ਕੁੱਦ ਪੈਣ ਲਈ ਤਤਪਰ ਹੋ ਗਏ।

ਕਾਂਗਰਸ ਦੀ ਸਥਾਪਨਾ 1885 ਵਿਚ ਹੋ ਚੁਕੀ ਸੀ। ਉਦੋਂ ਲਾਜਪਤ ਰਾਏ ਦੀ ਉਮਰ 20 ਸਾਲ ਦੀ ਸੀ। ਉਨ੍ਹਾਂ ਦੇ ਸਿਆਸੀ ਜੀਵਨ ਦਾ ਆਰੰਭ 1888 ਵਿਚ ਇੰਡੀਅਨ ਨੈਸ਼ਨਲ ਕਾਂਗਰਸ ਦੇ ਸਾਲਾਨਾ ਅਜਲਾਸ ਨਾਲ ਹੁੰਦਾ ਹੈ। ਇਹ ਅਜਲਾਸ ਅਲਾਹਬਾਦ ਵਿਖੇ ਹੋਇਆ ਸੀ ਜਿਸ ਵਿਚ ਲਾਜਪਤ ਰਾਏ ਨੇ ਪੰਜਾਬ ਚੋਂ ਚੁਣੇ ਗਏ ਇਕ ਡੈਲੀਗੇਟ ਵਜੋਂ ਪਹਿਲੀ ਵਾਰ ਭਾਗ ਲਿਆ ਸੀ। ਇਸ ਤੋਂ ਪਹਿਲਾਂ ਉਨ੍ਹਾਂ ਦੁਆਰਾ ਮੁਸਲਿਮ ਨੇਤਾ ਸਰ ਸਯੱਦ ਅਹਿਮਦ ਖਾਂ ਦੇ ਨਾਮ ਲਿਖੀਆਂ 'ਖੁਲ੍ਹੀਆਂ ਚਿੱਠੀਆਂ' (Open Letters) ਅਖ਼ਬਾਰਾਂ ਵਿਚ ਪ੍ਰਕਾਸ਼ਿਤ ਹੋ

Digitized by Panjab Digital Library | www.panjabdigilib.org

ਚੁਕੀਆਂ ਸਨ। ਸਰ ਸਯੱਦ ਅਹਿਮਦ ਖਾਂ ਪਹਿਲਾਂ ਰਾਸ਼ਟਰਵਾਦੀ ਵਿਚਾਰਾਂ ਦਾ ਸੀ ਪਰ 1887 ਤੋਂ ਮਗਰੋਂ ਉਸਨੇ ਕਾਂਗਰਸ ਦਾ ਵਿਰੋਧ ਕਰਨਾ ਤੇ ਮੁਸਲਮਾਨਾਂ ਦੇ ਹੱਕ ਅਤੇ ਅਧਿਕਾਰਾਂ ਦੀ ਗੱਲ ਕਰਨੀ ਸ਼ੁਰੂ ਕਰ ਦਿੱਤੀ ਸੀ। ਪਹਿਲਾਂ ਲਾਲਾ ਲਾਜਪਤ ਰਾਏ ਅਤੇ ਇਨ੍ਹਾਂ ਦੇ ਪਿਤਾ ਰਾਧਾਕ੍ਰਿਸ਼ਨ, ਸਰ ਸਯੱਦ ਅਹਿਮਦ ਖਾਂ ਦੇ ਬੜੇ ਸ਼ਰਧਾਲੂ ਅਤੇ ਪ੍ਰਸ਼ੰਸਕ ਸਨ। ਪਰ ਅਚਾਨਕ ਇਨ੍ਹਾਂ ਦੇ ਵਿਚਾਰਾਂ ਵਿਚ ਆ ਗਏ ਪ੍ਰੀਵਰਤਨ ਕਾਰਨ ਲਾਲਾ ਲਾਜਪਤ ਰਾਏ ਦੇ ਮਨ ਨੂੰ ਬੜੀ ਠੇਸ ਪਹੁੰਚੀ ਤੇ ਉਨ੍ਹਾਂ ਨੇ ਸਰ ਸਯੱਦ ਅਹਿਮਦ ਦੇ ਨਾਮ ਅਖ਼ਬਾਰਾਂ ਨੂੰ 'ਖੁਲ੍ਹੀਆਂ ਚਿੱਠੀਆਂ' ਭੇਜੀਆਂ ਜਿਨ੍ਹਾਂ ਵਿਚ ਉਨ੍ਹਾਂ ਨੇ ਮੁਸਲਿਮ ਨੇਤਾ ਦੀ ਆਲੋਚਨਾ ਕੀਤੀ ਸੀ। ਉਨ੍ਹਾਂ ਆਪਣੇ ਪਹਿਲੇ ਹੀ ਖ਼ਤ ਵਿਚ ਲਿਖਿਆ ਸੀ ਕਿ 'ਖੁਸ਼ਾਮਦ ਅਤੇ ਚਾਪਲੂਸੀ ਨੇ ਇਤਨੀ ਦੂਰਦ੍ਰਿਸ਼ਟੀ ਰਖਣ ਵਾਲੇ ਵਿਅਕਤੀ ਨੂੰ ਅੰਨ੍ਹਾਂ ਕਰ ਦਿੱਤਾ ਹੈ। ਬੁਜ਼ਦਿਲੀ ਨੇ ਸਚਾਈ ਦੀ ਭਾਲ ਕਰਨ ਵਾਲੇ ਦੀ ਆਤਮਾ ਨੂੰ ਕੁਚਲ ਕੇ ਰੱਖ ਦਿੱਤਾ ਹੈ... ਕਿਤਨੇ ਅਫ਼ਸੋਸ ਦੀ ਗੱਲ ਹੈ ਕਿ ਜਿਨ੍ਹਾਂ ਨੇ ਆਪ ਹੀ (ਰਾਸ਼ਟਰਵਾਦ ਦੇ) ਰੁੱਖ ਨੂੰ ਆਪਣੀ ਹਥੀਂ ਲਾਇਆ ਹੈ, ਉਹੀ ਰੁੱਖ ਨੂੰ ਜੜ੍ਹੋਂ ਪੁੱਟ ਦੇਣ ਦੇ ਜਤਨ ਕਰ ਰਹੇ ਹਨ'। ਕਾਂਗਰਸ ਦੇ ਰਾਜਨੀਤਿਕ ਖੇਤਰਾਂ ਵਿਚ ਇਨ੍ਹਾਂ ਚਿੱਠੀਆਂ ਦੀ ਬੜੀ ਚਰਚਾ ਹੋਈ ਤੇ ਲਾਜਪਤ ਰਾਏ ਦੀਆਂ ਬੇਬਾਕ ਲਿਖਤਾਂ ਅਤੇ ਨਿਡਰਤਾ ਦੀ ਰੱਜ ਕੇ ਸ਼ਲਾਘਾ ਕੀਤੀ ਗਈ। ਪੰਜਾਬ ਤੋਂ ਆਏ ਹੋਏ ਡੈਲੀਗੇਟ ਦੇ ਰੂਪ ਵਿਚ ਜਦੋਂ ਉਹ ਅਲਾਹਬਾਦ ਪਹੁੰਚੇ ਤਾਂ ਉਨ੍ਹਾਂ ਦਾ ਬੜੀ ਗਰਮਜੋਸ਼ੀ ਨਾਲ ਸੁਆਗਤ ਕੀਤਾ ਗਿਆ। ਅਲਾਹਬਾਦ ਦੇ ਰੇਲਵੇ ਪਲੇਟਫਾਰਮ ਤੇ ਉਨ੍ਹਾਂ ਦਾ ਸੁਆਗਤ ਕਰਨ ਵਾਲਿਆਂ ਵਿਚ ਕਾਂਗਰਸ ਦੇ ਬਾਨੀ ਮਿਸਟਰ ਹਿਊਮ, ਪੰਡਿਤ ਅਜੋਧਿਆ ਨਾਥ ਅਤੇ ਪੰਡਿਤ ਮਦਨ ਮੋਹਨ ਮਾਲਵੀਆ ਮੌਜੂਦ ਸਨ। ਅਜੇ ਲਾਜਪਤ ਰਾਏ ਦੀ ਉਮਰ ਮਸਾਂ 24 ਸਾਲ ਦੀ ਸੀ ਕਿ ਉਸ ਦੀ ਗਣਨਾ ਰਾਸ਼ਟਰ ਦੇ ਉੱਚ ਕੋਟੀ ਦੇ ਨੇਤਾਵਾਂ ਵਿਚ ਹੋਣ ਲਗ ਪਈ ਸੀ। ਲਾਜਪਤ ਰਾਏ ਨੇ ਪਹਿਲੀ ਵਾਰ ਇਸ ਅਜਲਾਸ ਵਿਚ ਭਾਸ਼ਨ ਦਿੱਤਾ ਜਿਸ ਦੀ ਮੰਚ ਦੇ ਬੈਠੇ ਨੇਤਾਵਾਂ ਅਤੇ ਪੰਡਾਲ ਵਿਚ ਉਪਸਥਿਤ ਡੈਲੀਗੇਟਾਂ ਨੇ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਨੇ ਆਪਣਾ ਭਾਸ਼ਨ ਉਰਦੂ ਵਿਚ ਦਿੱਤਾ ਜਿਸ ਨੂੰ ਆਮ ਲੋਕ ਵੀ ਆਸਾਨੀ ਨਾਲ ਸਮਝ ਸਕਦੇ ਸਨ। ਇਹ ਇਨ੍ਹਾਂ ਦੇ ਰਾਜਨੀਤਿਕ ਅਤੇ ਸਾਰਵਜਨਕ ਜੀਵਨ ਦੀ ਸ਼ੁਰੂਆਤ ਸੀ।

ਅਲਾਹਬਾਦ ਤੋਂ ਬਾਦ ਕਾਂਗਰਸ ਦਾ ਅਗਲਾ ਸੈਸ਼ਨ ਬੰਬਈ ਵਿਚ ਹੋਇਆ ਜਿੱਥੇ ਲਾਜਪਤ ਰਾਏ ਦੀ ਮੁਲਾਕਾਤ ਮਿਸਟਰ ਹਿਊਮ ਅਤੇ ਚਾਰਲਸ ਬ੍ਰੈਡਲਾ ਨਾਲ ਹੋਈ ਜਿਨ੍ਹਾਂ ਦਾ ਝੁਕਾ ਹਮੇਸ਼ਾਂ ਭਾਰਤੀ ਹਿਤਾਂ ਨਾਲ ਜੁੜਿਆ ਹੋਇਆ ਸੀ। ਇੱਥੇ ਹੀ ਉਹ ਬਿਪਿਨ ਚੰਦ੍ਰ ਪਾਲ ਅਤੇ ਬਾਲ ਗੰਗਾਧਰ ਤਿਲਕ ਦੇ ਸੰਪਰਕ ਵਿਚ ਆਏ। ਅਗੇ ਚਲ ਕੇ ਇਨ੍ਹਾਂ ਵਿਚ ਆਪਸੀ ਵਿਚਾਰਾਂ ਦੀ ਸਾਂਝ ਕਰਕੇ ਇਹ 'ਬਾਲ, ਪਾਲ ਅਤੇ ਲਾਲ' ਦੀ ਤ੍ਰਿਗੜੀ ਕਰਕੇ ਮਸ਼ਹੂਰ ਹੋਏ। ਇਨ੍ਹਾਂ ਦਾ ਸਬੰਧ ਦੇਸ਼ ਦੇ ਗਰਮ ਧੜੇ ਨਾਲ ਸੀ ਜੋ ਅੰਗਰੇਜ਼ਾਂ ਕੋਲੋਂ ਦੇਸ਼ ਦੀ ਆਜ਼ਾਦੀ ਮੰਗ ਕੇ ਨਹੀਂ ਸਗੋਂ ਆਪਣੇ ਅਧਿਕਾਰ ਵਜੋਂ ਹਾਸਲ ਕਰਨ ਵਿਚ ਯਕੀਨ ਰਖਦੇ ਸਨ।

ਇਸ ਸੈਸ਼ਨ ਤੋਂ ਮਗਰੋਂ ਲਾਜਪਤ ਰਾਏ ਦਾ ਕਾਂਗਰਸ ਪ੍ਰਤੀ ਜੋਸ਼ ਮੱਠਾ ਪੈ ਗਿਆ। ਉਨ੍ਹਾਂ ਆਪਣਾ ਸਾਰਾ ਧਿਆਨ ਸਮਾਜ ਕਲਿਆਨ, ਅਛੂਤ ਉੱਧਾਰ ਅਤੇ ਵਿੱਦਿਅਕ ਪ੍ਰਸਾਰ ਵਲ ਕੇਂਦਰਿਤ ਕਰ ਲਿਆ। ਇਸ ਦੌਰਾਨ ਉਨ੍ਹਾਂ ਦੀ ਸਭ ਤੋਂ ਵਡੀ ਪ੍ਰਾਪਤੀ ਲਾਹੌਰ ਵਿਖੇ ਦਇਆ ਨੰਦ ਐਂਗਲੋ ਵੈਦਿਕ ਕਾਲਜ ਦੀ ਸਥਾਪਨਾ ਸੀ ਜਿਸ ਲਈ ਉਨ੍ਹਾਂ ਬੜੀ ਮੇਹਨਤ ਕਰ ਕੇ ਫੰਡ

Digitized by Panjab Digital Library | www.panjabdigilib.org

ਇਕੱਠੇ ਕੀਤੇ ਸਨ ਅਤੇ ਵਿਯਕਤੀਗਤ ਤੌਰ ਤੇ ਆਪਣੇ ਵਲੋਂ ਵੀ ਚੋਖਾ ਹਿੱਸਾ ਪਾਇਆ ਸੀ। ਆਉਣ ਵਾਲੇ 11 ਵਰ੍ਹਿਆਂ ਵਿਚ ਉਹ ਕਾਂਗਰਸ ਦੇ ਕੇਵਲ ਦੋ ਇਜਲਾਸਾਂ ਵਿਚ ਹੀ ਸ਼ਾਮਲ ਹੋਏ। ਇਹ ਦੋਵੇਂ ਇਜਲਾਸ ਸੰਨ 1893 ਅਤੇ 1900 ਵਿਚ ਲਾਹੌਰ ਵਿਚ ਹੋਏ ਸਨ।

1897 ਦੇ ਸ਼ੁਰੂ ਵਿਚ ਭਾਰਤ ਦੇ ਮੱਧ ਪ੍ਰਾਂਤਾਂ ਵਿਚ ਭਿਆਨਕ ਅਕਾਲ ਪੈ ਗਿਆ। ਲੋਕ ਅਨਾਜ ਦੀ ਥੁੜ ਅਤੇ ਭੁੱਖ ਨਾਲ ਮਰਨੇ ਸ਼ੁਰੂ ਹੋ ਗਏ। ਇਸ ਅਕਾਲ ਦਾ ਮਾੜਾ ਅਸਰ ਗ਼ਰੀਬ ਜਨਤਾ ਤੇ ਵਧੇਰੇ ਸੀ। ਇਸਾਈ ਮਿਸ਼ਨਰੀਆਂ ਨੇ ਇਸ ਸਥਿਤੀ ਨੂੰ ਆਪਣੇ ਪ੍ਰਚਾਰ ਲਈ ਵਰਤਨਾ ਸ਼ੁਰੂ ਕਰ ਦਿੱਤਾ। ਉਹ ਗਰੀਬਾਂ ਅਤੇ ਅਕਾਲ ਪੀੜਤ ਲੋਕਾਂ ਦੀ ਸਹਾਇਤਾ ਕਰਨ ਦੇ ਉਦੇਸ਼ ਨਾਲ ਉਨ੍ਹਾਂ ਨੂੰ ਆਪਣੇ ਗਿਰਜਾ ਘਰਾਂ ਵਿਚ ਲਿਜਾ ਕੇ ਇਸਾਈ ਧਰਮ ਵਿਚ ਸ਼ਾਮਲ ਕਰਨ ਲਗ ਪਏ। ਜਦ ਇਸ ਗੱਲ ਦੀ ਖ਼ਬਰ ਲਾਹੌਰ ਪਹੁੰਚੀ ਤਾਂ ਲਾਲਾ ਲਾਜਪਤ ਰਾਏ ਨੇ ਕਿਹਾ ਕਿ ਦੇਸ਼ ਵਾਸੀਆਂ ਨੂੰ ਆਪਣੇ ਯਤੀਮਾਂ, ਵਿਧਵਾਵਾਂ ਅਤੇ ਅਕਾਲ ਪੀੜਤਾਂ ਦੀ ਸਹਾਇਤਾ ਆਪ ਕਰਨੀ ਚਾਹੀਦੀ ਹੈ ਨਾ ਕਿ ਉਹ ਇਸਾਈ ਮਿਸ਼ਨਰੀਆਂ ਦੇ ਹੱਥਾਂ ਵਲ ਵੇਖਦੇ ਰਹਿਣ। ਇਸ ਉਦੇਸ਼ ਨੂੰ ਮੁੱਖ ਰੱਖ ਕੇ ਉਨ੍ਹਾਂ ਨੇ 1897 ਵਿਚ 'ਹਿੰਦੂ ਯਤੀਮ ਸਹਾਇਤਾ ਸੰਸਥਾ' ਦੀ ਸਥਾਪਨਾ ਕੀਤੀ ਅਤੇ ਦੇਸ਼ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਸੰਸਥਾ ਲਈ ਦਿਲ ਖੋਲ੍ਹ ਕੇ ਚੰਦਾ ਦੇਣ ਤਾਂ ਜੁ ਭੁੱਖ ਦੇ ਦੁੱਖ ਤੋਂ ਪ੍ਰੇਸ਼ਾਨ ਬੱਚੇ, ਔਰਤਾਂ ਤੇ ਬਜ਼ੁਰਗਾਂ ਨੂੰ ਨਾ ਸਿਰਫ਼ ਬਚਾਇਆ ਹੀ ਜਾ ਸਕੇ ਸਗੋਂ ਉਨ੍ਹਾਂ ਨੂੰ ਇਸਾਈ ਧਰਮ ਵਿਚ ਜਾਣ ਤੋਂ ਵੀ ਰੋਕਿਆ ਜਾ ਸਕੇ। ਇਸ ਕਾਰਜ ਲਈ ਉਨ੍ਹਾਂ ਲਾਹੌਰ, ਫੀਰੋਜ਼ਪੁਰ ਅਤੇ ਕਈ ਹੋਰ ਨਗਰਾਂ ਵਿਚ ਯਤੀਮ ਖਾਨੇ ਸਥਾਪਿਤ ਕੀਤੇ ਜਿੱਥੇ ਜਬਲਪੁਰ, ਬਿਲਾਸਪੁਰ ਅਤੇ ਮੱਧ ਪ੍ਰਾਂਤ ਦੇ ਅਕਾਲ ਪੀੜਿਤ ਪਿੰਡਾਂ ਅਤੇ ਛੋਟੇ ਨਗਰਾਂ ਵਿਚੋਂ ਯਤੀਮ ਬਚਿਆਂ ਨੂੰ ਲਿਆਕੇ ਭਰਤੀ ਕੀਤਾ ਗਿਆ।

1898-99 ਵਿਚ ਪੰਜਾਬ, ਰਾਜਸਥਾਨ ਅਤੇ ਗੁਜਰਾਤ ਵਿਚ ਵੀ ਅਕਾਲ ਪੈ ਗਿਆ। ਲਾਲਾ ਲਾਜਪਤ ਰਾਏ ਨੇ ਦੁਖੀ ਲੋਕਾਂ ਦੀ ਸਹਾਇਤਾ ਲਈ ਆਪਣਾ ਸੁੱਖ, ਆਰਾਮ ਤਿਆਗ ਕੇ ਦਿਨ ਰਾਤ ਇਕ ਕਰ ਦਿੱਤਾ। ਇਕ ਅਨੁਮਾਣ ਅਨੁਸਾਰ 1897 ਤੋਂ 1900 ਦੇ ਦੌਰਾਨ ਉਨ੍ਹਾਂ ਨੇ ਕਰੀਬ 2000 ਹਿੰਦੂ ਬਚਿਆਂ ਅਤੇ ਇਸਤਰੀਆਂ ਨੂੰ ਇਸਾਈ ਧਰਮ ਵਿਚ ਪ੍ਰਵੇਸ਼ ਕਰਨ ਤੋਂ ਬਚਾ ਲਿਆ। ਮਨੁੱਖੀ ਅਤੇ ਰਾਸ਼ਟਰੀ ਸਨੇਹ ਨੇ ਹੀ ਲਾਲਾ ਜੀ ਨੂੰ ਇਨ੍ਹਾਂ ਸਹਾਇਤਾ ਕਾਰਜਾਂ ਲਈ ਪ੍ਰੇਰਿਆ ਸੀ। ਇਨ੍ਹਾਂ ਦਿਨਾਂ ਵਿਚ ਹੀ ਉਨ੍ਹਾਂ ਦੇ ਭਰਾ ਦਲਪਤ ਰਾਏ ਦਾ ਦੇਹਾਂਤ ਹੋ ਗਿਆ। ਲਾਲਾ ਜੀ ਉਸਨੂੰ ਬਹੁਤ ਪਿਆਰ ਕਰਦੇ ਸਨ ਅਤੇ ਉਸ ਤੋਂ ਉਨ੍ਹਾਂ ਨੂੰ ਬੜੀਆਂ ਆਸਾਂ ਸਨ।

ਲਾਲਾ ਲਾਜਪਤ ਰਾਏ ਦਾ ਇਹ ਪੱਕਾ ਵਿਸ਼ਵਾਸ ਸੀ ਕਿ ਦੇਸ਼ ਲਈ ਰਾਜਨੀਤਿਕ ਸੁਤੰਤਰਤਾ ਹਾਸਲ ਕਰਨ ਤੋਂ ਪਹਿਲਾਂ ਵਿੱਦਿਅਕ ਅਤੇ ਆਰਥਿਕ ਸੁਤੰਤਰਤਾ ਹਾਸਲ ਕਰਨੀ ਬਹੁਤ ਜ਼ਰੂਰੀ ਹੈ। ਜਿਤਨੀ ਦੇਰ ਤਕ ਦੇਸ਼ ਆਰਥਿਕ ਤੌਰ ਤੇ ਆਤਮ ਨਿਰਭਰ ਨਹੀਂ ਹੋ ਜਾਂਦਾ ਉਤਨੀ ਦੇਰ ਤਕ ਰਾਜਨੀਤਿਕ ਗੁਲਾਮੀ ਤੋਂ ਮੁਕਤ ਹੋ ਪਾਣਾ ਸੌਖਾ ਨਹੀਂ। ਉਹ ਇਹ ਵੀ ਚਾਹੁੰਦੇ ਸਨ ਕਿ ਭਾਰਤ ਉਦਯੋਗਿਕ ਤੌਰ ਤੇ ਉਨੱਤ ਹੋਵੇ। ਭਾਰਤੀ ਪੂੰਜੀ ਨੂੰ ਭਾਰਤੀ ਉਦਯੋਗਾਂ ਦੀ ਬੇਹਤਰੀ ਲਈ ਹੀ ਵਰਤਿਆ ਜਾਵੇ ਨਾ ਕਿ ਵਿਦੇਸ਼ੀ ਉਦਯੋਗਾਂ ਨੂੰ ਪ੍ਰਫੁਲਤ ਕਰਨ ਲਈ, ਜਿਵੇਂ ਕਿ ਅੰਗਰੇਜ਼ ਕਰ ਰਹੇ ਸਨ। ਲਾਲਾ ਜੀ ਭਾਰਤ ਦਾ ਰਾਸ਼ਟਰੀ ਬੈਂਕ ਸਥਾਪਿਤ ਕਰਨ ਦੇ ਵੀ ਇਛੁੱਕ ਸਨ। 1895 ਵਿਚ ਰਾਏ ਮੂਲ ਰਾਜ, ਸ਼੍ਰੀ ਦਿਆਲ ਸਿੰਘ ਮਜੀਠੀਆ ਅਤੇ ਲਾਲਾ

Digitized by Panjab Digital Library | www.panjabdigilib.org

ਲਾਲ ਚੰਦ ਦੇ ਸਹਿਯੋਗ ਨਾਲ ਲਾਹੌਰ ਵਿਚ ਪੰਜਾਬ ਨੈਸ਼ਨਲ ਬੈਂਕ ਸਥਾਪਿਤ ਹੋ ਗਿਆ।

1895 ਤੋਂ 1900 ਤਕ ਦੇ ਪੰਜ ਵਰ੍ਹੇ ਉਨ੍ਹਾਂ ਲਈ ਸਾਹਿਤਕ ਉਪਲਬਧੀਆਂ ਦੇ ਵਰ੍ਹੇ ਸਨ। ਇਨ੍ਹਾਂ ਪੰਜਾਂ ਸਾਲਾਂ ਵਿਚ ਉਨ੍ਹਾਂ ਨੇ ਪੰਜ ਮਹਾਂਪੁਰਸ਼ਾਂ ਦੀਆਂ ਜੀਵਨੀਆਂ ਲਿਖੀਆਂ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਮਹਾਂਪੁਰਸ਼ਾਂ ਦੇ ਜੀਵਨ ਚਰਿੱਤਰ ਅਤੇ ਉਨ੍ਹਾਂ ਦੇ ਕਾਰਨਾਮਿਆਂ ਬਾਰੇ ਲਿਖ ਪੜ੍ਹ ਕੇ ਹੀ ਲੋਕਾਂ ਵਿਚ ਜਾਗ੍ਰਿਤੀ ਪੈਦਾ ਕੀਤੀ ਜਾ ਸਕਦੀ ਹੈ। ਇਹ ਜੀਵਨੀਆਂ ਸਨ - ਸ਼ਿਵਾ ਜੀ, ਗੈਰੀ ਬਾਲਡੀ, ਸ੍ਵਾਮੀ ਦਯਾ ਨੰਦ, ਸ਼੍ਰੀ ਕ੍ਰਿਸ਼ਨ ਜੀ ਅਤੇ ਮੈਜ਼ਨੀ। ਮੈਜ਼ਨੀ ਦੀ ਜੀਵਨੀ ਜਿਹੜੀ ਕਿ ਇਨ੍ਹਾਂ ਨੇ ਉਰਦੂ ਵਿਚ ਲਿਖੀ ਸੀ, ਡੀ.ਏ.ਵੀ. ਕਾਲਜ ਦੇ ਵਿਦਿਆਰਥੀਆਂ ਵਿਚ ਬੜੀ ਲੋਕਪ੍ਰਿਯ ਸੀ। ਇਨ੍ਹਾਂ ਜੀਵਨੀਆਂ ਦੇ ਛਪਣ ਮਗਰੋਂ ਖ਼ੁਫ਼ੀਆ ਅਜੰਸੀਆਂ ਦੁਆਰਾ ਸਰਕਾਰ ਕੋਲ ਇਹ ਰਿਪੋਰਟ ਭੇਜੀ ਗਈ ਕਿ 'ਲਾਲਾ ਜੀ ਦਾ ਉਦੇਸ਼ ਪੂਰਨ ਤੌਰ ਤੇ ਰਾਜਨੀਤਿਕ ਜਾਪਦਾ ਹੈ। ਉਹ ਇਨ੍ਹਾਂ ਜੀਵਨੀਆਂ ਰਾਹੀਂ ਬਦੇਸ਼ੀ ਗੁਲਾਮੀ ਵਿਰੁੱਧ ਕਿਸੇ ਵੀ ਕੁਰਬਾਨੀ ਨੂੰ ਜਾਇਜ਼ ਕਰਾਰ ਦਿੰਦਾ ਹੋਇਆ ਸੁਤੰਤਰਤਾ ਪ੍ਰਾਪਤੀ ਨੂੰ ਉਚਿੱਤ ਸਿੱਧ ਕਰਦਾ ਹੈ।'

1890-1900 ਦੇ ਵਿਚਕਾਰ ਉਨ੍ਹਾਂ ਵਲ ਦੋ ਪੁੱਤਰਾਂ ਅਤੇ ਇਕ ਪੁੱਤਰੀ ਨੇ ਜਨਮ ਲਿਆ। ਲਾਲਾ ਜੀ ਹੁਣ ਵਕਾਲਤ ਛੱਡ ਕੇ ਆਪਣਾ ਸਮਾਂ ਸਾਰਵਜਨਕ ਕੰਮਾਂ ਵਿਚ ਲਗਾਣਾ ਚਾਹੁੰਦੇ ਸਨ ਪਰ ਉਨ੍ਹਾਂ ਦੇ ਪਿਤਾ ਰਾਧਾ ਕ੍ਰਿਸ਼ਨ ਇਸ ਹੱਕ ਵਿਚ ਨਹੀਂ ਸਨ। ਲਾਲਾ ਜੀ ਆਪਣੀ ਕਮਾਈ ਦਾ ਬਹੁਤਾ ਭਾਗ ਡੀ.ਏ.ਵੀ. ਕਾਲਜ ਅਤੇ ਆਰੀਆ ਸਮਾਜ ਦੇ ਕੰਮਾਂ ਵਿਚ ਲਗਾ ਦਿਆ ਕਰਦੇ ਸਨ।

1904 ਵਿਚ ਲਾਲਾ ਲਾਜਪਤ ਰਾਏ ਦੀ ਪ੍ਰੇਰਨਾਂ ਸਦਕਾ 'ਦੀ ਪੰਜਾਬੀ' ਨਾਮ ਦਾ ਇਕ ਨਵਾਂ ਪਰਚਾ ਸ਼ੁਰੂ ਕੀਤਾ ਗਿਆ। ਇਸ ਦਾ ਪਹਿਲਾ ਅੰਕ ਅਕਤੂਬਰ 1904 ਵਿਚ ਪ੍ਰਕਾਸ਼ਿਤ ਹੋਇਆ। ਇਸ ਤੋਂ ਪਹਿਲਾਂ ਪੰਜਾਬ ਵਿਚੋਂ ਕੇਵਲ ਟ੍ਰਿਬੀਊਨ ਹੀ ਛਪਿਆ ਕਰਦਾ ਸੀ। ਇਸ ਪਰਚੇ ਦੇ ਸੰਸਥਾਪਕ ਸ਼੍ਰੀ ਦਿਆਲ ਸਿੰਘ ਦੀ ਮੌਤ ਤੋਂ ਬਾਦ ਇਸ ਪਰਚੇ ਦੀ ਨੀਤੀ ਵਿਚ ਵੀ ਤਬਦੀਲੀ ਆ ਗਈ ਸੀ। 'ਦੀ ਪੰਜਾਬੀ' ਵਿਚ ਅਕਸਰ ਲਾਲਾ ਲਾਜਪਤ ਰਾਏ ਅਤੇ ਹੋਰ ਕ੍ਰਾਂਤੀਕਾਰੀ ਨੌਜਵਾਨਾਂ ਦੇ ਲੇਖ ਛਪਿਆ ਕਰਦੇ ਸਨ। ਜਲਦੀ ਹੀ ਇਹ ਪਤ੍ਰਿਕਾ ਲੋਕਾਂ ਨੂੰ ਅੰਗਰੇਜ਼ਾਂ ਵਿਰੁੱਧ ਚੁੱਕਣ ਅਤੇ ਜਥੇਬੰਦ ਕਰਨ ਵਿਚ ਇਕ ਸ਼ਕਤੀਸ਼ਾਲੀ ਵਾਹਣ ਬਣ ਗਈ।

1904 ਵਿਚ ਜਾਪਾਨ ਦੀ ਰੂਸ ਉਪਰ ਜਿੱਤ ਨੇ ਦੇਸ਼ ਦੇ ਸੁਤੰਤਰਤਾ ਅੰਦੋਲਨ ਵਿਚ ਇਕ ਨਵਾਂ ਉਤਸ਼ਾਹ ਪੈਦਾ ਕਰ ਦਿੱਤਾ। ਇਸੇ ਸਾਲ ਕਾਂਗਰਸ ਦਾ ਸਾਲਾਨਾ ਅਜਲਾਸ ਬੰਬਈ ਵਿਖੇ ਹੋਇਆ ਜਿਸ ਵਿਚ ਲਾਲਾ ਲਾਜਪਤ ਰਾਏ ਸ਼ਾਮਲ ਹੋਏ। ਹੋਰ ਗੱਲਾਂ ਤੋਂ ਇਲਾਵਾ ਇਸ ਅਜਲਾਸ ਵਿਚ ਇਹ ਵੀ ਫ਼ੈਸਲਾ ਕੀਤਾ ਗਿਆ ਕਿ ਇੰਗਲੈਂਡ ਵਿਚ ਹੋਣ ਵਾਲੀਆਂ ਆਮ ਚੋਣਾਂ ਦੇ ਮੌਕੇ ਤੇ ਇਥੋਂ ਇਕ ਭਾਰਤੀ ਪ੍ਰਤੀਨਿਧਿ ਮੰਡਲ ਵਲੈਤ (ਇੰਗਲੈਂਡ) ਭੇਜਿਆ ਜਾਵੇ ਜੋ ਉਥੋਂ ਦੀ ਜਨਤਾ ਅਤੇ ਚੋਣ ਵਿਚ ਖੜੇ ਹੋਏ ਨੁਮਾਇੰਦਿਆਂ ਨੂੰ ਭਾਰਤ ਦੀਆਂ ਸਮਸਿਆਵਾਂ ਅਤੇ ਮੰਗਾਂ ਤੋਂ ਅਵਗਤ ਕਰਾਵੇ। ਜਿਨ੍ਹਾਂ ਦੋ ਨਾਂਵਾਂ ਬਾਰੇ ਸਹਿਮਤੀ ਜ਼ਾਹਿਰ ਕੀਤੀ ਗਈ, ਉਹ ਸਨ - ਗੋਪਾਲ ਕ੍ਰਿਸ਼ਨ ਗੋਖਲੇ ਅਤੇ ਲਾਲਾ ਲਾਜਪਤ ਰਾਏ। ਕਾਂਗਰਸ ਦਾ ਅਜਲਾਸ ਖ਼ਤਮ ਹੋ ਜਾਣ ਮਗਰੋਂ ਲਾਲਾ ਜੀ ਲਾਹੌਰ ਪਰਤ ਆਏ। ਉਹ ਲਾਹੌਰ ਤੋਂ 10 ਮਈ 1905 ਨੂੰ ਇੰਗਲੈਂਡ ਲਈ ਰਵਾਨਾ ਹੋਏ ਅਤੇ 10 ਜੂਨ 1905 ਨੂੰ ਲੰਡਨ ਪਹੁੰਚ ਗਏ। ਗੋਪਾਲ ਕ੍ਰਿਸ਼ਨ ਗੋਖਲੇ ਨੂੰ ਆਪਣਾ ਪ੍ਰੋਗਰਾਮ ਕੁਝ

Digitized by Panjab Digital Library | www.panjabdigilib.org

ਤਬਦੀਲ ਕਰਨਾ ਪੈ ਗਿਆ। ਇੱਥੇ ਰਹਿੰਦਿਆਂ ਲਾਜਪਤ ਰਾਏ ਨੂੰ ਸ਼ਿਆਮ ਜੀ ਕ੍ਰਿਸ਼ਨਾ ਵਰਮਾ ਮਿਲਿਆ। ਉਸਦਾ ਇੰਗਲੈਂਡ ਵਿਚ ਰਹਿ ਰਹੇ ਭਾਰਤੀ ਵਿਦਿਆਰਥੀਆਂ ਵਿਚ ਚੰਗਾ ਪ੍ਰਭਾਵ ਸੀ।

ਭਾਰਤ ਤੋਂ ਚਲਣ ਵੇਲੇ ਹੀ ਲਾਜਪਤ ਰਾਏ ਨੂੰ ਇਸ ਗੱਲ ਦਾ ਆਭਾਸ ਸੀ ਕਿ ਉਨ੍ਹਾਂ ਦੇ ਇਸ ਮਿਸ਼ਨ ਨਾਲ ਅੰਗਰੇਜ਼ੀ ਵੋਟਰਾਂ ਕੋਲੋਂ ਕੋਈ ਬਹੁਤੀ ਆਸ ਰਖਣੀ ਫ਼ਜ਼ੂਲ ਹੋਵੇਗੀ। ਇੰਗਲੈਂਡ ਵਾਲੇ ਕੇਵਲ ਉਹੀ ਕੁਝ ਮੰਨਣ ਲਈ ਰਜ਼ਾਮੰਦ ਹੋ ਸਕਦੇ ਹਨ ਜਿਸ ਨਾਲ ਉਨ੍ਹਾਂ ਦੇ ਰਾਸ਼ਟਰੀ ਹਿੱਤਾਂ ਨੂੰ ਕੋਈ ਸੱਟ ਨਾ ਵਜਦੀ ਹੋਵੇ। ਫਿਰ ਵੀ ਉਨ੍ਹਾਂ ਉੱਥੋਂ ਦੀ ਜਨਤਾ ਅਤੇ ਨੇਤਾਵਾਂ ਨੂੰ ਸਪਸ਼ਟ ਸ਼ਬਦਾਂ ਵਿਚ ਇਹ ਦਸਣ ਦੀ ਕੋਸ਼ਿਸ਼ ਕੀਤੀ ਕਿ ਅਸੀਂ ਅੰਗਰੇਜ਼ੀ ਰਾਜ ਕਾਰਨ ਸੁਖੀ ਜਾਂ ਖੁਸ਼ਹਾਲ ਨਹੀਂ ਸਗੋਂ ਉੱਥੇ ਫ਼ੈਲ ਰਹੀ ਅਸ਼ਾਂਤੀ ਅਤੇ ਲੋਕਾਂ ਦੀ ਮਾੜੀ ਦਸ਼ਾ ਦੀ ਜ਼ਿਮੇਂਵਾਰ ਅੰਗਰੇਜ਼-ਸਰਕਾਰ ਹੈ ਤੇ ਉਸਨੂੰ ਲੋਕਾਂ ਪ੍ਰਤੀ ਜੁਆਬਦੇਹ ਅਤੇ ਸੁਹਿਰਦ ਹੋਣ ਦੀ ਲੋੜ ਹੈ। ਇੱਥੇ ਰਹਿੰਦਿਆਂ ਹੀ ਉਹ ਥੋੜ੍ਹੇ ਸਮੇਂ ਲਈ (ਸਤੰਬਰ-ਅਕਤੂਬਰ 1905) ਅਮਰੀਕਾ ਗਏ। ਉਹ ਇੰਗਲੈਂਡ ਤੋਂ 31 ਅਕਤੂਬਰ 1905 ਨੂੰ ਆਪਣੇ ਦੇਸ਼ ਲਈ ਰਵਾਨਾ ਹੋਏ ਤੇ 22 ਨਵੰਬਰ 1905 ਨੂੰ ਵਾਪਸ ਲਾਹੌਰ ਪਹੁੰਚ ਗਏ।

ਇੰਗਲੈਂਡ ਦੇ ਇਸ ਦੌਰੇ ਦੌਰਾਨ ਉਨ੍ਹਾਂ ਦੇ ਵਿਚਾਰਾਂ ਵਿਚ ਬੜੀ ਭਾਰੀ ਤਬਦੀਲੀ ਆਈ। ਹੁਣ ਉਹ ਰਾਜਨੀਤਿਕ ਅੰਦੋਲਨ ਲਈ ਆਤਮ-ਨਿਰਭਰਤਾ ਅਤੇ ਆਤਮ ਸਹਾਇਤਾ ਦੀ ਗੱਲ ਕਰਨ ਲਗ ਪਏ ਸਨ। ਉਨ੍ਹਾਂ 13 ਦਸੰਬਰ 1905 ਨੂੰ ਲਾਹੌਰ ਵਿਖੇ ਭਾਰਤੀ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਰਾਸ਼ਟਰੀ ਇਮਾਰਤ ਦੀ ਸਿਰਜਨਾ ਲਈ ਸਾਨੂੰ ਇਸਦੀਆਂ ਨੀਹਾਂ ਵਿਚ ਆਪਣਾ ਲਹੂ ਤੇ ਮਾਸ ਪਾਉਣ ਦੀ ਲੋੜ ਹੈ। ਉਹ ਹੁਣ ਨਰਮ ਧੜੇ ਦੇ ਨੇਤਾਵਾਂ ਵਾਂਗ ਅੰਗਰੇਜ਼ਾਂ ਕੋਲੋਂ ਮੰਗਤਿਆਂ ਵਾਂਗ ਹੱਥ ਫ਼ੈਲਾ ਕੇ ਮੰਗਣ ਅਤੇ ਕੁਝ ਹਾਸਲ ਕਰਨ ਦੇ ਹੱਕ ਵਿਚ ਨਹੀਂ ਸਨ। ਇਸ ਤਰਾਂ ਦੀ ਗੱਲ ਉਨ੍ਹਾਂ ਨੇ ਬਨਾਰਸ ਵਿਖੇ ਹੋਏ ਕਾਂਗਰਸ ਦੇ ਅਧਿਵੇਸ਼ਨ ਵਿਚ ਕਹੀ ਸੀ ਜਿਸ ਦੇ ਪ੍ਰਧਾਨ ਗੋਪਾਲ ਕ੍ਰਿਸ਼ਨ ਗੋਖਲੇ ਸਨ। ਲਾਲਾ ਜੀ ਨੇ ਅਧੀਵੇਸ਼ਨ ਦੇ ਆਖ਼ਰੀ ਦਿਨ ਬੋਲਦਿਆਂ ਕਿਹਾ ਸੀ ਕਿ 'ਜੇਕਰ ਤੁਸੀਂ ਕੋਈ ਸੂਰਬੀਰਾਂ ਵਾਲੀ ਅੰਤੇ ਸ਼ਕਤੀਸ਼ਾਲੀ ਨੀਤੀ ਅਪਣਾਉਣੀ ਚਾਹੁੰਦੇ ਹੋ ਤਾਂ ਉਹਦੇ ਵਿਚੋਂ ਉਤਪੰਨ ਹੋਣ ਵਾਲੇ ਸਿਟਿਆਂ ਲਈ ਤਤਪਰ ਹੋ ਜਾਉ। ਫਿਰ ਆਪਣੇ ਸਿਰ ਨੂੰ ਝੁਕਾਉ ਨਾ, ਤੇ ਨਾ ਹੀ ਕਾਇਰਾਂ ਵਾਂਗ ਤੁਰੋ। ਜੇ ਇਕ ਵਾਰੀ ਸੂਰਬੀਰਾਂ ਵਾਲੀ ਨੀਤੀ ਅਪਣਾਉਂਦੇ ਹੋ ਤਾਂ ਫਿਰ ਅੰਤ ਤੀਕ ਉਹਦੇ ਤੇ ਅੜੇ ਰਹੋ'।

ਸਤੰਬਰ 1905 ਵਿਚ ਲਾਰਡ ਕਰਜ਼ਨ ਦੁਆਰਾ ਬੰਗਾਲ ਦੀ ਵੰਡ ਦਾ ਐਲਾਨ ਕੀਤਾ ਜਾ ਚੁਕਾ ਸੀ। ਹਰ ਪਾਸੇ ਸਰਕਾਰ ਦੇ ਇਸ ਫ਼ੈਸਲੇ ਦੀ ਕਰੜੀ ਆਲੋਚਨਾ ਕੀਤੀ ਜਾ ਰਹੀ ਸੀ। ਲੋਕਾ ਵਿਚ ਰੋਸ ਅਤੇ ਬੇਚੈਨੀ ਸੀ। ਬੰਗਾਲ ਦੀ ਜਨਤਾ ਆਪਣੇ ਪ੍ਰਾਂਤ ਨੂੰ ਦੋ ਹਿਸਿਆਂ ਵਿਚ ਵੰਡੇ ਜਾਣ ਦੇ ਸਖ਼ਤ ਵਿਰੁੱਧ ਸੀ।

ਜੇ ਇਕ ਪਾਸੇ ਬੰਗਾਲ ਦੀ ਵੰਡ ਕਾਰਨ ਦੇਸ਼ ਵਿਚ ਬੇਚੈਨੀ ਵੱਧ ਰਹੀ ਸੀ ਤਾਂ ਦੂਸਰੇ ਪਾਸੇ ਸਰਕਾਰ ਨੇ 1906-1907 ਵਿਚ ਨਹਿਰੀ ਬਿੱਲ ਪੇਸ਼ ਕਰਕੇ ਪੰਜਾਬ ਵਿਚ ਵਿਸਫ਼ੋਟਕ ਸਥਿਤੀ ਪੈਦਾ ਕਰ ਦਿੱਤੀ ਸੀ। 1907 ਵਿਚ ਪੰਜਾਬ ਦੇ ਨੌਜਵਾਨ ਨੇਤਾ ਸ਼੍ਰੀ ਅਜੀਤ ਸਿੰਘ ਨੇ 'ਭਾਰਤ ਮਾਤਾ' ਨਾਮ ਦੀ ਜਥੇਬੰਦੀ ਕਾਇਮ ਕਰਕੇ ਕਿਸਾਨ ਅੰਦੋਲਨ ਸ਼ੁਰੂ ਕਰ ਦਿੱਤਾ ਜਿਸ

Digitized by Panjab Digital Library | www.panjabdigilib.org

ਦਾ ਮੁੱਖ ਉਦੇਸ਼ ਪੰਜਾਬ ਸਰਕਾਰ ਵਲੋਂ ਪਾਸ ਕੀਤੇ ਨਹਿਰੀ ਨੌ-ਆਬਾਦੀਆਂ ਦੇ ਕਾਨੂੰਨ ਦਾ ਵਿਰੋਧ ਕਰਨਾ ਅਤੇ ਕਿਸਾਨਾਂ ਦੇ ਅਧਿਕਾਰਾਂ ਦੀ ਰਖਿਆ ਕਰਨਾ ਸੀ। ਕਿਸਾਨ ਅੰਦੋਲਨ ਦੇ ਦੂਜੇ ਪ੍ਰਮੁੱਖ ਨੇਤਾ ਲਾਲਾ ਲਾਜਪਤ ਰਾਏ ਸਨ। ਇਨ੍ਹਾਂ ਨੇਤਾਵਾਂ ਨੇ ਪੰਜਾਬ ਦੇ ਅਨੇਕ ਨਗਰਾਂ ਵਿਚ ਫਿਰ ਫਿਰ ਕੇ ਲੋਕਾਂ ਨੂੰ ਸੰਬੋਧਨ ਕੀਤਾ ਤੇ ਉਨ੍ਹਾਂ ਨੂੰ ਪ੍ਰੇਰਨਾ ਕੀਤੀ ਕਿ ਜਿਤਨੀ ਦੇਰ ਤਕ ਸਰਕਾਰ ਨਹਿਰੀ ਆਬਿਆਨੇ ਦੇ ਵਾਧੇ ਸਬੰਧੀ ਬਿੱਲ ਵਾਪਸ ਨਹੀਂ ਲੈ ਲੈਂਦੀ ਉਹ ਆਪਣਾ ਅੰਦੋਲਨ ਜਾਰੀ ਰਖਣ। 22 ਮਾਰਚ 1907 ਨੂੰ ਲਾਇਲਪੁਰ ਵਿਖੇ ਇਕ ਵਿਸ਼ਾਲ ਜਲਸੇ ਵਿਚ ਲਾਲਾ ਲਾਜਪਤ ਰਾਏ ਤੇ ਸ੍ਰੀ ਅਜੀਤ ਸਿੰਘ ਦੀਆਂ ਤਕਰੀਰਾਂ ਤੋਂ ਇਲਾਵਾ ਸ੍ਰੀ ਬਾਂਕੇ ਦਿਆਲ ਦੁਆਰਾ ਲਿਖੀ ਇਹ ਕਵਿਤਾ ਪੜ੍ਹੀ ਗਈ ਜੋ ਪੰਜਾਬ ਦੇ ਲੋਕਾਂ ਲਈ ਆਜ਼ਾਦੀ ਦਾ ਇਕ ਚਿੰਨ੍ਹ ਬਣ ਗਈ :

ਪਗੜੀ ਸੰਭਾਲ ਓ ਜੱਟਾ,
ਪਗੜੀ ਸੰਭਾਲ ਉਏ।...

ਕਿਸਾਨ ਅੰਦੋਲਨ ਵਿਚ ਭੜਕਾਊ ਭਾਸ਼ਨ ਦੇਣ ਦੇ ਆਰੋਪ ਵਿਚ ਲਾਲਾ ਲਾਜਪਤ ਰਾਏ ਅਤੇ ਸ੍ਰੀ ਅਜੀਤ ਸਿੰਘ ਨੂੰ 19 ਮਈ 1907 ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਸਰਕਾਰ ਨੂੰ ਡਰ ਸੀ ਕਿ ਇਨ੍ਹਾਂ ਨੇਤਾਵਾਂ ਦਾ ਪੰਜਾਬ ਵਿਚ ਰਹਿਣਾ ਖਤਰਨਾਕ ਸਾਬਤ ਹੋ ਸਕਦਾ ਹੈ, ਸੋ ਸਰਕਾਰ ਨੇ ਉਨ੍ਹਾਂ ਨੂੰ ਪੰਜਾਬ ਦੀ ਕਿਸੇ ਜੇਲ੍ਹ ਵਿਚ ਰਖਣ ਦੀ ਬਜਾਏ ਮਾਂਡਲੇ (ਬਰਮਾ) ਭੇਜ ਦਿੱਤਾ, ਜਿੱਥੇ ਉਹ 16 ਮਈ 1907 ਨੂੰ ਪਹੁੰਚੇ। ਦੋਹਾਂ ਨੇਤਾਵਾਂ ਨੂੰ ਬੰਗਾਲ ਐਕਟ 1818 ਦੇ ਤਹਿਤ ਜਲਾਵਤਨ ਕੀਤਾ ਗਿਆ ਸੀ। ਸਾਰੇ ਪੰਜਾਬ ਵਿਚ ਤਣਾਉ-ਪੂਰਨ ਸਥਿਤੀ ਨੂੰ ਵੇਖਦੇ ਹੋਏ ਪੰਜਾਬ ਸਰਕਾਰ ਨੇ ਨਹਿਰੀ ਪਾਣੀ ਦੇ ਵਾਧੇ ਵਾਲਾ ਬਿੱਲ ਵਾਪਸ ਲੈ ਲਿਆ।

ਲਾਲਾ ਲਾਜਪਤ ਰਾਏ ਅਤੇ ਸ੍ਰੀ ਅਜੀਤ ਸਿੰਘ ਨੂੰ 6 ਮਹੀਨੇ ਤਕ ਮਾਂਡਲੇ ਦੀ ਜੇਲ੍ਹ ਵਿਚ ਰਖਿਆ ਗਿਆ ਤੇ ਫ਼ਿਰ ਉਨ੍ਹਾਂ ਨੂੰ ਰਿਹਾ ਕਰ ਦਿੱਤਾ ਗਿਆ। ਰਿਹਾ ਹੋਣ ਮਗਰੋਂ ਲਾਲਾ ਲਾਜਪਤ ਰਾਏ 18 ਨਵੰਬਰ 1907 ਨੂੰ ਲਾਹੌਰ ਪਹੁੰਚੇ। ਉਨ੍ਹਾਂ ਦੇ ਸਨਮਾਨ ਵਿਚ ਕਈ ਥਾਂ ਤੇ ਸਮਾਰੋਹ ਕੀਤੇ ਗਏ ਅਤੇ ਸਾਰੇ ਪੰਜਾਬ ਵਿਚ ਖੁਸ਼ੀ ਦੀ ਲਹਿਰ ਦੌੜ ਗਈ।

ਕਾਂਗਰਸ ਦਾ ਅਗਲਾ ਅਜਲਾਸ ਦਸੰਬਰ 1907 ਵਿਚ ਸੂਰਤ ਵਿਖੇ ਸਦਿਆ ਗਿਆ। ਨਰਮ ਦੱਲ ਅਤੇ ਗਰਮ ਦੱਲ ਦਾ ਆਪਸੀ ਮਦਭੇਦ ਜੋ ਕਲਕੱਤਾ ਦੇ ਸੈਸ਼ਨ ਵੇਲੇ ਉਭੱਰਨਾ ਸ਼ੁਰੂ ਹੋਇਆ ਸੀ ਹੁਣ ਖੁਲ੍ਹ ਕੇ ਸਾਮ੍ਹਣੇ ਆ ਗਿਆ। ਆਪਣੀ ਕਾਰਜ ਸ਼ੈਲੀ ਅਤੇ ਸਿਧਾਂਤਾਂ ਦੇ ਆਧਾਰ ਤੇ 27 ਦਸੰਬ੍ਰ 1907 ਨੂੰ ਕਾਂਗਰਸ ਦੋ ਹਿਸਿਆਂ ਵਿਚ ਵੰਡੀ ਗਈ। ਬੇਸ਼ਕ ਲਾਲਾ ਜੀ ਅਜੇਹੀ ਫੁੱਟ ਤੋਂ ਦੂਰ ਰਹਿਣਾ ਚਾਹੁੰਦੇ ਸਨ ਪਰ ਉਹ ਵੀ ਕਾਂਗਰਸ ਦੇ ਇਸ ਵਿਭਾਜਨ ਨੂੰ ਰੋਕਣ ਵਿਚ ਕਾਮਯਾਬ ਨਾ ਹੋ ਸਕੇ। ਸੂਰਤ ਦੀ ਮੰਦ ਭਾਗੀ ਘਟਨਾ ਤੋਂ ਬਾਦ ਲਾਲਾ ਜੀ ਕੁਝ ਸਮੇਂ ਲਈ ਕਾਂਗਰਸ ਦੀਆਂ ਗਤੀਵਿਧੀਆਂ ਤੋਂ ਬਾਹਰ ਹੋ ਗਏ ਤੇ 1912 ਤਕ ਉਹ ਕਾਂਗਰਸ ਦੀਆਂ ਬੈਠਕਾਂ ਵਿਚ ਸ਼ਾਮਲ ਨਾ ਹੋਏ। ਇਨ੍ਹਾਂ ਵਰ੍ਹਿਆਂ ਵਿਚਕਾਰ ਉਨ੍ਹਾਂ ਨੇ ਆਪਣਾ ਧਿਆਨ ਇਕ ਵਾਰ ਫਿਰ ਸਮਾਜਕ ਕੰਮਾਂ, ਅਛੂਤ-ਸੁਧਾਰ ਅਤੇ ਵਿੱਦਿਆ ਦੇ ਪ੍ਰਚਾਰ ਪ੍ਰਸਾਰ ਵਲ ਕੇਂਦਰਿਤ ਕਰ ਲਿਆ। ਉਨ੍ਹਾਂ ਨੇ ਆਪਣਾ ਕਾਫ਼ੀ ਸਮਾਂ ਯੂ.ਪੀ. ਦੇ ਅਕਾਲ ਪੀੜਿਤ ਲੋਕਾਂ ਦੀ ਸਹਾਇਤਾ ਕਰਨ ਵਿਚ ਬਿਤਾਇਆ। 1911 ਵਿਚ ਉਹ ਲਾਹੌਰ ਨਗਰ ਪਾਲਿਕ ਦੇ ਮੈਂਬਰ ਚੁਣੇ

Digitized by Panjab Digital Library | www.panjabdigilib.org

ਗਏ। ਮੈਂਬਰ ਚੁਣੇ ਜਾਣ ਮਗਰੋਂ ਉਨ੍ਹਾਂ ਨੇ ਲਾਹੌਰ ਦੇ ਲੋਕਾਂ ਲਈ ਬੜਾ ਸ਼ਲਾਘਾ ਯੋਗ ਕੰਮ ਕੀਤਾ। ਉਨ੍ਹਾਂ ਦਾ ਸਭ ਤੋਂ ਮਹੱਤਵ ਪੂਰਨ ਕੰਮ ਸ਼ਹਿਰ ਵਿਚ ਫ਼ੈਲੇ ਹੋਏ ਵੇਸਵਾ ਅਡਿਆਂ ਨੂੰ ਹਟਾ ਕੇ ਉਨ੍ਹਾਂ ਨੂੰ 'ਟਿੱਬੀ' ਨਾਮ ਦੇ ਇਕ ਵਖਰੇ ਬਾਜ਼ਾਰ ਵਿਚ ਭੇਜਣਾ ਸੀ।

ਕਾਂਗਰਸ ਦਾ ਅਗਲਾ ਸੈਸ਼ਨ ਦਸੰਬਰ 1913 ਵਿਚ ਕਰਾਚੀ ਵਿਖੇ ਹੋਇਆ। ਲਾਲਾ ਲਾਜਪਤ ਰਾਏ ਪੰਜਾਬ ਤੋਂ ਇਕ ਡੈਲੀਗੇਟ ਦੇ ਰੂਪ ਵਿਚ ਇਸ ਸੈਸ਼ਨ ਵਿਚ ਸ਼ਾਮਲ ਹੋਏ। ਇਸ ਸੈਸ਼ਨ ਵਿਚ ਇਹ ਫੈਸਲਾ ਕੀਤਾ ਗਿਆ ਕਿ ਭਾਰਤੀ-ਪਰਿਸ਼ਦ ਦੇ ਸੁਧਾਰ ਸਬੰਧੀ ਦੇਸ਼ ਦੇ ਵਿਚਾਰਾਂ ਨੂੰ ਬਰਤਾਨਵੀ ਲੋਕਾਂ ਅਤੇ ਸੰਸਦ ਤਕ ਪਹੁਚਾਣੇ ਲਈ ਇਕ ਪ੍ਰਤਿਨਿਧਿ ਮੰਡਲ ਇੰਗਲੈਂਡ ਭੇਜਿਆ ਜਾਵੇ। ਇਸ ਪ੍ਰਤੀਨਿਧਿ ਮੰਡਲ ਲਈ ਜਿਨ੍ਹਾਂ ਵਿਯਕਤੀਆਂ ਦੇ ਨਾਵਾਂ ਦੀ ਚੋਣ ਕੀਤੀ ਗਈ ਉਸ ਵਿਚ ਲਾਜਪਤ ਰਾਏ ਅਤੇ ਮਹੁੰਮਦ ਅਲੀ ਜਿਨਾਹ ਤੋਂ ਇਲਾਵਾ ਸ਼੍ਰੀ ਕ੍ਰਿਸ਼ਨ ਸਹਾਏ ਅਤੇ ਐਨ.ਐਮ. ਸਮਰਥ ਜਹੇ ਪ੍ਰਸਿੱਧ ਨੇਤਾ ਸ਼ਾਮਲ ਸਨ। ਇਸ ਪ੍ਰਤੀਨਿਧਿ ਮੰਡਲ ਦੀ ਅਗਵਾਈ ਭੂਪਿੰਦਰ ਨਾਥ ਬਾਸੂ ਨੂੰ ਸੌਂਪੀ ਗਈ। ਇਹ ਸਾਰੇ ਮੈਂਬਰ ਇਕੋ ਜਹਾਜ਼ ਰਾਹੀਂ ਸਫ਼ਰ ਕਰਕੇ ਇੰਗਲੈਂਡ ਨਹੀਂ ਪਹੁੰਚੇ ਸਨ। ਲਾਲਾ ਲਾਜਪਤ ਰਾਏ ਵੀ ਕਰਾਚੀ ਦੇ ਸੈਸ਼ਨ ਮਗਰੋਂ ਪਹਿਲਾਂ ਲਾਹੌਰ ਆਏ ਤੇ ਇਥੋਂ ਚਲਕੇ ਉਹ 17 ਮਈ 1914 ਨੂੰ ਲੰਡਨ ਪਹੁੰਚੇ ਸਨ। ਮਿਸਟਰ ਜਿਨਾਹ ਅਤੇ ਮਿਸਟਰ ਬਾਸੂ ਪਹਿਲਾਂ ਹੀ ਉੱਥੇ ਪਹੁੰਚ ਚੁਕੇ ਸਨ।

ਇੰਗਲੈਂਡ ਪਹੁੰਚ ਕੇ ਜਿਥੇ ਲਾਲਾ ਲਾਜਪਤ ਰਾਏ ਅੰਗਰੇਜ਼ ਸਾਂਸਦਾਂ ਅਤੇ ਅਧਿਕਾਰੀਆਂ ਨੂੰ ਮਿਲੇ ਉਥੇ ਉਨ੍ਹਾਂ ਨੂੰ ਆਪਣੀ ਪਹਿਚਾਣ ਦੇ ਲੋਕਾਂ ਨਾਲ ਵੀ ਮਿਲਣ ਦਾ ਚੰਗਾ ਅਵਸਰ ਪ੍ਰਾਪਤ ਹੋਇਆ। ਉਹ ਇਸ ਤੋਂ ਪਹਿਲਾਂ ਦੋ ਵਾਰ ਇੰਗਲੈਂਡ ਆ ਚੁਕੇ ਸਨ। ਉਹ ਆਪਣੇ ਅੰਗਰੇਜ਼-ਸਮਾਜਵਾਦੀ ਮਿੱਤਰਾਂ ਨੂੰ ਵੀ ਮਿਲੇ ਜਿਨ੍ਹਾਂ ਦੀ ਭਾਰਤ ਦੇ ਮਸਲਿਆਂ ਪ੍ਰਤੀ ਗਹਿਰੀ ਹਮਦਰਦੀ ਸੀ। ਇਨ੍ਹਾਂ ਵਿਚ ਸਕਾਟਲੈਂਡ ਦਾ ਕੇਇਰ ਹਾਰਡੀ ਵੀ ਸੀ ਜਿਸ ਨਾਲ ਉਨ੍ਹਾਂ ਦੀ 1909 ਵਿਚ ਮੁਲਾਕਾਤ ਹੋਈ ਸੀ। ਇੱਥੇ ਰਹਿੰਦਿਆਂ ਹੀ ਉਨ੍ਹਾਂ ਅੰਗਰੇਜ਼ੀ ਅਖ਼ਬਾਰਾਂ ਅਤੇ ਰਸਾਲਿਆਂ ਵਿਚ ਭਾਰਤ ਸਬੰਧੀ ਕਈ ਲੇਖ ਛਪਵਾਏ ਅਤੇ ਆਰੀਆ ਸਮਾਜ ਦੇ ਇਤਿਹਾਸ ਅਤੇ ਸਿਧਾਂਤਾਂ ਬਾਰੇ ਇਕ ਪੁਸਤਕ ਲਿਖੀ ਜੋ ਹੁਣ ਆਰੀਆ ਸਮਾਜ ਦੀ ਉਤਪਤੀ ਅਤੇ ਵਿਕਾਸ ਨੂੰ ਸਮਝਣ ਲਈ ਇਕ ਪ੍ਰਮੁੱਖ ਸਰੋਤ ਸਮਝੀ ਜਾਂਦੀ ਹੈ।

ਲਾਲਾ ਜੀ ਇੰਗਲੈਂਡ ਵਿਚ ਹੀ ਸਨ ਕਿ 23 ਜੁਲਾਈ 1914 ਨੂੰ ਪਹਿਲਾ ਵਿਸ਼ਵ ਮਹਾਂ ਯੁੱਧ ਛਿੜ ਗਿਆ। ਲਾਲਾ ਜੀ ਨੂੰ ਲੜਾਈ ਮੁਕ ਜਾਣ ਤਕ ਇੰਗਲੈਂਡ ਅਤੇ ਅਮਰੀਕਾ ਵਿਚ ਹੀ ਰੁਕਣਾ ਪਿਆ। ਉਹ 6 ਸਾਲ ਮਗਰੋਂ 1920 ਦੇ ਸ਼ੁਰੂ ਵਿਚ ਸੁਦੇਸ਼ ਪਰਤੇ। ਇੰਗਲੈਂਡ ਰਹਿੰਦਿਆਂ ਹੀ ਉਹ ਪਹਿਲੀ ਵਾਰ ਮਹਾਤਮਾ ਗਾਂਧੀ ਨੂੰ ਮਿਲੇ ਸਨ ਜੋ ਅਜੇ ਤਕ ਸਰਗਰਮ ਤੌਰ ਤੇ ਭਾਰਤ ਦੇ ਸੁਤੰਤਰਤਾ ਸੰਗ੍ਰਾਮ ਵਿਚ ਨਹੀਂ ਨਿਤਰੇ ਸਨ।

ਲੜਾਈ ਜਾਰੀ ਸੀ ਕਿ ਲਾਲਾ ਜੀ 14 ਨਵੰਬਰ 1914 ਨੂੰ ਇੰਗਲੈਂਡ ਤੋਂ ਅਮਰੀਕਾ ਚਲੇ ਗਏ। ਉਨ੍ਹਾਂ ਦਿਨਾਂ ਵਿਚ ਅਮਰੀਕਾ ਅਤੇ ਕੈਨੇਡਾ ਦੇ ਪੱਛਮੀ ਤੱਟ ਦੇ ਭਾਰਤੀ ਕ੍ਰਾਂਤੀਕਾਰੀਆਂ (ਜਿਨ੍ਹਾਂ ਵਿਚ ਬਹੁ ਗਿਣਤੀ ਸਿੱਖਾਂ ਅਤੇ ਪੰਜਾਬੀਆਂ ਦੀ ਸੀ) ਵਲੋਂ ਚਲਾਈ ਜਾ ਰਹੀ 'ਗ਼ਦਰ ਲਹਿਰ' ਜ਼ੋਰਾਂ ਤੇ ਸੀ। ਗ਼ਦਰ ਲਹਿਰ ਨਾਲ ਜੁੜੇ ਨੌਜਵਾਨ ਲੜਾਈ ਨਾਲ ਉਤਪੰਨ ਹੋਈ ਸਥਿਤੀ ਦਾ ਪੂਰਾ ਲਾਭ ਉਠਾਣਾ ਚਾਹੁੰਦੇ ਸਨ। ਉਨ੍ਹਾਂ ਦਾ ਵਿਚਾਰ ਸੀ ਕਿ ਇਸ ਵੇਲੇ ਉਹ ਅੰਗਰੇਜ਼ਾਂ ਦੇ ਦੁਸ਼ਮਨ

Digitized by Panjab Digital Library | www.panjabdigilib.org

ਜਰਮਨੀ ਜਾਂ ਹੋਰ ਦੇਸ਼ਾਂ ਦੀ ਸਹਾਇਤਾ ਲੈਕੇ ਅੰਗਰੇਜ਼ਾਂ ਨੂੰ ਵਧੇਰੇ ਪ੍ਰੇਸ਼ਾਨੀ ਵਿਚ ਪਾ ਸਕਦੇ ਸਨ ਅਤੇ ਉਨ੍ਹਾਂ ਲਈ ਅਜੇਹੇ ਹਾਲਾਤ ਪੈਦਾ ਕਰ ਸਕਦੇ ਸਨ ਕਿ ਉਹ ਦੇਸ਼ ਨੂੰ ਆਜ਼ਾਦ ਕਰਨ ਤੇ ਮਜ਼ਬੂਰ ਹੋ ਜਾਣ। ਗ਼ਦਰ ਲਹਿਰ ਦੇ ਪ੍ਰਮੁੱਖ ਨੇਤਾਵਾਂ ਵਿਚ ਲਾਲਾ ਹਰਦਿਆਲ, ਸ਼੍ਰੀ ਸੋਹਨ ਸਿੰਘ ਭਕਨਾ ਅਤੇ ਸ਼੍ਰੀ ਕਰਤਾਰ ਸਿੰਘ ਸਰਾਭਾ ਸਨ। ਜਦੋਂ ਗ਼ਦਰ ਲਹਿਰ ਦੇ ਕਿਸੇ ਮੈਂਬਰ ਨੇ ਲਾਜਪਤ ਰਾਏ ਕੋਲੋਂ ਪੁਛਿਆ ਕਿ ਜਰਮਨੀ ਦੀ ਸਹਾਇਤਾ ਨਾਲ ਭਾਰਤ ਦੀ ਆਜ਼ਾਦੀ ਹਾਸਲ ਕਰਨ ਬਾਰੇ ਉਨ੍ਹਾਂ ਦਾ ਕੀ ਵਿਚਾਰ ਹੈ? ਤਾਂ ਲਾਲਾ ਜੀ ਦਾ ਉੱਤਰ ਸੀ ਕਿ 'ਨਾ ਤਾਂ ਮੈਂ ਅੰਗਰੇਜ਼ਾਂ ਦੇ ਹੱਕ ਦੀ ਗੱਲ ਕਰਦਾ ਹਾਂ ਅਤੇ ਨਾ ਹੀ ਵਿਦੇਸ਼ੀ ਸਹਾਇਤਾ ਲੈਕੇ ਆਜ਼ਾਦੀ ਹਾਸਲ ਕਰਨ ਦੇ ਹੱਕ ਵਿਚ ਹਾਂ। ਮੈਂ ਸਮਝਦਾ ਹਾਂ ਕਿ ਜਿਹੜੀ ਆਜ਼ਾਦੀ ਸਾਨੂੰ ਗ਼ੈਰਾਂ ਦੀ ਮਦਦ ਨਾਲ ਮਿਲੇ ਉਹ ਆਜ਼ਾਦੀ ਲੈਣ ਦੇ ਕਾਬਲ ਨਹੀਂ।' ਬੇਸ਼ਕ ਅਮਰੀਕਾ ਵਿਚ ਰਹਿੰਦਿਆਂ ਉਹ ਕਈ ਗ਼ਦਰੀ ਨੇਤਾਵਾਂ ਨੂੰ ਮਿਲੇ ਸਨ ਪਰ ਉਨ੍ਹਾਂ ਕਦੇ ਵੀ ਆਪਣੇ ਆਪ ਨੂੰ ਉਨ੍ਹਾਂ ਨਾਲ ਜੋੜਣ ਦੀ ਕੋਸ਼ਿਸ਼ ਨਹੀਂ ਸੀ ਕੀਤੀ। ਜਦੋਂ ਅਪ੍ਰੈਲ 1915 ਵਿਚ ਗ਼ਦਰ ਪਾਰਟੀ ਦਾ ਇਕ ਨੇਤਾ ਰਾਮ ਚੰਦਰ ਉਨ੍ਹਾਂ ਨੂੰ ਸਾਨਫ੍ਰਾਂਸਿਸਕੋ ਮਿਲਿਆ ਤਾਂ ਲਾਜਪਤ ਰਾਏ ਨੇ ਉਸਨੂੰ ਵੀ ਸਪਸ਼ਟ ਸ਼ਬਦਾਂ ਵਿਚ ਕਹਿ ਦਿੱਤਾ ਕਿ ਨਾ ਤਾਂ ਉਸਨੂੰ ਜਰਮਨਾਂ ਦੀ ਸਫ਼ਲਤਾ ਬਾਰੇ ਕੋਈ ਯਕੀਨ ਹੈ ਅਤੇ ਨਾ ਹੀ ਉਹ ਵਿਦੇਸ਼ੀ ਮਦਦ ਲੈਣ ਦੇ ਹੱਕ ਵਿਚ ਹਨ।

ਲਾਲਾ ਲਾਜਪਤ ਰਾਏ ਨੇ ਇੱਥੇ (ਅਮਰੀਕਾ ਵਿਚ) ਰਹਿੰਦਿਆਂ ਆਪਣੀ ਸ੍ਵੈ ਜੀਵਨੀ ਲਿਖਣ ਦਾ ਕੰਮ ਸ਼ੁਰੂ ਕੀਤਾ। ਇਨ੍ਹਾਂ ਦਿਨਾਂ ਦਾ ਜ਼ਿਕਰ ਕਰਦੇ ਉਹ ਲਿਖਦੇ ਹਨ ਕਿ 'ਇੱਥੇ ਕਈ ਮਿੱਤਰ ਸਮਝਦੇ ਹਨ ਕਿ ਸਾਡਾ ਦੇਸ਼ ਜਲਦੀ ਆਜ਼ਾਦ ਹੋ ਜਾਵੇਗਾ, ਪਰ ਮੈਂ ਸਮਝਦਾ ਹਾਂ ਕਿ ਸਾਡੀ ਇਹ ਜੱਦੋ ਜਹਿਦ ਲੰਮੇ ਸਮੇਂ ਤਕ ਚਲੇਗੀ, ਕਿਉਂਕਿ ਸਾਡਾ ਦੁਸ਼ਮਨ ਬਹੁਤ ਸ਼ਕਤੀਸ਼ਾਲੀ ਹੈ ਅਤੇ ਅਜੇ ਸਾਡੇ ਕੋਲ ਸਾਧਨ ਬਹੁਤ ਥੋੜ੍ਹੇ ਹਨ'। ਸ੍ਵੈਜੀਵਨੀ ਵਿਚ ਸਾਲ 1914 ਬਾਰੇ ਅਖ਼ੀਰ ਵਿਚ ਦਰਜ ਇਕ ਟਿੱਪਣੀ ਵਿਚ ਉਨ੍ਹਾਂ ਇਹ ਵੀ ਲਿਖਿਆ ਕਿ 'ਉਗਰਵਾਦੀ ਸੰਗਠਨਾਂ ਦੀ ਕੁਰਬਾਨੀ ਬਹੁਤ ਹੈ ਪਰ ਉਨ੍ਹਾਂ ਨੂੰ ਅਮੀਰ ਵਰਗ ਵਲੋਂ ਕੋਈ ਮਦਦ ਨਹੀਂ। ਅਤੇ ਪੜ੍ਹੇ ਲਿਖੇ ਲੋਕ ਆਜ਼ਾਦੀ ਦੀਆਂ ਗੱਲਾਂ ਤਾਂ ਬਹੁਤ ਕਰਦੇ ਹਨ ਪਰ ਉਹ ਕੁਰਬਾਨੀ ਨਹੀਂ ਕਰ ਸਕਦੇ। ਆਮ ਜਨਤਾ ਵਿਚ ਅਜੇ ਰਾਜਸੀ ਚੇਤਨਾ ਦੀ ਘਾਟ ਹੈ ਤੇ ਉਹ ਦੇਸ਼ ਦੀ ਆਜ਼ਾਦੀ ਦੇ ਅਰੱਥ ਵੀ ਨਹੀਂ ਸਮਝਦੇ।'

1915 ਵਿਚ ਲਾਲਾ ਜੀ ਕੁਝ ਮਹੀਨਿਆਂ ਲਈ ਅਮਰੀਕਾ ਤੋਂ ਜਾਪਾਨ ਵੀ ਗਏ। ਉਨ੍ਹਾਂ ਦੀਆਂ ਇਹ ਯਾਤਰਾਵਾਂ ਵਧੇਰੇ ਕਰਕੇ ਉਨ੍ਹਾਂ ਦੇਸ਼ਾਂ ਦੇ ਲੋਕਾਂ ਦੇ ਜੀਵਨ ਢੰਗ ਅਤੇ ਉਥੋਂ ਦੀ ਸਿੱਖਿਆ ਪ੍ਰਣਾਲੀ ਦਾ ਡੂੰਘਾ ਅਧਿਐਨ ਕਰਨ ਵਾਸਤੇ ਸਨ। ਅਜੇਹੀਆਂ ਸੰਸਥਾਵਾਂ ਵਿਚੋਂ ਨਿਊਯਾਰਕ (ਅਮਰੀਕਾ) ਦਾ ਰੈਂਡ ਸਕੂਲ ਆਫ਼ ਸੋਸ਼ਿਉਲੋਜੀ ਵਿਸ਼ੇਸ਼ ਮਹੱਤਤਾ ਰਖਦਾ ਹੈ। ਇਸ ਸਕੂਲ ਦੀ ਤਰਜ਼ ਤੇ ਹੀ ਮਗਰੋਂ ਚਲ ਕੇ ਉਨ੍ਹਾਂ ਨੇ ਭਾਰਤੀ ਵਿਦਿਆਰਥੀਆਂ ਨੂੰ ਰਾਜਨੀਤੀ ਦੀ ਸਿੱਖਿਆ ਦੇਣ ਲਈ 'ਤਿਲਕ ਸਕੂਲ ਆਫ਼ ਪਾਲੇਟਿਕਸ' ਦੀ ਸਥਾਪਨਾ ਕੀਤੀ ਸੀ।

ਲਾਲਾ ਲਾਜਪਤ ਰਾਏ ਗਰਮ-ਦੱਲ ਦੇ ਹੁੰਦੇ ਹੋਏ ਵੀ ਵਿਦੇਸ਼ਾਂ ਵਿਚ ਪਨਪ ਰਹੀ ਹਿੰਸਕ-ਕ੍ਰਾਂਤੀਕਾਰੀ ਵਿਚਾਰ ਧਾਰਾ ਨਾਲ ਸਹਿਮਤ ਨਹੀਂ ਸਨ। ਉਨ੍ਹਾਂ ਨੇ ਇਹ ਗੱਲ ਜਾਪਾਨ ਵਿਚ ਰਹਿੰਦੇ ਕ੍ਰਾਂਤੀਕਾਰੀਆਂ ਨੂੰ ਕਹੀ ਸੀ ਜਦੋਂ ਉਹ ਉਨ੍ਹਾਂ ਨੂੰ ਇਕ ਹੋਟਲ ਵਿਚ ਮਿਲਣ ਆਏ

Digitized by Panjab Digital Library | www.panjabdigilib.org

ਸਨ। ਇਸੇ ਕਰਕੇ ਉਨ੍ਹਾਂ ਨੇ ਆਪਣੇ ਆਪ ਨੂੰ ਅਮਰੀਕਾ ਅਤੇ ਕੈਨੇਡਾ ਵਿਚ ਸ਼ੁਰੂ ਹੋਈ ਗ਼ਦਰ ਲਹਿਰ ਨਾਲ ਸਬੰਧਤ ਨਹੀਂ ਸੀ ਕੀਤਾ ਚਾਹੇ ਉਹ ਪਹਿਲਾ ਵਿਸ਼ਵ ਯੁੱਧ ਰੁਕ ਜਾਣ ਤਕ ਅਮਰੀਕਾ ਵਿਚ ਟਿਕੇ ਰਹੇ ਸਨ। ਇੱਥੇ ਰਹਿੰਦਿਆਂ ਉਨ੍ਹਾਂ ਦੇ ਵਿਚਾਰਾਂ ਵਿਚ ਵੀ ਬੜਾ ਪ੍ਰੀਵਰਤਨ ਆਇਆ ਸੀ। ਹੁਣ ਉਨ੍ਹਾਂ ਦਾ ਖਿਆਲ ਸੀ ਕਿ ਪੂਰਨ ਸੁਤੰਤਰਤਾ ਨਾਲੋਂ ਹੋਮਰੂਲ ਦੀ ਗੱਲ ਹੀ ਮਨ ਲੈਣਾ ਕਾਫ਼ੀ ਰਹੇਗਾ। ਇਸੇ ਉਦੇਸ਼ ਨੂੰ ਮੁੱਖ ਰੱਖ ਕੇ ਉਨ੍ਹਾਂ ਨੇ 22 ਅਕਤੂਬਰ 1917 ਨੂੰ ਇੰਡੀਅਨ ਹੋਮ ਰੂਲ ਲੀਗ਼ ਆਫ਼ ਅਮਰੀਕਾ ਦੀ ਸਥਾਪਨਾ ਕੀਤੀ ਜਿਸਦੇ ਉਹ ਪਹਿਲੇ ਪ੍ਰਧਾਨ ਅਤੇ ਡਾ: ਐਨ: ਐਸ: ਹਰਦੀਕਾਰ ਜਨਰਲ ਸਕੱਤਰ ਨਿਯੁਕਤ ਹੋਏ। ਮਿਸਟਰ ਜੇ.ਟੀ. ਸਦਰ ਲੈਂਡ ਇਸ ਦੇ ਵਾਇਸ ਪ੍ਰੈਜ਼ੀਡੈਂਟ ਅਤੇ ਸ਼੍ਰੀ ਕੇ. ਡੀ. ਸ਼ਾਸਤਰੀ ਔਰਗੇਨਾਈਜ਼ਰ ਸੈਕਟਰੀ ਸਨ। ਮਈ 1919 ਤਕ ਇਸ ਲੀਗ ਦੀਆਂ ਬ੍ਰਾਂਚਾਂ ਅਮਰੀਕਾ ਦੇ ਕਈ ਵਡੇ ਵਡੇ ਸ਼ਹਿਰਾਂ ਵਿਚ ਸਥਾਪਿਤ ਹੋ ਚੁਕੀਆਂ ਸਨ।

1918 ਵਿਚ ਲਾਲਾ ਲਾਜਪਤ ਰਾਏ ਨੇ 'ਯੰਗ-ਇੰਡੀਆ' ਨਾਮ ਦਾ ਇਕ ਮਾਸਕ ਪੱਤਰ ਜਾਰੀ ਕੀਤਾ ਅਤੇ 'ਯੰਗ ਇੰਡੀਆ' ਨਾਮ ਦੀ ਪੁਸਤਕ ਵੀ ਲਿਖੀ ਜਿਸ ਵਿਚ ਦਰਜ ਵਿਚਾਰਾਂ ਨੇ ਅਮਰੀਕਾ, ਇੰਗਲੈਂਡ ਅਤੇ ਭਾਰਤੀ ਲੋਕਾਂ ਵਿਚ ਬੜੀ ਹਿਲਜੁਲ ਪੈਦਾ ਕਰ ਦਿੱਤੀ। ਉਹ ਅਕਸਰ ਕਿਹਾ ਕਰਦੇ ਸਨ ਕਿ ਜਿਸ ਅੰਗਰੇਜ਼ੀ ਰਾਸ਼ਟਰਵਾਦ ਦੀ ਰਖਿਆ ਲਈ ਭਾਰਤੀ ਸੈਨਿਕ ਆਪਣੀਆਂ ਜਾਨਾਂ ਵਾਰ ਰਹੇ ਹਨ, ਉਨ੍ਹਾਂ ਅੰਗਰੇਜ਼ਾਂ ਵੱਲੋਂ ਹੀ ਭਾਰਤੀ ਰਾਸ਼ਟਰਵਾਦ ਨੂੰ ਦਬਾਉਣ ਅਤੇ ਕੁਲਚਨ ਤੇ ਜਤਨ ਕੀਤੇ ਜਾ ਰਹੇ ਹਨ। ਉਹ ਅਮਰੀਕਾ ਵਿਚ ਕਰੀਬ ਸਾਢੇ ਤਿੰਨ ਸਾਲ ਤਕ ਰਹੇ। ਇਹ ਉਨ੍ਹਾਂ ਦੀ 'ਸ੍ਵੈ-ਇਛੱਤ ਸਹੇੜੀ ਜਲਾਵਤਨੀ' ਦਾ ਸਮਾਂ ਸੀ।

ਅਮਰੀਕਾ ਵਿਚ 40 ਮਹੀਨੇ ਦੇ ਪ੍ਰਵਾਸ ਦੌਰਾਨ ਦੇਸ਼ ਵਿਚ ਕਈ ਘਟਨਾਵਾਂ ਵਾਪਰ ਚੁਕੀਆਂ ਸਨ। ਰਾਜਸੀ ਮੰਚ ਤੇ ਮਹਾਤਮਾ ਗਾਂਧੀ ਦੇਸ਼ ਦੇ ਹਰਮਨ ਪਿਆਰੇ ਨੇਤਾ ਵਜੋਂ ਉਭੱਰ ਕੇ ਸਾਮ੍ਹਣੇ ਆਏ ਸਨ ਅਤੇ ਜਲ੍ਹਿਆਂ ਵਾਲਾ ਬਾਗ਼ ਦੀ ਘਟਨਾ ਤੋਂ ਬਾਦ ਆਜ਼ਾਦੀ ਦਾ ਸੰਘਰਸ਼ ਇਕ ਨਵੇਂ ਦੌਰ ਵਿਚ ਪ੍ਰਵੇਸ਼ ਕਰ ਚੁਕਾ ਸੀ। ਪਰ ਦੇਸ਼ ਤੋਂ ਬਾਹਰ ਰਹਿੰਦਿਆਂ 'ਸ੍ਵੈ-ਨਿਯੁਕਤ' ਦੂਤ ਵਜੋਂ ਜੋ ਕੰਮ ਲਾਲਾ ਲਾਜਪਤ ਰਾਏ ਨੇ ਕੀਤਾ ਸੀ ਉਸਨੇ ਦੇਸ਼ ਵਾਸੀਆਂ ਦੇ ਦਿਲਾਂ ਵਿਚ ਉਨ੍ਹਾਂ ਲਈ ਅਥਾਹ ਸ਼ਰਧਾ ਤੇ ਪਿਆਰ ਪੈਦਾ ਕਰ ਦਿੱਤਾ ਸੀ।

ਪਹਿਲੀ ਵਿਸ਼ਵ ਜੰਗ ਮੁਕ ਜਾਣ ਮਗਰੋਂ ਅੰਤਰ ਰਾਸ਼ਟਰੀ ਹਾਲਾਤ ਬਦਲ ਚੁਕੇ ਸਨ। ਇੰਗਲੈਂਡ ਅਤੇ ਉਸਦੇ ਸਾਥੀ ਮਿੱਤਰ ਦੇਸ਼ ਇਹ ਲੜਾਈ ਜਿੱਤ ਚੁਕੇ ਸਨ। ਆਖ਼ਰ 6 ਸਾਲ ਦੀ ਲੰਮੀ ਜਲਾਵਤਨੀ ਤੋਂ ਬਾਦ ਲਾਲਾ ਜੀ ਇੰਗਲੈਂਡ ਤੋਂ ਹੁੰਦੇ ਹੋਏ 20 ਫ਼ਰਵਰੀ 1920 ਨੂੰ ਵਾਪਸ ਸੁਦੇਸ਼ ਪਰਤ ਆਏ। ਬੰਬਈ ਪਹੁੰਚਣ ਤੇ ਦੇਸ਼ ਦੀ ਜਨਤਾ ਅਤੇ ਪ੍ਰਮੁੱਖ ਨੇਤਾਵਾਂ ਵਲੋਂ ਉਨ੍ਹਾਂ ਦਾ ਸ਼ਾਨਦਾਰ ਸੁਆਗਤ ਕੀਤਾ ਗਿਆ। ਉਨ੍ਹਾਂ ਦੇ ਸਨਮਾਨ ਵਿਚ ਜੋ ਮੀਟਿੰਗ ਸਦੀ ਗਈ ਉਸ ਵਿਚ ਮੁਹੰਮਦ ਅਲੀ ਜਿਨਾਹ ਤੋਂ ਇਲਾਵਾ ਬਾਲ ਗੰਗਾਧਰ ਤਿਲਕ, ਐਨੀ ਬੇਸੈਂਟ ਵਰਗੇ ਰਾਸ਼ਟਰੀ ਨੇਤਾ ਸ਼ਾਮਲ ਸਨ। ਜਦੋਂ ਦਸੰਬਰ 1920 ਵਿਚ ਕਲਕੱਤਾ ਵਿਖੇ ਕਾਂਗਰਸ ਦਾ ਇਕ ਵਿਸ਼ੇਸ਼ ਅਧਿਵੇਸ਼ਨ ਸਦਿਆ ਗਿਆ ਤਾਂ ਉਸਦਾ ਪ੍ਰਧਾਨ ਲਾਲਾ ਲਾਜਪਤ ਰਾਏ ਨੂੰ ਬਣਾਇਆ ਗਿਆ। ਅਜੇਹਾ ਉਨ੍ਹਾਂ ਦੀ ਕੁਰਬਾਨੀ ਅਤੇ ਤਿਆਗ ਨੂੰ ਧਿਆਨ ਵਿਚ ਰਖਦੇ ਹੋਏ, ਉਨ੍ਹਾਂ ਨੂੰ ਮਾਨ ਅਤੇ ਸਤਿਕਾਰ ਦੇਣ ਲਈ ਕੀਤਾ ਗਿਆ ਸੀ।

Digitized by Panjab Digital Library | www.panjabdigilib.org

1920 ਵਿਚ ਕੁਝ ਹੋਰ ਮਹੱਤਵ ਪੂਰਨ ਘਟਨਾਵਾਂ ਹੋਈਆਂ ਜਿਨ੍ਹਾਂ ਨੇ ਲਾਲਾ ਲਾਜਪਤ ਰਾਏ ਨੂੰ ਸੁਦੇਸ਼ ਪਰਤਦਿਆਂ ਹੀ ਸੁਤੰਤਰਤਾ ਅੰਦੋਲਨ ਨਾਲ ਜੋੜ ਦਿੱਤਾ। ਮਹਾਤਮਾ ਗਾਂਧੀ ਦੁਆਰਾ ਚਲਾਇਆ ਗਿਆ ਅਸਹਿਯੋਗ ਅੰਦੋਲਨ ਜ਼ੋਰਾਂ ਤੇ ਸੀ। ਬਹੁਤ ਸਾਰੇ ਨੇਤਾ ਉਨ੍ਹਾਂ ਦੇ ਇਸ ਪ੍ਰੋਗਰਾਮ ਨਾਲ ਸਹਿਮਤ ਨਾ ਹੋਣ ਦੇ ਬਾਵਜੂਦ ਵੀ ਇਸ ਵਿਚ ਸ਼ਾਮਲ ਹੋ ਗਏ। ਇਨ੍ਹਾਂ ਨੇਤਾਵਾਂ ਵਿਚ ਲਾਲਾ ਜੀ ਵੀ ਸ਼ਾਮਲ ਸਨ। ਉਨ੍ਹਾਂ ਨੇ 1920 ਵਿਚ ਲਾਹੌਰ ਤੋਂ 'ਬੰਦੇ ਮਾਤ੍ਰਮ' ਨਾਮ ਦਾ ਉਰਦੂ ਪਰਚਾ ਜਾਰੀ ਕੀਤਾ। ਇਹ ਪਰਚਾ ਲਾਲਾ ਜੀ ਦੇ ਵਿਚਾਰਾਂ ਅਤੇ ਸੁਤੰਤਰਤਾ ਸੰਗ੍ਰਾਮ ਦੇ ਪ੍ਰਚਾਰ ਦਾ ਇਕ ਪ੍ਰਭਾਵਸ਼ਾਲੀ ਮਾਧਿਅਮ ਬਣ ਗਿਆ। ਇਕ ਅਗਸਤ 1920 ਨੂੰ ਬਾਲ ਗੰਗਾ ਧਰ ਤਿਲਕ ਦਾ ਦੇਹਾਂਤ ਹੋ ਗਿਆ। ਉਨ੍ਹਾਂ ਦੀ ਮੌਤ ਜਿਥੇ ਦੇਸ਼ ਲਈ ਇਕ ਬਹੁਤ ਵਡਾ ਘਾਟਾ ਸੀ, ਉਥੇ ਨਿੱਜੀ ਤੌਰ ਤੇ ਲਾਲਾ ਜੀ ਲਈ ਵੀ ਬੜਾ ਵਡਾ ਸਦਮਾ ਸੀ। ਉਹ ਉਨ੍ਹਾਂ ਦੇ ਅਤਿ ਨਿਕਟ ਵਰਤੀਆਂ ਵਿਚੋਂ ਇਕ ਸਨ ਅਤੇ ਉਨ੍ਹਾਂ ਦੇ ਨਾਮ ਤੇ ਹੀ ਲਾਲਾ ਜੀ ਨੇ 'ਤਿਲਕ ਸਕੂਲ ਆਫ਼ ਪਾਲੇਟਿਕਸ' ਦੀ ਸਥਾਪਨਾ ਕੀਤੀ ਸੀ। 1921 ਵਿਚ ਇਹ ਸਕੂਲ ਲਾਹੌਰ ਵਿਚ ਖੋਲ੍ਹੇ ਗਏ ਨੈਸ਼ਨਲ ਕਾਲਜ ਦਾ ਅੰਗ ਬਣ ਗਿਆ।

3 ਦਸੰਬਰ 1921 ਨੂੰ ਲਾਲਾ ਲਾਜਪਤ ਰਾਏ ਨੂੰ ਅਸਹਿਯੋਗ ਅੰਦੋਲਨ ਵਿਚ ਭਾਗ ਲੈਣ ਅਤੇ ਪ੍ਰਿੰਸ ਆਫ਼ ਵੇਲਜ਼ ਦੀ ਭਾਰਤ ਫੇਰੀ ਦਾ ਬਾਈਕਾਟ ਕਰਨ ਦੇ ਦੋਸ਼ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਉਨ੍ਹਾਂ ਦੇ ਬੀਮਾਰ ਹੋ ਜਾਣ ਕਾਰਨ 16 ਅਗਸਤ 1923 ਨੂੰ ਉਨ੍ਹਾਂ ਨੂੰ ਲਾਹੌਰ ਸੈਂਟਰਲ ਜੇਲ੍ਹ ਚੋਂ ਰਿਹਾ ਕਰ ਦਿੱਤਾ ਗਿਆ। ਜੇਲ੍ਹ ਵਿਚ ਰਹਿੰਦਿਆਂ ਉਨ੍ਹਾਂ ਨੇ ਕਈ ਲੇਖ ਲਿਖੇ। 'ਭਾਰਤ ਦਾ ਇਤਿਹਾਸ' ਨਾਮੀ ਪੁਸਤਕ ਨੂੰ ਸੋਧਿਆ ਅਤੇ ਮਹਾਰਾਜਾ ਅਸ਼ੋਕ ਅਤੇ ਸ਼ਿਵਾਜੀ ਦੀਆਂ ਜੀਵਨੀਆਂ ਨੂੰ ਨਵੇਂ ਸਿਰਿਉਂ ਤਰਤੀਬ ਦਿੱਤੀ। ਉਹ ਆਪਣੇ ਜੀਵਨ ਦਾ ਕੋਈ ਵੀ ਪਲ ਅੰਵਾਈਂ ਨਹੀਂ ਸਨ ਗੁਆਉਣਾ ਚਾਹੁੰਦੇ। ਲੰਮੇ ਸਮੇਂ ਲਈ ਪ੍ਰਵਾਰ ਅਤੇ ਦੇਸ਼ ਤੋਂ ਦੂਰ ਰਹਿਣ ਕਰਕੇ ਅਤੇ ਹੁਣ ਲੰਮੀ ਜੇਲ੍ਹ ਯਾਤਰਾ ਕਾਰਨ ਲਾਲਾ ਜੀ ਫਿਰ ਬੀਮਾਰ ਪੈ ਗਏ। ਇਸ ਲਈ ਉਹ ਸਤੰਬਰ 1923 ਵਿਚ ਦਿੱਲੀ ਵਿਖੇ ਹੋਏ ਕਾਂਗਰਸ ਦੇ ਵਿਸ਼ੇਸ਼ ਇਜਲਾਸ ਵਿਚ ਸ਼ਾਮਲ ਨਾ ਹੋ ਸਕੇ। ਇਕ ਪਾਸੇ ਜੇ ਦੇਸ਼ ਦੀ ਆਜ਼ਾਦੀ ਦਾ ਸੰਘਰਸ਼ ਜ਼ੋਰ ਪਕੜ ਰਿਹਾ ਸੀ ਤਾਂ ਦੂਜੇ ਪਾਸੇ ਫ਼ਿਰਕਾ ਪ੍ਰਸਤੀ ਅਤੇ ਸਾਂਪ੍ਰਦਾਇਕਤਾ ਦੀ ਵੇਲ ਵਧਣੀ ਸ਼ੁਰੂ ਹੋ ਗਈ ਸੀ। ਲਾਰਡ ਮਾਰਲੇ ਦੁਆਰਾ ਭਾਰਤੀ ਚੋਣ-ਪ੍ਰਣਾਲੀ ਵਿਚ ਫਿਰਕੂ ਪ੍ਰਤੀਨਿਧਤਾ ਦਾ ਜ਼ਹਿਰ ਘੋਲ ਦਿਤਾ ਗਿਆ ਸੀ। ਮੁਸਲਮਾਨ ਹੌਲੀ ਹੌਲੀ ਆਜ਼ਾਦੀ ਦੇ ਸੰਘਰਸ਼ ਦੀ ਮੁੱਖ ਧਾਰਾ ਨਾਲੋਂ ਟੁੱਟ ਕੇ ਅੰਗਰੇਜ਼ਾ ਵਲ ਝੁਕਣੇ ਸ਼ੁਰੂ ਹੋ ਗਏ ਸਨ। ਉਨ੍ਹਾਂ ਨੂੰ ਅੰਗਰੇਜ਼ ਪੱਖੀ ਹੋਣ ਵਿਚ ਹੀ ਇਸਲਾਮ ਅਤੇ ਮੁਸਲਮਾਨਾਂ ਦਾ ਭਲਾ ਦਿਖਾਈ ਦੇ ਰਿਹਾ ਸੀ। ਥਾਂ ਥਾਂ ਤੇ ਹਿੰਦੂ-ਮੁਸਲਮਾਨਾਂ ਵਿਚ ਤਣਾਉ ਵਧਣਾ ਸ਼ੁਰੂ ਹੋ ਗਿਆ ਸੀ ਜੋ ਸਾਧਾਰਨ ਗੱਲਾਂ ਤੋਂ ਸ਼ੁਰੂ ਹੋਕੇ ਫਿਰਕੂ ਫ਼ਸਾਦ ਦਾ ਰੂਪ ਧਾਰਨ ਕਰ ਜਾਂਦਾ ਸੀ। ਲਾਲਾ ਜੀ ਦੇਸ਼ ਦੀ ਆਜ਼ਾਦੀ ਲਈ ਫ਼ਿਰਕੂ ਵੰਡੀਆਂ ਨੂੰ ਇਕ ਬੜੀ ਵਡੀ ਰੁਕਾਵਟ ਸਮਝਦੇ ਸਨ। ਉਹ ਚਾਹੁੰਦੇ ਸਨ ਕਿ ਦੇਸ਼ ਦੀਆਂ ਇਹ ਦੋਵੇਂ ਵਡੀਆਂ ਜਾਤੀਆਂ (ਹਿੰਦੂ ਅਤੇ ਮੁਸਲਮਾਨ) ਅਤੇ ਦੇਸ਼ ਦੇ ਵਖੋ ਵਖਰੇ ਧਰਮਾਂ ਨੂੰ ਮਨਣ ਵਾਲੇ ਲੋਕ ਇਕ ਮੁੱਠ ਹੋਕੇ ਅੰਗਰੇਜ਼ਾਂ ਵਿਰੁੱਧ ਆਪਣਾ ਅੰਦੋਲਨ ਚਲਾਣ। ਸੰਪਰਦਾਇਕ ਏਕਤਾ ਅਤੇ ਆਪਸੀ ਭਾਈਚਾਰੇ ਨਾਲ ਹੀ ਦੇਸ਼ ਨੂੰ ਅੰਗਰੇਜ਼ਾਂ ਤੋਂ ਮੁਕਤੀ ਮਿਲ ਸਕਦੀ ਸੀ। ਉਨ੍ਹਾਂ ਨੇ 'ਦੀ ਟ੍ਰਿਬੀਊਨ' ਅਤੇ ਹੋਰ ਭਾਰਤੀ ਸਮਾਚਾਰ ਪਤਰਾਂ ਨੂੰ ਭੇਜੀਆਂ ਚਿੱਠੀਆਂ ਵਿਚ ਇਹ ਸਪਸ਼ਟ ਲਿਖਿਆ ਸੀ ਕਿ 'ਜੇ ਮਜ਼ਹਬ ਨੂੰ ਤੰਗਦਿਲੀ

Digitized by Panjab Digital Library | www.panjabdigilib.org

ਨਾਲ ਵੇਖਿਆ ਜਾਂਦਾ ਰਿਹਾ ਤਾਂ ਭਾਰਤ ਲਈ ਇਹ ਸਰਾਪ ਸਿੱਧ ਹੋਵੇਗਾ'।

1923 ਵਿਚ ਜਦੋਂ ਉਨ੍ਹਾਂ ਨੂੰ ਜੇਲ੍ਹ ਚੋਂ ਰਿਹਾ ਕੀਤਾ ਗਿਆ ਤਾਂ ਅਜੇ ਉਨ੍ਹਾਂ ਦੀ ਸੇਹਤ ਠੀਕ ਨਹੀਂ ਸੀ। ਉਹ ਜਲਵਾਯੂ ਬਦਲਣ ਲਈ ਕੁਝ ਸਮੇਂ ਲਈ ਸੋਲਨ ਚਲੇ ਗਏ। ਐਸ ਵੇਲੇ ਉਨ੍ਹਾਂ ਦੀ ਗਿਣਤੀ ਭਾਰਤ ਦੇ ਚੋਟੀ ਦੇ ਨੇਤਾਵਾਂ ਵਿਚ ਕੀਤੀ ਜਾਂਦੀ ਸੀ। ਜਦੋਂ ਪੰਡਿਤ ਮੋਤੀ ਲਾਲ ਨਹਿਰੂ ਦੁਆਰਾ ਸਥਾਪਿਤ ਸਵਰਾਜ ਪਾਰਟੀ ਨੇ ਚੋਣਾਂ ਲੜਨ ਦਾ ਪ੍ਰਗੋਰਾਮ ਬਣਾਇਆ ਤਾਂ ਲਾਲਾ ਲਾਜਪਤ ਰਾਏ ਨੇ ਪੂਰੇ ਪੰਜਾਬ ਦਾ ਦੌਰਾ ਕਰਕੇ ਉਨ੍ਹਾਂ ਲਈ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਲਾਲਾ ਜੀ 25 ਜਨਵਰੀ 1926 ਨੂੰ ਸਵਰਾਜ ਪਾਰਟੀ ਦੇ ਮੈਂਬਰ ਬਣੇ ਅਤੇ ਜਲੰਧਰ ਤੋਂ ਵਿਧਾਨ ਸਭਾ ਦੀ ਖ਼ਾਲੀ ਹੋਈ ਸੀਟ ਤੋਂ ਉੱਪ ਚੋਣ ਲੜਕੇ ਭਾਰੀ ਬਹੁਮੱਤ ਨਾਲ ਸਫ਼ਲਤਾ ਪ੍ਰਾਪਤ ਕੀਤੀ। 1926 ਵਿਚ ਉਨ੍ਹਾਂ ਨੂੰ ਸਵਰਾਜ ਪਾਰਟੀ ਦਾ ਉੱਪਨੇਤਾ ਬਣਾਇਆ ਗਿਆ। ਇਸ ਪਾਰਟੀ ਦੇ ਪ੍ਰਧਾਨ ਪੰਡਤ ਮੋਤੀ ਲਾਲ ਨਹਿਰੂ ਸਨ। ਪਰ ਜਲਦੀ ਹੀ ਸਵਰਾਜ ਪਾਰਟੀ ਦੇ ਨੇਤਾਵਾਂ ਨਾਲ ਮੱਤਭੇਦ ਹੋ ਜਾਣ ਕਾਰਨ 24 ਅਗਸਤ 1926 ਨੂੰ ਉਨ੍ਹਾਂ ਨੇ ਇਸ ਪਾਰਟੀ ਤੋਂ ਤਿਆਗ ਪੱਤਰ ਦੇ ਦਿੱਤਾ। ਇਸ ਮਗਰੋਂ ਉਨ੍ਹਾਂ ਨੇ ਪੰਡਿਤ ਮਦਨ ਮੋਹਨ ਮਾਲਵੀਆ ਨਾਲ ਮਿਲ ਕੇ ਆਪਣੀ ਸੁਤੰਤਰ ਕਾਂਗਰਸ ਦਾ ਗਠਨ ਕੀਤਾ। ਆਉਣ ਵਾਲੀਆਂ ਚੋਣਾਂ ਵਿਚ ਇਸ ਪਾਰਟੀ ਦੇ ਨੁਮਾਂਇੰਦਿਆਂ ਨੇ ਪੰਜਾਬ ਅਤੇ ਉੱਤਰ ਪ੍ਰਦੇਸ਼ ਵਿਚ ਕਾਂਗਰਸ ਅਤੇ ਸਵਰਾਜ ਪਾਰਟੀ ਦੇ ਮੁਕਾਬਲੇ ਤੇ ਭਾਰੀ ਸਫ਼ਲਤਾ ਹਾਸਲ ਕੀਤੀ। ਮਗਰੋਂ ਰਾਸ਼ਟਰੀ ਹਿੱਤਾਂ ਨੂੰ ਧਿਆਨ ਵਿਚ ਰਖਦੇ ਹੋਏ ਲਾਲਾ ਲਾਜਪਤ ਰਾਏ ਅਤੇ ਪੰਡਿਤ ਮੋਤੀ ਲਾਲ ਨਹਿਰੂ ਵਿਚ ਫਿਰ ਮਿਤੱਰਤਾ ਸਥਾਪਿਤ ਹੋ ਗਈ।

ਜੂਨ 1926 ਵਿਚ ਉਨ੍ਹਾਂ ਨੂੰ ਕਾਮਗਰਾਂ ਦੇ ਪ੍ਰਤੀਨਿਧੀ ਦੇ ਰੂਪ ਵਿਚ ਜਨੀਵਾ (ਸਵਿਟਜ਼ਰ ਲੈਂਡ) ਵਿਖੇ ਹੋਣ ਵਾਲੀ ਅਠਵੀਂ ਅੰਤਰਰਾਸ਼ਟਰੀ ਮਜ਼ਦੂਰ ਕਾਨਫ੍ਰੰਸ ਵਿਚ ਭਾਗ ਲੈਣ ਦਾ ਅਵਸਰ ਮਿਲਿਆ। ਇਸ ਤੋਂ ਪਹਿਲਾਂ ਉਨ੍ਹਾਂ ਨੇ ਨਵੰਬਰ 1920 ਵਿਚ ਬੰਬਈ ਵਿਚ ਹੋਈ ਆਲ ਇੰਡੀਆ ਟ੍ਰੇਡ ਯੂਨੀਅਨ ਕਾਂਗਰਸ ਦੀ ਸਾਲਾਨਾ ਬੈਠਕ ਵਿਚ ਭਾਗ ਲਿਆ ਸੀ। ਇਸ ਸਮਾਗਮ ਵਿਚ ਬੋਲਦਿਆਂ ਉਨ੍ਹਾਂ ਨੇ ਦੇਸ਼ ਦੇ ਮਜ਼ਦੂਰਾਂ ਨੂੰ ਵਿਸ਼ਵ ਦੇ ਮਜ਼ਦੂਰਾਂ ਨਾਲ ਸੰਪਰਕ ਪੈਦਾ ਕਰਨ ਦੀ ਸਲਾਹ ਦਿੱਤੀ ਸੀ ਤਾਂ ਜੁ ਅੰਤਰ ਰਾਸ਼ਟਰੀ ਭਾਈਚਾਰੇ ਨੂੰ ਮਜ਼ਬੂਤ ਕੀਤਾ ਜਾ ਸਕੇ। ਉਹ ਪੂੰਜੀਵਾਦ, ਸੈਨਾਵਾਦ ਅਤੇ ਸਾਮਰਾਜ ਦੇ ਵਿਰੁੱਧ ਸਨ ਜੋ ਦੇਸ਼ ਦੀ ਪ੍ਰਗਤੀ ਦੇ ਰਾਹ ਵਿਚ ਵਡੀਆਂ ਰੁਕਾਵਟਾਂ ਸਨ।

1927 ਵਿਚ ਮਿਸ ਕੈਥਰਾਈਨ ਮਿਉ ਵਲੋਂ 'ਮਦਰ ਇੰਡੀਆ' ਨਾਮ ਦੀ ਇਕ ਪੁਸਤਕ ਪ੍ਰਕਾਸ਼ਿਤ ਕੀਤੀ ਗਈ ਜਿਸ ਵਿਚ ਭਾਰਤੀ ਸਭਿਅਤਾ ਅਤੇ ਭਾਰਤੀ ਜੀਵਨ ਦੀ ਬੜੇ ਸ਼ਰਾਰਤ ਪੂਰਨ ਢੰਗ ਨਾਲ ਨਖੇਦੀ ਕੀਤੀ ਗਈ ਸੀ। ਜਦੋਂ ਇਹ ਪੁਸਤਕ ਪ੍ਰਕਾਸ਼ਿਤ ਹੋਈ ਤਾਂ ਲਾਲਾ ਜੀ ਆਪਣੀ ਸੇਹਤਯਾਬੀ ਲਈ ਯੂਰਪ ਗਏ ਹੋਏ ਸਨ। ਉਨ੍ਹਾਂ ਨੂੰ ਇਹ ਪੁਸਤਕ ਪੜ੍ਹ ਕੇ ਬੜਾ ਦੁੱਖ ਹੋਇਆ। ਉਨ੍ਹਾਂ ਨੇ ਇਸ ਪੁਸਤਕ ਦਾ ਢੁਕਵਾਂ ਉੱਤਰ ਦੇਣ ਦਾ ਫ਼ੈਸਲਾ ਕਰ ਲਿਆ। ਜਿਥੇ ਮਹਾਤਮਾ ਗਾਂਧੀ ਨੇ 'ਮਦਰ ਇੰਡੀਆ' ਪੁਸਤਕ ਨੂੰ 'ਗੰਦੀਆਂ ਨਾਲੀਆਂ ਸਾਫ਼ ਕਰਨ ਵਾਲੇ ਇਨਸਪੈਕਟਰ ਦੀ ਰਿਪੋਰਟ' ਦਸਿਆ, ਉਥੇ ਯੂਰਪ ਤੋਂ ਪਰਤਣ ਮਗਰੋਂ ਲਾਲਾ ਲਾਜਪਤ ਰਾਏ ਨੇ 'ਅਨਹੈਪੀ ਇੰਡੀਆ' (Unhappy India) ਨਾਮ ਦੀ ਪੁਸਤਕ ਲਿਖਕੇ ਭਾਰਤ ਦੀ ਗੌਰਵਪੂਰਨ ਸੰਸਕ੍ਰਿਤੀ ਅਤੇ ਦੇਸ਼ ਦੀਆਂ ਸਮਸਿਆਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲੋਕਾਂ

Digitized by Panjab Digital Library | www.panjabdigilib.org

ਦੇ ਸਾਮ੍ਹਣੇ ਰਖਿਆ। ਇਸ ਪੁਸਤਕ ਨੂੰ 'ਮਦਰ ਇੰਡੀਆ' ਦਾ ਢੁਕਵਾਂ ਉੱਤਰ ਸਮਝਿਆ ਜਾਂਦਾ ਹੈ ਜਿਸ ਦੇ ਪਿੱਛੇ ਲਾਲਾ ਲਾਜਪਤ ਰਾਏ ਦੀ ਦੇਸ਼ ਭਗਤੀ ਅਤੇ ਦੇਸ਼ ਪਿਆਰ ਨੂੰ ਦੇਖਿਆ ਜਾ ਸਕਦਾ ਹੈ।

ਜੀਵਨ ਦੇ ਆਖ਼ਰੀ ਵਰ੍ਹੇ ਵਿਚ ਲਾਲਾ ਜੀ ਕੁਝ ਉਪਰਾਮ ਹੋ ਗਏ ਸਨ। ਉਨ੍ਹਾਂ ਦਾ ਆਪਣੇ ਆਪ ਤੋਂ, ਪਰਮਾਤਮਾ ਤੋਂ ਅਤੇ ਮਨੁੱਖਤਾ ਤੋਂ ਵਿਸ਼ਵਾਸ ਉਠ ਗਿਆ ਸੀ। ਇਸ ਬਾਰੇ ਉਨ੍ਹਾਂ ਨੇ ਬੜੇ ਵਿਸਥਾਰ ਨਾਲ ਇਕ ਚਿੱਠੀ ਵਿਚ ਲਿਖਿਆ ਸੀ ਜੋ ਉਨ੍ਹਾਂ ਨੇ ਆਪਣੇ ਮਿੱਤਰ ਸ਼੍ਰੀ ਬਿਰਲਾ ਨੂੰ ਦਿੱਤੀ ਸੀ। ਮਨ ਦੀ ਅਜੇਹੀ ਦਸ਼ਾ ਹੋਣ ਦੇ ਬਾਵਜੂਦ ਵੀ ਉਹ ਆਪਣੇ ਦੇਸ਼ ਬਾਰੇ ਬੜੇ ਚਿੰਤਿਤ ਸਨ ਅਤੇ ਦੇਸ਼ ਲਈ ਕੋਈ ਵੀ ਕੁਰਬਾਨੀ ਕਰਨ ਲਈ ਦ੍ਰਿੜ ਸੰਕਲਪ ਸਨ।

1927 ਵਿਚ ਬਰਤਾਨਵੀ ਸਰਕਾਰ ਨੇ ਭਾਰਤ ਦੀ ਮੌਜੂਦਾ ਸਥਿਤੀ, ਸਮਸਿਆਵਾਂ ਅਤੇ ਸੁਧਾਰਾਂ ਦੇ ਪ੍ਰਸ਼ਨ ਸਬੰਧੀ ਜਾਂਚ ਕਰਨ ਲਈ ਇਕ ਸੱਤ ਮੈਂਬਰੀ ਕਮਿਸ਼ਨ ਦੀ ਨਿਯੁਕਤੀ ਕੀਤੀ। ਇਸ ਕਮਿਸ਼ਨ ਦਾ ਨੇਤਾ ਸਰ ਜੌਹਨ ਸਾਈਮਨ ਨੂੰ ਬਣਾਇਆ ਗਿਆ। ਕਮਿਸ਼ਨ ਦੇ ਸਾਰੇ ਮੈਂਬਰ ਅੰਗਰੇਜ਼ ਸਨ ਅਤੇ ਉਸ ਵਿਚ ਕਿਸੇ ਵੀ ਭਾਰਤੀ ਨੂੰ ਸ਼ਾਮਲ ਨਹੀਂ ਸੀ ਕੀਤਾ ਗਿਆ। ਇਸੇ ਕਰਕੇ ਭਾਰਤੀ ਨੇਤਾਵਾਂ ਅਤੇ ਰਾਜਸੀ ਪਾਰਟੀਆਂ ਨੇ ਇਹ ਫ਼ੈਸਲਾ ਕੀਤਾ ਕਿ ਸਾਈਮਨ ਕਮਿਸ਼ਨ ਦਾ ਪੂਰੀ ਤਰ੍ਹਾਂ ਨਾਲ ਬਾਈਕਾਟ ਕੀਤਾ ਜਾਵੇ ਅਤੇ ਜਿੱਥੇ ਵੀ ਇਸ ਦੇ ਮੈਂਬਰ ਜਾਣ ਉਨ੍ਹਾਂ ਨੂੰ ਕੋਈ ਸਹਿਯੋਗ ਨਾ ਦਿੱਤਾ ਜਾਵੇ। ਲਾਲਾ ਲਾਜਪਤ ਰਾਏ ਨੇ ਕੇਂਦਰੀ ਵਿਧਾਨ ਮੰਡਲ ਵਿਚ ਇਕ ਪ੍ਰਸਤਾਵ ਪੇਸ਼ ਕੀਤਾ ਜਿਸ ਵਿਚ ਕਿਹਾ ਗਿਆ ਸੀ ਕਿ 'ਇਸ ਸਦਨ ਦਾ ਕਿਸੇ ਮੌਕੇ ਤੇ ਜਾਂ ਕਿਸੇ ਰੂਪ ਵਿਚ ਵੀ ਕਮਿਸ਼ਨ ਨਾਲ ਕੋਈ ਸਬੰਧ ਨਹੀਂ ਹੋਵੇਗਾ।' 16 ਫ਼ਰਵਰੀ 1928 ਵਿਚ ਉਨ੍ਹਾਂ ਨੇ ਇਸ ਦੇ ਵਿਰੋਧ ਵਿਚ ਇਕ ਪ੍ਰਭਾਵਸ਼ਾਲੀ ਭਾਸ਼ਨ ਦਿੱਤਾ ਅਤੇ ਲੋਕਾਂ ਨੂੰ ਇਸ ਕਮਿਸ਼ਨ ਦਾ ਬਾਈਕਾਟ ਕਰਨ ਦੀ ਅਪੀਲ ਕੀਤੀ।

ਸਾਈਮਨ ਕਮਿਸ਼ਨ ਵੱਖੋ ਵੱਖਰੇ ਨਗਰਾਂ ਦਾ ਦੌਰਾ ਕਰਦਾ 30 ਅਕਤੂਬਰ 1928 ਨੂੰ ਲਾਹੌਰ ਪਹੁੰਚਿਆ। ਇਸ ਕਮਿਸ਼ਨ ਦਾ ਵਿਰੋਧ ਕਰਨ ਲਈ ਲੋਕ ਕਾਲੀਆਂ ਪੱਟੀਆਂ ਬੰਨ੍ਹੀ ਅਤੇ ਕਾਲੀਆਂ ਝੰਡੀਆਂ ਫੜ੍ਹੀ, ਭਾਰੀ ਗਿਣਤੀ ਵਿਚ ਲਾਹੌਰ ਸਟੇਸ਼ਨ ਦੇ ਬਾਹਰ ਖੜੇ ਸਨ। ਸਾਈਮਨ ਕਮਿਸ਼ਨ ਦੇ ਵਿਰੋਧ ਵਿਚ ਆਯੋਜਿਤ ਇਸ ਮੁਜ਼ਾਹਰੇ ਦੀ ਅਗਵਾਈ ਲਾਲਾ ਲਾਜਪਤ ਰਾਏ ਕਰ ਰਹੇ ਸਨ। ਲੋਕ 'ਸਾਈਮਨ ਕਮਿਸ਼ਨ ਵਾਪਸ ਜਾਉ' (Simon Commission Go Back) ਦੇ ਨਾਹਰੇ ਲਗਾ ਰਹੇ ਸਨ। ਪੁਲਿਸ ਨੇ ਮੁਜ਼ਾਹਰਾ ਕਾਰਾਂ ਨੂੰ ਕੋਈ ਚੇਤਾਵਨੀ ਦਿੱਤੇ ਬਗ਼ੈਰ ਉਨ੍ਹਾਂ ਤੇ ਲਾਠੀਆਂ ਚਲਾਣੀਆਂ ਸ਼ੁਰੂ ਕਰ ਦਿੱਤੀਆਂ। ਪੁਲਿਸ ਦਸਤੇ ਦੀ ਅਗਵਾਈ ਲਾਹੌਰ ਦਾ ਸਹਾਇਕ ਪੁਲਿਸ ਸੁਪਰਿਨਟੈਂਡੈਂਟ (DSP) ਜੇ. ਪੀ. ਸਾਂਡਰਸ ਕਰ ਰਿਹਾ ਸੀ। ਇਸ ਅੰਧਾਧੁੰਦ ਲਾਠੀ ਚਾਰਜ ਦੌਰਾਨ ਲਾਲਾ ਜੀ ਨੂੰ ਵੀ ਛਾਤੀ ਵਿਚ ਲਾਠੀਆਂ ਲਗੀਆਂ ਤੇ ਉਹ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ। ਇਸ ਤੋਂ ਬਾਦ ਲਾਹੌਰ ਦੇ ਬ੍ਰੈਡਲਾ ਹਾਲ ਵਿਚ ਇਕ ਜਲਸਾ ਹੋਇਆ ਜਿਸ ਵਿਚ ਬੋਲਦਿਆਂ ਲਾਲਾ ਜੀ ਨੇ ਕਿਹਾ, 'ਅਜ ਸ਼ਾਮ ਮੇਰੇ ਤੇ ਕੀਤੀ ਗਈ ਇਕ ਇਕ ਚੋਟ ਬਰਤਾਨਵੀ ਸਾਮਰਾਜ ਦੇ ਕਫ਼ਨ ਵਿਚ ਇਕ ਇਕ ਕਿੱਲ ਸਾਬਤ ਹੋਵੇਗੀ'। ਆਖ਼ਰ ਇਨ੍ਹਾਂ ਸੱਟਾਂ ਦੀ ਝਾਲ ਦਾ ਝਲਦਾ ਹੋਇਆ ਸੁਤੰਤਰਤਾ ਸੰਗ੍ਰਾਮ ਦਾ ਇਹ ਮਹਾਨ ਘੁਲਾਟੀਆ 17 ਨਵੰਬਰ 1928 ਨੂੰ ਇਸ ਸੰਸਾਰ ਨੂੰ ਅਲਵਿਦਾ ਕਹਿ ਗਿਆ।

Digitized by Panjab Digital Library | www.panjabdigilib.org

ਉਹ ਆਪਣੇ ਪਿੱਛੇ ਸੂਰਬੀਰਤਾ, ਆਤਮ ਤਿਆਗ ਅਤੇ ਬਲੀਦਾਨ ਦਾ ਅਜੇਹਾ ਮਹਾਨ ਵਿਰਸਾ ਛੱਡ ਗਏ ਹਨ ਕਿ ਦੇਸ਼ ਵਾਸੀ ਉਨ੍ਹਾਂ ਨੂੰ ਪੰਜਾਬ ਦਾ ਸ਼ੇਰ, ਪੰਜਾਬ ਕੇਸਰੀ ਆਦਿ ਨਾਵਾਂ ਨਾਲ ਸਤਿਕਾਰਦੇ ਅਤੇ ਯਾਦ ਕਰਦੇ ਹਨ। ਉਨ੍ਹਾਂ ਦੀ ਮੌਤ ਤੇ ਮਹਾਤਮਾ ਗਾਂਧੀ ਨੇ ਕਿਹਾ ਸੀ ਕਿ 'ਲਾਲਾ ਜੀ ਵਰਗੇ ਮਨੁੱਖ ਕਦੇ ਮਰਿਆ ਨਹੀਂ ਕਰਦੇ ਸਗੋਂ ਉਹ ਹਮੇਸ਼ਾਂ ਲਈ ਅਮਰ ਹੋ ਜਾਂਦੇ ਹਨ'। ਸ੍ਰੀ ਭਗਤ ਸਿੰਘ ਅਤੇ ਉਸਦੇ ਕ੍ਰਾਂਤੀਕਾਰੀ ਸਾਥੀਆਂ ਨੇ ਅੰਗਰੇਜ਼ਾਂ ਹਥੋਂ ਲਾਲਾ ਜੀ ਦੀ ਮੌਤ ਨੂੰ ਰਾਸ਼ਟਰੀ ਅਪਮਾਨ ਵਜੋਂ ਲਿਆ ਤੇ 17 ਦਸੰਬਰ 1928 ਨੂੰ ਜਦੋਂ ਲਾਹੌਰ ਦਾ ਸਹਾਇਕ ਪੁਲਿਸ ਸੁਪਰਿਨਟੈਂਡੈਂਟ ਜੇ.ਪੀ. ਸਾਂਡਰਸ ਆਪਣੀ ਪੁਲਿਸ ਚੌਕੀ ਚੋਂ ਬਾਹਰ ਨਿਕਲਿਆ ਹੀ ਸੀ ਤਾਂ ਉਨ੍ਹਾਂ ਨੇ ਲਾਲਾ ਜੀ ਦੇ ਇਸ ਹਤਿਆਰੇ ਨੂੰ ਗੋਲੀਆਂ ਨਾਲ ਭੁੰਨ ਕੇ ਉਸੇ ਥਾਂ ਤੇ ਢੇਰ ਕਰ ਦਿੱਤਾ। ਉਸੇ ਦਿਨ ਲਾਹੌਰ ਦੀਆਂ ਕੰਧਾਂ ਤੇ ਇਹ ਪੋਸਟਰ ਲਗੇ ਹੋਏ ਵੇਖੇ ਗਏ ਜਿਨ੍ਹਾਂ ਤੇ ਲਿਖਿਆ ਸੀ ਕਿ ਅਸੀਂ ਲਾਲਾ ਜੀ ਦੀ ਮੌਤ ਦਾ ਬਦਲਾ ਲੈ ਲਿਆ ਹੈ। ਪੋਸਟਰ ਦੀ ਇਬਾਰਤ ਇਸ ਪ੍ਰਕਾਰ ਸੀ :

Hindustan Socialist Republican Army

**NOTICE**

Bureaucracy alerted !

Lala Lajpat Rai's death is avenged by the murder of J. P. Saunders.

ਵੀਹਵੀਂ ਸਦੀ ਦੇ ਮੁੱਢਲੇ ਸੁਤੰਤਰਤਾ ਸੰਗ੍ਰਾਮੀਆਂ ਵਿਚ ਲਾਲਾ ਲਾਜਪਤ ਰਾਏ ਦਾ ਇਕ ਵਿਸ਼ੇਸ਼ ਸਥਾਨ ਹੈ। ਉਨ੍ਹਾਂ ਦੀ ਗਣਨਾ ਭਾਰਤ ਦੇ ਮਹਾਨ ਸਪੂਤਾਂ ਵਿਚ ਕੀਤੀ ਜਾਂਦੀ ਹੈ। ਆਪਣੇ ਸਮੇਂ ਦੇ ਰਾਸ਼ਟਰੀ ਨੇਤਾਵਾਂ ਵਿਚੋਂ ਕੌਮੀ ਅਤੇ ਅੰਤਰ-ਰਾਸ਼ਟਰੀ ਪੱਧਰ ਤੇ ਉਨ੍ਹਾਂ ਨੇ ਸਭ ਤੋਂ ਵੱਧ ਇਜ਼ਤ ਅਤੇ ਪ੍ਰਸਿੱਧੀ ਹਾਸਲ ਕੀਤੀ। ਆਪ ਬੜੇ ਮਿਹਨਤੀ, ਉਤਸ਼ਾਹੀ ਅਤੇ ਨਿਰਭੈ ਪੁਰਸ਼ ਸਨ। ਆਪ ਨੂੰ ਸੱਚ ਕਹਿਣ ਵਿਚ ਕਦੇ ਵੀ ਝਿਜਕ ਨਹੀਂ ਸੀ ਆਈ, ਚਾਹੇ ਮਗਰੋਂ ਉਸ ਲਈ ਆਪ ਨੂੰ ਕਿਤਨਾਂ ਵੀ ਮੁੱਲ ਕਿਉਂ ਨਾ ਤਾਰਨਾ ਪਿਆ ਹੋਵੇ। ਆਪ ਬੜੇ ਨੇਕ ਅਤੇ ਹਮਦਰਦ ਇਨਸਾਨ ਸਨ। ਸਮਾਜਕ ਤੌਰ ਤੇ ਆਪ ਲੋਕਾਂ ਦਾ ਦਰਦ ਵੰਡਾਉਣ ਲਈ ਹਮੇਸ਼ਾਂ ਤਤਪਰ ਰਹਿੰਦੇ ਸਨ। ਉਨ੍ਹਾਂ ਦੇ ਬਹੁ ਪੱਖੀ ਗਿਆਨ ਨੇ ਉਨ੍ਹਾਂ ਵਿਚ ਸਮਾਜਕ ਬਰਾਬਰੀ ਅਤੇ ਜਾਗਰਤੀ ਦੀ ਭਾਵਨਾ ਪੈਦਾ ਕੀਤੀ ਜਿਸ ਲਈ ਉਹ ਸਾਰੀ ਉਮਰ ਸੰਘਰਸ਼ ਕਰਦੇ ਰਹੇ। ਆਪ ਇਰਾਦੇ ਦੇ ਬੜੇ ਮਜ਼ਬੂਤ ਪਰ ਸੁਭਾ ਦੇ ਬੜੇ ਕੋਮਲ ਸਨ।

ਉਹ ਬੜੇ ਸੁਲਝੇ ਹੋਏ ਲੇਖਕ ਅਤੇ ਪ੍ਰਭਾਵਸ਼ਾਲੀ ਵਕਤਾ ਸਨ। ਉਨ੍ਹਾਂ ਦੇ ਮੂੰਹੋਂ ਜੁਸ਼ੀਲੇ ਸ਼ਬਦ ਇੰਵ ਵੱਗ ਤੁਰਦੇ ਸਨ ਜਿਵੇਂ ਜਵਾਲਾ ਮੁਖੀ ਪਹਾੜ ਚੋਂ ਲਾਵੇ ਦਾ ਦਰਿਆ ਵੱਗ ਤੁਰਦਾ ਹੈ। ਜਦੋਂ ਉਹ ਬੋਲਦੇ ਸਨ ਤਾਂ ਸਰੋਤਿਆਂ ਨੂੰ ਆਪਣੇ ਨਾਲ ਹੀ ਵਹਾ ਕੇ ਲੈ ਜਾਂਦੇ ਸਨ ਜਿਵੇਂ ਹੜ੍ਹ ਵਿਚ ਆਈ ਨਦੀ ਕੰਢਿਆਂ ਨੂੰ ਖੋਰ ਕੇ ਲੈ ਜਾਂਦੀ ਹੈ।

ਉਨ੍ਹਾਂ ਨੂੰ ਚੰਗੀਆਂ ਪੁਸਤਕਾਂ ਪੜ੍ਹਣ ਅਤੇ ਖ਼ਰੀਦਣ ਦਾ ਬੜਾ ਸ਼ੌਕ ਸੀ। ਲਾਲਾ ਲਾਜਪਤ ਰਾਏ ਦੇ ਜੀਵਨੀਕਾਰ, ਉਨ੍ਹਾਂ ਦੇ ਛੋਟੇ ਭਰਾ ਨੇ ਲਿਖਿਆ ਹੈ ਕਿ ਉਨ੍ਹਾਂ ਦੇ ਮਨ ਵਿਚ ਹਰ ਸਮੇਂ ਕੁਝ ਨਵਾਂ ਅਤੇ ਉਦੇਸ਼ ਪੂਰਨ ਪੜ੍ਹਦੇ ਰਹਿਣ ਦੀ ਭੁੱਖ ਜੀਵਨ ਦੇ ਆਖ਼ਰੀ ਸਮੇਂ ਤਕ

Digitized by Panjab Digital Library | www.panjabdigilib.org

ਬਣੀ ਰਹੀ। ਉਨ੍ਹਾਂ ਦੇ ਨਿੱਜੀ ਪੁਸਤਕਾਲਿਯ (ਸੰਗ੍ਰਹਿ) ਵਿਚ ਕਈ ਅਜੇਹੀਆਂ ਦੁਰਲੱਭ ਪੁਸਤਕਾਂ ਸਨ ਜਿਨ੍ਹਾਂ ਦੀ ਦੂਜੀ ਕਾਪੀ ਕਿਤੇ ਲਭ ਸਕਣੀ ਸੌਖੀ ਨਹੀਂ ਸੀ। ਜਦੋਂ ਕਦੇ ਵੀ ਹਿਸਾਰ ਦਾ ਕੋਈ ਨਵਾਂ ਅੰਗਰੇਜ਼ ਡਿਪਟੀ ਕਮਿਸ਼ਨਰ ਨਿਯੁਕਤ ਹੋਕੇ ਆਇਆ ਕਰਦਾ ਸੀ ਤਾਂ ਉਸਦੀ ਸਭ ਤੋਂ ਵਡੀ ਰੀਝ ਲਾਲਾ ਜੀ ਦੀ ਲਾਇਬਰੇਰੀ ਵੇਖਣ ਦੀ ਹੁੰਦੀ ਸੀ ਜਿਸ ਵਿਚ ਹਰ ਵਿਸ਼ੇ ਤੇ ਪੁਸਤਕਾਂ ਦਾ ਚੋਖਾ ਭੰਡਾਰ ਸੀ। ਅਗੇ ਚਲ ਕੇ ਲਾਲਾ ਜੀ ਨੇ ਇਹ ਸਾਰੀ ਲਾਇਬਰੇਰੀ ਤਿਲਕ ਸਕੂਲ ਆਫ਼ ਪਾਲੇਟਿਕਸ ਨੂੰ ਭੇਟ ਕਰ ਦਿੱਤੀ ਸੀ।

ਲਾਲਾ ਜੀ ਦਾ ਸਾਰਾ ਜੀਵਨ ਦੇਸ਼ ਅਤੇ ਦੇਸ਼ ਵਾਸੀਆਂ ਨੂੰ ਸਮਰਪਿਤ ਸੀ। ਮਹਾਤਮਾ ਗਾਂਧੀ ਨੇ ਇਕ ਥਾਂ ਤੇ ਲਿਖਿਆ ਹੈ ਕਿ ਦੇਸ਼ ਦੀ ਕੋਈ ਵੀ ਐਸੀ ਜਨਤਕ ਲਹਿਰ ਨਹੀਂ ਹੋਵੇਗੀ ਜਿਸ ਵਿਚ ਲਾਜਪਤ ਰਾਏ ਨੇ ਹਿੱਸਾ ਨਾ ਲਿਆ ਹੋਵੇ। ਲਾਲਾ ਜੀ ਨੇ ਕਦੇ ਵੀ ਜੀਵਨ ਨੂੰ ਨਿੱਕੇ ਨਿੱਕੇ ਟੋਟਿਆਂ ਵਿਚ ਵੰਡ ਕੇ ਨਹੀਂ ਸੀ ਵੇਖਿਆ ਸਗੋਂ ਮਨੁੱਖੀ ਜੀਵਨ ਅਤੇ ਦੇਸ਼ ਦੀਆਂ ਸਮਸਿਆਂ ਨੂੰ ਸੰਪੂਰਨ ਤੌਰ ਤੇ ਵੇਖਣ ਅਤੇ ਉਨ੍ਹਾਂ ਦਾ ਸਮਾਧਾਨ ਲਭਣ ਲਈ ਜਤਨਸ਼ੀਲ ਹੋਣਾ ਉਨ੍ਹਾਂ ਦੇ ਜੀਵਨ ਦਾ ਉਦੇਸ਼ ਸੀ।

ਉਹ ਆਪਣੇ ਦੇਸ਼ ਨੂੰ ਬੇਹਦ ਪਿਆਰ ਕਰਦੇ ਸਨ ਤੇ ਕਿਹਾ ਕਰਦੇ ਸਨ ਕਿ ਵਤਨ ਦੀ ਮਿੱਟੀ ਬੜੇ ਨਸੀਬਾਂ ਨਾਲ ਮਿਲਿਆ ਕਰਦੀ ਹੈ। ਇਕ ਵਾਰ ਇਕ ਅਮਰੀਕਨ ਪਾਦਰੀ ਨੇ ਫੜ੍ਹ ਮਾਰਦਿਆਂ ਲਾਲਾ ਜੀ ਨੂੰ ਕਿਹਾ 'ਕੀ ਤੁਸੀਂ ਸਮਝਦੇ ਹੋ ਕਿ ਅਸੀਂ ਤੁਹਾਡੇ ਦੇਸ਼ ਨੂੰ ਇਤਨਾ ਪਿਆਰ ਨਹੀਂ ਕਰਦੇ ਜਿਤਨਾ ਤੁਸੀਂ ਕਰਦੇ ਹੋ'? ਪਾਦਰੀ ਦੀ ਗੱਲ ਸੁਣਕੇ ਲਾਲਾ ਜੀ ਮੁਸਕਰਾਏ ਤੇ ਕਹਿਣ ਲਗੇ, 'ਜੇ ਹਿੰਦੁਸਤਾਨ ਨਾਲ ਮੇਰਾ ਪਿਆਰ ਵੀ ਉਹੋ ਜਿਹਾ ਹੋਵੇ ਜਿਹੋ ਜਿਹਾ ਕਿ ਤੁਹਾਡਾ ਹੈ ਤਾਂ ਮੈਂ ਹੁਣੇ ਸ਼ਰਮ ਨਾਲ ਕਿਸੇ ਨਦੀ ਵਿਚ ਜਾਕੇ ਡੁੱਬ ਮਰਾਂ, ਮੇਰੇ ਲਈ ਇਹੀ ਚੰਗਾ ਰਹੇਗਾ'।

ਉਹ ਦੇਸ਼ ਦੇ ਵੱਖੋ ਵੱਖਰੇ ਧਰਮਾਂ ਦੇ ਲੋਕਾਂ ਵਿਚ ਏਕਤਾ ਅਤੇ ਆਪਸੀ ਮੇਲ ਜੋਲ ਦੇ ਹਾਮੀ ਸਨ। ਉਨ੍ਹਾਂ ਦਾ ਪੱਕਾ ਵਿਸ਼ਵਾਸ ਸੀ ਕਿ ਜਦ ਤਕ ਅਸੀਂ ਸੰਗਠਿਤ ਹੋਕੇ ਸ਼ਕਤੀਸ਼ਾਲੀ ਦੁਸ਼ਮਨ (ਅੰਗਰੇਜ਼ਾਂ) ਦਾ ਮੁਕਾਬਲਾ ਨਹੀਂ ਕਰਦੇ ਸਾਡੀ ਮੁਕਤੀ (ਆਜ਼ਾਦੀ) ਸੰਭਵ ਨਹੀਂ।

ਜਿਵੇਂ ਪਹਿਲਾਂ ਲਿਖਿਆ ਜਾ ਚੁਕਾ ਹੈ ਕਿ ਉਹ ਬੜੇ ਚੰਗੇ ਲੇਖਕ ਸਨ। ਉਨ੍ਹਾਂ ਦੀਆਂ ਰਚਨਾਵਾਂ ਦੀ ਲਿਸਟ ਬੜੀ ਲੰਬੀ ਹੈ। ਉਨ੍ਹਾਂ ਦੁਆਰਾ ਲਿਖੀਆਂ ਮਹਾਂਪੁਰਸ਼ਾਂ ਦੀਆਂ ਜੀਵਨੀਆਂ, ਮਦਰ ਇੰਡੀਆ ਦੇ ਜੁਆਬ ਵਿਚ ਲਿਖੀ 'ਅਨਹੈਪੀ ਇੰਡੀਆ', ਉਨ੍ਹਾਂ ਦੀ ਸ੍ਵੈਜੀਵਨੀ ਅਤੇ ਅਮਰੀਕਾ, ਇੰਗਲੈਂਡ ਅਤੇ ਭਾਰਤ ਦੇ ਪਰਚਿਆਂ ਵਿਚ ਛਪੇ ਅਨੇਕਾਂ ਲੇਖ ਉਨ੍ਹਾਂ ਦੀ ਇਸ ਪ੍ਰਤਿਭਾ ਦੀ ਸ਼ਾਨਦਾਰ ਗਵਾਹੀ ਹਨ। ਉਨ੍ਹਾਂ ਜੋ ਕੁਝ ਵੀ ਲਿਖਿਆ ਉਹ ਉਰਦੂ ਜਾਂ ਅੰਗਰੇਜ਼ੀ ਵਿਚ ਲਿਖਿਆ। ਉਹ ਇਨ੍ਹਾਂ ਦੋਹਾਂ ਭਾਸ਼ਾਵਾਂ ਵਿਚ ਆਪਣੇ ਵਿਚਾਰਾਂ ਨੂੰ ਬੜੇ ਸਹਿਜ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਵਿਯਕਤ ਕਰ ਸਕਦੇ ਸਨ। ਉਨ੍ਹਾਂ ਦੇ ਜੀਵਨ ਅਤੇ ਸਮੇਂ ਨੂੰ ਸਮਝਣ ਲਈ ਇਹ ਪੁਸਤਕਾਂ ਭਾਰਤ ਦੇ ਇਤਿਹਾਸ ਦਾ ਇਕ ਬਹੁਮੁੱਲਾ ਸਰੋਤ ਹਨ।

Digitized by Panjab Digital Library | www.panjabdigilib.org

## ਸ਼ਹੀਦ-ਏ-ਆਜ਼ਮ
# ਸ੍ਰ: ਭਗਤ ਸਿੰਘ

ਕਬੀਰ ਮਰਤਾ ਮਰਤਾ ਜਗ ਮੂਆ,
ਮਰਿ ਭੀ ਜਾਨਿਆ ਕੋਇ।
ਐਸੇ ਮਰਨੇ ਜੋ ਮਰੈ,
ਬਹੁਰਿ ਨ ਮਰਨਾ ਹੋਇ॥

(ਗੁਰੂ ਗ੍ਰੰਥ, ਪੰਨਾ 1366)

ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਕਬੀਰ ਜੀ ਦੀਆਂ ਇਹ ਪੰਗਤੀਆਂ ਸ਼ਹੀਦੇ ਆਜ਼ਮ ਸ੍ਰ: ਭਗਤ ਸਿੰਘ ਤੇ ਕਿਤਨੀਆ ਸਹੀ ਉਤਰਦੀਆਂ ਹਨ।

23 ਮਾਰਚ ਸੰਨ 1931 ਨੂੰ ਜਦੋਂ ਸ੍ਰ: ਭਗਤ ਸਿੰਘ ਨੂੰ ਫ਼ਾਂਸੀ ਤੇ ਲਟਕਾਇਆ ਗਿਆ ਤਾਂ ਉਸਦੀ ਕੁਲ ਆਯੂ 23 ਸਾਲ, 5 ਮਹੀਨੇ ਅਤੇ 27 ਦਿਨ ਸੀ। ਉਹ ਆਪਣੀ ਹਯਾਤੀ ਵਿਚ ਹੀ ਇਤਨੀ ਪ੍ਰਸਿੱਧੀ ਹਾਸਲ ਕਰ ਗਿਆ ਸੀ ਕਿ ਦੇਸ਼-ਵਾਸੀਆਂ ਨੇ ਉਸਦੀ ਬਹਾਦਰੀ ਅਤੇ ਕੁਰਬਾਨੀ ਦੀਆਂ ਵਾਰਾਂ ਰਚ ਕੇ ਪਿੰਡ ਪਿੰਡ ਤੇ ਘਰ ਘਰ ਗਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ। 17 ਦਸੰਬਰ ਸੰਨ 1928 ਨੂੰ ਸਾਂਡਰਸ ਦੇ ਕਤਲ ਅਤੇ 8 ਅਪ੍ਰੈਲ 1929 ਨੂੰ ਉਸ ਦੁਆਰਾ ਅਸੈਂਬਲੀ ਹਾਲ ਵਿਚ ਸੁੱਟੇ ਬੰਬ ਨੇ ਭਗਤ ਸਿੰਘ ਨੂੰ ਲੋਕਾਂ ਦਾ ਮਹਿਬੂਬ ਪਾਤਰ ਬਣਾ ਦਿੱਤਾ ਸੀ। ਉਸਦਾ ਸਾਹਸੀ, ਨਿਧੜਕ ਅਤੇ ਕੁਰਬਾਨੀ ਦੇ ਜਜ਼ਬੇ ਨਾਲ ਭਰਿਆ ਜੀਵਨ, ਦੇਸ਼ ਦੇ ਨੌਜਵਾਨਾਂ ਲਈ ਪ੍ਰੇਰਨਾਂ ਦਾ ਸਰੋਤ ਬਣ ਗਿਆ। ਮਾਰਚ 1931 ਦੇ ਚੌਥੇ ਹਫ਼ਤੇ ਦਿੱਲੀ ਵਿਚ ਹੋਏ ਇਕ ਜਲਸੇ ਵਿਚ ਬੋਲਦਿਆਂ ਸੁਭਾਸ਼ ਚੰਦਰ ਬੋਸ ਨੇ ਕਿਹਾ ਸੀ, 'ਭਗਤ ਸਿੰਘ ਅਜ ਇਕ ਵਿਅਕਤੀ ਨਹੀਂ, ਉਹ ਇਕ ਨਿਸ਼ਾਨ ਹੈ, ਇਕ ਚਿੰਨ੍ਹ ਹੈ ਉਸ ਇਨਕਲਾਬ ਦਾ ਜਿਹੜਾ ਉਸਦੀਆਂ ਕੁਰਬਾਨੀਆਂ ਸਦਕਾ ਹਰ ਦੇਸ਼ ਵਾਸੀ ਦੇ ਸੀਨੇ ਵਿਚ ਮਘਦੀ ਅੱਗ ਵਾਂਗ ਲੱਟ ਲੱਟ ਕਰ ਕੇ ਬਲ ਉਠਿਆ ਹੈ'। ਪੰਡਤ ਜਵਾਹਰ ਲਾਲ ਨਹਿਰੂ ਨੇ ਲਿਖਿਆ ਸੀ 'ਇਹ ਨੌਜਵਾਨ ਗਭਰੂ ਅਚਨਚੇਤ ਇਤਨਾ ਹਰਮਨ ਪਿਆਰਾ ਹੋ ਗਿਆ ਹੈ ਕਿ ਸਾਨੂੰ ਉਸ ਦੀ ਸ਼ਹਾਦਤ ਤੋਂ ਸਬਕ ਸਿੱਖਣਾ ਚਾਹੀਦਾ ਹੈ ਕਿ ਦੇਸ਼ ਅਤੇ ਕੌਮ ਦੀ ਆਜ਼ਾਦੀ ਲਈ ਮਰਿਆ ਕਿਵੇਂ ਜਾਂਦਾ ਹੈ।' ਉਸ ਦਾ ਉਦੇਸ਼ ਦੇਸ਼ ਨੂੰ ਸੁਤੰਤਰ ਕਰਾਉਣਾ ਅਤੇ ਸੁਤੰਤਰਤਾ ਮਗਰੋਂ ਸਮਾਜਵਾਦੀ ਲੀਹਾਂ ਤੇ ਦੇਸ਼ ਦੀ ਨਵ-ਉਸਾਰੀ ਕਰਨੀ ਸੀ। S.R. Bakshi ਆਪਣੀ ਕਿਤਾਬ Bhagat Singh and His Ideology ਦੇ ਪੰਨਾਂ 266 ਤੇ ਲਿਖਦਾ ਹੈ ਕਿ 'Bhagat Singh was not only one of India's greatest freedom fighters and revolutionary socialist, but also one of its early Marxist thinkers ideologues.'

Digitized by Panjab Digital Library | www.panjabdigilib.org

ਉੱਚਾ ਲੰਮਾ, ਸੋਹਣਾ ਤੇਂ ਸੁਨੱਖਾ, ਉਹ ਤੇ ਉਸਦੇ ਸਾਥੀ ਉਸ ਵੇਲੇ ਦੀ ਨੌਜਵਾਨ ਪੀੜ੍ਹੀ ਅਤੇ ਕ੍ਰਾਂਤੀਕਾਰੀ ਅੰਦੋਲਨ ਦੇ ਪ੍ਰਤੀਕ ਬਣ ਗਏ ਸਨ। ਉਨ੍ਹਾਂ ਦੀ ਇੰਡੀਅਨ ਨੈਸ਼ਨਲ ਕਾਂਗਰਸ ਦੀ ਰਾਜਨੀਤੀ ਵਲ ਕੋਈ ਖਿੱਚ ਨਹੀਂ ਸੀ ਜਿਹੜੇ ਅਹਿੰਸਾ ਅਤੇ ਸੰਵਿਧਾਨਕ ਤਰੀਕਿਆਂ ਨਾਲ ਆਜ਼ਾਦੀ ਹਾਸਲ ਕਰਨਾ ਚਾਹੁੰਦੇ ਸਨ। ਭਗਤ ਸਿੰਘ ਕਿਹਾ ਕਰਦਾ ਸੀ 'ਸਾਡਾ ਨੌਜਵਾਨ ਤੇ ਗਰਮ ਖੂਨ ਏਨੀ ਲੰਮੀ ਉਡੀਕ ਨਹੀਂ ਕਰ ਸਕਦਾ ਕਿ ਅਸੀਂ ਆਜ਼ਾਦੀ ਟੁਕੜਿਆਂ ਵਿਚ ਵੰਡ ਵੰਡ ਕੇ ਹਾਸਲ ਕਰੀਏ।' ਸੋਹਣ ਸਿੰਘ ਜੋਸ਼ 'ਭਗਤ ਸਿੰਘ ਨਾਲ ਮੇਰੀਆਂ ਮੁਲਾਕਾਤਾਂ' ਵਿਚ ਲਿਖਦਾ ਹੈ ਕਿ 'ਉਹ ਤੇ ਉਸਦੇ ਸਾਥੀ ਉਡੀਕ ਕਰਨ ਦੀ ਜਾਂ ਸਹਿਜੇ ਚਲਣ ਦੀ ਹਰ ਨੀਤੀ ਨੂੰ ਨਫ਼ਰਤ ਕਰਦੇ ਸਨ। ਉਹ ਬਰਤਾਨੀਆ ਦੀ ਗ਼ੁਲਾਮੀ ਨੂੰ ਖ਼ਤਮ ਕਰਨ ਲਈ ਕਿਸੇ ਤਰ੍ਹਾਂ ਦੇ ਸੰਗਰਾਮ ਤੋਂ ਵੀ ਕੰਨੀਂ ਨਹੀਂ ਸਨ ਕਤਰਾਉਂਦੇ। ਉਨ੍ਹਾਂ ਦੀਆਂ ਨਜ਼ਰਾਂ ਵਿਚ ਆਜ਼ਾਦੀ ਦੇ ਕੰਮ ਨੂੰ ਅੱਗੇ ਤੋਰਨ ਵਾਲਾ ਹਰ ਸਾਧਨ ਜਾਇਜ਼ ਸੀ, ਭਾਵੇਂ ਉਹ ਹਿੰਸਕ ਹੋਵੇ ਜਾਂ ਅਹਿੰਸਕ'। ਪਰ ਉਨ੍ਹਾਂ ਨੇ ਕਦੇ ਵੀ ਕਿਸੇ ਤੇ ਨਿੱਜੀ ਕਾਰਨਾਂ ਕਰਕੇ ਗੋਲੀ ਨਹੀਂ ਸੀ ਚਲਾਈ। ਇਥੋਂ ਤਕ ਕਿ ਅਸੈਂਬਲੀ ਹਾਲ ਵਿਚ ਸੁੱਟਿਆ ਗਿਆ ਬੰਬ ਵੀ ਕੇਵਲ 'ਬੋਲੇ ਕੰਨਾਂ ਨੂੰ ਸੁਣਾਉਣ' ਦੇ ਉਦੇਸ਼ ਨਾਲ ਸੁੱਟਿਆ ਗਿਆ ਸੀ ਨਾ ਕਿ ਅਕਾਰਨ ਕਿਸੇ ਨੂੰ ਮਾਰਨ ਜਾਂ ਜ਼ਖ਼ਮੀ ਕਰਨ ਦੇ ਇਰਾਦੇ ਨਾਲ। ਉਹ ਆਪਣੇ ਸਮੇਂ ਦੇ ਨੌਜਵਾਨ ਕ੍ਰਾਂਤੀਕਾਰੀਆਂ ਵਿਚੋਂ ਸਭ ਤੋਂ ਵੱਧ ਪੜ੍ਹਿਆ ਹੋਇਆ, ਗੰਭੀਰ ਚਿੰਤਕ ਅਤੇ ਸਪਸ਼ਟ ਵਿਚਾਰਧਾਰਾ ਰਖਣ ਵਾਲਾ ਨੌਜਵਾਨ ਸੀ। K.K. Khullar ਸ਼ਹੀਦ ਭਗਤ ਸਿੰਘ ਵਿਚ ਇਕ ਥਾਂ ਤੇ ਲਿਖਦਾ ਹੈ ਕਿ if Bhagat Singh had not taken to revolutionary activities he would have been a great scholar. ਉਸਨੇ ਵਿਸ਼ਵ ਦੀਆਂ ਅਨੇਕ ਇਨਕਲਾਬੀ ਲਹਿਰਾਂ ਅਤੇ ਕ੍ਰਾਂਤੀਕਾਰੀ ਵਿਯਕਤੀਆਂ ਦੀਆਂ ਜੀਵਨੀਆਂ ਦਾ ਅਧਿਐਨ ਕੀਤਾ ਹੋਇਆ ਸੀ ਜਿਨ੍ਹਾਂ ਨੇ ਉਸਨੂੰ ਬੜਾ ਪ੍ਰਭਾਵਿਤ ਕੀਤਾ ਸੀ।

ਸ੍ਰ: ਭਗਤ ਸਿੰਘ ਦਾ ਜਨਮ 27 ਸਤੰਬਰ 1907 ਨੂੰ ਪਿੰਡ ਬੰਗਾ, ਚੱਕ ਨੰ:105, ਜੀ.ਬੀ. ਜ਼ਿਲ੍ਹਾ ਲਾਇਲਪੁਰ (ਅਜੋਕੇ ਪਾਕਿਸਤਨ) ਵਿਖੇ ਸ੍ਰ: ਕਿਸ਼ਨ ਸਿੰਘ ਅਤੇ ਮਾਤਾ ਵਿਦਿਆਵੰਤੀ ਦੇ ਗ੍ਰਹਿ ਵਿਖੇ ਹੋਇਆ। ਉਸ ਦੇ ਵਡੇਰੇ ਪਿੰਡ ਖਟਕੜ ਕਲਾਂ ਜਲੰਧਰ ਦੇ ਰਹਿਣ ਵਾਲੇ ਸਨ ਪਰ 19ਵੀਂ ਸਦੀ ਦੇ ਅੰਤ ਵਿਚ ਜਦੋਂ ਪੱਛਮੀ ਪੰਜਾਬ ਵਿਚ ਨਵੀਆਂ ਨਹਿਰਾਂ ਦਾ ਵਿਕਾਸ ਹੋਇਆ ਤਾਂ ਮੱਧ ਪੰਜਾਬ ਦੀ ਸੰਘਣੀ ਵਸੋਂ ਵਾਲੇ ਕਈ ਜ਼ਿਲ੍ਹਿਆਂ ਦੇ ਲੋਕ ਲਾਇਲਪੁਰ, ਸਰਗੋਧਾ, ਸ਼ੇਖੂਪੁਰਾ, ਮਿੰਟਗੁੰਮਰੀ ਅਤੇ ਮੁਲਤਾਨ ਆਕੇ ਵਸ ਗਏ। ਲਾਇਲਪੁਰ ਵਿਚ ਆਕੇ ਵਸਣ ਵਾਲੇ ਪ੍ਰਵਾਰਾਂ ਵਿਚ ਭਗਤ ਸਿੰਘ ਦਾ ਪ੍ਰਵਾਰ ਵੀ ਸੀ। ਉਹ ਸੰਧੂ ਗੋਤ ਦੇ ਜੱਟ ਸਨ।

ਸ੍ਰ: ਭਗਤ ਸਿੰਘ ਦਾ ਦਾਦਾ ਸ੍ਰ: ਅਰਜਨ ਸਿੰਘ ਵਾਹੀਕਾਰ ਦੇ ਨਾਲ ਨਾਲ ਇਕ ਪ੍ਰਸਿੱਧ ਯੂਨਾਨੀ ਹਕੀਮ ਵੀ ਸੀ। ਉਹ ਗਰੀਬਾਂ ਦਾ ਇਲਾਜ ਬਿਨਾਂ ਪੈਸਾ ਲੈਕੇ ਕਰਿਆ ਕਰਦਾ ਸੀ। ਉਸਨੂੰ ਉਰਦੂ, ਫ਼ਾਰਸੀ ਅਤੇ ਸੰਸਕ੍ਰਿਤ ਆਦਿ ਭਾਸ਼ਾਵਾਂ ਦਾ ਚੰਗਾ ਗਿਆਨ ਸੀ। ਉਸਦੇ ਤਿੰਨ ਪੁੱਤਰਾਂ ਵਿਚੋਂ ਸ੍ਰ: ਕਿਸ਼ਨ ਸਿੰਘ (ਭਗਤ ਸਿੰਘ ਦੇ ਪਿਤਾ) ਸਭ ਤੋਂ ਵਡੇ ਸਨ। ਸ੍ਰ: ਅਰਜਨ ਸਿੰਘ ਦੇ ਹੋਰ ਦੋ ਸਪੁੱਤਰ ਸ੍ਰ: ਅਜੀਤ ਸਿੰਘ ਅਤੇ ਸ੍ਰ: ਸਵਰਨ ਸਿੰਘ ਸਨ। ਵੀਹਵੀਂ ਸਦੀ ਦੇ ਸ਼ੁਰੂ ਤੋਂ ਹੀ ਇਹ ਪ੍ਰਵਾਰ ਕੌਮੀ ਅੰਦੋਲਨ ਨਾਲ ਜੁੜਿਆ ਹੋਇਆ ਸੀ। 1907 ਵਿਚ ਜਦੋਂ 'ਨੌ ਆਬਾਦੀਅਤ ਐਕਟ' ਦੇ ਵਿਰੋਧ ਵਿਚ ਕਿਸਾਨ ਅੰਦੋਲਨ ਸ਼ੁਰੂ ਹੋਇਆ ਤਾਂ ਉਸ ਵਿਚ ਸਰਗਰਮ ਹਿੱਸਾ ਲੈਣ ਕਾਰਨ ਸ੍ਰ: ਅਜੀਤ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਮਾਂਡਲੇ ਦੀ ਜੇਲ੍ਹ ਵਿਚ

Digitized by Panjab Digital Library | www.panjabdigilib.org

ਭੇਜ ਦਿੱਤਾ ਗਿਆ। ਇਸੇ ਅੰਦੋਲਨ ਵਿਚ ਹਿੱਸਾ ਲੈਣ ਕਾਰਨ ਲਾਲਾ ਲਾਜਪਤ ਰਾਏ ਨੂੰ ਵੀ ਮਾਂਡਲੇ ਦੀ ਜੇਲ੍ਹ ਵਿਚ ਨਜ਼ਰਬੰਦ ਕੀਤਾ ਗਿਆ ਸੀ। ਜਦੋਂ ਭਗਤ ਸਿੰਘ ਦਾ ਜਨਮ ਹੋਇਆ ਤਾਂ ਉਸਦੇ ਪਿਤਾ ਸ੍ਰ: ਕਿਸ਼ਨ ਸਿੰਘ ਅਤੇ ਚਾਚਾ ਸ੍ਰ: ਸਵਰਨ ਸਿੰਘ ਵੀ ਪੰਜਾਬ ਦੀਆਂ ਜੇਲ੍ਹਾਂ ਵਿਚ ਬੰਦ ਸਨ। ਜਿਸ ਦਿਨ ਭਗਤ ਸਿੰਘ ਜੰਮਿਆਂ ਉਸੇ ਦਿਨ ਇਹ ਖ਼ਬਰ ਮਿਲੀ ਕਿ ਉਸਦੇ ਪਿਤਾ ਅਤੇ ਚਾਚੇ ਨੂੰ ਲਾਹੌਰ ਸੈਂਟਰਲ ਜੇਲ੍ਹ ਅਤੇ ਉਸਦੇ ਦੂਸਰੇ ਚਾਚੇ ਅਜੀਤ ਸਿੰਘ ਨੂੰ ਮਾਂਡਲੇ ਜੇਲ੍ਹ ਚੋਂ ਰਿਹ ਕਰ ਦਿੱਤਾ ਗਿਆ ਹੈ। ਇਨ੍ਹਾਂ ਰਿਹਾਈਆਂ ਕਾਰਨ ਨਵੇਂ ਜੰਮੇਂ ਬਾਲ ਨੂੰ 'ਭਾਗਾਂ ਵਾਲਾ' ਸਮਝਿਆ ਗਿਆ ਤੇ ਮਗਰੋਂ ਇਹੀ ਨਾਮ ਬਦਲ ਕੇ ਭਗਤ ਸਿੰਘ ਕਰ ਦਿੱਤਾ ਗਿਆ। ਭਗਤ ਸਿੰਘ ਦਾ ਸਾਰਾ ਪ੍ਰਵਾਰ ਸੱਚੇ ਅਰਥਾਂ ਵਿਚ ਇਕ ਦੇਸ਼ ਭਗਤ ਪ੍ਰਵਾਰ ਸੀ। ਉਸਦੇ ਵਡੇਰਿਆਂ ਨੇ ਆਜ਼ਾਦੀ ਦੀ ਲੜਾਈ ਵਿਚ ਬੜੀਆਂ ਮੁਸੀਬਤਾਂ ਝਲੀਆਂ ਸਨ ਅਤੇ ਉਹ ਕਈ ਜੇਲ੍ਹਾਂ ਵਿਚ ਵੱਖ ਵੱਖ ਮਿਆਦ ਦੀਆਂ ਕੈਦਾਂ ਕੱਟ ਚੁਕੇ ਸਨ। ਸੋਹਨ ਸਿੰਘ ਜੋਸ਼ ਲਿਖਦਾ ਹੈ ਕਿ ਸ੍ਰ: ਅਜੀਤ ਸਿੰਘ ਦੀਆਂ ਅੰਗਰੇਜ਼-ਵਿਰੋਧੀ ਸਰਗਰਮੀਆਂ ਅਤੇ ਕੁਰਬਾਨੀਆਂ ਨੇ ਭਗਤ ਸਿੰਘ ਉਤੇ ਬਹੁਤ ਡੂੰਘਾ ਪ੍ਰਭਾਵ ਪਾਇਆ ਅਤੇ ਉਸਨੂੰ ਦੇਸ਼ ਪ੍ਰੇਮ ਵਲ ਪ੍ਰੇਰਿਆ। ਭਗਤ ਸਿੰਘ ਦੀਆਂ ਨਜ਼ਰਾਂ ਵਿਚ ਉਹਦ ਚਾਚਾ ਇਕ ਮਹਾਨ ਵਿਦਰੋਹੀ ਸੀ ਜੀਹਨੇ ਆਪਣਾ ਦੇਸ਼ ਕੇਵਲ ਇਸ ਲਈ ਛਡਿਆ ਸੀ ਕਿ ਉਹ ਬਾਹਰੋਂ ਇਹਦੀ ਆਜ਼ਾਦੀ ਲਈ ਲੜ ਸਕੇ। ਭਗਤ ਸਿੰਘ ਉਹਦੇ ਹੌਸਲੇ, ਆਪਾ ਵਾਰਨ ਦੀ ਰੁਚੀ ਅਤੇ ਆਜ਼ਾਦੀ ਲਈ ਲਗਨ ਦੀ ਬੜੀ ਸ਼ਲਾਘਾ ਕਰਿਆ ਕਰਦਾ ਸੀ ਅਤੇ ਉਸਦੇ ਮਨ ਵਿਚ ਸ੍ਰ: ਅਜੀਤ ਸਿੰਘ ਲਈ ਬੜਾ ਸਤਿਕਾਰ ਸੀ।

ਭਗਤ ਸਿੰਘ ਆਪਣੇ ਚਾਰ ਭਰਾਵਾਂ ਅਤੇ ਤਿੰਨ ਭੈਣਾਂ ਵਿਚੋਂ ਸਭ ਤੋਂ ਵਡਾ ਸੀ। ਉਸਦਾ ਇਕ ਭਰਾ ਜਗਤ ਸਿੰਘ ਕੇਵਲ 11 ਸਾਲ ਦੀ ਆਯੂ ਵਿਚ ਹੀ ਕਾਲ ਵਸ ਹੋ ਗਿਆ ਸੀ।

ਦੇਸ਼ ਭਗਤੀ ਅਤੇ ਕ੍ਰਾਂਤੀਕਾਰੀ ਵਿਚਾਰਧਾਰਾ ਨਾਲ ਜੁੜੇ ਪ੍ਰਵਾਰ ਵਿਚ ਜਨਮ ਲੈਣ ਕਾਰਨ ਭਗਤ ਸਿੰਘ ਦੇ ਮਨ ਵਿਚ ਸ਼ੁਰੂ ਤੋਂ ਹੀ ਦੇਸ਼ ਪਿਆਰ ਅਤੇ ਦੇਸ਼ ਦੀ ਆਜ਼ਾਦੀ ਦੀ ਭਾਵਨਾ ਪਨਪਣੀ ਸ਼ੁਰੂ ਹੋ ਗਈ ਸੀ। ਉਹ ਬਚਪਨ ਤੋਂ ਹੀ ਬੜਾ ਨਿਡਰ ਅਤੇ ਛੋਹਲਾ ਸੀ। ਅਜੇ ਉਹ ਕੇਵਲ ਤਿੰਨ ਸਾਲ ਦਾ ਹੀ ਸੀ ਕਿ ਉਸਦੇ ਪਿਤਾ ਉਸਨੂੰ ਇਕ ਰਾਸ਼ਟਰਵਾਦੀ ਨੇਤਾ ਅਨੰਦ-ਕਿਸ਼ੋਰ ਮਹਿਤਾ ਨੂੰ ਮਿਲਾਣ ਲੈ ਗਏ। ਸ੍ਰੀ ਅਨੰਦ ਕਿਸ਼ੋਰ ਸ੍ਰ: ਕਿਸ਼ਨ ਦੇ ਚੰਗੇ ਮਿੱਤਰ ਸਨ। ਉਹ ਇਕ ਨਿਡਰ ਅਤੇ ਪ੍ਰਭਾਵਸ਼ਾਲੀ ਛਵੀ ਵਾਲੇ ਬਾਲਕ ਨੂੰ ਨਾਲ ਆਇਆ ਵੇਖ ਕੇ ਪੁਛਣ ਲਗੇ, 'ਪੁੱਤਰ ਤੇਰਾ ਨਾਮ ਕੀ ਹੈ'?

'ਭਗਤ ਸਿੰਘ', ਬਾਲਕ ਨੇ ਉੱਤਰ ਦਿੱਤਾ।

ਤੂੰ ਕੀ ਕਰਦਾ ਹੈਂ? ਆਨੰਦ ਕਿਸ਼ੋਰ ਨੇ ਬੜੇ ਲਾਡ ਨਾਲ ਪੁਛਿਆ।

'ਮੈਂ ਦੰਬੂਕਾਂ (ਬੰਦੂਕਾਂ) ਬੀਜਦਾ ਹਾਂ', ਬਾਲਕ ਨੇ ਕਿਹਾ।

'ਬੰਦੂਕਾਂ ਦਾ ਤੂੰ ਕੀ ਕਰੇਂਗਾ'? ਅਨੰਦ ਕਿਸ਼ੋਰ ਦਾ ਸੁਆਲ ਸੀ।

'ਇਨ੍ਹਾਂ, ਨਾਲ ਮੈਂ ਦੇਸ਼ ਨੂੰ ਆਜ਼ਾਦ ਕਰਾਵਾਂਗਾ'। ਬਾਲਕ ਦੇ ਕਹਿਣ ਵਿਚ ਦ੍ਰਿੜ੍ਹਤਾ ਸੀ।

ਅਨੰਦ ਕਿਸ਼ੋਰ ਨੇ ਬੱਚੇ ਨੂੰ ਅਸ਼ੀਰਵਾਦ ਦਿੱਤੀ ਤੇ ਸ੍ਰ: ਕਿਸ਼ਨ ਸਿੰਘ ਨੂੰ ਕਿਹਾ, 'ਇਹ ਬਾਲਕ ਦੇਸ਼ ਦੇ ਇਤਿਹਸ ਵਿਚ ਬੜੀ ਪ੍ਰਸਿੱਧੀ ਪਾਵੇਗਾ'। ਆਉਣ ਵਾਲੀਆਂ ਘਟਨਾਵਾਂ

Digitized by Panjab Digital Library | www.panjabdigilib.org

ਨੇ ਇਨ੍ਹਾਂ ਬੋਲਾਂ ਤੇ ਆਪਣੀ ਅਮਿੱਟ ਛਾਪ ਲਗਾ ਦਿੱਤੀ। ਇਹ ਗੱਲ ਬਾਤ ਡਾ: ਦਿਉਲ ਨੇ ਭਗਤ ਸਿੰਘ ਦੀ ਮਾਤਾ ਨਾਲ ਕੀਤੀ ਮੁਲਾਕਾਤ ਸਮੇਂ ਰਿਕਾਰਡ ਕੀਤੀ ਸੀ।

ਭਗਤ ਸਿੰਘ ਨੇ ਮੁੱਢਲੀ ਵਿੱਦਿਆ ਪਿੰਡ ਬੰਗਾ ਦੇ ਡੀ.ਬੀ. ਪ੍ਰਾਇਮਰੀ ਸਕੂਲ ਤੋਂ ਪ੍ਰਾਪਤ ਕੀਤੀ। ਉਨ੍ਹਾਂ ਦੇ ਘਰ ਕ੍ਰਾਂਤੀਕਾਰੀ ਨੌਜਵਾਨਾਂ ਦਾ ਆਉਣ ਜਾਣ ਲਗਾ ਰਹਿੰਦਾ ਸੀ। ਪਹਿਲੇ ਲਾਹੌਰ ਸਾਜ਼ਸ਼ ਕੇਸ (1915) ਦੀ ਤਹਿਕੀਕਾਤ ਸਮੇਂ ਇਹ ਗੱਲ ਸਾਮ੍ਹਣੇ ਆਈ ਸੀ ਕਿ ਸ੍ਰ: ਭਗਤ ਸਿੰਘ ਦੇ ਪਿਤਾ ਸ੍ਰ: ਕਿਸ਼ਨ ਸਿੰਘ ਨੇ ਗ਼ਦਰੀ ਨੌਜਵਾਨ ਸ੍ਰ: ਕਰਤਾਰ ਸਿੰਘ ਸਰਾਭਾ ਨੂੰ ਉਸਦੀਆਂ ਗਤੀਵਿਧੀਆਂ ਅਤੇ ਪ੍ਰੋਗਰਾਮਾਂ ਲਈ 1000 ਰੁਪੈ ਦੀ ਸਹਾਇਤਾ ਦਿੱਤੀ ਸੀ। ਫ਼ਾਂਸੀ ਲਗਣ ਵਾਲੇ ਨੌਜਵਾਨਾਂ ਵਿਚੋਂ ਸ੍ਰ: ਕਰਤਾਰ ਸਿੰਘ ਸਭ ਤੋਂ ਛੋਟੀ ਉਮਰ ਦਾ ਕ੍ਰਾਂਤੀਕਾਰੀ ਸੀ। ਭਗਤ ਸਿੰਘ ਨੇ ਬਚਪਨ ਵਿਚ ਉਸਨੂੰ ਵੇਖਿਆ ਵੀ ਸੀ ਤੇ ਉਸਦੀ ਦਲੇਰੀ ਤੇ ਨਿਡਰਤਾ ਦੀਆਂ ਗੱਲਾਂ ਵੀ ਸੁਣੀਆਂ ਸਨ। ਉਸਦੀ ਸ਼ਹੀਦੀ ਨੇ ਭਗਤ ਸਿੰਘ ਦੇ ਮਨ ਤੇ ਅਜੇਹਾ ਪ੍ਰਭਾਵ ਪਾਇਆ ਕਿ ਉਹ ਉਸ ਲਈ ਉਸਦਾ ਅਮਰ ਨਾਇਕ ਅਤੇ ਆਰਦਸ਼ ਬਣ ਗਿਆ। ਉਸਦੀ ਬੇਮਿਸਾਲ ਕੁਰਬਾਨੀ ਉਸਦੇ ਮਨ ਤੇ ਡੂੰਘੀਆਂ ਤੇ ਅਮਿੱਟ ਪੈੜਾਂ ਛੱਡ ਗਈ। ਉਹ ਅਕਸਰ ਸਰਾਭਾ ਦੀਆਂ ਇਹ ਮਨ ਪਸੰਦ ਲਾਈਨਾਂ ਗੁਣ ਗੁਣਾਉਂਦਾ ਰਹਿੰਦਾ ਸੀ :

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ
ਗੱਲਾਂ ਕਰਨੀਆਂ ਢੇਰ ਸੁਖਲੀਆਂ ਨੇ
ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਪਾਇਆ,
ਉਨ੍ਹਾਂ ਲੱਖ ਮੁਸੀਬਤਾਂ ਝਲੀਆਂ ਨੇ...

ਸੋਹਨ ਸਿੰਘ ਜੋਸ਼ ਲਿਖਦਾ ਹੈ ਕਿ ਨੌਜਵਾਨਾਂ ਨਾਲ ਗੱਲਬਾਤ ਕਰਦਿਆਂ ਉਹ ਅਕਸਰ ਸਰਾਭੇ ਦਾ ਜ਼ਿਕਰ ਕਰਿਆ ਕਰਦਾ ਸੀ।

ਬੰਗਾ ਵਿਖੇ ਆਪਣੀ ਮੁਢੱਲੀ ਵਿੱਦਿਆ ਪ੍ਰਾਪਤ ਕਰਨ ਮਗਰੋਂ ਉਹ ਲਾਹੌਰ ਆ ਗਿਆ। ਅਜੇ ਉਹ 12 ਸਾਲ ਦਾ ਸੀ ਕਿ ਜਲ੍ਹਿਆਂ ਵਾਲਾ ਬਾਗ਼ ਦੀ ਘਟਨਾ ਵਾਪਰ ਗਈ। ਇਸ ਸਾਕੇ ਨੇ ਉਸਦੇ ਮਨ ਵਿਚ ਪਨਪ ਰਹੀ ਅੰਗਰੇਜ਼ ਵਿਰੋਧੀ ਭਾਵਨਾ ਨੂੰ ਹੋਰ ਮਜ਼ਬੂਤ ਕਰ ਦਿੱਤਾ। ਜਦੋਂ ਉਹ ਆਪਣੇ ਕੁਝ ਸਾਥੀਆਂ ਨਾਲ ਅੰਮ੍ਰਿਤਸਰ ਗਿਆ ਤਾਂ ਵਾਪਸ ਪਰਤਦਾ ਹੋਇਆ ਜਲ੍ਹਿਆਂ ਵਾਲਾ ਬਾਗ਼ ਦੀ ਮਿੱਟੀ ਨੂੰ ਇਕ ਪੋਟਲੀ ਵਿਚ ਬੰਨ੍ਹ ਕੇ ਆਪਣੇ ਨਾਲ ਲੈ ਆਇਆ। ਉਸਨੇ ਇਹ ਮਿੱਟੀ ਇਕ ਬੋਤਲ ਵਿਚ ਪਾਕੇ ਆਪਣੇ ਕਮਰੇ ਵਿਚ ਰੱਖ ਲਈ। ਉਹ ਲਹੂ ਰੰਗੀ ਮਿੱਟੀ ਉਸਨੂੰ ਹਮੇਸ਼ਾਂ ਇਸ ਗੱਲ ਦੀ ਯਾਦ ਦੁਆਉਂਦੀ ਰਹਿੰਦੀ ਸੀ ਕਿ ਉਸਨੇ ਅੰਗਰੇਜ਼ਾਂ ਵਲੋਂ ਕੀਤੀਆਂ ਜਾ ਰਹੀਆਂ ਵਧੀਕੀਆਂ ਦਾ ਬਦਲਾ ਲੈਣਾ ਹੈ ਚਾਹੇ ਇਸ ਲਈ ਉਸਨੂੰ ਆਪਣੀ ਜਾਨ ਤਕ ਵੀ ਕੁਰਬਾਨ ਕਿਉਂ ਨਾ ਕਰਨੀ ਪਵੇ।

1921 ਵਿਚ ਜਦੋਂ ਮਹਾਤਮਾਂ ਗਾਂਧੀ ਨੇ ਨਾ ਮਿਲਵਰਤਨ ਲਹਿਰ ਸ਼ੁਰੂ ਕੀਤੀ ਤਾਂ ਭਗਤ ਸਿੰਘ ਵੀ ਡੀ.ਏ.ਵੀ. ਸਕੂਲ ਛੱਡ ਕੇ ਲਾਲਾ ਲਾਜਪਤ ਰਾਏ ਦੁਆਰਾ ਸਥਾਪਿਤ ਨੈਸ਼ਨਲ ਕਾਲਜ, ਲਾਹੌਰ ਵਿਚ ਦਾਖ਼ਲ ਹੋ ਗਿਆ। ਇੱਥੇ ਉਸਦੀ ਦੋਸਤੀ ਕਈ ਅਜੇਹੇ ਨੌਜਵਾਨਾਂ ਨਾਲ ਹੋਈ ਜਿਨ੍ਹਾਂ ਨੇ ਅਗੇ ਚਲ ਕੇ ਕੌਮੀ ਜੱਦੋ ਜਹਿਦ ਵਿਚ ਬੜਾ ਅਹਿਮ ਰੋਲ ਅਦਾ ਕੀਤਾ। ਇਨ੍ਹਾਂ ਨੌਜਵਾਨਾਂ ਵਿਚ ਭਗਵਤੀ ਚਰਨ, ਸੁਖਦੇਵ, ਯਸ਼ਪਾਲ, ਰਾਮ ਕਿਸ਼ਨ ਅਤੇ ਤੀਰਥ ਰਾਮ ਆਦਿ

Digitized by Panjab Digital Library | www.panjabdigilib.org

ਸ਼ਾਮਲ ਸਨ। ਭਗਤ ਸਿੰਘ ਨੇ ਬੀ.ਏ. ਦਾ ਇਮਤਿਹਾਨ ਇਸੇ ਕਾਲਜ ਤੋਂ ਪਾਸ ਕੀਤਾ ਸੀ। ਕਾਲਜ ਦੀ ਪੜ੍ਹਾਈ ਦੌਰਾਨ ਭਗਤ ਸਿੰਘ ਨੇ ਭਾਰਤੀ ਇਤਿਹਾਸ ਅਤੇ ਵਿਸ਼ਵ ਦੀਆਂ ਪ੍ਰਸਿੱਧ ਇਨਕਲਾਬੀ ਲਹਿਰਾਂ (Revolutionary movements) ਦਾ ਡੂੰਘਾ ਅਧਿਐਨ ਕੀਤਾ ਸੀ।

ਉਹ ਬੜਾ ਗੰਭੀਰ ਅਤੇ ਮਿਹਨਤੀ ਵਿਦਿਆਰਥੀ ਸੀ। ਹੋਰ ਵਿਸ਼ਿਆਂ ਦੇ ਨਾਲ ਨਾਲ ਉਸਨੇ ਉਰਦੂ, ਫ਼ਾਰਸੀ, ਸੰਸਕ੍ਰਿਤ, ਪੰਜਾਬੀ ਅਤੇ ਅੰਗਰੇਜ਼ੀ ਸਾਹਿਤ ਦਾ ਵੀ ਚੰਗਾ ਮੁਤਾਲਿਆ ਕੀਤਾ ਸੀ। ਉਸਦੀ ਰਾਜਸੀ ਵਿਚਾਰਧਾਰਾ ਉਪਰ ਪ੍ਰੋ: ਜੈ ਚੰਦਰ ਵਿਦਿਆਲੰਕਾਰ ਦਾ ਗਹਿਰਾ ਪ੍ਰਭਾਵ ਸੀ ਜਿਸਨੂੰ ਉਹ ਆਪਣਾ ਰਾਜਸੀ ਗੁਰੂ ਕਿਹਾ ਕਰਦਾ ਸੀ। ਕਾਲਜ ਜੀਵਨ ਦੇ ਸਮੇਂ ਰਾਜਨੀਤੀ ਅਤੇ ਪੜ੍ਹਾਈ ਵਿਚ ਦਿਲਚਸਪੀ ਦੇ ਨਾਲ ਨਾਲ ਉਸਨੂੰ ਦੇਸ਼ ਭਗਤੀ ਦੇ ਗੀਤ ਗਾਉਣ, ਜੋਸ਼ੀਲੇ ਨਾਟਕ ਖੇਡਣ ਅਤੇ ਹੋਰ ਅਜੇਹੀਆਂ ਸਰਗਰਮੀਆਂ ਵਿਚ ਬੜੀ ਦਿਲਚਸਪੀ ਸੀ। ਉਨ੍ਹਾਂ ਦਿਨਾਂ ਵਿਚ ਕਾਲਜ ਦੇ ਨੈਸ਼ਨਲ ਨਾਟਕ ਕਲਬ ਵਲੋਂ ਭਾਰਤੀ ਇਤਿਹਾਸ ਦੇ ਕਈ ਵੀਰ ਨਾਇਕਾਂ ਦੇ ਜੀਵਨ ਤੇ ਆਧਾਰਿਤ ਨਾਟਕ ਖੇਡੇ ਗਏ ਜਿਨ੍ਹਾਂ ਵਿਚ ਭਗਤ ਸਿੰਘ ਨੇ ਹਮੇਸ਼ਾਂ ਮੁੱਖ ਨਾਇਕ ਦੀ ਭੂਮਿਕਾ ਅਦਾ ਕੀਤੀ। ਇਨ੍ਹਾਂ ਨਾਟਕਾਂ ਦੇ ਖੇਡਣ ਦਾ ਉਦੇਸ਼ ਲੋਕਾਂ ਵਿਚ ਕੌਮੀ ਭਾਵਨਾ ਨੂੰ ਜਾਗ੍ਰਿਤ ਕਰਨਾ ਅਤੇ ਉਨ੍ਹਾਂ ਨੂੰ ਵਿਦੇਸ਼ੀ ਸਰਕਾਰ ਵਿਰੁੱਧ ਉਠਣ ਲਈ ਪ੍ਰੇਰਿਤ ਕਰਨਾ ਸੀ। ਇਸੇ ਕਰਕੇ ਸਰਕਾਰ ਨੇ ਕਾਲਜ ਦੇ ਇਸ ਕਲਬ ਅਤੇ ਕਲਬ ਵਲੋਂ ਖੇਡੇ ਜਾਂਦੇ ਨਾਟਕਾਂ ਤੇ ਪਾਬੰਦੀ ਲਗਾ ਦਿੱਤੀ ਸੀ।

1924 ਵਿਚ ਜਦੋਂ ਭਗਤ ਸਿੰਘ ਦੇ ਵਿਆਹ ਦੀ ਗੱਲ ਚਲੀ ਤਾਂ ਭਗਤ ਸਿੰਘ ਦਾ ਮਨ ਬੜਾ ਦੁਖੀ ਹੋਇਆ। ਉਹ ਆਪਣੇ ਤਨ, ਮਨ ਅਤੇ ਧੰਨ ਨਾਲ ਆਪਣੇ ਵਤਨ ਦੀ ਸੇਵਾ ਕਰਨਾ ਚਾਹੁੰਦਾ ਸੀ। ਵਿਆਹ ਦਾ ਬੰਧਨੰ ਉਸਦੇ ਰਾਹ ਵਿਚ ਰੁਕਾਵਟ ਬਣ ਸਕਦਾ ਸੀ। ਉਸਨੇ ਆਪਣੇ ਪਿਤਾ ਸ੍ਰ: ਕਿਸ਼ਨ ਸਿੰਘ ਨੂੰ ਇਕ ਚਿੱਠੀ ਲਿੱਖੀ ਜਿਸ ਵਿਚ ਉਸਨੇ ਆਪਣੇ ਮਨ ਦੀ ਸਥਿਤੀ ਨੂੰ ਬਿਆਨ ਕਰਦਿਆਂ ਲਿਖਿਆ ਕਿ 'ਇਹ ਸਮਾਂ ਵਿਆਹ ਦਾ ਨਹੀਂ। ਮੈਨੂੰ ਮੇਰਾ ਦੇਸ਼ ਬੁਲਾ ਰਿਹਾ ਹੈ। ਮੈਂ ਤਨ, ਮਨ ਅਤੇ ਧਨ ਨਾਲ ਇਸਦੀ ਸੇਵਾ ਕਰਨ ਦੀ ਸਹੁੰ ਖਾਧੀ ਹੈ। ...ਕਿਰਪਾ ਕਰਕੇ ਮੈਨੂੰ ਇਸ ਬੰਧਨ ਵਿਚ ਨਾ ਬਨ੍ਹੋ। ਸਗੋਂ ਆਪਣੀਆਂ ਅਸੀਸਾਂ ਦਿਉ ਕਿ ਮੈਂ ਆਪਣੇ ਆਦਰਸ਼ ਵਿਚ ਸਫ਼ਲ ਹੋ ਸਕਾਂ'। ਆਪਣੇ ਪਿਤਾ ਅਤੇ ਦਾਦੀ ਵਲੋਂ ਦਿੱਤੇ ਜਾਂਦੇ ਜ਼ੋਰ ਨੂੰ ਵੇਖ ਕੇ ਉਹ 1924 ਦੇ ਸ਼ੁਰੂ ਵਿਚ ਕਾਲਜ ਛੱਡ ਕੇ ਪਹਿਲਾਂ ਦਿੱਲੀ ਅਤੇ ਫ਼ਿਰ ਕਾਨਪੁਰ ਚਲਾ ਗਿਆ। ਉਸਨੇ ਆਪਣੇ ਮਿੱਤਰਾਂ ਨੂੰ ਦੱਸਿਆ ਕਿ ਜੇ ਮੇਰੀ ਸ਼ਾਦੀ ਗੁਲਾਮ ਭਾਰਤ ਵਿਚ ਹੀ ਹੋਣੀ ਹੈ ਤਾਂ ਮੇਰੀ ਦੁਲ੍ਹਣ ਮੌਤ ਹੋਵੇਗੀ ਤੇ ਮੇਰੇ ਬਰਾਤੀ ਦੇਸ਼ ਤੋਂ ਮਰ ਮਿਟਣ ਵਾਲੇ ਕੌਮੀ ਪ੍ਰਵਾਨੇ ਹੋਣਗੇ।

ਕਾਨਪੁਰ ਆਕੇ ਉਹ ਗਨੇਸ਼ ਸ਼ੰਕਰ ਵਿਦਿਆਰਥੀ ਨੂੰ ਮਿਲਿਆ। ਭਗਤ ਸਿੰਘ ਆਪਣੇ ਪ੍ਰੋਫ਼ੈਸਰ ਜੈ ਚੰਦਰ ਵਿਦਿਆਲੰਕਾਰ ਕੋਲੋਂ ਉਸਦੇ ਨਾਮ ਦਾ ਇਕ ਪਰਿਚਯ ਪੱਤਰ ਲੈਕੇ ਆਇਆ ਸੀ। ਇੱਥੇ ਉਸਨੇ 'ਪ੍ਰਤਾਪ' ਅਖ਼ਬਾਰ ਵਿਚ ਬਲਵੰਤ ਸਿੰਘ ਦੇ ਨਾਮ ਥਲੇ ਨੌਕਰੀ ਕਰ ਲਈ। ਉਹ ਨਹੀਂ ਸੀ ਚਾਹੁੰਦਾ ਕਿ ਵਿਆਹ ਦੇ ਮਾਮਲੇ ਵਿਚ ਉਸਦੇ ਘਰ ਵਾਲੇ ਉਸਨੂੰ ਢੂੰਡਦੇ ਢੂੰਡਦੇ ਇੱਥੇ ਆਕੇ ਉਸਨੂੰ ਨਾਲ ਲੈ ਜਾਣ। ਦੋ ਕੁ ਮਹੀਨੇ ਮਗਰੋਂ ਗਣੇਸ਼ ਸ਼ੰਕਰ ਵਿਦਿਆਰਥੀ ਦੇ ਯਤਨ ਨਾਲ ਉਸਨੂੰ ਕਾਨਪੁਰ ਦੇ ਨੇੜੇ ਇਕ ਕੌਮੀ ਸਕੂਲ ਵਿਚ ਮੁੱਖ ਅਧਿਆਪਕ ਦੀ ਨੌਕਰੀ ਮਿਲ ਗਈ। ਉਹ ਪ੍ਰਤਾਪ ਲਈ ਲੇਖ ਵੀ ਲਿਖਦਾ ਅਤੇ ਆਪਣੇ ਸਾਥੀਆਂ ਨਾਲ ਮਿਲ ਕੇ ਸਮਾਜ

Digitized by Panjab Digital Library | www.panjabdigilib.org

ਸੇਵਾ ਦੇ ਕੰਮਾਂ ਵਿਚ ਵੀ ਹੱਥ ਵਟਾਂਦਾ। ਜਦੋਂ 1924 ਦੇ ਅਖ਼ੀਰ ਵਿਚ ਗੰਗਾ ਜਮਨਾ ਦਰਿਆਵਾਂ ਵਿਚ ਵਡੇ ਪੱਧਰ ਤੇ ਹੜ੍ਹ ਆਏ ਤਾਂ ਉਹ ਹੜ੍ਹ ਪੀੜਤਾਂ ਦੀ ਸਹਾਇਤਾ ਵਿਚ ਜੁੱਟ ਗਿਆ। ਕਾਨਪੁਰ ਰਹਿੰਦਿਆਂ ਉਸਦੀ ਮੁਲਾਕਾਤ ਬੀ.ਕੇ.ਦੱਤ, ਚੰਦਰ ਸ਼ੇਖ਼ਰ ਆਜ਼ਾਦ, ਜੁਗੇਸ਼ ਚੰਦਰ ਚੈਟਰਜੀ ਅਤੇ ਵਿਜੈ ਕੁਮਾਰ ਸਿਨਾਹ ਵਰਗੇ ਕ੍ਰਾਂਤੀਕਾਰੀਆਂ ਨਾਲ ਹੋਈ ਤੇ ਉਹ ਉੱਤਰ ਪ੍ਰਦੇਸ਼ ਦੇ ਕ੍ਰਾਂਤੀਕਾਰੀਆਂ ਦੁਆਰਾ ਸਥਾਪਿਤ 'ਹਿੰਦੁਸਤਾਨ ਰਿਪਬਲਿਕਨ ਐਸੋਸੀਏਸ਼ਨ' ਵਿਚ ਸ਼ਾਮਲ ਹੋ ਗਿਆ। ਇਸ ਐਸੋਸੀਏਸ਼ਨ ਦਾ ਮੁੱਖ ਮੰਤਵ ਲੋਕਾਂ ਨੂੰ ਵਿਦੇਸ਼ੀ ਸਾਮਰਾਜ ਵਿਰੁੱਧ ਜਾਗ੍ਰਿਤ ਕਰਨਾ ਅਤੇ ਦੇਸ਼ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਆਜ਼ਾਦ ਕਰਵਾਉਣਾ ਸੀ।

ਇਸੇ ਸਾਲ ਭਗਤ ਸਿੰਘ ਦੀ ਦਾਦੀ ਸਖ਼ਤ ਬੀਮਾਰ ਹੋ ਗਈ। ਉਸਦੇ ਮਨ ਵਿਚ ਪੋਤਰੇ ਨੂੰ ਮਿਲਣ ਦੀ ਬੜੀ ਲਾਲਸਾ ਸੀ। ਕਿਸੇ ਤਰਾਂ ਘਰ ਵਾਲੇ ਭਗਤ ਸਿੰਘ ਦਾ ਥਹੁ ਪਤਾ ਪੁਛਦੇ ਕਾਨਪੁਰ ਪਹੁੰਚ ਗਏ ਤੇ ਉਸਨੂੰ ਇਹ ਵਿਸ਼ਵਾਸ ਦੁਆਕੇ ਵਾਪਸ ਲਾਇਲਪੁਰ ਲੈ ਆਏ ਕਿ ਘਰ ਪਰਤਣ ਤੇ ਉਸਨੂੰ ਵਿਆਹ ਲਈ ਮਜਬੂਰ ਨਹੀਂ ਕੀਤਾ ਜਾਵੇਗਾ।

1920 ਤੋਂ ਸ਼ੁਰੂ ਹੋਈ ਅਕਾਲੀ ਲਹਿਰ ਜ਼ੋਰਾਂ ਤੇ ਸੀ। ਨਨਕਾਣਾ ਸਾਹਿਬ, ਗੁਰੂ ਕੇ ਬਾਗ਼ ਅਤੇ ਹੋਰ ਮੋਰਚਿਆਂ ਨੇ ਦੇਸ਼ ਵਿਚ ਇਕ ਨਵੀਂ ਚੇਤਨਾ ਪੈਦਾ ਕਰ ਦਿੱਤੀ ਸੀ। ਗੁਰਦੁਆਰਾ ਸੁਧਾਰ ਲਈ ਸ਼ੁਰੂ ਹੋਈ ਇਹ ਲਹਿਰ ਹੌਲੀ ਹੌਲੀ ਸੁਤੰਤਰਤਾ ਅੰਦੋਲਨ ਦਾ ਰੂਪ ਧਾਰ ਗਈ ਸੀ। 1925 ਵਿਚ ਨਾਭੇ ਦੇ ਮਹਾਰਾਜਾ ਰਿਪੁਦਮਨ ਸਿੰਘ ਨੂੰ ਅਕਾਲੀ ਲਹਿਰ ਨਾਲ ਹਮਦਰਦੀ ਕਰਨ ਅਤੇ ਉਨ੍ਹਾਂ ਦੀ ਸਹਾਇਤਾ ਕਰਨ ਦੇ ਦੋਸ਼ ਵਿਚ ਗਦੀਉਂ ਲਾਹੇ ਜਾਣ ਦੇ ਵਿਰੋਧ ਵਿਚ ਜੈਤੋ ਦਾ ਮੋਰਚਾ ਜ਼ੋਰਾਂ ਤੇ ਸੀ। ਪੰਜਾਬ ਦੇ ਵਖੋ ਵਖਰੇ ਨਗਰਾਂ, ਕਸਬਿਆਂ ਅਤੇ ਪਿੰਡਾਂ ਵਿਚੋਂ ਅਕਾਲੀ ਜਥੇ ਜੈਤੋ ਪਹੁੰਚ ਰਹੇ ਸਨ। ਜਦੋਂ ਭਗਤ ਸਿੰਘ ਨੂੰ ਪਤਾ ਚਲਿਆ ਕਿ ਇਕ ਜਥਾ ਉਨ੍ਹਾਂ ਦੇ ਪਿੰਡ ਬੰਗਾ ਚੋਂ ਵੀ ਹੋਕੇ ਜੈਤੋ ਜਾਣ ਵਾਲਾ ਹੈ ਤਾਂ ਉਹ ਇਸ ਜਥੇ ਦੇ ਸੁਆਗਤ ਅਤੇ ਸ਼ਾਨਦਾਰ ਵਿਦਾਇਗੀ ਦੇ ਪ੍ਰਬੰਧ ਵਿਚ ਜੁੱਟ ਗਿਆ। ਹਾਲਾਂਕਿ ਭਗਤ ਸਿੰਘ ਦਾ ਇਕ ਦੂਰ ਦਾ ਰਿਸ਼ਤੇਦਾਰ ਸ੍ਰ: ਬਹਾਦਰ ਦਿਲਬਾਗ ਸਿੰਘ (ਜੋਕੇ ਅੰਗਰੇਜ਼ੀ ਸਰਕਾਰ ਦਾ ਪਿੱਠੂ ਸੀ) ਅਜੇਹੇ ਕਿਸੇ ਵੀ ਸੁਆਗਤ ਦੇ ਸਖ਼ਤ ਖ਼ਿਲਾਫ਼ ਸੀ। ਪਰ ਦ੍ਰਿੜ ਵਿਸ਼ਵਾਸੀ ਸ੍ਰ: ਭਗਤ ਸਿੰਘ ਨੇ ਉਸਦੀ ਵਿਰੋਧਤਾ ਦੀ ਪ੍ਰਵਾਹ ਨਾ ਕਰਦੇ ਹੋਏ ਅਕਾਲੀ ਜਥੇ ਦਾ ਆਪਣੇ ਪਿੰਡ ਬੰਗਾ ਵਿਖੇ ਨਿੱਘਾ ਸੁਆਗਤ ਕੀਤਾ ਅਤੇ ਆਪਣੇ ਸਾਥੀਆਂ ਨਾਲ ਜਥੇ ਨੂੰ ਪਿੰਡ ਦੀਆਂ ਸੀਮਾਵਾਂ ਤਕ ਵਿਦਾ ਕਰਨ ਗਿਆ। ਜਦੋਂ ਇਸ ਗੱਲ ਦੀ ਖ਼ਬਰ ਸਰਕਾਰੀ ਹਲਕਿਆਂ ਵਿਚ ਪਹੁੰਚੀ ਤਾਂ ਪੰਜਾਬ ਸਰਕਾਰ ਨੇ ਭਗਤ ਸਿੰਘ ਦੀ ਗ੍ਰਿਫ਼ਤਾਰੀ ਦੇ ਵਾਰੰਟ ਜਾਰੀ ਕਰ ਦਿੱਤੇ। ਭਗਤ ਸਿੰਘ ਪਿੰਡ ਬੰਗਾ ਤੋਂ ਲਾਹੌਰ ਆ ਗਿਆ ਤੇ ਉੱਥੋਂ ਉਹ ਦਿੱਲੀ ਚਲਾ ਗਿਆ ਜਿੱਥੇ ਉਸਨੇ ਬਲਵੰਤ ਸਿੰਘ ਦੇ ਫ਼ਰਜ਼ੀ ਨਾਮ ਥਲੇ 'ਵੀਰ ਅਰਜਨ' ਵਿਚ ਨੌਕਰੀ ਕਰ ਲਈ। ਭਗਤ ਸਿੰਘ ਦਿੱਲੀ ਛੇ ਕੁ ਮਹੀਨੇ ਠਹਿਰਿਆ ਤੇ ਜਦੋਂ ਅਕਾਲੀ ਅੰਦੋਲਨ ਖ਼ਤਮ ਹੋ ਗਿਆ ਤਾਂ ਉਹ ਫਿਰ ਲਾਹੌਰ ਵਾਪਸ ਪਰਤ ਆਇਆ।

ਅਗਸਤ 1925 ਵਿਚ ਕਾਕੋਰੀ ਕੇਸ ਦੇ ਕੁਝ ਕ੍ਰਾਂਤੀਕਾਰੀ ਪਕੜੇ ਗਏ। ਭਗਤ ਸਿੰਘ ਨੇ ਯੂ.ਪੀ. ਦੇ ਕ੍ਰਾਂਤੀਕਾਰੀ ਸੰਗਠਨ 'ਹਿੰਦੁਸਤਾਨ ਰਿਪਬਲਿਕਨ ਐਸੋਸੀਏਸ਼ਨ' ਦੇ ਮੈਂਬਰਾਂ ਨਾਲ ਮਿਲ ਕੇ ਸਾਥੀ ਕ੍ਰਾਤੀਕਾਰੀਆਂ ਨੂੰ ਜੇਲ੍ਹ ਚੋਂ ਰਿਹਾ ਕਰਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਸਫ਼ਲ ਨਾ ਹੋ ਸਕੇ।

Digitized by Panjab Digital Library | www.panjabdigilib.org

ਲਾਹੌਰ ਪਹੁੰਚਣ ਤੋਂ ਬਾਦ ਭਗਤ ਸਿੰਘ ਪੰਜਾਬ ਦੇ ਨੌਜਵਾਨਾਂ ਨੂੰ ਇਕ ਮੰਚ ਤੇ ਇਕੱਠਾ ਕਰਨ ਲਈ ਕਿਸੇ ਅਜੇਹੀ ਸੰਸਥਾ ਨੂੰ ਕਾਇਮ ਕਰਨ ਦੀ ਵਿਉਂਤ ਬਣਾਉਣ ਵਿਚ ਲਗ ਗਿਆ ਜੋ ਉੱਤਰ ਪ੍ਰਦੇਸ਼ ਅਤੇ ਬੰਗਾਲ ਦੇ ਕ੍ਰਾਂਤੀਕਾਰੀਆਂ ਵਾਂਗ ਅੰਗਰੇਜ਼ੀ ਸਾਮਰਾਜ ਦੇ ਵਿਰੁੱਧ ਕੰਮ ਕਰ ਸਕੇ। ਕਈ ਨੌਜਵਾਨ ਨੇਤਾਵਾਂ ਨੂੰ ਮਿਲਣ ਅਤੇ ਉਨ੍ਹਾਂ ਨਾਲ ਸਲਾਹ ਮਸ਼ਵਰਾ ਕਰਨ ਤੋਂ ਬਾਦ ਉਸਨੇ ਮਾਰਚ 1926 ਵਿਚ 'ਨੌਜਵਾਨ ਭਾਰਤ ਸਭਾ' ਨਾਮ ਦੀ ਸੰਸਥਾ ਕਾਇਮ ਕੀਤੀ ਜਿਸ ਦਾ ਪਹਿਲਾ ਪ੍ਰਧਾਨ ਸ਼੍ਰੀ ਰਾਮ ਕ੍ਰਿਸ਼ਨ ਬੀ.ਏ. ਨੂੰ ਬਣਾਇਆ ਗਿਆ। ਭਗਤ ਸਿੰਘ ਇਸ ਸਭਾ ਦਾ ਸਕਤ੍ਰ ਨਿਯੁਕਤ ਹੋਇਆ। ਗ੍ਰਹਿ ਵਿਭਾਗ (ਰਾਜਸੀ) ਦੀ ਸਰਕਾਰੀ ਰਿਪੋਰਟ ਅਨੁਸਾਰ ਭਗਤ ਸਿੰਘ ਇਸ ਸਭਾ ਦਾ ਮੋਢੀ ਸੀ। ਇਸ ਸੰਸਥਾ ਦਾ ਮੈਂਬਰ ਬਣਨ ਲਈ ਹਰ ਵਿਅਕਤੀ ਨੂੰ ਇਹ ਸਹੁੰ ਚੁਕਣੀ ਪੈਂਦੀ ਸੀ ਕਿ ਉਹ ਦੇਸ਼ ਦੇ ਹਿਤਾਂ ਨੂੰ ਆਪਣੇ ਜਾਤੀ ਹਿਤਾਂ ਦੇ ਮੁਕਾਬਲੇ ਸਦਾ ਪਹਿਲ ਦੇਵੇਗਾ ਅਤੇ ਇਸ ਸਭਾ ਦੇ ਪ੍ਰੋਗਰਾਮਾਂ ਨੂੰ ਗੁਪੱਤ ਰਖੇਗਾ। ਜੂਨ 1928 ਵਿਚ ਇਸ ਸੰਸਥਾ ਦਾ ਇਕ ਸਹਾਇਕ ਅੰਗ ਸਥਾਪਿਤ ਕੀਤਾ ਗਿਆ, ਜਿਸ ਦਾ ਨਾਮ 'ਲਾਹੌਰ ਵਿਦਿਆਰਥੀ ਯੂਨੀਅਨ' ਰਖਿਆ ਗਿਆ। ਇਸ ਵਿੰਗ ਦਾ ਕੰਮ ਵਿਦਿਆਰਥੀਆਂ ਨੂੰ ਸੰਗਠਿਤ ਕਰਨਾ ਅਤੇ ਨੌਜਵਾਨ ਭਾਰਤ ਸਭਾ ਦੇ ਉਦੇਸ਼ਾਂ ਦੀ ਪ੍ਰਾਪਤੀ ਲਈ ਕੰਮ ਕਰਨਾ ਸੀ। ਸੋਹਨ ਸਿੰਘ ਜੋਸ਼ ਲਿਖਦਾ ਹੈ ਕਿ ਲਾਹੌਰ ਨੌਜਵਾਨ ਸਭਾ ਨੇ ਮਾਰਚ 1926 ਤੋਂ ਲੈਕੇ ਅਪ੍ਰੈਲ 1927 ਤਕ ਵਿਦਿਆਰਥੀਆਂ ਨੂੰ ਰਾਜਨੀਤਿਕ ਸੂਝ ਦੇਣ ਲਈ ਉਹਨਾਂ ਵਿਚ ਕਾਫ਼ੀ ਚੰਗਾ ਕੰਮ ਕੀਤਾ। 1928 ਅਤੇ 1929 ਦੇ ਸਾਲਾਂ ਵਿਚ ਭਾਰਤੀ ਨੌਜਵਾਨਾਂ ਵਿਚ ਬੜੀ ਵਡੀ ਜਾਗ੍ਰਤੀ ਆਈ। ਨੌਜਵਾਨ ਭਾਰਤ ਸਭਾ ਦਾ ਕਾਇਮ ਹੋਣਾ ਅਤੇ ਇਸ ਦੀਆਂ ਵਿਸ਼ਾਲ ਸਰਗਰਮੀਆਂ ਇਹਦਾ ਸਬੂਤ ਹਨ। ਪੰਜਾਬ ਅਤੇ ਦੇਸ਼ ਦੇ ਹੋਰ ਹਿਸਿਆਂ ਵਿਚ ਵਿਦਿਆਰਥੀ ਯੂਨੀਅਨ ਬਣਨੀਆਂ ਸ਼ੁਰੂ ਹੋ ਗਈਆਂ ਸਨ। ਰੂਸੀ ਇਨਕਲਾਬ ਦਾ ਪ੍ਰਭਾਵ ਵੀ ਕਾਫ਼ੀ ਵਡੇ ਪੈਮਾਨੇ ਉਤੇ ਫ਼ੈਲ ਗਿਆ ਸੀ ਤੇ ਸਾਡੇ ਦੇਸ਼ ਦੇ ਨੌਜਵਾਨ ਸਹਿਜੇ ਸਹਿਜੇ ਇਹਦਾ ਪ੍ਰਭਾਵ ਕਬੂਲ ਕਰ ਰਹੇ ਸਨ।

ਸਰਕਾਰੀ ਅਜੰਸੀਆਂ ਲਗਾਤਾਰ ਭਗਤ ਸਿੰਘ ਤੇ ਨਜ਼ਰ ਰਖ ਰਹੀਆਂ ਸਨ। ਉਨ੍ਹਾਂ ਨੂੰ ਭਗਤ ਸਿੰਘ ਦੀਆਂ ਗਤੀਵਿਧੀਆਂ ਤੋਂ ਕਿਸੇ ਆਉਣ ਵਾਲੇ ਤੂਫ਼ਾਨ ਦੇ ਸੰਕੇਤ ਮਿਲ ਰਹੇ ਸਨ। ਉਹ ਕਿਸੇ ਬਹਾਨੇ ਉਸਨੂੰ ਗ੍ਰਿਫ਼ਤਾਰ ਕਰਕੇ ਸਲਾਖਾਂ ਦੇ ਪਿੱਛੇ ਭੇਜਣ ਲਈ ਤਤਪਰ ਸਨ। ਇਹ ਅਵਸਰ ਉਨ੍ਹਾਂ ਨੂੰ 1927 ਵਿਚ ਇਕ ਤਿਉਹਾਰ ਦੇ ਮੌਕੇ ਤੇ ਮਿਲਿਆ ਜਦੋਂ ਦੁਸਹਿਰੇ ਦੀ ਰੌਣਕ ਵੇਖ ਕੇ ਪਰਤ ਰਹੀ ਭੀੜ ਤੇ ਕਿਸੇ ਨੇ ਬੰਬ ਸੁੱਟ ਦਿੱਤਾ। ਇਸ ਘਟਨਾ ਵਿਚ 12 ਲੋਕ ਮਾਰੇ ਗਏ ਤੇ 56 ਵਿਅਕਤੀ ਜ਼ਖ਼ਮੀ ਹੋ ਗਏ। ਸ਼ਕ ਦੀ ਬਿਨਾ ਤੇ ਪੁਲਿਸ ਨੇ ਭਗਤ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਦੀ ਸੈਂਟਰਲ ਜੇਲ੍ਹ ਵਿਚ ਭੇਜ ਦਿੱਤਾ। ਸਰਕਾਰ ਨੇ ਨਾ ਤਾਂ ਉਸਤੇ ਮੁਕੱਦਮਾ ਹੀ ਚਲਾਇਆ ਅਤੇ ਨਾ ਹੀ ਉਸਦੀ ਜ਼ਮਾਨਤ ਮੰਜ਼ੂਰ ਕੀਤੀ। ਪਰ ਉਸਨੂੰ ਇਕ ਮਹੀਨਾ ਜੇਲ੍ਹ ਵਿਚ ਰਖਣ ਮਗਰੋਂ ਕਿਸੇ ਠੋਸ ਸਬੂਤ ਦੀ ਅਣਹੋਂਦ ਕਾਰਨ ਰਿਹਾ ਕਰ ਦਿੱਤਾ ਗਿਆ। ਇਸ ਇਕ ਮਹੀਨੇ ਦੇ ਦੌਰਾਨ ਭਗਤ ਸਿੰਘ ਨੇ ਜੇਲ੍ਹ ਵਿਚ ਬੰਦ ਕੈਦੀਆਂ ਅਤੇ ਉਨ੍ਹਾਂ ਨਾਲ ਹੁੰਦੇ ਮਾੜੇ ਸਲੂਕ ਦਾ ਬੜੀ ਗੰਭੀਰਤਾ ਨਾਲ ਅਧਿਐਨ ਕੀਤਾ। ਅਗੇ ਚਲ ਕੇ ਉਸਨੇ ਕੈਦੀਆਂ ਦੀ ਹਾਲਤ ਨੂੰ ਸੁਧਾਰਨ ਲਈ ਅਨੇਕ ਵਾਰ ਭੁੱਖ ਹੜਤਾਲ ਕੀਤੀ ਅਤੇ ਜੇਲ੍ਹ ਅਧਿਕਾਰੀਆਂ ਨੂੰ ਜੇਲ੍ਹ ਨੀਯਮਾਂ ਵਿਚ ਸੰਸ਼ੋਧਨ ਕਰਨ ਲਈ ਮਜਬੂਰ ਕਰ ਦਿੱਤਾ। ਉਸਨੇ ਆਪਣੇ ਜੀਵਨ ਦੇ 719 ਦਿਨ ਜੇਲ੍ਹ ਦੀਆਂ ਸਲਾਖਾਂ ਪਿੱਛੇ ਬਿਤਾਏ ਸਨ। ਰਿਹਾਈ ਮਗਰੋਂ ਉਸਨੇ

Digitized by Panjab Digital Library | www.panjabdigilib.org

ਦੇਸ਼ ਦੇ ਵਖੋ ਵਖਰੇ ਕ੍ਰਾਂਤੀਕਾਰੀ ਸੰਗਠਨਾਂ ਨੂੰ ਇਕ ਥਾਂ ਤੇ ਇਕੱਠਾ ਕਰਨ ਅਤੇ ਭਵਿੱਖ ਦੇ ਪ੍ਰੋਗਰਾਮ ਉਲੀਕਣ ਲਈ ਜਤਨ ਆਰੰਭ ਕਰ ਦਿੱਤੇ। ਇਸ ਮੰਤਵ ਨੂੰ ਧਿਆਨ ਵਿਚ ਰਖਦੇ ਹੋਏ ਦਿੱਲੀ ਦੇ ਕੋਟਲਾ ਫਿਰੋਜ਼ ਸ਼ਾਹ (ਖੰਡਰਾਂ) ਵਿਚ ਸਤੰਬਰ 1928 ਵਿਚ ਇਕ ਮੀਟਿੰਗ ਸਦੀ ਗਈ ਜਿਸ ਵਿਚ ਵਖੋ ਵਖਰੇ ਪ੍ਰਾਂਤਾ ਤੋਂ ਆਏ 60 ਕ੍ਰਾਂਤੀਕਾਰੀਆਂ ਨੇ ਭਾਗ ਲਿਆ। ਇਸ ਮੀਟਿੰਗ ਵਿਚ ਪੰਜ ਔਰਤਾਂ ਵੀ ਸ਼ਾਮਲ ਸਨ। ਭਗਤ ਸਿੰਘ ਤੋਂ ਛੁੱਟ ਉੱਘੇ ਕ੍ਰਾਂਤੀਕਾਰੀਆਂ ਵਿਚੋਂ ਚੰਦਰ ਸ਼ੇਖਰ ਆਜ਼ਾਦ, ਯਸ਼ਪਾਲ, ਸੁਖਦੇਵ, ਰਾਜਗੁਰੂ, ਵਿਜੈ ਕੁਮਾਰ ਸਿਨਾਹ, ਭਗਵਤੀ ਚਰਨ, ਜਤਿੰਦਰਨਾਥ ਦਾਸ, ਸ੍ਰ: ਸੋਹਨ ਸਿੰਘ ਜੋਸ਼ ਅਤੇ ਸ੍ਰ: ਸਰਦੂਲ ਸਿੰਘ ਇਤਿਆਦ ਹਾਜ਼ਰ ਸਨ ਜਿਨ੍ਹਾਂ ਨੇ ਕਾਫ਼ੀ ਰਾਤ ਤਕ ਇਸ ਕਾਨਫ੍ਰਸ ਵਿਚ ਆਪਣੇ ਵਿਚਾਰ ਪੇਸ਼ ਕੀਤੇ। ਮੀਟਿੰਗ ਦੀ ਕਾਰਵਾਈ ਦਾ ਸੰਚਾਲਣ ਸ੍ਰ: ਭਗਤ ਸਿੰਘ ਨੇ ਕੀਤਾ।

ਦਿੱਲੀ ਵਿਖੇ ਹੋਈ ਇਸ ਮੀਟਿੰਗ ਵਿਚ ਕੁਝ ਵਿਸ਼ੇਸ਼ ਫ਼ੈਸਲੇ ਲਏ ਗਏ ਜਿਨ੍ਹਾਂ ਵਿਚ ਇਨਕਲਾਬ ਦੀ ਸਫ਼ਲਤਾ ਮਗਰੋਂ ਦੇਸ਼ ਵਿਚ ਸਮਾਜਵਾਦੀ ਅਸੂਲਾਂ ਤੇ ਅਧਾਰਤ ਗਣਤੰਤਰ ਦੀ ਸਥਾਪਨਾ ਵਰਗੇ ਉਦੇਸ਼ ਸ਼ਾਮਲ ਸਨ। ਭਗਤ ਸਿੰਘ ਦੇ ਸੁਝਾਉ ਤੇ 'ਹਿੰਦੁਸਤਾਨ ਰਿਪਬਲਿਕਨ ਐਸੋਸੀਏਸ਼ਨ' ਦਾ ਨਾਮ ਬਦਲ ਕੇ 'ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ' ਕਰ ਦਿੱਤਾ ਗਿਆ। ਹੀਰਾ ਸਿੰਘ ਦਰਦ ਲਿਖਦਾ ਹੈ ਕਿ ਕਾਫ਼ੀ ਵਿਚਾਰ ਵਟਾਂਦਰੇ ਮਗਰੋਂ ਇਸ ਐਸੋਸੀਏਸ਼ਨ ਦੇ ਅਧੀਨ ਇਕ ਕੇਂਦਰੀ ਗੁਪਤ ਕਮੇਟੀ ਬਣਾਈ ਗਈ ਜਿਸ ਦਾ ਨਾਮ 'ਹਿੰਦੁਸਤਾਨ ਸੋਸ਼ਲਿਸਟ ਰੀਪਬਲਿਕਨ ਆਰਮੀ' ਰਖਿਆ ਗਿਆ। ਇਸ ਦਾ ਕਮਾਂਡਰ ਇਨ ਚੀਫ਼ ਚੰਦਰ ਸ਼ੇਖਰ ਆਜ਼ਾਦ ਨੂੰ ਬਣਾਇਆ ਗਿਆ। ਇਸਦੇ ਨਾਲ ਹੀ ਇਕ ਸਰਵ ਭਾਰਤੀ ਕਾਰਜ-ਕਾਰਨੀ ਵੀ ਸਥਾਪਿਤ ਕੀਤੀ ਗਈ ਜਿਸ ਵਿਚ ਸ੍ਰ: ਭਗਤ ਸਿੰਘ, ਸੁਖਦੇਵ, ਵਿਜੈ ਕੁਮਾਰ ਸਿਨਹਾ, ਜਤਿੰਦਰ ਨਾਥ, ਚੰਦਰ ਸ਼ੇਖਰ ਆਜ਼ਾਦ ਅਤੇ ਕੁੰਦਨ ਲਾਲ ਇਤਿਆਦਿ ਕ੍ਰਾਂਤੀਕਾਰੀ ਸ਼ਾਮਲ ਸਨ। ਇਸ ਕਾਨਫ੍ਰੰਸ ਵਿਚ ਹੇਠ ਲਿਖੇ ਫ਼ੈਸਲੇ ਵੀ ਕੀਤੇ ਗਏ :-

* ਸਾਈਮਨ ਕਮਿਸ਼ਨ ਦਾ ਵਿਰੋਧ ਕਰਨਾ ਅਤੇ ਕਮਿਸ਼ਨ ਦੇ ਮੈਂਬਰਾਂ ਨੂੰ ਲਿਜਾ ਰਹੀ ਟ੍ਰੇਨ ਤੇ ਬੰਬ ਸੁਟਣਾ।
* ਕਿਸੇ ਚੰਗੇ ਸਿਖਿਅਕ ਦੀ ਅਗਵਾਈ ਹੇਠ ਐਸੋਸੀਏਸ਼ਨ ਦੇ ਮੈਂਬਰਾਂ ਨੂੰ ਬੰਬ ਬਣਾਉਣ ਅਤੇ ਬੰਬ ਚਲਾਣ ਦੀ ਸਿੱਖਿਆ ਦਾ ਪ੍ਰਬੰਧ ਕਰਨਾ।
* ਐਸੋਸੀਏਸ਼ਨ ਦੇ ਪ੍ਰੋਗਰਾਮਾਂ ਨੂੰ ਅਮਲੀ ਰੂਪ ਦੇਣ ਲਈ ਫੰਡ ਇਕੱਠੇ ਕਰਨੇ ਅਤੇ ਲੋੜ ਪੈਣ ਤੇ ਸਰਕਾਰੀ ਖ਼ਜ਼ਾਨਿਆਂ ਨੂੰ ਲੁਟਣਾ।
* ਐਸੋਸੀਏਸ਼ਨ ਦੀ ਮੈਂਬਰ ਸ਼ਿਪ ਵਧਾਣੀ, ਲੋਕਾਂ ਨੂੰ ਆਪਣੇ ਉਦੇਸ਼ਾਂ ਤੋਂ ਅਵਗਤ ਕਰਾਉਣਾ ਅਤੇ ਵਡੇ ਵਡੇ ਸ਼ਹਿਰਾਂ ਵਿਚ ਬੰਬ ਬਣਾਉਣ ਦੇ ਕਾਰਖਾਨੇ ਸਥਾਪਿਤ ਕਰਨੇ।

ਪਰ ਐਸੋਸੀਏਸ਼ਨ ਦਾ ਮੁੱਖ ਨਿਸ਼ਾਨਾ ਦੇਸ਼ ਨੂੰ ਸੁਤੰਤਰ ਕਰਾਉਣਾ ਅਤੇ ਮੈਂਬਰਾਂ ਨੂੰ ਹਰ ਤਰਾਂ ਦੀ ਕੁਰਬਾਨੀ ਕਰਨ ਲਈ ਤਿਆਰ ਕਰਨਾ ਸੀ। ਇਸ ਮੀਟਿੰਗ ਮਗਰੋਂ ਸਾਰੇ ਕ੍ਰਾਂਤੀਕਾਰੀ ਭੇਸ ਬਦਲ ਕੇ ਦਿਲੀਉਂ ਨਿਕਲ ਗਏ ਤੇ ਆਪੋ ਆਪਣੇ ਥਾਂ ਟਿਕਾਣੇ ਤੇ ਪਹੁੰਚ ਗਏ। ਭਗਤ ਸਿੰਘ ਨੂੰ ਦਿੱਲੀ ਤੋਂ ਨਿਕਲਣ ਲਗਿਆਂ ਪਹਿਲਾਂ ਪੁਲਿਸ ਸਿਪਾਹੀ ਅਤੇ ਮਗਰੋਂ

Digitized by Panjab Digital Library | www.panjabdigilib.org

ਸਾਧੂ ਦਾ ਭੇਸ ਧਾਰਨ ਕਰਨਾ ਪਿਆ। ਪੁਲਿਸ ਕਿਸੇ ਵੀ ਕ੍ਰਾਂਤੀਕਾਰੀ ਨੂੰ ਪਕੜਣ ਵਿਚ ਕਾਮਯਾਬ ਨਾ ਹੋ ਸਕੀ। ਭਗਤ ਸਿੰਘ ਦੇ ਪਿਤਾ ਨੇ ਉਸਨੂੰ ਇਹੋ ਜਹੀਆਂ ਗੁਪਤ ਸਰਗਰਮੀਆਂ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ ਪਰ ਭਗਤ ਸਿੰਘ ਦੇ ਦ੍ਰਿੜ ਇਰਾਦੇ ਅਗੇ ਅਜੇਹੀਆਂ ਸਲਾਹਵਾਂ ਦਾ ਕੋਈ ਅਸਰ ਨਾ ਪਿਆ।

ਜਿਨ੍ਹਾਂ ਦਿਨਾਂ ਵਿਚ ਕ੍ਰਾਂਤੀਕਾਰੀ ਨੌਜਵਾਨਾਂ ਦੀ ਇਹ ਮੀਟਿੰਗ ਦਿੱਲੀ ਵਿਖੇ ਚਲ ਰਹੀ ਸੀ ਉਨ੍ਹਾਂ ਦਿਨਾਂ ਵਿਚ ਅੰਗਰੇਜ਼ੀ ਹਕੂਮਤ ਵਲੋਂ ਸਥਾਪਿਤ ਸਾਈਮਨ ਕਮਿਸ਼ਨ ਦੇਸ਼ ਦੇ ਵਖੋ ਵਖਰੇ ਸ਼ਹਿਰਾਂ ਦਾ ਦੌਰਾ ਕਰ ਰਿਹਾ ਸੀ। ਇਹ ਕਮਿਸ਼ਨ ਫਰਵਰੀ 1928 ਵਿਚ ਬੰਬਈ ਪਹੁੰਚਿਆ ਸੀ। ਇਸ ਕਮਿਸ਼ਨ ਨੇ ਅਕਤੂਬਰ ਦੇ ਮਹੀਨੇ ਲਾਹੌਰ ਪਹੁੰਚਣਾ ਸੀ। ਦਿੱਲੀ ਤੋਂ ਪੰਜਾਬ ਪਰਤਦਿਆਂ ਹੀ ਭਗਤ ਸਿੰਘ ਵਰਕਰ ਤਿਆਰ ਕਰਨ ਵਿਚ ਜੁੱਟ ਗਿਆ ਤਾਂ ਜੁ ਕਾਲੀਆਂ ਝੰਡੀਆਂ ਅਤੇ ਕਾਲੀਆਂ ਪਟੀਆਂ ਨਾਲ ਕਮਿਸ਼ਨ ਦੇ ਮੈਂਬਰਾਂ ਵਿਰੁੱਧ ਪ੍ਰਦਰਸ਼ਨ ਕੀਤਾ ਜਾ ਸਕੇ। ਕਮਿਸ਼ਨ 30 ਅਕਤੂਬਰ 1928 ਨੂੰ ਲਾਹੌਰ ਪਹੁੰਚਿਆ। ਕਮਿਸ਼ਨ ਦਾ ਵਿਰੋਧ ਕਰਨ ਵਾਲੇ ਜਲੂਸ ਦੀ ਅਗਵਾਈ ਲਾਲਾ ਲਾਜਪਤ ਰਾਏ ਕਰ ਰਹੇ ਸਨ। ਸ੍ਰ: ਭਗਤ ਸਿੰਘ ਤੇ ਉਸਦੇ ਸਾਥੀ ਲਾਲਾ ਜੀ ਦੇ ਨਾਲ ਨਾਲ ਅਗਲੀ ਕਤਾਰ ਵਿਚ ਚਲ ਰਹੇ ਸਨ। ਜਲੂਸ ਦੇ ਨਾਲ ਚਲ ਰਹੇ ਨੌਜਵਾਨ 'ਸਾਈਮਨ ਕਮਿਸ਼ਨ ਵਾਪਸ ਜਾਉ' (Simon Commission - Go Back) ਅਤੇ ਇਨਕਲਾਬ ਜ਼ਿੰਦਾਬਾਦ ਦੇ ਨਾਹਰੇ ਲਗਾ ਰਹੇ ਸਨ। ਅਮਨ ਕਾਨੂੰਨ ਬਣਾਏ ਰਖਣ ਅਤੇ ਪ੍ਰਦਰਸ਼ਨ- ਕਾਰੀਆਂ ਨੂੰ ਰੋਕਣ ਲਈ ਪੁਲਿਸ ਸੁਪ੍ਰਿਟੈਂਡੈਂਟ ਮਿਸਟਰ ਸਕਾਟ ਪੁਲਿਸ ਦਸਤੇ ਨਾਲ ਉਥੇ ਪਹੁੰਚਿਆ ਹੋਇਆ ਸੀ। ਜਦੋਂ ਪ੍ਰਦਰਸ਼ਨਕਾਰੀ ਲਾਹੌਰ ਸਟੇਸ਼ਨ ਵਲ ਵੱਧ ਰਹੇ ਸਨ ਤਾਂ ਉਸ ਨੇ ਬਿਨਾਂ ਕੋਈ ਚੇਤਾਵਨੀ ਦਿੱਤੇ ਸ਼ਾਂਤਮਈ ਪ੍ਰਦਰਸ਼ਨਕਾਰੀਆਂ ਉਤੇ ਲਾਠੀ ਚਲਾਉਣ ਦਾ ਹੁਕਮ ਦੇ ਦਿੱਤਾ। ਪੁਲਿਸ ਦੁਆਰਾ ਕੀਤੀ ਗਈ ਅੰਧਾ ਧੁੰਦ ਲਾਠੀ ਚਾਰਜ ਵਿਚ ਲਾਲਾ ਲਾਜਪਤ ਰਾਏ ਬੁਰੀ ਤਰ੍ਹਾਂ ਨਾਲ ਜ਼ਖ਼ਮੀ ਹੋ ਗਏ। ਕੁਝ ਵਡੇਰੀ ਉਮਰ ਕਾਰਨ ਤੇ ਕੁਝ ਜ਼ਖ਼ਮਾਂ ਦੀ ਤਾਬ ਨਾ ਝਲਦੇ ਹੋਏ ਉਹ 17 ਨਵੰਬਰ 1928 ਨੂੰ ਸ਼ਹੀਦੀ ਪਾ ਗਏ। ਭਗਤ ਸਿੰਘ ਅਤੇ ਉਸਦੇ ਸਾਥੀਆਂ ਨੇ ਲਾਲਾ ਜੀ ਉਪਰ ਹੋਏ ਲਾਠੀ ਚਾਰਜ ਨੂੰ ਕੌਮੀ ਅਪਮਾਣ ਸਮਝਿਆ ਤੇ ਉਨ੍ਹਾਂ ਉਸੇ ਵੇਲੇ ਇਹ ਫੈਸਲਾ ਕਰ ਲਿਆ ਕਿ ਉਹ ਉਨ੍ਹਾਂ ਗੋਰੇ ਅਫ਼ਸਰਾਂ ਨੂੰ ਮਾਰ ਕੇ ਲਾਲਾ ਜੀ ਦੇ ਕਤਲ ਦਾ ਬਦਲਾ ਲੈਣ ਗੇ ਜਿਨ੍ਹਾਂ ਨੇ ਉਨ੍ਹਾਂ ਤੇ ਲਾਠੀਆਂ ਚਲਾਈਆਂ ਸਨ। ਇਸ ਕੰਮ ਲਈ ਭਗਤ ਸਿੰਘ ਦੇ ਨਾਲ ਰਾਜ ਗੁਰੂ, ਸੁਖਦੇਵ, ਚੰਦਰ ਸ਼ੇਖਰ ਆਜ਼ਾਦ ਅਤੇ ਜੈ ਗੋਪਾਲ ਦੀ ਡਿਊਟੀ ਲਗਾਈ ਗਈ ਜਿਨ੍ਹਾਂ ਨੇ ਮਿਸਟਰ ਸਕਾਟ ਅਤੇ ਉਸਦੇ ਸਹਾਇਕ ਸਾਂਡਰਸ ਨੂੰ ਪਾਰ ਬੁਲਾਣਾ ਸੀ।

ਲਾਲਾ ਜੀ ਦੀ ਮੌਤ ਦਾ ਬਦਲਾ ਲੈਣ ਲਈ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਆਰਮੀ ਦੇ ਵਰਕਰਾਂ ਦੀ ਇਕ ਮੀਟਿੰਗ 10 ਦਸੰਬਰ 1928 ਨੂੰ ਲਾਹੌਰ ਵਿਖੇ ਸਦੀ ਗਈ। ਇਸ ਵਿਚ ਪ੍ਰਮੁੱਖ ਨੌਜਵਾਨ ਨੇਤਾਵਾਂ ਤੋਂ ਇਲਾਵਾ ਦੁਰਗਾ 'ਭਾਬੀ' ਵੀ ਸ਼ਾਮਲ ਸੀ। ਉਹ ਕ੍ਰਾਂਤੀਕਾਰੀ ਭਗਵਤੀ ਚਰਨ ਦੀ ਵਹੁਟੀ ਸੀ। ਦੇਰ ਰਾਤ ਤਕ ਚਲੀ ਮੀਟਿੰਗ ਵਿਚ ਇਹ ਫੈਸਲਾ ਹੋਇਆ ਕਿ ਗੋਰੇ ਅਫ਼ਸਰਾਂ ਨੂੰ ਮਾਰਨ ਦਾ ਕੰਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਕਰਨਗੇ ਜਦ ਕਿ ਚੰਦਰ ਸ਼ੇਖਰ ਆਜ਼ਾਦ ਅਤੇ ਜੈ ਗੋਪਾਲ ਇਨ੍ਹਾਂ ਦੀ ਸਹਾਇਤਾ ਲਈ ਨੇੜੇ ਹੀ ਤੈਨਾਤ ਰਹਿਣਗੇ ਅਤੇ ਇਨ੍ਹਾਂ ਨੂੰ ਮੌਕਾ-ਏ-ਵਾਰਦਾਤ ਤੋਂ ਭੱਜ ਨਿਕਲਣ ਵਿਚ ਮਦਦ ਦੇਣਗੇ। ਜੈ ਗੋਪਾਲ

Digitized by Panjab Digital Library | www.panjabdigilib.org

ਦੇ ਜ਼ਿਮੇਂ ਇਹ ਵੀ ਡਿਊਟੀ ਲਗਾਈ ਗਈ ਕਿ ਉਹ ਕੁਝ ਦਿਨ ਮਿਸਟਰ ਸਕਾਟ ਅਤੇ ਸਾਂਡਰਸ ਦੇ ਪੁਲਿਸ ਥਾਣੇ ਵਿਚ ਆਉਣ ਅਤੇ ਇਥੋਂ ਜਾਣ ਦੇ ਵਕਤ ਦੀ ਟੋਹ ਰਖੇਗਾ। ਅਜੇਹਾ ਇਸ ਕਰਕੇ ਕੀਤਾ ਗਿਆ ਕਿ ਕ੍ਰਾਂਤੀਕਾਰੀਆਂ ਹਥੋਂ ਗ਼ਲਤੀ ਨਾਲ ਕਿਸੇ ਹੋਰ ਵਿਯਕਤੀ ਦੀ ਹਤਿਆ ਨਾ ਹੋ ਜਾਵੇ। ਅੰਗਰੇਜ਼ ਪੁਲਿਸ ਅਧਿਕਾਰੀਆਂ ਨੂੰ ਕਤਲ ਕਰਨ ਲਈ 17 ਦਸੰਬਰ 1928 ਦਾ ਦਿਨ ਮੁਕਰਰ ਕੀਤਾ ਗਿਆ। ਇਸ ਦਿਨ ਜੈ ਗੋਪਾਲ ਨੇ ਦੂਰੋਂ ਹੀ ਰੁਮਾਲ ਹਿਲਾ ਕੇ ਸੰਕੇਤ ਦੇਣਾ ਸੀ ਕਿ ਉਨ੍ਹਾਂ ਦਾ ਸ਼ਿਕਾਰ ਥਾਣੇ ਚੋਂ ਬਾਹਰ ਆ ਗਿਆ ਹੈ। ਸੰਕੇਤ ਮਿਲਦਿਆਂ ਹੀ ਭਗਤ ਸਿੰਘ ਤੇ ਰਾਜਗੁਰੂ ਨੇ ਨਿਸ਼ਾਨਾ ਸਾਧ ਕੇ ਉਨ੍ਹਾਂ ਨੂੰ ਢੇਰ ਕਰ ਦੇਣਾ ਸੀ।

ਸ਼ਾਮ ਦੇ ਚਾਰ ਵਜ ਕੇ ਵੀਹ ਮਿੰਟ ਹੋਏ ਸਨ। ਭਗਤ ਸਿੰਘ ਤੇ ਉਸਦੇ ਸਾਥੀ ਥਾਣੇ ਦੇ ਬਾਹਰ ਤਾਕ ਲਾਈ ਬੈਠੇ ਸਨ। ਉਸੇ ਵੇਲੇ ਥਾਣੇ ਚੋਂ ਇਕ ਗੋਰਾ ਅਫ਼ਸਰ ਬਾਹਰ ਨਿਕਲਿਆ। ਜੈ ਗੋਪਾਲ ਨੇ ਰੁਮਾਲ ਹਿਲਾ ਕੇ ਸੰਕੇਤ ਦਿੱਤਾ। ਇਹ ਅਫਸਰ ਮਿਸਟਰ ਸਕਾਟ ਨਹੀਂ ਸਗੋਂ ਸਾਂਡਰਸ ਸੀ ਜੋ ਲਾਠੀ ਚਾਰਜ ਵਾਲੇ ਦਿਨ ਲਾਹੌਰ ਸਟੇਸ਼ਨ ਦੇ ਬਾਹਰ ਪੁਲਿਸ ਦਸਤੇ ਦੀ ਅਗਵਾਈ ਕਰ ਰਿਹਾ ਸੀ। ਆਪਣਾ ਮੋਟਰ ਸਾਈਕਲ ਸਟਾਰਟ ਕਰਕੇ ਸਾਂਡਰਸ ਥਾਣੇ ਦੇ ਗੇ ਟ ਚੋਂ ਬਾਹਰ ਨਿਕਲਿਆ ਹੀ ਸੀ ਕਿ ਭਗਤ ਸਿੰਘ ਅਤੇ ਰਾਜ ਗੁਰੂ ਨੇ ਆਪਣੀ ਪਸਤੌਲ ਵਿਚੋਂ ਗੋਲੀਆਂ ਚਲਾਈਆਂ ਤੇ ਉਸਨੂੰ ਥਾਂ ਤੇ ਹੀ ਢੇਰ ਕਰ ਦਿੱਤਾ। ਇਨ੍ਹਾਂ ਕ੍ਰਾਂਤੀਕਾਰੀਆਂ ਨੂੰ ਉਸ ਵੇਲੇ ਇਹ ਪਤਾ ਨਹੀਂ ਸੀ ਕਿ ਮਰਨ ਵਾਲਾ ਗੋਰਾ ਅਫ਼ਸਰ ਮਿਸਟਰ ਸਕਾਟ ਸੀ ਜਾਂ ਉਸਦਾ ਸਹਾਇਕ ਸਾਂਡਰਸ। ਸ਼ਾਮ ਤਕ ਗੋਰੇ ਅਫ਼ਸਰ ਦੇ ਕਤਲ ਦੀ ਖ਼ਬਰ ਹਰ ਪਾਸੇ ਜੰਗਲ ਦੀ ਅੱਗ ਦੀ ਤਰ੍ਹਾਂ ਫੈਲ ਗਈ।

ਗੋਰੇ ਪੁਲਿਸ ਅਫ਼ਸਰ ਨੂੰ ਮਾਰਨ ਮਗਰੋਂ ਭਗਤ ਸਿੰਘ ਤੇ ਰਾਜਗੁਰੂ ਡੀ.ਏ.ਵੀ. ਕਾਲਜ ਵਲ ਭੱਜੇ ਜਿਥੇ ਚੰਦਰ ਸ਼ੇਖਰ ਆਜ਼ਾਦ ਇਨ੍ਹਾਂ ਦੀ ਸੁਰੱਖਿਆ ਲਈ ਤੈਨਾਤ ਸੀ। ਮੁਨਸ਼ੀ ਚੰਨਣ ਸਿੰਘ ਜੋ ਕਿ ਸਾਂਡਰਸ ਦਾ ਅਰਦਲੀ ਸੀ ਨੇ ਭਗਤ ਸਿੰਘ ਅਤੇ ਰਾਜਗੁਰੂ ਦਾ ਪਿੱਛਾ ਕੀਤਾ। ਜਦੋਂ ਉਹ ਕਾਲਜ ਹੌਸਟਲ ਦੇ ਨੇੜੇ ਪੁੱਜਾ ਤਾਂ ਚੰਦਰ ਸ਼ੇਖ਼ਰ ਆਜ਼ਾਦ ਨੇ ਗੋਲੀ ਦਾਗ਼ ਕੇ ਉਸਨੂੰ ਠੰਡਾ ਕਰ ਦਿੱਤਾ। ਆਪਣਾ ਕੰਮ ਪੂਰਾ ਹੋ ਜਾਣ ਮਗਰੋਂ ਸਾਰੇ ਕ੍ਰਾਂਤੀਕਾਰੀ ਤਿੱਤਰ ਬਿੱਤਰ ਹੋ ਗਏ। ਭਗਤ ਸਿੰਘ ਭੇਸ ਬਦਲ ਕੇ ਦੁਰਗਾ ਭਾਬੀ ਨਾਲ ਰੇਲ ਤੇ ਸੁਆਰ ਹੋ ਕੇ ਕਲਕੱਤਾ ਪੁੱਜ ਗਿਆ ਜਦ ਦਿ ਚੰਦਰ ਸ਼ੇਖ਼ਰ ਆਜ਼ਾਦ ਪੰਡਤ ਦਾ ਭੇਸ ਧਾਰ ਕੇ ਸਾਧੂਆਂ (ਕ੍ਰਾਂਤੀਕਾਰੀ ਸਾਥੀਆਂ) ਦੀ ਟੋਲੀ ਨਾਲ ਮੱਥਰਾ ਪਹੁੰਚ ਗਿਆ। ਬੇਸ਼ਕ ਪੁਲਿਸ ਨੇ ਸ਼ਹਿਰ ਚੋਂ ਬਾਹਰ ਜਾਣ ਦੇ ਸਾਰੇ ਰਸਤਿਆਂ, ਬਸ ਅੱਡਿਆਂ ਅਤੇ ਸਟੇਸ਼ਨਾਂ ਤੇ ਨਾਕਾ ਬੰਦੀ ਕੀਤੀ ਹੋਈ ਸੀ ਪਰ ਉਹ ਇਨ੍ਹਾਂ ਕਤਲਾਂ ਲਈ ਜ਼ਿਮੇਵਾਰ ਕ੍ਰਾਂਤੀਕਾਰੀਆਂ ਨੂੰ ਫੜਣ ਵਿਚ ਬੁਰੀ ਤਰ੍ਹਾਂ ਨਾਲ ਫ਼ੇਲ ਹੋ ਗਈ ਸੀ। ਅਗਲੇ ਦਿਨ ਲੋਕਾਂ ਨੇ ਸ਼ਹਿਰ ਦੀਆਂ ਦੀਵਾਰਾਂ ਤੇ ਵਡੇ ਵਡੇ ਪੋਸਟਰ ਲਗੇ ਹੋਏ ਵੇਖੇ ਜਿਨ੍ਹਾਂ ਤੇ ਲਿਖਿਆ ਹੋਇਆ ਸੀ ਕਿ 'ਅਸਾਂ ਲਾਲਾ ਜੀ ਦੀ ਮੌਤ ਦਾ ਬਦਲਾ ਲੈ ਲਿਆ ਹੈ। ਅਜ ਦੁਨੀਆਂ ਨੇ ਵੇਖ ਲਿਆ ਹੈ ਕਿ ਭਾਰਤ ਦੇ ਨੌਜਵਾਨ ਆਪਣੇ ਦੇਸ਼ ਦੇ ਹਿਤਾਂ ਪ੍ਰਤੀ ਕਿੰਨੇ ਸੁਜਗ ਹਨ। ...ਸਾਨੂੰ ਅਫ਼ਸੋਸ ਹੈ ਕਿ ਅਸੀਂ ਇਕ ਆਦਮੀ ਦਾ ਕਤਲ ਕੀਤਾ ਹੈ ਪਰ ਉਹ ਵੀ ਅਣਮਨੁੱਖੀ ਅਤੇ ਨਿਆਇਹੀਨ ਪ੍ਰਬੰਧ (ਅੰਗਰੇਜ਼ੀ ਸਾਮਰਾਜ) ਦਾ ਹੀ ਏਜੰਟ ਸੀ ਜਿਸ ਨੂੰ ਅਸੀਂ ਖ਼ਤਮ ਕਰਨਾ ਚਾਹੁੰਦੇ ਹਾਂ.... ਸਾਡਾ ਉਦੇਸ਼ ਇਕ ਅਜੇਹੇ ਇਨਕਲਾਬ ਲਈ ਕੰਮ ਕਰਨਾ ਹੈ ਜਿਹੜਾ ਮਨੁੱਖ ਦੁਆਰਾ ਮਨੁੱਖ ਦੇ ਸ਼ੋਸ਼ਨ ਨੂੰ ਖ਼ਤਮ ਕਰੇਗਾ'। ਲਾਲਾ ਲਾਜਪਤ ਰਾਏ ਦੀ ਮੌਤ

Digitized by Panjab Digital Library | www.panjabdigilib.org

ਦਾ ਬਦਲਾ ਲੈਣ ਦੇ ਸਬੰਧ ਵਿਚ ਪੰਡਤ ਨਹਿਰੂ ਆਪਣੀ Autobiography ਦੇ ਪੰਨਾਂ 175-76 ਤੇ ਲਿਖਦਾ ਹੈ ਕਿ Bhagat Singh did not become popular because of his act of terrorism but because he seemed to vindicate the honour of Lala Lajpat Rai and through him, of the nation. He became a symbol (ਕ੍ਰਾਂਤੀਕਾਰੀ ਲਹਿਰ ਦਾ) and within a few months each town and village of the Punjab and to a lesser extent the whole of northern India resounded with his name. Innumerable legends grew up about him and the popularity that the man achieved was some thing amazing.

ਸਾਂਡਰਸ ਦਾ ਕਤਲ ਕਰਨ ਮਗਰੋਂ ਭਗਤ ਸਿੰਘ ਲਾਹੌਰ ਤੋਂ ਪਹਿਲਾਂ ਕਲਕੱਤਾ ਪਹੁੰਚਿਆ ਤੇ ਉੱਥੇ ਕੁਝ ਦਿਨ ਰਹਿਣ ਮਗਰੋਂ ਉਹ ਬੰਗਾਲ ਤੇ ਉੱਤਰ ਪ੍ਰਦੇਸ਼ ਦੇ ਇਨਕਲਾਬੀ ਕੇਂਦਰਾਂ ਦਾ ਦੌਰਾ ਕਰਦਾ ਅਤੇ ਇਨਕਲਾਬੀ ਸਾਥੀਆਂ ਨੂੰ ਮਿਲਦਾ ਜਨਵਰੀ 1929 ਵਿਚ ਦਿੱਲੀ ਪਹੁੰਚ ਗਿਆ। ਉਸਨੇ ਕ੍ਰਾਂਤੀਕਾਰੀ ਨੌਜਵਾਨਾਂ ਨੂੰ ਬੰਬ ਬਣਾਉਣ ਦੀਆਂ ਫ਼ੈਕਟਰੀਆਂ ਸਥਾਪਿਤ ਕਰਨ ਲਈ ਕਿਹਾ। ਇਸ ਕੰਮ ਵਿਚ ਬੰਗਾਲ ਦੇ ਕ੍ਰਾਂਤੀਕਾਰੀ ਸਭ ਤੋਂ ਅਗੇ ਸਨ। ਉਨ੍ਹਾਂ ਕੋਲੋਂ ਪ੍ਰਾਪਤ ਸਿੱਖਿਆ ਅਤੇ ਭਗਤ ਸਿੰਘ ਤੋਂ ਮਿਲੀ ਪ੍ਰੇਰਨਾ ਦੇ ਫ਼ਲ ਸਰੂਪ ਆਗਰਾ, ਝਾਂਸੀ, ਦਿੱਲੀ ਅਤੇ ਸਹਾਰਨਪੁਰ ਵਿਚ ਬੰਬ ਬਣਾਉਣ ਦੀਆਂ ਕਈ ਫ਼ੈਕਟਰੀਆਂ ਲਗਾਈਆਂ ਗਈਆਂ। ਆਮ ਤੋਰ ਤੇ ਬੰਬ ਬਣਾਉਣ ਦਾ ਕੰਮ ਕਰਾਏ ਤੇ ਲਏ ਹੋਏ ਮਕਾਨਾਂ ਵਿਚ ਕੀਤਾ ਜਾਂਦਾ ਸੀ। ਭਗਤ ਸਿੰਘ ਨੇ ਇਹ ਸਮਾਂ ਹਿੰਦੁਸਤਾਨ ਸੋਸ਼ਲਿਸਟ ਰਿਪਬਲੀਕਨ ਐਸੋਸੀਏਸ਼ਨ ਨੂੰ ਮਜਬੂਤ ਕਰਨ ਅਤੇ ਨੌਜਵਾਨਾਂ ਨੂੰ ਸੰਗਠਿਤ ਕਰਨ ਵਿਚ ਲਗਾਇਆ।

ਅਪ੍ਰੈਲ 1929 ਵਿਚ ਭਾਰਤ ਦੀ ਕੇਂਦਰੀ ਅਸੈਂਬਲੀ ਵਿਚ ਦੋ ਬਿੱਲ ਪੇਸ਼ ਹੋਣ ਵਾਲੇ ਸਨ- ਪਬਲਿਕ ਸੇਫ਼ਟੀ ਬਿੱਲ ਅਤੇ ਟਰੇਡ ਡਿਸਪਿਊਟਸ ਬਿੱਲ - ਜਿਨ੍ਹਾਂ ਦੁਆਰਾ ਭਾਰਤੀ ਲੋਕਾਂ ਅਤੇ ਖ਼ਾਸ ਕਰਕੇ ਮਜ਼ਦੂਰ ਵਰਗ ਨੂੰ ਦਬਾਉਣ ਵਿਚ ਅੰਗਰੇਜ਼ ਹਕੂਮਤ ਦੇ ਹੱਥ ਹੋਰ ਮਜ਼ਬੂਤ ਹੋ ਜਾਣੇ ਸਨ। ਇਨ੍ਹਾਂ ਬਿੱਲਾਂ ਦੀ ਵਿਰੋਧਤਾ ਹੋਣ ਦੇ ਬਾਵਜੂਦ ਵੀ ਇਨ੍ਹਾਂ ਉਪਰ ਵਾਇਸਰਾਇ ਦੇ ਦਸਖ਼ਤ ਹੋ ਜਾਣ ਅਤੇ ਪਾਸ ਹੋ ਜਾਣ ਦੀ ਪੂਰੀ ਸੰਭਾਵਨਾ ਸੀ। ਕ੍ਰਾਂਤੀਕਾਰੀ ਨੌਜਵਾਨ ਇਨ੍ਹਾਂ ਬਿਲਾਂ ਨੂੰ ਪਾਸ ਹੋਣ ਤੋਂ ਰੋਕਣਾ ਚਾਹੁੰਦੇ ਸਨ। ਇਸ ਮਕਸਦ ਲਈ ਹਿੰਦੁਸਤਾਨ ਸੋਸ਼ਲਿਸਟ ਰਿਪਬਲੀਕਨ ਐਸੋਸੀਏਸ਼ਨ ਦੀ ਕੇਂਦਰੀ ਵਰਕਿੰਗ ਕਮੇਟੀ ਦੀ ਇਕ ਮੀਟਿੰਗ ਆਗਰਾ ਵਿਖੇ ਸਦੀ ਗਈ, ਜਿੱਥੇ ਹੋਰ ਪ੍ਰੋਗਰਾਮਾਂ ਤੋਂ ਇਲਾਵਾ ਇਨ੍ਹਾਂ ਬਿਲਾਂ ਬਾਰੇ ਵੀ ਚਰਚਾ ਕੀਤੀ ਗਈ। ਮੀਟਿੰਗ ਵਿਚ ਬੋਲਦਿਆਂ ਭਗਤ ਸਿੰਘ ਨੇ ਕਿਹਾ ਕਿ 'ਬਰਤਾਨਵੀ ਸਾਮਰਾਜ ਵਿਚ ਇਨਸਾਫ਼ ਲਈ ਕੋਈ ਥਾਂ ਨਹੀਂ। ਉਹ ਗੁਲਾਮਾਂ ਨੂੰ ਸਾਹ ਲੈਣ ਦਾ ਮੌਕਾ ਦਿੱਤੇ ਬਿਨਾਂ ਹੀ ਉਨ੍ਹਾਂ ਨੂੰ ਪੀਸਣਾ, ਦਬਾਉਣਾ, ਲੁਟੱਣਾ ਅਤੇ ਮਾਰਨਾ ਚਾਹੁੰਦੇ ਹਨ। ਇਨ੍ਹਾਂ ਬਿਲਾਂ ਦਾ ਨਿਸ਼ਾਨਾਂ ਅੰਗਰੇਜ਼ੀ ਸਾਮਰਾਜ ਦੀ ਪਕੜ ਨੂੰ ਹੋਰ ਮਜ਼ਬੂਤ ਕਰਨਾ ਹੈ। ਇਹੀ ਵੇਲਾ ਹੈ ਕਿ ਸਾਨੂੰ ਇਸ ਲਈ ਕੋਈ ਠੋਸ ਕਦਮ ਚੁਕਣ ਦੀ ਲੋੜ ਹੈ।' ਜਦੋਂ ਇਕ ਮੈਂਬਰ ਤਾਰਾ ਚੰਦ ਨੇ ਪੁਛਿਆ ਕਿ ਇਸ ਲਈ ਸਾਨੂੰ ਕੀ ਕਰਨਾ ਪਵੇਗਾ ਤਾਂ ਭਗਤ ਸਿੰਘ ਦਾ ਜੁਆਬ ਸੀ 'ਕੁਰਬਾਨੀ'।

ਆਗਰਾ ਵਿਚ ਸੱਦੀ ਗਈ ਮੀਟਿੰਗ ਵਿਚ ਇਹ ਫ਼ੈਸਲਾ ਕੀਤਾ ਗਿਆ ਕਿ ਅਪ੍ਰੈਲ 1929 ਨੂੰ ਜਦੋਂ ਇਹ ਬਿੱਲ ਪੇਸ਼ ਕੀਤੇ ਜਾਣ ਤਾਂ ਭਗਤ ਸਿੰਘ ਤੇ ਉਸਦਾ ਸਾਥੀ ਬੀ.ਕੇ.ਦੱਤ

Digitized by Panjab Digital Library | www.panjabdigilib.org

ਕਿਸੇ ਤਰ੍ਹਾਂ ਐਸੰਬਲੀ ਵਿਚ ਪਹੁੰਚ ਕੇ ਕੇਂਦਰੀ ਹਾਲ ਵਿਚ ਬੰਬ ਸੁੱਟ ਕੇ ਅਜੇਹੀ ਸਥਿਤੀ ਪੈਦਾ ਕਰ ਦੇਣ ਕਿ ਇਹ ਦੋਵੇਂ ਬਿੱਲ ਪਾਸ ਹੋਣ ਤੋਂ ਰਹਿ ਜਾਣ। ਇਹ ਵੀ ਫ਼ੈਸਲਾ ਕੀਤਾ ਗਿਆ ਕਿ ਬੰਬ ਸੁੱਟਣ ਦਾ ਮਕਸਦ ਕਿਸੇ ਦੀ ਜਾਨ ਲੈਣਾ ਜਾਂ ਕਿਸੇ ਨੂੰ ਨੁਕਸਾਨ ਪਹੁੰਚਾਉਣਾ ਨਹੀਂ ਸਗੋਂ ਇਹ ਤਾਂ 'ਬੋਲੇ ਕੰਨਾਂ ਨੂੰ ਸੁਣਾਉਣ' ਵਾਸਤੇ ਹੈ ਜੋ ਭਾਰਤੀ ਲੋਕਾਂ ਦੀਆਂ ਸਮਸਿਆਵਾਂ ਅਤੇ ਉਨ੍ਹਾਂ ਦੀ ਸੁਤੰਤਰਤਾ ਪ੍ਰਤੀ ਅਵੇਸਲੇ ਅਤੇ ਸੁੰਨ ਹੋਏ ਬੈਠੇ ਹਨ। ਮੀਟਿੰਗ ਵਿਚ ਇਹ ਵੀ ਨਿਰਨਾ ਲਿਆ ਗਿਆ ਕਿ ਬੰਬ ਸੁਟਣ ਤੋਂ ਬਾਦ ਇਹ ਦੋਵੇਂ ਕ੍ਰਾਂਤੀਕਾਰੀ ਉਥੋਂ ਭਜਣ ਦੀ ਬਜਾਏ ਆਪਣੇ ਆਪ ਗ੍ਰਿਫ਼ਤਾਰੀ ਦੇ ਦੇਣਗੇ। ਹਰ ਕੋਈ ਜਾਣਦਾ ਸੀ ਕਿ ਇਨ੍ਹਾਂ ਦੇ ਗ੍ਰਿਫ਼ਤਾਰ ਹੋ ਜਾਣ ਮਗਰੋਂ ਅੰਗਰੇਜ਼ ਹਕੂਮਤ ਇਨ੍ਹਾਂ ਨਾਲ ਕੀ ਸਲੂਕ ਕਰੇਗੀ। ਪਰ ਭਗਤ ਸਿੰਘ ਅਤੇ ਬੀ.ਕੇ.ਦੱਤ ਉਸ ਨਤੀਜੇ ਲਈ ਵੀ ਤਿਆਰ ਸਨ।

8 ਅਪ੍ਰੈਲ 1929 ਨੂੰ ਭਗਤ ਸਿੰਘ ਆਪਣੇ ਸਾਥੀ ਬੀ.ਕੇ. ਦੱਤ ਨਾਲ ਵਿਜ਼ੇਟਰ ਗੈਲਰੀ ਦਾ ਪਾਸ ਲੈਕੇ ਅਸੈਂਬਲੀ ਹਾਲ ਵਿਚ ਪਹੁੰਚ ਗਿਆ। ਇਹ ਪਾਸ ਨਾਮਜ਼ਦ ਭਾਰਤੀ ਮੈਂਬਰਾਂ ਦੀ ਸਿਫ਼ਾਰਸ਼ ਤੇ ਦਿੱਤੇ ਗਏ ਸਨ, ਇਸੇ ਕਰਕੇ ਅੰਦਰ ਜਾਣ ਲਗਿਆਂ ਉਨ੍ਹਾਂ ਦੀ ਬਹੁਤੀ ਤਲਾਸ਼ੀ ਨਾ ਲਈ ਗਈ। ਭਗਤ ਸਿੰਘ ਕੋਲ ਬੰਬਾਂ ਤੋਂ ਇਲਾਵਾ ਸ੍ਵੈਚਾਲਕ ਪਸਤੌਲ ਵੀ ਸੀ। ਇਨ੍ਹਾਂ ਕੋਲ ਐਸੰਬਲੀ ਹਾਲ ਵਿਚ ਵੰਡਣ ਲਈ ਕੁਝ ਪਰਚੇ ਸਨ ਜਿਸ ਵਿਚ ਇਹ ਲਿਖਿਆ ਸੀ ਕਿ ਉਨ੍ਹਾਂ ਨੂੰ ਇਹ ਕਦਮ ਚੁਕਣ ਦੀ ਕਿਉਂ ਲੋੜ ਪਈ ਹੈ ਅਤੇ ਉਨ੍ਹਾਂ ਦੀ ਜੱਦੋ ਜਹਿਦ ਦਾ ਉਦੇਸ਼ ਕੀ ਹੈ। ਇਨ੍ਹਾਂ ਬਿੱਲਾਂ ਉਪਰ ਥੋੜੀ ਬਹੁਤ ਬਹਿਸ ਮਗਰੋਂ ਜਦੋਂ ਪ੍ਰਧਾਨ ਆਪਣਾ ਫ਼ੈਸਲਾ ਸੁਣਾਉਣ ਲਈ ਖੜਾ ਹੋਇਆ ਤਾਂ ਭਗਤ ਸਿੰਘ ਨੇ ਇਨਕਲਾਬ ਜ਼ਿੰਦਾਬਾਦ ਦਾ ਨਾਹਰਾ ਲਗਾਇਆ ਤੇ ਇਕ ਤੋਂ ਬਾਦ ਇਕ ਦੋ ਬੰਬ-ਅਸੈਂਬਲੀ ਹਾਲ ਵਿਚ ਸੁੱਟ ਦਿੱਤੇ। ਬੰਬ ਫਟਦਿਆਂ ਹੀ ਸਾਰਾ ਹਾਲ ਧੂੰਏ ਨਾਲ ਭਰ ਗਿਆ। ਲੋਕ ਆਪਣੀ ਜਾਨ ਬਚਾਉਣ ਲਈ ਇਧਰ ਉਧਰ ਭਜਣੇ ਸ਼ੁਰੂ ਹੋ ਗਏ। ਭਗਤ ਸਿੰਘ ਅਤੇ ਬੀ.ਕੇ. ਦੱਤ ਨੇ ਆਪਣੇ ਨਾਲ ਲਿਆਂਦੇ ਪਰਚੇ ਹਾਲ ਵਿਚ ਸੁੱਟੇ ਤੇ ਉਤਨੀ ਦੇਰ ਤਕ 'ਇਨਕਲਾਬ ਜ਼ਿੰਦਾਬਾਦ' ਦੇ ਨਾਹਰੇ ਲਗਾਉਂਦੇ ਰਹੇ ਜਿਤਨੀ ਦੇਰ ਤਕ ਕਿ ਉਨ੍ਹਾਂ ਨੂੰ ਗ੍ਰਿਫ਼ਤਾਰ ਨਾ ਕਰ ਲਿਆ ਗਿਆ। ਹਾਲ ਵਿਚ ਸੁੱਟੇ ਗਏ ਪਰਚਿਆਂ ਉਪਰ ਲਿਖਿਆ ਹੋਇਆ ਸੀ, 'ਬੋਲੇ ਕੰਨਾਂ ਨੂੰ ਸੁਣਾਉਣ ਲਈ ਕੜਕਵੀਂ ਆਵਾਜ਼ ਦੀ ਲੋੜ ਹੁੰਦੀ ਹੈ ਤੇ ਇਹੀ ਕੁਝ ਵਿਸ਼ਵ ਦੇ ਕ੍ਰਾਂਤੀਕਾਰੀ ਕਰਦੇ ਆਏ ਹਨ। ...ਸਾਨੂੰ ਆਸ ਹੈ ਕਿ ਸਾਡਾ ਇਹ ਕਦਮ ਅਤੇ ਸਾਡੀ ਕੁਰਬਾਨੀ ਸਭ ਲਈ ਸੁਤੰਤਰਤਾ ਲਿਆਵੇਗੀ ਅਤੇ ਅੰਗਰੇਜ਼ੀ ਸਾਮਰਾਜ ਦੁਆਰਾ ਕੀਤੇ ਜਾ ਰਹੇ ਸਾਡੇ ਸਮਾਜ ਅਤੇ ਮਨੁੱਖੀ ਸ਼ੋਸ਼ਨ ਨੂੰ ਠੱਲ੍ਹ ਪਾਵੇਗੀ'। ਸੋਹਨ ਸਿੰਘ ਜੋਸ਼ ਦਾ ਵਿਚਾਰ ਹੈ ਕਿ ਭਗਤ ਸਿੰਘ ਆਪਣੇ ਇਸ ਕਾਰਜ ਲਈ ਫ਼ਰਾਂਸੀਸੀ ਕ੍ਰਾਂਤੀਕਾਰੀ ਵਾਇਲਾਂ ਤੋਂ ਪ੍ਰਭਾਵਿਤ ਹੋਇਆ ਜਾਪਦਾ ਹੈ। ਵਾਇਲਾਂ ਨੇ ਫ਼ਰਾਂਸੀਸੀ ਅਸੈਂਬਲੀ ਵਿਚ ਬੰਬ ਸੁਟਣ ਮਗਰੋਂ ਆਪਣੇ ਬਿਆਨ ਵਿਚ ਕਿਹਾ ਸੀ ਕਿ 'ਬੋਲੇ ਕੰਨਾਂ ਨੂੰ ਸੁਣਾਉਣ ਵਾਸਤੇ ਜ਼ੋਰ ਨਾਲ ਖੜਕਾ ਕਰਨਾ ਜਰੂਰੀ ਸੀ'। ਮਗਰੋਂ ਉਸਦੇ ਇਸ ਐਕਸ਼ਨ ਲਈ ਉਸਨੂੰ ਫ਼ਾਂਸੀ ਦੇ ਦਿੱਤੀ ਗਈ ਸੀ।

ਪੁੱਤਰ ਦੇ ਗ੍ਰਿਫ਼ਤਾਰ ਹੋ ਜਾਣ ਤੇ ਸ੍ਰ: ਕਿਸ਼ਨ ਸਿੰਘ ਦਿੱਲੀ ਆਏ। ਉਹ ਭਗਤ ਸਿੰਘ ਨਾਲ ਜੇਲ੍ਹ ਵਿਚ ਮੁਲਾਕਾਤ ਕਰਨਾ ਚਾਹੁੰਦੇ ਸਨ ਪਰ ਉਨ੍ਹਾਂ ਨੂੰ ਇਜਾਜ਼ਤ ਨਾ ਦਿੱਤੀ ਗਈ ਤੇ ਉਹ ਵਾਪਸ ਲਾਹੌਰ ਪਰਤ ਗਏ। ਉਨ੍ਹਾਂ ਦੇ ਚਲੇ ਜ਼ਾਣ ਮਗਰੋਂ ਭਗਤ ਸਿੰਘ ਨੇ 26 ਅਪ੍ਰੈਲ 1929 ਨੂੰ ਇਕ ਚਿੱਠੀ ਆਪਣੇ ਪਿਤਾ ਦੇ ਨਾਮ ਲਿਖੀ ਜਿਸ ਦੀ ਇਬਾਰਤ ਇਸ ਪ੍ਰਕਾਰ ਸੀ:-

Digitized by Panjab Digital Library | www.panjabdigilib.org

'ਮੈਂ ਹੁਣ ਦਿੱਲੀ ਜੇਲ੍ਹ ਵਿਚ ਹਾਂ। ਮੁਕੱਦਮਾ 7 ਮਈ ਨੂੰ ਸ਼ੁਰੂ ਹੋਵੇਗਾ। ਉਮੀਦ ਹੈ ਇਹ ਸਾਰਾ ਨਾਟਕ ਇਕ ਮਹੀਨੇ ਦੇ ਅੰਦਰ ਅੰਦਰ ਖ਼ਤਮ ਹੋ ਜਾਵੇਗਾ। ਫ਼ਿਕਰ ਕਰਨ ਦੀ ਲੋੜ ਨਹੀਂ। ਤੇ ਨਾ ਹੀ ਮੇਰੇ ਲਈ ਕੋਈ ਵਕੀਲ ਕਰਨ ਦੀ ਲੋੜ ਹੈ... ਹੁਣ ਜਦੋਂ ਮਿਲਣ ਆਉ ਤਾਂ ਬੇਬੇ ਜੀ ਜਾਂ ਕਿਸੇ ਹੋਰ ਨੂੰ ਘਰੋਂ ਨਾ ਲਿਆਉਣਾ। ਉਹ ਖਾਹ ਮਖਾਹ ਰੋਣਗੀਆਂ... ਜੇ ਹੋ ਸਕੇ ਤਾਂ ਕੁਝ ਚੰਗੇ ਨਾਵਲ ਅਤੇ ਕਿਤਾਬਾਂ ਲੈਕੇ ਆਣਾ...'

ਇਹ ਜਾਣਦੇ ਹੋਏ ਵੀ ਕਿ ਅੰਗਰੇਜ਼ੀ ਸਰਕਾਰ ਉਸ ਨਾਲ ਕੀ ਸਲੂਕ ਕਰਨ ਵਾਲੀ ਸੀ, ਭਗਤ ਸਿੰਘ ਬੇਹਦ ਚੜ੍ਹਦੀ ਕਲਾ ਵਿਚ ਸੀ। ਇਹ ਚਿੱਠੀ ਉਸਦੇ ਅਡੋਲ ਮਨ ਅਤੇ ਦ੍ਰਿੜ੍ਹਤਾ ਦੀ ਖ਼ੂਬਸੂਰਤ ਮਿਸਾਲ ਹੈ।

ਉਸਨੂੰ ਪੜ੍ਹਣ ਦਾ ਬੇਹਦ ਸ਼ੌਕ ਸੀ। ਉਸਨੇ ਭਾਰਤੀ ਅਤੇ ਵਿਦੇਸ਼ੀ ਕ੍ਰਾਂਤੀਕਾਰੀ ਇਤਿਹਾਸ ਦਾ ਡੂੰਘਾ ਮੁਤਾਲਿਆ ਕੀਤਾ ਸੀ। Bhagat Singh and Ideology ਵਿਚ S.R. Bakshi ਲਿਖਦਾ ਹੈ ਕਿ ਕੁਝ ਪੁਸਤਕਾਂ ਜਿਨ੍ਹਾਂ ਨੇ ਉਸਦੀ ਵਿਚਾਰਧਾਰਾ ਨੂੰ ਬਹੁਤ ਪ੍ਰਭਾਵਿਤ ਕੀਤਾ ਉਨ੍ਹਾਂ ਵਿਚ ਆਨੰਦ ਮੱਠ, ਮੇਵਾੜ ਪਤਨ, ਬੰਦੀ ਜੀਵਨ, My Fight for Irish Freedom, Heroes and Heroines of Russia, Mother, Three Musketeers ਅਤੇ Victor Hugo ਦੀ ਪ੍ਰਸਿੱਧ ਕਲਾਸਕੀ ਰਚਨਾ Ninety Three ਨੂੰ ਰਖਿਆ ਜਾ ਸਕਦਾ ਹੈ, a work which depicted the French Revolution. ਭਗਤ ਸਿੰਘ ਦੇ ਇਕ ਹੋਰ ਜੀਵਨੀ ਕਾਰ K.K. Khullar ਨੇ ਲਿਖਿਆ ਹੈ ਕਿ ਰੂਸੀ ਲੇਖਕ ਅਤੇ ਚਿੰਤਕਾਂ ਵਿਚੋਂ ਉਸਨੂੰ ਲੈਨਿਨ, ਕਾਰਲ ਮਾਰਕਸ, ਗੈਰੀ ਬਾਲਡੀ, ਟਾਲਸਟਾਇ, ਤੁਰਗ਼ਨੇਵ ਅਤੇ ਚੈਖਵ ਪਸੰਦ ਸਨ। ਮਨਮਥ ਨਾਥ ਗੁਪਤਾ History of the Indian Revolutionary Movement ਦੇ ਪੰਨਾ 126 ਤੇ ਲਿਖਦਾ ਹੈ ਕਿ ਫ਼ਾਂਸੀ ਵਾਲੇ ਦਿਨ ਜਦੋਂ ਜੇਲ੍ਹ ਅਧਿਕਾਰੀ ਉਸਨੂੰ ਬੁਲਾਣ ਆਏ ਤਾਂ ਉਹ ਲੈਨਿਨ ਦੀ ਜੀਵਨ ਪੜ੍ਹ ਰਿਹਾ ਸੀ। ਸਾਂਡਰਸ ਨੂੰ ਕਤਲ ਕਰਨ ਮਗਰੋਂ ਉਸੇ ਰਾਤ ਭਗਤ ਸਿੰਘ ਤੇ ਸੁਖਦੇਵ, ਸੋਹਨ ਸਿੰਘ ਜੋਸ਼ ਦੇ ਘਰ ਪਹੁੰਚੇ ਸਨ। ਤੜਕ ਸਾਰ ਉਥੋਂ ਕਲਕੱਤੇ ਲਈ ਰਵਾਨਾ ਹੋਣ ਤੋਂ ਪਹਿਲਾਂ ਉਸਨੇ ਜੋਸ਼ ਕੋਲੋਂ Liberty and the Great Libertarians ਕਿਤਾਬ ਪੜ੍ਹਣ ਲਈ ਮੰਗੀ ਸੀ ਜੋ ਉਸਦੇ ਟੇਬਲ ਤੇ ਪਈ ਸੀ। S.R. Bakshi ਲਿਖਦਾ ਹੈ ਕਿ ਜੇਲ੍ਹ ਵਿਚ ਵੀ who so ever happened to meet him, he found him very busy reading one book or other. And often, persons meeting him used to pass on new books for his study. ਉਸਨੂੰ ਉਰਦੂ ਸ਼ਾਇਰੀ ਨਾਲ ਬੜਾ ਲਗਾਉ ਸੀ ਜਿਹਾ ਕਿ ਉਸਦੀਆਂ ਚਿੱਠੀਆਂ ਵਿਚ ਦਰਜ ਕਈ ਸ਼ੇਅਰਾਂ ਤੋਂ ਪਤਾ ਚਲਦਾ ਹੈ। ਮੁਕੱਦਮੇ ਦੌਰਾਨ ਕਚਹਿਰੀ ਵਿਚ ਦਿੱਤੇ ਬਿਆਨ ਉਸਦੀ ਵਿਦਵਤਾ, ਵਿਚਾਰਧਾਰਾ ਅਤੇ ਦ੍ਰਿੜ੍ਹਤਾ ਦਾ ਪ੍ਰਤਖ ਪ੍ਰਮਾਣ ਹਨ।

ਭਗਤ ਸਿੰਘ ਅਤੇ ਬੀ.ਕੇ. ਦੱਤ ਵਿਰੁੱਧ ਭਾਰਤੀ ਦੰਡ ਵਿਧਾਨ ਦੀ ਧਾਰਾ 307 ਅਤੇ ਵਿਸਫ਼ੋਟਕ ਪਦਾਰਥ ਐਕਟ ਦੀ ਧਾਰਾ 3 ਅਧੀਨ 7 ਮਈ 1929 ਨੂੰ ਅਦਾਲਤ ਵਿਚ ਮੁਕੱਦਮਾ ਸ਼ੁਰੂ ਹੋਇਆ। ਸਰਕਾਰੀ ਪੱਖ ਵਲੋਂ ਗਵਾਹੀਆਂ ਭੁਗਤ ਜਾਣ ਮਗਰੋਂ ਭਗਤ ਸਿੰਘ ਦਾ ਲਿਖਤੀ ਬਿਆਨ 6 ਜੂਨ 1929 ਨੂੰ ਆਸਫ਼ ਅਲੀ ਨੇ ਅਦਾਲਤ ਵਿਚ ਪੜ੍ਹ ਕੇ ਸੁਣਾਇਆ। ਇਹ ਬਿਆਨ ਭਗਤ ਸਿੰਘ ਨੇ ਬੜੀ ਮੇਹਨਤ ਨਾਲ ਆਪ ਹੀ ਤਿਆਰ ਕੀਤਾ ਸੀ। ਆਪਣੇ ਦੋਸ਼ ਨੂੰ ਸਵੀਕਾਰ

Digitized by Panjab Digital Library | www.panjabdigilib.org

ਕਰਦਿਆਂ ਭਗਤ ਸਿੰਘ ਨੇ ਲਿਖਿਆ ਸੀ ਕਿ ਅਸੀਂ ਉਨ੍ਹਾਂ ਲੋਕਾਂ ਵਲੋਂ, ਜਿਨ੍ਹਾਂ ਕੋਲ ਆਪਣੀ ਦਿਲੀ ਵੇਦਨ ਨੂੰ ਪ੍ਰਗਟ ਕਰਨ ਲਈ ਕੋਈ ਸ਼ਬਦ ਨਹੀਂ ਸੀ ਰਿਹਾ, ਰੋਸ ਪ੍ਰਗਟ ਕਰਨ ਲਈ ਸੰਸਦ ਭਵਨ ਵਿਚ ਬੰਬ ਸੁਟਿਆ। ...ਸਾਨੂੰ ਕਿਸੇ ਵੀ ਵਿਯਕਤੀ ਵਿਸ਼ੇਸ਼ ਵਿਰੁੱਧ ਕੋਈ ਨਿੱਜੀ ਈਰਖਾ ਨਹੀਂ। ਅਸੀਂ ਮਨੁੱਖੀ ਜੀਵਨ ਨੂੰ ਪਵਿੱਤਰ ਅਤੇ ਵਡਮੁੱਲਾ ਸਮਝਦੇ ਹਾਂ। ਅਸੀਂ ਤਾਂ ਬੇਖ਼ਬਰੇ ਕੰਨਾਂ ਨੂੰ ਸਾਵਧਾਨ ਕਰਨਾ ਚਾਹੁੰਦੇ ਸਾਂ ਕਿ ਭਾਰਤੀ-ਮਾਨਵਤਾ ਦੇ ਵਿਸ਼ਾਲ ਅਤੇ ਸ਼ਾਂਤ ਦਿਸਦੇ ਸਮੁੰਦਰ ਥਲਿਉਂ ਇਕ ਭਿਆਨਕ ਤੂਫਾਨ ਉਠਣ ਵਾਲਾ ਹੈ ਜਿਸਨੂੰ ਕੋਈ ਵੀ ਸਾਮਰਾਜੀ ਸ਼ਕਤੀ ਰੋਕ ਨਹੀਂ ਸਕੇਗੀ। ...ਸਾਡਾ ਉਦੇਸ਼ ਦੇਸ਼ ਵਿਚ ਸਮਾਜਵਾਦੀ ਗਣਤੰਤਰ ਸਥਾਪਿਤ ਕਰਨਾ ਹੈ ਜਿੱਥੇ ਮਨੁੱਖ ਦਾ ਮਨੁੱਖ ਦੁਆਰਾ ਅਤੇ ਕਿਸੇ ਰਾਸ਼ਟਰ ਦੁਆਰਾ ਦੂਜੇ ਰਾਸ਼ਟਰ ਦਾ ਸ਼ੋਸ਼ਨ ਨਾ ਕੀਤਾ ਜਾਵੇ ...ਇਨਕਲਾਬ ਤੋਂ ਸਾਡਾ ਭਾਵ ਅਜੇਹੇ ਸਮਾਜ ਦੀ ਸਥਾਪਨਾ ਕਰਨਾ ਹੈ ਜਿੱਥੇ ਆਰਥਕ ਅਸਮਾਨਤਾ, ਦੁੱਖ, ਤਕਲੀਫਾਂ ਅਤੇ ਗੁਲਾਮੀ ਵਰਗੀਆਂ ਕਮਜ਼ੋਰੀਆਂ ਦੀ ਕੋਈ ਥਾਂ ਨਾ ਹੋਵੇ ...ਅਸੀਂ ਇਨਕਲਾਬ ਦੇ ਆਉਣ ਦੀ ਉਡੀਕ ਵਿਚ ਹਾਂ ...ਇਨਕਲਾਬ ਜ਼ਿੰਦਾਬਾਦ।

ਭਗਤ ਸਿੰਘ

ਇਸ ਕੇਸ ਦੀ ਸੁਣਵਾਈ 10 ਜੂਨ 1929 ਨੂੰ ਖ਼ਤਮ ਹੋਈ ਅਤੇ ਫ਼ੈਸਲਾ 12 ਜੂਨ ਨੂੰ ਸੁਣਾਇਆ ਗਿਆ। ਅਸੈਂਬਲੀ ਵਿਚ ਬੰਬ ਸੁੱਟਣ ਅਤੇ ਆਪਣੇ ਕੋਲ ਵਿਸਫ਼ੋਟਕ ਸਮੱਗਰੀ ਰਖਣ ਦੇ ਦੋਸ਼ ਵਿਚ ਦੋਹਾਂ ਕ੍ਰਾਂਤੀਕਾਰੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਜੱਜ ਦੁਆਰਾ ਫ਼ੈਸਲਾ ਸੁਣਾਏ ਜਾਣ ਮਗਰੋਂ ਇਨ੍ਹਾਂ ਨੂੰ ਮੀਆਂਵਾਲੀ ਜੇਲ੍ਹ (ਅਜੋਕੇ ਪਾਕਿਸਤਾਨ) ਵਿਚ ਭੇਜ ਦਿੱਤਾ ਗਿਆ। ਪਰ ਸਰਕਾਰੀ ਅਧਿਕਾਰੀ ਸਾਂਡਰਸ ਕਤਲ ਕੇਸ ਦੇ ਮਾਮਲੇ ਵਿਚ ਜਲਦੀ ਹੀ ਭਗਤ ਸਿੰਘ ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਲੈ ਆਏ। ਉਸਨੇ ਮੀਆਂਵਾਲੀ ਅਤੇ ਲਾਹੌਰ ਜੇਲ੍ਹ ਵਿਚ ਕੈਦੀਆਂ ਨਾਲ ਹੁੰਦੇ ਮਾੜੇ ਵਰਤਾਉ ਨੂੰ ਵੇਖਿਆ ਸੀ। ਇਨ੍ਹਾਂ ਕੈਦੀਆਂ ਵਿਚੋਂ ਬਹੁਤੇ ਗ਼ਦਰ ਲਹਿਰ ਅਤੇ ਹੋਰ ਕ੍ਰਾਂਤੀਕਾਰੀ ਗਤੀਵਿਧੀਆਂ ਕਰਕੇ ਲੰਮੀਆਂ ਸਜ਼ਾਵਾਂ ਕੱਟ ਰਹੇ ਸਨ। ਲਾਹੌਰ ਜੇਲ੍ਹ ਵਿਚ ਆਕੇ ਭਗਤ ਸਿੰਘ ਨੇ ਇਕ ਹੋਰ ਸੰਘਰਸ਼ ਸ਼ੁਰੂ ਕਰ ਦਿੱਤਾ। ਇਹ ਸੰਘਰਸ਼ ਕੈਦੀਆਂ ਦੀ ਦਸ਼ਾ ਸੁਧਾਰਨ ਅਤੇ ਜੇਲ੍ਹ ਅਧਿਕਾਰੀਆਂ ਵਲੋਂ ਕੀਤੇ ਜਾਂਦੇ ਅਣਮਨੁੱਖੀ ਵਤੀਰੇ ਨੂੰ ਠਲ੍ਹ ਪਾਉਣ ਲਈ ਸੀ। ਇਸ ਲਈ ਉਸਨੇ 15 ਜੂਨ 1929 ਤੋਂ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। ਹੌਲੀ ਹੌਲੀ ਦੂਜੇ ਕ੍ਰਾਂਤੀਕਾਰੀ ਕੈਦੀ ਵੀ ਉਸਦੀ ਭੁੱਖ ਹੜਤਾਲ ਵਿਚ ਸ਼ਾਮਲ ਹੋ ਗਏ। ਉਨ੍ਹਾਂ ਦੀ ਭੁੱਖ ਹੜਤਾਲ ਦੇ ਸਮਰਥਨ ਅਤੇ ਸਰਕਾਰ ਦੇ ਖ਼ਲਾਫ ਵਿਰੋਧ ਪ੍ਰਗਟ ਕਰਨ ਲਈ ਅੰਮ੍ਰਿਤਸਰ ਅਤੇ ਲਾਹੌਰ ਵਿਚ ਕਈ ਸਭਾਵਾਂ ਕੀਤੀਆਂ ਗਈਆਂ ਜਿਨ੍ਹਾਂ ਵਿਚ 'ਬਰਤਾਨਵੀ ਸਰਕਾਰ ਦਾ ਸਤਿਆ ਨਾਸ ਹੋਵੇ' ਅਤੇ 'ਇਨਕਲਾਬ ਜ਼ਿੰਦਾਬਾਦ' ਦੇ ਨਾਹਰੇ ਗੂੰਜਦੇ ਰਹੇ। ਲੋਕਾਂ ਦੇ ਵਿਰੋਧ ਦੇ ਬਾਵਜੂਦ ਸਰਕਾਰ ਨੇ ਹੜਤਾਲੀ ਨੌਜਵਾਨਾਂ ਪ੍ਰਤੀ ਆਪਣੇ ਰਵੱਈਏ ਵਿਚ ਕੋਈ ਤਬਦੀਲੀ ਨਾ ਕੀਤੀ ਪਰ ਆਖ਼ਰ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੀ ਦ੍ਰਿੜ੍ਹਤਾ ਨੂੰ ਵੇਖਦੇ ਹੋਏ ਸਰਕਾਰ 2 ਸਤੰਬਰ 1929 ਨੂੰ ਪੰਜਾਬ ਜੇਲ੍ਹ ਪੜਤਾਲੀਆ ਕਮੇਟੀ ਨਿਯੁਕਤ ਕਰਨ ਅਤੇ ਰਾਜਸੀ ਕੈਦੀਆਂ ਨੂੰ ਸਹੂਲਤਾਂ ਮੁਹੱਈਆ ਕਰਾਉਣ ਲਈ ਰਾਜ਼ੀ ਹੋ ਗਈ। ਉਦੋਂ ਭਗਤ ਸਿੰਘ ਨੂੰ ਭੁੱਖ ਹੜਤਾਲ ਤੇ ਬੈਠਿਆਂ 81 ਦਿਨ ਹੋ ਗਏ ਸਨ ਤੇ ਉਸਦੇ ਬਾਕੀ ਸਾਥੀ 53 ਦਿਨ ਪੂਰੇ ਕਰ ਚੁਕੇ ਸਨ। ਭੁੱਖ ਹੜਤਾਲ ਦੀ ਸਭ ਤੋਂ ਦੁਖਦਾਈ ਘਟਨਾ ਬੰਗਾਲੀ ਕ੍ਰਾਂਤੀਕਾਰੀ ਜੈਤਿਨ ਦਾਸ ਦੀ ਮੌਤ ਸੀ। ਉਹ 64 ਦਿਨ ਦੀ ਭੁੱਖ ਹੜਤਾਲ ਮਗਰੋਂ 13 ਸਤੰਬਰ 1929 ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਸ਼ਹਾਦਤ ਦਾ

Digitized by Panjab Digital Library | www.panjabdigilib.org

ਜਾਮ ਪੀ ਗਿਆ। ਆਖ਼ਰ ਫ਼ਰਵਰੀ 1930 ਵਿਚ ਸਰਕਾਰ ਪੜਤਾਲੀਆ ਕਮੇਟੀ ਦੀਆਂ ਸਿਫ਼ਾਰਸ਼ਾਂ ਨੂੰ ਕਾਨੂੰਨੀ ਸ਼ਕਲ ਦੇਣ ਲਈ ਤਿਆਰ ਹੋ ਗਈ। ਭਗਤ ਸਿੰਘ ਨੂੰ ਜੈਤਿਨ ਦਾਸ ਦੀ ਮੌਤ ਦਾ ਬਹੁਤ ਅਫ਼ਸੋਸ ਸੀ।

ਭਗਤ ਸਿੰਘ ਤੇ ਸਾਂਡਰਸ ਕਤਲ ਕੇਸ ਦਾ ਮੁਕੱਦਮਾ ਇਕ ਵਿਸ਼ੇਸ਼ ਮੈਜਿਸਟ੍ਰੇਟ ਦੀ ਅਦਾਲਤ ਵਿਚ 10 ਜੁਲਾਈ 1929 ਨੂੰ ਸ਼ੁਰੂ ਹੋਇਆ। ਲਾਹੌਰ ਸੈਂਟਰਲ ਜੇਲ੍ਹ ਵਿਚ ਚਲਾਏ ਗਏ ਇਸ ਮੁਕੱਦਮੇ ਨੂੰ ਲਾਹੌਰ ਸਾਜ਼ਸ਼ ਕੇਸ (1929) ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਭਗਤ ਸਿੰਘ ਅਤੇ ਉਸਦੇ ਸਾਥੀਆਂ ਤੇ ਸਰਕਾਰੀ ਕਰਮਚਾਰੀ ਨੂੰ ਕਤਲ ਕਰਨ, ਬੰਬ ਬਣਾਉਣ ਅਤੇ ਸਰਕਾਰ ਵਿਰੁੱਧ 'ਯੁੱਧ ਲੜਨ' ਦਾ ਦੋਸ਼ ਸੀ। ਭਗਤ ਸਿੰਘ ਸਮੇਤ ਕੁਲ 24 ਕ੍ਰਾਂਤੀਕਾਰੀਆਂ ਤੇ ਕੇਸ ਚਲਾਇਆ ਗਿਆ ਜਿਨ੍ਹਾਂ ਵਿਚੋਂ 6 ਭਗੌੜੇ ਕਰਾਰ ਦਿੱਤੇ ਗਏ ਅਤੇ 3 ਹੋਰ ਕ੍ਰਾਂਤੀਕਾਰੀਆਂ ਦੇ ਦੋਸ਼ ਖ਼ਾਰਜ ਕਰ ਦਿੱਤੇ ਗਏ।

ਇਸ ਕੇਸ ਤੋਂ ਨਿਕਲਣ ਵਾਲੇ ਸਿੱਟਿਆਂ ਦੀ ਗੰਭੀਰਤਾ ਨੂੰ ਨਕਾਰਦੇ ਹੋਏ ਭਗਤ ਸਿੰਘ ਜੇਲ੍ਹ ਵਿਚ ਵੀ ਆਪਣਾ ਬਹੁਤਾ ਸਮਾਂ ਪੁਸਤਕਾਂ ਪੜ੍ਹਣ ਵਿਚ ਹੀ ਲਗਾਂਦਾ ਰਿਹਾ। ਉਸਨੇ ਆਪਣੇ ਭਰਾ ਕੁਲਬੀਰ ਨੂੰ ਸੋਵੀਯਤ ਕ੍ਰਾਂਤੀ ਅਤੇ 'ਵਾਹੀ ਮੈਨ ਫ਼ਾਈਟ' ਆਦਿ 11 ਪੁਸਤਕਾਂ ਦੀ ਸੂਚੀ ਭੇਜੀ ਸੀ ਤੇ ਲਿਖਿਆ ਸੀ ਕਿ ਜਦੋਂ ਉਹ ਉਸਨੂੰ ਮਿਲਣ ਆਵੇ, ਉਹ ਇਹ ਪੁਸਤਕਾਂ ਜ਼ਰੂਰ ਲੈਂਦਾ ਆਵੇ। ਜੇਲ੍ਹ ਵਿਚ ਹੀ ਉਹ ਸੰਤ ਰਣਧੀਰ ਸਿੰਘ ਜੀ ਨੂੰ ਮਿਲਿਆ ਜਿਨ੍ਹਾਂ ਦੀ ਪ੍ਰੇਰਨਾਂ ਸਦਕਾ ਉਸਨੇ ਮੁੜ ਸਿੱਖੀ ਧਾਰਨ ਕਰ ਲਈ। ਸਿੱਖ ਧਰਮ ਵਿਚ ਉਸਦਾ ਵਿਸ਼ਵਾਸ ਸਦਾ ਸਥਿਰ ਅਤੇ ਦ੍ਰਿੜ੍ਹ ਰਿਹਾ ਜਿਹਾ ਕਿ ਸੰਤ ਰਣਧੀਰ ਸਿੰਘ ਦੁਆਰਾ ਲਿਖਿਤ 'ਜੇਲ੍ਹ ਚਿੱਠੀਆਂ' ਤੋਂ ਪਤਾ ਲਗਦਾ ਹੈ। S.R. Baskhi, Bhagat Singh and his Ideology ਵਿਚ ਲਿਖਦਾ ਹੈ ਕਿ ਉਹ ਗੁਰੂ ਗੋਬਿੰਦ ਸਿੰਘ ਜੀ ਦੇ ਸ੍ਵੈ-ਵਿਸ਼ਵਾਸ ਅਤੇ ਕੁਰਬਾਨੀ ਤੋਂ ਬੜੀ ਪ੍ਰੇਰਨਾ ਲੈਂਦਾ ਰਿਹਾ। ਉਸ ਦੇ ਹੋਰ ਪ੍ਰੇਰਨਾ ਸਰੋਤ ਸ਼ਿਵਾ ਜੀ, ਕਮਾਲ ਪਾਸ਼ਾ, ਵਾਸ਼ਿੰਗਟਨ, ਗੈਰੀਬਾਲਡੀ, ਲਫ਼ਾਇਟ, ਲੈਨਿਨ ਅਤੇ ਗ਼ਦਰ ਲਹਿਰ ਦੇ ਕ੍ਰਾਂਤੀਕਾਰੀ ਸਨ ਜਿਨ੍ਹਾਂ ਦੀਆਂ ਕੁਰਬਾਨੀਆਂ ਨੇ ਉਸਨੂੰ ਕਿਸੇ ਵੀ ਕੁਰਬਾਨੀ ਅਤੇ ਬਲੀਦਾਨ ਲਈ ਪੂਰੇ ਤੌਰ ਤੇ ਤਿਆਰ ਕਰ ਦਿੱਤਾ ਸੀ।

ਜਦੋਂ ਭਗਤ ਸਿੰਘ ਤੇ ਮੁਕੱਦਮਾ ਚਲ ਰਿਹਾ ਸੀ ਉਸਨੇ ਨਾ ਤਾਂ ਕੋਈ ਵਕੀਲ ਹੀ ਕੀਤਾ ਅਤੇ ਨਾ ਹੀ ਕੋਈ ਸਫ਼ਾਈ ਪੇਸ਼ ਕੀਤੀ। ਉਸਦਾ ਮਕਸਦ ਝੂਠੇ ਸੱਚੇ ਗਵਾਹ ਭੁਗਤਾ ਕੇ ਜਾਨ ਬਚਾਉਣਾ ਨਹੀਂ ਸੀ, ਸਗੋਂ ਉਹ ਮੁਕੱਦਮੇ ਦੇ ਦੌਰਾਨ ਆਪਣੇ ਬਿਆਨਾਂ ਰਾਹੀਂ ਸੁਤੰਤਰਤਾ ਦੇ ਵਿਚਾਰਾਂ ਨੂੰ ਦੇਸ਼ ਵਾਸੀਆਂ ਤਕ ਪਹੁੰਚਾਉਣਾ ਚਾਹੁੰਦਾ ਸੀ। ਜਦੋਂ ਉਸਦੇ ਪਿਤਾ ਸ੍ਰ: ਕਿਸ਼ਨ ਸਿੰਘ ਨੇ ਉਸਨੂੰ ਬਚਾਉਣ ਲਈ ਸਪੈਸ਼ਲ ਟ੍ਰਾਈਬੀਊਨਲ ਅਗੇ ਇਹ ਅਰਜ਼ੀ ਦਿੱਤੀ ਕਿ ਸਾਂਡਰਸ ਦੇ ਕਤਲ ਵਾਲੇ ਦਿਨ ਭਗਤ ਸਿੰਘ ਲਾਹੌਰ ਵਿਚ ਨਹੀਂ ਸਗੋਂ ਕਲਕੱਤਾ ਸੀ ਤਾਂ ਭਗਤ ਸਿੰਘ ਨੂੰ ਇਸ ਗੱਲ ਦਾ ਅਕਿਹ ਧੱਕਾ ਲਗਾ। ਉਸਨੇ ਆਪਣੇ ਪਿਤਾ ਨੂੰ ਚਿੱਠੀ ਲਿਖੀ ਜਿਸ ਦੀਆਂ ਕੁਝ ਸਤਰਾਂ ਇਸ ਪ੍ਰਕਾਰ ਹਨ :

'ਇਹ ਗੱਲ ਸੁਣਕੇ ਮੇਰੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ ਕਿ ਤੁਸੀਂ ਮੇਰੇ ਬਚਾਉ ਲਈ ਵਿਸ਼ੇਸ਼ ਟ੍ਰਾਈਬੀਊਨਲ ਦੇ ਮੈਂਬਰਾਂ ਨੂੰ ਇਕ ਪੈਟੀਸ਼ਨ ਘਲੀ ਹੈ। ਮੇਰੇ ਲਈ ਇਸ ਕਿਸਮ ਦੀ ਸੋਚ ਇੰਨੀ ਸਖ਼ਤ ਚੋਟ ਹੈ ਕਿ ਇਕਾਗਰਤਾ ਨਾਲ ਸਹੀ ਨਹੀਂ ਜਾ ਸਕਦੀ। ਉਸ ਨੇ ਮੇਰੇ ਮਨ ਦਾ ਸਾਰਾ ਸੰਤੁਲਨ ਵੀ ਗੁਆ ਦਿੱਤਾ ਹੈ। ਮੈਂ ਇਸ ਨੂੰ ਸਮਝਣ ਤੋਂ ਅਸਮਰਥ ਹਾਂ

Digitized by Panjab Digital Library | www.panjabdigilib.org

ਕਿ ਤੁਸੀਂ ਇਸ ਪੱਧਰ ਤੇ ਅਤੇ ਇਨ੍ਹਾਂ ਹਾਲਤਾਂ ਵਿਚ ਅਜੇਹੀ ਪੈਟੀਸ਼ਨ ਘੱਲਣ ਲਈ ਕਿਵੇਂ ਸੋਚ ਲਿਆ? ਮੈਂ ਕਦੇ ਵੀ ਆਪਣੇ ਆਪ ਨੂੰ ਬਚਾਉਣ ਦੀ ਆਸ਼ਾ ਨਹੀਂ ਕੀਤੀ ਅਤੇ ਨਾ ਹੀ ਕਦੇ ਮੈਂ ਇਸ ਬਾਰੇ ਗੰਭੀਰਤਾ ਨਾਲ ਸੋਚਿਆ ਹੈ। ...ਤੁਸੀਂ ਜਾਣਦੇ ਹੋ ਕਿ ਅਸੀਂ ਇਸ ਮੁਕੱਦਮੇ ਵਿਚ ਇਕ ਨਿਸ਼ਚਿਤ ਨੀਤੀ ਤੇ ਚਲ ਰਹੇ ਹਾਂ ਤੇ ਮੇਰਾ ਹਰ ਕਦਮ ਉਸ ਨੀਤੀ, ਨਿਯਮਾਂ ਅਤੇ ਪ੍ਰੋਗਰਾਮ ਦੇ ਅਨੁਕੂਲ ਹੀ ਚਲਦਾ ਹੈ... ਲਾਹੌਰ ਸਾਜ਼ਸ਼ ਕੇਸ ਦੀ ਸਥਿਤੀ ਨੇ ਸਾਨੂੰ ਇਹ ਅਵਸਰ ਦਿੱਤਾ ਹੈ ਕਿ ਅਸੀਂ ਜਨਤਾ ਨੂੰ ਵਿਖਾ ਸਕੀਏ ਕਿ ਅਸੀਂ (ਅੰਗਰੇਜ਼ੀ) ਕਾਨੂੰਨ ਦਾ ਅਪਮਾਨ ਕਿਵੇਂ ਕਰ ਰਹੇ ਹਾਂ। ਮੇਰਾ ਜੀਵਨ ਮੇਰੇ ਲਈ ਇਤਨਾ ਕੀਮਤੀ ਨਹੀਂ... ਜਿਤਨਾ ਤੁਹਾਡੇ ਲਈ ਹੋ ਸਕਦਾ ਹੈ। ਪਰ ਮੇਰੇ ਅਸੂਲਾਂ ਅਤੇ ਮੇਰੇ ਮਿੱਥੇ ਹੋਏ ਪ੍ਰੋਗਰਾਮ ਦੇ ਸਾਮ੍ਹਣੇ ਇਸਦਾ ਕੋਈ ਮੁੱਲ ਨਹੀਂ। ...ਪਿਤਾ ਜੀ ਮੈਨੂੰ ਸ਼ੰਕਾ ਹੈ ਕਿ ਮੈਂ ਸ਼ਿਸਟਾਚਾਰ ਦੇ ਸਾਧਾਰਨ ਨੇਮਾਂ ਦਾ ਉਲੰਘਨ ਨਾ ਕਰ ਰਿਹਾ ਹੋਵਾਂ ਅਤੇ ਮੇਰੀ ਭਾਸ਼ਾ ਵੀ ਕੁਝ ਰੁੱਖੀ ਹੋ ਗਈ ਹੋਵੇ... ਪਰ ਤੁਹਾਡੇ ਵਲੋਂ ਦਿੱਤੀ ਪੈਟੀਸ਼ਨ ਨੂੰ ਮੈਂ ਤੁਹਾਡੀ ਬਹੁਤ ਵਡੀ... ਕਮਜ਼ੋਰੀ ਆਖਾਂਗਾ ਜੋ ਤੁਹਾਨੂੰ ਨਹੀਂ ਸੀ ਕਰਨੀ ਚਾਹੀਦੀ। ਅੰਤ ਵਿਚ ਮੈਂ ਤੁਹਾਨੂੰ ਸੂਚਿਤ ਕਰਨਾ ਚਾਹੁੰਦਾ ਹਾਂ ਕਿ ਮੈਂ ਤੁਹਾਡੇ ਇਸ ਕਦਮ ਨੂੰ ਪ੍ਰਵਾਨ ਨਹੀਂ ਕਰਦਾ।

ਭਗਤ ਸਿੰਘ ਦੀ ਇਹ ਚਿੱਠੀ 4 ਅਕਤੂਬਰ 1930 ਨੂੰ ਟ੍ਰਿਬਿਯੂਨ ਅਖ਼ਬਾਰ ਵਿਚ ਪ੍ਰਕਾਸ਼ਿਤ ਹੋਈ ਸੀ। 7 ਅਕਤੂਬਰ 1930 ਨੂੰ ਭਗਤ ਸਿੰਘ, ਰਾਜਗੁਰੂ ਅੰਤੇਂ ਸੁਖਦੇਵ ਨੂੰ ਫ਼ਾਂਸੀ ਦੀ ਸਜ਼ਾ ਸੁਣਾਈ ਗਈ ਜਦ ਕਿ ਬਾਕੀਆਂ ਵਿਚੋਂ ਸ਼ਿਵ ਵਰਮਾ, ਕਿਸ਼ੋਰੀ ਲਾਲ, ਗਯਾ ਪ੍ਰਸ਼ਾਦਿ, ਜੈਦੇਵ ਕਪੂਰ, ਵਿਜੈ ਕੁਮਾਰ ਸਿਨਾਹ, ਮਹਾਂਬੀਰ ਸਿੰਘ ਅਤੇ ਕਮਲਨਾਥ ਤਿਵਾੜੀ ਨੂੰ ਉਮਰ ਕੈਦ ਦੀ ਸਜ਼ਾ ਹੋਈ। ਠੋਸ ਸਬੂਤ ਨਾ ਮਿਲਣ ਕਾਰਨ ਅਜੈ ਘੋਸ਼, ਜਤਿੰਦਰ ਨਾਥ ਸਿਨਾਹ ਅਤੇ ਦੇਸ ਰਾਜ ਨੂੰ ਬਰੀ ਕਰ ਦਿੱਤਾ ਗਿਆ। ਭਗਵਤੀ ਚਰਨ ਪਹਿਲਾਂ ਹੀ ਮਈ 1930 ਵਿਚ ਅਤੇ ਚੰਦਰ ਸ਼ੇਖ਼ਰ ਆਜ਼ਾਦ ਫ਼ਰਵਰੀ 1931 ਵਿਚ ਪੁਲਿਸ ਨਾਲ ਹੋਈ ਮੁੱਠ ਭੇੜ ਵਿਚ ਸ਼ਹਾਦਤ ਦਾ ਜਾਮ ਪੀ ਚੁੱਕੇ ਸਨ।

ਜਦੋਂ ਭਗਤ ਸਿੰਘ ਨੂੰ ਫ਼ਾਂਸੀ ਦੀ ਸਜ਼ਾ ਸੁਣਾਈ ਗਈ ਉਹ ਅਦਾਲਤ ਵਿਚ ਹਾਜ਼ਰ ਨਹੀਂ ਸੀ। ਇਸ ਲਈ ਇਕ ਵਕੀਲ ਜੇਲ੍ਹ ਦੇ ਸੁਪਰਡੈਂਟ ਨਾਲ ਭਗਤ ਸਿੰਘ ਦੀ ਬੈਰਿਕ ਵਿਚ ਆਇਆ ਜਿੱਥੇ ਉਹ ਆਪਣੇ ਕੁਝ ਸਾਥੀਆਂ ਨਾਲ ਬੈਠਾ ਗੱਲ ਬਾਤ ਕਰ ਰਿਹਾ ਸੀ। ਵਕੀਲ ਨੇ ਭਗਤ ਸਿੰਘ ਨੂੰ ਸੰਬੋਧਨ ਕਰਦਿਆਂ ਕਿਹਾ, 'ਸਰਦਾਰ ਭਗਤ ਸਿੰਘ ਮੈਨੂੰ ਇਹ ਦਸਦਿਆਂ ਬੜਾ ਦੁੱਖ ਹੋ ਰਿਹਾ ਹੈ ਕਿ ਅਦਾਲਤ ਨੇ ਤੈਨੂੰ ਮੌਤ ਦੀ ਸਜ਼ਾ ਸੁਣਾਈ ਹੈ'। ਭਗਤ ਸਿੰਘ ਨੇ ਉਸ ਦੀ ਗੱਲ ਵਲ ਧਿਆਨ ਦਿੱਤੇ ਬਗ਼ੈਰ ਬੜੀ ਬੇਫ਼ਿਕਰੀ ਨਾਲ ਕਿਹਾ, ਇਸ ਵਿਚ ਦੁੱਖ ਦੀ ਕੇਹੜੀ ਗੱਲ ਹੈ? ਇਹ ਖ਼ਬਰ ਮੈਂ ਪਹਿਲਾਂ ਹੀ ਸੁਣ ਚੁਕਾ ਹਾਂ'। ਵਕੀਲ ਨੇ ਫ਼ਿਰ ਕਿਹਾ, 'ਪਰ ਇਹ ਜਵਾਨੀ ਦੀ ਉਮਰ ਇਸ ਸਜ਼ਾ ਦੇ ਯੋਗ ਨਹੀਂ"। ਇਸ ਤੇ ਭਗਤ ਸਿੰਘ ਨੇ ਗੁਰਬਾਣੀ ਦੀ ਇਹ ਪੰਕਤੀ ਪੜ੍ਹੀ ਤੇ ਕਿਹਾ ਕਿ ਚੰਗਾ ਇਹੀ ਹੈ ਕਿ ਅਜੇਹੀ ਸਜ਼ਾ ਜਵਾਨੀ ਵਿਚ ਹੀ ਮਿਲੇ ਤੇ ਮੈਨੂੰ ਇਸ ਗੱਲ ਦੀ ਖੁਸ਼ੀ ਹੈ:

> ਕਬੀਰ ਜਿਸੁ ਮਰਨੇ ਤੇ ਜਗੁ ਡਰੈ, ਮੇਰੇ ਮਨਿ ਆਨੰਦੁ।
> ਮਰਨੇ ਹੀ ਤੇ ਪਾਈਐ, ਪੂਰਨੁ ਪਰਮਾ ਨੰਦੁ॥
>
> (ਗੁਰੂ ਗ੍ਰੰਥ ਸਾਹਿਬ, ਪੰਨਾ, 1365)

Digitized by Panjab Digital Library | www.panjabdigilib.org

ਸਰਕਾਰੀ ਵਕੀਲ ਨੇ ਫ਼ਿਰ ਆਪਣੇ ਵਲੋਂ ਨਸੀਹਤ ਦਿੰਦਿਆਂ ਕਿਹਾ ਕਿ ਤੂੰ ਦਇਆ ਯਾਚਨਾਂ ਦੀ ਅਰਜ਼ੀ ਦੇਕੇ ਮੌਤ ਦੀ ਸਜ਼ਾ ਤੋਂ ਬੱਚ ਸਕਦਾ ਹੈਂ। ਭਗਤ ਸਿੰਘ ਨੇ ਉਸਦੀ ਗੱਲ ਨੂੰ ਨਕਾਰਦਿਆਂ ਕਿਹਾ ਕਿ 'ਮੈਨੂੰ ਇਸ ਨਜ਼ਾਮ ਕੋਲੋਂ ਕਿਸੇ ਇਨਸਾਫ਼ ਦੀ ਆਸ ਨਹੀਂ। ਦੁਸ਼ਮਨ ਕੋਲੋਂ ਭਿੱਖ ਮੰਗਣ ਨਾਲੋਂ ਬਹਾਦਰੀ ਨਾਲ ਮਰਨਾ ਚੰਗਾ ਹੈ ਤੇ ਉਸ ਲਈ ਮੈਂ ਪੂਰੀ ਤਰਾਂ ਤਿਆਰ ਹਾਂ।' ਇਨ੍ਹਾਂ ਦਿਨਾਂ ਵਿਚ ਗਾਂਧੀ ਇਰਵਨ ਪੈਕਟ ਦੀਆਂ ਗੱਲਾਂ ਚਲ ਰਹੀਆਂ ਸਨ। ਮਹਾਤਮਾਂ ਗਾਂਧੀ ਨੇ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਫ਼ਾਂਸੀ ਨੂੰ ਸਮਝੌਤੇ ਦੀ ਇਕ ਸ਼ਰਤ ਨਾ ਬਣਾ ਕੇ ਸਗੋਂ ਲਾਰਡ ਇਰਵਿਨ ਨੂੰ ਇਹ ਚਿਤਾਵਨੀ ਦਿੱਤੀ ਕਿ 'ਜੇ ਇਨ੍ਹਾਂ ਮੁੰਡਿਆਂ ਨੂੰ ਫਾਂਸੀ ਦੇਣੀ ਹੀ ਹੈ ਤਾਂ ਉਹ ਕਰਾਚੀ ਵਿਚ ਹੋਣ ਵਾਲੇ ਕਾਂਗਰਸ ਦੇ ਸੈਸ਼ਨ ਤੋਂ ਪਹਿਲਾਂ ਦੇ ਦੇਣੀ ਬੇਹਤਰ ਹੋਵੇਗੀ'। ਗਾਂਧੀ ਇਰਵਿਨ ਸਮਝੋਤਾ 5 ਮਾਰਚ 1931 ਨੂੰ ਹੋਇਆ। ਜੇ ਮਹਾਤਮਾਂ ਗਾਂਧੀ ਚਾਹੁੰਦੇ ਤਾਂ ਉਹ ਵਾਇਸਰਾਇ ਨਾਲ ਸਮਝੌਤਾ ਕਰਨ ਤੋਂ ਪਹਿਲਾਂ ਇਨ੍ਹਾਂ ਨੌਜਵਾਨਾਂ ਦੀ ਸਜ਼ਾ ਨੂੰ ਘਟਾਣ ਦਾ ਇਕ ਮੁੱਦਾ ਬਣਾਕੇ ਇਨ੍ਹਾਂ ਦੀ ਜਾਨ ਬਚਾ ਸਕਦੇ ਸਨ। ਪਰ ਉਨ੍ਹਾਂ ਅਜੇਹਾ ਕੁਝ ਨਾ ਕੀਤਾ। ਗਾਂਧੀ ਜੀ ਦੇ ਕ੍ਰਾਂਤੀਕਾਰੀਆਂ ਪ੍ਰਤੀ ਵਤੀਰੇ ਦਾ ਜ਼ਿਕਰ ਕਰਦਿਆਂ ਆਜ਼ਾਦ ਹਿੰਦ ਫ਼ੌਜ ਦੇ ਬਾਨੀ ਜਨਰਲ ਮੋਹਨ ਸਿੰਘ ਲਿਖਦੇ ਹਨ ਕਿ ਜੇ ਉਨ੍ਹਾਂ ਇਸ ਰਾਸ਼ਟ੍ਰੀ ਯੋਧੇ ਦੀ ਰਿਹਾਈ ਨੂੰ ਇਕ ਕੌਮੀ ਪ੍ਰਸ਼ਨ ਬਣਾ ਲਿਆ ਹੁੰਦਾ ਤਾਂ ਸਾਰੀ ਕੌਮ ਕੁਰਬਾਣੀ ਕਰਨ ਲਈ ਤਿਆਰ ਸੀ ਅਤੇ ਇਸ ਤਰ੍ਹਾਂ ਉਹ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੂੰ ਫ਼ਾਂਸੀ ਤੋਂ ਬਚਾ ਸਕਦੇ ਸਨ।

ਭਗਤ ਸਿੰਘ ਦੀ ਆਪਣੇ ਮਾਤਾ ਪਿਤਾ ਨਾਲ ਆਖ਼ਰੀ ਮੁਲਾਕਾਤ 3 ਮਾਰਚ 1931 ਨੂੰ ਹੋਈ। ਉਹ ਹਮੇਸ਼ਾ ਵਾਂਗ ਬੜਾ ਪ੍ਰਸੰਨ ਚਿਤ ਅਤੇ ਚੜ੍ਹਦੀ ਕਲਾ ਵਿਚ ਸੀ। ਇਸ ਦਿਨ ਉਸਦੇ ਮਾਤਾ ਪਿਤਾ ਤੋਂ ਛੁੱਟ ਉਸਦੀਆਂ ਭੈਣਾਂ, ਭਰਾ ਤੇ ਦਾਦੀ ਵੀ ਉਸ ਨੂੰ ਮਿਲਣ ਆਏ ਸਨ। ਮਾਤਾ ਵਿਦਿਆ ਵੰਤੀ ਨੇ ਪੁੱਤਰ ਦੇ ਦਗ਼ ਦਗ਼ ਕਰਦੇ ਚੇਹਰੇ ਵਲ ਤਕਿਆ, ਉਸਨੂੰ ਪਿਆਰ ਤੇ ਅਸ਼ੀਰਵਾਦ ਦਿੰਦਿਆਂ ਕਿਹਾ, 'ਪੁੱਤ ਹੱਠ ਨਾ ਛੱਡੀਂ। ਇਕ ਦਿਨ ਮਰਨਾ ਤਾਂ ਸਭ ਨੇ ਹੈ ਪਰ ਮਰਨਾ ਉਹ ਜਿਸ ਨੂੰ ਵੇਖ ਸੁਣਕੇ ਸਾਰਾ ਜੱਗ ਰੋਵੇ... ਮੈਨੂੰ ਖੁਸ਼ੀ ਹੈ ਕਿ ਮੇਰਾ ਪੁੱਤ ਦੇਸ਼ ਲਈ ਕੁਰਬਾਨ ਹੋ ਰਿਹਾ ਹੈ। ਮੇਰੀ ਸੱਧਰ ਹੈ ਕਿ ਤੂੰ ਫ਼ਾਂਸੀ ਦੇ ਤਖ਼ਤੇ ਤੇ ਖਲੋ ਕੇ ਵੀ ਇਨਕਲਾਬ ਜ਼ਿੰਦਾਬਾਦ ਦੇ ਨਾਹਰੇ ਲਗਾਂਦਾ ਸ਼ਹੀਦ ਹੋਵੇਂ'। ਭਗਤ ਸਿੰਘ ਨੇ ਵਿਛੜਨ ਤੋਂ ਪਹਿਲਾਂ ਆਪਣੇ ਭਰਾਵਾਂ ਨੂੰ ਸੰਬੋਧਨ ਕਰਦਿਆਂ ਕਿਹਾ, 'ਵੀਰੋ ! ਦਿਲ ਨਾ ਹਾਰਨਾ। ਮੇਰੇ ਮਗਰੋਂ ਲੋਕ ਸੇਵਾ ਅਤੇ ਦੇਸ਼ ਸੇਵਾ ਵਲੋਂ ਮੂੰਹ ਨਾ ਮੋੜਨਾ ਸਗੋਂ ਆਪਣਾ ਜੀਵਨ ਰਾਸ਼ਟਰ ਦੀ ਸੇਵਾ ਲਈ ਕੁਰਬਾਨ ਕਰ ਦੇਣਾ'।

ਭਗਤ ਸਿੰਘ ਦੀ ਮਨੋ ਸਥਿਤੀ ਤੇ ਚੜ੍ਹਦੀ ਕਲਾ ਦਾ ਅੰਦਾਜ਼ਾ ਉਸ ਦੀ ਇਸ ਚਿੱਠੀ ਤੋਂ ਲਗਾਇਆ ਜਾ ਸਕਦਾ ਹੈ ਜੋ ਉਸਨੇ 3 ਮਾਰਚ 1931 ਨੂੰ ਆਪਣੇ ਭਰਾ ਕੁਲਤਾਰ ਨੂੰ ਲਿਖੀ ਸੀ:

ਅਜ਼ੀਜ਼ ਕੁਲਤਾਰ, ਅਜ ਤੁਹਾਡੀਆਂ ਅੱਖਾਂ ਵਿਚ ਅਥਰੂ ਤਕ ਕੇ ਬਹੁਤ ਦੁੱਖ ਹੋਇਆ। ਅਜ ਤੁਹਾਡੀਆਂ ਗੱਲਾਂ ਵਿਚ ਬੜਾ ਦਰਦ ਸੀ। ਤੁਹਾਡੇ ਅਥਰੂ ਮੇਰੇ ਤੋਂ ਸਹੇ ਨਹੀਂ ਸਨ ਜਾਂਦੇ। ਬਰਖੁਰਦਾਰ ਹਿੰਮਤ ਨਾਲ ਵਿੱਦਿਆ ਪ੍ਰਾਪਤ ਕਰਦੇ ਰਹਿਣਾ ਅਤੇ ਆਪਣੇ ਸਵਾਸਥ ਦਾ ਖ਼ਿਆਲ ਰਖਣਾ। ਹੌਸਲਾ ਰਖਣਾ। ਹੋਰ ਕੀ ਲਿਖਾਂ... ਕੀ ਕਹਾਂ?

Digitized by Panjab Digital Library | www.panjabdigilib.org

ਉਸੇ ਯਿਹ ਫਿਕਰ ਹੈ ਹਰਦਮ, ਨਈ ਤਰਜ਼ੇ ਜ਼ਫ਼ਾ ਕਿਆ ਹੈ,
ਹਮੇਂ ਯਿਹ ਸ਼ੌਕ ਹੈ ਕਿ ਦੇਖੇਂ, ਸਿਤਮ ਕੀ ਇੰਤਹਾ ਕਿਆ ਹੈ।
ਦਹਿਰ ਸੇ ਕਿਉਂ ਖ਼ਫ਼ਾ ਰਹੇਂ, ਚਰਚਾ ਕਾ ਕਿਉਂ ਗਿਲਾ ਕਰੇਂ
ਹਮਾਰਾ ਜਹਾਂ ਔਰ ਹੈ, ਆਉ ਮੁਕਾਬਲਾ ਕਰੇਂ
ਕੋਈ ਦਮ ਕਾ ਮਹਿਮਾਨ ਹੂੰ, ਐ ਅਹਿਲੇ ਮਹਿਫ਼ਿਲ,
ਚਰਾਗ਼ੇ ਸਹਿਰ ਹੂੰ, ਬੁਝਾ ਚਾਹਤਾ ਹੂੰ
ਯਿਹ ਮੁਸ਼ਤੇ ਖ਼ਾਕ ਹੈ ਫਾਨੀ, ਰਹੇ ਨਾ ਰਹੇ,
ਖੁਸ਼ ਰਹੋ ਐ ਅਹਿਲੇ ਵਤਨ, ਹਮ ਤੋਂ ਸਫ਼ਰ ਕਰਤੇ ਹੈਂ।
ਅੱਛਾ ਅਲਵਿਦਾ,

ਤੁਹਾਡਾ ਭਾਈ
ਭਗਤ ਸਿੰਘ

ਇਨ੍ਹਾਂ ਤਿਨੋਂ ਕ੍ਰਾਂਤੀਕਾਰੀ ਨੌਜਵਾਨਾਂ ਨੂੰ ਮੌਤ ਦੀ ਸਜ਼ਾ ਸੁਣਾਈ ਜਾਣ ਮਗਰੋਂ ਕੁਝ ਸੰਗਠਨਾਂ ਅਤੇ ਪ੍ਰਸਿੱਧ ਵਿਯਕਤੀਆਂ ਨੇ ਇਨ੍ਹਾਂ ਦੀ ਫ਼ਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰਵਾ ਦੇਣ ਲਈ ਭਾਰਤ ਦੇ ਵਾਇਸਰਾਇ ਅਤੇ ਇੰਗਲੈਂਡ ਦੀ ਪਾਰਲੀਮੈਂਟ ਤਕ ਵੀ ਕੋਸ਼ਿਸ਼ ਕੀਤੀ ਪਰ ਭਾਰਤ ਦੀ ਗੋਰੀ ਸਰਕਾਰ ਇਨ੍ਹਾਂ ਨੂੰ ਫ਼ਾਂਸੀ ਦਿੱਤੇ ਜਾਣ ਦੇ ਫ਼ੈਸਲੇ ਤੇ ਅੜੀ ਰਹੀ। ਜਿਸ ਦਿਨ ਭਗਤ ਸਿੰਘ ਅਤੇ ਉਸਦੇ ਦੋਹਾਂ ਸਾਥੀਆਂ, ਰਾਜਗੁਰੂ ਅਤੇ ਸੁਖਦੇਵ ਨੂੰ ਫ਼ਾਂਸੀ ਲਗਣੀ ਸੀ ਉਸ ਦਿਨ ਇਕ ਭਾਰਤੀ ਵਕੀਲ ਪ੍ਰਾਨ ਨਾਥ ਉਸਨੂੰ ਮਿਲਣ ਗਿਆ। ਭਗਤ ਸਿੰਘ ਨੂੰ ਮਿਲਕੇ ਆਉਣ ਮਗਰੋਂ ਉਸ ਨੇ ਦਸਿਆ ਕਿ ਭਗਤ ਸਿੰਘ ਦੇ ਚੇਹਰੇ ਤੇ ਅੰਤਾਂਹ ਦਾ ਜਲਾਲ ਸੀ। ਉਹ ਆਪਣੇ Death Cell (ਕਾਲ ਕੋਠੜੀ) ਵਿਚ ਇਸ ਤਰ੍ਹਾਂ ਟਹਿਲ ਰਿਹਾ ਸੀ ਜਿਵੇਂ ਕੋਈ ਸ਼ੇਰ ਆਪਣੇ ਪਿੰਜਾਰੇ ਵਿਚ ਬੇਖੌਫ਼ ਘੁੰਮ ਰਿਹਾ ਹੋਵੇ।

ਜਦੋਂ ਫ਼ਾਂਸੀ ਲਗਾਣ ਵਾਲੇ ਕਰਮਚਾਰੀ ਭਗਤ ਸਿੰਘ ਨੂੰ ਲੈਣ ਵਾਸਤੇ ਆਏ ਤਾਂ ਉਹ ਲੈਨਿਨ ਦੀ ਜੀਵਨੀ ਪੜ੍ਹ ਰਿਹਾ ਸੀ। ਜਦੋਂ ਅੰਗਰੇਜ਼ ਅਫ਼ਸਰ ਨੇ ਭਗਤ ਸਿੰਘ ਨੂੰ ਕਿਹਾ, 'ਸਰਦਾਰ ਹੁਣ ਚਲੋ' ਤਾਂ ਭਗਤ ਸਿੰਘ ਕਹਿਣ ਲੱਗਾ - 'ਦੋ ਪਲ ਠਹਿਰੋ, ਇਕ ਕ੍ਰਾਂਤੀਕਾਰੀ ਦੂਜੇ ਕ੍ਰਾਂਤੀਕਾਰੀ ਨੂੰ ਮਿਲ ਰਿਹਾ ਹੈ'। ਭਗਤ ਸਿੰਘ ਨੇ ਕਿਤਾਬ ਦੀ ਆਖ਼ਰੀ ਲਾਈਨ ਖ਼ਤਮ ਕੀਤੀ ਅਤੇ ਕਿਹਾ, 'ਚਲੋ ਮੈਂ ਤਿਆਰ ਹਾਂ'।

ਜਦੋਂ ਫ਼ਾਂਸੀ ਲਗਾਣ ਵਾਲੇ ਆਏ ਹੋਏ ਸਰਕਾਰੀ ਕਰਮਚਾਰੀਆਂ ਨੇ ਉਨ੍ਹਾਂ ਤਿਨਾਂ ਨੂੰ ਹਥਕੜੀ ਲਗਾਣੀ ਚਾਹੀ ਤਾਂ ਉਨ੍ਹਾਂ ਨੇ ਹਥਕੜੀ ਪਹਿਨਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਅਸੀਂ ਆਪ ਹੀ ਫ਼ਾਂਸੀ ਦੇ ਤਖ਼ਤੇ ਤਕ ਚਲ ਕੇ ਜਾਵਾਂਗੇ। ਜ਼ਮਾਨਾਂ ਵੇਖੇਗਾ ਕਿ ਭਾਰਤ ਦਾ ਨੌਜਵਾਨ ਆਪਣੇ ਦੇਸ਼ ਦੀ ਆਜ਼ਾਦੀ ਅਤੇ ਸ੍ਵੈਮਾਨ ਲਈ ਕਿਵੇਂ ਹੱਸ ਹੱਸ ਕੇ ਫ਼ਾਂਸੀ ਦੇ ਰਸਿਆਂ ਨੂੰ ਚੁੰਮਦਾ ਹੈ। ਉਨ੍ਹਾਂ ਨੇ ਗਲੇ ਵਿਚ ਫ਼ਾਂਸੀ ਦੇ ਰਸਿਆਂ ਨੂੰ ਪਾਉਣ ਤੋਂ ਪਹਿਲਾਂ 'ਇਨਕਲਾਬ ਜ਼ਿੰਦਾਬਾਦ' ਅਤੇ 'ਅੰਗ੍ਰੇਜ਼ੀ ਸਾਮਰਾਜ ਮੁਰਦਾਬਾਦ' ਦੇ ਨਾਹਰੇ ਲਗਾਏ। ਇਹ ਨਾਹਰਾ ਭਾਰਤੀ ਇਤਿਹਾਸ ਨੂੰ ਭਗਤ ਸਿੰਘ ਦੀ ਹੀ ਦੇਣ ਹੈ। ਉਨ੍ਹਾਂ ਦੁਆਰਾ ਨਾਹਰੇ ਲਗਾਏ ਜਾਣ ਦੀ ਆਵਾਜ਼ ਸੁਣਕੇ ਲਾਹੌਰ ਦੀ ਸੈਂਟਰਲ ਜੇਲ੍ਹ 'ਇਨਕਲਾਬ ਜ਼ਿੰਦਾਬਾਦ' ਦੇ ਨਾਹਰਿਆਂ ਨਾਲ ਗੂੰਜਣ ਲਗ ਪਈ। ਜੇਲ੍ਹ ਵਿਚ ਦੇਸ਼ ਦੀ ਆਜ਼ਾਦੀ ਲਈ ਕੈਦਾਂ ਕਟ ਰਹੇ ਅਤੇ ਫ਼ਾਂਸੀ ਦੀ ਉਡੀਕ ਰਰ ਰਹੇ

Digitized by Panjab Digital Library | www.panjabdigilib.org

ਕੈਦੀ ਸਮਝ ਗਏ ਸਨ ਕਿ ਅਜ ਉਨ੍ਹਾਂ ਦੇ ਤਿੰਨ ਸਾਥੀਆਂ ਨੂੰ ਫ਼ਾਂਸੀ ਹੋਣ ਵਾਲੀ ਹੈ।

ਸ੍ਰ: ਭਗਤ ਸਿੰਘ ਅਤੇ ਉਸਦੇ ਸਾਥੀਆਂ-ਰਾਜਗੁਰੂ ਅਤੇ ਸੁਖਦੇਵ ਨੂੰ 23 ਮਾਰਚ 1931 ਨੂੰ ਸ਼ਾਮ ਦੇ 7 ਵਜ ਕੇ 33 ਮਿੰਟ ਤੇ ਫ਼ਾਂਸੀ ਦਿੱਤੀ ਗਈ। ਭਗਤ ਸਿੰਘ ਨੇ ਫ਼ਾਂਸੀ ਲਗਣ ਤੋਂ ਪਹਿਲਾਂ ਇਹ ਸ਼ੇਅਰ ਪੜ੍ਹਿਆ :

ਦਿਲ ਸੇ ਨਿਕਲੇਗੀ ਨਾ
ਮਰ ਕੇ ਭੀ ਵਤਨ ਕੀ ਉਲਫ਼ਤ
ਮੇਰੀ ਮਿੱਟੀ ਸੇ ਭੀ
ਖੁਸ਼ਬੂਏ ਵਤਨ ਆਏਗੀ।

ਇਨ੍ਹਾਂ ਤਿੰਨੋ ਨੌਜਵਾਨਾਂ ਦੀ ਫ਼ਾਂਸੀ ਤੋਂ ਬਾਦ ਅੰਗਰੇਜ਼ ਅਧਿਕਾਰੀ ਇਤਨਾਂ ਘਬਰਾਏ ਹੋਏ ਸਨ ਕਿ ਉਨ੍ਹਾਂ ਨੇ ਇਨ੍ਹਾਂ ਤਿੰਨਾਂ ਦੀਆਂ ਲਾਸ਼ਾਂ ਨੂੰ ਸੈਂਟਰਲ ਜੇਲ੍ਹ ਦੇ ਚੋਰ ਰਸਤੇ ਰਾਹੀਂ ਲਾਹੌਰ ਤੋਂ ਫਿਰੋਜ਼ਪੁਰ ਦੇ ਲਾਗੇ (ਹੁਸੈਨੀਵਾਲਾ ਦੇ ਸਥਾਨ ਤੇ) ਲਿਜਾ ਕੇ ਦਰਿਆ ਸਤਿਲੁਜ ਦੇ ਕੰਢੇ ਅਗਨ ਭੇਂਟ ਕਰ ਦਿੱਤਾ। ਉੱਥੇ ਹੁਣ ਇਨ੍ਹਾਂ ਦੀ ਇਕ ਸ਼ਾਨਦਾਰ ਯਾਦਗਾਰ ਕਾਇਮ ਹੈ।

ਮਨਮੱਥ ਨਾਥ ਗੁਪਤਾ History of the Indian Revolutionary Movement ਦੇ ਪੰਨਾ 133-34 ਤੇ ਲਿਖਦਾ ਹੈ ਕਿ After Bhagat Singh was executed, Nehru wrote, ...we could not save him though he was so dear to us and his sacrifice and courage were and still are a source of inspiration to the youth of India. People will lament our helplessness. At the same time we are proud of his martyrdom. ਸੁਭਾਸ਼ ਚੰਦਰ ਬੋਸ ਨੇ ਉਸ ਬਾਰੇ ਕਿਹਾ ਕਿ 'He symbolizes the spirit of revolt that has taken possession of the country.'

ਭਗਤ ਸਿੰਘ ਬੜਾ ਜੁਸ਼ੀਲਾ, ਸੂਝਵਾਨ ਅਤੇ ਨਿਡਰ ਨੌਜਵਾਨ ਸੀ ਜਿਸਨੇ ਮੌਤ ਨੂੰ ਸਦਾ ਟਿੱਚ ਜਾਣਿਆ ਸੀ। ਉਹ ਸੁਤੰਤਰਤਾ ਪ੍ਰਾਪਤੀ ਲਈ ਅਹਿੰਸਾਵਾਦੀ ਵਿਚਾਰਧਾਰਾ ਦੇ ਵਿਪ੍ਰੀਤ ਹਥਿਆਰ ਬੰਦ ਕ੍ਰਾਂਤੀ ਦੇ ਹੱਕ ਵਿਚ ਸੀ ਜਿਸ ਲਈ ਬੜੇ ਸਾਹਸ, ਦਲੇਰੀ ਅਤੇ ਕੁਰਬਾਨੀ ਦੀ ਲੋੜ ਹੋਇਆ ਕਰਦੀ ਹੈ। ਸੁਤੰਤਰਤਾ ਪ੍ਰਾਪਤੀ ਤੋਂ ਬਾਦ ਉਹ ਅਜੇਹੇ ਸਮਾਜਵਾਦੀ ਗਣਤੰਤਰ ਦੀ ਸਥਾਪਤੀ ਚਾਹੁੰਦਾ ਸੀ ਜਿੱਥੇ ਲੁੱਟ ਖਸੁਟ ਅਤੇ ਆਰਥਕ ਨਾਬਰਾਬਰੀ ਵਰਗੇ ਦੈਂਤ ਨਾ ਹੋਣ। ਉਹ ਅਜੇਹਾ ਨਜ਼ਾਮ ਚਾਹੁੰਦਾ ਸੀ ਜਿੱਥੇ ਕਿਰਤੀ, ਕਾਮੇ ਅਤੇ ਕਿਸਾਨਾਂ ਦੇ ਹੱਕ ਸੁਰਖ਼ਿਸ਼ਤ ਹੋਣ। ਉਹ ਰਾਜਸੀ ਆਜ਼ਾਦੀ ਦੇ ਨਾਲ ਨਾਲ ਧਾਰਮਿਕ ਆਜ਼ਾਦੀ ਅਤੇ ਸਮਾਜਕ ਤੇ ਆਰਥਕ ਸਮਾਨਤਾ ਦੇ ਹੱਕ ਵਿਚ ਸੀ ਜਿੱਥੇ ਹਰ ਇਕ ਨੂੰ ਪੁੰਗਰਨ ਅਤੇ ਪ੍ਰਫੁਲਤ ਹੋਣ ਦੇ ਸਮਾਨ ਅਵਸਰ ਮਿਲ ਸਕਣ। ਜਦੋਂ ਉਸ ਕੋਲੋਂ ਅਦਾਲਤ ਵਿਚ ਪੁਛਿਆ ਗਿਆ ਕਿ ਕੀ ਉਸਦਾ ਇਨਕਲਾਬ ਖੂਨ ਖ਼ਰਾਬੇ ਅਤੇ ਹਿੰਸਾਂ ਤੇ ਅਧਾਰਿਤ ਸੀ ਤਾਂ ਭਗਤ ਸਿੰਘ ਨੇ ਕਿਹਾ ਸੀ, 'ਸਾਡੇ ਇਨਕਲਾਬ ਵਿਚ ਕਿਸੇ ਖੂਨ ਡੋਲ੍ਹਣੀ ਲੜਾਈ ਦਾ ਹੋਣਾ ਜ਼ਰੂਰੀ ਨਹੀਂ ਅਤੇ ਨਾ ਹੀ ਇਸ ਵਿਚ ਕਿਸੇ ਨਿੱਜੀ ਵੈਰ ਵਿਰੋਧ ਲਈ ਕੋਈ ਥਾਂ ਹੈ। ਇਹ ਬੰਬ ਅਤੇ ਪਸਤੌਲਾਂ ਦੀ ਵੀ ਲੜਾਈ ਨਹੀਂ। ਇਨਕਲਾਬ ਤੋਂ ਸਾਡਾ ਭਾਵ ਹੈ ਕਿ ਸਮਾਜ ਦਾ ਮੌਜੂਦਾ ਪ੍ਰਬੰਧ ਜੇਹੜਾ ਅਨਿਆਇ ਅਤੇ ਲੁੱਟ ਖਸੁੱਟ ਤੇ ਅਧਾਰਿਤ ਹੈ ਨੂੰ ਬਦਲ ਕੇ ਵਿਸ਼ਵ ਮਾਨਵਤਾ ਨੂੰ ਪੂੰਜੀਵਾਦ ਅਤੇ ਸਾਮਰਾਜੀ ਧੱਕੇਸ਼ਾਹੀ ਤੋਂ ਮੁਕਤ

Digitized by Panjab Digital Library | www.panjabdigilib.org

ਕਰਵਾਇਆ ਜਾਵੇ। ...ਇਨਕਲਾਬ ਮਨੁੱਖ ਦਾ ਨਾ ਖੋਹਿਆ ਜਾ ਸਕਣ ਵਾਲਾ ਹੱਕ ਹੈ ਤੇ ਅਸੀਂ ਉਸੇ ਹੱਕ ਦੀ ਪ੍ਰਾਪਤੀ ਲਈ ਲੜ ਰਹੇ ਹਾਂ"।

ਭਗਤ ਸਿੰਘ ਦੇ ਸਾਰੇ ਪ੍ਰੋਗਰਾਮ ਆਪਣੀ ਮਿਥੀ ਹੋਈ ਅਤੇ ਪੂਰਣ-ਨਿਰਧਾਰਿਤ ਯੋਜਨਾਂ ਅਨੁਸਾਰ ਚਲਦੇ ਸਨ। ਇਕ ਵਾਰ ਆਪਣੇ ਨਿਸ਼ਾਨੇ ਪ੍ਰਤੀ ਸਪਸ਼ਟ ਹੋ ਜਾਣ ਮਗਰੋਂ ਉਹ ਆਪਣੇ ਕਦਮ ਪਿੱਛੇ ਹਟਾਣ ਨੂੰ ਕਾਇਰਤਾ ਅਤੇ ਬੁਜ਼ਦਿਲੀ ਸਮਝਦਾ ਸੀ। ਉਹ ਇਕ ਯੋਗ ਆਗੂ ਅਤੇ ਸੁਚੱਜਾ ਪ੍ਰਬੰਧਕ ਸੀ। ਉਹ ਬੜੇ ਉੱਚ ਪਾਏ ਦਾ ਸਿਆਸੀ ਚਿੰਤਕ, ਫ਼ਿਲਾਸਫ਼ਰ ਅਤੇ ਧੜਲੇਦਾਰ ਵਕਤਾ ਸੀ। ਉਸਦੀਆਂ ਚਿੱਠੀਆਂ, ਉਸਦੇ ਲੇਖ ਅਤੇ ਉਸਦੇ ਦਸਤਾਵੇਜ਼ ਉਸਦੀ ਅੰਤਰ-ਆਤਮਾਂ ਨੂੰ ਖੋਜਣ ਲਈ ਮਹੱਤਵਪੂਰਨ ਇਤਿਹਾਸਕ ਸਰੋਤ ਹਨ ਜਿਨ੍ਹਾਂ ਦੀਆਂ ਵਿਰਲਾਂ ਰਾਹੀਂ ਉਸ ਦੇ ਮਨ ਅੰਦਰ ਝਾਂਕਿਆ ਜਾ ਸਕਦਾ ਹੈ। ਉਹ ਹਿੰਦੀ, ਪੰਜਾਬੀ, ਉਰਦੂ ਅਤੇ ਅੰਗਰੇਜ਼ੀ ਵਿਚ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਆਪਣੀ ਗੱਲ ਕਹਿਣ ਦੀ ਸਮਰਥਾ ਰਖਦਾ ਸੀ। ਪ੍ਰਸਿੱਧ ਪਤਰਕਾਰ ਕੁਲਦੀਪ ਨਈਅਰ ਨੇ ਆਪਣੀ ਨਵੀਨ ਪੁਸਤਕ The Martyr (Bhagat Singh - Experiments in Revolution) ਦੇ ਮੁੱਖਬੰਧ ਦੇ ਪੰਨਾ 8 ਉਪਰ ਸ੍ਰ: ਭਗਤ ਸਿੰਘ ਦੁਆਰਾ ਲਿਖਿਤ ਚਾਰ ਪੁਸਤਕਾਂ ਦਾ ਜ਼ਿਕਰ ਕੀਤਾ ਹੈ ਜੋ ਉਸਨੇ ਜੇਲ੍ਹ ਵਿਚ ਲਿਖੀਆਂ ਸਨ। ਇਹ ਪੁਸਤਕਾਂ ਸਨ The History of the Revolutionary Movement in India, The Ideal of Socialism, Autobiography and At the Door of Death. ਦੇਸ਼ ਦੀ ਵੰਡ ਤੋਂ ਪਹਿਲਾਂ ਇਨ੍ਹਾਂ ਪੁਸਤਕਾਂ ਦੇ ਖਰੜੇ ਕੁਮਾਰੀ ਲੱਜਿਆਵਤੀ ਕੋਲ ਸਨ। ਪਰ ਉਸ ਤੋਂ ਬਾਦ ਇਹ ਪੁਸਤਕਾਂ ਕਿੱਥੇ ਗਈਆਂ ਬਾਰੇ ਕੁਝ ਪਤਾ ਨਹੀਂ ਚਲਦਾ।

ਭਗਤ ਸਿੰਘ ਅਤੇ ਉਸਦੇ ਕ੍ਰਾਂਤੀਕਾਰੀ ਸਾਥੀ ਜਿਨ੍ਹਾਂ ਨੇ ਹੱਸ ਹੱਸ ਕੇ ਫ਼ਾਂਸੀ ਦੇ ਰਸਿਆਂ ਨੂੰ ਚੁੰਮਿਆ ਸੀ, ਦੇਸ਼ ਪ੍ਰੇਮ ਦੀ ਸੱਚੀ ਸੁੱਚੀ ਅਤੇ ਸਰਵਉੱਚ ਮਿਸਾਲ ਸਨ। ਉਨ੍ਹਾਂ ਨੇ ਕਦੇ ਵੀ ਆਪਣੇ ਸੁਆਰਥ ਅਤੇ ਪਰਿਵਾਰਿਕ ਮੋਹ ਨੂੰ ਦੇਸ਼ ਪਿਆਰ ਤੋਂ ਉੱਚਾ ਨਹੀਂ ਸੀ ਸਮਝਿਆ। ਉਹ ਦੇਸ਼ ਦੀ ਖ਼ਾਤਰ ਹੀ ਜੀਵੇ ਅਤੇ ਇਸ ਦੀ ਆਜ਼ਾਦੀ ਲਈ ਹੀ ਕੁਰਬਾਨ ਹੋਏ ਸਨ। ਬੇਸ਼ਕ ਇਹ ਸਾਰੇ ਨੌਜਵਾਨ ਆਜ਼ਾਦੀ ਦਾ ਸੂਰਜ ਚੜ੍ਹਦਾ ਤਾਂ ਨਹੀਂ ਵੇਖ ਸਕੇ ਪਰ ਇਨ੍ਹਾਂ ਦੀਆਂ ਕੁਰਬਾਨੀਆਂ ਨੇ ਅਜੇਹੇ ਹਾਲਾਤ ਪੈਦਾ ਕਰ ਦਿੱਤੇ ਕਿ ਅੰਗਰੇਜ਼ ਸੋਲਾਂ ਸਾਲ ਦੇ ਅੰਦਰ ਹੀ ਅੰਦਰ ਦੇਸ਼ ਨੂੰ ਆਜ਼ਾਦ ਕਰਕੇ ਇੰਗਲੈਂਡ ਵਾਪਸ ਪਰਤ ਗਏ।

***Long Live Revolution***

Digitized by Panjab Digital Library | www.panjabdigilib.org

# ਸ੍ਰ: ਸੇਵਾ ਸਿੰਘ ਠੀਕਰੀਵਾਲਾ

ਜਿਥੇ ਦੇਸ਼ ਦੀ ਆਜ਼ਾਦੀ ਦੀ ਜੰਗ ਅੰਗਰੇਜ਼ੀ ਸਾਮਰਾਜ ਦੇ ਵਿਰੁੱਧ ਸੀ ਉਥੇ ਇਹ ਜੰਗ ਰਿਆਸਤੀ ਰਾਜੇ ਮਹਾਰਾਜਿਆਂ ਦੇ ਜ਼ੁਲਮ ਵਿਰੁੱਧ ਵੀ ਸੀ ਜਿਹੜੇ ਅੰਗਰੇਜ਼ਾਂ ਦੀ ਮਦਦ ਨਾਲ ਕਿਸੇ ਵੀ ਕੌਮੀ ਅੰਦੋਲਨ ਨੂੰ ਕੁਚਲ ਕੇ ਰੱਖ ਦੇਣਾ ਚਾਹੁੰਦੇ ਸਨ। ਪੰਜਾਬ ਵਿਚ ਉਨ੍ਹਾਂ ਵਿਰੁੱਧ ਅੰਦੋਲਨ ਸ਼ੁਰੂ ਕਰਨ ਵਾਲਾ ਮਾਲਵੇ ਦੀ ਧਰਤੀ ਦਾ ਪ੍ਰਮੁੱਖ ਨਾਇਕ ਸ੍ਰ: ਸੇਵਾ ਸਿੰਘ ਠੀਕਰੀਵਾਲਾ ਸੀ ਜੋ ਪਟਿਆਲਾ ਰਾਜ ਦੀਆਂ ਵਧੀਕੀਆਂ ਵਿਰੁੱਧ ਜਦੋ ਜਹਿਦ ਕਰਦਾ ਅਤੇ ਜੇਲ੍ਹ ਦੀਆਂ ਸਖ਼ਤੀਆਂ ਤੇ ਜ਼ੁਲਮ ਝੇਲਦਾ 9 ਮਹੀਨੇ ਦੀ ਲੰਮੀ ਭੁੱਖ ਹੜਤਾਲ ਮਗਰੋਂ 20 ਜਨਵਰੀ, 1935 ਨੂੰ ਸ਼ਹਾਦਤ ਦਾ ਜਾਮ ਪੀ ਗਿਆ। ਜਿਸ ਦ੍ਰਿੜ੍ਹਤਾ, ਵਿਸ਼ਵਾਸ ਅਤੇ ਖ਼ੁਸ਼ੀ ਨਾਲ ਸ੍ਰ: ਸੇਵਾ ਸਿੰਘ ਨੇ ਆਤਮ-ਬਲੀਦਾਨ ਦਿੱਤਾ ਉਸ ਦੀ ਮਿਸਾਲ ਸੁਤੰਤਰਤਾ ਸੰਗ੍ਰਾਮ ਦੇ ਇਤਿਹਾਸ ਵਿਚ ਮਿਲਣੀ ਮੁਸ਼ਕਿਲ ਹੈ। ਉਹ ਪਰਜਾ-ਮੰਡਲ ਦਾ ਜਨਮ ਦਾਤਾ ਅਤੇ ਪੰਜਾਬ ਤੇ ਹਰਿਆਣਾ ਦੀਆਂ ਦੇਸੀ ਰਿਆਸਤਾਂ ਵਿਚ ਸਿਆਸੀ ਅਤੇ ਕੌਮੀ ਜਾਗ੍ਰਿਤੀ ਪੈਦਾ ਕਰਨ ਵਾਲਾ ਵੀਰ ਨਾਇਕ ਸੀ।

ਸ੍ਰ: ਸੇਵਾ ਸਿੰਘ ਦਾ ਜਨਮ 24 ਅਗਸਤ 1882 ਈਸਵੀ ਵਿਚ ਰਿਆਸਤ ਪਟਿਆਲਾ ਦੇ ਪਿੰਡ ਠੀਕਰੀਵਾਲਾ ਜ਼ਿਲਾ ਸੰਗਰੂਰ ਵਿਖੇ ਸ੍ਰ: ਦੇਵਾ ਸਿੰਘ ਅਤੇ ਮਾਤਾ ਹਰਿ ਕੌਰ ਦੇ ਘਰ ਹੋਇਆ। ਇਹ ਇਤਿਹਾਸਕ ਪਿੰਡ ਬਰਨਾਲਾ ਤੋਂ ਲਗਭਗ ਤਿੰਨ ਮੀਲ ਉੱਤਰ ਵਲ ਹੈ। ਸਿੱਖ ਮਿਸਲਾਂ ਦੇ ਵੇਲੇ ਖ਼ਾਲਸਾ ਪੰਥ ਦੇ ਆਗੂ ਨਵਾਬ ਕਪੂਰ ਸਿੰਘ ਤਿੰਨ ਵਾਰ ਇੱਥੇ ਆਏ ਸਨ। ਇਸ ਪਿੰਡ ਦੇ ਨਾਮ ਤੇ ਹੀ ਸ੍ਰ: ਸੇਵਾ ਸਿੰਘ, ਠੀਕਰਵਾਲਾ ਦੇ ਨਾਮ ਨਾਲ ਪ੍ਰਸਿੱਧ ਹੋਏ।

ਸ੍ਰ: ਸੇਵਾ ਸਿੰਘ ਦੇ ਵਡੇਰੇ ਪਟਿਆਲੇ ਦੇ ਮਹਾਰਾਜਾ ਅਮਰ ਸਿੰਘ (1765-1781) ਦੇ ਸਮੇਂ ਤੋਂ ਹੀ ਰਿਆਸਤ ਦੇ ਉੱਚੇ ਪਦਾਂ ਤੇ ਰਹਿ ਕੇ ਕੰਮ ਕਰਦੇ ਚਲੇ ਆ ਰਹੇ ਸਨ। ਸ੍ਰ: ਸੇਵਾ ਸਿੰਘ ਦੇ ਪਿਤਾ ਸ੍ਰ: ਦੇਵਾ ਸਿੰਘ ਵੀ ਪਟਿਆਲੇ ਦੇ ਮਹਾਰਾਜਾ ਰਾਜਿੰਦਰ ਸਿੰਘ (1876-1900) ਦੇ ਵਡੇ ਅਹਿਲਕਾਰਾਂ ਵਿਚੋਂ ਸਨ। ਸ੍ਰ: ਸੇਵਾ ਸਿੰਘ ਦਾ ਮੁਢੱਲਾ ਜੀਵਨ ਪਟਿਆਲਾ ਵਿਚ ਹੀ ਬੀਤਿਆ। ਉਨ੍ਹਾਂ ਨੇ ਮਾਡਲ ਸਕੂਲ (ਮਹਿੰਦਰਾ ਕਾਲਜ) ਤੋਂ ਅਠਵੀਂ ਦਾ ਇਮਤਿਹਾਨ ਪਾਸ ਕੀਤਾ। ਉਨ੍ਹਾਂ ਨੂੰ ਉਰਦੂ, ਫਾਰਸੀ ਅਤੇ ਪੰਜਾਬੀ ਦਾ ਚੰਗਾ ਗਿਆਨ ਸੀ ਅਤੇ ਨਾਲ ਹੀ ਨਾਲ ਉਨ੍ਹਾਂ ਨੇ ਅੰਗਰੇਜ਼ੀ ਲਿਖਣ ਅਤੇ ਬੋਲਣ ਦਾ ਗਿਆਨ ਵੀ ਹਾਲਸ ਕਰ ਲਿਆ ਸੀ। ਸ੍ਰ: ਸੇਵਾ ਸਿੰਘ ਦੇ ਤਿੰਨ ਹੋਰ ਭਰਾ ਸਨ ਜੋ ਭਰ ਜਵਾਨੀ ਵਿਚ ਹੀ ਗੁਜ਼ਰ ਗਏ ਅਤੇ ਇਕੋ ਇਕ ਭੈਣ ਬੀਬੀ ਭਗਵਾਨ ਕੌਰ ਰਈਸ ਦੀਵਾਨ ਸੰਪੂਰਨ ਸਿੰਘ ਨਾਲ ਵਿਆਹੀ ਹੋਈ ਸੀ। ਸੇਵਾ ਸਿੰਘ ਆਪ ਵੀ ਪਟਿਆਲੇ ਦੇ ਉੱਚ ਅਧਿਕਾਰੀਆਂ ਵਿਚੋਂ ਸੀ। ਪਰ ਜਦੋਂ ਪੰਜਾਬ ਵਿਚ ਸਿੰਘ ਸਭਾ ਲਹਿਰ, ਗੁਰਦੁਆਰਾ ਸੁਧਾਰ ਲਹਿਰ ਅਤੇ ਰਾਸ਼ਟਰੀ ਅੰਦੋਲਨ ਵਰਗੀਆਂ ਤਹਿਰੀਕਾਂ ਸ਼ੁਰੂ ਹੋਈਆਂ ਤਾਂ ਸ੍ਰ: ਸੇਵਾ ਸਿੰਘ ਠੀਕਰੀਵਾਲਾ ਆਪਣੀ ਪਦਵੀ ਅਤੇ ਉਸ ਤੋਂ

Digitized by Panjab Digital Library | www.panjabdigilib.org

ਮਿਲਣ ਵਾਲੇ ਸਾਰੇ ਸੁੱਖ ਤਿਆਗ ਕੇ ਇਨ੍ਹਾਂ ਤਹਿਰੀਕਾਂ ਵਿਚ ਸ਼ਾਮਲ ਹੋ ਗਏ।

1905 ਵਿਚ ਪਟਿਆਲਾ ਅਤੇ ਉਸਦੇ ਆਸ ਪਾਸ ਦੇ ਇਲਾਕਿਆਂ ਵਿਚ ਪਲੇਗ ਦੀ ਬੀਮਾਰੀ ਫੈਲ ਗਈ। ਉਨ੍ਹਾਂ ਦਿਨਾਂ ਵਿਚ ਸ੍ਰ: ਸੇਵਾ ਸਿੰਘ ਰਿਆਸਤ ਦੇ ਸਿਹਤ ਵਿਭਾਗ ਵਿਚ ਨਿਯੁਕਤ ਸਨ। ਉਨ੍ਹਾਂ ਨੂੰ ਰਾਜ ਦਰਬਾਰ ਦੇ ਸ਼ਾਹੀ ਠਾਠ ਬਾਠ ਤੋਂ ਹਟ ਕੇ ਪਹਿਲੀ ਵਾਰ ਲੋਕਾਂ ਵਿਚ ਜਾਣ ਅਤੇ ਉਨ੍ਹਾਂ ਦੀਆਂ ਮੁਸੀਬਤਾਂ ਨੂੰ ਸੁਣਨ ਅਤੇ ਵੇਖਣ ਦਾ ਅਵਸਰ ਮਿਲਿਆ। ਉਹ ਡਾਕਟਰ ਰਘਬੀਰ ਸਿੰਘ ਨੂੰ ਨਾਲ ਲੈ ਕੇ ਲੋਕਾਂ ਦੀ ਸੇਵਾ ਵਿਚ ਤਨ ਮਨ ਅਤੇ ਧੰਨ ਨਾਲ ਜੁਟ ਗਏ। ਉਨ੍ਹਾਂ ਦੀ ਇਸ ਲਗਨ ਅਤੇ ਸੇਵਾ ਕਰਕੇ ਪਿੰਡਾਂ ਦੇ ਹਜ਼ਾਰਾਂ ਪ੍ਰਵਾਰ ਤਬਾਹ ਹੋਣ ਤੋਂ ਬਚ ਗਏ। ਇਸ ਮਗਰੋਂ ਕੁਝ ਚਿਰ ਸਰਕਾਰੀ ਨੌਕਰੀ ਕਰਕੇ ਸ੍ਰ: ਸੇਵਾ ਸਿੰਘ ਠੀਕਰੀਵਾਲਾ ਆਪਣੇ ਪਿੰਡ ਵਾਪਸ ਆ ਗਏ ਤੇ ਲੋਕ ਭਲਾਈ ਦੇ ਕੰਮਾਂ ਵਿਚ ਲਗ ਗਏ।

ਸਮੇਂ ਦੇ ਰਿਵਾਜ ਅਨੁਸਾਰ ਉਨ੍ਹਾਂ ਦਾ ਵਿਆਹ 13 ਸਾਲ ਦੀ ਆਯੂ ਵਿਚ ਹੀ ਹੋ ਗਿਆ ਸੀ। ਉਨ੍ਹਾਂ ਦੀ ਪਹਿਲੀ ਪਤਨੀ ਬੀਬੀ ਕਰਤਾਰ ਕੌਰ ਪਿੰਡ ਭਟੀਆਂ ਦੇ ਇਕ ਅਮੀਰ ਪ੍ਰਵਾਰ ਚੋਂ ਸੀ। ਉਨ੍ਹਾਂ ਤੋਂ ਜੋ ਸੰਤਾਨ ਪੈਦਾ ਹੋਈ ਉਹ ਛੋਟੀ ਉਮਰ ਵਿਚ ਹੀ ਚੜ੍ਹਾਈ ਕਰ ਗਈ। ਕੁਝ ਚਿਰ ਮਗਰੋਂ ਇਨ੍ਹਾਂ ਦੀ ਦੂਜੀ ਸ਼ਾਦੀ ਪਿੰਡ ਕਾਤਰੋ ਦੀ ਬੀਬੀ ਭਗਵਾਨ ਕੌਰ ਨਾਲ ਹੋਈ। ਇਨ੍ਹਾਂ ਦੀ ਕੁਖ ਤੋਂ ਦੋ ਪੁੱਤਰਾਂ ਅਤੇ ਇਕ ਬੱਚੀ ਨੇ ਜਨਮ ਲਿਆ। ਪਰ ਇਹ ਦੋਵੇਂ ਪੁੱਤਰ ਵੀ ਛੋਟੀ ਆਯੂ ਵਿਚ ਹੀ ਕਾਲਵਸ ਹੋ ਗਏ। ਸ੍ਰ: ਸੇਵਾ ਸਿੰਘ ਦੀ ਬਾਕੀ ਬਚੀ ਇਕੋ ਇਕ ਸੰਤਾਨ ਇਨ੍ਹਾਂ ਦੀ ਸਪੁੱਤਰੀ ਬੀਬੀ ਗੁਰਚਰਨ ਕੌਰ ਦੀ ਸ਼ਾਦੀ ਰਿਆਸਤ ਪਟਿਆਲਾ ਦੇ ਪ੍ਰਸਿੱਧ ਰਈਸ, ਸ੍ਰ: ਹਰਚੰਦ ਸਿੰਘ ਜੇਜੀ ਦੇ ਸਪੁੱਤਰ ਸ੍ਰ: ਵਜ਼ੀਰ ਸਿੰਘ ਜੇਜੀ ਨਾਲ ਹੋਈ।

ਪਟਿਆਲਾ ਰਾਜ ਦੀ ਨੌਕਰੀ ਛੱਡ ਕੇ ਆਏ ਸ੍ਰ: ਸੇਵਾ ਸਿੰਘ ਨੇ ਪਿੰਡ ਦੇ ਧਾਰਮਿਕ ਅਤੇ ਵਿਦਿਅਕ ਕੰਮਾਂ ਵਿਚ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ। ਇਨ੍ਹਾਂ ਦੇ ਜਤਨਾਂ ਸਦਕਾ ਪਿੰਡ ਵਿਚ ਇਕ ਸਕੂਲ ਅਤੇ ਗੁਰਦੁਆਰੇ ਦਾ ਨਿਰਮਾਣ ਕੀਤਾ ਗਿਆ। ਅਗੇ ਚਲ ਕੇ ਇਹ ਗੁਰਦੁਆਰਾ ਅਕਾਲੀ ਲਹਿਰ ਅਤੇ ਪਰਜਾਮੰਡਲ ਦੀਆਂ ਗਤੀਵਿਧੀਆਂ ਦਾ ਪ੍ਰਮੁੱਖ ਕੇਂਦਰ ਬਣ ਗਿਆ। ਕਾਫ਼ੀ ਸਮੇਂ ਤਕ ਨਵੇਂ ਸਥਾਪਿਤ ਹੋਏ ਸਕੂਲ ਦਾ ਸਾਰਾ ਖ਼ਰਚ ਸ੍ਰ: ਸੇਵਾ ਸਿੰਘ ਆਪਣੇ ਕੋਲੋਂ ਦਿੰਦੇ ਰਹੇ। ਉਹ ਸਮਝਦੇ ਸਨ ਕਿ ਜਿਤਨੀ ਦੇਰ ਤਕ ਦੇਸ਼ ਵਾਸੀਆਂ ਨੂੰ ਸ਼ਿਕਸ਼ਿਤ ਨਹੀਂ ਕੀਤਾ ਜਾਂਦਾ ਉਤਨੀ ਦੇਰ ਤਕ ਉਨ੍ਹਾਂ ਵਿਚ ਰਾਜਸੀ ਜਾਗ੍ਰਤੀ ਪੈਦਾ ਕਰ ਸਕਣੀ ਸੰਭਵ ਨਹੀਂ। ਵਿਦਿਅਕ ਖੇਤਰ ਵਿਚ ਉਨ੍ਹਾਂ ਦੀ ਦਿਲਚਸਪੀ ਅਖ਼ੀਰ ਸਮੇਂ ਤਕ ਬਣੀ ਰਹੀ। ਇਸਦੇ ਨਾਲ ਹੀ ਨਾਲ ਉਨ੍ਹਾਂ ਨੇ ਸ਼ਰਾਬ, ਨਸ਼ੀਲੇ ਪਦਾਰਥ ਅਤੇ ਸਮਾਜਿਕ ਕੁਰੀਤੀਆਂ ਵਿਰੁੱਧ ਵੀ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਉਹ ਵਿਆਹ ਸ਼ਾਦੀ ਤੇ ਕੀਤੇ ਜਾਂਦੇ ਫ਼ਜ਼ੂਲ ਖਰਚਿਆਂ ਦੇ ਵੀ ਸਖ਼ਤ ਵਿਰੋਧੀ ਸਨ। ਉਨ੍ਹਾਂ ਆਨੰਦ ਵਿਵਾਹ ਦੀ ਪੱਧਤੀ ਤੇ ਵੀ ਜ਼ੋਰ ਦਿੱਤਾ। ਪਿੰਡ ਵਿਚ ਕਈ ਵਾਰ ਅੰਮ੍ਰਿਤ ਸੰਚਾਰ ਦੇ ਪ੍ਰੋਗਰਾਮ ਕਰਵਾ ਕੇ ਸਿੱਖੀ ਤੋਂ ਦੂਰ ਜਾ ਰਹੇ ਨੌਜਵਾਨਾਂ ਨੂੰ ਆਪਣੇ ਅਮੀਰ ਵਿਰਸੇ ਨਾਲ ਜੋੜਿਆ ਅਤੇ ਪੂਰਨ ਗੁਰ ਸਿੱਖ ਬਣਾਇਆ। ਉਹ ਦਸ ਸਾਲ ਤਕ (1910-1920) ਇਨ੍ਹਾਂ ਧਾਰਮਿਕ ਅਤੇ ਸਮਾਜਿਕ ਕਾਰਜਾਂ ਵਿਚ ਲਗੇ ਰਹੇ।

1919 ਵਿਚ ਵਾਪਰੀ ਜਲ੍ਹਿਆਂਵਾਲਾ ਬਾਗ਼ ਦੀ ਘਟਨਾ ਅਤੇ 1921 ਵਿਚ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਨੇ ਉਨ੍ਹਾਂ ਦੇ ਜੀਵਨ ਵਿਚ ਨਵਾਂ ਮੋੜ ਲੈ ਆਂਦਾ। ਅਕਾਲੀ ਲਹਿਰ,

Digitized by Panjab Digital Library | www.panjabdigilib.org

ਜਿਸ ਦਾ ਮੁੱਖ ਨਿਸ਼ਾਨਾ ਗੁਰਦੁਆਰਿਆਂ ਨੂੰ ਦੁਰਾਚਾਰੀ ਮਹੰਤਾਂ ਦੇ ਕੰਟਰੋਲ 'ਚੋਂ ਆਜ਼ਾਦ ਕਰਵਾਉਣਾ ਸੀ ਉਥੇ ਅੰਗਰੇਜ਼ੀ ਸਾਮਰਾਜ ਦੀਆਂ ਆਂਤ੍ਰਿਕ ਸ਼ਕਤੀਆਂ ਨੂੰ ਕਮਜ਼ੋਰ ਕਰਕੇ ਉਨ੍ਹਾਂ ਨੂੰ ਦੇਸ਼ 'ਚੋਂ ਬਾਹਰ ਕੱਢਣਾ ਵੀ ਸੀ। ਅਕਾਲੀ ਲਹਿਰ ਦੇ ਜ਼ੋਰ ਪਕੜਦਿਆਂ ਹੀ ਸ੍ਰ: ਸੇਵਾ ਸਿੰਘ ਠੀਕਰੀਵਾਲਾ ਇਸ ਵਿਚ ਸ਼ਾਮਲ ਹੋ ਗਏ। ਉਨ੍ਹਾਂ ਦੀ ਸਿਆਣਪ, ਲਗਨ ਅਤੇ ਕੁਰਬਾਨੀ ਦੀ ਭਾਵਨਾ ਨੂੰ ਵੇਖਕੇ ਉਹਨਾਂ ਨੂੰ ਅਕਾਲੀ ਦੱਲ ਦਾ ਮੀਤ ਪ੍ਰਧਾਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵਰਕਿੰਗ ਕਮੇਟੀ ਦਾ ਮੈਂਬਰ ਬਣਾ ਲਿਆ ਗਿਆ। ਨਨਕਾਣਾ ਸਾਹਿਬ ਅਤੇ ਗੁਰੂ ਕੇ ਬਾਗ਼ ਦੀਆਂ ਦੁਖਦਾਈ ਘਟਨਾਵਾਂ ਤੋਂ ਬਾਦ ਇਨ੍ਹਾਂ ਕਾਲ਼ੀ ਪੱਗ ਅਤੇ ਖੱਦਰ ਤੇ ਵਸਤ੍ਰ ਧਾਰਨ ਕਰ ਲਏ। ਇਸ ਤੋਂ ਬਾਦ ਉਨ੍ਹਾਂ ਆਪਣੇ ਇਸ ਪਹਿਰਾਵੇ ਵਿਚ ਕੋਈ ਤਬਦੀਲੀ ਨਾ ਕੀਤੀ। ਉਨ੍ਹਾਂ ਨੇ ਗੁਰੂ ਕੇ ਬਾਗ਼ ਅਤੇ ਹੋਰ ਮੋਰਚਿਆਂ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ।

1922 ਵਿਚ ਜਦੋਂ ਗੁਰਦੁਆਰਾ ਮੁਕਤਸਰ ਨੂੰ ਮਹੰਤਾਂ ਦੇ ਕਬਜ਼ੇ 'ਚੋਂ ਆਜ਼ਾਦ ਕਰਾਉਣ ਦਾ ਫੈਸਲਾ ਹੋਇਆ ਅਤੇ ਮੋਰਚਾ ਲਾਇਆ ਗਿਆ ਤਾਂ ਸ੍ਰ: ਸੇਵਾ ਸਿੰਘ ਨੂੰ ਇਸ ਸੇਵਾ ਲਈ ਵਿਸ਼ੇਸ਼ ਤੌਰ ਤੇ ਪ੍ਰਬੰਧਕ ਨੀਯਤ ਕਰਕੇ ਉਥੇ ਭੇਜਿਆ ਗਿਆ। ਉਹ ਕਈ ਸੌ ਸਿੰਘਾਂ ਦਾ ਜਥਾ ਲੈ ਕੇ ਮੁਕਤਸਰ ਪਹੁੰਚ ਗਏ ਤੇ ਗੁਰਦੁਆਰੇ ਦਾ ਪ੍ਰਬੰਧ ਪੁਜਾਰੀਆਂ ਕੋਲੋਂ ਲੈ ਕੇ ਉਥੋਂ ਦੇ ਪ੍ਰਬੰਧ ਨੂੰ ਠੀਕ ਕਰਨ ਵਿਚ ਜੁੱਟ ਗਏ। ਜਦੋਂ 9 ਜੁਲਾਈ 1923 ਨੂੰ ਨਾਭੇ ਦੇ ਮਹਾਰਾਜਾ ਰਿਪੁਦਮਨ ਸਿੰਘ ਨੂੰ ਜ਼ਬਰਦਸਤੀ ਗੱਦੀ ਤੋਂ ਹਟਾਇਆ ਗਿਆ ਅਤੇ ਗੁਰਦੁਆਰਾ ਗੰਗਸਰ ਵਿਚ ਚਲ ਰਹੇ ਅਖੰਡ ਪਾਠ ਨੂੰ 14 ਸਤੰਬਰ ਨੂੰ ਖੰਡਿਤ ਕਰਨ ਦਾ ਜਤਨ ਕੀਤਾ ਗਿਆ ਤਾਂ ਸ੍ਰ: ਸੇਵਾ ਸਿੰਘ ਨੇ ਆਪਣੇ ਪਿੰਡ ਠੀਕਰੀਵਾਲਾ ਵਿਖੇ ਇਕ ਭਾਰੀ ਇਕੱਠ ਬੁਲਾਇਆ ਜਿਸ ਵਿਚ ਨਾ ਸਿਰਫ ਉਨ੍ਹਾਂ ਅੰਗਰੇਜ਼ਾਂ ਦੁਆਰਾ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖ਼ਲ ਦੇਣ ਦੀ ਨੀਤੀ ਦੀ ਨਿਖੇਧੀ ਹੀ ਕੀਤੀ ਸਗੋਂ ਨਾਭੇ ਦੀ ਗੱਦੀ ਤੋਂ ਹਟਾਏ ਗਏ ਮਹਾਰਾਜੇ ਨਾਲ ਹਮਦਰਦੀ ਦਾ ਪ੍ਰਗਟਾਵਾ ਵੀ ਕੀਤਾ। ਮਹਾਰਾਜਾ ਪਟਿਆਲਾ ਉਪਰ ਵੀ ਅੰਗਰੇਜ਼ਾਂ ਨਾਲ ਮਿਲ ਕੇ ਅਕਾਲੀ ਲਹਿਰ ਨੂੰ ਕੁਚਲ ਦੇਣ ਦੇ ਦੋਸ਼ ਲਗਾਏ ਗਏ। ਪਟਿਆਲੇ ਦੇ ਮਹਾਰਾਜਾ ਭੁਪਿੰਦਰ ਸਿੰਘ ਨੇ ਠੀਕਰਵਾਲਾ ਵਿਖੇ ਸਦੇ ਗਏ ਇਸ ਇਕੱਠ ਨੂੰ ਦਬਾ ਦੇਣ ਲਈ ਪੁਲਿਸ ਦਸਤੇ ਭੇਜੇ, ਪਰ ਮਗਰੋਂ ਲੋਕਾਂ ਦੇ ਵੱਧ ਰਹੇ ਰੋਸ ਨੂੰ ਵੇਖ ਕੇ ਉਨ੍ਹਾਂ ਨੂੰ ਸਾਰੇ ਲੋਕਾਂ ਨੂੰ ਛੱਡਣਾ ਪੈ ਗਿਆ, ਜੋ ਪਟਿਆਲਾ ਪੁਲਿਸ ਨੇ ਗ੍ਰਿਫ਼ਤਾਰ ਕੀਤੇ ਸਨ।

ਸ੍ਰ: ਸੇਵਾ ਸਿੰਘ ਠੀਕਰੀਵਾਲਾ ਨੇ ਪੰਜਾਬ ਦੀਆਂ ਰਿਆਸਤਾਂ ਵਿਚ ਰਹਿ ਰਹੇ ਲੋਕਾਂ ਨੂੰ ਜਾਗ੍ਰਿਤ ਕਰਨ ਲਈ ਇਕ ਪਰਚਾ ਸ਼ੁਰੂ ਕੀਤਾ ਜਿਸਦਾ ਨਾਮ 'ਕੌਮੀ ਦਰਦ' ਰਖਿਆ ਗਿਆ। ਇਸ ਪਰਚੇ ਵਿਚ ਛਪਣ ਵਾਲੇ ਲੇਖ ਅਤੇ ਕਵਿਤਾਵਾਂ ਨੇ ਨਾ ਸਿਰਫ਼ ਅਕਾਲੀ ਲਹਿਰ ਨੂੰ ਹੀ ਮਜ਼ਬੂਤ ਕੀਤਾ ਸਗੋਂ ਪੰਜਾਬ ਦੀ ਪੇਂਡੂ ਅਤੇ ਸ਼ਹਿਰੀ ਜਨਤਾ ਨੂੰ ਅੰਗਰੇਜ਼ੀ ਸਾਮਰਾਜ ਅਤੇ ਦੇਸੀ ਰਾਜਿਆਂ ਦੀ ਤਾਨਾਸ਼ਾਹੀ ਵਿਰੁੱਧ ਜਾਗ੍ਰਿਤ ਹੋਣ ਦੀ ਪ੍ਰੇਰਣਾ ਵੀ ਦਿੱਤੀ। ਸ੍ਰ: ਸੇਵਾ ਸਿੰਘ ਠੀਕਰੀਵਾਲਾ ਦੀਆਂ ਇਨ੍ਹਾਂ ਕਾਰਵਾਈਆਂ ਕਾਰਨ ਉਨ੍ਹਾਂ ਨੂੰ ਅਕਤੂਬਰ 1923 ਵਿਚ ਗ੍ਰਿਫ਼ਤਾਰ ਕਰਕੇ ਕਾਰਖਾਸ ਜੇਲ੍ਹ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਜੇਲ੍ਹ ਵਿਚ ਦੋ ਦਿਨ ਰਖਣ ਮਗਰੋਂ ਉਨ੍ਹਾਂ ਨੂੰ ਮਹਾਰਾਜਾ ਸਾਹਿਬ ਦੇ ਸਾਮ੍ਹਣੇ ਪੇਸ਼ ਕੀਤਾ ਗਿਆ। ਮਹਾਰਾਜਾ ਭੁਪਿੰਦਰ ਸਿੰਘ ਨੇ ਉਨ੍ਹਾਂ ਨੂੰ ਬਹੁਤ ਸਮਝਾਣ ਦੀ ਕੋਸ਼ਿਸ਼ ਕੀਤੀ ਕਿ ਉਹ ਰਾਜ ਵਿਚ ਵੱਧ ਰਹੀਆਂ ਇਨ੍ਹਾਂ ਸਰਗਰਮੀਆਂ ਤੋਂ ਆਪਣਾ ਨਾਤਾ ਤੋੜ ਲੈਣ, ਲਾਲਚ ਵੀ ਦਿੱਤੇ ਤੇ ਸਖ਼ਤੀ ਨਾਲ ਪੇਸ਼ ਆਉਣ ਦੀਆਂ ਧਮਕੀਆਂ

Digitized by Panjab Digital Library | www.panjabdigilib.org

ਵੀ ਦਿੱਤੀਆਂ, ਪਰ ਸ੍ਰ: ਸੇਵਾ ਸਿੰਘ ਨੇ ਕਿਸੇ ਵੀ ਜਥੇਬੰਦੀ ਅਥਵਾ ਲਹਿਰ ਤੋਂ ਅਲਗ ਹੋਣ ਤੋਂ ਇਨਕਾਰ ਕਰ ਦਿੱਤਾ। ਮਹਾਰਾਜੇ ਨੇ ਗੁੱਸੇ ਵਿਚ ਆ ਕੇ ਉਨ੍ਹਾਂ ਨੂੰ ਲਾਹੌਰ ਸੈਂਟਰਲ ਜੇਲ੍ਹ ਭਿਜਵਾ ਦਿੱਤਾ ਜਿਥੇ ਉਹ ਲਗਾਤਾਰ ਤਿੰਨ ਸਾਲ ਤਕ ਨਜ਼ਰਬੰਦ ਰਹੇ। 1925 ਵਿਚ ਜਦੋਂ ਗੁਰਦੁਆਰਾ ਐਕਟ ਬਣਿਆ ਤਾਂ ਬਹੁਤ ਸਾਰੇ ਅਕਾਲੀ ਨੇਤਾਵਾਂ ਨੂੰ ਕੁਝ ਸ਼ਰਤਾਂ ਨਾਲ ਰਿਹਾ ਕਰ ਦਿੱਤਾ ਗਿਆ। ਸ੍ਰ: ਸੇਵਾ ਸਿੰਘ ਨੇ ਕੋਈ ਸ਼ਰਤ ਮੰਨ ਕੇ ਰਿਹਾ ਹੋਣ ਤੋਂ ਇਨਕਾਰ ਕਰ ਦਿੱਤਾ। ਆਖ਼ਰ ਸਤੰਬਰ 1926 ਵਿਚ ਸਰਕਾਰ ਨੇ ਇਨ੍ਹਾਂ ਨੂੰ ਬਿਨਾ ਸ਼ਰਤ ਰਿਹਾ ਕਰ ਦਿੱਤਾ। ਅਜੇ ਸ੍ਰ: ਸੇਵਾ ਸਿੰਘ ਜੇਲ੍ਹ ਵਿਚ ਹੀ ਸਨ ਕਿ ਇਨ੍ਹਾਂ ਨੂੰ ਅਕਾਲ ਕਾਲਜ ਮਸਤੂਆਣਾ ਦੀ ਕੌਂਸਲ, ਮਾਲਵਾ ਪ੍ਰਤੀਨਿਧ ਖਾਲਸਾ ਦੀਵਾਨ ਅਤੇ ਅਕਾਲੀ ਜਥਾ ਰਿਆਸਤ ਪਟਿਆਲਾ ਦਾ ਸਰਬ ਸੰਮਤੀ ਨਾਲ ਪ੍ਰਧਾਨ ਚੁਣ ਲਿਆ ਗਿਆ।

ਸ੍ਰ: ਸੇਵਾ ਸਿੰਘ ਦੀ ਵੱਧ ਰਹੀ ਲੋਕ ਪ੍ਰਿਯਤਾ ਨੂੰ ਵੇਖ ਕੇ ਪਟਿਆਲੇ ਦੀ ਸਰਕਾਰ ਅਤੇ ਪੁਲਿਸ ਬੌਖਲਾ ਗਈ। ਲਾਹੌਰ ਜੇਲ੍ਹ ਚੋਂ ਰਿਹਾ ਹੁੰਦਿਆਂ ਹੀ ਉਨ੍ਹਾਂ ਨੇ ਸ੍ਰ: ਸੇਵਾ ਸਿੰਘ ਨੂੰ ਡੇਰਾ ਬਾਬਾ ਗਾਂਧਾ ਸਿੰਘ ਬਰਨਾਲਾ ਤੋਂ ਇਕ ਗੜਵੀ (ਜਿਸ ਦਾ ਮੁਲ ਅੱਠ ਆਨੇ ਸੀ) ਚੋਰੀ ਕਰਨ ਦੇ ਦੋਸ਼ ਵਿਚ ਫਿਰ ਗ੍ਰਿਫ਼ਤਾਰ ਕਰ ਲਿਆ। ਇਸ ਹਾਸੋ ਹੀਣੇ ਦੋਸ਼ ਨੂੰ ਆਧਾਰ ਬਣਾ ਕੇ ਉਨ੍ਹਾਂ ਨੂੰ ਤਿੰਨ ਸਾਲ ਤਕ ਪਟਿਆਲੇ ਦੀ ਜੇਲ੍ਹ ਵਿਚ ਰਖਿਆ ਗਿਆ। ਇਸ ਦੌਰਾਨ ਪੰਜਾਬ ਅਤੇ ਦੇਸ਼ ਦੀਆਂ ਕਈ ਜਥੇਬੰਦੀਆਂ ਜਿਨ੍ਹਾਂ ਵਿਚ ਸ਼੍ਰੋਮਣੀ ਅਕਾਲੀ ਦੱਲ ਅਤੇ ਸ਼੍ਰੋਮਣੀ ਕਮੇਟੀ ਸ਼ਾਮਲ ਸਨ ਅਤੇ ਪੰਥ ਦੀਆਂ ਨਾਮਵਰ ਹਸਤੀਆਂ ਬਾਬਾ ਖੜਕ ਸਿੰਘ ਅਤੇ ਮਾਸਟਰ ਤਾਰਾ ਸਿੰਘ ਨੇ ਵੀ ਉਨ੍ਹਾਂ ਦੀ ਰਿਹਾਈ ਲਈ ਜਤਨ ਕੀਤੇ ਪਰ ਮਹਾਰਾਜਾ ਪਟਿਆਲਾ ਨੇ ਸਭ ਦੇ ਬਿਨੈ-ਪੱਤਰਾਂ ਨੂੰ ਨਜ਼ਰ ਅੰਦਾਜ਼ ਕਰ ਦਿੱਤਾ। ਇਸ ਮਗਰੋਂ ਸ੍ਰ: ਸੇਵਾ ਸਿੰਘ ਠੀਕਰੀਵਾਲਾ ਨੇ ਲੰਮੇ ਸਮੇਂ ਲਈ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। ਭੁੱਖ ਹੜਤਾਲ ਕਾਰਨ ਦਿਨ-ਬ-ਦਿਨ ਉਨ੍ਹਾਂ ਦੀ ਹਾਲਤ ਵਿਗੜਣੀ ਸ਼ੁਰੂ ਹੋ ਗਈ। ਇਧਰੋਂ ਪੰਜਾਬ ਰਿਆਸਤੀ ਪਰਜਾ ਮੰਡਲ ਦੇ ਮੁਖੀਆਂ ਵਲੋਂ ਦਬਾ ਵਧਦਾ ਜਾ ਰਿਹਾ ਸੀ ਤੇ ਉਹ ਮਹਾਰਾਜੇ ਪਾਸ ਸ੍ਰ: ਸੇਵਾ ਸਿੰਘ ਨੂੰ ਰਿਹਾ ਕਰਨ ਲਈ ਜ਼ੋਰ ਲਗਾ ਰਹੇ ਸਨ। ਆਖ਼ਰ ਹਾਲਤ ਨੂੰ ਗੰਭੀਰ ਹੁੰਦਿਆਂ ਵੇਖ ਕੇ ਮਹਾਰਾਜੇ ਨੇ ਠੀਕਰੀਵਾਲਾ ਨੂੰ 24 ਅਗਸਤ 1929 ਨੂੰ ਰਿਹਾ ਕਰ ਦਿੱਤਾ। ਲਾਹੌਰ ਅਤੇ ਪਟਿਆਲਾ ਜੇਲ੍ਹ ਵਿਚ ਉਨ੍ਹਾਂ ਨਾਲ ਬੜਾ ਮਾੜਾ ਸਲੂਕ ਕੀਤਾ ਜਾਂਦਾ ਸੀ ਜਿਸ ਕਰਕੇ ਉਨ੍ਹਾਂ ਦੀ ਸੇਹਤ ਬਹੁਤ ਕਮਜ਼ੋਰ ਹੋ ਗਈ।

ਪੰਜਾਬ ਰਿਆਸਤੀ ਪਰਜਾਮੰਡਲ ਦੀ ਨੀਂਹ 17-18 ਜੁਲਾਈ 1929 ਨੂੰ ਅੰਮ੍ਰਿਤਸਰ ਵਿਖੇ ਰਿਆਸਤਾਂ ਦੇ ਪ੍ਰਤਿਨਿਧਾਂ ਦੀ ਹੋਈ ਮੀਟਿੰਗ ਸਮੇਂ ਰਖੀ ਗਈ। ਉਦੋਂ ਸ੍ਰ: ਸੇਵਾ ਸਿੰਘ ਠੀਕਰੀਵਾਲਾ ਅਜੇ ਪਟਿਆਲਾ ਜੇਲ੍ਹ ਵਿਚ ਹੀ ਸਨ। ਉਨ੍ਹਾਂ ਦੀ ਗ਼ੈਰ ਹਾਜ਼ਰੀ ਵਿਚ ਉਨ੍ਹਾਂ ਨੂੰ ਪਰਜਾ ਮੰਡਲੰ ਦਾ ਪ੍ਰਧਾਨ ਅਤੇ ਸ੍ਰ: ਜਸਵੰਤ ਸਿੰਘ ਦਾਨੇਵਾਲੀਆ ਨੂੰ ਇਸ ਦਾ ਮੁੱਖ ਸਕਤ੍ਰ ਚੁਣ ਲਿਆ ਗਿਆ। ਸ੍ਰ: ਭਗਵਾਨ ਸਿੰਘ ਲੌਂਗੋਵਾਲੀਆ, ਮਾਸਟਰ ਹਰੀ ਸਿੰਘ ਪੁਤਕਲਾਂ (ਕਪੂਰਥਲਾ) ਇਸਦੇ ਮੋਢੀਆਂ ਵਿਚੋਂ ਸਨ। ਪੰਜਾਬ ਰਿਆਸਤੀ ਪਰਜਾ ਮੰਡਲ ਦਾ ਮੁੱਖ ਨਾਅਰਾ ਸੀ, 'ਰਜਵਾੜਾ ਸ਼ਾਹੀ ਦਾ ਖ਼ਾਤਮਾ ਕਰੋ, ਰਿਆਸਤਾਂ ਦਾ ਭੋਗ ਪਾਉ ਤੇ ਸ਼ਹਿਰੀ ਆਜ਼ਾਦੀ ਬਹਾਲ ਕਰੋ।' ਸ੍ਰ: ਸੇਵਾ ਸਿੰਘ ਠੀਕਰੀਵਾਲਾ ਨੇ ਜੇਲ੍ਹ 'ਚੋਂ ਰਿਹਾਈ ਮਗਰੋਂ ਆਪਣੇ ਪਿੰਡ ਜਾਣ ਦੀ ਬਜਾਏ ਪੰਜਾਬ ਦੀਆਂ ਰਿਆਸਤਾਂ ਦਾ ਦੌਰਾ ਕੀਤਾ ਅਤੇ ਥਾਂ ਥਾਂ ਤੇ ਹਜ਼ਾਰਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਲੋਕਾਂ ਨੂੰ ਦਸਿਆ

Digitized by Panjab Digital Library | www.panjabdigilib.org

ਕਿ ਦੇਸ਼ ਦੀ ਆਜ਼ਾਦੀ, ਬਿਨਾਂ ਰਜਵਾੜਾ ਸ਼ਾਹੀ ਦਾ ਅੰਤ ਕੀਤੇ ਸੰਭਵ ਨਹੀਂ।

ਪੰਜਾਬ ਰਿਆਸਤੀ ਪਰਜਾ ਮੰਡਲ ਦੀ ਪਹਿਲੀ ਕਾਨਫ੍ਰੰਸ ਦਸੰਬਰ 1929 ਵਿਚ ਬਰੈਡਲਾ ਹਾਲ ਲਾਹੌਰ ਵਿਖੇ ਹੋਈ। ਸ੍ਰ: ਸੇਵਾ ਸਿੰਘ ਸੁਆਗਤੀ ਕਮੇਟੀ ਦੇ ਚੇਅਰਮੈਨ ਸਨ ਜਦ ਕਿ ਕਾਨਫ੍ਰੰਸ ਦੀ ਪ੍ਰਧਾਨਗੀ ਸਿਰੀ ਚੁਟਘਰ ਨੇ ਕੀਤੀ। ਇਸ ਕਾਨਫ੍ਰੰਸ ਵਿਚ ਪ੍ਰਤੀਨਿਧਾਂ ਨੂੰ ਇਹ ਹਦਾਇਤ ਕੀਤੀ ਗਈ ਕਿ ਉਹ ਸ਼ਹਿਰੀ ਆਜ਼ਾਦੀ, ਜਮਹੂਰੀ ਹੱਕ, ਰਾਜਸ਼ਾਹੀ ਦਾ ਅੰਤ ਅਤੇ ਜ਼ੁੰਮੇਵਾਰ ਜਨਤਕ ਸਰਕਾਰ ਲਈ ਥਾਂ ਥਾਂ ਤੇ ਮੁਹਿੰਮ ਚਲਾਉਣ ਅਤੇ ਮੋਰਚੇ ਲਗਾਣ ਤੇ ਨਾਲ ਹੀ ਉਹ ਆਪੋ ਆਪਣੀਆਂ ਰਿਆਸਤਾਂ ਦੇ ਪ੍ਰਮੁੱਖ (ਰਾਜੇ ਮਹਾਰਾਜਿਆਂ ਪਾਸੋਂ) ਸਕੂਲਾਂ ਤੇ ਹਸਪਤਾਲਾਂ ਦੀ ਸਥਾਪਤੀ, ਅੰਗਰੇਜ਼ੀ ਇਲਾਕਿਆਂ ਦੇ ਬਰਾਬਰ ਜ਼ਮੀਨੀ ਮਾਮਲਾ ਤੇ ਹੱਲ ਹੇਠਾਂ ਜ਼ਮੀਨ ਉਪਰ ਕਿਸਾਨਾਂ ਦੀ ਮਾਲਕੀ ਦੇ ਹੱਕ ਦੀ ਮੰਗ ਕਰਨ। ਸ੍ਰ: ਸੇਵਾ ਸਿੰਘ ਠੀਕਰੀਵਾਲਾ ਦੇ ਥਾਂ-ਥਾਂ ਪ੍ਰਚਾਰ ਦੌਰਿਆਂ ਨੇ ਇਕ ਵਾਰ ਫਿਰ ਪਟਿਆਲਾ ਰਾਜ-ਘਰਾਣੇ ਲਈ ਬੜਾ ਵਡਾ ਖਤਰਾ ਪੈਦਾ ਕਰ ਦਿੱਤਾ। ਉਨ੍ਹਾਂ ਦੇ ਅਸਰਦਾਰ ਪ੍ਰਚਾਰ ਕਾਰਨ ਪੰਜਾਬ ਦੀਆਂ ਰਿਆਸਤਾਂ ਵਿਚ ਜਨਤਕ ਲਹਿਰਾਂ ਜ਼ੋਰ ਪਕੜਣ ਲਗ ਪਈਆਂ ਸਨ।

1929 ਵਿਚ ਕਾਂਗਰਸ ਦਾ ਸਾਲਾਨਾ ਇਤਿਹਾਸਕ ਅਜਲਾਸ ਲਾਹੌਰ ਵਿਖੇ ਕੀਤਾ ਗਿਆ ਜਿਸ ਵਿਚ ਦੇਸ਼ ਲਈ ਪੂਰਨ ਆਜ਼ਾਦੀ ਦੀ ਘੋਸ਼ਨਾ ਕੀਤੀ ਗਈ। ਰਿਆਸਤੀ ਪਰਜਾ ਮੰਡਲ ਦੇ ਪ੍ਰਧਾਨ ਅਤੇ ਪ੍ਰਮੁੱਖ ਅਕਾਲੀ ਨੇਤਾ ਵਜੋਂ ਸ੍ਰ: ਸੇਵਾ ਸਿੰਘ ਠੀਕਰੀਵਾਲਾ ਨੇ 500 ਵਰਕਰਾਂ ਨਾਲ ਇਸ ਅਜਲਾਸ ਵਿਚ ਹਿੱਸਾ ਲਿਆ। ਕੁਝ ਸਮੇਂ ਬਾਦ ਪੰਜਾਬ ਰਿਆਸਤੀ ਪਰਜਾ ਮੰਡਲ ਦੀ ਦੂਜੀ ਕਾਨਫ੍ਰੰਸ ਸ੍ਰ: ਸੇਵਾ ਸਿੰਘ ਦੀ ਪ੍ਰਧਾਨਗੀ ਥਲੇ ਲੁਧਿਆਣੇ ਹੋਈ। 1930 ਵਿਚ ਉਹ ਇਕ ਵਫ਼ਦ ਦੇ ਮੁਖੀ ਵਜੋਂ ਅੰਗਰੇਜ਼ ਵਾਇਸਰਾਇ ਨੂੰ ਦਿੱਲੀ ਜਾ ਕੇ ਮਿਲੇ ਅਤੇ ਮਹਾਰਾਜਾ ਪਟਿਆਲਾ ਦੇ ਜ਼ੁਲਮ ਅਤੇ ਜਨਤਾ ਉਪਰ ਕੀਤੇ ਜਾ ਰਹੇ ਅਤਿਆਚਾਰਾਂ ਬਾਰੇ ਲਿਖਤੀ ਯਾਦ ਪੱਤਰ ਦਿੱਤਾ। ਅਕਤੂਬਰ 1930 ਵਿਚ ਆਲ ਇੰਡੀਆ ਸਟੇਟਸ ਪੀਪਲ ਦੀ ਸਾਲਾਨਾ ਕਾਨਫ੍ਰੰਸ ਲੁਧਿਆਣੇ ਵਿਖੇ ਹੋਈ। ਸੁਆਗਤੀ ਕਮੇਟੀ ਦੇ ਚੇਅਰਮੈਨ ਵਜੋਂ ਸ੍ਰ: ਸੇਵਾ ਸਿੰਘ ਠੀਕਰੀਵਾਲਾ ਨੇ ਜੋ ਤਕਰੀਰ ਕੀਤੀ ਉਸ ਤੋਂ ਘਬਰਾ ਕੇ ਪਟਿਆਲਾ ਦੇ ਅਧਿਕਾਰੀਆਂ ਨੇ ਉਨ੍ਹਾਂ ਨੂੰ ਫਿਰ ਗ੍ਰਿਫ਼ਤਾਰ ਕਰ ਲਿਆ। ਇਕ ਹਾਸੋ ਹੀਣੀ ਅਦਾਲਤੀ ਕਾਰਵਾਈ ਮਗਰੋਂ ਉਨ੍ਹਾਂ ਨੂੰ ਪੰਜ ਸਾਲ ਦੀ ਕੈਦ ਅਤੇ ਦਸ ਹਜ਼ਾਰ ਰੁਪੈ ਜੁਰਮਾਨਾ ਕਰਕੇ ਜੇਲ੍ਹ ਭੇਜ ਦਿੱਤਾ ਗਿਆ। ਪਰ ਆਲ ਇੰਡੀਆ ਪਰਜਾਮੰਡਲ ਅਤੇ ਪੰਜਾਬ ਰਿਆਸਤੀ ਪਰਜਾ ਮੰਡਲ ਦੇ ਦਬਾਅ ਕਾਰਨ ਮਹਾਰਾਜਾ ਭੁਪਿੰਦਰ ਸਿੰਘ ਨੇ ਉਨ੍ਹਾਂ ਨੂੰ 4 ਮਹੀਨੇ ਮਗਰੋਂ 12 ਮਾਰਚ 1931 ਨੂੰ ਰਿਹਾ ਕਰ ਦਿੱਤਾ।

ਜਦੋਂ ਮਹਾਰਾਜਾ ਪਟਿਆਲਾ ਨੇ ਵੇਖਿਆ ਕਿ ਸ੍ਰ: ਸੇਵਾ ਸਿੰਘ ਠੀਕਰੀਵਾਲਾ ਦੀ ਲੋਕ ਪ੍ਰੀਯਤਾ ਦਿਨ-ਬ-ਦਿਨ ਵਧਦੀ ਚਲੀ ਜਾ ਰਹੀ ਹੈ ਤਾਂ ਉਨ੍ਹਾਂ ਨੇ ਠੀਕਰੀਵਾਲਾ ਨੂੰ ਰਾਜ ਦਰਬਾਰ ਵਿਚ ਬੁਲਾ ਕੇ ਗੱਲਬਾਤ ਕਰਨੀ ਚਾਹੀ। ਪਹਿਲਾਂ ਉਹ ਧੰਨ ਦੌਲਤ ਦਾ ਲਾਲਚ ਦੇ ਕੇ ਅਤੇ ਫਿਰ ਡਰਾ ਧਮਕਾ ਕੇ ਉਨ੍ਹਾਂ ਨੂੰ ਜਨਤਕ ਲਹਿਰਾਂ ਤੋਂ ਦੂਰ ਰਹਿਣ ਲਈ ਰਾਜੀ ਕਰਨਾ ਚਾਹੁੰਦੇ ਸਨ। ਪਰ ਇਸ ਵਾਰ ਵੀ ਮਹਾਰਾਜਾ ਆਪਣੇ ਜਤਨਾਂ ਵਿਚ ਕਾਮਯਾਬ ਨਾ ਹੋ ਸਕਿਆ। ਜੋ ਸ਼ਰਤ ਸ੍ਰ: ਸੇਵਾ ਸਿੰਘ ਨੇ ਮਹਾਰਾਜੇ ਅਗੇ ਰਖੀ ਉਹ ਉਸ ਨੂੰ ਪ੍ਰਵਾਨ ਨਹੀਂ ਸੀ। ਸ੍ਰ: ਸੇਵਾ ਸਿੰਘ ਚਾਹੁੰਦੇ ਸਨ ਕਿ ਰਿਆਸਤਾਂ ਵਿਚ ਲੋਕਾਂ ਦੁਆਰਾ ਚੁਣੀ ਹੋਈ ਅਸੈਂਬਲੀ, ਰਾਜ ਦਾ ਕੰਮ ਕਾਜ ਚਲਾਵੇ।

Digitized by Panjab Digital Library | www.panjabdigilib.org

ਗੱਲਬਾਤ ਦਾ ਸਿਲਸਿਲਾ ਟੁੱਟ ਜਾਣ ਮਗਰੋਂ ਸ੍ਰ: ਸੇਵਾ ਸਿੰਘ ਨੇ ਆਪਣਾ ਪ੍ਰਚਾਰ ਫਿਰ ਤੇਜ਼ ਕਰ ਦਿੱਤਾ। ਇਸ ਦਾ ਨਤੀਜਾ ਇਹ ਨਿਕਲਿਆ ਕਿ ਰਿਆਸਤ ਪਟਿਆਲਾ, ਕਪੂਰਥਲਾ, ਫਰੀਦਕੋਟ, ਮਲੇਰਕੋਟਲਾ, ਜੀਂਦ ਅਤੇ ਕਲਸੀਆਂ ਵਿਚ ਆਜ਼ਾਦੀ ਦੀ ਲਹਿਰ ਜ਼ੋਰ ਪਕੜਣ ਲਗ ਗਈ।

ਪੰਜਾਬ ਰਿਆਸਤੀ ਪਰਜਾ-ਮੰਡਲ ਦੀ ਤੀਸਰੀ ਕਾਨਫ੍ਰੰਸ ਜੁਲਾਈ 1931 ਨੂੰ ਸ਼ਿਮਲਾ ਵਿਖੇ ਸਦੀ ਗਈ ਸੀ। ਇਸ ਦੀ ਪ੍ਰਧਾਨਗੀ ਆਲ ਇੰਡੀਆ ਪੀਪਲਜ਼ ਕਾਨਫ੍ਰੰਸ ਦੇ ਉੱਘੇ ਨੇਤਾ ਸ੍ਰੀ ਯੁਤ ਅੰਮ੍ਰਿਤ ਲਾਲ ਠਾਕੁਰ ਨੇ ਕਰਨੀ ਸੀ। ਸਵਾਗਤੀ ਕਮੇਟੀ ਦੇ ਚੇਅਰਮੈਨ ਲਾਲਾ ਦੁਨੀ ਚੰਦ ਅੰਬਾਲਵੀ ਸਨ। ਕਾਨਫ੍ਰੰਸ ਦਾ ਸਾਰਾ ਪ੍ਰਬੰਧ ਸ੍ਰ: ਸੇਵਾ ਸਿੰਘ ਠੀਕਰੀਵਾਲਾ, ਸ੍ਰ: ਭਗਵਾਨ ਸਿੰਘ ਲੌਂਗੋਵਾਲੀਆ ਅਤੇ ਮੋਲਵੀ ਤਾਲਿਬ ਹੁਸੈਨ ਨੇ ਕਰਨਾ ਸੀ। ਸ੍ਰ: ਸੇਵਾ ਸਿੰਘ ਨੇ ਫ਼ੈਸਲਾ ਕੀਤਾ ਕਿ ਰਿਆਸਤ ਪਟਿਆਲਾ ਵਲੋਂ ਇਕ ਜਥਾ ਸ਼ਿਮਲੇ ਪੈਦਲ ਭੇਜਿਆ ਜਾਵੇ ਜੋ ਰਸਤੇ ਵਿਚ ਆਪਣੀਆਂ ਮੰਗਾਂ ਦਾ ਪ੍ਰਚਾਰ ਕਰਦਾ ਉਥੇ ਪਹੁੰਚੇ। ਸੇਵਾ ਸਿੰਘ ਦੇ ਇਸ ਫ਼ੈਸਲੇ ਨਾਲ ਪਟਿਆਲਾ ਪੁਲਿਸ ਨੇ ਜਥੇ ਨੂੰ ਰੋਕਣ ਅਤੇ ਸ਼ਿਮਲੇ ਵਿਚ ਹੋਣ ਵਾਲੀ ਕਾਨਫ੍ਰੰਸ ਨੂੰ ਫ਼ੇਲ੍ਹ ਕਰਨ ਲਈ ਆਪਣੇ ਜਤਨ ਆਰੰਭ ਕਰ ਦਿੱਤੇ। ਪਟਿਆਲਾ ਰਿਆਸਤ ਦੇ ਕਰਮਚਾਰੀ ਨਹੀਂ ਸਨ ਚਾਹੁੰਦੇ ਕਿ ਰਿਆਸਤੀ ਪਰਜਾਮੰਡਲ ਦੀ ਇਹ ਤੀਸਰੀ ਕਾਨਫ੍ਰੰਸ ਸਫ਼ਲ ਹੋਵੇ। ਇਸ ਸਬੰਧ ਵਿਚ ਉਨ੍ਹਾਂ ਰਿਆਸਤ ਦੇ ਅੰਗਰੇਜ਼ ਕਰਮਚਾਰੀਆਂ ਨਾਲ ਮਿਲ ਕੇ ਕਾਨਫ੍ਰੰਸ ਵਿਚ ਗੜਬੜ ਕਰਵਾ ਦਿੱਤੀ ਤੇ ਇਹ ਕਾਨਫ੍ਰੰਸ ਕਾਮਯਾਬ ਨਾ ਹੋ ਸਕੀ।

23 ਜੁਲਾਈ 1931 ਨੂੰ ਸ੍ਰ: ਸੇਵਾ ਸਿੰਘ ਠੀਕਰੀਵਾਲਾ ਮਹਾਤਮਾ ਗਾਂਧੀ ਨੂੰ ਮਿਲੇ ਜੋ ਉਨ੍ਹਾਂ ਦਿਨਾਂ ਵਿਚ ਸ਼ਿਮਲਾ ਆਏ ਹੋਏ ਸਨ। ਸ੍ਰ: ਸੇਵਾ ਸਿੰਘ ਨੇ ਉਨ੍ਹਾਂ ਨੂੰ ਭਾਰਤ ਸਰਕਾਰ ਕੋਲ ਰਿਆਸਤਾਂ ਦਾ ਸੁਆਲ ਉਠਾਣ ਲਈ ਕਿਹਾ ਜਿਥੋਂ ਦੀ ਜਨਤਾ ਰਜਵਾੜਿਆਂ ਦੇ ਜ਼ੁਲਮ ਅਤੇ ਅਤਿਆਚਾਰ ਕਾਰਨ ਦਬਦੀ ਤੇ ਪਿਸਦੀ ਚਲੀ ਜਾ ਰਹੀ ਸੀ। ਮਹਾਤਮਾ ਗਾਂਧੀ ਦਾ ਵਿਚਾਰ ਸੀ ਕਿ ਦੇਸ਼ ਦੀ ਆਜ਼ਾਦੀ ਨਾਲ ਹੀ ਰਿਆਸਤਾਂ ਦੀ ਜਨਤਾ ਵੀ ਮਹਾਰਾਜਿਆਂ ਦੇ ਚੁੰਗਲ ਵਿਚੋਂ ਆਜ਼ਾਦ ਹੋ ਜਾਵੇਗੀ। ਜਦੋਂ ਸ਼ਿਮਲੇ ਵਿਚ ਹੋਈ ਗੜਬੜ ਅਤੇ ਪਟਿਆਲਾ ਦੇ ਕਮਰਚਾਰੀਆਂ ਵਲੋਂ ਕੀਤੀ ਗਈ ਹੁਲੜਬਾਜੀ ਦੀ ਖ਼ਬਰ ਭਾਰਤ ਦੀ ਸਰਕਾਰ ਕੋਲ ਪਹੁੰਚੀ ਤਾਂ ਉਨ੍ਹਾਂ ਇਕ ਚਿੱਠੀ ਰਾਹੀਂ ਪਟਿਆਲਾ ਅਤੇ ਪੰਜਾਬ ਸਰਕਾਰ ਦੀ ਕਰੜੀ ਨਖੇਧੀ ਕੀਤੀ। ਭਾਰਤ ਸਰਕਾਰ ਵੱਲੋਂ ਕੀਤੀ ਗਈ ਕਾਰਵਾਈ ਕਾਰਨ ਸ਼ਿਮਲੇ ਦੇ ਅੰਗਰੇਜ਼ ਡਿਸਟਰਿਕਟ ਮੈਜਿਸਟ੍ਰੇਟ ਨੂੰ ਮੌਕੂਫ਼ ਕਰ ਦਿੱਤਾ ਗਿਆ ਅਤੇ ਅੰਗਰੇਜ਼ ਐਸ. ਪੀ. ਨੇ ਆਪਣੇ ਵਿਰੁੱਧ ਪੜਤਾਲ ਤੋਂ ਘਬਰਾ ਕੇ ਜ਼ਹਿਰ ਖਾ ਕੇ ਆਤਮ ਹਤਿਆ ਕਰ ਲਈ।

ਇਸ ਕਾਨਫ੍ਰੰਸ ਤੋਂ ਬਾਦ ਸ੍ਰ: ਸੇਵਾ ਸਿੰਘ ਆਪਣੇ ਪਿੰਡ ਠੀਕਰੀਵਾਲਾ ਆ ਗਏ। ਹੁਣ ਉਨ੍ਹਾਂ ਨੇ ਆਪਣਾ ਸਮਾਂ ਕੁਝ ਹੋਰ ਉਸਾਰੂ ਕੰਮਾਂ ਵਿਚ ਲਗਾਣਾ ਸ਼ੁਰੂ ਕਰ ਦਿੱਤਾ। 8 ਸਤੰਬਰ, 1931 ਨੂੰ ਰੇਲਵੇ ਸਟੇਸ਼ਨ ਜਾਖ਼ਲ ਤੇ ਰਿਆਸਤੀ ਪਰਜਾਮੰਡਲ ਦੀ ਅੰਤ੍ਰਿੰਗ ਕਮੇਟੀ ਦੀ ਇਕ ਮੀਟਿੰਗ ਹੋਈ ਜਿਸ ਵਿਚ ਕਈ ਮਤੇ ਪਾਸ ਕੀਤੇ ਗਏ ਜਿਨ੍ਹਾਂ ਵਿਚੋਂ ਇਕ ਜ਼ਰੂਰੀ ਮਤਾ ਮਹਾਰਾਜਾ ਪਟਿਆਲਾ ਨੂੰ ਗਦੀਉਂ ਉਤਾਰਨ ਸਬੰਧੀ ਸੀ। ਸ੍ਰ: ਸੇਵਾ ਸਿੰਘ ਦੇ ਹੋਰ ਉਸਾਰੂ ਕੰਮਾਂ ਵਿਚੋਂ ਸਭ ਤੋਂ ਵੱਡਾ ਕੰਮ ਛੂਆ ਛੂਤ ਵਿਰੁੱਧ ਮੁਹਿੰਮ ਛੇੜਣੀ ਅਤੇ ਸਮਾਜ ਵਿਚ ਪ੍ਰਚਲਿਤ

Digitized by Panjab Digital Library | www.panjabdigilib.org

ਫ਼ਜ਼ੂਲ ਤੇ ਬੇਲੋੜੀਆਂ ਰਸਮਾਂ ਦੀ ਨਖੇਧੀ ਕਰਨੀ ਤੇ ਸਮਾਜ ਲਈ ਨਵੀਆਂ ਪੈੜਾਂ ਉਲੀਕਣਾ ਸੀ। ਜਦੋਂ ਉਨ੍ਹਾਂ ਆਪਣੀ ਇਕੋ ਇਕ ਬੱਚੀ ਬੀਬੀ ਗੁਰਚਰਨ ਕੌਰ ਦੀ ਸ਼ਾਦੀ (16 ਜੁਲਾਈ 1933) ਨੂੰ ਸ੍ਰ: ਵਜ਼ੀਰ ਸਿੰਘ ਜੇਜੀ ਸਪੁੱਤਰ ਸ੍ਰ: ਹਰਚੰਦ ਸਿੰਘ ਰਈਸ ਨਾਲ ਕੀਤੀ ਤਾਂ ਬਰਾਤ ਵਿਚ ਕੇਵਲ ਪੰਜ ਜਾਂ ਸੱਤ ਵਿਅਕਤੀ ਸ਼ਾਮਲ ਸਨ। ਆਨੰਦ ਕਾਰਜ ਵੇਲੇ ਇਤਨੇ ਕੁ ਹੀ ਰਿਸ਼ਤੇਦਾਰ ਸ੍ਰ: ਸੇਵਾ ਸਿੰਘ ਠੀਕਰੀਵਾਲਾ ਦੇ ਪ੍ਰਵਾਰ 'ਚੋਂ ਹਾਜ਼ਰ ਸਨ।

13 ਜਨਵਰੀ, 1933 ਨੂੰ ਮਾਘੀ ਦੇ ਅਵਸਰ ਤੇ ਸ੍ਰ: ਸੇਵਾ ਸਿੰਘ ਨੇ ਪੰਜਾਬੀ ਦਾ ਇਕ ਨਵਾਂ ਸਪਤਾਹਿਕ ਪੱਤਰ 'ਦੇਸ਼ ਦਰਦੀ' ਅੰਮ੍ਰਿਤਸਰ ਤੋਂ ਸ਼ੁਰੂ ਕੀਤਾ। ਇਸ ਪੱਤਰ ਦਾ ਉਦੇਸ਼ ਰਿਆਸਤਾਂ ਵਿਚ ਹੋ ਰਹੇ ਅਤਿਆਚਾਰਾਂ ਨੂੰ ਨੰਗਾਂ ਕਰਨਾ ਤੇ ਲੋਕਾਂ ਨੂੰ ਦੇਸ਼ ਦੀ ਆਜ਼ਾਦੀ ਲਈ ਜਾਗ੍ਰਿਤ ਕਰਨਾ ਸੀ।

ਪੰਜਾਬ ਰਿਆਸਤੀ ਪਰਜਾਮੰਡਲ ਦੀ ਚੌਥੀ ਕਾਨਫ੍ਰੰਸ ਦਿੱਲੀ ਵਿਚ ਹੋਈ। 25 ਮਾਰਚ 1933 ਨੂੰ ਪਰਜਾ ਮੰਡਲ ਦਾ ਇਕ ਜਥਾ ਸ੍ਰ: ਸੇਵਾ ਸਿੰਘ ਦੀ ਅਗਵਾਈ ਵਿਚ ਇਸ ਕਾਨਫ੍ਰੰਸ ਵਿਚ ਭਾਗ ਲੈਣ ਲਈ ਦਿੱਲੀ ਪੁੱਜਾ। ਪਰ ਦਿੱਲੀ ਪੁਲਿਸ ਨੇ ਜਥੇ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ। ਦਿੱਲੀ-ਕਾਨਫ੍ਰੰਸ ਤੋਂ ਲਗਭਗ ਦੋ ਢਾਈ ਮਹੀਨੇ ਪਿਛੋਂ ਅੰਮ੍ਰਿਤਸਰ ਵਿਚ 'ਦੇਸ਼ ਦਰਦੀ' ਅਖਬਾਰ ਦੇ ਦਫ਼ਤਰ ਵਿਚ ਰਿਆਸਤੀ ਪਰਜਾ-ਮੰਡਲ ਦੇ ਵਰਕਰਾਂ ਦੀ ਇਕ ਮੀਟਿੰਗ ਹੋਈ ਜਿਸ ਵਿਚ ਸ੍ਰ: ਸੇਵਾ ਸਿੰਘ ਵੀ ਸ਼ਾਮਲ ਸਨ। ਇਸ ਇਕੱਤ੍ਰਤਾ ਵਿਚ ਮਹਾਰਾਜਾ ਪਟਿਆਲਾ ਵਿਰੁੱਧ ਨਵਾਂ ਸੰਘਰਸ਼ ਜਾਰੀ ਕਰਨ ਦਾ ਫੈਸਲਾ ਕੀਤਾ ਗਿਆ। ਮਹਾਰਾਜੇ ਨੇ ਸਹਾਇਤਾ ਲਈ ਅੰਗਰੇਜ਼ ਸਰਕਾਰ ਦੇ ਬੂਹੇ ਜਾ ਖਟਖਟਾਏ। ਭਾਰਤ ਸਰਕਾਰ ਨੇ ਉਸ ਵਕਤ ਸ੍ਰ: ਸੇਵਾ ਸਿੰਘ ਅਤੇ ਹੋਰ ਵਰਕਰਾਂ ਉਪਰ ਦੋ ਮਹੀਨੇ ਤਕ ਅੰਮ੍ਰਿਤਸਰ ਅਤੇ ਲਾਹੌਰ ਦਾਖਲ ਹੋਣ ਉਪਰ ਪਾਬੰਦੀ ਲਗਾ ਦਿੱਤੀ। 21 ਅਗਸਤ 1933 ਨੂੰ ਸ੍ਰ: ਸੇਵਾ ਸਿੰਘ ਜਲੰਧਰ ਆਏ ਜਿਥੇ ਉਨ੍ਹਾਂ ਨੇ ਇਕ ਮੀਟਿੰਗ ਸੱਦ ਕੇ ਨੇ ਮਹਾਰਾਜੇ ਵਿਰੁੱਧ ਸੰਘਰਸ਼ ਚਲਾਣ ਲਈ ਇਕ ਸਬ ਕਮੇਟੀ ਬਣਾਈ। ਉਨ੍ਹਾਂ ਦੀਆਂ ਇਨ੍ਹਾਂ ਕਾਰਵਾਈਆਂ ਨੂੰ ਧਿਆਨ ਵਿਚ ਰਖਦੇ ਹੋਏ 24 ਅਗਸਤ 1933 ਨੂੰ ਪਟਿਆਲਾ ਪੁਲਿਸ ਨੇ ਸ੍ਰ: ਸੇਵਾ ਸਿੰਘ ਠੀਕਰੀਵਾਲਾ ਨੂੰ ਉਨ੍ਹਾਂ ਦੇ ਪਿੰਡ ਠੀਕਰੀਵਾਲਾ ਤੋਂ ਗ੍ਰਿਫ਼ਤਾਰ ਕਰ ਲਿਆ। ਇਹ ਉਨ੍ਹਾਂ ਦੇ ਜੀਵਨ ਦੀ ਆਖ਼ਰੀ ਗ੍ਰਿਫ਼ਤਾਰੀ ਸੀ।

ਪਟਿਆਲਾ ਜੇਲ੍ਹ ਵਿਚ ਸ੍ਰ: ਸੇਵਾ ਸਿੰਘ ਨੂੰ ਲੰਮੇ ਸਮੇਂ ਤਕ ਬੜੇ ਕਸ਼ਟ ਅਤੇ ਤਸੀਹੇ ਦਿੱਤੇ ਜਾਂਦੇ ਰਹੇ। ਜੋ ਖਾਣਾ ਉਨ੍ਹਾਂ ਨੂੰ ਦਿੱਤਾ ਜਾਂਦਾ ਸੀ ਉਸ ਵਿਚ ਮਿੱਟੀ ਤੇ ਰੋੜ ਮਿਲੇ ਹੁੰਦੇ ਸਨ। ਉਹਨਾਂ ਨੂੰ ਕਿਸੇ ਨੂੰ ਮਿਲਣ ਦੀ ਆਗਿਆ ਨਹੀਂ ਸੀ ਤੇ ਨਾ ਹੀ ਬਾਹਰੋਂ ਕੋਈ ਉਨ੍ਹਾਂ ਨੂੰ ਮਿਲਣ ਆ ਸਕਦਾ ਸੀ। ਬੀਮਾਰੀ ਦੀ ਹਾਲਤ ਵਿਚ ਉਨ੍ਹਾਂ ਦਾ ਉਪਚਾਰ ਵੀ ਨਹੀਂ ਸੀ ਕੀਤਾ ਜਾਂਦਾ। ਜਦੋਂ ਉਨ੍ਹਾਂ ਨੇ ਇਸ ਮਾੜੀ ਦਸ਼ਾ ਬਾਰੇ ਜੇਲ੍ਹ ਦੇ ਸੁਪਰਟੈਂਡੈਂਟ ਨੂੰ ਕਿਹਾ ਤਾਂ ਉਸਨੇ ਕੜਕ ਕੇ ਜੁਆਬ ਦਿੱਤਾ ਇਹ ਜੇਲ੍ਹ ਹੈ ਤੁਹਾਡਾ ਘਰ ਨਹੀਂ। ਇੱਥੇ ਤਾਂ ਇਸੇ ਤਰ੍ਹਾਂ ਹੀ ਚਲੇਗਾ। ਇਹ ਸਭ ਕੁਝ ਜੇਲ੍ਹ ਵਿਚ ਬਣੇ ਕੁਮ੍ਹਾਰ-ਅਹਾਤੇ ਵਿਚ ਕੀਤਾ ਜਾਂਦਾ ਸੀ। ਆਖ਼ਰ 18 ਅਪ੍ਰੈਲ 1934 ਨੂੰ ਪਟਿਆਲਾ ਜੇਲ੍ਹ ਦੇ ਭੈੜੇ ਵਤੀਰੇ ਦੇ ਵਿਰੋਧ ਵਿਚ ਸ੍ਰ: ਸੇਵਾ ਸਿੰਘ ਨੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। ਇਹ ਭੁੱਖ ਹੜਤਾਲ 9 ਮਹੀਨੇ ਤਕ ਜਾਰੀ ਰਹੀ। ਉਨ੍ਹਾਂ ਦਾ ਸਰੀਰ ਸੁੱਕ ਕੇ ਹੱਡੀਆਂ ਦਾ ਪਿੰਜਰ ਹੋ ਗਿਆ। ਦੇਸ਼ ਦੀਆਂ ਅਨੇਕ ਜਥੇਬੰਦੀਆਂ ਅਤੇ ਪ੍ਰਸਿੱਧ ਰਾਜਸੀ ਨੇਤਾਵਾਂ ਵਲੋਂ ਮਹਾਰਾਜੇ ਪਾਸ ਉਨ੍ਹਾਂ ਨੂੰ ਰਿਹਾ ਕਰ ਦੇਣ ਦੀਆਂ ਅਪੀਲਾਂ ਕੀਤੀਆਂ

Digitized by Panjab Digital Library | www.panjabdigilib.org

ਗਈਆਂ ਪਰ ਮਹਾਰਾਜਾ ਪਟਿਆਲਾ ਵੀ ਪੰਜਾਬ ਦੀਆਂ ਰਿਆਸਤਾਂ ਵਿਚ ਜਾਗ੍ਰਿਤੀ ਪੈਦਾ ਕਰਨ ਵਾਲੇ ਇਸ ਸੁਤੰਤਰਤਾ ਸੰਗ੍ਰਾਮੀਏ ਦੀ ਅਲਖ ਮੁਕਾ ਕੇ ਹੀ ਸਾਹ ਲੈਣਾ ਚਾਹੁੰਦਾ ਸੀ। 19 ਜਨਵਰੀ 1935 ਨੂੰ ਉਨ੍ਹਾਂ ਦੀ ਹਾਲਤ ਬਹੁਤ ਖ਼ਰਾਬ ਹੋ ਗਈ। ਜੇਲ੍ਹ ਦੇ ਡਾਕਟਰ ਜਗਦੀਸ਼ ਸਿੰਘ ਦੇ ਕਹਿਣ ਤੇ ਉਨ੍ਹਾਂ ਨੂੰ ਰਾਜਿੰਦਰਾ ਹਸਪਤਾਲ ਲਿਜਾਇਆ ਗਿਆ। ਪਰ ਇਥੇ ਪਹੁੰਚਣ ਦੇ ਕੁਝ ਘੰਟੇ ਮਗਰੋਂ ਹੀ 19-20 ਜਨਵਰੀ ਦੀ ਰਾਤ 1 ਵਜ ਕੇ 30 ਮਿੰਟ ਤੇ ਸਿੰਘ ਸਭਾ ਲਹਿਰ, ਅਕਾਲੀ ਲਹਿਰ, ਗੁਰਦੁਆਰਿਆਂ ਦੀ ਆਜ਼ਾਦੀ ਲਈ ਲਗਾਏ ਗਏ ਮੋਰਚਿਆਂ ਤੇ ਰਿਆਸਤਾਂ ਦੀ ਸੁਤੰਤਰਤਾ ਲਈ ਜੂਝਣ ਵਾਲਾ ਆਜ਼ਾਦੀ ਦਾ ਇਹ ਘੁਲਾਟੀਆ ਸ਼ਹਾਦਤ ਦਾ ਜਾਮ ਪੀ ਗਿਆ। ਸ਼ਹਾਦਤ ਹੋ ਜਾਣ ਮਗਰੋਂ ਜੇਲ੍ਹ ਕਰਮਚਾਰੀਆਂ ਨੇ ਉਸੇ ਦਿਨ ਸ਼ਾਮ ਦੇ ਪੰਜ ਵਜੇ ਉਨ੍ਹਾਂ ਦਾ ਸਸਕਾਰ ਜੇਲ੍ਹ ਦੇ ਅਹਾਤੇ ਵਿਚ ਹੀ ਕਰ ਦਿੱਤਾ। ਕਿਉਂਕਿ ਸ੍ਰ: ਸਾਹਿਬ ਦੇ ਦੇਹਾਂਤ ਦੀ ਖਬਰ ਉਨ੍ਹਾਂ ਦੇ ਸੰਬੰਧੀਆਂ ਨੂੰ ਸਮੇਂ ਸਿਰ ਨਹੀਂ ਸੀ ਭੇਜੀ ਗਈ ਇਸ ਲਈ ਉਨ੍ਹਾਂ ਦੇ ਸਸਕਾਰ ਸਮੇਂ ਉਨ੍ਹਾਂ ਦਾ ਕੇਵਲ ਇਕੋ ਰਿਸ਼ਤੇਦਾਰ ਜੇਲ੍ਹ ਵਿਚ ਪਹੁੰਚ ਪਾਇਆ ਸੀ ਜਿਸ ਨੇ ਸ੍ਰ: ਸੇਵਾ ਸਿੰਘ ਦੇ ਸਰੀਰ ਤੇ ਸ਼ਾਲ ਪਾ ਕੇ ਉਨ੍ਹਾਂ ਦਾ ਦਾਹ ਸਸਕਾਰ ਪੂਰੇ ਸਤਿਕਾਰ ਤੇ ਮਾਨ ਮਰਯਾਦਾ ਨਾਲ ਕੀਤਾ। ਇਹ ਰਿਸ਼ਤੇਦਾਰ ਸ੍ਰ: ਸੇਵਾ ਸਿੰਘ ਦਾ ਭਤੀਜਾ ਸੀ ਜੋ ਉਨ੍ਹਾਂ ਦੇ ਚਾਚੇ ਸ੍ਰ: ਪ੍ਰਤਾਪ ਸਿੰਘ ਦਾ ਪੋਤਰਾ ਸੀ।

ਜਿਤਨੀ ਦੇਰ ਤਕ ਪਟਿਆਲਾ ਦਾ ਮਹਾਰਾਜਾ ਭੁਪਿੰਦਰ ਸਿੰਘ ਰਾਜ ਗੱਦੀ ਤੇ ਰਿਹਾ, ਸ੍ਰ: ਸੇਵਾ ਸਿੰਘ ਠੀਕਰੀਵਾਲਾ ਦੀਆਂ ਅਸਤੀਆਂ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਨਾ ਦਿੱਤੀਆਂ ਗਈਆਂ। ਪਰ ਤਿੰਨ ਸਾਲ ਮਗਰੋਂ ਜਦੋਂ ਯਾਦਵਿੰਦਰਾ ਸਿੰਘ ਪਟਿਆਲੇ ਦਾ ਮਹਾਰਾਜਾ ਬਣਿਆ ਤਾਂ 18 ਦਸੰਬਰ 1938 ਨੂੰ ਉਨ੍ਹਾਂ ਨੇ ਸ੍ਰ: ਸੇਵਾ ਸਿੰਘ ਦੇ ਰਿਸ਼ਤੇਦਾਰਾਂ, ਰਿਆਸਤੀ ਪਰਜਾਮੰਡਲ ਅਤੇ ਅਕਾਲੀ ਨੇਤਾਵਾਂ ਨੂੰ ਪਟਿਆਲਾ ਬੁਲਾ ਕੇ ਬੜੇ ਆਦਰ ਨਾਲ ਉਨ੍ਹਾਂ ਦੀਆਂ ਅਸਥੀਆਂ ਉਨ੍ਹਾਂ ਦੇ ਸਪੁਰਦ ਕਰ ਦਿੱਤੀਆਂ। ਆਖ਼ਰ 26 ਦਸਬੰਰ 1938 ਨੂੰ ਸ੍ਰ: ਸੇਵਾ ਸਿੰਘ ਠੀਕਰੀਵਾਲਾ ਦੀਆਂ ਅਸਥੀਆਂ ਨੂੰ ਕੀਰਤਪੁਰ ਸਾਹਿਬ ਲਿਜਾ ਕੇ ਜਲ ਪ੍ਰਵਾਹ ਕਰ ਦਿੱਤਾ ਗਿਆ।

ਸ੍ਰ: ਸੇਵਾ ਸਿੰਘ ਠੀਕਰੀਵਾਲਾ ਉਨ੍ਹਾਂ ਮਹਾਨ ਸ਼ਹੀਦਾਂ ਵਿਚੋਂ ਹਨ ਜਿਨ੍ਹਾਂ ਦਾ ਸਮੁੱਚਾ ਜੀਵਨ ਤਿਆਗ ਅਤੇ ਕੁਰਬਾਨੀ ਦੀ ਅਦੁੱਤੀ ਮਿਸਾਲ ਪੇਸ਼ ਕਰਦਾ ਹੈ। ਉਹ ਬੜੇ ਨੇਕ, ਧਰਮੀ ਅਤੇ ਸੱਚੇ ਸੁੱਚੇ ਮਹਾਂਪੁਰਸ਼ ਸਨ। ਉਹ ਬੜੇ ਸਖੀ ਦਿਲ ਅਤੇ ਕੋਮਲ ਤਬੀਅਤ ਦੇ ਮਾਲਕ ਸਨ। ਰਿਆਸਤ ਦੇ ਲੋਕਾਂ ਤੇ ਹੁੰਦੇ ਜ਼ੁਲਮ ਅਤੇ ਅਤਿਆਚਾਰ ਵੇਖ ਕੇ ਉਹ ਆਪਣੇ ਜੀਵਨ ਦੇ ਸਾਰੇ ਸੁੱਖ ਤਿਆਗ ਕੇ ਆਜ਼ਾਦੀ ਦੇ ਇਸ ਸੰਘਰਸ਼ ਵਿਚ ਕੁੱਦ ਪਏ। ਉਹ ਲੰਮੀਆਂ ਚੌੜੀਆਂ ਬਿਆਨ ਬਾਜੀਆਂ ਅਤੇ ਭੜਕਾਊ ਤਕਰੀਰਾਂ ਦੇਣ ਦੀ ਬਜਾਏ ਅਮਲੀ ਜੀਵਨ ਵਿਚ ਯਕੀਨ ਰਖਦੇ ਸਨ। ਉਨ੍ਹਾਂ ਦੀ ਜੰਗ ਸੱਚ ਅਤੇ ਅਸੂਲ ਤੇ ਆਧਾਰਿਤ ਹੁੰਦੀ ਸੀ। ਕਿਸੇ ਵੀ ਮੋਰਚੇ ਦੀ ਅਸਫ਼ਲਤਾ, ਮਹਾਰਾਜੇ ਦੇ ਲਾਲਚ ਜਾਂ ਸਰਕਾਰੀ ਤਸ਼ਦਦ ਦੇ ਡਰ ਉਨ੍ਹਾਂ ਨੂੰ ਆਪਣੇ ਨਿਸ਼ਾਨੇ ਤੋਂ ਥਿੜਕਾ ਨਹੀਂ ਸਨ ਸਕੇ।ਉਨ੍ਹਾਂ ਨੇ ਕਦੇ ਵੀ ਆਪਣੇ ਵਿਰੋਧੀਆਂ ਬਾਰੇ ਮਾੜੇ ਜਾਂ ਅਪਮਾਨ ਜਨਕ ਸ਼ਬਦ ਨਹੀਂ ਸਨ ਬੋਲੇ ਤੇ ਨਾ ਹੀ ਆਪਣੇ ਤੇ ਜ਼ੁਲਮ ਕਰਨ ਵਾਲਿਆਂ ਨੂੰ ਕਦੇ ਬਦ-ਦੁਆ ਦਿੱਤੀ ਸੀ। ਬਸ ਇਤਨਾ ਹੀ ਕਿਹਾ ਕਰਦੇ ਸਨ, 'ਵਾਹਿਗੁਰੂ ਇਨ੍ਹਾਂ ਨੂੰ ਸੁਮੱਤ ਬਖਸ਼ੇ।'

ਸ੍ਰ: ਸੇਵਾ ਸਿੰਘ ਠੀਕਰੀਵਾਲਾ ਦਾ ਜਨਮ ਬੜੇ ਰੱਜੇ ਪੁੱਜੇ ਪ੍ਰਵਾਰ ਵਿਚ ਹੋਇਆ ਸੀ। ਉਹ ਚਾਹੁੰਦੇ ਤਾਂ ਆਪਣਾ ਸਾਰਾ ਜੀਵਨ ਸੁੱਖ ਅਤੇ ਆਰਾਮ ਨਾਲ ਬਸਰ ਕਰ ਸਕਦੇ ਸਨ।

Digitized by Panjab Digital Library | www.panjabdigilib.org

ਪਰ ਅੰਗਰੇਜ਼ੀ ਸਾਮਰਾਜ ਅਤੇ ਦੇਸੀ ਰਾਜਿਆਂ ਦੇ ਆਪ ਹੁਦਰੇ ਅਤੇ ਅਤਿਆਚਾਰੀ ਸ਼ਾਸਨ ਤੋਂ ਲੋਕਾਂ ਨੂੰ ਮੁਕਤ ਕਰਾਉਣ ਲਈ ਉਨ੍ਹਾਂ ਨੇ ਸੁਖਮਈ ਜੀਵਨ ਨੂੰ ਤਿਆਗ ਕੇ ਕਸ਼ਟ, ਕੁਰਬਾਨੀ ਅਤੇ ਸੰਘਰਸ਼ ਦਾ ਜੀਵਨ ਅਪਨਾਉਣ ਦਾ ਫੈਸਲਾ ਕਰ ਲਿਆ। ਵਿਰਸੇ ਵਿਚ ਮਿਲਿਆ ਸਿੱਖ ਸ਼ਹੀਦਾਂ ਅਤੇ ਸੂਰਬੀਰਾਂ ਦਾ ਇਤਿਹਾਸ ਉਨ੍ਹਾਂ ਦੇ ਜੀਵਨ ਦਾ ਆਧਾਰ ਅਤੇ ਟੇਕ ਬਣਿਆ ਰਿਹਾ। ਉਨ੍ਹਾਂ ਦੀ ਦ੍ਰਿੜ੍ਹਤਾ ਅਤੇ ਪ੍ਰਭਾਵਸ਼ਾਲੀ ਸਖ਼ਸੀਅਤ ਨੇ ਮਾਲਵੇ ਦੇ ਸੈਂਕੜੇ ਨੌਜਵਾਨਾਂ ਨੂੰ ਆਜ਼ਾਦੀ ਦੇ ਘੋਲ ਵਿਚ ਕੁੱਦਣ ਅਤੇ ਕੁਰਬਾਨ ਹੋਣ ਲਈ ਪ੍ਰੇਰਿਤ ਕੀਤਾ।

ਉਹ ਅਗਾਂਹ ਵਧੂ ਦ੍ਰਿਸ਼ਟੀ ਅਤੇ ਸੋਚ ਦੇ ਮਾਲਕ ਸਨ। ਆਜ਼ਾਦੀ ਦੀ ਲੜਾਈ ਦੇ ਨਾਲ ਨਾਲ ਛੂਆ-ਛੂਤ ਅਤੇ ਸਮਾਜਿਕ ਬੁਰਾਈਆਂ ਨੂੰ ਦੂਰ ਕਰਨਾ ਉਨ੍ਹਾਂ ਦੇ ਪ੍ਰੋਗਰਾਮ ਦਾ ਇਕ ਹੋਰ ਮੁੱਖ ਨਿਸ਼ਾਨਾ ਸੀ। ਵਿਦਿਆ ਦਾ ਪ੍ਰਸਾਰ ਕਰਨਾ ਅਤੇ ਪੰਜਾਬੀ ਬੋਲੀ ਦੇ ਵਿਕਾਸ ਲਈ ਕੰਮ ਕਰਨਾ ਉਨ੍ਹਾਂ ਦਾ ਪ੍ਰਮੁੱਖ ਉਦੇਸ਼ ਸੀ। ਬੇਸ਼ੱਕ ਉਹ ਆਪਣੇ ਆਚਾਰ ਅਤੇ ਵਿਚਾਰਾਂ ਕਰਕੇ ਪੂਰਨ ਗੁਰਸਿੱਖ ਸਨ ਪਰ ਉਨ੍ਹਾਂ ਦੇ ਦਿਲ ਵਿਚ ਕਦੇ ਵੀ ਸੰਪਰਦਾਇਕ ਭਾਵਨਾ ਪੈਦਾ ਨਹੀਂ ਸੀ ਹੋਈ। ਉਹ ਆਪਣੀ ਰਿਆਸਤ ਦੇ ਹਿੰਦੂ, ਮੁਸਲਮਾਨ ਅਤੇ ਸਿੱਖਾਂ ਦੇ ਮਹਿਬੂਬ ਨੇਤਾ ਸਨ। ਲੋਕ ਪਿਆਰ ਨਾਲ ਉਨ੍ਹਾਂ ਨੂੰ 'ਮਾਲਵੇ ਦਾ ਮੁਕਟ' ਕਰਕੇ ਜਾਣਦੇ ਹਨ।

ਸ੍ਰ: ਸੇਵਾ ਸਿੰਘ ਠੀਕਰੀਵਾਲਾ ਦੀ ਸ਼ਹਾਦਤ ਮਗਰੋਂ ਉਨ੍ਹਾਂ ਦੇ ਸ਼ਰਧਾਲੂਆਂ ਅਤੇ ਪ੍ਰਸ਼ੰਸਕਾਂ ਵਲੋਂ ਨਿਰੰਤਰ ਜਤਨ ਹੁੰਦੇ ਰਹੇ ਕਿ ਪਟਿਆਲਾ ਰਿਆਸਤ ਵਿਚ ਉਨ੍ਹਾਂ ਦੀ ਯਾਦ ਵਿਚ ਕੁਝ ਸਮਾਰਕ ਕਾਇਮ ਕੀਤੇ ਜਾਣ। ਪਰ ਰਿਆਸਤੀ ਕਰਮਚਾਰੀਆਂ ਤੇ ਸ਼ਾਹੀ ਪ੍ਰਵਾਰ ਦੀ ਵਿਰੋਧਤਾ ਅਤੇ ਪਰਜਾ ਮੰਡਲ ਦੀ ਆਪਸੀ ਫੁੱਟ ਕਾਰਨ ਕਈ ਵਰ੍ਹਿਆਂ ਤਕ ਇਹ ਪ੍ਰੋਗਰਾਮ ਸਫ਼ਲ ਨ ਹੋ ਸਕਿਆ। ਆਖ਼ਰ 1955 ਵਿਚ ਜਦੋਂ ਸ਼੍ਰੀ ਬਰਿਸ਼ ਭਾਨ ਪੈਪਸੂ ਦੇ ਮੁੱਖ ਮੰਤਰੀ ਬਣੇ ਤਾਂ ਸ੍ਰ: ਸੇਵਾ ਸਿੰਘ ਦੀ ਉੱਚੇ ਕੱਦ ਦੀ ਇਕ ਸੁੰਦਰ ਮੂਰਤੀ ਪਟਿਆਲਾ ਮਾਲ ਰੋਡ ਦੇ ਉਸ ਸਥਾਨ ਤੇ ਸਥਾਪਿਤ ਕੀਤੀ ਗਈ ਜਿੱਥੇ ਉਹ ਸੜਕ ਮਿਲਦੀ ਹੈ ਜੋ ਸੰਗਰੂਰ ਹੁੰਦੀ ਹੋਈ ਠੀਕਰੀਵਾਲਾ ਜਾਂਦੀ ਹੈ। 13 ਅਪ੍ਰੈਲ 1950 ਨੂੰ ਉਨ੍ਹਾਂ ਦੇ ਪਿੰਡ ਵਿਖੇ 'ਸ਼ਹੀਦ ਸੇਵਾ ਸਿੰਘ ਹਾਈ ਸਕੂਲ' ਸਥਾਪਿਤ ਕੀਤਾ ਗਿਆ। ਬਰਨਾਲਾ ਤੋਂ ਠੀਕਰੀਵਾਲਾ ਜਾਣ ਵ਼ਾਲੀ ਪੱਕੀ ਸੜਕ ਦਾ ਨਾਮ ਉਨ੍ਹਾਂ ਦੇ ਨਾਮ ਤੇ ਸੇਵਾ ਸਿੰਘ ਰੋਡ ਰਖਿਆ ਗਿਆ। ਪੂਰੇ ਪੰਜਾਬ ਵਿਚ 20 ਜਨਵਰੀ ਦਾ ਦਿਨ ਉਨ੍ਹਾਂ ਦੀ ਯਾਦ ਵਿਚ ਉਨ੍ਹਾਂ ਦੇ ਸ਼ਹੀਦ ਦਿਵਸ ਦੇ ਰੂਪ ਵਿਚ ਮਨਾਇਆ ਜਾਂਦਾ ਹੈ। 18,19 ਅਤੇ 20 ਜਨਵਰੀ ਨੂੰ ਲੱਖਾਂ ਲੋਕ ਉਨ੍ਹਾਂ ਦੇ ਪਿੰਡ ਪਹੁੰਚ ਕੇ ਇਸ ਮਹਾਨ ਸ਼ਹੀਦ ਨੂੰ ਆਪਣੀ ਸ਼ਰਧਾ ਤੇ ਸਤਿਕਾਰ ਭੇਟ ਕਰਦੇ ਹਨ।

Digitized by Panjab Digital Library | www.panjabdigilib.org

# ਸ੍ਰ. ਆਤਮਾ ਸਿੰਘ ਸ਼ਹੀਦ

1942 ਵਿਚ ਸ਼ੁਰੂ ਹੋਏ 'ਭਾਰਤ ਛੋੜੋ' ਅੰਦੋਲਨ ਅਤੇ 'ਕਰੋ ਜਾਂ ਮਰੋ' ਦੇ ਸੰਦੇਸ਼ ਨਾਲ ਦੇਸ਼ ਆਪਣੇ ਸੁਤੰਤਰਤਾ ਸੰਗ੍ਰਾਮ ਦੇ ਆਖ਼ਰੀ ਦੌਰ ਵਿਚ ਪਹੁੰਚ ਗਿਆ। ਦੇਸ਼ ਦੇ ਨੌਜਵਾਨ ਅੰਗਰੇਜ਼ੀ ਸ਼ਾਸਕਾਂ ਵਲੋਂ ਕੀਤੇ ਜਾਂਦੇ ਲਾਠੀਚਾਰਜ, ਗ੍ਰਿਫ਼ਤਾਰੀਆਂ ਅਤੇ ਜੇਲ੍ਹ ਦੀਆਂ ਸਖ਼ਤੀਆਂ ਦੀ ਪ੍ਰਵਾਹ ਨਾ ਕਰਦੇ ਹੋਏ ਪੂਰੇ ਉਤਸ਼ਾਹ ਨਾਲ ਇਸ ਸੰਘਰਸ਼ ਵਿਚ ਕੁੱਦ ਪਏ। ਦੇਸ਼ ਦੇ ਵਡੇ ਵਡੇ ਨੇਤਾ ਗ੍ਰਿਫ਼ਤਾਰ ਕਰਕੇ ਜੇਲ੍ਹਾਂ ਵਿਚ ਭੇਜ ਦਿੱਤੇ ਗਏ ਸਨ। ਪੰਜਾਬ ਦਾ ਇਕ ਨੌਜਵਾਨ ਸ਼ੰਭੂਨਾਥ ਮਦਰਾਸ ਵਿਚ ਅੰਡਰਗਰਾਊਂਡ ਰਹਿ ਕੇ ਕੰਮ ਕਰਦਿਆਂ, ਬੰਬ ਫਟਣ ਨਾਲ ਜ਼ਖ਼ਮੀ ਹੋ ਕੇ ਸ਼ਹੀਦੀ ਪਾ ਗਿਆ ਸੀ। ਕਈ ਹੋਰ ਨੌਜਵਾਨ ਅੰਮ੍ਰਿਤਸਰ ਵਿਖੇ ਰਹਿਕੇ, ਭੇਸ ਬਦਲ ਕੇ ਇਸ ਆਖ਼ਰੀ ਦੌਰ ਦੇ ਸੰਗਰਾਮ ਨੂੰ ਅਮਲੀ ਰੂਪ ਦੇ ਰਹੇ ਸਨ। ਅਜੇਹੇ ਨੌਜਵਾਨਾਂ ਵਿਚੋਂ ਹੀ ਇਕ ਆਤਮਾ ਸਿੰਘ ਸੀ ਜੋ ਦਰਬਾਰ ਸਾਹਿਬ ਕਮੇਟੀ ਦੇ ਪ੍ਰਬੰਧ ਅਧੀਨ ਚਲਾਏ ਜਾ ਰਹੇ ਦੋ ਕਾਰਖਾਨਿਆਂ ਵਿਚੋਂ (ਕਿਰਪਾਨਾਂ ਦੀ ਫ਼ੈਕਟਰੀ) ਵਿਚ ਬਤੌਰ ਵਰਕਰ ਦੇ ਖ਼ਰਾਦ ਦੀਆਂ ਮਸ਼ੀਨਾਂ ਤੇ ਕੰਮ ਕਰ ਰਿਹਾ ਸੀ। ਉਸ ਦਾ ਨਿਹੰਗਾਂ ਵਾਲਾ ਬਾਣਾ ਹੋਣ ਕਰਕੇ ਲੋਕ ਉਸਨੂੰ 'ਨਿਹੰਗ ਜੀ' ਕਰਕੇ ਹੀ ਜਾਣਦੇ ਸਨ।

ਅੰਮ੍ਰਿਤਸਰ ਵਿਚ ਇਨਕਲਾਬੀ ਮਿਸ਼ਨ ਅਤੇ ਇਸਦੇ ਪ੍ਰੋਗਰਾਮਾਂ ਨਾਲ ਜੁੜੇ ਹੋਏ ਹੋਰ ਕਈ ਨੌਜਵਾਨ ਵੀ ਸਨ। ਇਨ੍ਹਾਂ ਵਿਚੋਂ ਇਕ ਪ੍ਰੋ. ਸਤਵੰਤ ਸਿੰਘ ਢਿਲੋਂ ਸਨ ਜੋ ਮਿਸਤਰੀ ਦੇ ਭੇਸ ਵਿਚ ਰਹਿ ਕੇ ਅੰਦੋਲਨ ਦੀਆਂ ਗੁਪਤ ਸਕੀਮਾਂ ਨੂੰ ਚਲਾ ਰਹੇ ਸਨ। ਕਿੱਤੇ ਵਲੋ ਸਾਂਇਸ ਦੇ ਪ੍ਰੋਫ਼ੈਸਰ ਸਨ ਪਰ ਇੱਥੇ ਰਹਿਕੇ ਇਨ੍ਹਾਂ ਦਾ ਮੁੱਖ ਨਿਸ਼ਾਨਾਂ ਬੰਬ ਤਿਆਰ ਕਰਨਾ ਸੀ। ਇਹ ਦਰਬਾਰ ਸਾਹਿਬ ਕਮੇਟੀ ਵਲੋਂ ਚਲਾਈ ਜਾ ਰਹੀ ਸੰਗਮਰਮਰ ਦੀ ਫ਼ੈਕਟਰੀ ਵਿਚ 'ਮਿਸਤਰੀ' ਸਨ। ਇਸ ਕ੍ਰਾਂਤੀਕਾਰੀ ਮੰਡਲੀ ਦੇ.ਬਾਕੀ ਸਾਥੀ, ਕਲਰਕ ਭਾਈ ਅਰਜਨ ਸਿੰਘ ਅਤੇ ਸ਼ਹੀਦ ਸ੍ਰ. ਆਤਮਾ ਸਿੰਘ ਸਨ।

'ਭਾਰਤ ਛੋੜੋ' ਅਤੇ 'ਕਰੋ ਜਾਂ ਮਰੋ' ਦੇ ਅੰਦੋਲਨ ਨੂੰ ਕੁਚਲਨ ਲਈ ਸਰਕਾਰ ਨੇ ਹਰ ਖੇਤਰ ਵਿਚ ਸਖ਼ਤੀ ਕਰਨੀ ਸ਼ੁਰੂ ਕਰ ਦਿੱਤੀ ਸੀ। ਸੜਕਾਂ, ਪੁਲਾਂ ਅਤੇ ਰੇਲਵੇ ਲਾਈਨਾਂ ਤੇ ਚੌਕਸੀ ਵਧਾ ਦਿੱਤੀ ਗਈ ਸੀ ਅਤੇ ਬਿਨਾਂ ਕਿਸੇ ਕਾਰਨ ਦੇ ਲੋਕਾਂ ਨੂੰ ਪਕੜ-ਪਕੜ ਕੇ ਕਾਲ ਕੋਠੜੀਆਂ ਵਿਚ ਤੁੰਨਿਆ ਜਾ ਰਿਹਾ ਸੀ। ਨਹਿਰਾਂ ਅਤੇ ਦਰਿਆਵਾਂ ਆਦਿ ਦੀ ਸੁਰੱਖਿਆ ਵਾਸਤੇ ਬੜੇ ਸਖ਼ਤ ਹਥਿਆਰ-ਬੰਦ ਪਹਿਰੇ ਲਗਾ ਦਿੱਤੇ ਗਏ ਸਨ। ਅੰਮ੍ਰਿਤਸਰ-ਕਸੂਰ ਰੇਲਵੇ ਲਾਈਨ ਦੀ ਦੇਖ-ਭਾਲ ਲਈ ਇਕ ਗੋਰਾ ਅਫ਼ਸਰ ਨਿਯੁੱਕਤ ਕੀਤਾ ਗਿਆ ਸੀ। ਇਹ ਬੜਾ ਹੈਂਕੜਬਾਜ਼, ਮਗ਼ਰੂਰ ਅਤੇ ਬਦਜ਼ਬਾਨ ਸੀ। ਇਸਦੀ ਡਿਊਟੀ 'ਭਗਤਾਂ ਵਾਲਾ' ਸਟੇਸ਼ਨ ਤੋਂ ਕਸੂਰ ਤਕ ਦੀ ਰੇਲਵੇ ਲਾਈਨ ਤੇ ਲਗਾਈ ਗਈ ਸੀ। ਇਸ ਰੇਲਵੇ ਲਾਈਨ ਦਾ ਮੁਆਇਨਾਂ ਕਰਦਿਆਂ ਉਸ ਦੀ ਬੋਗੀ ਹਮੇਸ਼ਾ ਇੰਜਨ ਨਾਲ ਲਗੀ ਰਹਿੰਦੀ ਸੀ। ਇਸ ਦੀ ਬਦਜ਼ਬਾਨੀ ਅਤੇ ਗਰਮ ਸੁਭਾ ਕਰਕੇ ਰੇਲਵੇ ਕਰਮਚਾਰੀ ਅਤੇ ਇਨ੍ਹਾਂ ਸਟੇਸ਼ਨਾਂ ਦਰਮਿਆਨ ਸਫ਼ਰ ਕਰਨ ਵਾਲੇ

Digitized by Panjab Digital Library | www.panjabdigilib.org

ਮੁਸਾਫ਼ਰ ਵੀ ਇਸ ਤੋਂ ਬਹੁਤ ਪਰੇਸ਼ਾਨ ਸਨ। ਇਨ੍ਹਾਂ ਗੱਲਾਂ ਨੂੰ ਬਿਆਨ ਰਖਦਿਆਂ, ਅੰਮ੍ਰਿਤਸਰ ਦੇ ਇਸ ਕ੍ਰਾਂਤੀਕਾਰੀ ਟੋਲੇ ਨੇ ਗਾਂਧੀ ਜੀ ਦੇ 'ਕਰੋ ਜਾਂ ਮਰੋ' ਦੇ ਸੰਦੇਸ਼ ਨੂੰ ਮੁੱਖ ਰਖਦਿਆਂ ਇਸ ਗੋਰੇ ਅਫ਼ਸਰ ਨੂੰ ਗੋਲੀ ਨਾਲ ਉਡਾ ਦੇਣ ਦਾ ਫੈਸਲਾ ਕਰ ਲਿਆ। ਇਸ 'ਸੇਵਾ' ਦੀ ਜ਼ਿਮੇਂਵਾਰੀ ਸ੍ਰ. ਆਤਮਾ ਸਿੰਘ 'ਨਿਹੰਗ' ਨੂੰ ਸੌਂਪੀ ਗਈ। ਆਤਮਾ ਸਿੰਘ ਪਸਤੌਲ ਨਾਲ ਨਿਸ਼ਾਨਾਂ ਬੰਨ੍ਹਣ ਵਿਚ ਬੜਾ ਮਾਹਿਰ ਸੀ।

ਵਿਉਂਤ ਇਹ ਬਣਾਈ ਗਈ ਕਿ ਸ੍ਰ. ਆਤਮਾ ਸਿੰਘ ਇਸ ਗੋਰੇ ਅਫ਼ਸਰ ਨੂੰ 'ਭਗਤਾਂ ਵਾਲਾ' ਰੇਲਵੇ ਸਟੇਸ਼ਨ ਤੇ ਗੋਲੀ ਮਾਰਕੇ ਭਜਕੇ ਬਾਹਰ ਇਕ ਨਿਸ਼ਚਿਤ ਥਾਂ ਤੇ ਆ ਜਾਵੇਗਾ ਜਿੱਥੇ ਅਰਜਨ ਸਿੰਘ ਮੋਟਰ ਸਾਈਕਲ ਨਾਲ ਉਸਦੀ ਉਡੀਕ ਕਰ ਰਿਹਾ ਹੋਵੇਗਾ। ਉਹ ਆਤਮਾ ਸਿੰਘ ਦੇ ਬਾਹਰ ਆਉਂਦਿਆਂ ਹੀ ਉਸ ਨੂੰ ਕਿਸੇ ਮਿੱਥੀ ਹੋਈ ਸੁਰਖ਼ਸ਼ਤ ਥਾਂ ਤੇ ਲੈ ਜਾਵੇ ਗਾ। ਬਣਾਈ ਹੋਈ ਇਸ ਸਕੀਮ ਦੇ ਮੁਤਾਬਕ ਆਤਮਾ ਸਿੰਘ 13 ਅਗਸਤ 1942 ਨੂੰ ਭਗਤਾਂ ਵਾਲਾ ਸਟੇਸ਼ਨ ਤੇ ਪਹੁੰਚ ਗਿਆ। ਰੇਲਵੇ ਲਾਈਨ ਦੇ ਮੁਆਇਨੇ ਲਈ ਗੋਰੇ ਅਫ਼ਸਰ ਦੇ ਪਲੇਟਫ਼ਾਰਮ ਤੇ ਪਹੁੰਚਣ ਦੀ ਦੇਰ ਸੀ ਕਿ ਆਤਮਾ ਸਿੰਘ ਨੇ ਅੱਗੇ ਵੱਧ ਕੇ ਆਪਣੀ ਪਸਤੌਲ ਨਾਲ ਉਸ ਨੂੰ ਉੱਥੇ ਹੀ ਚਿੱਤ ਕਰ ਦਿੱਤਾ। ਉਹ ਅੰਗਰੇਜ਼ ਅਫ਼ਸਰ ਨੂੰ ਮਾਰਨ ਮਗਰੋਂ ਉੱਥੇ ਪਹੁੰਚਿਆ ਜਿੱਥੇ ਅਰਜਨ ਸਿੰਘ ਉਸਦੀ ਉਡੀਕ ਕਰ ਰਿਹਾ ਸੀ। ਉਸਨੇ ਖੁਸ਼ੀ-ਖੁਸ਼ੀ ਆਪਣੇ ਸਾਥੀ ਅਰਜਨ ਸਿੰਘ ਨੂੰ ਦਸਿਆ ਕਿ ਉਹ ਆਪਣਾ 'ਕੰਮ' ਪੂਰਾ ਕਰ ਆਇਆ ਹੈ। ਇਹ ਦੋਵੇਂ ਕ੍ਰਾਂਤੀਕਾਰੀ ਪਲਾਂ ਛਿੰਨਾਂ ਵਿਚ ਉੱਥੋਂ ਫ਼ਰਾਰ ਹੋ ਗਏ। ਦੋ ਸਾਲ ਤਕ ਪੁਲਿਸ ਵੀ ਇਸ ਘਟਨਾ ਦੀ ਸੂੰਹ ਕੱਢਣ ਵਿਚ ਸਫ਼ਲ ਨਾ ਹੋ ਸਕੀ।

ਇਨ੍ਹਾਂ ਦੋ ਸਾਲਾਂ ਵਿਚ ਪੁਲਿਸ ਅਤੇ ਸੀ. ਆਈ. ਡੀ. ਮਹਿਕਮੇਂ ਨੇ ਇਸ ਕਤਲ ਦੀ ਤਲਾਸ਼ ਜਾਰੀ ਰਖੀ। ਫ਼ਰਾਰੀ ਅਤੇ ਗੁਪਤ ਵਾਸ ਦੇ ਦੌਰਾਨ ਸ੍ਰ. ਆਤਮਾ ਸਿੰਘ ਕਦੇ ਕਦੇ ਆਪਣੇ ਘਰ ਵਾਲਿਆਂ ਨੂੰ ਮਿਲਣ ਆ ਜਾਇਆ ਕਰਦਾ ਸੀ। ਸਰਕਾਰ ਪਾਸੋਂ ਇਨਾਮ ਹਾਸਲ ਕਰਨ ਦੇ ਲਾਲਚ ਵਿਚ ਕਿਸੇ ਮੁਖ਼ਬਰ ਨੇ ਇਸ ਗੱਲ ਦੀ ਇਤਲਾਹ ਪੁਲਿਸ ਨੂੰ ਦੇ ਦਿੱਤੀ। ਫ਼ਰਵਰੀ/ਮਾਰਚ 1944 ਵਿਚ ਪੁਲਿਸ ਨੇ ਘੇਰਾ ਪਾਕੇ ਇਸ ਨੌਜਵਾਨ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਪੁੱਛ ਪੜਤਾਲ ਲਈ ਤੁਰੰਤ ਲਾਹੌਰ ਦੀ ਸੈਂਟਰਲ ਜੇਲ੍ਹ ਵਿਚ ਭੇਜ ਦਿੱਤਾ। ਭਗਤਾਂ ਵਾਲਾ ਸ਼ੂਟਿੰਗ ਕੇਸ ਦੀ ਤਹਿ ਤਕ ਪਹੁੰਚਣ ਲਈ ਜੇਲ੍ਹ ਅਧਿਕਾਰੀਆਂ ਨੇ ਸ੍ਰ. ਆਤਮਾ ਸਿੰਘ ਨੂੰ ਕਈ ਤਰਾਂ ਦੇ ਤਸੀਹੇ ਦੇ ਕੇ ਉਸ ਕੋਲੋਂ ਉਸਦੇ ਸਾਥੀਆਂ ਬਾਰੇ ਜਾਨਣਾ ਚਾਹਿਆ। ਉਸਨੂੰ ਨੰਗੇ ਪਿੰਡੇ ਬਰਫ਼ ਦੀਆਂ ਸਿੱਲੀਆਂ ਤੇ ਲਿਟਾਇਆ ਗਿਆ, ਉਸਦੀ ਗੁਦਾ ਵਿਚ ਲਾਲ ਮਿਰਚਾਂ ਪਾਕੇ ਸਰੀਰ ਨੂੰ ਕਸ਼ਟ ਦਿੱਤਾ ਗਿਆ। ਉਸਦੇ ਕਛਹਿਰੇ ਵਿਚ ਤੇਜ਼-ਤਰਾਰ ਦੰਦਾ ਵਾਲੇ ਚੂਹੇ, ਡਡੂ ਤੇ ਛਿਪਕਲੀਆਂ ਵਾੜ ਕੇ ਤੇ ਕਛਹਿਰੇ ਦੇ ਪਾਉਂਚੇ ਰਸੀਆਂ ਨਾਲ ਬੰਨ੍ਹ ਕੇ ਕਈ ਕਈ ਘੰਟੇ ਪਰੇਸ਼ਾਨ ਕੀਤਾ ਜਾਂਦਾ ਰਿਹਾ। ਹੱਥ ਪੈਰ ਬੰਨ੍ਹ ਕੇ ਬੈਂਤਾਂ ਦੀ ਮਾਰ ਨਾਲ ਸਰੀਰ ਲਹੂ ਲੁਹਾਣ ਕਰ ਦਿੱਤਾ ਗਿਆ ਪਰ ਤਾਂ ਵੀ ਆਜ਼ਾਦੀ ਦੀ ਸ਼ਮਾਂ ਦੇ ਇਸ ਪ੍ਰਵਾਨੇ ਨੇ ਆਪਣੇ ਕਿਸੇ ਵੀ ਸਾਥੀ ਜਾਂ ਉਨ੍ਹਾਂ ਦੇ ਕ੍ਰਾਂਤੀਕਾਰੀ ਟਿਕਾਣੇ ਦਾ ਪਤਾ ਦਸਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਉਸਨੇ ਤਾਂ ਆਪਣੇ ਸਾਥੀਆਂ ਨੂੰ ਪਹਿਲਾਂ ਹੀ ਕਿਹਾ ਸੀ ਕਿ ਮੇਰੇ ਦੋ ਹੀ ਸ਼ੋਕ ਹਨ-ਇਕ ਜ਼ਾਲਮ ਅੰਗਰੇਜ਼ ਅਫ਼ਸਰਾਂ ਨੂੰ ਸੋਧਨਾਂ ਤੇ ਦੂਸਰਾ ਹੱਸ ਹੱਸ ਕੇ ਫ਼ਾਂਸੀ ਦੇ ਤਖ਼ਤੇ ਤੇ ਲਟਕ ਜਾਣਾ।

ਜਦੋਂ ਜੇਲ੍ਹ ਅਧਿਕਾਰੀਆਂ ਦਾ ਤਸ਼ੱਦਦ ਅਤੇ ਸਖ਼ਤੀਆਂ ਹਾਰ ਗਈਆਂ ਤਾਂ ਉਸ ਨੂੰ

Digitized by Panjab Digital Library | www.panjabdigilib.org

ਜੱਜ ਦੇ ਸਾਮ੍ਹਣੇ ਪੇਸ਼ ਕੀਤਾ ਗਿਆ। ਸ੍ਰ. ਆਤਮਾ ਸਿੰਘ ਨੇ ਇਸ ਕਤਲ ਦੀ ਸਾਰੀ ਜ਼ਿੰਮੇਵਾਰੀ ਆਪਣੇ ਉਪਰ ਲੈ ਲਈ। ਲਾਹੌਰ ਕਿਲ੍ਹੇ ਵਿਚ ਸਥਾਪਿਤ ਉਚੇਚੀ ਕੋਰਟ ਵਿਚ ਸ੍ਰ. ਆਤਮਾ ਸਿੰਘ ਤੇ ਕੇਸ ਚਲਾਇਆ ਗਿਆ। ਉਸ ਨੇ ਆਪਣੇ ਬਚਾ ਲਈ ਕੋਈ ਵਕੀਲ ਖੜਾ ਨਾ ਕੀਤਾ। ਆਜ਼ਾਦੀ ਦਾ ਸੂਰਜ ਚੜ੍ਹਣ ਤੋਂ ਤਿੰਨ ਵਰ੍ਹੇ ਪਹਿਲਾਂ ਇਸ ਨੌਜਵਾਨ ਨੂੰ ਅਪ੍ਰੈਲ 1944 ਵਿਚ ਲਾਹੌਰ ਸੈਂਟਰਲ ਜੇਲ੍ਹ ਵਿਚ ਫ਼ਾਂਸੀ ਦੇ ਦਿੱਤੀ ਗਈ।

'ਭਗਤਾਂ ਵਾਲਾ ਸ਼ੂਟਿੰਗ' ਮਗਰੋਂ ਸ੍ਰ. ਆਤਮਾ ਸਿੰਘ ਦੇ ਬਾਕੀ ਸਾਥੀ ਅੰਡਰਗਰਾਊਂਡ ਹੋ ਗਏ ਸਨ। ਪਿਛੋਂ ਸ੍ਰ. ਅਰਜਨ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਕੇਸ ਚਲਾਇਆ ਗਿਆ ਪਰ ਉਸ ਵਿਰੁੱਧ ਕੋਈ ਪੱਕਾ ਸਬੂਤ ਨਾ ਮਿਲਣ ਕਰਕੇ 1945 ਵਿਚ ਉਸਨੂੰ ਬਰੀ ਕਰ ਦਿੱਤਾ ਗਿਆ।

Digitized by Panjab Digital Library | www.panjabdigilib.org

ਕੌਮੀ ਅਪਮਾਣ ਦਾ ਬਦਲਾ ਲੈਣ ਵਾਲਾ ਨੌਜਵਾਨ

# ਸ਼ਹੀਦ ਊਧਮ ਸਿੰਘ ਸੁਨਾਮ
## ਉਰਫ਼
# ਰਾਮ ਮੁਹੰਮਦ ਸਿੰਘ ਆਜ਼ਾਦ

ਸ਼ਹੀਦ ਊਧਮ ਸਿੰਘ ਬਾਰੇ ਕੁਝ ਲਿਖਣ ਤੋਂ ਪਹਿਲਾਂ ਮੈਨੂੰ ਸ਼ਿਵ ਬਟਾਲਵੀ ਦੀਆਂ ਇਹ ਲਾਈਨਾਂ ਯਾਦ ਆ ਰਹੀਆਂ ਹਨ :-

ਅਸਾਂ ਤਾਂ ਜੋਬਨ ਰੁੱਤੇ ਮਰਨਾ
....
ਜੋਬਨ ਰੁੱਤੇ ਜੋ ਵੀ ਮਰਦਾ
ਫੁੱਲ ਬਣੇ ਜਾਂ ਤਾਰਾ
ਜੋਬਨ ਰੁੱਤੇ ਆਸ਼ਿਕ ਮਰਦੇ
ਜਾਂ ਕੋਈ ਕਰਮਾਂ ਵਾਲਾ

ਭਾਰਤ ਮਾਂ ਦੇ ਇਸ ਸਪੂਤ ਨੇ 13 ਅਪਰੈਲ 1919 ਵਾਲੇ ਦਿਨ ਹੀ ਇਹ ਫ਼ੈਸਲਾ ਕਰ ਲਿਆ ਸੀ ਕਿ ਉਹ ਉਮਰ ਦਾ ਬੁਢੇਪਾ ਨਹੀਂ ਹੰਡਾਏਗਾ। ਜਿਸ਼ ਡਾਇਰ ਨੇ ਨਿਹੱਥੇ ਭਾਰਤ ਵਾਸੀਆਂ ਤੇ ਅੰਧਾ ਧੁੰਦ ਗੋਲੀਆਂ ਚਲਾ ਕੇ ਦੇਸ਼ ਦੀ ਇਜ਼ਤ ਅਤੇ ਮਾਣ ਨੂੰ ਜਲ੍ਹਿਆਂ ਵਾਲੇ ਬਾਗ਼ ਦੀ ਮਿੱਟੀ ਵਿਚ ਰੋਲਿਆ ਸੀ ਉਸੇ ਮਿੱਟੀ ਦੀ ਸੌਂਹ ਚੁਕ ਕੇ ਉਸ ਨੇ ਪ੍ਰਣ ਕੀਤਾ ਸੀ ਕਿ ਉਹ ਇਨ੍ਹਾਂ ਮਾਸੂਮ ਜਿੰਦਾਂ ਦੇ ਕਾਤਿਲ ਕੋਲੋਂ ਜ਼ਰੂਰ ਬਦਲਾ ਲਵੇਗਾ, ਚਾਹੇ ਇਸ ਲਈ ਉਸ ਨੂੰ ਸੱਤ ਸਮੁੰਦਰ ਪਾਰ ਵੀ ਕਿਉਂ ਨਾ ਜਾਣਾ ਪਵੇ। ਉਸ ਨੇ ਇਕ ਵਾਰ ਆਪਣੇ ਮਿੱਤਰਾਂ ਨੂੰ ਕਿਹਾ ਸੀ : One day all of you will be astonished to hear this vision of mine turned into a reality of stalk truthfulness. (ਤੁਸੀਂ ਇਕ ਦਿਨ ਮੇਰੇ ਇਸ ਸੁਪਨੇ ਨੂੰ ਨੰਗੇ ਸੱਚ ਵਾਂਗ ਸਾਕਾਰ ਹੁੰਦਾ ਵੇਖ ਕੇ ਦੰਗ ਰਹਿ ਜਾਉਗੇ)। 13 ਮਾਰਚ 1940 ਨੂੰ ਲੰਡਨ ਦੇ ਕੈਕਸਟਨ ਹਾਲ ਵਿਚ ਇਸ ਸੂਰਮੇ ਨੇ ਜੋ ਕਾਰਨਾਮਾ ਕੀਤਾ ਉਸਦਾ ਜ਼ਿਕਰ ਆਂਉਂਦਿਆਂ ਹੀ ਹਰ ਭਾਰਤੀ ਦਾ ਸਿਰ ਗੌਰਵ ਅਤੇ ਮਾਣ ਨਾਲ ਉੱਚਾ ਹੋ ਜਾਂਦਾ ਹੈ। ਉਹ ਇਕ ਰਾਸ਼ਟਰੀ ਵੀਰ ਸੀ ਜਿਸ ਨੇ ਕੌਮੀ ਅਪਮਾਣ ਦਾ ਬਦਲਾ ਵੈਰੀ ਦੇ ਘਰ ਜਾਕੇ ਲਿਆ। ਸਰ ਮਾਈਕਲ ਓ-ਡਵਾਇਰ ਨੂੰ ਆਪਣੀ ਗੋਲੀ ਦਾ ਨਿਸ਼ਾਨਾ ਬਣਾਉਣ ਮਗਰੋਂ ਉਸਨੇ 2 ਅਪ੍ਰੈਲ 1940 ਨੂੰ ਅਦਾਲਤ ਵਿਚ ਬਿਆਨ ਦਿੰਦਿਆਂ ਕਿਹਾ ਸੀ:

"I did it because I had a grudge against him. He deserved it. He was the real culprit. He wanted to crush the spirit of my people. So I have crushed him. For full twenty years I have been trying to wreck vengeance. I am happy I have done the Job. I am not scared of death.

Digitized by Panjab Digital Library | www.panjabdigilib.org

I want to die young. What is the use of dying when you get old and useless. I am dying for my country. ਊਧਮ ਸਿੰਘ ਨੂੰ 31 ਜੁਲਾਈ 1940 ਨੂੰ ਫ਼ਾਂਸੀ ਦੇ ਦਿੱਤੀ ਗਈ।

ਸ਼ਹੀਦ ਊਧਮ ਸਿੰਘ ਦਾ ਜਨਮ 26 ਦਸੰਬਰ ਸੰਨ 1899 ਈਸਵੀ ਨੂੰ ਪਿੰਡ ਸੁਨਾਮ, ਰਿਆਸਤ ਪਟਿਆਲਾ ਦੇ ਇਕ ਗਰੀਬ ਕੰਬੋਜ ਘਰਾਣੇ ਵਿਚ ਹੋਇਆ। ਇਨ੍ਹਾਂ ਦੇ ਪਿਤਾ ਸ੍ਰ: ਟਹਿਲ ਸਿੰਘ ਦੀ ਪਿੰਡ ਵਿਚ ਥੋੜ੍ਹੀ ਜਹੀ ਜ਼ਮੀਨ ਸੀ ਪਰ ਉਸ ਨਾਲ ਪ੍ਰਵਾਰ ਦਾ ਖ਼ਰਚ ਚਲਣਾ ਮੁਸ਼ਕਿਲ ਸੀ। ਇਸ ਲਈ ਉਨ੍ਹਾਂ ਨੇ ਉਪਾਲੀ ਦੇ ਨੇੜੇ ਰੇਲਵੇ ਫਾਟਕ ਤੇ ਚੌਕੀਦਾਰੀ ਦੀ ਨੌਕਰੀ ਕਰ ਲਈ। ਸ੍ਰ: ਊਧਮ ਸਿੰਘ ਦੀ ਮਾਤਾ ਦਾ ਨਾਮ ਬੀਬੀ ਨਰੈਣ ਕੌਰ (ਨਰੈਣੀ) ਤੇ ਵਡੇ ਭਰਾ ਦਾ ਨਾਮ ਸ੍ਰ: ਸਾਧੂ ਸਿੰਘ ਸੀ। ਊਧਮ ਸਿੰਘ ਦੋ ਸਾਲ ਦਾ ਹੀ ਸੀ ਕਿ ਇਸ ਦੇ ਮਾਤਾ ਜੀ ਚਲਾਣਾ ਕਰ ਗਏ ਅਤੇ ਪੰਜ ਸਾਲ ਮਗਰੋਂ ਦੋਹਾਂ ਬਚਿਆਂ ਦੇ ਸਿਰ ਤੋਂ ਪਿਤਾ ਦਾ ਸਾਇਆ ਵੀ ਉੱਠ ਗਿਆ। ਉਦੋਂ ਸਾਧੂ ਸਿੰਘ ਦੀ ਉਮਰ ਨੌਂ ਸਾਲ ਅਤੇ ਊਧਮ ਸਿੰਘ ਦੀ ਸੱਤ ਸਾਲ ਸੀ। ਬਚਿਆਂ ਨੂੰ ਯਤੀਮ ਤੇ ਬੇ ਸਹਾਰਾ ਵੇਖ ਕੇ ਇਕ ਸਮਾਜ ਸੇਵੀ ਅਤੇ ਨੇਕ ਪੁਰਸ਼ ਸ੍ਰ: ਚੰਦਾ ਸਿੰਘ ਸੰਨ 1907 ਵਿਚ ਇਨ੍ਹਾਂ ਨੂੰ ਅੰਮ੍ਰਿਤਸਰ ਲੈ ਆਇਆ ਤੇ ਦੋਹਾਂ ਬੱਚਿਆਂ ਨੂੰ ਪੁਤਲੀਘਰ ਦੇ ਖਾਲਸਾ ਸੈਂਟਰਲ ਆਰਫ਼ਨੇਜ (ਯਤੀਮਖਾਨੇ) ਵਿਚ ਦਾਖਲ ਕਰਵਾ ਦਿੱਤਾ। ਯਤੀਮਖਾਨੇ ਦੇ ਰਜਿਸਟਰ-ਦਾਖ਼ਲਾ ਅਨੁਸਾਰ ਉਸ ਦਿਨ ਅਕਤੂਬਰ ਮਹੀਨੇ ਦੀ 24 ਤਰੀਕ ਸੀ। ਕਿਸੇ ਨੂੰ ਕੀ ਪਤਾ ਸੀ ਕਿ ਯਤੀਮਖਾਨੇ ਵਿਚ ਦਾਖ਼ਲ ਹੋਣ ਵਾਲੇ ਇਨ੍ਹਾਂ ਦੋ ਬਚਿਆਂ ਵਿਚੋਂ ਇਕ ਬੱਚਾ ਭਾਰਤ ਦੀ ਆਜ਼ਾਦੀ ਲਈ ਚਲ ਰਹੇ ਘੋਲ ਵਿਚ ਅਜਿਹਾ ਕਾਰਨਾਮਾ ਕਰਕੇ ਵਿਖਾਏਗਾ ਕਿ ਉਸ ਦੀ ਛਾਪ ਇਤਿਹਾਸ ਦੇ ਪੰਨਿਆਂ ਤੇ ਸਦਾ ਲਈ ਅਮਿੱਟ ਹੋ ਕੇ ਰਹਿ ਜਾਵੇਗੀ।

ਯਤੀਮਖਾਨੇ ਵਿਚ ਰਹਿੰਦਿਆਂ ਊਧਮ ਸਿੰਘ ਨੇ 1918 ਵਿਚ ਮੈਟ੍ਰਿਕ ਪਾਸ ਕੀਤੀ ਅਤੇ ਹਥੀਂ ਕੰਮ ਕਰਨ ਦੇ ਕਈ ਹੁਨਰ ਸਿਖੇ। ਉਸ ਨੇ ਲਕੜ ਤੇ ਲੋਹੇ ਦੇ ਕੰਮ ਵਿਚ ਖ਼ਾਸ ਮੁਹਾਰਤ ਹਾਸਲ ਕੀਤੀ। ਉਸ ਨੂੰ ਕਿਤਾਬਾਂ ਪੜ੍ਹਣ ਦਾ ਵੀ ਬੇਹਦ ਸ਼ੌਕ ਸੀ। ਇਸ ਤੱਥ ਦੀ ਗਵਾਹੀ ਉਸ ਦੀਆਂ ਉਹ ਚਿੱਠੀਆਂ ਹਨ ਜੇਹੜੀਆਂ ਉਸ ਨੇ ਫਾਂਸੀ ਲਗਣ ਤੋਂ ਪਹਿਲਾਂ ਜੇਲ੍ਹ ਵਿਚੋਂ ਲਿਖੀਆਂ ਸਨ। ਉਰਦੂ ਅਤੇ ਪੰਜਾਬੀ ਤੇ ਨਾਲ ਨਾਲ ਉਸ ਨੂੰ ਅੰਗਰੇਜ਼ੀ ਬੋਲਣ ਤੇ ਵੀ ਬਹੁਤ ਕਮਾਂਡ ਸੀ ਤੇ ਉਹ ਆਪਣੀ ਗੱਲ ਨੂੰ ਬਾ-ਦਲੀਲ ਅਤੇ ਅਸਰਦਾਰ ਢੰਗ ਨਾਲ ਕਹਿ ਸਕਣ ਦੀ ਸਮਰਥਾ ਰਖਦਾ ਸੀ। ਉਸ ਦੇ ਚਰਿੱਤਰ ਦਾ ਇਕ ਵਿਸ਼ੇਸ਼ ਗੁਣ ਇਰਾਦੇ ਦੀ ਮਜ਼ਬੂਤੀ ਅਤੇ ਆਪਣੇ ਆਪ ਤੇ ਸਵੈ-ਵਿਸ਼ਵਾਸ਼ ਦੀ ਭਾਵਨਾ ਸੀ। ਉਹ ਆਪਣੇ ਮਿਥੇ ਹੋਏ ਕਾਰਜ ਲਈ ਸਹਾਰੇ ਨਹੀਂ ਸੀ ਲਭਿਆ ਕਰਦਾ।

ਊਧਮ ਸਿੰਘ ਅਜੇ ਯਤੀਮਖ਼ਾਨੇ ਦਾ ਵਿਦਿਆਰਥੀ ਹੀ ਸੀ ਕਿ ਉਸ ਦਾ ਇਕੋ ਇਕ ਮਾਂ ਜਾਇਆ ਭਰਾ ਸਾਧੂ ਸਿੰਘ ਵੀ ਕੁਝ ਦਿਨ ਬੀਮਾਰ ਰਹਿ ਕੇ ਅਕਾਲ ਚਲਾਣਾ ਕਰ ਗਿਆ। ਉਸ ਦੀ ਮੌਤ ਨੇ ਊਧਮ ਸਿੰਘ ਨੂੰ ਬੜਾ ਭਾਰੀ ਸਦਮਾ ਦਿੱਤਾ। ਉਹ ਇਸ ਭਰੇ ਭਰਾਏ ਸੰਸਾਰ ਵਿਚ ਬਿਲਕੁਲ ਇਕੱਲਾ ਰਹਿ ਗਿਅ ਸੀ। ਉਹ ਸੁਭਾਵਕ ਤੌਰ ਤੇ ਬੜਾ ਭਾਵੁਕ ਅਤੇ ਗੰਭੀਰ ਹੋ ਗਿਆ।

Digitized by Panjab Digital Library | www.panjabdigilib.org

13 ਅਪਰੈਲ ਸੰਨ 1919 ਦੀ ਵਿਸਾਖੀ ਦਾ ਦਿਨ ਸੀ। ਪੰਜਾਬ ਅਤੇ ਦੇਸ਼ ਦੇ ਹੋਰ ਹਿੱਸਿਆਂ ਚੋਂ ਆਏ ਹੋਏ ਹਿੰਦੂ, ਸਿੱਖ ਤੇ ਹੋਰ ਧਰਮਾਂ ਦੇ ਲੋਕ ਆਪਣੇ ਮਹਿਬੂਬ ਨੇਤਾ ਡਾ: ਸੈਫ-ਉ-ਦੀਨ ਕਿਚਲੂ ਅਤੇ ਡਾ: ਸਤਿਆਪਾਲ ਦੀ ਗ੍ਰਿਫ਼ਤਾਰੀ ਵਿਰੁੱਧ ਰੋਸ ਪ੍ਰਗਟ ਕਰਨ ਲਈ ਜਲ੍ਹਿਆਂ ਵਾਲਾ ਬਾਗ਼ ਵਿਚ ਇਕੱਤਰ ਹੋ ਰਹੇ ਸਨ। ਊਧਮ ਸਿੰਘ ਵੀ ਯਤੀਮਖ਼ਾਨੇ ਦੇ ਕੁਝ ਬਚਿਆਂ ਸਮੇਤ ਇਕੱਤਰਿਤ ਲੋਕਾਂ ਨੂੰ ਪਾਣੀ ਪਿਲਾਣ ਦੀ ਸੇਵਾ ਲਈ ਉੱਥੇ ਪਹੁੰਚਿਆ ਹੋਇਆ ਸੀ। ਬਾਗ਼ ਵਿਚ ਦਾਖਲ ਹੋਣ ਲਈ ਕੇਵਲ ਇਕੋ ਇਕ ਭੀੜਾ ਜਿਹਾ ਰਸਤਾ ਸੀ ਤੇ ਬਾਗ਼ ਦੇ ਚਵ੍ਹਾਂ ਪਾਸੇ ਨਗਰ ਦੀਆਂ ਉੱਚੀਆਂ ਉੱਚੀਆਂ ਇਮਾਰਤਾਂ ਤੇ ਪੁਰਾਣੇ ਘਰ ਸਨ। ਬਾਗ਼ ਵਿਚ ਹੋਣ ਵਾਲੇ ਇਸ ਜਲਸੇ ਦੀ ਖ਼ਬਰ ਜਨਰਲ ਡਾਇਰ ਨੂੰ 12 ਵੱਜ ਕੇ 45 ਮਿੰਟ ਤੇ ਮਿਲੀ ਤੇ 4 ਵਜੇ ਉਹ ਆਪਣੇ ਹਥਿਆਰਬੰਦ ਸੈਨਿਕ ਲੈ ਕੇ ਉੱਥੇ ਪਹੁੰਚ ਗਿਆ। ਜਲਸਾ ਅਜੇ ਸ਼ੁਰੂ ਹੀ ਹੋਇਆ ਸੀ ਕਿ ਜਨਰਲ ਡਾਇਰ (Reginald Edward Harry Dyer) ਨੇ ਆਪਣੇ ਸੈਨਿਕਾਂ ਨੂੰ ਗੋਲੀ ਚਲਾਣ ਦਾ ਹੁਕਮ ਦੇ ਦਿੱਤਾ। ਵੇਖਦੇ ਹੀ ਵੇਖਦੇ ਚਵ੍ਹਾਂ ਪਾਸੇ ਲਾਸ਼ਾਂ ਦੇ ਢੇਰ ਲਗਣੇ ਸ਼ੁਰੂ ਹੋ ਗਏ। ਸਾਰੇ ਬਾਗ਼ ਵਿਚ ਭਗਦੜ ਮੱਚ ਗਈ। ਲੋਕ ਆਪਣੀ ਜਾਨ ਬਚਾਉਣ ਲਈ ਕਿਸੇ ਉਹਲੇ ਦੀ ਤਲਾਸ਼ ਕਰਨ ਲਗੇ। ਕਈਆਂ ਨੇ ਬਾਗ਼ ਵਿਚ ਬਣੇ ਇਕੋ ਇਕ ਖੂਹ ਵਿਚ ਛਾਲਾਂ ਮਾਰ ਦਿੱਤੀਆਂ। ਕਈ ਇਕ ਪੁਰਾਣੀ ਸਮਾਧ ਦੇ ਪਿੱਛੇ ਹੋ ਗਏ। ਪਰ ਇਨ੍ਹਾਂ ਦੋ ਥਾਵਾਂ ਤੇ 20000 ਤੋਂ ਵੱਧ ਲੋਕਾਂ ਨੂੰ ਕਿਤਨੀ ਕੁ ਸ਼ਰਨ ਮਿਲ ਸਕਦੀ ਸੀ? ਸੈਂਕੜੇ ਲੋਕ ਇਕ ਦੂਜੇ ਦੇ ਪੈਰਾਂ ਥਲੇ ਆ ਕੇ ਕੁਚਲੇ ਗਏ। ਡਾਇਰ ਦੇ ਬੰਦਿਆਂ ਦੀਆਂ ਬੰਦੂਕਾਂ 15 ਮਿੰਟ ਤਕ ਅੱਗ ਉਗਲਦੀਆਂ ਰਹੀਆਂ। ਜਦੋਂ ਤਕ ਇਹ ਗੋਲੀਬਾਰੀ ਮੱਠੀ ਹੋਈ ਉਦੋਂ ਤਕ ਸਾਰਾ ਬਾਗ਼ ਲੋਕਾਂ ਦੀਆਂ ਚੀਕਾਂ, ਕੁਰਲਾਹਟਾਂ ਤੇ ਲਾਸ਼ਾਂ ਵਿਚੋਂ ਵੱਗੇ ਲਹੂ ਨਾਲ ਚਿੱਕੜ ਅਤੇ ਦਲ ਦਲ ਦਾ ਮੈਦਾਨ ਬਣ ਚੁਕਾ ਸੀ। ਐਲਫਰਡ ਡਰੇਪਰ ਦੇ ਕਥਨ ਅਨੁਸਾਰ ਊਧਮ ਸਿੰਘ ਦੀ ਬਾਂਹ ਤੇ ਵੀ ਗੋਲੀ ਲਗੀ ਸੀ ਪਰ ਉਹ ਲਾਸ਼ਾਂ ਦੇ ਢੇਰ ਥਲੇ ਦੱਬ ਜਾਣ ਕਾਰਨ ਬਚ ਗਿਆ ਸੀ। ਇਸ ਭਿਆਨਕ ਕਾਰੇ ਨੇ ਊਧਮ ਸਿੰਘ ਦੇ ਮਨ ਤੇ ਐਸਾ ਡੂੰਘਾ ਅਸਰ ਕੀਤਾ ਕਿ ਉਸ ਨੇ ਉੱਥੇ ਹੀ ਇਹ ਸੌਂਹ ਚੁਕ ਲਈ ਕਿ ਇਸ ਦਰਦਨਾਕ ਘਟਨਾ ਦੇ ਕਾਤਲਾਂ-ਜਨਰਲ ਡਾਇਰ ਅਤੇ ਸਰ ਮਾਈਕਲ ਓ-ਡਵਾਇਰ ਕੋਲੋਂ ਉਹ ਜ਼ਰੂਰ ਬਦਲਾ ਲਵੇਗਾ, ਚਾਹੇ ਉਸ ਨੂੰ ਕਿਆਮਤ ਤਕ ਵੀ ਉਨ੍ਹਾਂ ਲੋਕਾਂ ਦਾ ਪਿੱਛਾ ਕਿਉਂ ਨਾ ਕਰਨਾ ਪਵੇ। 1919 ਦੀ ਘਟਨਾ ਉਸਦੇ ਜੀਵਨ ਵਿਚ ਇਕ ਮਹੱਤਵ ਪੂਰਨ ਮੋੜ ਸਾਬਤ ਹੋਈ ਜਿਸਨੇ ਉਸਨੂੰ ਇਨਕਲਾਬ ਦੇ ਰਾਹ ਤੇ ਪਾ ਦਿੱਤਾ। ਉਦੋਂ ਉਸਦੀ ਉਮਰ 19 ਸਾਲ ਤਿੰਨ ਮਹੀਨੇ ਅਤੇ 13 ਦਿਨ ਸੀ।

ਸ਼ਾਮਾਂ ਢੱਲ ਚੁਕੀਆਂ ਸਨ। ਰਾਤ ਦਾ ਹਨੇਰਾ ਚੁਪਾਸੀਂ ਪੱਸਰਦਾ ਜਾ ਰਿਹਾ ਸੀ। ਹਰ ਪਾਸੇ ਜ਼ਖ਼ਮੀ ਤੇ ਫਟੜ ਹੋਏ ਲੋਕਾਂ ਦੀਆਂ ਕਰੁਣਾਮਈ ਆਵਾਜ਼ਾਂ ਸੁਣਾਈ ਦੇ ਰਹੀਆਂ ਸਨ। ਊਧਮ ਸਿੰਘ ਆਪਣੇ ਜ਼ਖਮ ਦੀ ਪ੍ਰਵਾਹ ਕੀਤੇ ਬਗ਼ੈਰ ਇਨ੍ਹਾਂ ਲੋਕਾਂ ਦੀ ਸੇਵਾ ਵਿਚ ਲਗ ਗਿਆ। ਉਥੇ ਹੀ ਰਤਨਾ ਦੇਵੀ ਨਾਮ ਦੀ ਇਕ ਔਰਤ ਸੀ ਜਿਸਦਾ ਪਤੀ ਇਸ ਹਾਦਸੇ ਵਿਚ ਮਾਰਿਆ ਗਿਆ ਸੀ। ਉਹ ਆਪਣੇ ਪਤੀ ਨਾਲ ਪਿਸ਼ਾਵਰ ਤੋਂ ਸ੍ਰੀ ਅੰਮ੍ਰਿਤਸਰ ਦੇ ਇਸ਼ਨਾਨ ਕਰਨ ਅਤੇ ਵਿਸਾਖੀ ਦਾ ਮੇਲਾ ਵੇਖਣ ਆਈ ਸੀ। ਊਧਮ ਸਿੰਘ ਨੇ ਉਸ ਦੇ ਪਤੀ ਦੀ ਲਾਸ਼ ਲਭਣ ਵਿਚ ਉਸਦੀ ਮਦਦ ਕੀਤੀ ਅਤੇ ਰਾਤ ਭਰ ਇਹੀ ਸੋਚਦਾ ਰਿਹਾ ਕਿ ਗੁਲਾਮੀ ਦੀ ਜ਼ਿੰਦਗੀ ਵੀ ਕੋਈ ਜ਼ਿੰਦਗੀ ਹੈ? ਇਸ ਸਾਮਰਾਜ ਦਾ ਤਖ਼ਤਾ ਪਲਟਣਾ ਹੀ ਚਾਹੀਦਾ ਹੈ। ਕੌਮਾਂ ਉਹੀ ਅਣਖ ਅਤੇ

Digitized by Panjab Digital Library | www.panjabdigilib.org

ਇਜ਼ਤ ਨਾਲ ਜੀਅ ਸਕਦੀਆਂ ਹਨ ਜੋ ਆਜ਼ਾਦ ਹਨ। ਗੁਲਾਮਾਂ ਦਾ ਹਸ਼ਰ ਇਸ ਤੋਂ ਮਾੜਾ ਹੋਰ ਕੀ ਹੋ ਸਕਦਾ ਹੈ? ਅਗਲੀ ਭਲਕ ਜਦੋਂ ਉਹ ਯਤੀਮਖ਼ਾਨੇ ਵਾਪਸ ਪੁੱਜਾ ਤਾਂ ਉਸ ਦੇ ਅੰਦਰ ਇਕ ਅਜੀਬ ਤੂਫ਼ਾਨ ਸੀ ਜਿਸਦੀਆਂ ਸ਼ੂਕਦੀਆਂ ਤੇ ਮਚਲਦੀਆਂ ਕਾਂਗਾਂ ਨੇ ਉਸ ਨੂੰ 21 ਸਾਲ ਤਕ ਬੇਚੈਨ ਕਰੀ ਰਖਿਆ। ਜਨਰਲ ਡਾਇਰ ਦਾ ਇਹ ਕਹਿਣਾ ਸੀ ਕਿ ਉਸਨੇ ਇਹ ਸਭ ਕੁਝ ਅੰਗਰੇਜ਼ੀ ਰਾਜ ਦੀਆਂ ਨੀਹਾਂ ਨੂੰ ਮਜ਼ਬੂਤ ਕਰਨ ਲਈ ਕੀਤਾ ਸੀ। ਉਹ ਇੰਗਲੈਂਡ ਵਾਪਸ ਪਰਤ ਕੇ 23 ਜੁਲਾਈ 1926 ਨੂੰ ਅਧਰੰਗ ਦੀ ਬੀਮਾਰੀ ਨਾਲ ਮਰ ਗਿਆ।

ਸਰ ਮਾਈਕਲ ਓ ਡਵਾਇਰ ਜਿਸ ਦੇ ਹੁਕਮ ਨਾਲ ਇਹ ਸਭ ਕੁਝ ਹੋਇਆ ਸੀ, 30 ਮਈ ਸੰਨ 1919 ਨੂੰ ਪੰਜਾਬ ਦੀ ਗਵਰਨਰੀ ਛੱਡਕੇ ਵਾਪਸ ਇੰਗਲੈਂਡ ਚਲਾ ਗਿਆ। ਉੱਥੇ ਉਸ ਨੂੰ ਜਲ੍ਹਿਆਂਵਾਲਾ ਬਾਗ਼ ਵਿਚ ਕੀਤੀ ਗਈ ਕਾਰਵਾਈ ਦੀ ਪ੍ਰਸੰਸਾ ਵਜੋਂ 20 ਹਜ਼ਾਰ ਪੌਂਡ ਦੀ ਥੈਲੀ ਭੇਟ ਕੀਤੀ ਗਈ। ਉਸ ਨੂੰ ਅੰਗਰੇਜ਼ੀ ਰਾਜ ਦਾ ਰਕਸ਼ਕ ਅਤੇ ਮਹਾਨ ਵਿਅਕਤੀ ਕਰਕੇ ਸਨਮਾਨਿਆ ਗਿਆ। ਡਾਇਰ ਆਪਣੇ ਦੋਸਤਾਂ ਅਤੇ ਪ੍ਰਸੰਸਕਾਂ ਨੂੰ ਜਲ੍ਹਿਆਂ ਵਾਲੇ ਬਾਗ਼ ਦੀ ਘਟਨਾ ਬੜਾ ਸੁਆਦ ਲੈ ਲੈ ਕੇ ਸੁਣਾਇਆ ਕਰਦਾ ਸੀ। ਦੂਜੇ ਬੰਨੇ ਇਸ ਘਟਨਾ ਨੇ ਆਜ਼ਾਦੀ ਦੀ ਲਹਿਰ ਨੂੰ ਇਕ ਅਜੇਹਾ ਅਹਿਮ ਮੋੜ ਦੇ ਦਿੱਤਾ ਸੀ ਕਿ ਹੁਣ ਭਾਰਤਵਾਸੀਆਂ ਦਾ ਨਿਸ਼ਾਨਾ ਸੰਪੂਰਨ ਆਜ਼ਾਦੀ ਪ੍ਰਾਪਤ ਕਰਨ ਤੋਂ ਘਟ ਹੋਰ ਕੁਝ ਨਹੀਂ ਸੀ। ਉਹ ਦੇਸ਼ ਲਈ ਪੂਰਨ ਸ੍ਵਰਾਜ ਚਾਹੁੰਦੇ ਸਨ।

ਇੰਗਲੈਂਡ ਪਹੁੰਚ ਕੇ ਓ-ਡੁਵਾਇਰ ਵਲੋਂ ਡੀਂਗਾਂ ਮਾਰਨ ਦੀਆਂ ਗੱਲਾਂ ਊਧਮ ਸਿੰਘ ਨੇ ਵੀ ਸੁਣੀਆਂ ਤੇ ਅਖ਼ਬਾਰਾਂ ਵਿਚ ਪੜ੍ਹੀਆਂ ਸਨ। ਉਸ ਨੇ ਇਸ ਖ਼ੂਨੀ ਸਾਕੇ ਮਗਰੋਂ ਜਲਦੀ ਹੀ ਯਤੀਮਖ਼ਾਨਾ ਛੱਡ ਦਿੱਤਾ ਤੇ ਆਪਣਾ ਸੰਪਰਕ ਪੰਜਾਬ ਦੇ ਕ੍ਰਾਂਤੀਕਾਰੀਆਂ ਨਾਲ ਸਥਾਪਿਤ ਕਰ ਲਿਆ। ਇਨ੍ਹਾਂ ਦਿਨਾਂ ਵਿਚ ਉਸ ਨੂੰ ਕ੍ਰਾਂਤੀਕਾਰੀ ਲਿਖਤਾਂ ਪੜ੍ਹਣ ਦਾ ਸ਼ੌਕ ਪੈਦਾ ਹੋਇਆ। ਉਸ ਨੂੰ ਅਕਸਰ ਹਾਲ ਬਾਜ਼ਾਰ ਜਾਂ ਮਾਈ ਸੇਵਾਂ ਬਾਜ਼ਾਰ ਦੀਆਂ ਕਿਤਾਬਾਂ ਦੀਆਂ ਦੁਕਾਨਾਂ ਤੇ ਖਲੋਤਾ ਵੇਖਿਆ ਜਾ ਸਕਦਾ ਸੀ। ਇਨ੍ਹਾਂ ਲਿਖਤਾਂ ਤੋਂ ਛੁੱਟ ਉਸ ਨੂੰ ਭਾਰਤੀ ਸਾਹਿਤਕਾਰਾਂ ਵਿਚੋਂ ਟੈਗੋਰ ਤੇ ਪੰਜਾਬੀ ਸਾਹਿਤ ਵਿਚੋਂ ਵਾਰਸ ਦੀ ਹੀਰ ਨਾਲ ਉਚੇਚਾ ਲਗਾਉ ਸੀ। 21 ਸਾਲ ਮਗ਼ਰੋਂ ਜਦੋਂ ਉਸ ਨੂੰ ਕਚਹਿਰੀ ਵਿਚ ਬਿਆਨ ਦੇਣ ਸਮੇਂ ਕਿਸੇ ਧਰਮ ਗ੍ਰੰਥ ਤੇ ਹੱਥ ਰੱਖ ਕੇ ਸੌਂਹ ਚੁਕਣ ਲਈ ਕਿਹਾ ਗਿਆ ਤਾਂ ਉਸ ਨੇ ਵਾਰਸ ਦੀ ਹੀਰ ਦੀ ਮੰਗ ਕੀਤੀ ਸੀ। ਹੀਰ ਆਪਣੇ ਇਸ਼ਕ ਲਈ ਕੁਰਬਾਨ ਹੋਈ ਸੀ ਤੇ ਊਧਮ ਸਿੰਘ ਦੇਸ਼ ਪਿਆਰ ਦੀ ਰੰਗਨ ਵਿਚ ਰੰਗਿਆ ਆਪਣੇ ਦੇਸ਼ ਤੋਂ ਕੁਰਬਾਨ ਹੋ ਰਿਹਾ ਸੀ।

ਕੁਝ ਸਾਲ ਅੰਮ੍ਰਿਤਸਰ ਦੀਆਂ ਗਲੀਆਂ ਦੀ ਖਾਕ ਛਾਣਨ ਮਗਰੋਂ ਇਹ ਨੌਜਵਾਨ ਗਭਰੂ ਕਿਸੇ ਠੇਕੇਦਾਰ ਨਾਲ ਅਫਰੀਕਾ ਪਹੁੰਚ ਗਿਆ। ਇਸ ਦੀ ਯੋਜਨਾਂ ਉਥੋਂ ਅਮਰੀਕਾ ਪਹੁੰਚ ਕੇ ਉੱਥੋਂ ਦੇ ਗ਼ਦਰੀ ਨੌਜਵਾਨਾਂ ਨਾਲ ਸੰਪਰਕ ਪੈਦਾ ਕਰਨ ਦੀ ਸੀ। ਭਾਰਤ ਛਡਣ ਤੋਂ ਪਹਿਲਾਂ ਉਹ ਬ੍ਰਿਟਿਸ਼ ਬਸਤੀਵਾਦ ਦੇ ਕਾਲੇ ਕਾਨੂੰਨਾਂ ਦੇ ਖਿਲਾਫ਼ ਹੁੰਦੇ ਪ੍ਰਦਰਸ਼ਨ, ਹੜਤਾਲਾਂ ਅਤੇ ਰੈਲੀਆਂ ਵਿਚ ਹਿੱਸਾ ਲੈਂਦਾ ਰਿਹਾ ਸੀ ਅਤੇ ਉਸਦੀ ਮੁਲਾਕਾਤ ਸ੍ਰ: ਭਗਤ ਸਿੰਘ ਨਾਲ ਹੋ ਚੁਕੀ ਸੀ। ਉਹ ਦੋਵੇਂ ਇਕ ਦੂਜੇ ਦੇ ਬਹੁਤ ਨਜ਼ਦੀਕ ਆ ਚੁਕੇ ਸਨ। ਇਹ ਨਿਸਚੇ ਨਾਲ ਨਹੀਂ ਕਿਹਾ ਜਾ ਸਕਦਾ ਕਿ ਇਨ੍ਹਾਂ ਦੋਹਾਂ ਕ੍ਰਾਂਤੀਕਾਰੀਆਂ ਦੀ ਪਹਿਲੀ ਮੁਲਾਕਾਤ ਕਦੋਂ ਤੇ ਕਿੱਥੇ ਹੋਈ ਸੀ, ਪਰ ਊਧਮ

Digitized by Panjab Digital Library | www.panjabdigilib.org

ਸਿੰਘ ਸ੍ਰ: ਭਗਤ ਸਿੰਘ ਨੂੰ ਆਪਣਾ ਗੁਰੂ ਅਤੇ ਆਦਰਸ਼ਕ ਨਾਇਕ ਸਮਝਦਾ ਸੀ, ਜਿਵੇਂ ਭਗਤ ਸਿੰਘ ਦਾ ਨਾਇਕ ਸ੍ਰ: ਕਰਤਾਰ ਸੰਘ ਸਰਾਭਾ ਸੀ, ਜਿਸ ਨੂੰ ਗੋਰੀ ਸਰਕਾਰ ਨੇ ਸੰਨ 1916 ਵਿਚ ਫਾਂਸੀ ਲਗਾ ਕੇ ਸ਼ਹੀਦ ਕਰ ਦਿੱਤਾ ਸੀ। ਊਧਮ ਸਿੰਘ ਨੂੰ ਅਕਾਲੀ ਮੋਰਚਿਆਂ ਅਤੇ ਬੱਬਰਾਂ ਦੀਆਂ ਕੁਰਬਾਨੀਆਂ ਨੇ ਵੀ ਬਹੁਤ ਪ੍ਰਭਾਵਿਤ ਕੀਤਾ ਸੀ ਜਿਨ੍ਹਾਂ ਨੇ ਉਸਨੂੰ ਮਾਨਸਿਕ ਅਤੇ ਆਤਮਿਕ ਤੌਰ ਤੇ ਆਪਣੇ ਨਿਸ਼ਾਨੇ ਪ੍ਰਤੀ ਦ੍ਰਿੜ੍ਹਤਾ ਅਤੇ ਬੱਲ ਪ੍ਰਦਾਨ ਕੀਤਾ ਸੀ। ਆਉਣ ਵਾਲੇ ਸਮੇਂ ਵਿਚ ਇਹ ਦੋਵੇਂ ਗੁਣ ਉਸਦੇ ਸੁਭਾ ਦਾ ਅਤੁੱਟ ਅੰਗ ਬਣ ਗਏ।

ਅਫਰੀਕਾ ਰਹਿਕੇ ਉਸ ਨੇ ਕੁਝ ਪੈਸਾ ਕਮਾਇਆ ਤੇ ਆਪਣੇ ਮਿਥੇ ਨਿਸ਼ਾਨੇ ਦੀ ਧੁੰਨ ਵਿਚ ਅਮਰੀਕਾ ਦੇ ਪੱਛਮੀ ਤੱਟ ਤੇ ਜਾ ਪਹੁੰਚਿਆ। ਉੱਥੇ ਉਸ ਨੇ ਸ਼ਾਂਤ ਸਾਗਰ ਦੇ ਕੰਢੇ ਤੇ ਵਸੇ ਪੰਜਾਬੀਆਂ ਨਾਲ ਤਾਲ ਮੇਲ ਪੈਦਾ ਕੀਤਾ ਤੇ ਜਲਦੀ ਹੀ ਗ਼ਦਰੀ ਨੌਜਵਾਨਾਂ ਦੀ ਪਾਰਟੀ ਦਾ ਸਰਗਰਮ ਮੈਂਬਰ ਬਣ ਗਿਆ। ਇੱਥੇ ਉਸਦਾ ਕੰਮ ਸ਼ਾਂਤ ਸਾਹਿਲ (Pacific Coast) ਤੇ ਪਹੁੰਚੇ ਇਨਕਲਾਬੀ ਪ੍ਰਵਾਸੀਆਂ ਨੂੰ ਨਿਸ਼ਚਿਤ ਥਾਵਾਂ ਤੇ ਪਹੁੰਚਾਉਣਾ ਅਤੇ ਹਥਿਆਰਬੰਦ ਕ੍ਰਾਂਤੀ ਲਈ ਪ੍ਰੇਰਨਾ ਸੀ। ਊਧਮ ਸਿੰਘ ਤਜਰਬੇਕਾਰ ਮਕੈਨਿਕ ਅਤੇ ਡਰਾਈਵਿੰਗ ਦਾ ਚੰਗਾ ਮਾਹਿਰ ਸੀ, ਇਸ ਲਈ ਇਸ ਕੰਮ ਵਿਚ ਉਸ ਨੂੰ ਕਦੇ ਦਿਕਤ ਪੇਸ਼ ਨਹੀਂ ਸੀ ਆਈ। ਉਹ ਕਈ ਕਈ ਸੌ ਮੀਲ ਦਾ ਸਫ਼ਰ ਇਕੋ ਸਾਹੇ ਕਰ ਜਾਇਆ ਕਰਦਾ ਸੀ। ਉਹ ਕਾਰ ਬੜੀ ਤੇਜ਼ ਚਲਾਉਂਦਾ ਸੀ।

ਅਮਰੀਕਾ ਰਹਿੰਦਿਆਂ ਉਸ ਨੂੰ ਸ੍ਰ: ਭਗਤ ਸਿੰਘ ਵਲੋਂ ਇਕ ਜ਼ਰੂਰੀ ਚਿੱਠੀ ਮਿਲੀ ਜਿਸ ਵਿਚ ਭਗਤ ਸਿੰਘ ਨੇ ਉਸ ਨੂੰ ਸੁਦੇਸ਼ ਪਰਤ ਆਉਣ ਲਈ ਲਿਖਿਆ ਸੀ। ਉਸੇ ਚਿੱਠੀ ਵਿਚ ਭਗਤ ਸਿੰਘ ਨੇ ਕੁਝ ਹਥਿਆਰ ਨਾਲ ਲੈ ਕੇ ਆਉਣ ਦੀ ਵੀ ਮੰਗ ਕੀਤੀ ਸੀ। ਚਿੱਠੀ ਮਿਲਦਿਆਂ ਹੀ ਉਹ ਆਪਣੇ 25 ਸਾਥੀਆਂ ਸਮੇਤ ਹਿੰਦੁਸਤਾਨ ਲਈ ਰਵਾਨਾ ਹੋ ਪਿਆ। ਹਥਿਆਰ ਲਿਆਉਣ ਵਿਚ ਉਸਦੀ ਮਦਦ ਇਕ ਜਰਮਨ ਔਰਤ ਨੇ ਕੀਤੀ ਸੀ। 30 ਅਗਸਤ ਸੰਨ 1927 ਨੂੰ ਕਿਸੇ ਸੂਹੀਏ ਦੇ ਖ਼ਬਰ ਦੇਣ ਤੇ ਸ੍ਰ: ਊਧਮ ਸਿੰਘ ਦੇ ਮਕਾਨ ਦੇ ਛਾਪਾ ਮਾਰਿਆ ਗਿਆ ਤੇ ਉਸ ਨੂੰ ਬਿਨਾਂ ਲਾਇਸੈਂਸ, ਨਾਜਾਇਜ਼ ਹਥਿਆਰ ਰਖਣ ਦੇ ਜੁਰਮ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ। ਕੁਝ ਇਤਿਹਾਸਕਾਰਾਂ ਨੇ ਇਹ ਗ੍ਰਿਫ਼ਤਾਰੀ ਲਾਹੌਰ ਅਤੇ ਕੁਝ ਨੇ ਅੰਮ੍ਰਿਤਸਰ ਵਿਚ ਹੋਈ ਲਿਖੀ ਹੈ। ਜਦੋਂ ਉਸ ਨੂੰ ਗ੍ਰਿਫਤਾਰ ਕੀਤਾ ਗਿਆ ਤਾਂ ਉਸਦੀ ਜੇਬ ਵਿਚ ਇਕ ਪਸਤੌਲ ਅਤੇ ਪੰਜ ਕਾਰਤੂਸ ਸਨ। ਜੇ ਉਹ ਚਾਹੁੰਦਾ ਤਾਂ ਉਨ੍ਹਾਂ ਨੂੰ ਚਲਾ ਕੇ ਪੁਲਿਸ ਦੇ ਬੰਦਿਆਂ ਨੂੰ ਹਲਾਕ ਕਰ ਸਕਦਾ ਸੀ। ਪਰ ਉਸਦਾ ਨਿਸ਼ਾਨਾ ਇਨ੍ਹਾਂ ਗਿਦੜਾਂ ਨੂੰ ਮਾਰਨਾ ਨਹੀਂ, ਸਗੋਂ ਕਿਸੇ ਵਡੇ 'ਸ਼ਿਕਾਰ' ਨੂੰ ਪਾਰ ਬੁਲਾਉਣਾ ਸੀ ਜਿਸ ਲਈ ਉਹ ਲੰਮੀ ਇੰਤਜ਼ਾਰ ਵੀ ਕਰ ਸਕਦਾ ਸੀ। ਉਸ ਨੇ ਗ੍ਰਿਫ਼ਤਾਰ ਹੋਣ ਸਮੇਂ ਕੋਈ ਹੀਲ ਹੁਜਤ ਨਾ ਕੀਤੀ। ਜਦੋਂ ਉਸ ਕੋਲੋਂ ਕਚਹਿਰੀ ਵਿਚ ਇਹ ਪੁਛਿਆ ਗਿਆ ਕਿ ਉਸ ਨੇ ਅਮਰੀਕਾ ਤੋਂ ਇਤਨੀ ਭਾਰੀ ਮਾਤਰਾ ਵਿਚ ਹਥਿਆਰ ਕਿਉਂ ਤੇ ਕਿਵੇਂ ਲਿਆਂਦੇ ਸਨ ਤਾਂ ਉਸ ਨੇ ਸਿਰਫ਼ ਇਤਨਾਂ ਹੀ ਕਿਹਾ ਕਿ ਉਸਦਾ ਮੰਤਵ ਦੇਸ਼ ਵਿਚੋਂ ਅੰਗਰੇਜ਼ੀ ਸਾਮਰਾਜ ਨੂੰ ਖ਼ਤਮ ਕਰਨ ਦਾ ਸੀ। ਊਧਮ ਸਿੰਘ ਕਦੇ ਵੀ ਆਪਣੇ ਸਾਥੀਆਂ ਬਾਰੇ ਕਿਸੇ ਨੂੰ ਕੋਈ ਜਾਣਕਾਰੀ ਨਹੀਂ ਸੀ ਦਿੰਦਾ ਅਤੇ ਨਾ ਹੀ ਉਹ ਚਾਹੁੰਦਾ ਸੀ ਕਿ ਉਸ ਕਾਰਨ ਕਿਸੇ ਹੋਰ ਕ੍ਰਾਂਤੀਕਾਰੀ ਨੂੰ ਪੁਲਿਸ ਪਕੜਕੇ ਪ੍ਰੇਸ਼ਾਨ ਕਰੇ ਜਾਂ ਸਜ਼ਾ ਦੇਵੇ। ਉਸ ਨੂੰ ਆਪਣੇ ਆਪ ਤੇ ਪੂਰਾ ਵਿਸ਼ਵਾਸ਼ ਸੀ ਕਿ ਜੋ ਨਿਸ਼ਾਨਾ ਉਹ ਆਪਣੇ ਮਨ ਵਿਚ ਧਾਰ ਕੇ

Digitized by Panjab Digital Library | www.panjabdigilib.org

ਟੂਰ ਰਿਹਾ ਸੀ, ਇਕ ਨਾ ਇਕ ਦਿਨ ਉਹ ਜ਼ਰੂਰ ਸਫ਼ਲ ਹੋਵੇਗਾ।

ਨਾਜਾਇਜ਼ ਹਥਿਆਰ ਰਖਣ ਦੇ ਜੁਰਮ ਵਿਚ ਉਸ ਨੂੰ ਪੰਜ ਸਾਲ ਦੀ ਬਾਮੁਸ਼ਕਤ ਸਜ਼ਾ ਸੁਣਾਈ ਗਈ, ਜਿਸ ਨੂੰ ਉਸ ਨੇ ਖਿੜੇ ਮੱਥੇ ਪ੍ਰਵਾਨ ਕੀਤਾ। ਉਸ ਦੇ ਦਸਣ ਤੇ ਪੁਲਿਸ ਨੇ ਉਸਦੇ ਲੁਕਵੇਂ ਟਿਕਾਣਿਆਂ ਤੋਂ 139 ਕਾਰਤੂਸ, ਕੁਝ ਹਥਿਆਰ ਅਤੇ ਇਕ ਭਰੀ ਹੋਈ ਪਸਤੌਲ ਬਰਾਮਦ ਕੀਤੀ। ਪਰ ਊਧਮ ਸਿੰਘ ਨੇ ਇਸ ਸਾਰੀ ਗੱਲ ਦੀ ਜ਼ਿਮੇਵਾਰੀ ਆਪਣੇ ਸਿਰ ਲੈਂਦਿਆਂ, ਆਪਣੇ ਕਿਸੇ ਵੀ ਹੋਰ ਸਾਥੀ ਦਾ ਨਾਮ ਦਸਣ ਤੋਂ ਇਨਕਾਰ ਕਰ ਦਿੱਤਾ। ਜਦੋਂ ਉਹ ਜੇਲ੍ਹ ਵਿਚ ਹੀ ਸੀ ਤਾਂ ਉਸ ਨੂੰ ਖ਼ਬਰ ਮਿਲੀ ਕਿ ਸ੍ਰ: ਭਗਤ ਸਿੰਘ ਨੂੰ 23 ਮਾਰਚ ਸੰਨ 1930 ਨੂੰ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ ਹੈ। ਉਸ ਨੂੰ ਅਫਸੋਸ ਹੋਣ ਦੀ ਬਜਾਏ ਖੁਸ਼ੀ ਹੋਈ ਕਿ ਜਿਸ ਨੂੰ ਉਸ ਨੇ ਆਪਣਾ ਆਦਰਸ਼ ਮੰਨਿਆ ਸੀ ਉਹ ਕਿਵੇਂ ਹਸਦੇ ਹਸਦੇ, ਭਾਰਤ ਮਾਂ ਦੇ ਗੀਤ ਗਾਉਂਦਾ, ਫ਼ਾਂਸੀ ਦੇ ਤਖ਼ਤੇ ਤੇ ਝੂਲ ਗਿਆ ਸੀ। ਜੇਲ੍ਹ ਦੇ ਕਰਮਚਾਰੀਆਂ ਨੇ ਵੇਖਿਆ ਕਿ ਉਹ ਸ੍ਰ: ਭਗਤ ਸਿੰਘ ਦੀ ਤਸਵੀਰ ਸੀਨੇ ਨਾਲ ਲਾਈ ਨੱਚ ਰਿਹਾ ਸੀ ਤੇ ਉਸਦੇ ਹੋਠ ਕੁਝ ਗੁਣਗੁਣਾ ਰਹੇ ਸਨ। ਸ਼ਾਇਦ ਉਹ ਵੀ ਬਿਸਮਿਲ ਦੀਆਂ ਉਹੀ ਲਾਈਨਾਂ ਗਾ ਰਿਹਾ ਸੀ ਜਿਨ੍ਹਾਂ ਨੇ ਕਈ ਕ੍ਰਾਂਤੀਕਾਰੀਆਂ ਨੂੰ ਮੌਤ ਤੋਂ ਬੇਖੌਫ ਹੋਕੇ ਫਾਂਸੀ ਦੇ ਰਸਿਆਂ ਨੂੰ ਚੁੰਮ ਜਾਣ ਲਈ ਪ੍ਰੇਰਿਆ ਸੀ:

ਸਰ ਫਰੋਸ਼ੀ ਕੀ ਤਮਨਾ ਅਬ ਹਮਾਰੇ ਦਿੱਲ ਮੇਂ ਹੈ
ਦੇਖਣਾ ਹੈ ਜ਼ੋਰ ਕਿਤਨਾ ਬਾਜ਼ੂਏ ਕਾਤਿਲ ਮੇਂ ਹੈ।

ਕੜੀ ਮੁਸ਼ਕਤ ਵਾਲੀ ਜੇਲ੍ਹ ਦਾ ਸਮਾਂ ਹੋਲੀ ਹੋਲੀ ਕੱਟ ਗਿਆ। ਊਧਮ ਸਿੰਘ ਕਮਜ਼ੋਰ, ਜਰਜ਼ਰਾ ਜਾਂ ਨਿਰਾਸ ਹੋਣ ਦੀ ਬਜਾਏ, ਮਜ਼ਬੂਤ, ਪਰਪੱਕ ਅਤੇ ਦ੍ਰਿੜ ਇਰਾਦੇ ਨਾਲ ਬਾਹਰ ਨਿਕਲਿਆ। ਹੁਣ ਉਸਦਾ ਨਿਸ਼ਾਨਾ ਹਿੰਦੁਸਤਾਨ ਵਿਚ ਰਹਿਣ ਦਾ ਨਹੀਂ ਸਗੋਂ ਇੰਗਲੈਂਡ ਪਹੁੰਚਣਾ ਸੀ ਜਿੱਥੇ ਉਸ ਨੇ ਗੋਰੀ ਸਰਕਾਰ ਵਲੋਂ ਭਾਰਤ ਵਾਸੀਆਂ ਦੀ ਕੀਤੀ ਬੇਪਤੀ ਦਾ ਹਿਸਾਬ ਚੁਕਾਉਣ ਜਾਣਾ ਸੀ। ਉਸਦੇ ਸੀਨੇ ਵਿਚ ਕੀ ਸੀ ਇਹ ਕਿਸੇ ਨੂੰ ਪਤਾ ਨਹੀਂ ਸੀ। ਪਰ ਊਧਮ ਸਿੰਘ ਜਾਣਦਾ ਸੀ ਕਿ ਬਦਲੇ ਦੀ ਜੇਹੜੀ ਅੱਗ ਉਸ ਨੇ 1919 ਵਿਚ ਆਪਣੇ ਸੀਨੇ ਵਿਚ ਬਾਲੀ ਸੀ ਹੁਣ ਉਹ ਲੱਟ ਲੱਟ ਕਰਕੇ ਬਾਹਰ ਨਿਕਲਣਾ ਲੋਚਦੀ ਸੀ। ਊਧਮ ਸਿੰਘ ਉਸੇ ਘੜੀ ਲਈ ਆਪਣੇ ਆਪ ਨੂੰ ਤਿਆਰ ਕਰ ਰਿਹਾ ਸੀ।

1932 ਵਿਚ ਉਸ ਨੂੰ ਜੇਲ੍ਹ ਚੋਂ ਰਿਹਾ ਕੀਤਾ ਗਿਆ। ਇਸੇ ਸਾਲ ਉਹ ਫਕੀਰਾਂ ਦੇ ਭੇਸ ਵਿਚ ਕਸ਼ਮੀਰ ਪਹੁੰਚਿਆ। ਇੱਥੇ ਉਸ ਦੀ ਮੁਲਾਕਾਤ ਸ੍ਰ: ਸਵਰਨ ਸਿੰਘ ਅਤੇ ਇੰਦਰ ਸਿੰਘ ਨਾਲ ਹੋਈ। ਸ੍ਰ: ਸਵਰਨ ਸਿੰਘ ਦੇ ਕਥਨ ਅਨੁਸਾਰ 'ਜਦੋਂ ਊਧਮ ਸਿੰਘ ਜਲ੍ਹਿਆਂ ਵਾਲੇ ਬਾਗ਼ ਦੀ ਘਟਨਾ ਨੂੰ ਯਾਦ ਕਰਦਾ ਸੀ ਤਾਂ ਉਸਦੀਆਂ ਅੱਖਾਂ ਵਿਚ ਲਹੂ ਉਤਰ ਆਉਂਦਾ ਸੀ। ਉਸਦੀ ਯਾਦ ਗੁੱਸੇ ਅਤੇ ਵੇਦਨਾ ਤੋਂ ਮੁਕਤ ਨਹੀਂ ਸੀ ਤੇ ਉਸਦੀਆਂ ਗੱਲਾਂ ਤੋਂ ਲਗਦਾ ਸੀ ਕਿ ਕਤਲੇਆਮ ਵਾਲੇ ਦਿਨ ਉਹ ਘਟਨਾ ਸਥਲ ਤੇ ਹਾਜ਼ਰ ਸੀ। ਮਰ ਰਹੇ ਅਤੇ ਸਿਸਕ ਰਹੇ ਲੋਕਾਂ ਦੀਆਂ ਚੀਕਾਂ ਅਜੇ ਵੀ ਉਸ ਨੂੰ ਆਪਣੇ ਕੰਨਾਂ ਵਿਚ ਗੂੰਜਦੀਆਂ ਸੁਣਾਈ ਦਿੰਦੀਆਂ ਸਨ'। 'ਊਧਮ ਸਿੰਘ ਦੀਆਂ ਚਿੱਠੀਆਂ' ਨਾਮੀ ਪੁਸਤਕ ਵਿਚ ਦਰਜ ਸਵਰਨ ਸਿੰਘ ਦੇ ਬਿਆਨ ਤੋਂ ਪਤਾ ਚਲਦਾ ਹੈ ਕਿ ਊਧਮ ਸਿੰਘ ਇਕ ਸਾਧੂ ਦੇ ਭੇਸ ਵਿਚ ਅੱਧ ਜੂਨ 1932 ਵਿਚ ਸ੍ਰੀ ਨਗਰ ਪਹੁੰਚਿਆ ਸੀ। ਉਸ ਨੇ ਉੱਨ (Wool) ਦਾ ਬੁਣਿਆ ਹੋਇਆ ਕੇਸਰੀ ਚੋਲਾ ਪਾਇਆ

Digitized by Panjab Digital Library | www.panjabdigilib.org

ਹੋਇਆ ਸੀ ਤੇ ਉਸਦੇ ਸਿਰ ਤੇ ਇਸੇ ਕਪੜੇ ਦਾ ਟੋਟਾ ਸੀ। ਉਸ ਨੇ ਕੇਸਰੀ ਰੰਗ ਦੀਆਂ ਜਰਾਬਾਂ ਤੇ ਖਾਕੀ ਕਪੜੇ ਦੇ ਬੂਟ ਪਾਏ ਹੋਏ ਸਨ। ਸਾਧੂ ਜਾਣ ਕੇ ਸਵਰਨ ਸਿੰਘ ਨੇ ਊਧਮ ਸਿੰਘ ਨੂੰ ਆਪਣੇ ਮਕਾਨ ਵਿਚ ਉਤਾਰਾ ਦਿੱਤਾ ਸੀ। ਸਵਰਨ ਸਿੰਘ ਅਨੁਸਾਰ ਉਸ ਦੀ ਉਮਰ ਉਦੋਂ 30 ਕੁ ਸਾਲ ਤੋਂ ਉਪਰ ਸੀ। ਉਹ ਜੁੱਸੇ ਦਾ ਤਕੜਾ ਤੇ ਫੁਰਤੀਲਾ ਸੀ। ਉਸਦੀ ਗਲਬਾਤ ਮਨਮੋਹਣੀ ਸੀ ਅਤੇ ਉਹ ਬਹੁਤ ਹੀ ਸਵੈ-ਵਿਸ਼ਵਾਸ਼ੀ ਪੁਰਖ ਹੋਣ ਦਾ ਪ੍ਰਭਾਵ ਦਿੰਦਾ ਸੀ। ਮਗਰੋਂ ਸਵਰਨ ਸਿੰਘ ਨੂੰ ਪਤਾ ਚਲਿਆ ਸੀ ਕਿ ਉਹ ਕਿਸੇ 'ਉਚੇਚੇ' ਮਿਸ਼ਨ ਲਈ ਇੰਗਲੈਂਡ ਜਾਣਾ ਚਾਹੁੰਦਾ ਸੀ।

ਊਧਮ ਸਿੰਘ ਸ੍ਰੀ ਨਗਰ ਵਿਚ ਤਿੰਨ ਮਹੀਨੇ ਠਹਿਰਿਆ। ਇੱਥੇ ਉਸ ਨੇ ਕੁਝ ਦਿਨਾਂ ਲਈ ਪਹਿਲਾਂ ਮੋਟਰਾਂ ਮੁਰੰਮਤ ਕਰਨ ਵਾਲੀ ਦੁਕਾਨ ਤੇ ਕੰਮ ਕੀਤਾ। ਸਵਰਨ ਸਿੰਘ ਵੀ ਕ੍ਰਾਂਤੀਕਾਰੀ ਵਿਚਾਰਾਂ ਦਾ ਸੀ। ਜਦੋਂ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤਾਂ ਊਧਮ ਸਿੰਘ ਇਕ ਹੋਰ ਕ੍ਰਾਂਤੀਕਾਰੀ ਇੰਦਰ ਸਿੰਘ ਨੂੰ ਮਿਲਿਆ ਜਿਹੜਾ ਗੁਰਦੁਆਰਾ ਮੀਰਾਂ ਕਦਲ ਵਿਚ ਰਹਿੰਦਾ ਸੀ। ਊਧਮ ਸਿੰਘ ਦੇ ਮਨ ਵਿਚ ਚੈਨ ਨਹੀਂ ਸੀ। ਉਹ ਅਗਸਤ ਦੇ ਅਖੀਰ ਜਾਂ ਸਤੰਬਰ ਦੇ ਸ਼ੁਰੂ ਵਿਚ ਪੰਜਾਬ ਵਾਪਸ ਪਰਤ ਆਇਆ। ਹੁਣ ਉਹ ਅੰਮ੍ਰਿਤਸਰ ਜਾਣ ਦੀ ਬਜਾਏ ਆਪਣੇ ਜੱਦੀ ਪਿੰਡ ਸੁਨਾਮ ਪਹੁੰਚਿਆ ਤੇ ਕੁਝ ਮਹੀਨੇ ਉੱਥੇ ਠਹਿਰਿਆ। ਸ਼ਾਇਦ ਇਹ ਉਸਦੀ ਆਪਣੀ ਜਨਮਭੂਮੀ (ਸੁਨਾਮ) ਲਈ ਆਖ਼ਰੀ ਵਾਰ ਦੀ ਖਿੱਚ ਸੀ ਜਿਹੜੀ ਉਸ ਨੂੰ ਇੱਥੇ ਲੈ ਆਈ ਸੀ। ਇਸ ਤੋਂ ਬਾਦ ਕੇਵਲ ਉਸ ਦੀ ਰਾਖ ਨੇ ਹੀ ਮੁੜ ਸੁਨਾਮ ਪਹੁੰਚਣਾ ਸੀ, ਉਹ ਵੀ ਉਸਦੇ ਫਾਂਸੀ ਲਗਣ ਤੋਂ 34 ਸਾਲ ਬਾਦ।

1932 ਦੇ ਅਖ਼ੀਰ ਵਿਚ ਊਧਮ ਸਿੰਘ ਨੇ ਆਪਣੇ ਦੇਸ਼ ਨੂੰ ਅਲਵਿਦਾ ਕਹੀ ਤੇ ਰਾਮ ਮੁਹੰਮਦ ਸਿੰਘ ਆਜ਼ਾਦ ਦੇ ਨਾਮ ਥਲੇ ਰੂਸ, ਮਿਸਰ, ਯਥੋਪੀਆ, ਸਵਿਟਜ਼ਰਲੈਂਡ, ਜਰਮਨੀ ਅਤੇ ਫ਼ਰਾਂਸ ਆਦਿ ਦੇਸ਼ਾਂ ਚੋਂ ਹੁੰਦਾ ਹੋਇਆ 1933 ਵਿਚ ਇੰਗਲੈਂਡ ਜਾ ਪਹੁੰਚਿਆ। ਇੱਥੇ ਪਹੁੰਚ ਕੇ ਉਸ ਨੇ ਕਿਸੇ ਇੰਜੀਨੀਅਰਿੰਗ ਕੋਰਸ ਵਿਚ ਦਾਖ਼ਲਾ ਲੈ ਲਿਆ। ਪਰ ਉਸਦਾ ਇੰਗਲੈਂਡ ਆਉਣ ਦਾ 'ਅਸਲ ਮਨੋਰਥ' ਤਾਂ ਕੁਝ ਹੋਰ ਸੀ। ਇਨ੍ਹਾਂ ਦਿਨਾਂ ਵਿਚ ਉਸ ਨੇ ਆਪਣੇ ਕਈ ਨਾਮ ਰਖੇ ਹੋਏ ਸਨ। ਕਿਸੇ ਲਈ ਉਹ ਉਦੈ ਸਿੰਘ, ਕਿਸੇ ਲਈ ਸ਼ੇਰ ਸਿੰਘ ਅਤੇ ਕਿਸੇ ਲਈ ਫ੍ਰੈਂਕ ਬਰਾਜ਼ੀਲ ਸੀ। ਪਾਸਪੋਰਟ ਤੇ ਉਸ ਦਾ ਨਾਮ ਰਾਮ ਮੁਹੰਮਦ ਸਿੰਘ ਆਜ਼ਾਦ ਦਰਜ ਸੀ। ਉਸਦੇ ਅਸਲੀ ਨਾਮ ਦਾ ਪਤਾ ਲੋਕਾਂ ਨੂੰ ਮੁਕੱਦਮੇ ਦੇ ਦੌਰਾਨ ਹੀ ਲਗਾ ਸੀ।

ਲੰਡਨ ਪਹੁੰਚ ਕੇ ਉਸ ਨੇ ਬਹੁਤੇ ਮਿੱਤਰ ਬਣਾਉਣ ਦੀ ਕੋਸ਼ਿਸ਼ ਨਾ ਕੀਤੀ। ਉਹ ਚੁੱਪ ਚੁਪੀਤੀ ਮੇਹਨਤ ਮਜ਼ਦੂਰੀ ਕਰਕੇ ਆਪਣਾ ਡੰਗ ਟਪਾਉਣ ਲਗਾ। ਲੰਡਨ ਵਿਚ ਸ਼ੈਫਰਡਜ਼ ਬੁਸ਼, ਸਿਨਕਲੇਅਰ ਰੋਡ ਦਾ ਗੁਰਦੁਆਰਾ, ਅਜੇਹੀ ਥਾਂ ਸੀ ਜਿੱਥੇ ਇਤਵਾਰ ਦੇ ਇਤਵਾਰ ਭਾਰਤੀ ਮੂਲ ਦੇ ਲੋਕ ਸੰਗਤ ਦੇ ਰੂਪ ਵਿਚ ਇਕੱਠੇ ਹੋਇਆ ਕਰਦੇ ਸਨ। ਸ਼ਬਦ ਕੀਰਤਨ ਤੋਂ ਇਲਾਵਾ ਕਈ ਵਾਰ ਦੇਸ਼ ਦੇ ਰਾਜਸੀ ਹਾਲਾਤ ਬਾਰੇ ਚਰਚਾ ਵੀ ਹੋ ਜਾਇਆ ਕਰਦੀ ਸੀ। ਊਧਮ ਸਿੰਘ ਇਸ ਗੁਰਦੁਆਰੇ ਵਿਚ ਆਇਆ ਕਰਦਾ ਸੀ ਅਤੇ ਲੋਕ ਉਸ ਨੂੰ ਜੁਸ਼ੀਲਾ ਨੌਜਵਾਨ ਕਰ ਕੇ ਜਾਣਦੇ ਸਨ। ਉਹ ਕਈ ਵਾਰ ਗਰਮ ਤਕਰੀਰਾਂ ਕਰਦਾ ਤੇ ਇਨਕਲਾਬੀ ਗੀਤ ਗੁਣਗੁਣਾਉਂਦਾ ਰਹਿੰਦਾ ਸੀ। ਇੱਥੇ ਉਸ ਦਾ ਪਹਿਰਾਵਾ ਤੇ ਬੋਲਣ ਦਾ ਲਹਿਜ਼ਾ ਨਿਰੋਲ ਅੰਗਰੇਜ਼ੀ ਸੀ ਤੇ ਇਸ

Digitized by Panjab Digital Library | www.panjabdigilib.org

ਗੱਲ ਦਾ ਉਸ ਦੇ ਮਿੱਤਰਾਂ ਤੇ ਬੜਾ ਪ੍ਰਭਾਵ ਸੀ। ਇਨ੍ਹਾਂ ਮਿੱਤਰਾਂ ਵਿਚੋਂ ਇਕ ਸ਼ਿਵ ਸਿੰਘ ਜੌਹਲ ਸੀ ਜਿਸ ਨੂੰ ਉਸ ਨੇ ਦਸਿਆ ਸੀ ਕਿ ਉਹ ਇੰਗਲੈਂਡ 'ਕੁਝ ਕਰਨ' ਲਈ ਆਇਆ ਸੀ ਤੇ ਹੁਣ ਉਹ ਉਸ ਦੀ ਯੋਜਨਾ ਬਣਾ ਰਿਹਾ ਸੀ। ਕਈ ਵਾਰ ਉਸ ਦੇ ਭਾਰਤੀ ਮਿੱਤਰ ਉਸਦੀਆਂ ਗੱਲਾਂ ਤੋਂ ਪ੍ਰੇਸ਼ਾਨ ਹੁੰਦੇ ਸਨ ਕਿਉਂਕਿ ਉਨ੍ਹਾਂ ਚੋਂ ਬਹੁਤੇ ਰੋਜ਼ੀ ਰੋਟੀ ਅਤੇ ਦੌਲਤ ਕਮਾਉਣ ਦੀ ਲਾਲਸਾ ਕਾਰਨ ਵਤਨ ਛੱਡ ਕੇ ਇੰਗਲੈਂਡ ਆਏ ਸਨ। ਕਈ ਲੋਕ ਊਧਮ ਸਿੰਘ ਦੀਆਂ ਗੱਲਾਂ ਨੂੰ ਇਹ ਕਹਿ ਕੇ ਟਾਲ ਜਾਇਆ ਕਰਦੇ ਸਨ ਕਿ ਪਰਦੇਸਾਂ ਵਿਚ ਬੈਠ ਕੇ ਅਸੀਂ ਇਕੱਲੇ-ਦੁਕੱਲੇ ਅੰਗਰੇਜ਼ੀ ਰਾਜ ਦਾ ਵਿਗਾੜ ਵੀ ਕੀ ਸਕਦੇ ਹਾਂ। ਇਤਨੀ ਵਡੀ ਸ਼ਕਤੀ ਅਗੇ ਸਾਡੀ ਹਸਤੀ ਹੀ ਕੀ ਹੈ? ਪਰ ਊਧਮ ਸਿੰਘ ਨੂੰ ਆਪਣੇ ਆਪ ਤੇ ਪੂਰਾ ਭਰੋਸਾ ਸੀ ਕਿ ਉਸ ਇਕੱਲੇ ਦੇ ਕਾਰਨਾਮੇ ਨਾਲ ਵੀ ਅੰਗਰੇਜ਼ੀ ਹਕੂਮਤ ਦੇ ਪੈਰ ਲੜ ਖੜਾ ਜਾਣਗੇ। ਉਹ ਕਾਇਰ ਭਾਰਤੀਆਂ ਦੀਆਂ ਗੱਲਾਂ ਸੁਣ ਕੇ ਮੁਸਕਰਾ ਦਿਆ ਕਰਦਾ ਸੀ। ਬਹੁਤੇ ਦੋਸਤ ਉਸ ਨੂੰ ਸਨਕੀ ਸਮਝਦੇ ਸਨ ਜਿਸਦੇ ਦਿੱਲ ਦੀਆਂ ਗਹਿਰਾਈਆਂ ਵਿਚ ਝਾਤ ਪਾ ਸਕਣਾ ਉਹਨਾਂ ਦੀ ਸਮਰਥਾ ਤੋਂ ਬਾਹਰ ਸੀ।

ਜਿਉਂ ਜਿਉਂ ਸਮਾਂ ਬੀਤੀ ਜਾ ਰਿਹਾ ਸੀ ਊਧਮ ਸਿੰਘ ਬਾਹਰੋਂ ਅੰਦਰੋਂ ਬੜਾ ਗੰਭੀਰ ਅਤੇ ਸ਼ਾਂਤ ਚਿੱਤ ਹੋਈ ਜਾ ਰਿਹਾ ਸੀ। ਉਸਦੀਆਂ ਇੰਤਜ਼ਾਰ ਦੀਆਂ ਘੜੀਆਂ ਦਿਨਾਂ ਤੋਂ ਮਹੀਨੇ ਅਤੇ ਮਹੀਨਿਆਂ ਤੋਂ ਸਾਲਾਂ ਵਿਚ ਬਦਲ ਗਈਆਂ ਸਨ ਪਰ ਉਸਨੇ ਅਜੇ ਤਕ ਆਪਣਾ ਇਰਾਦਾ ਨਹੀਂ ਸੀ ਬਦਲਿਆ। ਉਸ ਨੇ 1940 ਦੇ ਸ਼ੁਰੂ ਤਕ ਕਰੀਬ ਕਰੀਬ ਸਾਰੇ ਮਿੱਤਰਾਂ ਨੂੰ ਮਿਲਣਾ ਬੰਦ ਕਰ ਦਿੱਤਾ ਸੀ। ਹੋਰ ਤਾਂ ਹੋਰ ਉਹ ਸ਼ਿਵ ਸਿੰਘ ਜੌਹਲ ਨੂੰ ਵੀ ਮਿਲਣੋ ਹੱਟ ਗਿਆ ਸੀ ਜਿਸ ਨੂੰ ਉਸ ਨੇ ਸੰਕੇਤਕ ਰੂਪ ਵਿਚ 'ਉਚੇਚੇ ਮਿਸ਼ਨ' ਦਾ ਰਾਜ਼ਦਾਰ ਬਣਾਇਆ ਸੀ। ਪਰ ਇਹ ਸ਼ਿਵ ਸਿੰਘ ਵੀ ਨਹੀਂ ਸੀ ਜਾਣਦਾ ਕਿ ਉਹ 'ਮਿਸ਼ਨ' ਕਿਹੜਾ ਸੀ ਜਿਸਦੀ ਪ੍ਰਾਪਤੀ ਲਈ ਊਧਮ ਸਿੰਘ ਇਤਨਾ ਤਰਲੋ ਮੱਛੀ ਹੋ ਰਿਹਾ ਸੀ।

ਊਧਮ ਸਿੰਘ ਕਈ ਵਾਰ ਪੰਜਾਬ ਰੈਸਟੋਰੈਂਟ ਤੇ ਖਾਣਾ ਖਾਣ ਚਲਾ ਜਾਇਆ ਕਰਦਾ ਸੀ। ਇਹ ਰੈਸਟੋਰੈਂਟ ਕੋਵੈਂਟ ਗਾਰਡਨ ਦੇ ਨੇੜੇ ਨੀਲ ਸਟ੍ਰੀਟ ਵਿਚ ਸੀ ਤੇ ਇਸ ਦਾ ਮਾਲਕ ਕੋਈ ਗੁਰਬਚਨ ਸਿੰਘ ਸੀ। ਇੱਥੇ ਹੋਰ ਵੀ ਕਈ ਹਿੰਦੁਸਤਾਨੀ ਖਾਣਾ ਖਾਣ ਆਇਆ ਕਰਦੇ ਸਨ। ਗੱਲਾਂ ਗੱਲਾਂ ਵਿਚ ਊਧਮ ਸਿੰਘ ਨੇ ਉਨ੍ਹਾਂ ਨੂੰ ਦਸਿਆ ਸੀ ਕਿ ਉਹ ਡੈਵਿਨ ਦੇ ਇਲਾਕੇ ਬਰਲਸਟੋਨ ਵਿਚ ਡਰਾਈਵਰੀ ਤੇ ਕਲੀਨਰੀ ਦਾ ਸਾਂਝਾ ਕੰਮ ਕਰ ਰਿਹਾ ਸੀ ਤੇ ਉਹ ਸਰ ਮਾਈਕਲ ਓ ਡਵਾਇਰ ਨੂੰ ਜਾਣਨਾ ਲੋਚਦਾ ਸੀ। ਇੱਥੇ ਵੀ ਉਹ ਕਈ ਵਾਰ ਕਿਸੇ ਮਹਾਨ ਕਾਰਨਾਮੇ ਦਾ ਜ਼ਿਕਰ ਕਰਿਆ ਕਰਦਾ ਸੀ ਤੇ ਕਹਿੰਦਾ ਸੀ ਕਿ ਉਹ ਵੀ ਆਪਣੀ ਜ਼ਿੰਦਗੀ ਭਗਤ ਸਿੰਘ ਵਾਂਗ ਫਾਂਸੀ ਤੇ ਲਟਕ ਕੇ ਹੀ ਖ਼ਤਮ ਕਰਨ ਦੀ ਰੀਝ ਰਖਦਾ ਹੈ। ਖਾਣਾ ਖਾਣ ਆਏ ਬਹੁਤੇ ਭਾਰਤੀ ਉਸ ਨੂੰ 'ਕਾਗਜ਼ੀ ਸ਼ੇਰ' ਦੀ ਸੰਗਿਆ ਦੇ ਕੇ ਉਸ ਦੀਆਂ ਗੱਲਾਂ ਨੂੰ ਮਜ਼ਾਕ ਵਿਚ ਟਾਲ ਦਿਆ ਕਰਦੇ ਸਨ। ਉਹ ਇਤਨਾਂ ਜ਼ਰੂਰ ਜਾਣਦੇ ਸਨ ਕਿ ਰਾਮ ਮੁਹੰਮਦ ਸਿੰਘ ਆਜ਼ਾਦ ਅੰਗਰੇਜ਼ੀ ਬਹੁਤ ਸੋਹਣੀ ਬੋਲਦਾ ਹੈ, ਕਪੜੇ ਚੁਸਤ ਪਹਿਣਦਾ ਹੈ ਅਤੇ ਮੋਟਰ ਸਾਈਕਲ ਤੇ ਕਾਰ ਬਹੁਤ ਤੇਜ਼ ਚਲਾਂਦਾ ਹੈ। ਉਸ ਨੂੰ ਭਿਆਣਕ ਖ਼ਤਰਿਆਂ ਨਾਲ ਖੇਡਣ ਦਾ ਸ਼ੋਕ ਸੀ ਤੇ ਉਹ ਛੋਟੀ ਮੋਟੀ ਜਾਂ ਗੰਭੀਰ ਦੁਰਘਟਨਾ ਹੋ ਜਾਣ ਦੀ ਸੂਰਤ ਵਿਚ ਵੀ ਪ੍ਰਸੰਨ ਚਿੱਤ ਤੇ ਚੜ੍ਹਦੀ ਕਲਾ ਵਿਚ ਵੇਖਿਆ ਜਾ ਸਕਦਾ ਸੀ। ਮਾਰਚ 1940 ਦੇ ਦੌਰਾਨ ਜਦੋਂ ਉਸਦੇ ਕੁਝ

Digitized by Panjab Digital Library | www.panjabdigilib.org

ਮਿੱਤਰਾਂ ਨੇ ਉਸ ਨੂੰ 'ਕਾਗਜ਼ੀ ਸ਼ੇਰ' ਕਹਿ ਕੇ ਟਕੋਰਿਆ ਤਾਂ ਉਸ ਨੇ ਬੜੀ ਗੰਭੀਰਤਾ ਨਾਲ ਇਹ ਵਾਕ ਕਹੇ ਸਨ 'ਇਕ ਦਿਨ ਤੁਸੀਂ ਇਹ ਸੁਣ ਕੇ ਹੈਰਾਨ ਹੋ ਜਾਉਗੇ ਕਿ ਜੇਹੜੇ ਸੁਪਨੇ ਲੈ ਕੇ ਮੈਂ ਇਥੇ ਆਇਆ ਸਾਂ, ਉਹ ਕਿਵੇਂ ਤੱਿਖੇ ਯਥਾਰਥ ਵਿਚ ਬਦਲ ਗਏ ਹਨ'। ਉਸ ਨੇ ਪੰਜਾਬ ਰੈਸਟੋਰੈਂਟ ਦੇ ਮਾਲਕ ਨੂੰ ਵੀ ਕਹਿ ਦਿੱਤਾ ਸੀ ਕਿ ਉਹ ਇਹੀ ਸਮਝੇ ਕਿ ਉਹ ਕਦੇ ਉਸ ਨੂੰ ਮਿਲਿਆ ਹੀ ਨਹੀਂ ਸੀ ਤੇ ਨਾ ਹੀ ਉਹ ਉਸ ਨੂੰ ਜਾਣਦਾ ਸੀ। ਊਧਮ ਸਿੰਘ ਸੰਸਾਰਕ ਤੋਰ ਤੇ ਸਭ ਨਾਲੋਂ ਟੁੱਟ ਜਾਣਾ ਚਾਹੁੰਦਾ ਸੀ।

13 ਮਾਰਚ 1940 ਨੂੰ ਉਹ ਆਪਣੇ ਪਾਸਪੋਰਟ ਦੇ ਸਿਲਸਿਲੇ ਵਿਚ ਇੰਡੀਆ ਆਫ਼ਿਸ ਗਿਆ ਜਿੱਥੇ ਉਸ ਨੇ ਇਕ ਇਸ਼ਤਿਹਾਰ ਲਗਾ ਹੋਇਆ ਵੇਖਿਆ। ਇਸ ਤੇ ਲਿਖਿਆ ਸੀ ਕਿ ਅਜ ਸ਼ਾਮ 4-30 ਵਜੇ ਈਸਟ ਇੰਡੀਆ ਐਸੋਸੀਏਸ਼ਨ ਅਤੇ ਰਾਇਲ ਸੈਂਟਰਲ ਏਸ਼ੀਅਨ ਸੁਸਾਇਟੀ ਵਲੋਂ ਰਲ ਕੇ ਕੈਕਸਟਨ ਹਾਲ ਵਿਖੇ ਇਕ ਮੀਟਿੰਗ ਦਾ ਆਯੋਜਨ ਕੀਤਾ ਗਿਆ ਹੈ। ਇੱਥੇ ਸਰ ਪਰਸੀ ਸਾਈਕਸ ਨੇ ਅਫਗਾਨਿਸਤਾਨ ਤੇ ਮਸਲੇ ਤੇ ਬੋਲਣਾ ਸੀ ਅਤੇ ਲਾਰਡ ਜ਼ੈਟਲੈਂਡ, ਸਰ ਮਾਈਕਲ-ਓ-ਡਵਾਇਰ, ਸਰ ਲੂਈਸਡੇਨ ਅਤੇ ਲਾਰਡ ਲੈਮਿੰਗਟਨ ਨੇ ਵੀ ਹਾਜ਼ਰ ਹੋਣਾ ਸੀ। ਇਹ ਸਾਰੇ ਗੋਰੀ ਸਰਕਾਰ ਵਲੋਂ ਭਾਰਤ ਵਿਚ ਵਖੋ ਵਖਰੇ ਅਹੁਦਿਆਂ ਤੇ ਰਹਿ ਚੁਕੇ ਸਨ। ਇਸ ਮੀਟਿੰਗ ਦਾ ਮੁੱਖ ਮਹਿਮਾਨ ਸਰ ਮਾਈਕਲ-ਓ-ਡਵਾਇਰ ਸੀ ਜਿਸਨੇ 21 ਵਰ੍ਹੇ ਪਹਿਲਾਂ ਜਨਰਲ ਡਾਇਰ ਨੂੰ ਜਲ੍ਹਿਆਂ ਵਾਲਾ ਬਾਗ਼ ਵਿਚ ਨਿਹੱਥੇ ਭਾਰਤੀਆਂ ਤੇ ਗੋਲੀ ਚਲਾਉਣ ਦਾ ਹੁਕਮ ਦਿੱਤਾ ਸੀ। ਉਹ 1913 ਤੋਂ 1919 ਤਕ ਪੰਜਾਬ ਦਾ ਲੈਫ਼ਟੀਨੈਂਟ ਗਵਰਨਰ ਰਹਿ ਚੁਕਾ ਸੀ। ਉਸਦੀ ਗਵਰਨਰੀ ਦੇ ਅਹਿਦ ਵਿਚ ਹੀ ਸ੍ਰ: ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ ਅਤੇ ਗ਼ਦਰ ਲਹਿਰ ਦੇ ਹੋਰ ਸੂਰਬੀਰਾਂ ਨੂੰ ਫ਼ਾਂਸੀ, ਉਮਰ ਕੈਦ, ਕਾਲੇ ਪਾਣੀ ਅਤੇ ਜਾਇਦਾਦ ਜ਼ਬਤੀ ਦੀਆਂ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ ਸਨ। ਮੀਟਿੰਗ ਦੀ ਪ੍ਰਧਾਨਗੀ ਲਾਰਡ ਜ਼ੈਟਲੈਂਡ ਨੇ ਕਰਨੀ ਸੀ ਜੋ 1917 ਤੋਂ 1922 ਤਕ ਬੰਗਾਲ ਦਾ ਗਵਰਨਰ ਰਹਿ ਚੁਕਾ ਸੀ ਅਤੇ 1935 ਤੋਂ ਸੈਕਟਰੀ ਆਫ਼ ਸਟੇਟ ਫ਼ਾਰ ਇੰਡੀਆ (ਵਜ਼ੀਰੇ ਹਿੰਦ) ਚਲਿਆ ਆ ਰਿਹਾ ਸੀ।

ਇਸ਼ਤਿਹਾਰ ਪੜ੍ਹਦਿਆਂ ਹੀ ਊਧਮ ਸਿੰਘ ਦਾ ਚੇਹਰਾ ਖਿਲ੍ਹ ਉਠਿਆ। ਉਸ ਨੂੰ ਪਾਸਪੋਰਟ ਅਤੇ ਹੋਰ ਕਾਗਜ਼ੀ ਕਾਰਵਾਈਆਂ ਦਾ ਕੰਮ ਭੁੱਲ ਗਿਆ। ਉਹ 21 ਸਾਲ ਤੋਂ ਜਿਸ ਘੜੀ ਦੀ ਇੰਤਜ਼ਾਰ ਵਿਚ ਸੀ, ਅਜ ਉਹ ਆ ਪਹੁੰਚੀ ਸੀ। ਉਹ ਕਾਹਲੇ ਕਾਹਲੇ ਘਰ ਪਰਤਿਆ। ਉਸ ਨੇ ਦੋਸਤਾਂ-ਮਿੱਤਰਾਂ ਤੇ ਜਾਣ-ਪਛਾਣ ਦੇ ਲੋਕਾਂ ਨੂੰ ਦੁਪਹਿਰ ਦੇ ਉਚੇਚੇ ਖਾਣੇ ਤੇ ਘਰ ਸਦਿਆ। ਅਜ ਉਹ ਉਨ੍ਹਾਂ ਨੂੰ ਨਿਰੋਲ ਪੰਜਾਬੀ ਖਾਣਾ ਖੁਆਕੇ ਪ੍ਰਸੰਨ ਕਰ ਦੇਣਾ ਚਾਹੁੰਦਾ ਸੀ। ਜਿਤਨੀ ਦੇਰ ਖਾਣਾ ਚਲਦਾ ਰਿਹਾ ਊਧਮ ਸਿੰਘ ਉਨ੍ਹਾਂ ਨਾਲ ਰਜ ਕੇ ਮਜ਼ਾਕ ਕਰਦਾ ਰਿਹਾ ਤੇ ਚਾਂਈਂ ਚਾਈਂ ਉਨ੍ਹਾਂ ਨੂੰ ਲਜ਼ੀਜ਼ ਖਾਣੇ ਖੁਆਂਦਾ ਰਿਹਾ। ਰੋਟੀ ਦੇ ਮਗਰੋਂ ਉਸ ਨੇ ਆਏ ਦੋਸਤਾਂ ਨੂੰ ਲਡੂ ਤੇ ਮਿਸ਼ਰੀ ਭੇਂਟ ਕੀਤੀ। ਜਦੋਂ ਉਨ੍ਹਾਂ ਪੁਛਿਆ ਕਿ ਇਹ ਕਿਸ ਖੁਸ਼ੀ ਵਿਚ ਮੂੰਹ ਮਿੱਠਾ ਕਰਾਇਆ ਜਾ ਰਿਹਾ ਹੈ? ਤਾਂ ਊਧਮ ਸਿੰਘ ਨੇ ਪਲ ਭਰ ਲਈ ਬੜੀ ਸੰਜੀਦਗੀ ਨਾਲ ਕਿਹਾ, 'ਇਸ ਦਾ ਪਤਾ ਤੁਹਾਨੂੰ ਕਲ੍ਹ ਲਗ ਜਾਵੇਗਾ।' ਉਦੋਂ ਤਕ ਉਸ ਦੇ ਦੋਸਤਾਂ ਨੂੰ ਕੈਕਸਟਨ ਹਾਲ ਵਿਚ ਹੋਣ ਵਾਲੀ ਮੀਟਿੰਗ ਬਾਰੇ ਕੁਝ ਵੀ ਪਤਾ ਨਹੀਂ ਸੀ।

ਖਾਣਾ ਖਾ ਕੇ ਵਾਪਸ ਪਰਤਦੇ ਦੋਸਤਾਂ ਨੂੰ ਉਸਨੇ ਅਲਵਿਦਾ ਕਹੀ ਤੇ ਆਪਣੇ ਆਪ

Digitized by Panjab Digital Library | www.panjabdigilib.org

ਨੂੰ ਸ਼ਾਮ ਵਾਲੀ ਮੀਟਿੰਗ ਲਈ ਤਿਅਰ ਕਰਨ ਲਗ ਪਿਆ। ਉਸ ਨੇ ਧਾਰੀਦਾਰ ਨੀਲੇ ਰੰਗ ਦਾ ਸੂਟ ਪਾਇਆ ਤੇ ਲਾਲ ਟਾਈ ਬੰਨ੍ਹੀ। ਪਸਤੌਲ ਨੂੰ ਚੈਕ ਕੀਤਾ ਜਿਸ ਵਿਚ ਛੇ ਗੋਲੀਆਂ ਸਨ। ਇਹ ਪਸਤੌਲ ਉਸਨੇ ਕੁਝ ਵਰ੍ਹੇ ਪਹਿਲਾਂ ਇਕ ਰਿਟਾਇਰਡ ਫ਼ੌਜੀ ਕੋਲੋਂ ਪੱਬ ਵਿਚ ਬੈਠਿਆਂ ਖ਼ਰੀਦੀ ਸੀ। ਇਸ ਪਸਤੌਲ ਨਾਲ ਉਹ ਕਈ ਵਰ੍ਹਿਆਂ ਤਕ ਨਿਸ਼ਾਨਾ ਸਾਧਨ ਦੀ ਪ੍ਰੈਕਟਿਸ ਕਰਦਾ ਰਿਹਾ ਸੀ ਅਤੇ ਅਚੂਕ ਨਿਸ਼ਾਨੇਬਾਜ਼ ਬਣ ਚੁਕਾ ਸੀ। ਪਸਤੌਲ ਦੇ ਨਾਲ ਨਾਲ ਉਸਨੇ ਇਕ ਤੇਜ਼ਧਾਰ ਚਾਕੂ ਤੇ ਕੁਝ ਅਣਵਰਤੇ ਕਾਰਤੂਸ ਜੇਬ ਵਿਚ ਪਾਏ ਤੇ ਕੈਕਸਟਨ ਹਾਲ ਲਈ ਘਰੋਂ ਨਿਕਲ ਪਿਆ। ਚਲਣ ਤੋਂ ਪਹਿਲਾਂ ਉਸ ਨੇ ਅਰਦਾਸ ਕੀਤੀ, 'ਹੇ ਅਕਾਲ ਪੁਰਖ ਮੈਂ ਆਪਣੀ ਕਿਸਮਤ ਨਾਲ ਮਿੱਥੀ ਘੜੀ ਨੂੰ ਮਿਲਣ ਜਾ ਰਿਹਾ ਹਾਂ, ਮੈਨੂੰ ਸਫ਼ਲਤਾ ਬਖਸ਼ਣੀ।'

ਮੀਟਿੰਗ ਲਈ ਆ ਰਹੇ ਸਰੋਤੇ, ਪਤਵੰਤੇ ਵਿਅਕਤੀਆਂ ਨੂੰ ਸੁਣਨ ਲਈ ਕੈਕਸਟਨ ਹਾਲ ਦੇ ਟਿਊਡਰ ਰੂਮ ਵਿਚ ਦਾਖ਼ਲ ਹੋ ਰਹੇ ਸਨ। ਉਸੇ ਭੀੜ ਵਿਚ ਊਧਮ ਸਿੰਘ ਵੀ ਅੰਦਰ ਲੰਘ ਗਿਆ। ਸਾਰਾ ਹਾਲ ਸਰੋਤਿਆਂ ਨਾਲ ਖਚਾ ਖਚ ਭਰਿਆ ਪਿਆ ਸੀ। ਊਧਮ ਸਿੰਘ ਬੜੇ ਹੌਸਲੇ ਨਾਲ ਲੋਕਾਂ ਨੂੰ ਸੱਜੇ ਖੱਬੇ ਕਰਦਾ ਅਗਲੀ ਕਤਾਰ ਦੇ ਨੇੜੇ ਪਹੁੰਚ ਗਿਆ। ਉਸ ਨੂੰ ਬੈਠਣ ਦੀ ਥਾਂ ਨਾ ਮਿੱਲਣ ਕਰਕੇ ਉਹ ਦੀਵਾਰ ਦੇ ਨਾਲ ਲਗ ਕੇ ਖੜਾ ਹੋ ਗਿਆ। ਉਸਦੇ ਚੇਹਰੇ ਤੇ ਰਤਾ ਜਿਤਨੀ ਵੀ ਘਬਰਾਹਟ ਜਾਂ ਡਰ ਨਹੀਂ ਸੀ। ਉਹ ਜਾਣਦਾ ਸੀ ਕਿ ਉਹ ਕੀ ਕਰਨ ਜਾ ਰਿਹਾ ਸੀ ਪਰ ਤਾਂ ਵੀ ਉਸ ਦੇ ਦਿੱਲ ਦੀ ਧੜਕਣ ਆਮ ਇਨਸਾਨ ਦੀ ਸਾਧਾਰਨ ਧੜਕਣ ਤੋਂ ਵੱਧ ਨਹੀਂ ਸੀ। ਉਸਦੇ ਚੇਹਰੇ ਤੇ ਇਕ ਦੈਵੀ ਪ੍ਰਸੰਨਤਾ ਸੀ ਜਿਸਦਾ ਰਾਜ਼ ਕੇਵਲ ਊਧਮ ਸਿੰਘ ਤੇ ਊਧਮ ਸਿੰਘ ਹੀ ਜਾਣਦਾ ਸੀ। ਉਸ ਤੋਂ ਕੁਝ ਫੁੱਟ ਦੀ ਦੂਰੀ ਤੇ ਉਸਦੇ ਸ਼ਿਕਾਰ ਮਾਈਕਲ ਓ ਡਵਾਇਰ ਤੇ ਜ਼ੈਟਲੈਂਡ ਬੈਠੇ ਸਨ। ਜਨਰਲ ਡਾਇਰ ਤਾਂ ਕਈ ਸਾਲ ਪਹਿਲਾਂ ਹੀ ਅਧਰੰਗ ਦੀ ਬੀਮਾਰੀ ਨਾਲ ਇਸ ਸੰਸਾਰ ਤੋਂ ਕੂਚ ਕਰ ਚੁਕਾ ਸੀ।

ਸਭ ਤੋਂ ਪਹਿਲਾਂ ਬ੍ਰਿਗੇਡੀਅਰ ਜਨਰਲ ਸਰ ਪਰਸੀ ਲੈਮਿੰਗਟਨ ਅਤੇ ਸਰ ਮਾਈਕਲ-ਓ-ਡਵਾਇਰ ਨੇ ਮੀਟਿੰਗ ਨੂੰ ਸੰਬੋਧਨ ਕੀਤਾ। ਮਾਈਕਲ-ਓ-ਡਵਾਇਰ ਨੇ ਭਾਸ਼ਨ ਖ਼ਤਮ ਕੀਤਾ ਹੀ ਸੀ ਕਿ ਊਧਮ ਸਿੰਘ ਬੜੀ ਫੁਰਤੀ ਨਾਲ ਅਗੇ ਵਧਿਆ ਤੇ ਉਸ ਨੇ ਪਲਾਂ ਛਿਨਾਂ ਵਿਚ ਹੀ ਦੋ ਗੋਲੀਆਂ ਮਾਈਕਲ-ਓ-ਡਵਾਇਰ ਦੀ ਛਾਤੀ ਵਿਚ ਦਾਗ਼ ਦਿੱਤੀਆਂ। ਮਾਈਕਲ-ਓ-ਡਵਾਇਰ ਲਹੂ ਲੁਹਾਨ ਹੋ ਕੇ ਸਟੇਜ ਦੇ ਡਿਗਦਾ ਨਜ਼ਰ ਆਇਆ। ਊਧਮ ਸਿੰਘ ਨੇ ਬਾਕੀ ਦੀਆਂ ਚਾਰ ਗੋਲੀਆਂ ਵੀ ਚਲਾ ਦਿੱਤੀਆਂ ਜਿਸ ਚੋਂ ਦੋ ਗੋਲੀਆਂ ਜ਼ੈਟਲੈਂਡ ਨੂੰ ਲਗੀਆਂ, ਪਰ ਉਹ ਬਚ ਗਿਆ। ਇਕ ਗੋਲੀ ਲੂਈ ਡੇਨ ਅਤੇ ਇਕ ਲਾਰਡ ਲੈਮਿੰਗਟਨ ਨੂੰ ਲਗੀ। ਉਹ ਦੋਵੇਂ ਜ਼ਖ਼ਮੀ ਹੋ ਗਏ। ਸਰ ਪਰਸੀ ਸਾਈਕਸ ਗੋਲੀਆਂ ਚਲਣ ਦੀ ਦਹਿਸ਼ਤ ਨਾਲ ਹੀ ਸਟੇਜ ਤੋਂ ਥੱਲੇ ਆ ਡਿੱਗਾ। ਈਸਟ ਇੰਡੀਆ ਐਸੋਸੀਏਸ਼ਨ ਦਾ ਸੈਕਟਰੀ ਸਰ ਫ਼੍ਰੈਂਕ ਬਰਾਊਨ ਵਾਲ ਵਾਲ ਬਚ ਗਿਆ ਸੀ।

ਸਾਰੇ ਹਾਲ ਵਿਚ ਭਗਦੜ ਮੱਚ ਗਈ। ਲੋਕ ਆਪਣੀ ਜਾਣ ਬਚਾਉਣ ਲਈ ਬਾਹਰ ਨਿਕਲਣ ਦਾ ਰਸਤਾ ਲਭਣ ਲਗੇ। ਊਧਮ ਸਿੰਘ ਗੋਲੀਆਂ ਚਲਾ ਕੇ ਇਕ ਪਾਸੇ ਖੜਾ ਹੋ ਗਿਆ। ਉਸ ਦੇ ਜੀਵਨ ਦਾ ਮਿਸ਼ਨ ਪੂਰਾ ਹੋ ਗਿਆ ਸੀ। ਜਲ੍ਹਿਆਂ ਵਾਲੇ ਬਾਗ਼ ਦਾ ਕਾਤਲ ਉਸ ਦੀਆਂ ਅੱਖਾਂ ਦੇ ਸਾਹਮਣੇ ਸਟੇਜ ਤੇ ਡਿੱਗਾ ਪਿਆ ਸੀ।

Digitized by Panjab Digital Library | www.panjabdigilib.org

ਸਰ ਮਾਈਕਲ-ਓ-ਡਵਾਇਰ ਨੂੰ ਮਾਰ ਦੇਣ ਮਗਰੋਂ ਜੇ ਊਧਮ ਸਿੰਘ ਚਾਹੁੰਦਾ ਤਾਂ ਉਹ ਭੱਜ ਸਕਦਾ ਸੀ। ਪਰ ਉਸ ਨੇ ਉੱਥੋਂ ਭਜਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਅਤੇ ਨਾ ਹੀ ਅਣ-ਵਰਤੇ ਕਾਰਤੂਸਾਂ ਨੂੰ ਫਿਰ ਪਸਤੌਲ ਵਿਚ ਭਰ ਕੇ ਹੋਰ ਲੋਕਾਂ ਦਾ ਖੂਨ ਡੋਲ੍ਹਣ ਦਾ ਹੀ ਜਤਨ ਕੀਤਾ। ਜਿਹੜੀ ਭਾਜੀ ਉਹ ਇੰਗਲੈਂਡ ਵਾਲਿਆਂ ਨੂੰ ਮੋੜਣ ਆਇਆ ਸੀ ਉਹ ਉਸ ਨੇ ਮੋੜ ਦਿੱਤੀ ਸੀ। ਹੁਣ ਉਸ ਨੂੰ ਕਿਸੇ ਗੱਲ ਦਾ ਡਰ ਜਾਂ ਤੌਖ਼ਲਾ ਨਹੀਂ ਸੀ।

ਨੱਸੇ ਜਾਂਦੇ ਲੋਕਾਂ ਦੇ ਚੇਹਰਿਆਂ ਤੇ ਮੌਤ ਵਰਗਾ ਡਰ ਸੀ। ਆਏ ਸਰੋਤਿਆਂ ਵਿਚੋਂ ਮਿਸ ਹੈਰਿੰਗ ਜੋ ਕਿ ਵਿਸ਼ਵ ਜੰਗ ਵਿਚ ਐਂਬੂਲੈਂਸ ਦੀ ਗੱਡੀ ਚਲਾਂਦੀ ਰਹੀ ਸੀ, ਹੌਸਲਾ ਕਰ ਕੇ ਚਿਲਾਈ 'ਪਕੜੋ, ਹਤਿਆਰੇ ਨੂੰ। ਕਿਤੇ ਉਹ ਨੱਸ ਨਾ ਜਾਏ'। ਕਲਾਡ ਰਿਚਿਜ਼ ਅਤੇ ਕਪਤਾਨ ਬਿਕਸਟੈਡ ਨੇ ਜਦੋਂ ਵੇਖਿਆ ਕਿ 'ਹਤਿਆਰਾ' ਨਾ ਤਾਂ ਨਸਣ ਦੀ ਕੋਸ਼ਿਸ਼ ਕਰ ਰਿਹਾ ਹੈ ਅਤੇ ਨਾ ਹੀ ਪਸਤੌਲ ਭਰਨ ਦਾ ਵਿਚਾਰ ਰਖਦਾ ਹੈ, ਉਹ ਆਪਣੀਆਂ ਸੀਟਾਂ ਤੋਂ ਲਪਕੇ ਤੇ ਕੁਝ ਹੋਰ ਬੰਦਿਆਂ ਦੀ ਸਹਾਇਤਾ ਨਾਲ ਉਨ੍ਹਾਂ ਊਧਮ ਸਿੰਘ ਨੂੰ ਦਬੋਚ ਲਿਆ। ਉਨ੍ਹਾਂ ਨੇ ਉਸ ਦੇ ਹੱਥ ਚੋਂ ਪਸਤੌਲ ਖੋਹ ਲਈ। ਉਸਦੀ ਤਲਾਸ਼ੀ ਲਈ ਗਈ। ਊਧਮ ਸਿੰਘ ਦੀ ਜੈਕਿਟ ਵਿਚੋਂ ਇਕ ਲੋਹੇ ਦੀ ਡੱਬੀ ਨਿਕਲੀ ਜਿਸ ਵਿਚ 17 ਕਾਰਤੂਸ ਸਨ। ਉਸ ਦੀ ਪੈਂਟ ਦੇ ਜੇਬਾਂ ਵਿਚੋਂ ਇਕ ਤੇਜ਼ ਧਾਰ ਚਾਕੂ ਤੇ 8 ਕਾਰਤੂਸ ਹੋਰ ਬਰਾਮਦ ਹੋਏ। ਲਗਦਾ ਹੈ ਉਹ ਆਪਣੇ ਨਿਸ਼ਾਨੇ ਦੀ ਸਫ਼ਲਤਾ ਲਈ ਪੂਰੀ ਤਰ੍ਹਾਂ ਤਿਆਰ ਹੋ ਕੇ ਗਿਆ ਸੀ। ਮਗਰੋਂ ਜਾ ਕੇ ਕਚਹਿਰੀ ਵਿਚ ਬਿਆਨ ਦਿੰਦਿਆਂ ਪਸਤੌਲਾਂ ਦੇ ਮਾਹਿਰ ਰੋਬਰਟ ਚਰਚਲ ਨੇ ਦਸਿਆ ਸੀ ਕਿ ਇਸ ਘਟਨਾ ਵਿਚ ਵਧੇਰੇ ਲੋਕਾਂ ਦੀ ਵੀ ਮੌਤ ਹੋ ਸਕਦੀ ਸੀ ਜੇ ਊਧਮ ਸਿੰਘ ਆਪਣੀ ਪਸਤੌਲ ਵਿਚ ਸਹੀ ਕਾਰਤੂਸ ਵਰਤਦਾ। ਜੋ ਕਾਰਤੂਸ ਉਸ ਨੇ ਵਰਤੇ ਸਨ ਉਹ .44 ਸਮਿਥ ਐਂਡ ਵੈਸਨ ਪਸਤੌਲ ਲਈ ਸਨ ਜਦ ਕਿ ਉਸ ਕੋਲ .45 ਦੀ ਪਸਤੌਲ ਸੀ। ਪਰ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਉਸਦਾ ਨਿਸ਼ਾਨਾ ਅਚੂਕ ਸੀ। ਬੇਸ਼ਕ ਉਸ ਨੇ 6 ਕਾਰਤੂਸ ਹੀ ਚਲਾਏ ਸਨ ਪਰ ਉਨ੍ਹਾਂ ਵਿਚੋਂ ਇਕ ਵੀ ਕਾਰਤੂਸ ਖ਼ਾਲੀ ਨਹੀਂ ਸੀ ਗਿਆ। ਊਧਮ ਸਿੰਘ ਨੂੰ ਅਫ਼ਸੋਸ ਸੀ ਕਿ ਜ਼ੈਟਲੈਂਡ ਕਿਉਂ ਨਹੀਂ ਸੀ ਮਰਿਆ। ਉਸ ਨੇ ਡਿਟੈਕਟਿਵ ਸਾਰਜੈਂਟ ਸਿਡਨੀ ਜੋਨਜ਼ ਨੂੰ ਤਫਤੀਸ਼ ਦੇ ਦੌਰਾਨ ਪੁਛਿਆ ਸੀ, 'Is Lord Zetland dead? He ought to be. I sent two bullets through him, right there. 'ਉਸ ਨੂੰ ਵੀ ਜ਼ਰੂਰ ਮਰਨਾ ਚਾਹੀਦਾ ਸੀ। ਮੈਂ ਦੋ ਗੋਲੀਆਂ ਉਸ ਨੂੰ ਵੀ ਦਾਗ਼ੀਆਂ ਸਨ'। ਡਾਕਟਰ ਅਰਨਲਡ ਹਾਰਬਰ ਦੀ ਰਿਪੋਰਟ ਅਨੁਸਾਰ ਸਰ ਮਾਈਕਲ-ਓ-ਡਵਾਇਰ ਛਾਤੀ ਦੇ ਸੱਜੇ ਪਾਸੇ ਦੋ ਗੋਲੀਆਂ ਲਗਣ ਨਾਲ ਮਰਿਆ ਸੀ।

ਇਸ ਘਟਨਾ ਦੇ ਤੁਰੰਤ ਬਾਦ ਟਿਊਡਰ ਰੂਮ ਦੇ ਸਾਰੇ ਦਰਵਾਜ਼ੇ ਬੰਦ ਕਰ ਦਿੱਤੇ ਗਏ। ਊਧਮ ਸਿੰਘ ਨੂੰ ਪੁੱਛ ਪੜਤਾਲ ਲਈ ਉੱਥੇ ਹੀ ਬਿਠਾ ਲਿਆ ਗਿਆ। ਉਸ ਦੇ ਕੋਲ ਹੀ ਕੈਕਸਟਨ ਹਾਲ ਤੇ ਤੈਨਾਤ ਡਿਊਟੀ ਅਫ਼ਸਰ ਰਾਬਰਟ ਵਿਲੀਅਮ ਸਟੀਵਨਜ਼ ਬੈਠਾ ਸੀ। ਉਹ ਮੈਟਰੋਪੋਲੀਟਨ ਸਪੈਸ਼ਲ ਕੰਸਟੈਬੁਲਰੀ ਦਾ ਇਨਸਪੈਕਟਰ ਸੀ। ਹਾਜ਼ਰ ਲੋਕਾਂ ਚੋਂ 180 ਬੰਦਿਆਂ ਨੂੰ ਕੈਕਸਟਨ ਹਾਲ ਦੇ ਹੋਰ ਕਮਰਿਆਂ ਵਿਚ ਪੁੱਛ ਪੜਤਾਲ ਤੇ ਅਖੀਂ ਵੇਖੇ ਹਾਲਾਤ ਸੰਬੰਧੀ ਬਿਆਨ ਦੇਣ ਲਈ ਲਿਜਾਇਆ ਗਿਆ। ਇਹ ਕਾਰਵਾਈ ਤਿੰਨ ਘੰਟੇ ਤਕ ਚਲਦੀ ਰਹੀ। ਸਰ ਮਾਈਕਲ ਦੇ ਕਿਸੇ ਮਿੱਤਰ ਨੇ ਇਸ ਘਟਨਾ ਦੀ ਸੂਚਨਾ ਦੇਣ ਲਈ ਉਸ ਦੇ ਘਰ ਟੈਲੀਫੂਨ ਕੀਤਾ ਪਰ

Digitized by Panjab Digital Library | www.panjabdigilib.org

ਸਰ ਮਾਈਕਲ ਦੀ ਪਤਨੀ ਘਰ ਨਹੀਂ ਸੀ। ਸੁਨੇਹਾ ਉਨ੍ਹਾਂ ਦੀ ਨੌਕਰਾਨੀ ਨੇ ਸੁਣਿਆ ਸੀ। ਕੁਝ ਚਿਰ ਮਗਰੋਂ ਸਰ ਮਾਈਕਲ ਦੀ ਪਤਨੀ ਵੀ ਕੈਕਸਟਨ ਹਾਲ ਪਹੁੰਚ ਗਈ। ਸਰ ਮਾਈਕਲ ਘਰੋਂ ਚਲਣ ਲਗਿਆ ਉਸਨੂੰ ਕਹਿ ਕੇ ਗਿਆ ਸੀਂ ਕਿ ਸ਼ਾਮ ਦੀ ਚਾਹ ਉਹ ਘਰ ਆ ਕੇ ਹੀ ਪੀਵੇ ਗਾ।

ਡਿਟੈਕਟਿਵ ਇੰਸਪੈਕਟਰ, ਰਿਚਰਡ ਡੇਟਨ ਨੇ ਕੈਕਸਟਨ ਹਾਲ ਪਹੁੰਚਦਿਆਂ ਹੀ ਪੁੱਛ ਪੜਤਾਲ ਦੇ ਕੰਮ ਨੂੰ ਆਪਣੇ ਹੱਥ ਵਿਚ ਲੈ ਲਿਆ। ਸ੍ਰ: ਊਧਮ ਸਿੰਘ ਨੇ ਜੋ ਕੁਝ ਕੀਤਾ ਸੀ, ਉਸ ਲਈ ਉਸ ਨੂੰ ਕੋਈ ਪਛਤਾਵਾ ਨਹੀਂ ਸੀ ਤੇ ਨਾ ਹੀ ਉਹ ਆਪਣੇ ਬਿਆਨ ਦੇਣ ਸਮੇਂ ਘਬਰਾ ਰਿਹਾ ਸੀ। ਜਦੋਂ ਰਿਚਰਡ ਡੇਟਨ ਨੇ ਊਧਮ ਸਿੰਘ ਨੂੰ ਕਿਹਾ ਕਿ ਜਿਤਨੀ ਦੇਰ ਤਫਤੀਸ਼ ਪੂਰੀ ਨਹੀਂ ਹੋ ਜਾਂਦੀ ਉਸਨੂੰ ਹਵਾਲਾਤ ਵਿਚ ਰਖਿਆ ਜਾਵੇਗਾ, ਤਾਂ ਊਧਮ ਸਿੰਘ ਨੇ ਜਵਾਬ ਦਿੱਤਾ, 'ਹੁਣ ਇਸਦਾ ਕੀ ਫਾਇਦਾ, ਖੇਲ੍ਹ ਖਤਮ ਹੈ' ਤੇ ਉਸ ਨੇ 12 ਫੁੱਟ-ਦੂਰ ਪਈ ਸਰ ਮਾਈਕਲ ਓ ਡਵਾਇਰ ਦੀ ਲਾਸ਼ ਵਲ ਇਸ਼ਾਰਾ ਕਰਕੇ ਕਿਹਾ, 'ਅਸਲੀ ਜੜ੍ਹ ਤਾਂ ਉਹ ਸੀ'। ਊਧਮ ਸਿੰਘ ਨੂੰ ਇਸ ਗੱਲ ਦੀ ਤਸੱਲੀ ਸੀ ਕਿ ਉਸਦਾ ਸ਼ਿਕਾਰ ਉਸਦੇ ਸਾਹਮਣੇ ਚਾਰੇ ਖਾਨੇ ਚਿੱਤ ਪਿਆ ਸੀ।

ਊਧਮ ਸਿੰਘ ਕੋਲੋ ਉਸਦਾ ਨਾਮ ਪੁਛਿਆ ਗਿਆ। ਉਸ ਨੇ ਆਪਣਾ ਨਾਮ ਰਾਮ ਮੁਹੰਮਦ ਸਿੰਘ ਆਜ਼ਾਦ ਦਸਿਆ। ਡਿਟੈਕਟਿਵ ਇੰਸਪੈਕਟਰ ਡੇਟਨ ਉਸ ਨੂੰ ਹਾਲ ਚੋਂ ਕੱਢ ਕੇ ਨਾਲ ਦੇ ਇਕ ਛੋਟੇ ਕਮਰੇ ਵਿਚ ਲੈ ਗਿਆ। ਉਸ ਨੇ ਊਧਮ ਸਿੰਘ ਦੇ ਸਾਹਮਣੇ ਮੇਜ਼ ਤੇ ਚਲੇ ਹੋਏ ਕਾਰਤੂਸਾਂ ਦੇ ਚਾਰ ਖੋਖੇ ਰਖ ਦਿੱਤੇ। ਊਧਮ ਸਿੰਘ ਨੇ ਬੜੀ ਫੁਰਤੀ ਨਾਲ ਕਿਹਾ 'ਨਹੀਂ ਨਹੀਂ ਚਾਰ ਨਹੀਂ, ਸਾਰੇ ਹੀ, ਪੂਰੇ ਛੇ' ਤੇ ਉਹ ਆਪਣੇ ਦੋਹਾਂ ਹੱਥਾਂ ਦੀਆਂ ਛੇ ਉਂਗਲਾਂ ਉੱਚੀਆਂ ਕਰਕੇ ਡੇਟਨ ਵਲ ਵੇਖਣ ਲਗ ਪਿਆ। ਡਿਟੈਕਟਿਵ ਸਾਰਜੈਂਟ ਸਿਡਨੀ ਜੋਨਜ਼ ਜੋ ਆਪਣੀ ਨੋਟ ਬੁਕ ਖੋਲ੍ਹੀ ਕੋਲ ਹੀ ਬੈਠਾ ਸੀ, ਉਸ ਨੇ ਪੁਛਿਆ, 'ਤੂੰ ਅਜੇਹਾ ਕਿਉਂ ਕੀਤਾ ਹੈ? ਊਧਮ ਸਿੰਘ ਨੇ ਜੁਆਬ ਦਿੱਤਾ, 'ਮੈਨੂੰ ਉਸ ਵਿਰੁੱਧ ਰੋਸ ਸੀ। ਉਸ ਨੂੰ ਇਹ ਸਜ਼ਾ ਮਿਲਣੀ ਹੀ ਚਾਹੀਦੀ ਸੀ। ਜੇ ਮੈਂ ਅਜੇਹਾ ਨਾ ਕਰਦਾ ਤਾਂ ਮੈਂ ਆਪਣੇ ਫਰਜ਼ ਤੋਂ ਕੋਤਾਹੀ ਕਰਨ ਦਾ ਦੋਸ਼ੀ ਹੁੰਦਾ।' ਹੋਰ ਸੁਆਲਾਂ ਦੇ ਉੱਤਰ ਵਿਚ ਉਸ ਨੇ ਕਿਹਾ, "ਜੈਟਲੈਂਡ ਨੂੰ ਵੀ ਮਰਨਾ ਚਾਹੀਦਾ ਸੀ। ਮੈਂ ਇਨ੍ਹਾਂ ਦੋਸ਼ੀਆਂ ਨੂੰ ਖ਼ਤਮ ਕਰਨ ਲਈ ਇਹ ਪਸਤੌਲ ਬਰਨਮਾਊਥ ਦੇ ਇਕ ਬੰਦੇ ਕੋਲੋਂ ਖਰੀਦੀ ਸੀ। ਤੁਸੀਂ ਕਹਿੰਦੇ ਹੋ ਇਕ ਮਰਿਆ ਹੈ। ਮੈਨੂੰ ਅਫਸੋਸ ਹੈ, ਮੈਂ ਤਾਂ ਸੋਚਿਆ ਸੀ ਮੈਂ ਕਈਆਂ ਨੂੰ ਇਕੋ ਸਾਹੇ ਢਾਹ ਲਵਾਂਗਾ। ਸ਼ਾਇਦ ਮੈਂ ਗੋਲੀਆਂ ਚਲਾਣ ਵਿਚ ਕੁਝ ਪਛੜ ਗਿਆ ਹਾਂ'। ਸਾਰਜੈਂਟ ਜੋਨਜ਼ ਨੂੰ ਇਹ ਬਿਆਨ ਨੋਟ ਕਰਨ ਵਿਚ ਬੜੀ ਕਠਿਨਾਈ ਹੋ ਰਹੀ ਸੀ, ਕਿਉਂਕਿ ਊਧਮ ਸਿੰਘ ਬੜੀ ਕਾਹਲੀ ਕਾਹਲੀ ਤੇ ਬੜੇ ਬੇਬਾਕ ਜਜ਼ਬੇ ਨਾਲ ਬੋਲੀ ਜਾ ਰਿਹਾ ਸੀ। ਇਸ ਪੁੱਛ ਪੜਤਾਲ ਦੇ ਦਰਮਿਆਨ ਹੀ ਉਸ ਨੇ ਦਸਿਆ ਸੀ ਕਿ ਇੰਗਲੈਂਡ ਪਹੁੰਚਣ ਲਈ ਕਿਵੇਂ ਉਸ ਨੇ ਕੁਝ ਜ਼ਮੀਨ ਤੇ ਜਾਇਦਾਦ 200 ਪੌਂਡ ਵਿਚ ਵੇਚੀ ਸੀ। ਉਸ ਨੇ ਇਕ ਅਮਰੀਕਨ ਔਰਤ ਨਾਲ ਸ਼ਾਦੀ ਵੀ ਕੀਤੀ ਸੀ, ਪਰ ਉਸ ਦੀ ਬੀਵੀ ਕਈ ਸਾਲ ਹੋਏ ਮਰ ਚੁਕੀ ਸੀ।

ਊਧਮ ਸਿੰਘ ਬੋਲੀ ਜਾ ਰਿਹਾ ਸੀ ਤੇ ਪੁੱਛ ਪੜਤਾਲ ਕਰਨ ਵਾਲੇ ਅਧਿਕਾਰੀ ਉਸ ਦੇ ਬਿਆਨ ਸੁਣ ਸੁਣ ਕੇ ਹੈਰਾਨ ਹੋ ਰਹੇ ਸਨ। ਉਸ ਨੇ ਅਧਿਕਾਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ, 'ਮੈਨੂੰ ਕਿਸੇ ਕੌਮ ਜਾਂ ਮੁਲਕ ਨਾਲ ਨਫ਼ਰਤ ਨਹੀਂ। ਇਹ ਇਕ ਸ਼ਖ਼ਸ ਦੇ ਵਿਯਕਤੀਗਤ

Digitized by Panjab Digital Library | www.panjabdigilib.org

ਅਮਲਾਂ ਦਾ ਫਲ ਹੈ ਜੋ ਉਸ ਨੂੰ ਚਖਣਾ ਪਿਆ ਹੈ। ਉਸ ਨੇ ਸਪਸ਼ਟ ਸ਼ਬਦਾਂ ਵਿਚ ਕਿਹਾ, 'ਮੈਨੂੰ ਮਰਨ ਦੀ ਪ੍ਰਵਾਹ ਨਹੀਂ। ਬੁੱਢੀ ਉਮਰ ਨੂੰ ਉਡੀਕੀ ਜਾਣ ਦਾ ਵੀ ਕੀ ਫਾਇਦਾ? ਬੰਦੇ ਨੂੰ ਜਵਾਨੀ 'ਚ ਹੀ ਮਰਨਾ ਚਾਹੀਦਾ ਹੈ ਤੇ ਮੈਂ ਇਹੀ ਕਰ ਰਿਹਾ ਹਾਂ। ਮੈਂ ਆਪਣੇ ਦੇਸ਼ ਤੇ ਉਸਦੀ ਆਬਰੂ ਬਚਾਣ ਲਈ ਮਰ ਰਿਹਾ ਹਾਂ। ਮੈਨੂੰ ਇਸ ਗੱਲ ਦਾ ਰਤਾ ਜਿਨਾਂ ਵੀ ਮਲਾਲ ਨਹੀਂ।'

ਕੈਕਸਟਨ ਹਾਲ ਤੇ ਕੈਨਨ ਰੋ ਪੁਲਿਸ ਸਟੇਸ਼ਨ ਵਿਚ ਕੀਤੀ ਗਈ ਪੁੱਛ ਪੜਤਾਲ ਦੌਰਾਨ ਸਰਕਾਰੀ ਤੌਰ ਤੇ ਇਹ ਹਦਾਇਤ ਕੀਤੀ ਗਈ ਸੀ ਕਿ ਇਸ ਖਬਰ ਨੂੰ ਸੁਰਖੀਆਂ ਲਾ ਕੇ ਨਾ ਛਾਪਿਆ ਜਾਵੇ ਤੇ ਨਾ ਹੀ ਇਸ ਘਟਨਾ ਨੂੰ ਉਚੇਚੀ ਪਬਲਿਸਿਟੀ ਦਿੱਤੀ ਜਾਵੇ। ਕਾਰਨ ਇਹ ਸੀ ਕਿ ਇੰਗਲੈਂਡ ਦੂਜੇ ਵਿਸ਼ਵ ਜੰਗ ਵਿਚ ਉਲਝਿਆ ਹੋਇਆ ਸੀ ਤੇ ਭਾਰਤੀ ਨੌਜਵਾਨ (ਊਧਮ ਸਿੰਘ) ਦੇ ਇਸ ਕਾਰਨਾਮੇ ਨਾਲ ਹਿੰਦੁਸਤਾਨ ਵਿਚ ਚਲ ਰਹੇ ਸੁਤੰਤਰਤਾ ਸੰਗਰਾਮ ਨੂੰ ਹੋਰ ਬਲ ਮਿਲ ਸਕਦਾ ਸੀ। ਪਰ ਤਾਂ ਵੀ ਪੱਤਰਕਾਰਾਂ ਨੇ ਇਸ ਖ਼ਬਰ ਨੂੰ ਬਹੁਤ ਮਹੱਤਤਾ ਦਿੱਤੀ ਤੇ ਅਗਲੇ ਦਿਨ ਸਾਰਾ ਇੰਗਲੈਂਡ ਇਸ ਘਟਨਾ ਬਾਰੇ ਪੜ੍ਹ ਕੇ ਹੈਰਾਨ ਅਤੇ ਅਚੰਭਿਤ ਰਹਿ ਗਿਆ। ਲੋਕ ਹੈਰਾਨ ਸਨ ਕਿ ਕੀ ਕੋਈ ਵਿਅਕਤੀ ਆਪਣੇ ਨਿਸ਼ਾਨੇ ਦੀ ਪੂਰਤੀ ਲਈ 21 ਸਾਲ ਵੀ ਉਡੀਕ ਕਰ ਸਕਦਾ ਹੈ? ਪਰ ਇਹ ਸੱਚ ਸੀ ਤੇ ਊਧਮ ਸਿੰਘ ਨੇ ਇਹੀ ਕੁੱਝ ਕਰ ਕੇ ਵਿਖਾ ਦਿੱਤਾ ਸੀ।

ਸਰ ਮਾਈਕਲ ਓ ਡਵਾਇਰ ਦੀ ਮੌਤ ਦੀ ਖ਼ਬਰ ਮਿਲਦਿਆਂ ਹੀ ਲੰਡਨ ਅਤੇ ਲਾਹੌਰ ਵਿਚ ਸਰਕਾਰੀ ਇਮਾਰਤਾਂ ਤੇ ਝੰਡੇ ਝੁਕਾ ਦਿੱਤੇ ਗਏ। ਹਾਊਸ ਆਫ਼ ਕਾਮਨਜ਼ ਵਿਚ ਪ੍ਰਧਾਨ ਮੰਤਰੀ ਲਾਰਡ ਚੈਂਬਰਲੇਨ ਨੇ ਬਿਆਨ ਦਿੱਤਾ ਕਿ ਕਿਸੇ ਊਧਮ ਸਿੰਘ ਨਾਮੀ ਇਕ ਭਾਰਤੀ ਨੂੰ ਇਸ ਜੁਰਮ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਸਰ ਮਾਈਕਲ ਓ ਡਵਾਇਰ ਦੇ ਪ੍ਰਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਤੇ ਜ਼ਖਮੀ ਹੋਏ ਵਿਅਕਤੀਆਂ ਨੂੰ ਆਪਣੀਆਂ ਸ਼ੁਭਕਾਮਨਾਵਾਂ ਭੇਜੀਆਂ। ਅਰਲ ਸਟੇਨਹੋਪ ਨੇ ਇਸੇ ਆਸ਼ੇ ਦਾ ਬਿਆਨ ਹਾਊਸ ਆਫ਼ ਲਾਰਡਜ਼ ਵਿਚ ਦਿੱਤਾ। ਲੇਡੀ-ਓ-ਡਵਾਇਰ ਦੇ ਘਰ ਹਮਦਰਦੀ ਪ੍ਰਗਟ ਕਰਨ ਵਾਲਿਆਂ ਦਾ ਤੇ ਸ਼ੋਕ ਤਾਰਾਂ ਦਾ ਤਾਂਤਾ ਜਿਹਾ ਲਗ ਗਿਆ। ਬਹੁਤ ਸਾਰੀਆਂ ਤਾਰਾਂ ਭਾਰਤ ਵਿਚੋਂ ਓ ਡਵਾਇਰ ਦੇ ਭਾਰਤੀ ਪ੍ਰਸੰਸਕਾਂ ਦੀਆਂ ਸਨ ਜੋ ਹਮੇਸ਼ਾ ਹਮੇਸ਼ਾ ਲਈ ਅੰਗਰੇਜ਼ੀ ਸਰਕਾਰ ਦੇ ਵਫ਼ਾਦਾਰ ਤੇ ਖ਼ੈਰ ਖਾਹ ਬਣੇ ਰਹਿਣਾ ਚਾਹੁੰਦੇ ਸਨ।

ਮਹਾਤਮਾ ਗਾਂਧੀ ਨੇ ਇਸ ਕਾਰੇ ਨੂੰ ਪਾਗ਼ਲਪਨ ਦਾ ਨਾਮ ਦਿੱਤਾ। ਰਾਮ ਗੜ੍ਹ ਵਿਚ ਚਲ ਰਹੇ ਇੰਡੀਆਨ ਨੈਸ਼ਨਲ ਕਾਂਗਰਸ ਦੇ ਅਜਲਾਸ ਵਿਚ ਬੋਲਦਿਆਂ ਉਨ੍ਹਾਂ ਕਿਹਾ ਕਿ 'ਸਰ ਮਾਈਕਲ ਓ-ਡਵਾਇਰ ਦੀ ਮੌਤ, ਲਾਰਡ ਜੈਟਲੈਂਡ, ਲਾਰਡ ਲੈਮਿੰਗਟਨ ਅਤੇ ਸਰ ਲੂਈ ਡੇਨ ਦੇ ਜ਼ਖ਼ਮੀ ਹੋਣ ਨਾਲ ਮੈਨੂੰ ਡੂੰਘਾ ਦੁੱਖ ਹੋਇਆ ਹੈ। ਮੈਂ ਮਿਰਤਕ ਦੇ ਪ੍ਰਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ (ਜ਼ਖ਼ਮੀ ਹੋਇਆਂ ਦੇ) ਜ਼ਖ਼ਮ ਛੇਤੀ ਠੀਕ ਹੋ ਜਾਣਗੇ। ਮੈਂ ਇਸ ਕਾਰਨਾਮੇ ਨੂੰ ਪਾਗ਼ਲਪਨ ਸਮਝਦਾ ਹਾਂ'। ਭਾਰਤ ਦੇ ਹਾਈ ਕਮਿਸ਼ਨਰ ਫਿਰੋਜ਼ ਖਾਂ ਨੂੰਨ ਨੇ ਕਿਹਾ ਕਿ ਜਦੋਂ ਦੇਸ਼ ਦਾ ਕੋਈ ਗੁਮਰਾਹ ਬੱਚਾ ਇਹੋ ਜਿਹਾ ਕੰਮ ਕਰਦਾ ਹੈ ਤਾਂ ਦੇਸ਼ ਦਾ ਸਿਰ ਸ਼ਰਮ ਤੇ ਅਪਮਾਣ ਨਾਲ ਝੁੱਕ ਜਾਂਦਾ ਹੈ। 14 ਮਾਰਚ ਨੂੰ ਪੰਜਾਬ ਅਸੰਬਲੀ ਵਿਚ ਇਕ ਮਤਾ ਪੇਸ਼ ਕਰਦਿਆਂ ਪੰਜਾਬ ਦੇ ਵਜ਼ੀਰੇ-ਆਜ਼ਮ ਸਰ ਸਕੰਦਰ ਹਯਾਤ ਖਾਂ ਨੇ ਕਿਹਾ, ਕਿ

Digitized by Panjab Digital Library | www.panjabdigilib.org

ਇਕ ਮਤਾ ਪੇਸ਼ ਕਰਦਿਆਂ ਪੰਜਾਬ ਦੇ ਵਜ਼ੀਰੇ-ਆਜ਼ਮ ਸਰ ਸਕੰਦਰ ਹਯਾਤ ਖਾਂ ਨੇ ਕਿਹਾ, ਕਿ 'ਇਹੋ ਜਹੇ ਹਿੰਸਾ ਦੇ ਕਾਰਨਾਮੇ ਹਿੰਦੁਸਤਾਨ ਦੇ ਨਾਮ ਉਤੇ ਧੱਬਾ ਹਨ, ਅਤੇ ਦੇਸ਼ ਦੀਆਂ ਰਵਾਇਤਾਂ ਦੇ ਖਿਲਾਫ਼ ਹਨ'। ਇੰਡੀਆ ਹਾਊਸ ਲੰਡਨ ਵਿਚ 200 ਭਾਰਤੀ ਪ੍ਰਵਾਸੀ ਇਕਠੇ ਹੋਏ। ਜਿਥੇ ਉਨ੍ਹਾਂ ਨੇ ਇਕ ਸ਼ੋਕ ਮਤੇ ਰਾਹੀਂ ਇਸ ਘਟਨਾ ਪ੍ਰਤੀ ਦੁੱਖ ਪ੍ਰਗਟ ਕੀਤਾ ਉਥੇ ਊਧਮ ਸਿੰਘ ਦੇ 'ਕਾਰਨਾਮੇ' ਦੀ ਸਖ਼ਤ ਸ਼ਬਦਾਂ ਵਿਚ ਨਖੇਦੀ ਵੀ ਕੀਤੀ ਤੇ ਉਸ ਨੂੰ ਦਮਾਗੀ ਤੌਰ ਤੇ ਅਸੰਤੁਲਿਤ ਦਸਿਆ। ਦੇਸੀ ਰਿਆਸਤਾਂ ਦੇ ਰਾਜੇ ਅਤੇ ਮਹਾਰਾਜਿਆਂ ਨੇ ਵੀ ਸ੍ਰ: ਊਧਮ ਸਿੰਘ ਦੇ ਕਾਰਨਾਮੇ ਨੂੰ ਕਮੀਨੀ ਅਤੇ ਘਿਣੋਣੀ ਕਾਰਵਾਈ ਕਹਿ ਕੇ ਇਸ ਨੂੰ ਨਿੰਦਿਆ ਅਤੇ ਅੰਗਰੇਜ਼ੀ ਰਾਜ ਦੀ ਸਲਾਮਤੀ ਲਈ ਵੱਧ ਚੜ੍ਹ ਕੇ ਬਿਆਨ ਦਿੱਤੇ। ਇਕ ਪਾਸੇ ਇਹ ਬੇਜ਼ਮੀਰੇ ਲੋਕ ਸਨ ਅਤੇ ਦੂਜੇ ਪਾਸੇ ਉਹ ਸ਼ੇਰ ਦਿਲ ਜਵਾਨ (ਊਧਮ ਸਿੰਘ) ਸੀ ਜਿਸ ਨੇ ਗੁਲਾਮ ਦੇਸ਼ ਦੇ ਕਰੋੜਾਂ ਲੋਕਾਂ ਦੀ ਆਵਾਜ਼ ਦੀ ਤਰਜਮਾਨੀ ਕੀਤੀ ਸੀ। ਭਾਰਤ ਵਿਚ ਕੇਵਲ ਟ੍ਰਿਬਿਊਨ ਹੀ ਇਕ ਅਜੇਹਾ ਅਖ਼ਬਾਰ ਸੀ ਜਿਸ ਨੇ ਸ੍ਰ: ਊਧਮ ਸਿੰਘ ਦੇ ਰਵੀਂਯੇ ਅਤੇ ਕਾਰਨਾਮੇ ਨੂੰ ਸੂਰਮਿਆਂ ਵਾਲਾ ਕੰਮ ਕਹਿ ਕੇ ਪ੍ਰਕਾਸ਼ਤ ਕੀਤਾ ਸੀ। (ਦੀ ਟ੍ਰਿਬਿਊਨ, ਲਾਹੌਰ, 14 ਮਾਰਚ, 1940)। ਜਰਮਨੀ ਦੀਆਂ ਅਖ਼ਬਾਰਾਂ ਨੇ ਊਧਮ ਸਿੰਘ ਨੂੰ ਆਜ਼ਾਦੀ ਦਾ ਘੁਲਾਟੀਆ ਤੇ ਦੱਬੇ ਘੁੱਟੇ ਅਤੇ ਲਿਤਾੜੇ ਹੋਏ ਭਾਰਤ ਵਾਸੀਆਂ ਦਾ ਮਸੀਹਾ ਕਰਕੇ ਲਿਖਿਆ ਸੀ। ਜਰਮਨੀ ਰੇਡੀਓ ਨੇ ਆਪਣੇ ਪ੍ਰਸਾਰਨ ਵਿਚ ਕਿਹਾ ਸੀ, 'The cry of tormented people spoke with shots'.

ਅਗਲੀ ਭਲਕ ਉਸ ਨੂੰ ਬੋ-ਸਟਰੀਟ ਵਿਚ ਮੈਜਿਸਟ੍ਰੇਟ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਉਸ ਦੇ ਖਿਲਾਫ਼ ਕਤਲ ਦਾ ਮੁਕੱਦਮਾ ਦਰਜ ਹੋਇਆ। ਰਿਪੋਰਟ ਵਿਚ ਉਸ ਦੀ ਉਮਰ 37 ਸਾਲ ਤੇ ਉਸ ਨੂੰ ਉੱਤਰੀ ਲੰਡਨ ਦੇ ਮੋਰਨਿੰਗਟਮ ਟੈਰੇਸ ਦਾ ਪੁਰਾਨਾ ਇੰਜੀਨੀਅਰ ਦਸਿਆ ਗਿਆ ਸੀ। ਇਸ ਮਗਰੋਂ ਉਸ ਨੂੰ ਇਕ ਹਫ਼ਤੇ ਲਈ ਕਾਨੂੰਨੀ ਹਿਰਾਸਤ ਵਿਚ ਰਖਣ ਦਾ ਆਦੇ ਸ਼ ਦਿੱਤਾ ਗਿਆ।

ਅਗਲੀ ਪੇਸ਼ੀ ਤਕ ਉਸ ਬਾਰੇ ਕਾਫ਼ੀ ਜਾਣਕਾਰੀ ਪ੍ਰਾਪਤ ਕੀਤੀ ਜਾ ਚੁਕੀ ਸੀ। ਉਸ ਦੀਆਂ ਭਾਰਤ ਅਤੇ ਅਮਰੀਕਾ ਵਿਚ ਗਤੀਵਿਧੀਆਂ ਬਾਰੇ ਵੀ ਪਤਾ ਲਾ ਲਿਆ ਗਿਆ ਸੀ। ਮੁਕੱਦਮੇ ਦੌਰਾਨ ਇਹ ਗੱਲ ਵੀ ਸਪਸ਼ਟ ਹੋ ਚੁਕੀ ਸੀ ਕਿ ਉਹ 1933 ਤੋਂ ਲੰਡਨ ਵਿਚ ਊਧਮ ਸਿੰਘ, ਉਰਫ ਉਦੈ ਸਿੰਘ, ਉਰਫ ਸ਼ੇਰ ਸਿੰਘ, ਉਰਫ ਫ੍ਰੈਂਕ ਬ੍ਰਾਜ਼ਿਲ, ਉਰਫ ਰਾਮ ਮੁਹੰਮਦ ਸਿੰਘ ਆਜ਼ਾਦ ਨਾਵਾਂ ਹੇਠ ਰਹਿ ਰਿਹਾ ਸੀ। ਉਸ ਨੂੰ 1939 ਵਿਚ ਸਾਊਥ ਹੈਮਪਟਨ ਦੇ ਇਲਾਕੇ ਵਿਚ ਕਈ ਵਾਰ ਵੇਖਿਆ ਗਿਆ ਸੀ। ਉਸ ਨੇ ਲੰਡਨ ਵਿਚ ਇਕ ਵੀ ਪੱਕਾ ਟਿਕਾਣਾ ਨਹੀਂ ਸੀ ਬਣਾਇਆ ਅਤੇ ਉਹ ਅਕਸਰ ਆਪਣੀ ਰਿਹਾਇਸ਼ ਦਾ ਪਤਾ ਬਦਲਦਾ ਰਿਹਾ ਸੀ। ਉਹ ਲੰਡਨ ਵਿਚ ਜਿਨ੍ਹਾਂ ਭਾਰਤੀਆਂ ਨੂੰ ਮਿਲਿਆ ਸੀ ਉਨ੍ਹਾਂ ਵਿਚੋਂ ਬਹੁਤੇ ਉਸ ਨੂੰ ਗੰਭੀਰ, ਨਿਡਰ ਅਤੇ ਕਈ ਉਸ ਨੂੰ ਦਮਾਗੀ ਤੌਰ ਤੇ ਕੁਝ ਸਨਕੀ ਜਹੇ ਵਿਯਕਤੀ ਦੇ ਤੌਰ ਤੇ ਜਾਣਦੇ ਸਨ।

ਸੱਤ ਦਿਨਾਂ ਦੇ ਰਿਮਾਂਡ ਮਗਰੋਂ ਉਸ ਨੂੰ ਬ੍ਰਿਕਸਟਨ ਜੇਲ੍ਹ ਵਿਚ ਭੇਜ ਦਿੱਤਾ ਗਿਆ। ਊਧਮ ਸਿੰਘ ਉਪਰ ਕਤਲ ਦਾ ਮੁਕੱਦਮਾ ਸੈਂਟਰਲ ਕ੍ਰਿਮੀਨਲ ਕੋਰਟ ਵਿਚ ਚਲਾਇਆ ਗਿਆ।

ਫ਼ਾਂਸੀ ਲਗਣ ਤੋਂ ਪਹਿਲਾਂ ਊਧਮ ਸਿੰਘ ਨੇ ਬਰਿਕਸਟਨ ਜੇਲ੍ਹ ਚੋਂ ਕੁਝ ਚਿੱਠੀਆਂ ਸ੍ਰ: ਸ਼ਿਵ ਸਿੰਘ ਜੌਹਲ ਨੂੰ ਲਿਖੀਆਂ ਜੋ ਕਿ ਪੱਛਮੀ ਲੰਡਨ ਵਿਚ ਸਥਿਤ ਸਿਨਕਲੇਅਰ ਰੋਡ ਗੁਰਦੁਆਰੇ

Digitized by Panjab Digital Library | www.panjabdigilib.org

ਦਾ ਸਕੱਤਰ ਸੀ। ਇਨ੍ਹਾਂ ਚਿੱਠੀਆਂ ਨੂੰ 1974 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤਾ ਸੀ। ਸ਼ਿਵ ਸਿੰਘ ਜੌਹਲ ਨੂੰ ਲਿਖੀਆਂ ਚਿੱਠੀਆਂ ਚੋਂ ਊਧਮ ਸਿੰਘ ਦੀ ਜੇਲ੍ਹ ਦੇ ਦੌਰਾਨ ਮਾਨਸਿਕ ਸਥਿਤੀ ਤੇ ਉਸ ਦੇ ਚਰਿੱਤਰ ਦੇ ਹੋਰ ਕਈ ਪੱਖਾਂ ਬਾਰੇ ਬੜੀ ਮਹੱਤਵ ਪੂਰਨ ਜਾਣਕਾਰੀ ਪ੍ਰਾਪਤ ਹੋਈ ਹੈ।

15 ਮਾਰਚ 1940 ਦੀ ਚਿੱਠੀ ਵਿਚ ਉਸ ਨੇ ਜੌਹਲ ਪਾਸੋਂ ਕੁਝ ਇਤਿਹਾਸ ਦੀਆਂ ਪ੍ਰਸਤਕਾਂ ਅਤੇ ਹਿੰਦੁਸਤਾਨੀ ਅਖ਼ਬਾਰਾਂ ਭੇਜਣ ਦੀ ਮੰਗ ਕੀਤੀ ਸੀ। 20 ਮਾਰਚ ਨੂੰ ਉਸ ਨੇ ਕਿਤਾਬਾਂ ਮਿਲਣ ਦਾ ਧੰਨਵਾਦ ਕੀਤਾ ਸੀ ਪਰ ਨਾਲ ਹੀ ਸ਼ਿਵ ਸਿੰਘ ਨੂੰ ਉਸ ਨੇ ਇਸ਼ਾਰਾ ਕੀਤਾ ਸੀ ਕਿ ਜੇ ਉਹ ਚਾਹਵੇ ਤਾਂ ਉਸ ਨੂੰ ਜੇਲ੍ਹ ਵਿਚ ਆ ਕੇ ਮਿਲ ਸਕਦਾ ਸੀ। ਇਸੇ ਚਿੱਠੀ ਦੀ ਪਿੱਛ-ਲਿਖਤ ਵਿਚ ਉਸ ਨੇ 'ਕੁਰਾਨ ਸ਼ਰੀਫ' ਭੇਜਣ ਦਾ ਵੀ ਜ਼ਿਕਰ ਕੀਤਾ ਹੈ। ਸ਼ਾਇਦ ਇਸਦਾ ਅੰਤ੍ਰੀਵ ਭਾਵ ਜੇਲ੍ਹ ਵਿਚ ਪਸਤੌਲ ਭੇਜਣ ਤੋਂ ਸੀ। ਲਗਦਾ ਹੈ ਊਧਮ ਸਿੰਘ ਨੂੰ ਜੌਹਲ ਤੋਂ ਕਾਫੀ ਨਿਰਾਸਤਾ ਹੋਈ ਹੋਵੇਗੀ। ਕਿਉਂਕਿ 30 ਮਾਰਚ ਦੀ ਚਿੱਠੀ ਵਿਚ ਉਸ ਨੇ ਸ਼ਿਵ ਸਿੰਘ ਨੂੰ ਮਿਸਟਰ 'ਜੌਹਲ' ਦੀ ਥਾਂ ਮਿਸਟਰ 'ਜਾਹਲ' (ਮੂਰਖ) ਕਰ ਕੇ ਲਿਖਿਆ ਸੀ ਜੋ ਉਸਦੀਆਂ ਚਿੱਠੀਆਂ ਦੇ ਡੂੰਘੇ ਭਾਵ ਸਮਝਣ ਦੇ ਯੋਗ ਸਾਬਤ ਨਹੀਂ ਸੀ ਹੋਇਆ। ਇਸੇ ਚਿੱਠੀ ਵਿਚ ਉਹ ਲਿਖਦਾ ਹੈ ਕਿ 'ਜੇਲ੍ਹ ਵਿਚ ਮੈਂ ਸ਼ਾਹੀ ਖਾਨਦਾਨ ਦਾ ਮਹਿਮਾਨ ਹਾਂ। ਜਿਸ ਦਿਨ ਦਾ ਮੈਂ ਇੱਥੇ ਆਇਆ ਹਾਂ ਮੇਰਾ ਵਜ਼ਨ ਪੰਜ ਪੌਂਡ ਵੱਧ ਗਿਆ ਹੈ। ਮੈਨੂੰ ਮੌਤ ਦਾ ਡਰ ਨਹੀਂ, ਕਿਉਂਕਿ ਜਲਦੀ ਹੀ ਮੌਤ ਲਾੜੀ (ਫ਼ਾਂਸੀ) ਨਾਲ ਮੇਰਾ ਵਿਆਹ ਹੋਣ ਵਾਲਾ ਹੈ। ਕੁਝ ਵਰ੍ਹੇ ਪਹਿਲਾਂ ਮੇਰਾ ਦੋਸਤ (ਭਗਤ ਸਿੰਘ) ਮੈਨੂੰ ਛੱਡ ਕੇ ਚਲਾ ਗਿਆ ਸੀ। ਮੌਤ ਤੋਂ ਬਾਦ ਅਸੀਂ ਇਕ ਦੂਜੇ ਨੂੰ ਫ਼ਿਰ ਮਿਲਾਂਗੇ। ਉਹ ਮੈਨੂੰ ਉਡੀਕ ਰਿਹਾ ਹੈ। ਮੈਂ ਤਾਂ ਜੰਮਿਆਂ ਹੀ ਮਰਨ ਲਈ ਹਾਂ ਅਤੇ ਜ਼ਰੂਰ ਮਰਨਾ ਹੈ। ਵੇਖੋ ਇਹ ਮੈਨੂੰ ਮੇਰੀ ਮੌਤ ਦਾ ਪ੍ਰਵਾਨਾ ਕਦੋਂ ਦਿੰਦੇ ਹਨ।'

ਊਧਮ ਸਿੰਘ ਨੂੰ ਜੇਲ੍ਹ ਵਿਚ 1010 ਨੰਬਰ ਦਿੱਤਾ ਗਿਆ ਸੀ। ਬੇਸ਼ਕ ਚਿੱਠੀਆਂ ਦੇ ਅਖ਼ੀਰ ਵਿਚ ਉਹ ਆਪਣਾ ਨਾਮ ਮ.ਸ.ਆਜ਼ਾਦ ਹੀ ਲਿਖਦਾ ਹੈ ਪਰ ਹਰ ਚਿੱਠੀ ਦੇ ਉਪਰ ਸੰਕੇਤ ਵਜੋਂ ਯੂ-ਸਿੰਘ ਦਰਜ ਹੈ। ਜਦੋਂ ਉਸਨੂੰ ਪਤਾ ਲਗਾ ਕਿ ਉਸਦੇ ਕੁਝ ਸਾਥੀ ਉਸਦਾ ਕੇਸ ਲੜਣ ਲਈ ਪੈਸਾ ਇਕੱਠਾ ਕਰ ਰਹੇ ਹਨ ਤਾਂ ਉਸ ਨੇ ਚਿੱਠੀ ਰਾਹੀਂ ਉਨ੍ਹਾਂ ਨੂੰ ਸਾਫ਼ ਮਨ੍ਹਾਂ ਕਰ ਦਿੱਤਾ ਕਿ ਮੇਰੇ ਉਪਰ ਪੈਸਾ ਬਰਬਾਦ ਕਰਨ ਦੀ ਲੋੜ ਨਹੀਂ। ਇਸ ਕੇਸ ਦਾ ਅੰਤਮ ਨਤੀਜਾ ਮੈਂ ਜਾਣਦਾ ਹਾਂ। ਇਹੀ ਪੈਸਾ ਗਰੀਬ ਬਚਿਆਂ ਦੀ ਪੜ੍ਹਾਈ ਜਾਂ ਕਿਸੇ ਹੋਰ ਭਲੇ ਕੰਮ ਲਈ ਖ਼ਰਚ ਕੀਤਾ ਜਾ ਸਕਦਾ ਹੈ। ਊਧਮ ਸਿੰਘ ਲਈ 'ਭਲਾ ਕੰਮ' ਦੇਸ਼ ਦੀ ਆਜ਼ਾਦੀ ਹੀ ਸੀ ਤੇ ਉਹ ਜਾਣਦਾ ਸੀ ਕਿ ਇਸ ਆਜ਼ਾਦੀ ਦੇ ਸੂਰਜ ਨੂੰ ਚੜ੍ਹਦਿਆਂ ਉਹ ਵੇਖ ਨਹੀਂ ਸਕੇਗਾ।

ਕੁਝ ਚਿਰ ਉਸ ਨੂੰ ਜੇਲ੍ਹ ਦੇ ਹਸਪਤਾਲ ਵਿਚ ਵੀ ਰਖਿਆਂ ਗਿਆ। ਅਧਿਕਾਰੀ ਇਸ ਗੱਲ ਦੀ ਤਸੱਲੀ ਕਰ ਲੈਣਾ ਚਾਹੁੰਦੇ ਸਨ ਕਿ ਜੋ ਕੁਝ ਊਧਮ ਸਿੰਘ ਨੇ ਕੀਤਾ ਸੀ ਕਿਤੇ ਉਹ ਪਾਗ਼ਲਪਨ ਦਾ ਦੌਰਾ ਤਾਂ ਨਹੀਂ ਸੀ। ਡਾਕਟਰੀ ਮੁਆਇਨੇ ਅਤੇ ਮਨੋਵਿਗਿਆਨਿਕ ਢੰਗਾਂ ਨਾਲ ਕੀਤੀ ਪੜਤਾਲ ਉਸ ਵਿਚ ਕੋਈ ਵੀ ਅਸਾਧਾਰਨ ਗੱਲ ਲਭਣ ਵਿਚ ਸਫ਼ਲ ਨਾ ਹੋ ਸਕੀ। ਊਧਮ ਸਿੰਘ ਨੇ ਮਾਈਕਲ-ਓ-ਡਵਾਇਰ ਨੂੰ ਮਾਰਨ ਤੋਂ ਮਗਰੋਂ ਜੋ ਕੁਝ ਕਿਹਾ ਸੀ, ਉਹੀ ਕੁਝ ਉਹ

Digitized by Panjab Digital Library | www.panjabdigilib.org

ਅਖ਼ੀਰ ਤਕ ਕਚਹਿਰੀ ਵਿਚ ਕਹਿੰਦਾ ਰਿਹਾ ਸੀ। ਉਸਦੀਆਂ ਚਿੱਠੀਆਂ ਇਸ ਗੱਲ ਦਾ ਪ੍ਰਮਾਣ ਹਨ ਕਿ ਉਹ 21 ਸਾਲ ਬੀਤ ਜਾਣ ਮਗਰੋਂ ਵੀ ਜਲ੍ਹਿਆਂ ਵਾਲਾ ਬਾਗ਼ ਦੀ ਘਟਨਾ ਨਹੀਂ ਸੀ ਭੁਲ ਸਕਿਆ।

ਕੁਝ ਹੀ ਦਿਨਾਂ ਵਿਚ ਜੇਲ੍ਹ ਦੀ ਕੋਠੜੀ ਉਸ ਲਈ ਸਖ਼ਤੀ ਅਤੇ ਮਾੜੇ ਵਤੀਰੇ ਦਾ ਕੈਂਪ ਬਣ ਗਈ। ਉਸ ਨੂੰ ਕਈ ਤਰ੍ਹਾਂ ਨਾਲ ਤੰਗ ਅਤੇ ਪ੍ਰੇਸ਼ਾਨ ਕੀਤਾ ਜਾਣ ਲਗ ਪਿਆ। ਉਸ ਨੇ ਕੁਝ ਧਾਰਮਿਕ ਪੁਸਤਕਾਂ 'ਗ੍ਰੰਥ' ਅਤੇ ਹੀਰ ਵਾਰਸ ਦੀ ਮੰਗ ਕੀਤੀ ਸੀ। ਇਹ ਪੁਸਤਕਾਂ ਉਸ ਤਕ ਕਦੇ ਵੀ ਪਹੁੰਚਣ ਨਾ ਦਿੱਤੀਆਂ ਗਈਆਂ। ਉਸ ਲਈ ਸੌਣ, ਆਰਾਮ ਕਰਨ ਅਤੇ ਨਹਾਣ ਦੀ ਮਨਾਹੀ ਕਰ ਦਿੱਤੀ। ਇਸ ਦੁਰ ਵਿਉਹਾਰ ਦੇ ਰੋਸ ਵਜੋਂ ਊਧਮ ਸਿੰਘ ਨੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। ਉਸ ਦੀ ਹੜਤਾਲ 41 ਦਿਨ ਤਕ ਜਾਰੀ ਰਹੀ। ਜਦੋਂ ਅਧਿਕਾਰੀਆਂ ਨੇ ਵੇਖਿਆ ਕਿ ਊਧਮ ਸਿੰਘ ਬੇਹਦ ਕਮਜ਼ੋਰ ਹੋ ਗਿਆ ਹੈ ਅਤੇ ਉਸਦੀ ਮੋਤ ਵੀ ਹੋ ਸਕਦੀ ਹੈ ਤਾਂ ਉਨ੍ਹਾਂ ਨੇ ਉਸ ਤੇ ਲਗੀਆਂ ਇਹ ਪਾਬੰਦੀਆਂ ਹਟਾ ਲਈਆਂ।

20 ਮਈ 1940 ਨੂੰ ਊਧਮ ਸਿੰਘ ਨੇ ਇਕ ਚਿੱਠੀ ਹੋਰ ਸ੍ਰ: ਸ਼ਿਵ ਸਿੰਘ ਜੌਹਲ ਨੂੰ ਲਿੱਖੀ ਜਿਸ ਵਿਚ ਉਸ ਨੇ ਲਿਖਿਆ ਸੀ, ਕਿ ਕੀ ਤੈਨੂੰ ਮੇਰੇ ਓਲਡ ਬੇਲੀ ਜਾਣ ਤੋਂ ਪਹਿਲਾਂ ਮੈਨੂੰ ਮਿਲਣ ਵੀ ਵੇਹਲ ਮਿਲ ਸਕਦੀ ਹੈ? ਕਿਉਂਕਿ ਮੁਕੱਦਮੇ ਤੋਂ ਬਾਦ ਸ਼ਾਇਦ ਮੈਂ ਤੁਹਾਨੂੰ ਮਿਲ ਨਾ ਸਕਾਂ। ਲਗਦਾ ਹੈ ਕੈਕਸਟਨ ਹਾਲ ਦੀ ਘਟਨਾ ਅਤੇ ਉਸ ਨੂੰ ਫਾਂਸੀ ਲਾਏ ਜਾਣ ਦੇ ਵਿਚਕਾਰ ਕਿਸੇ ਨੂੰ ਵੀ ਊਧਮ ਸਿੰਘ ਨਾਲ ਮੁਲਾਕਾਤ ਕਰਨ ਦਾ ਅਵਸਰ ਨਹੀਂ ਸੀ ਦਿੱਤਾ ਗਿਆ।

ਊਧਮ ਸਿੰਘ ਦੀ ਲੰਮੀ ਭੁੱਖ ਹੜਤਾਲ ਅਤੇ ਸ਼ਰੀਰ ਦੀ ਕਮਜ਼ੋਰੀ ਕਾਰਨ ਮੁਕੱਦਮਾ 4 ਜੂਨ 1940 ਤੋਂ ਪਹਿਲਾਂ ਸ਼ੁਰੂ ਨਾ ਹੋ ਸਕਿਆ। ਜਦੋਂ ਉਸ ਨੂੰ ਓਲਡ ਬੇਲੀ ਦੀ ਕਚਹਿਰੀ ਨੰਬਰ ਇਕ ਵਿਚ ਪੇਸ਼ ਕੀਤਾ ਗਿਆ ਤਾਂ ਊਧਮ ਸਿੰਘ ਕਾਫ਼ੀ ਕਮਜ਼ੋਰ ਅਤੇ ਬੀਮਾਰ ਜਿਹਾ ਦਿਖਾਈ ਦੇ ਰਿਹਾ ਸੀ। ਉਹੀ ਨੀਲਾ ਸੂਟ ਜਿਸ ਵਿਚ ਉਹ ਘਟਨਾ ਵਾਲੇ ਦਿਨ ਬੜਾ ਚੁਸਤ ਅਤੇ ਫੁਰਤੀਲਾ ਨੌਜਵਾਨ ਦਿਖਾਈ ਦੇ ਰਿਹਾ ਸੀ, ਹੁਣ ਉਸਦੇ ਮੋਢਿਆਂ ਤੋਂ ਢਿਲਕਿਆ ਪਿਆ ਸੀ ਤੇ ਇੰਝ ਲਗ ਰਿਹਾ ਸੀ ਜਿਵੇਂ ਉਹ ਆਪਣੇ ਤੋਂ ਕਿਸੇ ਵੱਡੇ ਬੰਦੇ ਦਾ ਸੂਟ ਪਾ ਕੇ ਆਇਆ ਹੈ। ਉਸ ਦੇ ਸਿਰ ਦੇ ਵਾਲ ਝੜ ਚੁਕੇ ਸਨ ਅਤੇ ਉਸ ਨੂੰ ਪਛਾਣਨਾ ਬੜਾ ਔਖਾ ਸੀ। ਊਧਮ ਸਿੰਘ ਦੇ ਮਿੱਤਰਾਂ ਨੇ ਉਸਦੇ ਬਚਾਉ ਪੱਖ ਲਈ ਤਿੰਨ ਨਾਮੀ ਵਕੀਲਾਂ ਨੂੰ ਉਸਦਾ ਕੇਸ ਲੜਨ ਲਈ ਹਾਇਰ ਕੀਤਾ ਹੋਇਆ ਸੀ। ਇਹ ਵਕੀਲ ਸਨ, ਜੌਹਨ ਹਚਿਨਸਨ, ਮਿਸਟਰ ਆਰ.ਈ.ਸੀਐਟਨ ਅਤੇ ਭਾਰਤੀ ਵਕੀਲ ਮਿਸਟਰ ਕ੍ਰਿਸ਼ਨਾ ਮੈਨਨ। ਇਨ੍ਹਾਂ ਵਕੀਲਾਂ ਨੇ ਊਧਮ ਸਿੰਘ ਨੂੰ ਆਪਣੇ ਬਿਆਨ ਬਦਲ ਦੇਣ ਲਈ ਬਹੁਤ ਜ਼ੋਰ ਲਾਇਆ। ਪਰ ਊਧਮ ਸਿੰਘ ਦਾ ਤਾਂ ਇਕੋ ਹੀ ਜੁਆਬ ਸੀ ਕਿ ਉਹ ਸ੍ਰ: ਭਗਤ ਸਿੰਘ ਵਾਂਗ ਫਾਂਸੀ ਦੇ ਤਖ਼ਤੇ ਤੇ ਲਟਕ ਕੇ ਮੌਤ ਨੂੰ ਵਿਆਹੁਣਾ ਚਾਹੁੰਦਾ ਹੈ। ਚੰਗਾ ਹੋਵੇ ਜੇ ਅੰਗਰੇਜ਼ ਉਸ ਨੂੰ 23 ਤਰੀਕ ਨੂੰ ਫਾਂਸੀ ਦੇਣ ਕਿਉਂਕਿ ਭਗਤ ਸਿੰਘ ਵੀ 23 ਤਰੀਕ ਨੂੰ ਹੀ ਫਾਂਸੀ ਤੇ ਲਟਕਾਇਆ ਗਿਆ ਸੀ।

ਮੁਕੱਦਮੇ ਦੇ ਦੌਰਾਨ ਇਕ ਗੱਲ ਜੋ ਬੜੀ ਹੈਰਾਨ ਕਰਨ ਵਾਲੀ ਸਾਹਮਣੇ ਆਈ ਉਹ ਇਹ ਸੀ ਕਿ ਊਧਮ ਸਿੰਘ ਕੁਝ ਸਮੇਂ ਲਈ ਮਾਈਕਲ ਓ-ਡਵਾਇਰ ਦਾ ਡਰਾਈਵਰ ਵੀ ਰਿਹਾ

Digitized by Panjab Digital Library | www.panjabdigilib.org

ਸੀ। ਸ਼ਾਇਦ ਇਹ ਕੁਝ ਊਧਮ ਸਿੰਘ ਨੇ ਜਲ੍ਹਿਆਂ ਵਾਲੇ ਬਾਗ਼ ਦੇ ਅਸਲ ਦੋਸ਼ੀ ਦੀ ਸਹੀ ਪਛਾਣ ਕਰ ਲੈਣ ਲਈ ਕੀਤਾ ਸੀ।

ਜਦੋਂ ਊਧਮ ਸਿੰਘ ਦਾ ਕੇਸ ਜਸਟਿਸ ਐਟਕਿਨਸਨ ਦੀ ਅਦਾਲਤ ਵਿਚ ਸ਼ੁਰੂ ਹੋਇਆ ਤਾਂ ਸਾਰਾ ਕਮਰਾ ਉਨ੍ਹਾਂ ਗਵਾਹਾਂ ਨਾਲ ਭਰਿਆ ਪਿਆ ਸੀ ਜੇਹੜੇ ਘਟਨਾ ਵਾਲੇ ਦਿਨ ਕੈਕਸਟਨ ਹਾਲ ਵਿਚ ਹਾਜ਼ਰ ਸਨ। ਇਨ੍ਹਾਂ ਵਿਚ ਸਰ ਪਰਸੀ ਸਾਈਕਸ (ਮੁੱਖ ਵੱਕਤਾ) ਤੇ ਸਰ ਫ੍ਰੈਂਕ ਬਰਾਊਨ, ਸਕੱਤਰ, ਈਸਟ ਇੰਡੀਆ ਐਸੋਸੀਏਸ਼ਨ ਤੋਂ ਛੁੱਟ ਡਾਕਟਰ, ਪੁਲਿਸ ਅਫ਼ਸਰ, ਡੀਟੈਕਟਿਵਜ਼, ਬੰਦੂਕਾਂ ਦੇ ਮਾਹਿਰ, ਪਤਵੰਤੇ ਮਰਦ ਅਤੇ ਤੀਵੀਆਂ ਗਵਾਹੀ ਦੇਣ ਲਈ ਆਏ ਹੋਏ ਸਨ ਜਿਨ੍ਹਾਂ ਨੇ ਊਧਮ ਸਿੰਘ ਨੂੰ ਸਰ ਮਾਈਕਲ ਉਤੇ ਫਾਇਰ ਕਰਦੇ ਵੇਖਿਆ ਸੀ ਜਾਂ ਘਟਨਾ ਮਗਰੋਂ ਉਸਦੇ ਬਿਆਨ ਅੰਕਿਤ ਕੀਤੇ ਸਨ। ਬਚਾਉ ਪੱਖ ਦੇ ਵਕੀਲਾਂ ਨੇ ਕਈ ਤਰ੍ਹਾਂ ਦੀਆਂ ਦਲੀਲਾਂ ਦੇ ਕੇ 'ਮੁਜਰਮ' ਊਧਮ ਸਿੰਘ ਨੂੰ ਬਚਾਉਣਾ ਚਾਹਿਆ। ਪਰ ਕਚਹਿਰੀ ਵਿਚ ਹਾਜ਼ਰ ਹਰ ਬੰਦਾ ਜਾਣਦਾ ਸੀ ਕਿ ਇਸ ਕੇਸ ਦਾ ਫੈਸਲ ਕੀ ਹੋਵੇਗਾ। 5 ਜੂਨ 1940 ਨੂੰ ਊਧਮ ਸਿੰਘ ਨੂੰ ਦੋਸ਼ੀ ਕਰਾਰ ਦੇ ਕੇ ਉਸ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ ਗਈ। ਜਦੋਂ ਊਧਮ ਸਿੰਘ ਨੂੰ ਇਸ ਸਜ਼ਾ ਦੇ ਵਿਰੁਧ ਅਪੀਲ ਕਰਨ ਲਈ ਕਿਹਾ ਗਿਆ ਤਾਂ ਉਸ ਨੇ ਜੁਆਬ ਦਿੱਤਾ 'ਮੈਂ ਆਪਣਾ ਫਰਜ਼ ਪੂਰਾ ਕੀਤਾ ਹੈ, ਮੈਂ ਰਹਿਮ ਦੀ ਅਪੀਲ ਨਹੀਂ ਕਰਨਾ ਚਾਹੁੰਦਾ। ਮੈਂ ਆਪਣੇ ਦੇਸ਼ ਲਈ ਮਰ ਰਿਹਾ ਹਾਂ'।

ਅੰਗਰੇਜ਼ੀ ਹਕੂਮਤ ਨੇ ਪਹਿਲਾਂ ਹੀ ਇਸ ਗੱਲ ਦਾ ਪੱਕਾ ਪ੍ਰਬੰਧ ਕਰ ਲਿਆ ਸੀ ਕਿ ਊਧਮ ਸਿੰਘ ਦੇ ਕੇਸ ਨੂੰ ਬਹੁਤ ਪਬਲਿਸਿਟੀ ਨਹੀਂ ਦਿੱਤੀ ਜਾਵੇਗੀ। ਮੁਕੱਦਮੇ ਦੀ ਕਾਰਵਾਈ ਨੂੰ ਬਹੁਤ ਹਦ ਤਕ ਗੁਪਤ ਹੀ ਰਖਿਆ ਗਿਆ ਸੀ। ਇਹੀ ਕਾਰਨ ਸੀ ਕਿ ਊਧਮ ਸਿੰਘ ਦੀ ਗ੍ਰਿਫ਼ਤਾਰੀ ਤੋਂ ਬਾਦ ਕਿਸੇ ਵੀ ਭਾਰਤੀ ਨੂੰ ਉਸ ਨੂੰ ਮਿਲਣ ਜਾਂ ਉਸ ਦੇ ਵਿਚਾਰ ਜਾਣਨ ਦੀ ਇਜਾਜ਼ਤ ਨਹੀਂ ਸੀ ਦਿੱਤੀ ਗਈ। ਕਚਹਿਰੀ ਦੇ ਬਰਖਾਸਤ ਹੋਣ ਤੋਂ ਪਹਿਲਾਂ ਮਿਸਟਰ ਮੈਕ ਕਲਿਓਰ, ਡਾਰੈਕਟਰ ਪਬਲਕਿ ਪਰੋਸੀਕਿਊਸ਼ਨਜ਼ ਨੇ ਐਮਰਜੈਂਸੀ ਪਾਵਰਜ਼ ਦੀ ਧਾਰਾ 6, ਡਿਫੈਂਸ ਐਕਟ 1939 ਦੇ ਅੰਤਰਗਤ ਲਿਖਤੀ ਬਿਆਨ ਵਿਚ ਇਸ ਗੱਲ ਦੀ ਮਨਾਹੀ ਕਰ ਦਿੱਤੀ ਸੀ ਕਿ ਕਚਹਿਰੀ ਦੀ ਕਾਰਵਾਈ ਨੂੰ ਆਮ ਜਨਤਾ ਲਈ ਛਾਪਿਆ ਜਾਂ ਪ੍ਰੈਸ ਵਿਚ ਨਹੀਂ ਭੇਜਿਆ ਜਾਵੇਗਾ। ਮਿਸਟਰ ਜਸਟਿਸ ਐਟਕਿਨਸਨ ਨੇ ਇਸ ਬਿਆਨ ਨੂੰ ਮੰਜ਼ੂਰੀ ਦੇ ਕੇ ਕਚਹਿਰੀ ਦੀ ਕਾਰਵਾਈ ਨੂੰ ਸਥਗਿਤ ਕਰ ਦਿੱਤਾ ਸੀ।

ਊਧਮ ਸਿੰਘ ਨੂੰ ਸਜ਼ਾਏ ਮੌਤ ਸੁਣਾ ਦੇਣ ਤੋਂ ਇਕ ਘੰਟਾ ਬਾਦ ਉਸ ਨੂੰ ਪੈਟਨਵੀਲ ਜੇਲ੍ਹ ਭੇਜ ਦਿੱਤਾ ਗਿਆ। ਫਾਂਸੀ ਲਗਣ ਤੋਂ ਪਹਿਲਾਂ ਭਾਰਤੀ ਵਕੀਲ ਕ੍ਰਿਸ਼ਨਾ ਮੈਨਨ ਨੇ ਕਈ ਵਾਰ ਊਧਮ ਸਿੰਘ ਨਾਲ ਮੁਲਾਕਾਤ ਕੀਤੀ ਅਤੇ ਅੰਤ ਤਕ ਉਸ ਨੂੰ ਰਹਿਮ ਦੀ ਅਰਜ਼ੀ ਦੇ ਦੇ ਣ ਲਈ ਪ੍ਰੇਰਦਾ ਰਿਹਾ। ਪਰ ਚਟਾਨ ਵਰਗੇ ਮਜ਼ਬੂਤ ਹੌਸਲੇ ਤੇ ਦ੍ਰਿੜ ਇਰਾਦੇ ਦੇ ਸੁਆਮੀ ਸ੍ਰ: ਊਧਮ ਸਿੰਘ ਨੇ ਹਰ ਵਾਰ ਮੁਸਕਰਾ ਕੇ ਟਾਲ ਦਿੱਤਾ ਤੇ ਕਿਹਾ 'ਮੈਨਨ ਜੀ ਇਸਦੀ ਲੋੜ ਨਹੀਂ'। ਮੈਨੂੰ ਤਾਂ ਹੁਣ ਉਸ ਦਿਨ ਦੀ ਇੰਤਜ਼ਾਰ ਹੈ ਜਦੋ ਮੈਂ ਆਪਣੇ ਯਾਰ (ਗੁਰੂ) ਭਗਤ ਸਿੰਘ ਨੂੰ ਜਾ ਕੇ ਮਿਲਾਂਗਾ ਜਿਹੜਾ ਮੇਰੇ ਤੋਂ 10 ਸਾਲ ਪਹਿਲਾਂ ਨਿਖੜ ਕੇ ਚਲਾ ਗਿਆ ਸੀ'।

ਪੈਟਨਵੀਲ ਜੇਲ੍ਹ ਦੀ ਕਾਲ ਜੋਠੜੀ (ਡੈੱਥ ਸੈਲ) ਚੋਂ ਊਧਮ ਸਿੰਘ ਨੇ ਆਖ਼ਰੀ ਚਿੱਠੀ

Digitized by Panjab Digital Library | www.panjabdigilib.org

7 ਜੂਨ 1940 ਨੂੰ ਸਕੱਤਰ ਸਿੱਖ ਟੈਂਪਲ, 79 ਸਿਨਕਲੇਅਰ ਰੋਡ ਲੰਡਨ ਦੇ ਨਾਮ ਲਿਖੀ ਸੀ ਜਿਸ ਵਿਚ ਉਸ ਨੇ 'ਸਿੱਖ ਪ੍ਰਾਰਥਨਾ ਪੁਸਤਕ' (ਗੁਟਕੇ) ਦੀ ਮੰਗ ਕੀਤੀ ਸੀ ਤਾਂਕਿ ਉਹ ਆਪਣਾ ਆਖ਼ਰੀ ਸਮਾਂ ਉਸ ਬਾਣੀ ਦੇ ਪਾਠ ਅਤੇ ਚਿੰਤਨ ਨਾਲ ਬਿਤਾ ਸਕੇ ਜਿਸ ਨੇ ਉਸ ਨੂੰ ਬਲ ਅਤੇ ਸ਼ਕਤੀ ਪ੍ਰਦਾਨ ਕੀਤੀ ਸੀ ਕਿ ਉਹ ਆਪਣੇ ਕੀਤੇ ਹੋਏ ਪ੍ਰਣ ਨੂੰ ਪੂਰਾ ਕਰ ਸਕਿਆ ਸੀ। ਇਹ ਪ੍ਰਾਰਥਨਾ ਪੁਸਤਕ (ਗੁਟਕਾ) ਉਸ ਤਕ ਕਦੇ ਵੀ ਪਹੁੰਚਣ ਨਹੀਂ ਸੀ ਦਿੱਤਾ ਗਿਆ।

31 ਜੁਲਾਈ 1940 ਨੂੰ ਉਸ ਦੀ ਕੋਠੜੀ ਦਾ ਦਰਵਾਜ਼ਾ ਖੁਲ੍ਹਿਆ। ਜੇਲ੍ਹ ਕਰਮਚਾਰੀਆਂ ਉਸ ਨੂੰ ਦਸਿਆ ਕਿ ਹੁਣੇ ਹੀ ਉਸ ਨੂੰ ਫਾਂਸੀ ਲਗਾਈ ਜਾਣੀ ਹੈ। ਊਧਮ ਸਿੰਘ ਚਾਂਈ ਚਾਂਈ ਆਪਣੇ ਕਮਰੇ ਚੋਂ ਉਠਿਆ ਤੇ ਫਾਂਸੀ ਲਾਏ ਜਾਣ ਵਾਲੀ ਥਾਂ ਲਈ ਚਲ ਪਿਆ। ਉਸ ਨੂੰ ਇਕ ਤਖ਼ਤੇ ਤੇ ਖੜਾ ਕਰ ਕੇ ਉਸ ਦੇ ਸਿਰ ਤੇ ਕਾਲਾ ਹੁੱਡ ਪਾ ਦਿੱਤਾ ਗਿਆ। ਉਸ ਦੇ ਦੋਵੇਂ ਹੱਥ ਪਿੱਛੇ ਬੰਨ੍ਹੇ ਹੋਏ ਸਨ। ਫਾਂਸੀ ਲਗਾਉਣ ਵਾਲੇ ਕਰਮਚਾਰੀ ਨੇ ਲੀਵਰ ਦਬਿਆ ਤੇ ਵੇਖਦੇ ਹੀ ਵੇਖਦੇ ਸ੍ਰ: ਊਧਮ ਸਿੰਘ ਦਾ ਸਰੀਰ ਫਾਂਸੀ ਦੇ ਰੱਸੇ ਤੇ ਝੂਲ ਗਿਆ। **By remaining cheerful to the last and going joyfully to the gallows, he followed the example of Bhagat Singh who had been his beau ideal.**

ਇਹ ਤਸੱਲੀ ਹੋ ਜਾਣ ਤੇ ਕਿ ਫਾਹੇ ਲਗੇ ਵਿਅਕਤੀ ਦੀ ਮੌਤ ਹੋ ਚੁਕੀ ਹੈ, ਜੇਲ੍ਹ ਕਰਮਚਾਰੀ ਅਗੇ ਵਧੇ ਤੇ ਉਨ੍ਹਾਂ ਊਧਮ ਸਿੰਘ ਦੇ ਮ੍ਰਿਤਕ ਸਰੀਰ ਨੂੰ ਰੱਸੇ ਤੋਂ ਲਾਹ ਕੇ ਜੇਲ੍ਹ ਦੇ ਅੰਦਰ ਹੀ ਇਕ ਅਣਦੱਸੀ ਥਾਂ ਤੇ ਦਫ਼ਨ ਕਰ ਦਿੱਤਾ। ਲੰਡਨ ਦੇ ਗੁਰਦੁਆਰੇ ਵਾਲਿਆਂ ਉਸ ਦੀ ਲਾਸ਼ ਪ੍ਰਾਪਤ ਕਰਨੀ ਚਾਹੀ ਪਰ ਉਨ੍ਹਾਂ ਨੂੰ ਇਨਕਾਰ ਕਰ ਦਿੱਤਾ ਗਿਆ। ਕਿਸੇ ਨੂੰ ਕੀ ਪਤਾ ਸੀ ਕਿ ਗੋਰੀ ਸਰਕਾਰ ਜਿਸ ਨੌਜਵਾਨ ਦੀ ਲਾਸ਼ ਨੂੰ ਅਜ ਬੜੀ ਬੇਰੁਖੀ ਤੇ ਅਣਦਸੀ ਹਾਲਤ ਵਿਚ ਇੱਥੇ ਦਫ਼ਨ ਕਰ ਰਹੀ ਹੈ, 34 ਸਾਲ ਬਾਦ ਸੁਤੰਤਰ ਭਾਰਤ ਦੇ ਲੋਕ ਉਸ ਦੀਆਂ ਅਸਤੀਆਂ ਨੂੰ ਪ੍ਰਾਪਤ ਕਰਕੇ ਉਨ੍ਹਾਂ ਨੂੰ ਉਹ ਮਾਣ ਦੇਣਗੇ ਕਿ ਦੁਨੀਆ ਹੈਰਾਨ ਰਹਿ ਜਾਵੇਗੀ। 31.07.96 ਨੂੰ ਪੰਜਾਬੀ ਟ੍ਰਿਬਿਊਨ ਵਿਚ ਛਪੀ ਇਕ ਰਿਪੋਰਟ 'ਗਾਥਾ ਸ਼ਹੀਦ ਊਧਮ ਸਿੰਘ ਦੀਆਂ ਅਸਥੀਆਂ ਲਿਆਉਣ ਦੀ' ਵਿਚ ਦਸਿਆ ਗਿਆ ਹੈ ਕਿ ਅੰਗਰੇਜ਼ ਹਕੂਮਤ ਨੇ ਇਹ ਅਸਥੀਆਂ 13.07.74 ਨੂੰ ਭਾਰਤ ਵਾਸੀਆਂ ਨੂੰ ਸੌਂਪੀਆ। 19.07.74 ਨੂੰ ਦਿੱਲੀ ਪਹੁੰਚਣ ਤੇ ਇਨ੍ਹਾਂ ਅਸਥੀਆਂ ਦਾ ਸ਼ਾਨਦਾਰ ਸੁਆਗਤ ਕੀਤਾ ਗਿਆ। ਮਗਰੋਂ 31.07.74 ਨੂੰ ਪੂਰੇ ਸਰਕਾਰੀ ਸਨਮਾਨਾਂ ਨਾਲ ਸ਼ਹੀਦ ਦੀਆਂ ਅਸਥੀਆਂ ਨੂੰ ਉਸਦੇ ਜਨਮ ਅਸਥਾਨ ਸੁਨਾਮ ਲਿਆਕੇ ਸਸਕਾਰ ਕਰ ਦਿੱਤਾ ਗਿਆ।

12-08-96 ਨੂੰ ਦੇਸ਼ ਦੀਆਂ ਅਖ਼ਬਾਰਾਂ ਵਿਚ ਸ੍ਰ: ਊਧਮ ਸਿੰਘ ਦੇ ਉਹ ਦੋ ਬਿਆਨ ਛਪੇ ਹਨ ਜੋ ਹੁਣ ਤਕ ਬਰਤਾਨਵੀ ਸਰਕਾਰ ਦੇ ਖ਼ੁਫ਼ੀਆ ਰਿਕਾਰਡ ਦਾ ਹਿੱਸਾ ਸਨ। ਇਨ੍ਹਾਂ ਬਿਆਨਾਂ ਵਿਚ ਉਸਨੇ ਗੋਰੀ ਸਰਕਾਰ ਤੇ ਕਟਾਕਸ਼ ਕਰਦਿਆਂ ਕਿਹਾ ਸੀ, 'ਤੁਸੀਂ ਆਪਣੇ ਆਪ ਨੂੰ ਸੱਭਿਅ-ਕੌਮ ਕਹਾਉਣ ਵਾਲੇ ਸਮਝਦੇ ਹੋ, ਪਰ ਜਿਸ ਤਰ੍ਹਾਂ ਤੁਸੀਂ ਭਾਰਤੀ ਲੋਕਾਂ ਦੇ ਖ਼ੂਨ ਦੇ ਪਿਆਸੇ ਹੋ ਅਤੇ ਉਨ੍ਹਾਂ ਤੇ ਜ਼ੁਲਮ ਢਾਹ ਰਹੇ ਹੋ, ਤੁਹਾਨੂੰ ਸ਼ਰਮ ਨਾਲ ਡੁੱਬ ਕੇ ਮਰ ਜਾਣਾ ਚਾਹੀਦਾ ਹੈ। ...ਤੁਸੀਂ ਹਰਾਮ ਦੇ ਜਣੇ ਹੋ ...ਮੈਨੂੰ ਉਮੀਦ ਹੈ ਕਿ ਮੇਰੇ ਬਾਦ ਮੇਰੇ ਹਜ਼ਾਰਾਂ ਦੇਸ਼ਵਾਸੀ ਮੇਰੀ

Digitized by Panjab Digital Library | www.panjabdigilib.org

ਥਾਂ ਲੈਣਗੇ ਅਤੇ ਤੁਹਾਡੇ ਮੰਦੇ ਅਤੇ ਬੇ ਇਨਸਾਫ਼ੀ ਵਾਲੇ ਰਾਜ ਨੂੰ ਦੇਸ਼ ਵਿਚੋਂ ਬਾਹਰ ਕੱਢ ਕੇ ਹੀ ਸਾਹ ਲੈਣਗੇ'। ਇਹ ਗੱਲ ਉਸਦੀ ਸ਼ਹਾਦਤ ਤੋਂ ਸੱਤ ਸਾਲ ਬਾਦ ਸੱਚ ਸਾਬਤ ਹੋ ਗਈ ਜਦੋਂ ਬਰਤਾਨਵੀ ਰਾਜ ਦਾ ਸੂਰਜ ਅਸਤ ਹੋ ਗਿਆ ਅਤੇ ਆਜ਼ਾਦੀ ਦੀ ਆਮਦ ਨਾਲ ਦੇਸ਼ ਵਿਚ ਲੋਕ-ਰਾਜ ਦਾ ਨਵਾਂ ਸੂਰਜ ਉਦੈ ਹੋਇਆ।


ਅਜ ਦਾ ਹਰ ਸੂਝਵਾਨ ਅੰਗਰੇਜ਼ ਇਹ ਮਹਿਸੂਸ ਕਰਦਾ ਹੈ ਕਿ ਅੰਗਰੇਜ਼ੀ ਰਾਜ ਨੇ 80 ਵਰ੍ਹੇ ਪਹਿਲਾਂ ਜੋ ਕੁਝ ਜਲ੍ਹਿਆਂ ਵਾਲਾ ਬਾਗ਼ ਵਿਚ ਕੀਤਾ ਸੀ ਉਹ ਉਨ੍ਹਾਂ ਦੀ ਬੜੀ ਵਡੀ ਭੁੱਲ ਸੀ। ਅੰਗਰੇਜ਼ੀ ਦੈਨਿਕ The Tribune ਦੇ 9 ਮਈ ਵਿਚ ਛਪੇ 'When the Raj faltered' ਵਿਚ Christopher Balchin ਲਿਖਦਾ ਹੈ: It is 80 years since my countrymen committed the vile massacre of hundreds of innocent men, women and children at Jallianwala Bagh, I feel, more strongly than I can say, ashamed of England and what was done there in the name of the Empire. I wish I could tell every person in India how intensily I hate the injustice surrounding the entire British Raj, the false ugly notion, upon which the British Empire was based, that Englishmen were more intelligent, simply better than the people of India - whose culture was already over 4000 years old when the first British ships arrived. I am so sorry it happened. ਕੇ. ਕੇ. ਖੁਲੱਰ ਦੇ ਸ਼ਬਦਾਂ ਵਿਚ It was on this day in a way, that England lost its empire.

ਸ੍ਰ: ਊਧਮ ਸਿੰਘ ਨੂੰ ਫ਼ਾਂਸੀ ਦਿਤੇ ਜਾਣ ਦੀ ਤਰੀਕ ਬਾਰੇ ਇਤਿਹਾਸਕਾਰਾਂ ਵਿਚ ਕਾਫ਼ੀ ਮੱਤਭੇਦ ਹੈ। ਡਾ: ਫ਼ੌਜਾ ਸਿੰਘ Who's Who, Punjab Freedom Fighters ਅਤੇ Eminent Freedom Fighters of Punjab ਵਿਚ ਇਕ ਥਾਂ ਤੇ ਫ਼ਾਂਸੀ ਲਗਣ ਦੀ ਤਰੀਕ 12 ਜੂਨ ਅਤੇ ਕਿਸੇ ਦੂਸਰੀ ਥਾਂ ਤੇ 13 ਜੂਨ ਲਿਖਦੇ ਹਨ। ਕੇ. ਕੇ. ਖੁਲੱਰ ਨੇ Road to Freedom ਵਿਚ 12 ਜੂਨ ਲਿਖੀ ਹੈ। ਪਰ ਪ੍ਰੋ: ਹਰਬੰਸ ਸਿੰਘ ਦੁਆਰਾ ਸੰਪਾਦਿਤ ਐਨਸਾਈਕਲੋਪੀਡੀਆ ਆਫ਼ ਸਿਖ਼ਇਜ਼ਮ ਦੇ Vol: IV, ਡਾ: ਹਰਜਿੰਦਰ ਸਿੰਘ ਦਿਲਗੀਰ ਦੁਆਰਾ ਰਚਿਤ 'The Sikh Reference Book' ਅਤੇ ਸ਼ਹੀਦ ਊਧਮ ਸਿੰਘ ਦੇ ਜੀਵਨੀ ਕਾਰ ਡਾ: ਗੁਰਚਰਨ ਸਿੰਘ ਨੇ 31 ਜੁਲਾਈ 1940 ਨੂੰ ਹੀ ਸਹੀ ਮਨਿਆ ਹੈ। ਇਸ ਪਰਚੇ ਦੇ ਲੇਖਕ ਦਾ ਵਿਚਾਰ ਵੀ ਇਹੀ ਹੈ ਕਿ ਸ੍ਰ: ਊਧਮ ਸਿੰਘ ਨੂੰ ਜੁਲਾਈ ਮਹੀਨੇ ਦੇ ਆਖ਼ਰੀ ਦਿਨ ਫ਼ਾਂਸੀ ਤੇ ਲਟਕਾਇਆ ਗਿਆ ਸੀ।

ਸ੍ਰ: ਊਧਮ ਸਿੰਘ ਬੜਾ ਸਿਰੜੀ, ਸ੍ਵੈ-ਵਿਸ਼ਵਾਸੀ ਤੇ ਨਿਸ਼ਚੇ ਵਾਲਾ ਨੌਜਵਾਨ ਸੀ। ਉਸਦੇ ਮਨ ਵਿਚ ਆਪਣੇ ਰਾਜ਼ (ਭੇਤ) ਨੂੰ ਲਕੋਈ ਰਖਣ ਦੀ ਬੜੀ ਸਮਰੱਥਾ ਸੀ। ਉਹ ਸ਼ਾਂਤ ਚਿੱਤ, ਦਲੇਰ ਅਤੇ ਆਪਣੀ ਧੁੰਨ ਦਾ ਪੱਕਾ ਸੀ। ਉਸਦਾ ਧਰਮ ਦੇਸ਼ ਦੀ ਆਜ਼ਾਦੀ ਅਤੇ ਇਸ ਦੇ ਸ੍ਵੈਮਾਨ ਦੀ ਰਖਿਆ ਕਰਨਾ ਸੀ। ਜਿੱਥੇ ਉਸਦਾ ਨਾਮ ਰਾਮ ਮੁਹੰਮਦ ਸਿੰਘ ਆਜ਼ਾਦ ਫਰੰਗੀ ਹਕੂਮਤ ਵਿਰੁੱਧ ਸਮੂਹ ਭਾਰਤੀ ਫ਼ਿਰਕਿਆਂ ਦੀ ਬਗ਼ਾਵਤ ਦਾ ਚਿੰਨ੍ਹ ਸੀ, ਉੱਥੇ ਇਹ ਨਾਮ ਆਪਣੇ ਆਪ ਵਿਚ

Digitized by Panjab Digital Library | www.panjabdigilib.org

ਵਖੋ ਵਖਰੇ ਧਰਮਾਂ ਅਤੇ ਸਭਿਆਚਾਰਾਂ ਦਾ ਸੁਮੇਲ ਅਤੇ ਸਾਂਝੀਵਾਲਤਾ ਦਾ ਪ੍ਰਤੀਕ ਸੀ, ਜਿਸ ਦੀ ਅਜ ਸਾਡੇ ਰਾਸ਼ਟਰ ਨੂੰ ਬਹੁਤ ਜ਼ਰੂਰਤ ਹੈ। ਊਧਮ ਸਿੰਘ ਵਰਗੇ ਕਰਮਵੀਰ, ਆਤਮ ਤਿਆਗੀ ਅਤੇ ਕੁਰਬਾਨੀ ਦੇ ਮੁਜਸਮੇਂ ਕਦੇ ਕਦੇ ਹੀ ਜਨਮ ਲੈਂਦੇ ਹਨ। ਪੰਜਾਬ ਅਤੇ ਸਮੁੱਚਾ ਦੇਸ਼ ਉਸਦੀ ਕੁਰਬਾਨੀ ਤੇ ਸਦਾ ਫ਼ਖਰ ਕਰਦਾ ਰਹੇਗਾ ਜਿਸਨੇ ਆਪਣੇ ਲਹੂ ਨਾਲ ਗੁਲਾਮ ਭਾਰਤ ਦੇ ਮੱਥੇ ਤੇ ਲਗੇ ਕਲੰਕ ਨੂੰ ਧੋ ਦਿੱਤਾ ਸੀ।



Digitized by Panjab Digital Library | www.panjabdigilib.org

# ਡਾਕਟਰ ਦੀਵਾਨ ਸਿੰਘ ਕਾਲੇਪਾਣੀ

ਆਮ ਤੌਰ ਤੇ ਲੋਕ ਡਾਕਟਰ ਦੀਵਾਨ ਸਿੰਘ ਕਾਲੇਪਾਣੀ ਨੂੰ ਇਕ ਕਵੀ ਵਜੋਂ ਹੀ ਜਾਣਦੇ ਹਨ, ਪਰ ਉਨ੍ਹਾਂ ਦੀ ਜ਼ਿੰਦਗੀ ਦਾ ਸਭ ਤੋਂ ਖੂਬਸੂਰਤ ਕਾਰਨਾਮਾ ਉਨ੍ਹਾਂ ਦੀ ਉਹ ਅਦੁੱਤੀ ਸ਼ਹਾਦਤ ਸੀ ਜਿਸਨੇ ਉਨ੍ਹਾਂ ਨੂੰ ਦੇਸ਼ ਦੀ ਆਜ਼ਾਦੀ ਲਈ ਕੁਰਬਾਨ ਹੋਣ ਵਾਲੇ ਮਹਾਨ ਸ਼ਹੀਦਾਂ ਦੀ ਮੂਹਰਲੀ ਕਤਾਰ ਵਿਚ ਲਿਆ ਖੜ੍ਹਾ ਕੀਤਾ ਹੈ। ਉਨ੍ਹਾਂ ਨੂੰ ਜਾਪਾਨੀ ਦਰਿੰਦਿਆਂ ਨੇ 14 ਜਨਵਰੀ ਸੰਨ 1944 ਈਸਵੀ ਨੂੰ ਤਿੰਨ ਮਹੀਨੇ ਲਗਾਤਾਰ ਅਣਮਨੁੱਖੀ ਤਸੀਹੇ ਦੇਕੇ ਪੋਰਟ ਬਲੇਅਰ (ਅੰਡੇਮਾਨ, ਨਿਕੋਬਾਰ ਟਾਪੂਆਂ) ਵਿਚ ਸ਼ਹੀਦ ਕਰ ਦਿੱਤਾ ਸੀ। ਡਾ: ਦੀਵਾਨ ਸਿੰਘ ਕਾਲੇਪਾਣੀ ਉਥੋਂ ਦੇ ਲੋਕਾਂ ਵਿਚ ਇਤਨੇ ਹਰਮਨ ਪਿਆਰੇ ਸਨ ਕਿ ਲੋਕ ਅਜੇ ਤਕ ਵੀ ਉਨ੍ਹਾਂ ਦੁਆਰਾ ਕੀਤੀ ਗਈ ਸੇਵਾ, ਆਮ ਜਨਤਾ ਲਈ ਕੀਤੇ ਗਏ ਭਲਾਈ ਦੇ ਕੰਮਾਂ ਅਤੇ ਦੇਸ਼ ਲਈ ਕੀਤੀ ਕੁਰਬਾਨੀ ਨੂੰ ਭੁਲਾ ਨਹੀਂ ਪਾਏ। ਸ੍ਰੀ ਐਨ. ਇਕਬਾਲ ਸਿੰਘ ਨੇ ਆਪਣੀ ਪੁਸਤਕ 'ਦੀ ਅੰਡੇਮਾਨ ਸਟੋਰੀ' ਵਿਚ ਲਿਖਿਆ ਹੈ, 'He became a legend in his life-time, he is a legendary figure even today.'

ਦੀਵਾਨ ਸਿੰਘ ਦਾ ਜਨਮ ਪਿੰਡ ਛੋਟੀਆਂ ਗਲੋਟੀਆਂ ਜ਼ਿਲ੍ਹਾ ਸਿਆਲਕੋਟ (ਪਾਕਿਸਤਾਨ) ਵਿਚ ਇਕ ਸਾਧਾਰਨ ਜੱਟ ਪ੍ਰਵਾਰ ਵਿਚ 22 ਮਈ ਸੰਨ 1897 ਵਿਚ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਮ ਸ੍ਰ: ਸੁੰਦਰ ਸਿੰਘ ਅਤੇ ਮਾਤਾ ਦਾ ਨਾਮ ਇੰਦਰ ਕੌਰ ਸੀ।

1901 ਵਿਚ ਸਾਰੇ ਪੰਜਾਬ ਵਿਚ ਪਲੇਗ ਦੀ ਮਹਾਂਮਾਰੀ ਫੈਲ ਗਈ। ਪਿੰਡਾਂ ਦੇ ਪਿੰਡ ਬੀਮਾਰੀ ਦਾ ਸ਼ਿਕਾਰ ਹੋ ਗਏ। ਅਜੇ ਦੀਵਾਨ ਸਿੰਘ ਮਸਾਂ ਪੰਜ ਸਾਲ ਦਾ ਹੀ ਸੀ ਕਿ ਉਸਦੇ ਪਿਤਾ ਸ੍ਰ: ਸੁੰਦਰ ਸਿੰਘ ਅਕਾਲ ਚਲਾਣਾ ਕਰ ਗਏ। ਕੁਝ ਚਿਰ ਮਗਰੋਂ ਉਨ੍ਹਾਂ ਦੇ ਮਾਤਾ ਜੀ ਦਾ ਵੀ ਦੇਹਾਂਤ ਹੋ ਗਿਆ। ਦੀਵਾਨ ਸਿੰਘ ਨੂੰ ਉਸਦੀ ਦਾਦੀ ਅਤੇ ਚਾਚੇ ਸ੍ਰ: ਸੋਹਣ ਸਿੰਘ ਨੇ ਪਾਲਿਆ ਜੋ ਆਪ ਵੀ ਮਸਾਂ ਸੋਲਾਂ ਕੁ ਵਰ੍ਹਿਆਂ ਦਾ ਸੀ। ਉਹ ਬਹੁਤ ਘੱਟ ਬੋਲਣ ਅਤੇ ਚੁੱਪ ਚੁੱਪ ਰਹਿਣ ਵਾਲੇ ਸੁਭਾ ਦਾ ਵਿਅਕਤੀ ਸੀ। ਉਸਦੇ ਇਸ ਸੁਭਾ ਨੇ ਦੀਵਾਨ ਸਿੰਘ ਨੂੰ ਬੜਾ ਸ਼ਰਮਾਕਲ ਅਤੇ ਤਨਹਾਈ ਪਸੰਦ ਬਣਾ ਦਿੱਤਾ।

ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਪੰਜਾਬ ਦੀ ਕਿਰਸਾਣੀ ਬੜੇ ਮਾੜੇ ਸੰਕਟ ਚੋਂ ਲੰਘ ਰਹੀ ਸੀ। ਜੱਟ ਆਰਥਕ ਤੌਰ ਤੇ ਬੜੇ ਤੰਗ ਸਨ। ਜਿਨਸਾਂ ਦੇ ਭਾਅ ਨਾ ਹੋਣ ਦੇ ਬਰਾਬਰ ਸਨ। ਦਿਨ ਰਾਤ ਕਰੜੀ ਮੇਹਨਤ ਕਰਨ ਦੇ ਬਾਵਜੂਦ ਵੀ ਕਿਸਾਨਾਂ ਦੇ ਪੱਲੇ ਕੁੱਝ ਨਹੀਂ ਸੀ ਪੈਂਦਾ। ਸਗੋਂ ਉਹ ਆਏ ਦਿਨ ਕਰਜ਼ਿਆਂ ਦੇ ਬੋਝ ਥਲੇ ਦਬਦੇ ਚਲੇ ਜਾ ਰਹੇ ਸਨ। ਉਨ੍ਹਾਂ ਦਿਨਾਂ ਵਿਚ ਲਾਲਾ ਲਾਜਪਤ ਰਾਏ ਅਤੇ ਸ੍ਰ: ਅਜੀਤ ਸਿੰਘ ਦੀ ਅਗਵਾਈ ਥਲੇ 'ਪਗੜੀ ਸੰਭਾਲ ਓ ਜੱਟਾ' ਦੀ ਗੂੰਜ ਸਾਰੇ ਪੰਜਾਬ ਵਿਚ ਸੁਣਾਈ ਦੇਣ ਲਗ ਪਈ ਸੀ। ਬਾਲ ਦੀਵਾਨ ਸਿੰਘ ਦੇ ਮਨ ਤੇ ਇਨ੍ਹਾਂ ਹਾਲਾਤ ਦਾ ਗਹਿਰਾ ਪ੍ਰਭਾਵ ਪਿਆ ਅਤੇ ਅਚੇਤ ਤੌਰ ਤੇ ਹੀ ਉਸ ਵਿਚ ਦੇਸ਼-ਪਿਆਰ ਅਤੇ ਵਤਨ-ਪ੍ਰਸਤੀ ਵਾਲੀ ਭਾਵਨਾਂ ਪਰਪਕ ਹੋਣੀ ਸ਼ੁਰੂ ਹੋ ਗਈ।

Digitized by Panjab Digital Library | www.panjabdigilib.org

ਦੀਵਾਨ ਸਿੰਘ ਨੇ ਮੁਢੱਲੀ ਵਿਦਿਆ ਵਡੀ ਗਲੋਟੀਆਂ ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਪ੍ਰਾਪਤ ਕੀਤੀ ਤੇ ਉਸ ਮਗਰੋਂ ਉਸ ਦੇ ਚਾਚੇ ਨੇ ਉਸਨੂੰ ਡਸਕੇ ਦੇ ਮਿਸ਼ਨ ਸਕੂਲ ਵਿਚ ਦਾਖ਼ਲ ਕਰਵਾ ਦਿੱਤਾ। ਦੀਵਾਨ ਸਿੰਘ ਪੜ੍ਹਾਈ ਵਿਚ ਬੜਾ ਤੇਜ਼ ਤੇ ਤੀਖਣ ਬੁੱਧੀ ਵਾਲਾ ਬਾਲਕ ਸੀ। ਉਹ ਬੜਾ ਸਿੱਧਾ ਸਾਦਾ, ਨਿਰਛੱਲ ਤੇ ਸਾਧੂ ਸੁਭਾ ਵਾਲਾ ਮੁੰਡਾ ਸੀ। ਉਸਨੂੰ ਸਕੂਲ ਵਿਚ ਮਾਸਟਰਾਂ ਦੁਆਰਾ ਗੱਲ ਗੱਲ ਤੇ ਕੁਟਾਪਾ ਚਾੜ੍ਹਣ ਦੀ ਆਦਤ ਬਿਲਕੁਲ ਪਸੰਦ ਨਹੀਂ ਸੀ। ਜਦੋਂ ਉਹ ਛੇਵੀਂ ਕਲਾਸ ਵਿਚ ਸੀ ਤਾਂ ਮਾਸਟਰ ਨੇ ਕਿਸੇ ਗੱਲ ਤੇ ਪਹਿਲਾਂ ਤਾਂ ਉਸਨੂੰ ਝਾੜਿਆ, ਫਿਰ ਬੜੀ ਬੇਰਹਿਮੀ ਨਾਲ ਕੁਟਿਆ। ਇਸ ਗੱਲ ਤੇ ਉਸਨੇ 'ਬਾਗ਼ੀ' ਹੋ ਕੇ ਸਕੂਲ ਦੀ ਪੜ੍ਹਾਈ ਛੱਡ ਦਿੱਤੀ ਤੇ ਚਾਚੇ ਨਾਲ ਖੇਤਾਂ ਵਿਚ ਉਸਦਾ ਹੱਥ ਵਟਾਉਣ ਲਗ ਪਿਆ। ਉਸਦਾ ਚਾਚਾ ਚਾਹੁੰਦਾ ਸੀ ਕਿ ਉਹ ਪੜ੍ਹ ਲਿਖ ਕੇ ਕਿਸੇ ਚੰਗੀ ਥਾਂ ਤੇ ਲਗ ਜਾਵੇ। ਇਹ ਹੱਡ ਭੰਨਣ ਵਾਲਾ ਕਿਰਸਾਣੀ ਦਾ ਕੰਮ ਉਸ ਤੋਂ ਹੋ ਨਹੀਂ ਸਕਣਾ।

ਖੇਤੀ ਦਾ ਕੰਮ ਕਰਦਿਆਂ ਵੀ ਦੀਵਾਨ ਸਿੰਘ ਕੋਈ ਨ ਕੋਈ ਕਿਤਾਬ ਆਪਣੇ ਕੋਲ ਰਖਦਾ ਤੇ ਖ਼ਾਲੀ ਸਮਾਂ ਮਿਲਣ ਤੇ ਉਸਨੂੰ ਪੜ੍ਹਣ ਬੈਠ ਜਾਂਦਾ। ਇਨ੍ਹਾਂ ਪੁਸਤਕਾਂ ਵਿਚ ਉਰਦੂ ਤੇ ਅੰਗਰੇਜ਼ੀ ਸਹਿਤ ਦੀਆਂ ਕਿਤਾਬਾਂ ਤੋਂ ਛੁੱਟ ਈਸਾ ਮਸੀਹ ਦੇ ਜੀਵਨ ਅਤੇ ਬਲੀਦਾਨ ਦੀਆਂ ਕਿਤਾਬਾਂ ਵੀ ਹੁੰਦੀਆਂ ਜੋ ਮਿਸ਼ਨ ਸਕੂਨ ਦੇ ਟੀਚਰ ਉਸਨੂੰ ਦੇ ਜਾਇਆ ਕਰਦੇ ਸਨ। ਅਗੇ ਚਲ ਕੇ ਉਸਨੇ ਲਿਖਿਆ ਸੀ:

ਹੱਕ ਨੂੰ ਸਦਾ ਫ਼ਾਂਸੀ
ਤੇ ਸੱਚ ਨੂੰ ਸਦਾ ਸੂਲੀ।

ਦੀਵਾਨ ਸਿੰਘ ਦੇ ਮਨ ਤੇ ਈਸਾ ਦੇ ਜੀਵਨ ਅਤੇ ਉਸਦੀ ਕੁਰਬਾਨੀ ਦਾ ਬੜਾ ਗਹਿਰਾ ਪ੍ਰਭਾਵ ਸੀ, ਜੋ ਜ਼ਿੰਦਗੀ ਦੇ ਅਖ਼ੀਰ ਤਕ ਕਾਇਮ ਰਿਹਾ। ਆਪਣੀ ਗ਼ਲਤੀ ਦਾ ਅਹਿਸਾਸ ਕਰਦਿਆਂ ਅਤੇ ਉਸਦੇ ਪੜ੍ਹਾਈ ਦੇ ਸ਼ੌਕ ਨੂੰ ਵੇਖਦਿਆਂ ਮਿਸ਼ਨ ਸਕੂਲ ਦੇ ਟੀਚਰ ਦੀਵਾਨ ਸਿੰਘ ਨੂੰ ਫ਼ਿਰ ਆਪਣੇ ਸਕੂਲ ਵਾਪਸ ਲੈ ਆਏ। ਉਨ੍ਹਾਂ ਨੇ ਇਸ ਬਾਲਕ ਦੀ ਪ੍ਰਤਿਭਾ ਨੂੰ ਪਹਿਚਾਣ ਲਿਆ ਸੀ ਤੇ ਉਹ ਨਹੀਂ ਸਨ ਚਾਹੁੰਦੇ ਕਿ ਉਹ ਆਪਣਾ ਜੀਵਨ ਮਿੱਟੀ ਘੱਟੇ ਵਿਚ ਹੀ ਰੋਲ ਕੇ ਖ਼ਤਮ ਕਰ ਦੇਵੇ। ਦੀਵਾਨ ਸਿੰਘ ਨੇ ਅਠਵੀਂ ਦਾ ਇਮਤਿਹਾਨ ਪਹਿਲੀ ਪੁਜ਼ੀਸ਼ਨ ਤੇ ਰਹਿ ਕੇ ਪਾਸ ਕੀਤਾ। ਸਕੂਲ ਵਿਚੋਂ ਅੱਵਲ ਆਉਣ ਕਰਕੇ ਉਸਨੂੰ ਵਜ਼ੀਫਾ ਦਿੱਤਾ ਗਿਆ। ਦਸਵੀਂ ਉਸਨੇ ਖ਼ਾਲਸਾ ਸਕੂਲ ਤੋਂ ਪਾਸ ਕੀਤੀ ਅਤੇ 1916 ਵਿਚ ਡਾਕਟਰੀ ਦੀ ਵਿੱਦਿਆ ਹਾਸਲ ਕਰਨ ਲਈ ਉਹ ਆਗਰੇ ਦੇ ਮੈਡੀਕਲ ਸਕੂਲ ਦੇ ਫੌਜੀ ਵਿੰਗ ਵਿਚ ਦਾਖ਼ਲ ਹੋ ਗਿਆ।

1919 ਵਿਚ ਡਾਕਟਰੀ ਦਾ ਇਮਤਿਹਾਨ ਪਾਸ ਕਰਕੇ ਉਹ ਰਾਵਲਪਿੰਡੀ ਦੀ ਫ਼ੌਜੀ ਛਾਉਣੀ ਵਿਚ ਫ਼ੌਜੀ ਡਾਕਟਰ ਦੇ ਤੌਰ ਤੇ ਭਰਤੀ ਹੋ ਗਿਆ। ਪਹਿਲੀ ਵਿਸ਼ਵ ਜੰਗ ਅਜੇ ਖ਼ਤਮ ਹੀ ਹੋਈ ਸੀ ਤੇ ਸਰਹੱਦੀ ਇਲਾਕਿਆ ਦੀਆਂ ਛਾਉਣੀਆਂ ਫ਼ਟੜ ਤੇ ਗੰਭੀਰ ਦਸ਼ਾ ਵਾਲੇ ਸੈਨਿਕਾਂ ਨਾਲ ਭਰੀਆਂ ਪਈਆਂ ਸਨ। ਦੀਵਾਨ ਸਿੰਘ ਡਾਕਟਰ ਦੇ ਤੌਰ ਤੇ ਭਰਤੀ ਹੁੰਦਿਆ ਹੀ ਇਨ੍ਹਾਂ ਫ਼ੱਟੜ ਸੈਨਿਕਾਂ ਦੀ ਸੇਵਾ ਤੇ ਇਲਾਜ ਵਿਚ ਜੁੱਟ ਗਿਆ। ਉਹ ਹੋਰ ਡਾਕਟਰਾਂ ਵਾਂਗ ਬੇਰਹਿਮ ਅਤੇ ਸਖ਼ਤ ਸੁਭਾ ਦਾ ਬੰਦਾ ਨਹੀਂ ਸੀ ਜੋ ਫ਼ੱਟੜ ਸੈਨਿਕਾਂ ਨਾਲ ਬੜੀ ਮਾੜੀ ਤਰ੍ਹਾਂ ਨਾਲ ਪੇਸ਼ ਆਂਉਂਦੇ ਸਨ। ਸਗੋਂ ਉਸ ਲਈ ਤਾਂ ਗੁਰਬਾਣੀ ਦੀਆਂ ਇਹ ਤੁਕਾਂ ਹਮੇਸ਼ਾਂ ਲਈ ਪ੍ਰੇਰਨਾ

Digitized by Panjab Digital Library | www.panjabdigilib.org

ਦਾ ਸਰੋਤ ਬਣ ਗਈਆਂ :-

ਵਿਚਿ ਦੁਨੀਆ ਸੇਵ ਕਮਾਈਐ
ਤਾ ਦਰਗਹ ਬੈਸਣੁ ਪਾਈਐ

(ਗੁਰੂ ਗ੍ਰੰਥ ਜੀ, ਪੰਨਾ 26)

ਅਥਵਾ: ਸੇਵਾ ਕਰਤ ਹੋਇ ਨਿਹਕਾਮੀ
ਤਿਸ ਕਉ ਹੋਤ ਪਰਾਪਤ ਸੁਆਮੀ

(ਗਉੜੀ ਸੁਖਮਨੀ)

ਉਸਦੇ ਮਨ ਤੇ ਇਸਾਈ ਮਿਸ਼ਨਰੀਆਂ ਦਾ ਵੀ ਡੂੰਘਾ ਪ੍ਰਭਾਵ ਸੀ ਜੋ ਉਸਨੇ ਆਪਣੇ ਸਕੂਲ ਦੇ ਚੌਗਿਰਦੇ ਚੋਂ ਗ੍ਰਹਿਣ ਕੀਤਾ ਸੀ। ਉਸਨੇ ਦੁਖੀਆਂ ਤੇ ਰੋਗੀਆਂ ਦੀ ਨਿਸ਼ਕਾਮ ਸੇਵਾ ਨੂੰ ਆਪਣੇ ਜੀਵਨ ਦਾ ਆਦਰਸ਼ ਬਣਾ ਲਿਆ। ਇਕ ਸਾਲ ਰਾਵਲਪਿੰਡੀ ਰਹਿਣ ਮਗਰੋਂ ਉਸਦੀ ਬਦਲੀ ਡੇਹਰਾ ਇਸਮਾਈਲ ਖਾਂ ਹੋ ਗਈ। ਉਹ ਆਪਣੀ ਪਤਨੀ ਇੰਦਰ ਕੌਰ ਨੂੰ ਨਾਲ ਹੀ ਲੈ ਗਿਆ। ਇੰਦਰ ਕੌਰ ਨਾਲ ਦੋ ਵਰ੍ਹੇ ਪਹਿਲਾਂ ਉਸਦੀ ਸ਼ਾਦੀ ਹੋਈ ਸੀ। ਇੱਥੇ ਉਹ ਪੰਜ ਸਾਲ ਰਿਹਾ ਤੇ ਫਿਰ ਉਸਦੀ ਬਦਲੀ ਲਾਹੌਰ ਹੋ ਗਈ।

ਲਾਹੌਰ ਪੰਜਾਬ ਦੀ ਰਾਜਧਾਨੀ ਸੀ ਤੇ ਉਸ ਵੇਲੇ ਦੇਸ਼ ਦੀਆਂ ਪ੍ਰਮੁੱਖ ਰਾਜਸੀ, ਸਮਾਜਕ ਅਤੇ ਵਿੱਦਿਅਕ ਸਰਗਰਮੀਆਂ ਦਾ ਕੇਂਦਰ ਸੀ। ਵਿਸ਼ਵ ਜੰਗ ਖ਼ਤਮ ਹੋਣ ਤੋਂ ਬਾਦ ਦੇਸ਼ ਵਿਚ ਅਨੇਕ ਘਟਨਾਵਾਂ ਵਾਪਰ ਚੁਕੀਆਂ ਸਨ ਜਿਨ੍ਹਾਂ ਕਾਰਨ ਅੰਗਰੇਜ਼ਾਂ ਤੋਂ ਆਜ਼ਾਦੀ ਹਾਸਲ ਕਰਨ ਦੀ ਲਹਿਰ ਜ਼ੋਰ ਪਕੜਦੀ ਜਾ ਰਹੀ ਸੀ। ਰੌਲਿਟ ਐਕਟ, ਜਲ੍ਹਿਆਂ ਵਾਲਾ ਬਾਗ਼ ਤੇ ਨਨਕਾਣਾ ਸਾਹਿਬ ਦੇ ਖ਼ੂਨੀ ਸਾਕੇ, ਬੱਬਰ ਅਕਾਲੀਆਂ ਦੁਆਰਾ ਚਲਾਈ ਗਈ ਬੱਬਰ ਲਹਿਰ ਅਤੇ ਮਹਾਤਮਾ ਗਾਂਧੀ ਦੁਆਰਾ ਚਲਾਏ ਗਏ ਅਸਹਿਯੋਗ ਅੰਦੋਲਨ ਨੇ ਦੇਸ਼ ਦੇ ਸਿਆਸੀ ਵਾਤਾਵਰਣ ਵਿਚ ਬੜਾ ਵਡਾ ਪ੍ਰੀਵਰਤਨ ਲੈ ਆਂਦਾ ਸੀ। ਫਿਰ ਇਹ ਕਿਵੇਂ ਹੋ ਸਕਦਾ ਸੀ ਕਿ ਆਸ ਪਾਸ ਵਾਪਰਣ ਵਾਲੀਆਂ ਇਨ੍ਹਾਂ ਅਹਿਮ ਘਟਨਾਵਾਂ ਦਾ ਅਸਰ ਦੀਵਾਨ ਸਿੰਘ ਦੇ ਮਨ ਤੇ ਨਾ ਪੈਂਦਾ? ਉਸ ਨੇ ਸਰਕਾਰੀ ਨੌਕਰੀ ਕਰਦਿਆਂ ਹੀ ਖੱਦਰ (ਕੁੜਤਾ ਪਜਾਮਾ) ਧਾਰਨ ਕਰ ਲਿਆ, ਬੇਸ਼ਕ ਅਜੇਹਾ ਕਰਨ ਨਾਲ ਉਹ ਸਰਕਾਰੀ ਕਰੋਪੀ ਦਾ ਸ਼ਿਕਾਰ ਹੋ ਸਕਦਾ ਸੀ।

ਲਾਹੌਰ ਤੋਂ ਅੰਮ੍ਰਿਤਸਰ ਥੋੜ੍ਹੀ ਵਾਟ ਤੇ ਹੀ ਹੈ ਇਸ ਲਈ ਸ੍ਰ: ਦੀਵਾਨ ਸਿੰਘ ਹਫ਼ਤੇ, ਦਸੀਂ ਦਿਨੀਂ, ਸ੍ਰੀ ਦਰਬਾਰ ਸਾਹਿਬ ਅਤੇ ਬਾਬਾ ਅਟੱਲ ਜੀ ਦੇ ਦਰਸ਼ਨ ਕਰਨ ਇਧਰ ਆ ਜਾਇਆ ਕਰਦਾ ਸੀ (ਵੇਖੋ ਉਨ੍ਹਾਂ ਦੀ ਬਾਬਾ ਅਟਲ ਬਾਰੇ ਲਿਖੀ ਖ਼ੂਬਸੂਰਤ ਨਜ਼ਮ)। ਹੌਲੀ ਹੌਲੀ ਦੀਵਾਨ ਸਿੰਘ ਅੰਮ੍ਰਿਤਸਰ ਵਿਚ ਹੋਣ ਵਾਲੀਆਂ ਸਾਹਿਤਕ ਸਰਗਮਰੀਆਂ ਵਿਚ ਵੀ ਹਿੱਸਾ ਲੈਣ ਲਗ ਪਿਆ। ਉਸਦੀ ਜਾਣ-ਪਛਾਣ ਪੰਜਾਬੀ ਸਹਿਤ ਦੀਆਂ ਕਈ ਨਾਮਵਰ ਸ਼ਖ਼ਸੀਅਤਾਂ ਨਾਲ ਹੋਈ ਜਿਨ੍ਹਾਂ ਵਿਚ ਲਾਲਾ ਧੰਨੀ ਰਾਮ ਚਾਤ੍ਰਿਕ, ਮੌਲਾ ਬਖ਼ਸ਼ ਕੁਸ਼ਤਾ, ਗਿਆਨੀ ਹੀਰਾ ਸਿੰਘ ਦਰਦ, ਸ੍ਰ: ਚਰਨ ਸਿੰਘ ਸ਼ਹੀਦ ਅਤੇ ਸ੍ਰ: ਚੰਨਣ ਸਿੰਘ ਜੇਠੂਵਾਲੀਆ ਆਦਿ ਸ਼ਾਮਲ ਸਨ। ਦੀਵਾਨ ਸਿੰਘ ਨੇ ਕੀਰਤਨ ਕਰਨਾ ਵੀ ਸਿਖ ਲਿਆ ਸੀ ਅਤੇ ਪ੍ਰੋਫ਼ੈਸਰ ਪੂਰਨ ਸਿੰਘ ਵਾਂਗ ਖੁਲ੍ਹੀ ਕਵਿਤਾ ਸਿਰਜਣੀ ਸ਼ੁਰੂ ਕਰ ਦਿੱਤੀ ਸੀ:

ਮੈਂ ਇਕ ਰਾਹੀ ਹਾਂ

Digitized by Panjab Digital Library | www.panjabdigilib.org

.....
ਅਸ਼ਕ ਮੇਰਾ ਪੈਂਡਾ, ਅਖੁੱਟ ਮੇਰਾ ਰਾਹ, ਅਪੁੱਜ ਮੇਰੀ ਮੰਜ਼ਿਲ
ਟੁਰਨ ਲਈ ਬਣਿਆ ਮੈਂ, ਟੁਰਨਾ ਲਿਖਿਆ ਮੇਰੇ ਲੇਖ॥

ਲਾਹੌਰ ਵਿਚ ਉਹ ਕੇਵਲ ਛੇ ਮਹੀਨੇ ਹੀ ਟਿਕਿਆ। ਫ਼ਿਰ ਉਸਦੀ ਬਦਲੀ ਪਹਾੜੀ ਸਥਾਨ ਡਿਗਸ਼ਈ ਹੋ ਗਈ। ਉਹ ਸਰਕਾਰੀ ਨੌਕਰੀ ਕਰਦਿਆਂ ਵੀ ਪਹਾੜਾਂ ਦੇ ਗਰੀਬ ਲੋਕਾਂ ਦੇ ਘਰਾਂ ਵਿਚ ਬਿਨਾਂ ਕਿਸੇ ਮੁਆਵਜ਼ੇ ਜਾਂ ਫੀਸ ਦੇ ਇਲਾਜ ਕਰਨ ਚਲਾ ਜਾਇਆ ਕਰਦਾ ਸੀ। ਜਿਨ੍ਹਾਂ ਕੋਲ ਪੈਸੇ ਨਾ ਹੁੰਦੇ ਉਹ ਆਪਣੇ ਕੋਲੋਂ ਪੈਸੇ ਖਰਚ ਕੇ ਉਨ੍ਹਾਂ ਨੂੰ ਦਵਾਈ ਲੈ ਦੇਂਦਾ। ਪਹਾੜਾਂ ਵਿਚ ਰਹਿ ਰਹੇ ਲੋਕਾਂ ਦੀ ਗਰੀਬੀ ਵੇਖ ਕੇ ਦੀਵਾਨ ਸਿੰਘ ਮਹਿਸੂਸ ਕਰਨ ਲਗ ਪਿਆ ਕਿ ਦੇਸ਼ ਦੀ ਗਰੀਬੀ, ਅਨਪੜ੍ਹਤਾ ਤੇ ਲੋਕਾਂ ਦੀਆਂ ਕਦੇ ਨਾ ਮੁਕਣ ਵਾਲੀਆਂ ਤਕਲੀਫ਼ਾਂ ਦਾ ਕਾਰਨ ਅੰਗਰੇਜ਼ਾਂ ਦੀ ਗੁਲਾਮੀ ਹੈ। ਜਦੋਂ ਤਕ ਦੇਸ਼ ਆਜ਼ਾਦ ਨਹੀਂ ਹੋ ਜਾਂਦਾ ਇਨ੍ਹਾਂ ਮੁਸੀਬਤਾਂ ਤੋਂ ਛੁਟਕਾਰਾ ਪਾਉਣਾ ਸੰਭਵ ਨਹੀਂ। ਡਿਗਸ਼ਈ ਵਿਚ ਹੋਏ ਇਕ ਪਬਲਿਕ ਜਲਸੇ ਵਿਚ ਬੋਲਦਿਆਂ ਉਸਨੇ ਕਿਹਾ ਸੀ ਕਿ ਆਜ਼ਾਦੀ ਸਾਡਾ ਜਮਾਂਦਰੂ ਹੱਕ ਹੈ ਅਤੇ ਇਸਨੂੰ ਹਾਸਲ ਕਰਨ ਲਈ ਸਾਨੂੰ ਇਕ ਮੁੱਠ ਹੋਕੇ ਕੰਮ ਕਰਨਾ ਚਾਹੀਦਾ ਹੈ। ਇਸ ਤਕਰੀਰ ਮਗਰੋਂ ਦੀਵਾਨ ਸਿੰਘ ਵਿਰੁੱਧ ਮੁਕੱਦਮਾ ਦਰਜ ਕੀਤਾ ਗਿਆ ਕਿ ਉਸਨੇ ਸਰਕਾਰ ਦੇ ਵਿਰੁੱਧ ਨਫ਼ਰਤ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਪਰ ਅਦਾਲਤ ਵਿਚ ਉਸ ਵਿਰੁੱਧ ਕੋਈ ਗਵਾਹੀ ਨਾ ਮਿਲਣ ਕਰਕੇ ਇਹ ਮੁਕੱਦਮਾ ਖ਼ਾਰਜ ਕਰ ਦਿੱਤਾ ਗਿਆ।

ਉਨ੍ਹਾਂ ਦਿਨਾਂ ਵਿਚ ਬਰਮਾ ਵੀ ਅੰਗਰੇਜ਼ੀ ਅਧਿਕਾਰ ਥਲੇ ਸੀ। ਅਪ੍ਰੈਲ 1925 ਵਿਚ ਡਾ: ਦੀਵਾਨ ਸਿੰਘ ਦੀ ਬਦਲੀ ਰੰਗੂਨ ਕਰ ਦਿੱਤੀ ਗਈ। ਇੱਥੇ ਉਸ ਨੂੰ ਆਪਣੀ ਪ੍ਰਤਿਭਾ ਦੇ ਇਕ ਹੋਰ ਪੱਖ ਨੂੰ ਅੱਗੇ ਲਿਆਉਣ ਦਾ ਬੜਾ ਸੁਹਣਾ ਅਵਸਰ ਮਿਲਿਆ। ਰੰਗੂਨ ਦਾ ਗੁਰਦੁਆਰਾ ਬੜਾ ਵਡਾ ਤੇ ਸ਼ਾਨਦਾਰ ਸੀ। ਇੱਥੇ ਹਫ਼ਤਾਵਾਰੀ ਦੀਵਾਨਾਂ ਵਿਚ ਬੜੀ ਸੰਗਤ ਜੁੜਿਆ ਕਰਦੀ ਸੀ। ਦੀਵਾਨ ਸਿੰਘ ਨੇ ਹਰ ਹਫ਼ਤੇ ਆਪਣੀ ਸੁਰੀਲੀ ਆਵਾਜ਼ ਨਾਲ ਸੰਗਤ ਵਿਚ ਕੀਰਤਨ ਕਰਨਾ ਸ਼ੁਰੂ ਕਰ ਦਿੱਤਾ। ਉੱਥੇ ਸਿੰਧੀਆਂ ਦਾ ਵੀ ਇਕ ਗੁਰਦੁਆਰਾ ਸੀ। ਦੀਵਾਨ ਸਿੰਘ ਉੱਥੇ ਵੀ ਜਾਕੇ ਕੀਰਤਨ ਕਰਦਾ ਅਤੇ ਆਈਆਂ ਸੰਗਤਾਂ ਨੂੰ ਸਿੱਖੀ ਦੇ ਸੁਨਹਿਰੀ ਅਸੂਲਾਂ - ਸੇਵਾ, ਸਿਮਰਨ, ਨਾਮ, ਨਿਮ੍ਰਤਾ ਅਤੇ ਦੀਨ ਦੁੱਖੀ ਦੀ ਸਹਾਇਤਾ ਆਦਿ ਗੁਣਾਂ ਨੂੰ ਅਪਣਾਉਣ ਦੀ ਪ੍ਰੇਰਨਾ ਦਿੰਦਾ। 25 ਅਪ੍ਰੈਲ 1927 ਨੂੰ ਉਸਦੀ ਬਦਲੀ ਅੰਡੇਮਾਨ ਨਿਕੋਬਾਰ (ਕਾਲੇਪਾਣੀ) ਦੇ ਸ਼ਹਿਰ ਐਬਰਡੀਨ ਵਿਖੇ ਕਰ ਦਿੱਤੀ ਗਈ। ਡਾਕਟਰ ਦੀਵਾਨ ਸਿੰਘ ਨੇ ਆਪਣੀ ਜ਼ਿੰਦਗੀ ਦੇ ਆਖ਼ਰੀ 17 ਸਾਲ ਇਨ੍ਹਾਂ ਟਾਪੂਆਂ ਵਿਚ ਬਿਤਾਏ ਤੇ ਇੱਥੇ ਰਹਿੰਦਿਆਂ ਹੀ ਉਹ ਜਾਪਾਨੀ ਸਾਮਰਾਜੀਆਂ ਹੱਥੋਂ 14 ਜਨਵਰੀ 1944 ਨੂੰ ਸ਼ਹੀਦ ਕੀਤਾ ਗਿਆ।

ਅੰਡੇਮਾਨ, ਨਿਕੋਬਾਰ ਦੇ ਟਾਪੂ ਜਿਨ੍ਹਾਂ ਨੂੰ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਕਾਲੇ-ਪਾਣੀ ਕਰ ਦੇ ਜਾਣਿਆਂ ਜਾਂਦਾ ਸੀ ਵਿਚ ਅਨੇਕਾਂ ਸੁਤੰਤਰਤਾ ਸੰਗਰਾਮੀਏ, ਰਾਜਸੀ ਅਤੇ ਇਖ਼ਲਾਕੀ ਕੈਦੀ ਉਮਰ ਕੈਦ ਦੀਆਂ ਸਜ਼ਾਵਾਂ ਕਟ ਰਹੇ ਸਨ। ਇਨ੍ਹਾਂ ਟਾਪੂਆਂ ਵਿਚ ਆਦਿਵਾਸੀ ਕਬੀਲਿਆਂ ਤੋਂ ਇਲਾਵਾ ਭਾਰਤ ਤੋਂ ਗਏ ਹੋਏ ਕਈ ਧਰਮਾਂ ਅਤੇ ਪ੍ਰਾਂਤਾਂ ਦੇ ਲੋਕ ਜਾਕੇ ਵੱਸ ਗਏ ਸਨ। ਇੱਥੇ ਪਹੁੰਚਦਿਆਂ ਹੀ ਸ੍ਰ: ਦੀਵਾਨ ਸਿੰਘ ਕਾਲੇਪਾਣੀ ਨੇ ਆਪਣੇ ਸਰਕਾਰੀ ਕੰਮਾਂ ਦੇ ਨਾਲ ਨਾਲ ਆਪਣਾ ਬਹੁਤਾ ਸਮਾਂ ਉਨ੍ਹਾਂ ਦੀ ਸੇਵਾ ਅਤੇ ਉਨ੍ਹਾਂ ਦੇ ਜੀਵਨ ਮਿਆਰ ਨੂੰ ਉੱਚਾ ਚੁਕਣ ਵਿਚ

Digitized by Panjab Digital Library | www.panjabdigilib.org

ਲਗਾਣਾ ਸ਼ੁਰੂ ਕਰ ਦਿੱਤਾ। ਉਹ ਉਨ੍ਹਾਂ ਦੇ ਦੁੱਖ ਸੁੱਖ ਵਿਚ ਸ਼ਰੀਕ ਹੁੰਦਾ, ਗਰੀਬ ਪ੍ਰਵਾਰਾਂ ਵਿਚ ਕਪੜੇ ਅਤੇ ਦਵਾਈਆ ਵੰਡਦਾ ਤੇ ਅਣਪੜ੍ਹ ਬਚਿਆਂ ਅਤੇ ਵਡੇਰੀ ਉਮਰ ਦੇ ਬੰਦਿਆਂ ਨੂੰ ਪੜ੍ਹਾਣ ਵਿਚ ਬੜੀ ਖੁਸ਼ੀ ਮਹਿਸੂਸ ਕਰਦਾ। ਲੋਕ ਉਸ ਨੂੰ ਇਨਸਾਨੀ ਰੂਪ ਵਿਚ ਮਸੀਹਾ ਅਥਵਾ ਫਰਿਸ਼ਤਾ ਕਰਕੇ ਪਿਆਰ ਤੇ ਸਤਿਕਾਰ ਕਰਨ ਲਗ ਪਏ ਸਨ ਜਿਸ ਨੇ ਉਨ੍ਹਾਂ ਦੀ ਹਨੇਰੀ ਜ਼ਿੰਦਗੀ ਵਿਚ ਚਾਨਣ ਦੀ ਆਸ ਜਗਾ ਦਿੱਤੀ ਸੀ।

ਬੇਸ਼ਕ ਐਬਰਡੀਨ (ਪੋਰਟ ਬਲੇਅਰ) ਵਿਚ ਇਕ ਗੁਰਦੁਆਰਾ ਪਹਿਲਾਂ ਹੀ ਸਥਾਪਿਤ ਹੋ ਚੁਕਾ ਸੀ ਪਰ ਇਹ ਗੁਰਦੁਆਰਾ ਨਿਰੋਲ ਪੁਲਿਸ ਕਰਮਚਾਰੀਆਂ ਲਈ ਸੀ। ਕੋਈ ਸਾਧਾਰਨ ਸਿੱਖ, ਆਮ ਭਾਰਤੀ ਜਾਂ ਆਦਿਵਾਸੀ ਕਬੀਲੇ ਦਾ ਬੰਦਾ ਇੱਥੇ ਮੱਥਾ ਟੇਕਣ ਨਹੀਂ ਸੀ ਜਾ ਸਕਦਾ। ਦੀਵਾਨ ਸਿੰਘ ਨੂੰ ਇਹ ਗੱਲ ਚੰਗੀ ਨਾ ਲਗੀ। ਗੁਰੂ ਅਰਜਨ ਦੇਵ ਪਾਤਸ਼ਾਹ ਨੇ ਤਾਂ ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ੇ ਰੱਖ ਕੇ ਸਿੱਖ ਧਰਮ-ਅਸਥਾਨਾਂ ਨੂੰ ਹਰ ਧਰਮ, ਹਰ ਜਾਤਿ, ਹਰ ਰੰਗ ਅਤੇ ਨਸਲ ਦੇ ਲੋਕਾਂ ਲਈ ਖੋਲ੍ਹ ਦਿੱਤਾ ਸੀ ਪਰ ਇੱਥੇ ਗੁਰਦੁਆਰੇ ਵਿਚ ਪ੍ਰਵੇਸ਼ ਕਰਨ ਤੇ ਵੀ ਵਿਤਕਰਾ ਕੀਤਾ ਜਾਂਦਾ ਸੀ। ਇਹ ਗੱਲ ਸਰਾ ਸਰਾ ਗੁਰਮਤਿ ਸਿਧਾਂਤਾਂ ਅਤੇ ਮਨੁੱਖੀ ਭਾਈਚਾਰੇ ਦੇ ਉਲਟ ਸੀ। ਦੀਵਾਨ ਸਿੰਘ ਨੇ ਇਹ ਫੈਸਲਾ ਕਰ ਲਿਆ ਕਿ ਉਹ ਸਥਾਨਕ ਲੋਕਾਂ ਦੀ ਸਹਾਇਤਾ ਅਤੇ ਸਹਿਯੋਗ ਨਾਲ ਇੱਥੇ ਇਕ ਨਵਾਂ ਗੁਰਦੁਆਰਾ ਸਥਾਪਿਤ ਕਰੇਗਾ ਜੋ ਹਰ ਪ੍ਰਾਣੀ ਮਾਤਰ ਲਈ ਖੁਲ੍ਹਾ ਹੋਵੇਗਾ ਅਤੇ ਜਿੱਥੇ ਉਸਦੀ ਜਾਤਿ, ਧਰਮ ਜਾਂ ਨਸਲ ਸਬੰਧੀ ਕੋਈ ਵਿਤਕਰਾ ਨਹੀਂ ਕੀਤਾ ਜਾਵੇਗਾ। ਉਹ ਧਰਮ ਅਸਥਾਨ ਨੂੰ ਵਿੱਦਿਅਕ, ਸਮਾਜਕ ਅਤੇ ਆਰਥਿਕ ਗਤੀ-ਵਿਧੀਆਂ ਦਾ ਵੀ ਕੇਂਦਰ ਬਣਾਉਣਾ ਚਾਂਹੁੰਦਾ ਸੀ ਜਿਸ ਦੇ ਨਾਲ ਸਕੂਲ ਹੋਵੇ, ਲਾਇਬਰੇਰੀ ਅਤੇ ਸਿੱਖਿਆ ਕੇਂਦਰ ਹੋਵੇ, ਸਹਿਕਾਰੀ ਬੈਂਕ ਅਤੇ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਸਹਿਕਾਰੀ ਭੰਡਾਰ ਹੋਵੇ ਤੇ ਜਿੱਥੇ ਟਾਪੂ ਤੇ ਵਸਣ ਵਾਲਾ ਹਰ ਵਿਅਕਤੀ ਪੂਰਨ ਆਜ਼ਾਦੀ ਨਾਲ ਆ ਸਕੇ। ਆਪਣੇ ਇਨ੍ਹਾਂ ਵਿਚਾਰਾਂ ਨੂੰ ਅਮਲੀ ਰੂਪ ਦੇਣ ਲਈ ਇਕ ਅਗਸਤ 1937 ਨੂੰ ਇਕ ਗੁਰਦੁਆਰੇ ਦਾ ਨੀਂਹ ਪੱਥਰ ਰਖਿਆ ਗਿਆ। ਇਹ ਗੁਰਦੁਆਰਾ ਅੰਡੇਮਾਨ ਨਿਕੋਬਾਰ ਵਿਚ ਵਸਦੇ ਭਾਰਤੀਆਂ ਲਈ ਰਾਸ਼ਟਰੀ ਅੰਦੋਲਨ ਅਤੇ ਸਮਾਜਕ ਜਾਗ੍ਰਤੀ ਦਾ ਵਡਾ ਕੇਂਦਰ ਬਣ ਗਿਆ। The Heroes of Cellular Jail ਦੇ ਕਰਤਾ ਐਸ.ਐਨ ਅੱਗਰਵਾਲ ਨੇ ਲਿਖਿਆ ਹੈ ਕਿ He resolved to construct a Gurdwara, not only as a place of worship for the Sikhs alone, but also as a place for the people of all religions, castes and creed for celebrating the festivities and holding of social functions.... The local population whole heartedly participated in the construction of the Gurdwara, which was completed within one year.... The Gurdwara besides being a place of worship was also instrumental for bringing about a social, cultural and educational revolution in the lives of local people (P.225). ਡਾਕਟਰ ਦੀਵਾਨ ਸਿੰਘ ਪ੍ਰਤੀ ਪਿਆਰ ਅਤੇ ਸਤਿਕਾਰ ਨੂੰ ਪ੍ਰਗਟ ਕਰਨ ਲਈ ਸਥਾਨਕ ਲੋਕਾਂ ਨੇ ਉਨ੍ਹਾਂ ਦੀ ਸ਼ਹੀਦੀ ਤੋਂ ਚਾਰ ਸਾਲ ਮਗਰੋਂ ਇਕ ਮਤੇ ਰਾਹੀਂ 27.11.1948 ਤੋਂ ਇਸ ਗੁਰਦੁਆਰੇ ਦਾ ਨਾਮ 'ਗੁਰਦੁਆਰਾ ਡਾਕਟਰ ਦੀਵਾਨ ਸਿੰਘ' ਰੱਖ ਦਿੱਤਾ।

Digitized by Panjab Digital Library | www.panjabdigilib.org

ਜਿਵੇਂ ਡਾਕਟਰ ਦੀਵਾਨ ਸਿੰਘ ਚਾਹੁੰਦੇ ਸਨ, ਇਸ ਗੁਰਦੁਆਰੇ ਦੇ ਨਾਲ ਇਕ ਸਹਿਕਾਰੀ ਬੈਂਕ ਸਥਾਪਿਤ ਕੀਤਾ ਗਿਆ ਜਿਸ ਰਾਹੀਂ ਲੋਕ ਆਪਣੀਆਂ ਨਿੱਕੀਆਂ ਮੋਟੀਆਂ ਲੋੜਾਂ ਪੂਰੀਆਂ ਕਰ ਸਕਦੇ ਸਨ। ਨਾਲ ਹੀ ਇਕ ਸਕੂਲ ਖੋਲ੍ਹਿਆ ਗਿਆ ਜਿੱਥੇ ਭਾਰਤੀ ਬੱਚਿਆ ਨੂੰ ਤਮਿਲ, ਤੇਲਗੂ, ਬੰਗਲਾ, ਉਰਦੂ ਅਤੇ ਪੰਜਾਬੀ ਦੀ ਸਿੱਖਿਆ ਦਿੱਤੀ ਜਾਣ ਲਗੀ। ਲੜਕੀਆਂ ਲਈ ਇਕ ਸਿੱਖਲਾਈ ਕੇਂਦਰ ਕਾਇਮ ਕੀਤਾ ਗਿਆ। ਗੁਰਦੁਆਰੇ ਵਿਚ ਹੀ ਇਕ ਲਾਇਬਰੇਰੀ ਸਥਾਪਿਤ ਕੀਤੀ ਗਈ ਜਿੱਥੇ ਸਿੱਖ ਧਰਮ ਤੋਂ ਛੁੱਟ ਅੰਗਰੇਜ਼ੀ ਅਤੇ ਪੰਜਾਬੀ ਵਿਚ ਰਚਿਤ ਸਹਿਤ, ਇਤਿਹਾਸ ਐਤ ਆਮ ਵਾਕਫ਼ੀ ਦੀਆਂ ਕਿਤਾਬਾਂ ਰਖਆਂ ਗਈਆਂ। ਇਕ ਪੰਜਾਬੀ ਸਾਹਿਤ ਸਭਾ (ਪੰਜਾਬੀ ਸਟਡੀ ਸਰਕਲ) ਦੀ ਸਥਾਪਨਾ ਕੀਤੀ ਗਈ। ਅਗੇ ਚਲ ਕੇ ਇਸ ਸਾਹਿਤ ਸਭਾ ਦੇ ਮੈਂਬਰਾਂ ਨੂੰ ਜਾਪਾਨੀਆਂ ਹੱਥੋਂ ਬੜੇ ਕਸ਼ਟ ਸਹਿਣੇ ਪਏ ਅਤੇ ਬਹੁਤਿਆਂ ਨੂੰ ਜਾਸੂਸੀ ਕਰਨ ਦੇ ਝੂਠੇ ਆਰੋਪ ਵਿਚ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਜਦੋਂ ਜਾਪਾਨੀਆਂ ਨੇ ਅੰਡੇਮਾਨ ਨਿਕੋਬਾਰ ਟਾਪੂਆਂ ਤੇ ਹਮਲਾ ਕੀਤਾ ਤਾਂ ਗੁਰਦੁਆਰੇ ਨਾਲ ਸਥਾਪਿਤ ਕੀਤੀ ਲਾਇਬਰੇਰੀ ਵੀ ਜਲਾ ਦਿੱਤੀ ਗਈ ਜਿਸ ਵਿਚ ਡਾ: ਦੀਵਾਨ ਸਿੰਘ ਨੇ ਬੜੀ ਮਿਹਨਤ ਨਾਲ ਨਾਯਾਬ ਪੁਸਤਕਾਂ ਇਕੱਤਰ ਕੀਤੀਆਂ ਸਨ।

ਡਾਕਟਰ ਦੀਵਾਨ ਸਿੰਘ ਬੜੇ ਕੋਮਲ ਦਿਲ ਦਾ ਮਾਲਕ ਸੀ। ਉਹ ਮਨੁੱਖੀ ਪੀੜਾ ਨਾਲ ਸਾਂਝ ਪਾਉਣ ਲਈ ਇਤਨਾ ਗਹਿਰਾ ਉਤਰ ਜਾਇਆ ਕਰਦਾ ਸੀ ਜਿਵੇਂ ਕਿ ਉਨ੍ਹਾਂ ਲੋਕਾਂ ਨਾਲ ਵਾਪਰੀ ਘਟਨਾ ਉਸਦੇ ਆਪਣੇ ਹੀ ਪ੍ਰਵਾਰ ਨਾਲ ਵਾਪਰੀ ਹੋਵੇ। ਇਕ ਵਾਰ ਉਸਨੇ ਇਕ ਇਖ਼ਲਾਕੀ ਕੈਦੀ ਦੀ ਬੱਚੀ ਦਾ ਇਲਾਜ ਕੀਤਾ। ਉਸਦੀਆਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਉਹ ਬੱਚੀ ਬਚ ਨਾ ਸਕੀ। ਉਹ ਬੱਚੀ ਬੜੀ ਪਿਆਰੀ, ਮਾਸੂਮ ਅਤੇ ਭੋਲੀ ਸੀ। ਉਸ ਦੀ ਮੌਤ ਦਾ ਦੀਵਾਨ ਸਿੰਘ ਨੂੰ ਇਤਨਾ ਗਹਿਰਾ ਸਦਮਾ ਲਗਾ ਕਿ ਉਹ ਲਗਾਤਾਰ ਛੇ ਮਹੀਨਿਆਂ ਤਕ ਹਰ ਸ਼ਾਮ ਉਨ੍ਹਾਂ ਦੇ ਘਰ ਜਾਕੇ ਉਸੇ ਕਮਰੇ ਵਿਚ ਬੈਠ ਕੇ ਪਾਠ ਕਰਦਾ ਰਿਹਾ ਜਿੱਥੇ ਉਸ ਬੱਚੀ ਨੇ ਪ੍ਰਾਣ ਤਿਆਗੇ ਸਨ। ਇਹ ਗੱਲ ਦੀਵਾਨ ਸਿੰਘ ਦੇ ਸਹਾਇਕ ਡਾ: ਪਿੰਟੋ ਨੇ ਦਸੀ ਸੀ ਜੋ ਕਿਸੇ ਤਰ੍ਹਾਂ ਜਾਪਾਨੀ ਤਸ਼ਦਦ ਦਾ ਸ਼ਿਕਾਰ ਹੋਣ ਤੋਂ ਬਚ ਗਿਆ ਸੀ। ਉਸਨੇ ਦਸਿਆ ਸੀ ਕਿ ਡਾ: ਦੀਵਾਨ ਸਿੰਘ ਮਨੁੱਖੀ ਸਾਂਝਾ ਅਤੇ ਪ੍ਰੀਤਾਂ ਦਾ ਮਸੀਹਾ ਸੀ ਜਿਸਨੇ ਹਿੰਦੂਆਂ, ਮੁਸਲਮਾਨਾਂ ਅਤੇ ਹੋਰ ਧਰਮਾਂ ਦੇ ਲੋਕਾਂ ਵਿਚ ਕਦੇ ਵਿਤਕਰਾ ਨਹੀਂ ਸੀ ਕੀਤਾ। ਉਹ ਦੇਸ਼ ਦੀ ਆਜ਼ਾਦੀ ਲਈ ਭਾਸ਼ਾਈ ਦੀਵਾਰਾਂ ਅਤੇ ਵਿਤਕਰਿਆਂ ਦੇ ਵਿਰੁੱਧ ਸੀ। ਉਹ ਟਾਪੂਆਂ ਵਿਚ ਵਸਦੇ ਭਾਰਤੀਆਂ ਦੇ ਮਨ ਵਿਚ ਸ੍ਵੈ ਅਣੱਖ ਤੇ ਦੇਸ਼ ਪਿਆਰ ਦੀ ਭਾਵਨਾਂ ਨੂੰ ਜਗਾ ਕੇ ਉਨ੍ਹਾਂ ਨੂੰ ਇਕ ਲੜੀ ਵਿਚ ਪਰੋਣਾ ਚਾਹੁੰਦਾ ਸੀ।

ਆਪਣੀ ਨੌਕਰੀ ਦੇ ਦੌਰਾਨ ਉਹ ਕਈ ਵਾਰ ਪੰਜਾਬ ਆਇਆ। ਉਹ ਜਦੋਂ ਵੀ ਛੁੱਟੀ ਆਉਂਦਾ ਆਪਣੇ ਪਿੰਡ ਜ਼ਰੂਰ ਜਾਂਦਾ। ਆਪਣੇ ਪੁਰਾਣੇ ਦੋਸਤਾਂ, ਮਿੱਤਰਾਂ ਤੇ ਬੇਲੀਆਂ ਨੂੰ ਮਿਲਦਾ, ਪੰਜਾਬੀ ਸਾਹਿਤਕਾਰਾਂ ਨੂੰ ਮਿਲਦਾ ਅਤੇ ਦਰਬਾਰ ਸਾਹਿਬ ਮੱਥਾ ਟੇਕਣ ਜਾਂਦਾ। ਦੇਸ਼ ਵਿਚ ਵੱਧ ਰਹੀ ਨਫ਼ਰਤ ਅਤੇ ਸੰਪ੍ਰਦਾਇਕ ਭਾਵਨਾ ਨੂੰ ਵੇਖ ਕੇ ਉਸਦਾ ਦਿਲ ਪੀੜਾ ਨਾਲ ਵਿਨ੍ਹਿਆਂ ਜਾਂਦਾ ਤੇ ਉਹ ਆਪਣੇ ਗਰਾਂਈਆਂ ਨੂੰ ਕਹਿੰਦਾ, 'ਇਹ ਦੇਸ਼, ਇਹ ਪੰਜਾਬ, ਇਹ ਧਰਤੀ ਸਾਡੀ ਸਾਰਿਆਂ ਦੀ ਸਾਂਝੀ ਹੈ। ਇਸ ਵਿਚ ਕੰਡੇ ਤੇ ਜ਼ਹਿਰ ਕਿਉਂ ਬੀਜਦੇ ਹੋ? ਆਓ ਅਸੀਂ ਰਲ ਕੇ ਸੁਗੰਧਾਂ ਦੀ ਕਿਆਰੀ ਲਾਈਏ ਤੇ ਇਸ ਧਰਤ ਨੂੰ ਖੁਸ਼ਬੂ ਖੁਸ਼ਬੂ ਕਰ

Digitized by Panjab Digital Library | www.panjabdigilib.org

ਦੇਈਏ।' 1939 ਵਿਚ ਉਸਨੇ ਆਖ਼ਰੀ ਵਾਰ ਪੰਜਾਬ ਦਾ ਚੱਕਰ ਲਾਇਆ ਤੇ ਫ਼ਿਰ ਇਕਦਮ ਸਾਰੇ ਵਿਸ਼ਵ ਦੇ ਰਾਜਸੀ ਹਾਲਾਤ ਬਦਲਣੇ ਸ਼ੁਰੂ ਹੋ ਗਏ।

1939 ਵਿਚ ਦੂਜੀ ਵਿਸ਼ਵ ਜੰਗ ਸ਼ੁਰੂ ਹੋ ਗਈ ਜਿਸ ਨੇ ਹੌਲੀ ਹੌਲੀ ਦੁਨੀਆਂ ਦੇ ਇਕ ਬਹੁਤ ਵਡੇ ਭਾਗ ਨੂੰ ਆਪਣੀ ਲਪੇਟ ਵਿਚ ਲੈ ਲਿਆ। 1938 ਵਿਚ ਉਸਦੀ ਪਹਿਲੀ ਕਾਵਿ ਪੁਸਤਕ 'ਵਗਦੇ ਪਾਣੀ' ਛਪੀ। ਦੀਵਾਨ ਸਿੰਘ ਕਾਲੇਪਾਣੀ ਨੇ ਵਿਸ਼ਵ ਵਿਚ ਹੋਣ ਵਾਲੀ ਇਸ ਤਬਾਹਕੁੰਨ ਉਥੱਲ ਪੁਥੱਲ ਨੂੰ ਪਹਿਲਾਂ ਹੀ ਅਨੁਭਵ ਕਰ ਲਿਆ ਸੀ। ਉਸ ਲਿਖਿਆ ਸੀ :

ਹਨੇਰੀ ਆ ਰਹੀ ਹੈ, ਹਨੇਰੀ<br>
ਇਨਕਲਾਬ ਦੀ, ਤਬਾਹੀ ਦੀ, ਤਬਦੀਲੀ ਦੀ<br>
ਹੇਠਲੀ ਉਤੇ ਹੋ ਜਾਏਗੀ, ਦਿਸੇਗਾ ਕੁਛ ਨਾਂਹ<br>
ਸਿਆਣ ਨ ਰਹੇਗੀ, ਕਿਸੇ ਨੂੰ ਕਿਸੇ ਦੀ<br>
ਕੀਮਤਾਂ ਸਭ ਬਦਲੀਆਂ ਜਾਵਸਨ॥

(ਵਗਦੇ ਪਾਣੀ)

ਦੇਸ਼ ਦੇ ਅੰਦਰ ਅਤੇ ਦੇਸ਼ ਤੋਂ ਬਾਹਰ ਭਾਰਤ ਦੀ ਆਜ਼ਾਦੀ ਚਾਹੁਣ ਵਾਲੇ ਇਸ 'ਹਨੇਰੀ' ਦਾ ਪੂਰਾ ਲਾਭ ਉਠਾਉਣਾ ਚਾਹੁੰਦੇ ਸਨ। ਉਹ ਅੰਗਰੇਜ਼ਾਂ ਨੂੰ ਮਜਬੂਰ ਕਰ ਦੇਣਾ ਚਾਹੁੰਦੇ ਸਨ ਕਿ ਉਹ ਭਾਰਤ ਨੂੰ ਛੱਡ ਕੇ ਚਲੇ ਜਾਣ। ਦੇਸ਼ ਤੋਂ ਬਾਹਰ ਜਤਨ ਸ਼ੀਲ ਸੁਭਾਸ਼ ਚੰਦਰ ਬੋਸ ਅਤੇ ਜਨਰਲ ਮੋਹਨ ਸਿੰਘ ਨੇ ਦੱਖਣ-ਪੂਰਬੀ ਦੇਸ਼ਾਂ ਵਿਚ ਤੈਨਾਤ ਭਾਰਤੀ ਸੈਨਿਕਾਂ ਅਤੇ ਭਾਰਤੀ ਮੂਲ ਦੇ ਲੋਕਾਂ ਦੀ ਸਹਾਇਤਾ ਅਤੇ ਸਹਿਯੋਗ ਨਾਲ I.N.A. ਦਾ ਗਠਨ ਕੀਤਾ। ਉਹ ਜਰਮਨ ਅਤੇ ਜਾਪਾਨੀਆਂ ਦੀ ਮਦਦ ਨਾਲ ਬਰਮਾ ਅਤੇ ਆਸਾਮ ਵਾਲੇ ਪਾਸੋਂ ਦੇਸ਼ ਵਿਚ ਦਾਖ਼ਲ ਹੋਕੇ ਅੰਗਰੇਜ਼ਾਂ ਨਾਲ ਫ਼ੈਸਲਾਕੁੰਨ ਜੰਗ ਕਰਨਾ ਚਾਹੁੰਦੇ ਸਨ ਤਾਕਿ ਦੇਸ਼ ਆਜ਼ਾਦ ਹੋ ਸਕੇ। ਜਾਪਾਨੀਆਂ ਦਾ ਪਹਿਲਾ ਨਿਸ਼ਾਨਾਂ ਅੰਡੇਮਾਨ ਨਿਕੋਬਾਰ ਦੇ ਟਾਪੂਆਂ ਨੂੰ ਜਿੱਤ ਕੇ I.N.A. ਦੇ ਸੈਨਿਕਾਂ ਅਤੇ ਨੇਤਾਵਾਂ ਨੂੰ ਸੌਂਪਣਾ ਸੀ। ਇਨ੍ਹਾਂ ਟਾਪੂਆਂ ਵਿਚ ਆਜ਼ਾਦ ਭਾਰਤ ਦਾ ਪਹਿਲਾ ਝੰਡਾ ਝੁਲਾਇਆ ਜਾਣਾ ਸੀ। ਜਾਪਾਨੀਆਂ ਨੇ 23 ਮਾਰਚ 1942 ਵਿਚ ਅੰਡੇਮਾਨ ਨਿਕੋਬਾਰ ਟਾਪੂਆਂ ਤੇ ਕਬਜ਼ਾ ਕਰ ਲਿਆ। ਉਨ੍ਹਾਂ ਦੇ ਆਉਣ ਤੋਂ ਪਹਿਲਾਂ ਟਾਪੂਆਂ ਵਿਚ ਤੈਨਾਤ ਅੰਗਰੇਜ਼ ਅਧਿਕਾਰੀਆਂ ਦੇ ਚੇਤਾਵਨੀ ਦੇਣ ਕਰਕੇ ਬਹੁਤ ਸਾਰੇ ਭਾਰਤੀ ਪ੍ਰਵਾਰਾਂ ਨੇ ਆਪਣੇ ਬਚਿਆਂ ਨੂੰ ਦੇਸ਼ ਰਵਾਨਾ ਕਰ ਦਿੱਤਾ ਸੀ। ਇਨ੍ਹਾਂ ਵਿਚ ਡਾਕਟਰ ਦੀਵਾਨ ਸਿੰਘ ਕਾਲੇਪਾਣੀ ਦੀ ਪਤਨੀ ਅਤੇ ਬੱਚੇ ਵੀ ਸ਼ਾਮਲ ਸਨ ਜੋ 2 ਜਨਵਰੀ 1942 ਨੂੰ 'ਮਹਾਰਾਜਾ' ਜਹਾਜ਼ ਰਾਹੀਂ ਕਲਕੱਤੇ ਲਈ ਰਵਾਨਾ ਹੋਏ। ਪ੍ਰਵਾਰ ਦੇ ਮਿੰਨਤਾਂ ਕਰਨ ਤੇ ਵੀ ਦੀਵਾਨ ਸਿੰਘ ਵਤਨ ਲਈ ਰਵਾਨਾ ਨਾ ਹੋਇਆ। ਉਹ 'ਕਾਲੇਪਾਣੀ' (ਅੰਡੇਮਾਨ) ਰਹਿਕੇ ਹੀ ਉਥੋਂ ਦੇ ਲੋਕਾਂ ਦੇ ਦੁੱਖ ਸੁੱਖ ਵਿਚ ਸ਼ਰੀਕ ਹੋਣਾ ਅਤੇ ਉਨ੍ਹਾਂ ਦੀ ਸਹਾਇਤਾ ਕਰਨੀ ਚਾਹੁੰਦਾ ਸੀ।

ਮਲਾਇਆ, ਬਰਮਾ, ਫ਼ਿਲਪੀਨ, ਜਾਵਾ, ਸਮਾਟਰਾ, ਬੋਰਨਿਓ, ਨਿਊਗਿਨੀ, ਅਤੇ ਸ਼ਾਂਤ ਮਹਾਂਸਾਗਰ ਦੇ ਅਨੇਕਾਂ ਟਾਪੂਆਂ ਤੇ ਕਾਬਜ਼ ਹੋ ਜਾਣ ਮਗਰੋਂ ਜਾਪਾਨੀਆਂ ਦੀ ਨੀਯਤ ਵਿਚ ਫ਼ਰਕ ਆ ਗਿਆ। ਦੀਵਾਨ ਸਿੰਘ ਕਾਲੇਪਾਣੀ ਨੇ ਇਹ ਅਨੁਭਵ ਕਰ ਲਿਆ ਸੀ ਕਿ ਇਨ੍ਹਾਂ ਦੀਆਂ

Digitized by Panjab Digital Library | www.panjabdigilib.org

ਸਾਮਰਾਜੀ ਰੁਚੀਆਂ ਕਾਰਨ ਲੰਮੇ ਸਮੇਂ ਲਈ ਇਨ੍ਹਾਂ ਕੋਲੋਂ ਸਹਾਇਤਾ ਦੀ ਆਸ ਰਖਣੀ ਫ਼ਜ਼ੂਲ ਹੋਵੇਗੀ।

ਅੰਡੇਮਾਨ ਨਿਕੋਬਾਰ ਟਾਪੂਆਂ ਵਿਚ I.N.A. ਦੀ ਇਕ ਯੂਨਿਟ ਅਤੇ ਇੰਡੀਅਨ ਇੰਡੀਪੈਂਡੈਂਸ ਲੀਗ ਸਥਾਪਿਤ ਕੀਤੀ ਗਈ ਜਿਸ ਦਾ ਪ੍ਰਧਾਨ ਅਤੇ ਸੰਚਾਲਕ ਡਾਕਟਰ ਦੀਵਾਨ ਸਿੰਘ ਨੂੰ ਬਣਾਇਆ ਗਿਆ। ਆਜ਼ਾਦੀ ਹਾਸਲ ਕਰਨ ਦੇ ਮਨੋਰਥ ਨਾਲ ਜਦੋਂ ਜੂਨ 1942 ਵਿਚ ਬੈਂਕਾਕ ਵਿਖੇ I.N.A. ਦੇ ਪਹਿਲੇ ਸੰਸਥਾਪਕ ਜਨਰਲ ਮੋਹਨ ਸਿੰਘ ਨੇ ਇਕ ਕਾਨਫ੍ਰੰਸ ਬੁਲਾਈ ਤਾਂ ਅੰਡੇਮਾਨ ਟਾਪੂਆਂ ਤੋਂ ਇਸ ਕਾਨਫਰੰਸ ਵਿਚ ਸ਼ਾਮਲ ਹੋਣ ਲਈ ਦੀਵਾਨ ਸਿੰਘ ਗਏ ਅਤੇ ਉਨ੍ਹਾਂ ਜਨਰਲ ਮੋਹਨ ਸਿੰਘ ਨੂੰ ਦਸਿਆ ਕਿ ਜਾਪਾਨੀਆਂ ਨੇ ਅੰਡੇਮਾਨ ਨਿਕੋਬਾਰ ਟਾਪੂਆਂ ਦੇ ਭਾਰਤੀਆਂ ਦੀ ਸਹਾਇਤਾ ਤਾਂ ਕੀ ਕਰਨੀ ਸੀ ਸਗੋਂ ਉਨ੍ਹਾਂ ਨੇ ਇਨ੍ਹਾਂ ਲੋਕਾਂ ਤੇ ਬੜੇ ਜ਼ੁਲਮ ਕਰਨੇ ਸ਼ੁਰੂ ਕਰ ਦਿੱਤੇ ਹਨ। ਉਹ ਹਰ ਭਾਰਤੀ ਨੂੰ ਅੰਗਰੇਜ਼ਾਂ ਦਾ ਜਾਸੂਸ ਤੇ ਵਫ਼ਾਦਾਰ ਸਮਰਥਕ ਸਮਝਦੇ ਹਨ। ਉਨ੍ਹਾਂ ਦੇ ਅਧਿਕਾਰ ਥਲੇ ਆਏ ਇਲਾਕਿਆਂ ਵਿਚ ਸਾਡੇ ਲੋਕਾਂ ਦੀ ਇਜ਼ਤ ਤੇ ਜ਼ਿੰਦਗੀ ਸੁਰਖਸ਼ਿਤ ਨਹੀਂ। ਸ੍ਰ: ਮਹਿੰਦਰ ਸਿੰਘ ਢਿਲੋਂ ਨੇ ਆਪਣੀ ਪੁਸਤਕ 'A Titan in the Andamans' ਵਿਚ ਇਸ ਗੱਲ ਨੂੰ ਸਵੀਕਾਰ ਨਹੀਂ ਕੀਤਾ ਕਿ ਉਹ ਕਦੇ ਵੀ ਅੰਡੇਮਾਨ ਛੱਡ ਕੇ ਕਿਸੇ ਹੋਰ ਦੱਖਣ ਪੂਰਬੀ ਦੇਸ਼ ਵਿਚ ਗਏ ਹੋਣ, ਪਰ ਹਾਂ ਉਨ੍ਹਾਂ ਨੇ ਕਾਲੇਪਾਣੀ ਦੇ ਲੋਕਾਂ ਨੂੰ ਜਾਪਾਨੀ ਵਧੀਕੀਆਂ ਅਤੇ ਜ਼ੁਲਮਾਂ ਤੋਂ ਆਗਾਹ ਕਰਨਾ ਸ਼ੁਰੂ ਕਰ ਦਿੱਤਾ ਸੀ। ਇਸ ਵਿਚ ਬਹੁਤਾ ਦੋਸ਼ ਜਾਪਾਨੀ ਫ਼ੌਜੀਆਂ ਦਾ ਨਹੀਂ ਸਗੋਂ ਉਨ੍ਹਾਂ ਅਫ਼ਸਰਾਂ ਅਤੇ ਪੁਲਿਸ ਕਰਮਚਾਰੀਆਂ ਦਾ ਸੀ ਜਿਨ੍ਹਾਂ ਨੂੰ ਜਿੱਤੇ ਹੋਏ ਇਲਾਕਿਆਂ ਦਾ ਪ੍ਰਬੰਧ ਕਰਨ ਲਈ ਤੈਨਾਤ ਕੀਤਾ ਗਿਆ ਸੀ। ਅਤਿ ਚੁੱਕਣ ਵਾਲੇ ਜਾਪਾਨੀ ਅਫਸਰਾਂ ਵਿਚ ਮਿਤਸੂਬਾਸ਼ੀ, ਹਾਸ਼ੀਦਾ, ਹੰਗਾਨੇ, ਕਾਚੋ ਅਤੇ ਸੂਈਕੀ ਸਨ ਜਿਨ੍ਹਾਂ ਨਾਲ ਟਾਪੂਆਂ ਦੇ ਕੁਝ ਮੌਕਾ ਪ੍ਰਸਤ ਭਾਰਤੀ ਅਫ਼ਸਰ ਵੀ ਰਲ ਗਏ ਸਨ। ਉਨ੍ਹਾਂ ਨੇ ਆਪਣੇ ਹੀ ਲੋਕਾਂ ਦੀ ਜ਼ਿੰਦਗੀ ਨਰਕ ਬਣਾ ਦਿੱਤੀ ਸੀ।

ਆਏ ਦਿਨ ਜਾਪਾਨੀ ਅਧਿਕਾਰੀਆਂ ਦੇ ਵੱਧ ਰਹੇ ਜ਼ੁਲਮ ਨੂੰ ਠਲ੍ਹ ਪਾਉਣ ਅਤੇ ਨਿਰਦੋਸ਼ ਲੋਕਾਂ ਨੂੰ ਉਨ੍ਹਾਂ ਦੀਆਂ ਵਧੀਕੀਆਂ ਦਾ ਸ਼ਿਕਾਰ ਹੋਣ ਤੋਂ ਬਚਾਉਣ ਲਈ ਜੁਲਾਈ 1942 ਵਿਚ ਇਕ ਅਮਨ ਕਮੇਟੀ ਅਤੇ ਸੇਵਾ ਸਮਿਤੀ ਦਾ ਗਠਨ ਕੀਤਾ ਗਿਆ ਜਿਸਦਾ ਚੇਅਰਮੈਨ ਡਾਕਟਰ ਦੀਵਾਨ ਸਿੰਘ ਨੂੰ ਬਣਾਇਆ ਗਿਆ। ਸ਼ੁਰੂ ਸ਼ੁਰੂ ਵਿਚ ਤਾਂ ਅਧਿਕਾਰੀ ਵੀ ਡਾ: ਦੀਵਾਨ ਸਿੰਘ ਦੀ ਬੜੀ ਇਜ਼ਤ ਕਰਦੇ ਸਨ ਪਰ ਜਲਦੀ ਹੀ ਉਹ ਇਨ੍ਹਾਂ ਦੀ ਅਥਾਹ ਲੋਕ ਪ੍ਰਿਯਤਾ ਤੋਂ ਘਬਰਾ ਗਏ ਤੇ ਉਹ ਇਨ੍ਹਾਂ ਨੂੰ ਸ਼ਕ ਦੀ ਨਿਗਾਹ ਨਾਲ ਵੇਖਣ ਲਗ ਪਏ ਕਿ ਕਿਤੇ ਇਹ ਵੀ ਅੰਗਰੇ ਜ਼ਾਂ ਦਾ ਜਾਸੂਸ ਤਾਂ ਨਹੀਂ ਜੋ ਉਨ੍ਹਾਂ ਦੀ ਨੌਕਰੀ ਕਰਦਿਆਂ ਵੀ ਆਪਣੇ ਦੇਸ਼ ਵਾਸੀਆਂ ਲਈ ਇਤਨਾ ਕੁਝ ਕਰੀ ਜਾ ਰਿਹਾ ਹੈ।

ਇਕ ਦਿਨ ਦੀਵਾਨ ਸਿੰਘ ਆਪਣੇ ਸਹਿਯੋਗੀ ਡਾਕਟਰ ਪਿੰਟੋ ਦੇ ਘਰ ਬੈਠਾ ਹੋਇਆ ਸੀ ਕਿ ਉਹ ਦੀਵਾਰ ਤੇ ਟੰਗੀ ਈਸਾ ਮਸੀਹ ਦੀ ਤਸਵੀਰ ਵਲ ਟਿਕ ਟਿਕੀ ਲਗਾ ਕੇ ਵੇਖਣ ਲਗ ਪਿਆ। ਜਦੋਂ ਡਾਕਟਰ ਪਿੰਟੋ ਨੇ ਦੀਵਾਨ ਸਿੰਘ ਤੋਂ ਪੁਛਿਆ ਕਿ ਉਹ ਇਤਨੀ ਨੀਝ ਲਗਾ ਕੇ ਕੀ ਵੇਖ ਰਿਹਾ ਹੈ ਤਾਂ ਦੀਵਾਨ ਸਿੰਘ ਨੇ ਬੜੇ ਗੰਭੀਰ ਸੁਰ ਵਿਚ ਕਿਹਾ, 'ਲਗਦਾ ਹੈ ਮੈਂ ਵੀ ਕਿਸੇ ਦਿਨ ਈਸਾ ਵਰਗੀ ਮੌਤ ਮਰਾਂਗਾ'।

Digitized by Panjab Digital Library | www.panjabdigilib.org

ਸੂਲੀ ਉਤੇ ਸਵਾਦ ਹੈ, ਜੋ ਫੁੱਲ ਸੇਜਾਂ ਤੇ ਨਹੀਂ
ਫਾਂਸੀ ਵਿਚ ਉਹ ਸੁੱਖ ਹੈ, ਕਿ ਹਕਮੂਤ ਵਿਚ ਨਹੀਂ॥
(ਵਗਦੇ ਪਾਣੀ)

ਹਾਸ਼ੀਦਾ, ਕਾਚੋ ਤਾਂ ਲਹੂ ਤਿਹਾਏ ਸਾਜ਼ਸ਼ੀ ਸਨ। ਉਹ ਟਾਪੂਆਂ ਤੇ ਵਸਣ ਵਾਲੇ ਭਾਰਤੀ ਅਤੇ ਖ਼ਾਸ ਕਰਕੇ ਸਿੱਖਾਂ ਦੇ ਕਟੜ ਵੈਰੀ ਬਣ ਗਏ। ਇਸ ਦਾ ਕਾਰਨ ਇਹੀ ਸੀ ਕਿ I.N.A. ਦਾ ਨੇਤਾ ਜਨਰਲ ਮੋਹਨ ਸਿੰਘ ਉਨ੍ਹਾਂ ਦੀਆਂ ਕੁਟਲ ਨੀਤੀਆਂ ਦੇ ਜਾਲ ਵਿਚ ਨਹੀਂ ਸੀ ਫ਼ਸਿਆ ਅਤੇ ਨਾ ਹੀ ਉਸ ਨੇ ਜਾਪਾਨੀਆਂ ਦੀ ਅਧੀਨਗੀ ਥਲੇ ਰਹਿ ਕੇ ਕੰਮ ਕਰਨਾ ਸਵੀਕਾਰ ਕੀਤਾ ਸੀ।

ਦੇਸ਼ ਦੀ ਵੰਡ ਤੋਂ ਪਹਿਲਾਂ, ਹਿੰਦੁਸਤਾਨ ਵਿਚ ਫ਼ੈਲੀ ਫਿਰਕੂ ਅੱਗ ਨੇ ਇਨ੍ਹਾਂ ਟਾਪੂਆਂ ਨੂੰ ਵੀ ਪ੍ਰਭਾਵਿਤ ਕਰ ਦਿੱਤਾ ਸੀ। ਇਥੋਂ ਦੇ ਕਈ ਮੁਸਲਮਾਨ ਜਾਪਾਨੀਆਂ ਦੇ ਪਿੱਠੂ ਬਣ ਗਏ ਤੇ ਉਨ੍ਹਾਂ ਨੇ ਨਿੱਤ ਨਵੀਆਂ ਸ਼ਕਾਇਤਾਂ ਦਾ ਜਾਲ ਬੁਣ ਕੇ ਬੇਗੁਨਾਹਾਂ ਲੋਕਾਂ ਨੂੰ ਫ਼ਸਾਉਣਾ ਸ਼ੁਰੂ ਕਰ ਦਿੱਤਾ। ਇਨ੍ਹਾਂ ਮੁਸਲਮਾਨਾਂ ਵਿਚੋਂ ਮੁਰਾਦ ਅਲੀ, ਸੰਘਰ ਖਾਂ ਅਤੇ ਸ਼ੇਰ ਅਲੀ ਵਧੇਰੇ ਸਰਗਰਮ ਸਨ। ਇਕ ਡਾਕਟਰ ਰਾਮਾਨੰਦ ਵੀ ਖ਼ੁਦਗ਼ਰਜ਼ੀ ਦਾ ਸ਼ਿਕਾਰ ਹੋਕੇ ਇਨ੍ਹਾਂ ਜਾਪਾਨੀਆਂ ਦੇ ਅੱਡੇ ਚੜ੍ਹ ਗਿਆ ਸੀ। ਉਹ ਡਾਕਟਰ ਦੀਵਾਨ ਸਿੰਘ ਕਾਲੇ ਪਾਣੀ ਦੇ ਵਿਰੁੱਧ ਸਾਜ਼ਸ਼ਾਂ ਕਰਨ ਲਗ ਪਿਆ ਤਾਂਕਿ ਡਾਕਟਰ ਦੀਵਾਨ ਸਿੰਘ ਨੂੰ ਉਸਦੇ ਅਹੁਦੇ ਤੋਂ ਹਟਾ ਕੇ ਉਹ ਆਪ ਟਾਪੂਆਂ ਦਾ ਵਡਾ ਡਾਕਟਰ ਹੋਣ ਦੀ ਪਦਵੀ ਹਾਸਲ ਕਰ ਸਕੇ। ਡਾਕਟਰ ਰਾਮਾਨੰਦ ਆਮ ਤੌਰ ਤੇ ਹਸਪਤਾਲ ਦੀਆਂ ਦਵਾਈਆਂ ਤੇ ਚਦਰਾਂ ਚੋਰੀ ਕਰਕੇ ਲੈ ਜਾਇਆ ਕਰਦਾ ਸੀ ਜਿਨ੍ਹਾਂ ਨੂੰ ਉਹ ਆਪਣੇ ਨਿੱਜੀ ਇਸਤੇਮਾਲ ਲਈ ਵਰਤ ਲਿਆ ਕਰਦਾ ਜਾਂ ਵੇਚ ਦਿੰਦਾ ਸੀ। ਉਸਦੀਆਂ ਅਜੇਹੀਆਂ ਹਰਕਤਾਂ ਕਰਕੇ ਡਾਕਟਰ ਦੀਵਾਨ ਸਿੰਘ ਉਸ ਨੂੰ ਕਈ ਵਾਰ ਡਾਂਟ ਚੁਕਾ ਸੀ ਤੇ ਉਹ ਉਸੇ ਦਿਨ ਤੋਂ ਦੀਵਾਨ ਸਿੰਘ ਦਾ ਕਟੜ ਵੈਰੀ ਬਣ ਗਿਆ ਸੀ।

ਦੂਜੀ ਵਿਸ਼ਵ ਜੰਗ ਜਿਉਂ ਜਿਉਂ ਅਗੇ ਵਧਦੀ ਚਲੀ ਜਾ ਰਹੀ ਸੀ, ਉਸ ਨਾਲ ਕਈ ਯੁੱਧ ਖੇਤਰਾਂ ਵਿਚ ਜਰਮਨੀ, ਜਾਪਾਨ ਅਤੇ ਇਟਲੀ ਆਦਿ ਸਾਥੀ ਦੇਸ਼ਾਂ ਦੀ ਹਾਲਤ ਪਤਲੀ ਹੁੰਦੀ ਜਾ ਰਹੀ ਸੀ। ਅਮਰੀਕਾ ਦੇ ਜੰਗ ਵਿਚ ਕੁੱਦ ਪੈਣ ਨਾਲ ਮਿੱਤਰ ਦੇਸ਼ਾਂ ਦੀ ਸ਼ਕਤੀ ਵਿਚ ਹੋਰ ਵਾਧਾ ਹੋ ਗਿਆ ਸੀ। ਥਾਂ ਥਾਂ ਤੇ ਹੋਣ ਵਾਲੇ ਆਪਣੇ ਜੰਗੀ ਨੁਕਸਾਨ ਦੇ ਪਿੱਛੇ ਜਾਪਾਨੀਆਂ ਨੂੰ ਲਗਦਾ ਸੀ ਕਿ ਕੁਝ ਗੁਪਤ ਏਜੈਂਸੀਆਂ ਜਾਂ ਵਿਅਕਤੀ ਅੰਗਰੇਜ਼ਾਂ ਨਾਲ ਮਿਲੇ ਹੋਏ ਹਨ ਜੋ ਸਾਡੀ ਜਾਸੂਸੀ ਕਰਕੇ ਹਰ ਖ਼ਬਰ ਅੰਗਰੇਜ਼ਾਂ ਤਕ ਪਹੁਚਾਂਦੇ ਰਹਿੰਦੇ ਹਨ। ਡਾਕਟਰ ਦੀਵਾਨ ਸਿੰਘ ਦੀ ਲੋਕ-ਪ੍ਰਿਯਤਾ ਨੂੰ ਨਾਪਸੰਦ ਕਰਨ ਵਾਲੇ ਲੋਕ ਜਾਪਾਨੀ ਅਫ਼ਸਰਾਂ ਕੋਲ ਦੀਵਾਨ ਸਿੰਘ ਦੀਆਂ ਸ਼ਕਾਇਤਾਂ ਕਰਿਆ ਕਰਦੇ ਸਨ ਕਿ ਉਨ੍ਹਾਂ ਜਾਸੂਸਾਂ ਦਾ ਸਰਕਰਦਾ ਨੇਤਾ ਦੀਵਾਨ ਸਿੰਘ ਹੈ ਜੋ ਲੋਕਾਂ ਵਿਚ ਜਾਪਾਨੀਆਂ ਵਿਰੁੱਧ ਪ੍ਰਚਾਰ ਕਰਦਾ ਰਹਿੰਦਾ ਹੈ। ਲਗਾਤਾਰ ਮਿਲਦੀਆਂ ਸ਼ਕਾਇਤਾਂ (ਜੋ ਕਿ ਸਰਾਸਰ ਝੂਠੀਆਂ ਤੇ ਬੇ-ਬੁਨਿਆਦ ਸਨ) ਜਾਪਾਨੀ ਅਫ਼ਸਰ ਸਿਰੇਕਾਨ ਨੇ ਦੀਵਾਨ ਸਿੰਘ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਜਾਰੀ ਕਰ ਦਿੱਤਾ।

23 ਅਕਤੂਬਰ 1943 ਦਾ ਦਿਨ। ਸਵੇਰ ਦਾ ਵਕਤ ਸੀ। ਡਾਕਟਰ ਦੀਵਾਨ ਸਿੰਘ ਆਪਣੇ ਸਹਿਇਕ ਡਾਕਟਰ ਪਿੰਟੋ ਦੇ ਘਰ ਗਏ ਤੇ ਕਹਿਣ ਲਗੇ, 'ਅਜ ਜਲਦੀ ਤਿਆਰ ਹੋ ਜਾਣਾ, ਹਸਪਤਾਲ ਲਈ ਕੁਝ ਰਸਦ ਪਾਣੀ ਲਿਆਉਣਾ ਹੈ'। ਇਹ ਕਹਿ ਕੇ ਉਹ ਘਰ ਚਲੇ

Digitized by Panjab Digital Library | www.panjabdigilib.org

ਗਏ। ਡਾਕਟਰ ਪਿੰਟੋ ਉਨ੍ਹਾਂ ਦੇ ਆਉਣ ਦੀ ਉਡੀਕ ਕਰਨ ਲਗ ਪਿਆ। ਦੁਪਹਿਰ ਇਕ ਵਜੇ ਦੇ ਕਰੀਬ ਉਸਨੂੰ ਪਤਾ ਲਗਾ ਕਿ ਜਾਪਾਨੀ ਪੁਲਿਸ ਅਧਿਕਾਰੀ ਦੀਵਾਨ ਸਿੰਘ ਨੂੰ ਪਕੜਕੇ ਲੈ ਗਏ ਹਨ ਤੇ ਜੇਲ੍ਹ ਵਿਚ ਬੰਦ ਕਰ ਦਿੱਤਾ ਹੈ। ਗ੍ਰਿਫ਼ਤਾਰ ਕਰਨ ਵਾਲਿਆਂ ਵਿਚ ਹਾਸ਼ੀਦਾ, ਹੰਗਾਨੇ -ਓ-ਜ਼ਾਕੀ ਅਤੇ ਮੁਰਾਦ ਅਲੀ ਸ਼ਾਮਲ ਸਨ। ਦੀਵਾਨ ਸਿੰਘ ਨੂੰ ਕਾਲੇਪਾਣੀ ਦੀ ਵਡੀ ਜੇਲ੍ਹ ਦੀ ਛੇ ਨੰਬਰ ਕੋਠੜੀ ਵਿਚ ਲਿਜਾਇਆ ਗਿਆ। ਇੱਥੇ ਫੜ ਕੇ ਲਿਆਂਦੇ 'ਦੋਸ਼ੀਆਂ' ਕੋਲੋਂ ਮਾਰ ਕੁਟਾਈ ਕਰ ਕੇ 'ਜੁਰਮ' ਕਬੂਲ ਕਰਵਾਇਆ ਜਾਂਦਾ ਸੀ। ਦੀਵਾਨ ਸਿੰਘ ਤੇ ਜਾਸੂਸੀ ਕਰਨ ਦਾ ਇਲਜ਼ਾਮ ਸੀ ਕਿ ਉਹ ਜਾਪਾਨੀਆਂ ਦਾ ਭੇਤ ਅੰਗਰੇਜ਼ਾਂ ਤਕ ਪਹੁੰਚਾਂਦਾ ਰਿਹਾ ਹੈ। ਜੇਲ੍ਹ ਵਿਚ ਲਿਆਉਣ ਦੇ ਨਾਲ ਹੀ ਦੀਵਾਨ ਸਿੰਘ ਤੇ ਮਾਰ ਕੁਟਾਈ ਦਾ ਦੌਰ ਸ਼ੁਰੂ ਹੋ ਗਿਆ। ਤਸ਼ਦਦ ਦਾ ਇਹ ਦੌਰ 82 ਦਿਨ ਤਕ ਜਾਰੀ ਰਿਹਾ। ਇਸ ਸਮੇਂ ਦੌਰਾਨ ਜਾਪਾਨੀ ਅਧਿਕਾਰੀਆਂ ਨੇ ਉਨ੍ਹਾਂ, ਕੋਲੋਂ ਇਹ ਇਕਬਾਲ ਕਰਵਾਉਣ ਦੀ ਹਰ ਚੰਦ ਕੋਸ਼ਿਸ਼ ਕੀਤੀ ਕਿ ਉਹ ਅੰਗਰੇਜ਼ਾਂ ਦੇ ਜਾਸੂਸ ਹਨ। ਦੀਵਾਨ ਸਿੰਘ ਹਮੇਸ਼ਾਂ ਇਹੀ ਕਹਿੰਦੇ ਰਹੇ ਕਿ ਇਹ ਸਰਾ ਸਰ ਝੂਠ ਹੈ। ਉਹ ਸਰਕਾਰੀ ਨੌਕਰ ਜ਼ਰੂਰ ਹਨ ਪਰ ਇਹੋ ਜਹੀਆਂ ਘਟੀਆ ਤੇ ਨੀਚ ਗੱਲਾਂ ਨਾਲ ਉਨ੍ਹਾਂ ਦਾ ਦੂਰ ਦਾ ਵੀ ਕੋਈ ਵਾਸਤਾ ਨਹੀਂ। ਉਨ੍ਹਾਂ ਇਹ ਵੀ ਕਿਹਾ ਕਿ ਤੁਸੀ ਬੇਗੁਨਾਂਹਾਂ ਤੇ ਜ਼ੁਲਮ ਢਾ ਰਹੇ ਹੋ। ਤੁਸੀਂ ਮੈਨੂੰ ਮਾਰ ਸਕਦੇ ਹੋ ਪਰ ਸਖ਼ਤੀਆਂ ਕਰ ਕੇ ਮੇਰੇ ਕੋਲੋਂ ਝੂਠ ਨਹੀਂ ਬੁਲਵਾ ਸਕਦੇ।

ਦੀਵਾਨ ਸਿੰਘ ਕਾਲੇਪਾਣੀ ਦੀ ਜੀਵਨੀ ਵਿਚ ਸੂਬਾ ਸਿੰਘ ਲਿਖਦੇ ਹਨ ਕਿ ਪਹਿਲੇ ਪੰਦਰਾਂ ਦਿਨਾਂ ਵਿਚ ਉਨ੍ਹਾਂ ਉਪਰ ਉਹ ਅਤਿਆਚਾਰ ਕੀਤੇ ਗਏ ਕਿ ਜੋ ਬਿਆਨ ਨਹੀਂ ਕੀਤੇ ਜਾ ਸਕਦੇ। ਕੋਈ ਗੈਬੀ ਸ਼ਕਤੀ ਸੀ ਕਿ ਉਹ ਇਤਨੇ ਅਤਿਆਚਾਰ ਸਹਿ ਕੇ ਵੀ ਡਟੇ ਰਹੇ ਅਤੇ ਝੂਠੀ ਗੱਲ ਦਾ ਇਕਬਾਲ ਨਹੀਂ ਕੀਤਾ। ਜਾਪਾਨੀ ਉਨ੍ਹਾਂ ਨੂੰ ਬਿਜਲੀ ਦੀਆਂ ਤਾਰਾਂ ਲਾਉਂਦੇ, ਕਾਠ ਮਾਰਦੇ, ਅੰਗ ਅੰਗ ਨੂੰ ਜਲਦੀ ਮੋਮ ਬਤੀ ਤੇ ਸਿਗਰਟਾਂ ਦੇ ਬੱਟ ਨਾਲ ਸਹਿਜੇ ਸਹਿਜੇ ਸਾੜਦੇ, ਉਨ੍ਹਾਂ ਦੇ ਵਾਲ ਪੁਟਦੇ ਅਤੇ ਭਖਦੇ ਜੰਮੂਰਾਂ ਨਾਲ ਮਾਸ ਨੋਚਦੇ... ਪਰ ਇਤਨਾਂ ਕੁਝ ਹੋਣ ਤੇ ਵੀ ਉਨ੍ਹਾਂ ਸੀਅ ਨਹੀਂ ਸੀ ਕੀਤੀ ਤੇ ਨਾ ਹੀ ਉਨ੍ਹਾਂ ਦੀ ਅੱਖ ਵਿਚ ਅਥਰੂ ਆਇਆ ਸੀ। ਜੇ ਉਨ੍ਹਾਂ ਦੀ ਜ਼ਬਾਨ ਤੋਂ ਕੋਈ ਸ਼ਬਦ ਨਿਕਲਦਾ ਵੀ ਤਾਂ ਉਹ ਸੀ 'ਵਾਹਿਗੁਰੂ', 'ਵਾਹਿਗੁਰੂ' ਜਾਂ ਫਿਰ 'ਨਹੀਂ, ਨਹੀਂ', ਭਾਵ ਮੇਰੇ ਤੇ ਲਗਾਇਆ ਗਿਆ ਇਲਜ਼ਾਮ ਗ਼ਲਤ ਹੈ, ਸਰਾ ਸਰਾ ਝੂਠਾ ਤੇ ਬੇ-ਬੁਨਿਆਦ ਹੈ, ਮੈਂ ਕਿਸੇ ਦਾ ਜਾਸੂਸ ਨਹੀਂ। ਦੀਵਾਨ ਸਿੰਘ ਨਾਲ ਕਈ ਉਹ ਬੇਗੁਨਾਹਾ ਵੀ ਪਕੜੇ ਗਏ ਸਨ ਜੋ ਹਸਪਤਾਲ ਵਿਚ ਉਨ੍ਹਾਂ ਕੋਲੋਂ ਦਵਾਈ ਲੈਣ ਆਇਆ ਕਰਦੇ ਸਨ। ਪੰਜਾਬੀ ਸਾਹਿਤ ਸਭਾ ਦੇ ਉਹ ਸਾਰੇ ਮੈਂਬਰ ਵੀ ਪਕੜ ਲਏ ਗਏ ਜਿਨ੍ਹਾਂ ਦੇ ਨਾਮ ਸਾਹਿਤ ਸਭਾ ਦੇ ਰਜਿਸਟਰ ਵਿਚ ਦਰਜ ਸਨ। ਜਾਪਾਨੀ ਅਧਿਕਾਰੀਆਂ ਵਲੋਂ ਇਨ੍ਹਾਂ ਮੈਂਬਰਾਂ ਤੇ ਵੀ ਖ਼ੌਫ਼ਨਾਕ ਅਤਿਆਚਾਰ ਕੀਤੇ ਗਏ। ਇਨ੍ਹਾਂ ਨੂੰ ਟਿਕਟਿਕੀ (ਸ਼ਕੰਜੇ) ਵਿਚ ਕਸ ਕੇ ਮਾਰਿਆ ਗਿਆ। ਥਾਂ ਥਾਂ ਤੋਂ ਸਰੀਰ ਦੇ ਅੰਗਾਂ ਨੂੰ ਜਲਾਇਆ ਗਿਆ ਅਤੇ ਹੋਰ ਕਈ ਤਰ੍ਹਾਂ ਦੇ ਅਸਹਿ ਤੇ ਅਕਹਿ ਕਸ਼ਟ ਦਿੱਤੇ ਗਏ, ਪਰ ਉਨ੍ਹਾਂ ਵਿਚੋਂ ਇਕ ਦੋ ਨੂੰ ਛੱਡ ਕੇ ਕਿਸੇ ਨੇ ਵੀ ਝੂਠ ਬੋਲ ਕੇ ਜਾਨ ਛੁਡਾਉਣ ਦਾ ਕਲੰਕ ਆਪਣੇ ਸਿਰ ਨਾ ਲਿਆ। ਉਹ ਨਿਰਦੋਸ਼ ਸਨ। ਬੇਗੁਨਾਹਾ ਸਨ। ਇਸ ਲਈ ਉਹ ਇਕਬਾਲੇ ਜੁਰਮ ਕਰਦੇ ਵੀ ਤਾਂ ਕਾਹਦਾ ਕਰਦੇ? ਸੂਬਾ ਸਿੰਘ ਨੇ ਇਨ੍ਹਾਂ ਅਭਾਗੇ ਮੈਂਬਰਾਂ ਦੀ ਗਿਣਤੀ ਚਾਲੀ ਲਿਖੀ ਹੈ। ਮਗਰੋਂ ਇਨ੍ਹਾਂ ਨੂੰ ਧੰਨੀ ਖਾੜੀ ਦੇ ਨੇੜੇ ਲਿਜਾਕੇ, ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ।

Digitized by Panjab Digital Library | www.panjabdigilib.org

ਬੈਂਕਾਕ ਕਾਨਫਰੰਸ ਵਿਚ ਇਹ ਕਿਹਾ ਗਿਆ ਸੀ ਕਿ ਸੁਭਾਸ਼ ਚੰਦਰ ਬੋਸ ਨੂੰ ਜਰਮਨੀ ਤੋਂ ਬੁਲਾਇਆ ਜਾਵੇ। ਜਾਪਾਨੀ ਅਧਿਕਾਰੀ ਅੰਡੇਮਾਨ ਨਿਕੋਬਾਰ ਟਾਪੂਆਂ ਦੇ ਅਧਿਕਾਰ I.N.A. ਦੁਆਰਾ ਸਥਾਪਿਤ ਆਜ਼ਾਦ ਹਿੰਦ ਫ਼ੌਜ ਦੀ ਆਰਜ਼ੀ ਸਰਕਾਰ ਨੂੰ ਸੌਂਪਣ ਬਾਰੇ ਵਿਚਾਰ ਕਰ ਰਹੇ ਸਨ। ਸੁਭਾਸ਼ ਚੰਦਰ ਬੋਸ 23 ਜੁਲਾਈ 1943 ਨੂੰ ਡੁਬਕਣੀ ਕਿਸ਼ਤੀ (U-Boat) ਰਾਹੀਂ ਸਿੰਗਾਪੁਰ ਪਹੁੰਚ ਗਏ। 29 ਅਕਤੂਬਰ 1943 ਨੂੰ ਸਿੰਗਾਪੁਰ ਵਿਖੇ ਆਜ਼ਾਦ ਹਿੰਦ ਦੀ ਆਰਜ਼ੀ ਸਰਕਾਰ, ਰਸਮੀ ਤੌਰ ਤੇ ਕਾਇਮ ਕੀਤੀ ਗਈ। 5 ਨਵੰਬਰ 1943 ਨੂੰ ਜਾਪਾਨ ਦੇ ਪ੍ਰਧਾਨ ਮੰਤਰੀ ਜਨਰਲ ਤੇਜੋ ਨੇ ਅੰਡੇਮਾਨ ਨਿਕੋਬਾਰ ਟਾਪੂਆਂ ਨੂੰ ਇਸ ਆਰਜ਼ੀ ਸਰਕਾਰ ਦੇ ਹਵਾਲੇ ਕਰ ਦੇਣ ਦਾ ਐਲਾਨ ਪਾਰਲੀਮੈਂਟ ਵਿਚ ਕੀਤਾ। 29 ਨਵੰਬਰ 1943 ਨੂੰ ਸੁਭਾਸ਼ ਚੰਦਰ ਬੋਸ ਪੋਰਟ ਬਲੇਅਰ ਪਹੁੰਚੇ । ਐਡਮੀਰਲ ਇਸ਼ੀਕਾਵਾ ਅਤੇ ਜਾਪਾਨੀ ਫ਼ੌਜਾਂ ਦੇ ਕਮਾਂਡਰ ਉਨ੍ਹਾਂ ਦੇ ਸੁਆਗਤ ਲਈ ਉੱਥੇ ਪਹੁੰਚੇ ਹੋਏ ਸਨ। ਇਨ੍ਹਾਂ ਟਾਪੂਆਂ ਉਤੇ ਪਹਿਲੀ ਵਾਰ ਆਜ਼ਾਦ ਭਾਰਤ ਦਾ ਝੰਡਾ ਲਹਿਰਾਇਆ ਜਾਣਾ ਸੀ। ਪਰ ਆਮ ਲੋਕਾਂ ਵਿਚ ਸੁਭਾਸ਼ ਦੇ ਇੱਥੇ ਪਹੁੰਚਣ ਉਤੇ ਕੋਈ ਉਤਸ਼ਾਹ ਦਿਖਾਈ ਨਹੀਂ ਸੀ ਦੇ ਰਿਹਾ। ਉਹ ਜਾਣਦੇ ਸਨ ਕਿ ਅੰਗਰੇਜ਼ਾਂ ਦੀ ਗੁਲਾਮੀ ਦਾ ਜੂਲਾ ਲਾਹ ਕੇ ਉਹ ਇਕ ਹੋਰ ਸਾਮਰਾਜੀ ਸ਼ਕਤੀ-ਜਾਪਾਨ ਦੇ ਸ਼ਕੰਜੇ ਵਿਚ ਫ਼ਸ ਗਏ ਸਨ। ਟਾਪੂਆਂ ਦਾ ਅਧਿਕਾਰ I.N.A. ਦੀ ਆਰਜ਼ੀ ਸਰਕਾਰ ਨੂੰ ਸੌਂਪਣਾ ਤਾਂ ਵਿਖਾਵੇ ਦੀ ਰਸਮ ਕਰਨ ਤੇ ਵਾਹ ਵਾਹ ਲੈਣ ਦੇ ਬਰਾਬਰ ਸੀ। ਇਨ੍ਹਾਂ ਟਾਪੂਆਂ ਦਾ ਅਸਲ ਅਧਿਕਾਰ ਤੇ ਜਾਪਾਨੀਆਂ ਦੇ ਹੱਥ ਵਿਚ ਸੀ ਜੋ ਭਾਰਤੀ ਮੂਲ ਦੇ ਲੋਕਾਂ ਪ੍ਰਤੀ ਬਾਹਰੋਂ ਬਾਹਰੋਂ ਮਿੱਤਰਤਾ ਦਾ ਢੌਂਗ ਰਚ ਕੇ ਬੇਹਦ ਜ਼ੁਲਮ ਅਤੇ ਤਸ਼ਦਦ ਕਰੀ ਜਾ ਰਹੇ ਸਨ। ਜਿਤਨਾ ਸਮਾਂ ਸੁਭਾਸ਼ ਇਨ੍ਹਾਂ ਟਾਪੂਆਂ ਵਿਚ ਠਹਿਰਿਆ, ਜਾਪਾਨੀ ਅਧਿਕਾਰੀ ਉਨ੍ਹਾਂ ਦੇ ਨਾਲ ਨਾਲ ਹੀ ਰਹੇ। ਨਾ ਤਾਂ ਉਹ ਸਥਾਨਕ ਲੋਕਾਂ ਨੂੰ ਹੀ ਮਿਲ ਸਕੇ ਅਤੇ ਨਾ ਹੀ ਜਾਪਾਨੀ ਅਧਿਕਾਰੀਆਂ ਦੀ ਦਹਿਸ਼ਤ ਸਦਕਾ ਲੋਕ ਉਨ੍ਹਾਂ ਕੋਲ ਪਹੁੰਚ ਕੇ ਆਪਣੇ ਦੁੱਖਾਂ ਦਾ ਜ਼ਿਕਰ ਕਰ ਸਕੇ ਜੋ ਜਾਪਾਨੀਆਂ ਹਥੋਂ ਉਨ੍ਹਾਂ ਨੂੰ ਸਹਿਣੇ ਪੈ ਰਹੇ ਸਨ। ਇਥੋਂ ਤਕ ਕਿ ਜਦੋਂ ਸੁਭਾਸ਼ ਅੰਡੇ ਮਾਨ ਦੀ ਵਡੀ ਜੇਹਲ ਦਾ ਮੁਆਇਨਾ ਕਰਨ ਗਏ, ਜਿੱਥੇ ਕਿ ਡਾਕਟਰ ਦੀਵਾਨ ਸਿੰਘ ਕਾਲੇ ਪਾਣੀ ਅਤੇ ਅਨੇਕ ਭਾਰਤੀ ਸੁਤੰਤਰਤਾ ਸੈਨਾਨੀ ਕਾਲ ਕੋਠੜੀਆਂ ਵਿਚ ਬੰਦ ਸਨ ਤਾਂ ਉਨ੍ਹਾਂ ਨੂੰ ਉਹ ਪਾਸਾ ਨਾ ਦਿਖਾਇਆ ਗਿਆ ਜਿੱਥੇ ਦੀਵਾਨ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੂੰ ਯਾਤਨਾਵਾਂ ਦਿੱਤੀਆਂ ਜਾ ਰਹੀਆਂ ਸਨ।

ਅੰਡੇਮਾਨ ਨਿਕੋਬਾਰ ਟਾਪੂਆਂ ਤੋਂ ਸੁਭਾਸ਼ ਦੇ ਮੁੜਣ ਦੀ ਦੇਰ ਸੀ ਕਿ ਜਾਪਾਨੀ ਦਰਿੰਦਿਆਂ ਮਿਤਸੂਬਾਸ਼ੀ, ਹਸ਼ੀਦਾ ਅਤੇ ਉਨ੍ਹਾਂ ਦੇ ਭਾਰਤੀ ਸਾਥੀ ਮੁਰਾਦ ਅਲੀ ਨੇ ਗ੍ਰਿਫ਼ਤਾਰ ਕੀਤੇ ਕੈਦੀਆਂ ਤੇ ਅਸਹਿ ਤੇ ਅਕਹਿ ਕਸ਼ਟਾਂ ਦਾ ਦਮਨ ਚਕਰ ਫਿਰ ਸ਼ੁਰੂ ਕਰ ਦਿੱਤਾ। ਉਹ ਲਹੂ ਭਿੱਜੇ ਜਬਾੜਿਆਂ ਨਾਲ ਹਲਕਾਏ ਭਘਿਆੜਾਂ ਵਾਂਗ ਇਨ੍ਹਾਂ ਤੇ ਟੁੱਟ ਕੇ ਪੈ ਗਏ। ਦੀਵਾਨ ਸਿੰਘ ਨੂੰ ਲੋਹੇ ਦੀਆਂ ਸਲਾਖਾਂ, ਕਿੱਲ ਲਗੇ ਡੰਡਿਆਂ ਅਤੇ ਗਰਮ ਗਰਮ ਜਮੂਰਾਂ ਨਾਲ ਇਤਨਾਂ ਮਾਰਿਆ ਤੇ ਮਾਸ ਨੋਚਿਆ ਗਿਆ ਕਿ ਉਨ੍ਹਾਂ ਦੀਆਂ ਹਡੀਆਂ ਨਾਲੋਂ ਥਾਂ ਥਾਂ ਤੋਂ ਮਾਸ ਦੀਆਂ ਬੁਰਕੀਆਂ ਵੱਖ ਹੋ ਕੇ ਲਮਕਣ ਲਗ ਗਈਆਂ। ਉਨ੍ਹਾਂ ਨੂੰ ਹੋਰ ਜ਼ਲੀਲ ਕਰਨ ਲਈ ਉਨ੍ਹਾਂ ਦੀ ਦਾਹੜੀ ਤੇ ਸਿਰ ਦੇ ਵਾਲ ਮੁੰਨ ਦਿੱਤੇ ਗਏ। ਉਨ੍ਹਾਂ ਦੀ ਲੋਥ ਬਣ ਚੁਕੀ ਦੇਹ ਨੂੰ ਥੱਲਾਹੀਨ ਕੁਰਸੀ ਤੇ ਬਿਠਾ ਕੇ ਥੱਲੇ ਅੱਗ ਜਲਾ ਦਿੱਤੀ ਗਈ ਤਾਕਿ ਉਨ੍ਹਾਂ ਨੇ ਸਰੀਰ ਦਾ ਪੋਟਾ-ਪੋਟਾ, ਬੋਟੀ-ਬੋਟੀ ਕਰ ਕੇ ਚਰਬੀ ਵਾਂਗ ਪਿੱਘਲ ਜਾਏ। 13 ਜਨਵਰੀ 1944 ਦੀ ਰਾਤ ਨੂੰ ਉਨ੍ਹਾਂ ਨੂੰ ਜੇਲ੍ਹ ਦੀ ਅੰਦਰਲੀ ਕੋਠੜੀ ਵਿਚ ਲਿਜਾਕੇ ਫਿਰ ਮਾਰਿਆ ਤੇ ਕੁਟਿਆ ਗਿਆ ਤੇ ਕਿਹਾ ਗਿਆ ਕਿ ਉਹ ਇਕਬਾਲ ਕਰ ਲੈਣ ਕਿ ਉਹ

Digitized by Panjab Digital Library | www.panjabdigilib.org

ਅੰਗਰੇਜ਼ਾਂ ਦੇ ਜਾਸੂਸ ਸਨ। ਪਰ ਦੀਵਾਨ ਸਿੰਘ ਸੁਆਸਾਂ ਦੀ ਅੰਤਲੀ ਤਾਣੀ ਤਕ 'ਨਹੀਂ' 'ਨਹੀਂ' ਹੀ ਕਹਿੰਦੇ ਰਹੇ ਤੇ ਜਾਂ ਫਿਰ ਉਨ੍ਹਾਂ ਦੇ ਹੋਠਾਂ ਤੋਂ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਦਾ ਸ਼ਬਦ ਹੀ ਸੁਣਾਈ ਦਿੰਦਾ ਰਿਹਾ। ਉਹ ਅਕਾਲ ਪੁਰਖ ਦੇ ਭਾਣੇ ਨੂੰ ਮਿੱਠਾ ਜਾਣਕੇ ਪੁਰਜ਼ਾ ਪੁਰਜ਼ਾ ਕੱਟ ਮਰੇ ਸਨ ਪਰ ਸੱਚ ਦਾ ਪੱਲਾ ਨਹੀਂ ਸੀ ਛਡਿਆ।

14 ਜਨਵਰੀ 1944 ਨੂੰ ਸੰਗ੍ਰਾਂਦ ਸੀ। ਉਸੇ ਦਿਨ ਉਨ੍ਹਾਂ ਦੀ ਮਾਸ ਤੇ ਹਡੀਆਂ ਦੀ ਪੋਟਲੀ ਨੂੰ ਜੰਗਲੀ ਘਾਟ ਤੇ ਲਿਜਾਕੇ, ਉਪਰ ਪੈਟਰੋਲ ਛਿੜਕ ਕੇ ਜਲਾ ਦਿੱਤਾ ਗਿਆ। ਇਸ ਤਰ੍ਹਾਂ ਇਕ ਹੋਰ ਮਸੀਹਾ ਲੋਕਾਂ ਲਈ ਕਸ਼ਟ ਜਰਦਾ ਤੇ ਦੇਸ਼ ਦੀ ਆਜ਼ਾਦੀ ਲਈ ਜੂਝਦਾ ਸੂਲੀ ਤੇ ਲਟਕ ਗਿਆ ਸੀ। ਜ਼ਾਲਮ ਜਾਪਾਨੀਆਂ ਨੇ ਇਕ ਫ਼ਰਿਸ਼ਤਾ ਸੀਰਤ ਇਨਸਾਨ ਨੂੰ ਕੋਹ ਕੋਹ ਕੇ ਅਤੇ ਬੜੀ ਬੇਰਹਿਮੀ ਨਾਲ ਮੌਤ ਦੇ ਘਾਟ ਉਤਾਰਿਆ ਸੀ। ਪਰ ਕਾਲੇ ਪਾਣੀਆਂ ਦੀ ਧਰਤੀ ਦਾ ਕਿਣਕਾ ਕਿਣਕਾ ਅਜ ਵੀ ਉਸਦੇ ਕਦਮਾਂ ਦੀ ਛੋਹ ਨਾਲ ਲਿਸ਼ਕ ਰਿਹਾ ਹੈ। ਉਨ੍ਹਾਂ ਦੀ ਆਵਾਜ਼ ਜਿਵੇਂ ਹਵਾਵਾਂ ਦੀ ਸਰਸਰਾਹਟ ਤੇ ਲਹਿਰਾਂ ਦੇ ਸੰਗੀਤ ਵਿਚੋਂ ਉਥੋਂ ਦੇ ਵਸਨੀਕਾਂ ਨੂੰ ਸਦਾ ਸੁਣੀਂਦੀ ਹੈ ਤੇ ਜਿਵੇਂ ਉਥੋਂ ਦਾ ਸਮੁੱਚਾ ਵਾਤਾਵਰਣ ਅਜ ਵੀ ਉਨ੍ਹਾਂ ਦੀ ਹੋਂਦ ਨੂੰ ਮਹਿਸੂਸ ਕਰਦਾ ਹੈ।

ਉਹ ਇਕ ਸ਼ਾਇਰ ਸੀ, ਫ਼ਿਲਾਸਫ਼ਰ ਤੇ ਵਿਦਵਾਨ ਸੀ। ਇਕ ਚਿੱਠੀ ਵਿਚ ਉਨ੍ਹਾਂ ਦੇ ਸਪੁੱਤਰ ਨੇ ਇਸ ਪਰਚੇ ਦੇ ਲੇਖਕ ਨੂੰ ਲਿਖਿਆ ਸੀ ਕਿ I have seen people worshipping him, with tears in their eyes and crying even in isolated small islands of the Andamans. ਉਹ ਗਰੀਬਾਂ ਅਤੇ ਨਿਆਸਰਿਆਂ ਲਈ ਤਨ-ਮਨ ਅਰਪਣ ਕਰ ਦੇਣ ਵਾਲਾ ਮਹਾਨ ਤੇ ਉਦਾਰ ਭਾਵਨਾ ਵਾਲਾ ਵਿਅਕਤੀ ਸੀ। ਉਸਦੇ ਅੰਦਰ ਸੱਚ ਤੇ ਪਹਿਰਾ ਦੇਣ ਅਤੇ ਗ਼ਲਤ ਗੱਲ ਨੂੰ ਗ਼ਲਤ ਕਹਿਣ ਦੀ ਜੁਅਰਤ ਤੇ ਸਾਹਸ ਸੀ। ਉਹ ਮਹਾਨ ਸਿਰਜਕ ਅਤੇ ਆਸ਼ਾਵਾਦੀ ਇਨਸਾਨ ਸੀ ਜੇਹੜਾ ਜ਼ਿੰਦਗੀ ਦੇ ਵਹਿਣ ਨੂੰ ਸਦਾ ਤੁਰਦਾ ਵੇਖਣ ਦਾ ਚਾਹਵਾਨ ਸੀ। ਦੇਸ਼ ਦੀ ਆਜ਼ਾਦੀ ਤੇ ਸਿੱਖੀ ਦੇ ਜਜ਼ਬੇ ਨਾਲ ਓਤਪੋਤ ਉਹ ਮੌਤ ਨੂੰ ਇਸਤਰਾਂ ਗਲੇ ਲਗਾ ਗਿਆ ਜਿਵੇਂ ਇਹ ਵੀ ਧੁਰੋਂ ਮਿਲੀ ਕੋਈ ਸੌਗਾਤ ਹੋਵੇ। ਉਸਦਾ ਫ਼ਲਸਫ਼ਾ ਸੀ:

> ਜ਼ਿੰਦਗੀ ਨਾਮ ਹੈ ਵਡੇ ਵਡੇ ਦੁੱਖਾਂ ਦਾ, ਨਿੱਕੇ ਨਿੱਕੇ ਸੁਖਾਂ ਦਾ,
> ਗਿਆਨੀ ਉਹ, ਜੋ ਦੁੱਖ ਜਰੇ, ਸੁੱਖ ਮਾਣੇ॥

ਅਕਤੂਬਰ 30, 1999 ਨੂੰ ਸ੍ਰ: ਮਹਿੰਦਰ ਸਿੰਘ ਢਿਲੋਂ (Author of A Titan in the Andamans) ਨੇ ਆਪਣੀ ਇਕ ਚਿੱਠੀ ਵਿਚ ਇਸ ਪੁਸਤਕ ਦੇ ਲੇਖਕ ਨੂੰ ਲਿਖਿਆ ਸੀ 'The way he lived his small span of life and the dignity with which he died has left a permanent imprint on the soil of history. ਅਜਕਲ ਸ੍ਰ: ਮਹਿੰਦਰ ਸਿੰਘ 'ਡਾ: ਦੀਵਾਨ ਸਿੰਘ ਕਾਲੇਪਾਣੀ ਮਿਊਜ਼ਮ ਆਫ਼ ਕਲਚਰ ਐਂਡ ਸਿਵਲਾਈਜ਼ੇਸ਼ਨ' ਸਥਾਪਿਤ ਕਰਨ ਲਈ ਜਤਨਸ਼ੀਲ ਹਨ।

Digitized by Panjab Digital Library | www.panjabdigilib.org

ਜਲ੍ਹਿਆਂ ਵਾਲੇ ਬਾਗ਼ ਦੇ ਇਕ ਨਾਇਕ

## ਸੁਤੰਤਰਤਾ ਸੰਗ੍ਰਾਮੀਏ ਡਾ: ਗੁਰਬਖਸ਼ ਰਾਏ ਨਾਲ
# ਇੱਕ ਮੁਲਾਕਾਤ

ਜਲ੍ਹਿਆਂ ਵਾਲੇ ਬਾਗ਼ ਦੀ ਪੰਜ੍ਹਾਵੀਂ ਵਰ੍ਹੇ ਗੰਢ ਦੇ ਮੌਕੇ ਤੇ ਭਾਰਤ ਦੀਆਂ ਅਖ਼ਬਾਰਾਂ ਨੇ ਵਿਸ਼ੇਸ਼ ਸਪਲੀਮੈਂਟ ਜਾਰੀ ਕੀਤੇ। ਇਨ੍ਹਾਂ ਅਖ਼ਬਾਰਾਂ ਵਿਚ ਡਾ. ਗੁਰਬਖ਼ਸ਼ ਰਾਇ ਦਾ ਵੀ ਜ਼ਿਕਰ ਕੀਤਾ ਗਿਆ ਸੀ ਜਿਨ੍ਹਾਂ ਦਾ ਦਾਅਵਾ ਸੀ ਕਿ 13 ਅਪ੍ਰੈਲ 1919 ਨੂੰ ਜਲ੍ਹਿਆਂ ਵਾਲਾ ਬਾਗ਼ ਵਿਚ ਹੋਏ ਜਲਸੇ ਦੀ ਪ੍ਰਧਾਨਗੀ ਉਨ੍ਹਾਂ ਨੇ ਕੀਤੀ ਸੀ। ਲੇਖਕ ਨੇ ਉਨ੍ਹਾਂ ਨਾਲ ਮੁਲਾਕਾਤ ਕਰ ਕੇ ਉਨ੍ਹਾਂ ਕੋਲੋਂ ਉਸ ਦਿਨ ਦੀਆਂ ਘਟਨਾਵਾਂ ਬਾਰੇ ਜੋ ਜਾਣਕਾਰੀ ਪ੍ਰਾਪਤ ਕੀਤੀ ਉਸ ਦੇ ਕੁਝ ਅੰਸ਼ ਇਸ ਲੇਖ ਵਿਚ ਦਰਜ ਹਨ। ਉਨ੍ਹਾਂ ਦੀ ਧਰਮ ਪਤਨੀ ਸੁਖਦੇਵੀ ਨੇ ਵੀ ਕੁਝ ਹੋਰ ਗੱਲਾਂ ਤੇ ਰੌਸ਼ਨੀ ਪਾਈ ਜਿਨ੍ਹਾਂ ਵਿਚੋਂ ਸੁਤੰਤਰਤਾ ਸੰਗ੍ਰਾਮ ਵਿਚ ਇਸਤ੍ਰੀਆਂ ਦੀ ਭੂਮਿਕਾ ਬਾਰੇ ਮਹਤੱਵਪੂਰਨ ਜਾਣਕਾਰੀ ਮਿਲਦੀ ਹੈ।

ਲੇਖਕ

ਕਈ ਵਰ੍ਹੇ ਪਹਿਲਾਂ ਅੰਮ੍ਰਿਤਸਰ ਟੀ.ਵੀ. ਸਟੇਸ਼ਨ ਦੇ ਡਿਪਟੀ ਡਾਇਰੈਕਟਰ ਸ੍ਰੀ ਐਸ. ਪੀ. ਕਿਰਨ ਨਾਲ ਇਤਿਹਾਸ ਦੇ ਕਿਸੇ ਮਸਲੇ ਦੇ ਗੱਲਬਾਤ ਹੋ ਰਹੀ ਸੀ ਕਿ ਉਹ ਗੱਲ ਟੋਕ ਕੇ ਪੁੱਛਣ ਲਗੇ, 'ਕੀ ਤੁਸੀਂ ਜਲ੍ਹਿਆਂ ਵਾਲੇ ਬਾਗ'ਤੇ ਲਿਖੀ ਪੁਸਤਕ Six minutes to Sunset ਪੜ੍ਹੀ ਹੈ'? ਮੈਂ ਅਜੇ ਇਸ ਗੱਲ ਦਾ ਜੁਆਬ ਵੀ ਨਹੀਂ ਸੀ ਦੇ ਸਕਿਆ ਕਿ ਉਹ ਕਹਿਣ ਲਗੇ ਕਿ ਇਸ ਕਿਤਾਬ ਦੇ ਕਰਤਾ Arthur Swinson ਨੇ ਆਪਣੀ ਪੁਸਤਕ ਵਿਚ ਕਿਸੇ ਡਾ: ਗੁਰਬਖਸ਼ ਰਾਏ ਦਾ ਜ਼ਿਕਰ ਕੀਤਾ ਹੈ ਜੋ 1919 ਦੀ ਖ਼ੂਨੀ ਵਿਸਾਖੀ ਵਾਲੇ ਦਿਨ ਜਲ੍ਹਿਆਂ ਵਾਲੇ ਬਾਗ ਵਿਚ ਮੌਜੂਦ ਸੀ ਅਤੇ ਉਹ ਅੱਜ ਵੀ ਜੀਊਂਦਾ ਹੈ। ਉਨ੍ਹਾਂ ਮੈਨੂੰ ਕਿਹਾ ਕਿ ਚੰਗਾ ਹੋਵੇ ਜੇ ਮੈਂ ਡਾ: ਗੁਰਬਖਸ਼ ਰਾਏ ਨੂੰ ਮਿਲ ਕੇ ਉਨ੍ਹਾਂ ਕੋਲੋਂ ਉਸ ਦਿਨ ਦੀਆਂ ਘਟਨਾਵਾਂ ਦਾ ਪਤਾ ਕਰਾਂ ਜੋ ਜਲ੍ਹਿਆਂ ਵਾਲੇ ਬਾਗ ਵਿਚ ਵਾਪਰੀਆਂ ਸਨ। ਇਹ ਪ੍ਰੋਗਰਾਮ ਅੰਮ੍ਰਿਤਸਰ ਟੀ. ਵੀ. ਲਈ ਰਿਕਾਰਡ ਕੀਤਾ ਜਾਣਾ ਸੀ।

ਅਗਲੇ ਹੀ ਦਿਨ ਮੈਂ ਜਲ੍ਹਿਆਂ ਵਾਲੇ ਬਾਗ ਵਿਚ ਹੋਏ ਖ਼ੂਨੀ ਨਾਚ ਦੀ ਕਲਪਨਾ ਕਰਦਾ ਡਾ: ਗੁਰਬਖਸ਼ ਰਾਏ ਦੇ ਘਰ ਨਿਜ਼ਾਮ-ਉ-ਦੀਨ ਵਿਖੇ ਜਾ ਪੁੱਜਾ। ਮੇਰਾ ਵਿਚਾਰ ਸੀ ਕਿ ਡਾ: ਗੁਰਬਖ਼ਸ਼ ਰਾਏ ਵੀ ਸਾਡੇ ਅਜੋਕੇ ਨੇਤਾਵਾਂ ਵਾਂਗ ਬੜੇ ਰਈਸੀ ਠਾਠ ਬਾਠ ਵਾਲਾ ਵਿਅੱਕਤੀ ਹੋਵੇਗਾ। ਭਾਰਤ ਸਰਾਕਰ ਵਲੋਂ ਦੇਸ਼ ਲਈ ਕੀਤੀਆਂ ਕੁਰਬਾਨੀਆਂ ਸਦਕਾ ਸਨਮਾਨਿਤ

Digitized by Panjab Digital Library | www.panjabdigilib.org

ਡਾ: ਗੁਰਬਖਸ਼ ਰਾਏ ਦੀ ਚੰਗੀ ਤਕੜੀ ਕੋਠੀ ਤੇ ਨਿੱਜੀ ਕਾਰ ਹੋਵੇਗੀ ਤੇ ਉਹ ਆਜ਼ਾਦ ਭਾਰਤ ਵਿਚ ਬੜੇ ਆਰਾਮ ਦੀ ਜ਼ਿੰਦਗੀ ਜੀਅ ਰਹੇ ਹੋਣਗੇ। ਪਰ ਉਨ੍ਹਾਂ ਦੇ ਬੂਹੇ ਤੇ ਦਸਤਕ ਦਿੰਦਿਆਂ ਹੀ ਮੇਰੇ ਇਹ ਵਿਚਾਰ ਪਲਾਂ ਛਿਨਾ ਵਿਚ ਹੀ ਦੂਰ ਹੋ ਗਏ। ਇੱਕ ਬਜ਼ੁਰਗ ਔਰਤ ਨੇ ਬੂਆ ਖੋਲ੍ਹਦਿਆਂ ਪੁੱਛਿਆ 'ਤੁਸਾਂ ਕਿਨ੍ਹਾਂ ਨੂੰ ਮਿਲਣਾ ਹੈ? ਮੇਰੇ ਮੂਹੋਂ ਡਾ: ਗੁਰਬਖ਼ਸ਼ ਰਾਏ ਦਾ ਨਾਮ ਸੁਣ ਕੇ ਉਨ੍ਹਾਂ ਅੰਦਰ ਆਵਾਜ਼ ਦਿੱਤੀ, "ਮੈਂ ਕਿਹਾ ਜੀ-ਤੁਹਾਨੂੰ ਕੋਈ ਸ੍ਰਦਾਰ ਹੋਰੀਂ ਮਿਲਣ ਆਏ ਨੇ" ਤੇ ਫਿਰ ਪੱਲ ਕੁ ਮਗਰੋਂ ਉਹ ਬੁੱਢੀ ਔਰਤ ਮੈਨੂੰ ਬੈਠਣ ਵਾਲੇ ਕਮਰੇ ਵਿਚ ਲੈ ਗਈ। ਇਹ ਡਾ: ਗੁਰਬਖ਼ਸ਼ ਰਾਏ ਦੀ ਧਰਮ ਪਤਨੀ ਸ੍ਰੀਮਤੀ ਸੁਖਦੇਵੀ ਜੀ ਸਨ।

'ਡਾ: ਸਾਹਿਬ ਕਿੱਥੇ ਹਨ? ਮੈਂ ਪ੍ਰਸ਼ਨ-ਵਾਚਕ ਨਜ਼ਰਾ ਨਾਲ ਇਧਰ ਉਧਰ ਦੇਖਣ ਲੱਗ ਪਿਆ। ਬੈਠਕ ਵਿਚ ਹੀ ਬਣੀ ਇੱਕ ਢਾਈ ਫੁੱਟ ਚੌੜੀ ਲਾਇਬ੍ਰੇਰੀ 'ਚੋਂ ਹਲਕੀ ਜਿਹੀ ਆਵਾਜ਼ ਆਈ 'ਬੈਠੋ ਸ੍ਰਦਾਰ ਸਾਹਿਬ, ਮੈਂ ਆ ਰਿਹਾ ਹਾਂ' - ਤੇ ਖੁਲ੍ਹੇ ਕਾਗਜ਼ਾਂ, ਅਖਬਾਰਾਂ ਦੀਆਂ ਕਾਤਰਾਂ ਤੇ ਕਿਤਾਬਾਂ ਨੂੰ ਸੰਭਾਲਦੇ ਹੋਏ ਕੋਈ 82 ਕੁ ਸਾਲ ਦੇ ਪਤਲੇ ਦੁਬਲੇ ਤੇਂ ਗਿੱਠੇ ਜਿਹੇ ਕੱਦ ਦੇ ਵਿਅੱਕਤੀ ਬਾਹਰ ਆਏ - 'ਦਸੋ ਕੀ ਕੰਮ ਹੈ? ਮੈਂ ਗੁਰਬਖਸ਼ ਰਾਏ ਹਾਂ'। ਕੁਝ ਦੇਰ ਤਕ ਉਹ ਮੇਰੇ ਵੱਲ ਇਸ ਤਰ੍ਹਾਂ ਤੱਕਦੇ ਰਹੇ ਜਿਵੇਂ ਉਨ੍ਹਾਂ ਨੂੰ ਸ਼ੱਕ ਹੋਵੇ ਕਿ ਮੈਂ... 'ਰਤਾ ਕੁ ਠਹਿਰੋ' ਉਹ ਕਮਰੇ ਵਿਚ ਪਏ ਮੂਹੜੇ ਤੋਂ ਉਠੇ ਤੇ ਆਪਣੀ ਲਾਇਬ੍ਰੇਰੀ ਨੂੰ ਤਾਲਾ ਮਾਰ ਕੇ ਚਾਬੀ ਨੂੰ ਧੋਤੀ ਦੇ ਲੜ ਵਿਚ ਲੁਕੋਂਦੇ ਫਿਰ ਮੇਰੇ ਕੋਲ ਆ ਕੇ ਬੈਠ ਗਏ। 'ਬਸ ਤੁਹਾਡੇ ਦਰਸ਼ਨ ਹੀ ਕਰਨ ਆਇਆ ਹਾਂ', ਮੈਂ ਕਿਹਾ, ਤੇ ਕੁਝ ਦੇਰ ਮਗਰੋਂ ਸਾਡੇ ਵਿਚਕਾਰ ਗੱਲਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ।

'ਮੇਰਾ ਜਨਮ 1892 ਵਿਚ ਚੂਨਾਂ ਮੰਡੀ ਲਾਹੌਰ ਵਿਚ ਹੋਇਆ ਸੀ', ਉਨ੍ਹਾਂ ਦਸਣਾ ਸ਼ੁਰੂ ਕੀਤਾ। 'ਅਜੇ ਪੰਜ ਹੀ ਸਾਲ ਦਾ ਸਾਂ ਕਿ ਮੈ ਅਫ਼ਰੀਕਾ ਚਲਾ ਗਿਆ। 'ਮੈਂ ਪੁੱਛਣ ਹੀ ਵਾਲਾ ਸਾਂ ਕਿ ਤੁਸੀਂ ਅਫ਼ਰੀਕਾ ਕਿਉਂ ਚਲੇ ਗਏ ਕਿ ਉਹ ਕਹਿਣ ਲਗੇ, 'ਮੇਰੇ ਪਿਤਾ ਸ੍ਰੀ ਜੈ ਗੋਪਾਲ ਰੇਲਵੇ ਵਿਚ ਨੌਕਰ ਸਨ ਤੇ ਮਗਰੋਂ ਉਨ੍ਹਾਂ ਨੈਰੋਬੀ ਵਿਚ ਹੀ ਕਰਿਆਨੇ ਦੀ ਦੁਕਾਨ ਪਾ ਲਈ ਸੀ।' ਸ੍ਰੀਮਤੀ ਸੁਖਦੇਵੀ ਨੇ ਗੱਲ ਟੋਕਦਿਆਂ ਕਿਹਾ, 'ਸ੍ਰਦਾਰ ਹੋਰੀਂ ਬਾਹਰੋਂ ਆਏ ਨੇ, ਕੋਈ ਚਾਹ ਪਾਣੀ ਤਾਂ ਪੁਛੋ, ਤੁਸੀਂ ਤਾਂ ਜਿਹੜਾ ਆਉਂਦਾ ਏ ਪਹਿਲਾਂ ਆਪਣੀ ਕਹਾਣੀ ਲੈ ਕੇ ਬੈਠ ਜਾਂਦੇ ਹੋ' 'ਹਲਾ ਜਾਹ ਪਹਿਲਾਂ ਇਨ੍ਹਾਂ ਲਈ ਕੋਕਾ ਕੋਲਾ ਲੈ ਆ' ਉਨ੍ਹਾਂ ਕਿਹਾ, ਤੇ ਗੱਲਾਂ ਦਾ ਸਿਲਸਿਲਾ ਫਿਰ ਜਾਰੀ ਹੋ ਗਿਆ।

ਹੁਣ ਤਕ ਮੇਰੀਆਂ ਨਜ਼ਰਾਂ ਉਨ੍ਹਾਂ ਦੇ ਘਰ ਦੇ ਚਵ੍ਹਾਂ ਪਾਸੇ ਫਿਰ ਚੁਕੀਆਂ ਸਨ ਜਿਸ ਤੋਂ ਮੈਂ ਅੰਦਾਜ਼ਾ ਲਗਾ ਚੁਕਾ ਸਾਂ ਕਿ ਇਹ ਪ੍ਰਵਾਰ ਅਤਿ ਗਰੀਬ ਹੋਣ ਦੇ ਬਾਵਜੂਦ ਵੀ ਉਸੇ ਆਜ਼ਾਦੀ ਦੀ ਭਾਵਨਾ ਸਦਕਾ ਸ੍ਵੈਮਾਨ ਦਾ ਜੀਵਨ ਜੀ ਰਹੇ ਹਨ ਜਿਸ ਦੇ ਸਦਕੇ ਦੇਸ਼ ਦੇ ਅਨੇਕਾਂ ਨੌਜਵਾਨ ਹੱਸ ਹੱਸ ਕੇ ਫ਼ਾਂਸੀ ਦੇ ਤਖ਼ਤਿਆਂ ਦੇ ਲਟਕ ਗਏ ਸਨ। ਡਾ: ਗੁਰਬਖਸ਼ ਰਾਏ ਦੀ ਥਾਂ ਥਾਂ ਤੋ ਉਧੜੀ ਹੋਈ ਬਨੈਨ, ਗਲੀ ਹੋਈ ਧੋਤੀ, ਕਮਰੇ ਦੀਆਂ ਕਿੱਲੀਆਂ ਤੇ ਟੰਗੇ ਸਾਧਾਰਨ ਕਪੜੇ, ਕਮਰੇ ਵਿਚ ਪਈ ਇੱਕ ਕੁਰਸੀ ਤੇ ਕਾਨਿਆਂ ਦੇ ਬਣੇ ਦੋ ਮੂੜ੍ਹੇ, ਇੱਕ ਪਲੰਘ ਤੇ ਹੋਰ ਨਿੱਕ ਸੁਕ। ਲਗਦਾ ਸੀ ਜਿਵੇਂ ਉਨ੍ਹਾਂ ਦੀ ਸਾਰੀ ਉਮਰ ਦੀ ਖੱਟੀ ਕਮਾਈ ਬੱਸ ਇਹੀ ਪੂੰਜੀ ਹੈ ਜੋ ਉਨ੍ਹਾਂ ਨੂੰ ਆਜ਼ਾਦੀ ਦੀ ਪ੍ਰਾਪਤੀ ਮਗਰੋਂ ਵਿਰਸੇ ਵਿਚ ਮਿਲੀ ਹੈ।

ਹਾਂ ਤੇ ਮੈਂ ਤੁਹਾਨੂੰ ਦਸਣਾ ਸ਼ੁਰੂ ਕੀਤਾ ਸੀ ਕਿ ਮੈਂ ਅਫ਼ਰੀਕਾ ਚਲਾ ਗਿਆ।

Digitized by Panjab Digital Library | www.panjabdigilib.org

ਮੇਰਾ ਬਚਪਨ ਵੀ ਉੱਥੇ ਹੀ ਬੀਤਿਆ ਤੇ ਮੈਂ ਮੁੱਢਲੀ ਵਿੱਦਿਆ ਵੀ ਉੱਥੇ ਹੀ ਪ੍ਰਾਪਤ ਕੀਤੀ। ਮੇਰੇ ਪਿਤਾ ਚੰਗੇ ਰੱਜੇ ਪੁੱਜੇ ਵਿਅੱਕਤੀ ਸਨ। ਪੈਸੇ ਦੀ ਕੋਈ ਕਮੀ ਨਹੀਂ ਸੀ। ਪਰ ਮੈਂ ਜਿਉਂ ਜਿਉਂ ਵੱਡਾ ਹੋ ਰਿਹਾ ਸਾਂ, ਇੱਕ ਗੱਲ ਮੇਰੇ ਮਨ ਵਿਚ ਘਰ ਕਰਦੀ ਚਲੀ ਜਾ ਰਹੀ ਸੀ ਕਿ ਸਾਡਾ ਹਿੰਦੁਸਤਾਨੀਆਂ ਦਾ ਕੋਈ ਜੀਵਨ ਨਹੀਂ'। ਉਹ ਕੁਝ ਕੁ ਦੇਰ ਰੁਕੇ ਤੇ ਫਿਰ ਕਹਿਣ ਲਗੇ 'ਬੇਟਾ ਗੁਲਾਮੀ ਦਾ ਵੀ ਕੋਈ ਜੀਵਨ ਹੁੰਦਾ ਹੈ'? ਅਫ਼ਰੀਕਾ ਵਿਚ ਵੱਸ ਰਹੇ ਅੰਗਰੇਜ਼ ਤੇ ਹੋਰ ਜਾਤੀਆਂ ਦੇ ਲੋਕ ਸਾਨੂੰ ਬੜੀ ਭੈੜੀ ਨਜ਼ਰ ਨਾਲ ਤਕਦੇ ਸਨ। ਸਾਡੇ ਦੇਸ਼ ਵਾਸੀਆਂ ਵਿਚ ਕਿਤੇ ਕੋਈ ਆਜ਼ਾਦੀ ਦੀ ਲਾਲਸਾ ਜਾਂ ਤੜਪ ਨਜ਼ਰ ਨਹੀਂ ਸੀ ਆਉਂਦੀ। 'ਸੁਖਦੇਈਏ ਉਹ ਮੇਰੀ ਐਲਬਮ ਲਿਆਏਂ ਨਾਂ, ਸਰਦਾਰ ਹੋਰਾਂ ਨੂੰ ਅਫ਼ਰੀਕਾ ਦੀਆਂ ਕੁਝ ਫੋਟੋ ਦਿਖਾਈਏ'। ਸ੍ਰੀਮਤੀ ਗੁਰਬਖ਼ਸ਼ ਰਾਏ ਮੂੜ੍ਹੇ ਤੋਂ ਉਠਕੇ ਕਮਰੇ 'ਚ ਪਏ ਇਕ ਪੁਰਾਣੇ ਜਿਹੇ ਟਰੰਕ ਵਿਚੋਂ ਬੜੀ ਪੁਰਾਣੀ ਐਲਬਮ ਕੱਢ ਕੇ ਲੈ ਆਈ। ਐਲਬਮ ਦੇਖ ਲੈਣ ਮਗਰੋਂ ਮੈਂ ਗੱਲ ਦਾ ਰੁੱਖ ਬਦਲਦੇ ਹੋਏ ਪੁੱਛਿਆ 'ਡਾ: ਸਾਹਿਬ, ਮੈਨੂੰ ਤਾਂ ਤੁਸੀਂ ਉਸ ਦਿਨ ਦੀਆਂ ਘਟਨਾਵਾਂ ਦਸੋ ਜੁ ਤੁਹਾਡੀਆਂ ਅੱਖਾਂ ਸਾਮ੍ਹਣੇ 1919 ਦੇ ਜਲ੍ਹਿਆਂ ਵਾਲੇ ਬਾਗ ਵਿਚ ਹੋਏ ਜਲਸੇ ਵਿਚ ਵਾਪਰੀਆਂ ਸਨ'। ਉਹ ਤਾਂ ਮੈਂ ਦਸਾਂਗਾ ਹੀ ਉਨ੍ਹਾਂ ਗੱਲ ਦਾ ਸਿਲਸਿਲਾ ਜਾਰੀ ਰਖਦੇ ਹੋਏ ਕਿਹਾ, ਪਹਿਲਾਂ ਮੈਂ ਤੁਹਾਨੂੰ ਇਹ ਤਾਂ ਦੱਸ ਲਵਾਂ ਕਿ ਉਸ ਤੋਂ ਪਹਿਲਾਂ ਮੇਰੇ ਮਨ ਵਿਚ ਆਜ਼ਾਦੀ ਲਈ ਤੜਪ ਕਿਵੇਂ ਪੈਦਾ ਹੋਈ ਸੀ।

'ਮੇਰੇ ਪਿਤਾ ਜੀ ਮੈਨੂੰ ਅਫ਼ਰੀਕਾ ਤੋਂ ਹੀ ਪੜ੍ਹਣ ਲਈ ਇੰਗਲੈਂਡ ਭੇਜਣਾ ਚਾਹੁੰਦੇ ਸਨ। ਪਰ ਅਫ਼ਰੀਕਾ ਵਿਚ ਹਿੰਦੁਸਤਾਨੀਆਂ ਨਾਲ ਹੁੰਦੇ ਸਲੂਕ ਨੂੰ ਤਕ ਕੇ ਮੇਰਾ ਮਨ ਅੰਗਰੇਜ਼ਾਂ ਪ੍ਰਤੀ ਘਿਰਨਾ ਨਾਲ ਭਰ ਚੁਕਾ ਸੀ ਤੇ ਮੈਂ ਆਪਣੇ ਹੀ ਦੇਸ਼ ਵਿਚ ਕੋਈ ਅਜੇਹੀ ਵਿਦਿਆ ਪ੍ਰਾਪਤ ਕਰਨੀ ਚਾਹੁੰਦਾ ਸਾਂ ਜਿੱਥੇ ਅੰਗਰੇਜ਼ਾਂ ਦੀ ਗੁਲਾਮੀ ਨਾ ਸਹਿਣੀ ਪਏ। ਮੈਂ ਨਰੋਬੀ ਤੋਂ ਕਲਕਤੇ ਚਲਾ ਗਿਆ ਤੇ ਉੱਥੇ ਹੋਮੀਉਪੈਥੀ ਦੀ ਪੜ੍ਹਾਈ ਸ਼ੁਰੂ ਕਰ ਦਿੱਤੀ। ਮੈਂ ਦੋ ਸਾਲ ਕਲਕੱਤੇ ਵਿਚ ਰਿਹਾ ਤੇ ਇਨ੍ਹਾਂ ਦੋ ਵਰ੍ਹਿਆਂ ਵਿਚ ਮੈਨੂੰ ਸ੍ਰੀ ਅਰਬਿੰਦੋ ਘੋਸ਼ ਤੇ ਸੁਰਿੰਦਰ ਨਾਥ ਬੈਨਰਜੀ ਨਾਲ ਮਿਲਣ ਦਾ ਇਤਫਾਕ ਹੋਇਆ। ਲਾਰਡ ਕਰਜ਼ਨ ਦੁਆਰਾ ਕੀਤੀ ਗਈ ਬੰਗਾਲ ਦੀ ਵੰਡ ਦੇ ਸਦਕੇ ਦੇਸ਼ ਦੇ ਲੋਕਾਂ ਵਿਚ ਕੁਝ ਕੁਝ ਆਜ਼ਾਦੀ ਦੀ ਭਾਵਨਾ ਪੈਦਾ ਹੋਣੀ ਸ਼ੁਰੂ ਹੋ ਗਈ ਸੀ। ਇਸੇ ਦੌਰਾਨ ਲੋਕਾਂ ਨੇ ਸੁਣਿਆ ਕਿ ਮਹਾਰਾਸ਼ਟਰ ਦੇ ਬਾਲ ਗੰਗਾ ਧਰ ਤਿਲਕ ਨੇ ਸਵਰਾਜ ਦਾ ਨਾਹਰਾ ਲਾਇਆ ਹੈ ਤੇ ਦੇਸ਼ ਦੇ ਹੋਰ ਭਾਗਾਂ ਵਿਚ ਵੀ ਆਜ਼ਾਦੀ ਦੀ ਭਾਵਨਾ ਕਰਵਟ ਲੈਣ ਲਗ ਪਈ ਹੈ। ਮੈਂ ਦੋ ਸਾਲ ਕਲਕੱਤੇ ਵਿਚ ਰਹਿ ਕੇ ਫਿਰ ਵਾਪਸ ਅਫ਼ਰੀਕਾ ਪਰਤ ਗਿਆ।

'ਅਫ਼ਰੀਕਾ ਜਾਕੇ ਮੈਂ ਯੰਗ ਮੈਨ ਇੰਡੀਅਨ ਐਸੋਸੀਏਸ਼ਨ ਸ਼ੁਰੂ ਕੀਤੀ ਤੇ ਲੋਕਾਂ ਵਿਚ ਗੁਲਾਮੀ ਵਿਰੁੱਧ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਮੇਰੀਆਂ ਇਨ੍ਹਾਂ ਕਾਰਵਾਈਆਂ ਦੇ ਕਾਰਨ ਅਫ਼ਰੀਕਾ ਦੀ ਸਰਕਾਰ ਨੇ ਮੈਨੂੰ ਹਿੰਦੁਸਤਾਨ ਵਾਪਸ ਭੇਜ ਦਿੱਤਾ।' 'ਤੁਸੀਂ ਹਿੰਦੁਸਤਾਨ ਕਦੋਂ ਵਾਪਸ ਆਏ?' ਮੈਂ ਆਪਣੀ ਹੀ ਚੁੱਪ ਤੋੜਦੇ ਹੋਏ ਉਨ੍ਹਾਂ ਕੋਲੋਂ ਪੁਛਿਆ। 'ਸ਼ਾਇਦ 1915 ਦਾ ਸਾਲ ਸੀ - ਡਾ: ਗੁਰਬਖ਼ਸ਼ ਰਾਏ ਨੇ ਆਪਣੀ ਸੋਚ ਨੂੰ 60 ਕੁ ਵਰ੍ਹੇ ਪਿੱਛੇ ਲਿਜਾਂਦੇ ਹੋਏ ਫਿਰ ਸੁਖਦੇਈ ਨੂੰ ਪੁਛਿਆ, 'ਉਦੋਂ ਸਾਡਾ ਚਿਰੰਜੀਵ ਹੋਇਆ ਹੈ ਸੀ ਕਿ ਨਹੀਂ'? ਚਿਰੰਜੀਵ ਇਨ੍ਹਾਂ ਦਾ ਪਹਿਲਾ ਬੱਚਾ ਸੀ ਜੋ ਬਚਪਨ ਵਿਚ ਹੀ ਗੁਜ਼ਰ ਗਿਆ ਸੀ। 'ਅਜੇ ਕਿੱਥੇ', ਸੁਖਦੇਈ ਨੇ ਸ਼ਰਮਾਂਦਿਆਂ ਹੋਇਆ ਕਿਹਾ। ਮੈਂ ਵੇਖਿਆ ਇਕ ਵਾਰ 70-75 ਸਾਲ ਦੀ ਸੁਖਦੇਈ ਦੇ ਚੇਹਰੇ ਤੇ ਸ਼ਰਮ ਤੇ ਮਾਸੂਮੀਅਤ ਦੀ ਸੁਰਖ ਰੇਖਾ ਦੌੜਕੇ ਪੁਰਾਣੀ ਪੀੜਾ ਦੀ ਖਾਈ ਵਿਚ ਗੁਆਚ

Digitized by Panjab Digital Library | www.panjabdigilib.org

ਗਈ ਸੀ।

'1916 ਵਿਚ ਮੈਂ ਅੰਮ੍ਰਿਤਸਰ ਵਿਚ ਹੋਮੀਉਪੈਥੀ ਦਾ ਕੰਮ ਸ਼ੁਰੂ ਕੀਤਾ। ਲੋਕਾਂ ਨੂੰ ਦਵਾ ਦਾਰੂ ਦੇਣ ਦੇ ਨਾਲ ਨਾਲ ਮੈਂ ਆਪਣਾ ਕੰਮ ਵੀ ਕਰਦਾ ਰਹਿੰਦਾ ਸਾਂ ਜਿਸ ਕਰਕੇ ਹਕੂਮਤ ਮੇਰੇ ਕੰਮ ਕਾਜ ਤੇ ਖੁਫ਼ੀਆ ਨਿਗਰਾਨੀ ਰਖਦੀ ਸੀ। 1918 ਵਿਚ ਬੰਦੇ ਮਾਤ੍ਰਮ ਹਾਲ ਅੰਮ੍ਰਿਤਸਰ ਵਿਖੇ ਹੋਈ ਇਕ ਮੀਟਿੰਗ ਵਿਚ ਮੈਂ ਅਫ਼ਰੀਕਾ ਦੇ ਹਿੰਦੁਸਤਾਨੀਆਂ ਦੀ ਦੁਰਦਸ਼ਾ ਬਾਰੇ ਇਕ ਮਤਾ ਰਖਿਆ ਜਿਸਨੂੰ ਸਰਬ ਸੰਮਤੀ ਨਾਲ ਪਾਸ ਕਰ ਲਿਆ ਗਿਆ।'

ਡਾ: ਗੁਰਬਖਸ਼ ਰਾਏ ਨਾਲ ਬੈਠਿਆਂ ਕਾਫੀ ਦੇਰ ਹੋ ਗਈ ਸੀ ਪਰ ਅਜੇ ਤਕ ਉਹ ਉਸ ਘਟਨਾ ਵਾਲੇ ਪਾਸੇ ਨਹੀਂ ਸਨ ਆਏ ਜਿਸ ਨੂੰ ਸੁਣਨ ਲਈ ਮੇਰਾ ਮਨ ਬੇਤਾਬ ਹੋ ਰਿਹਾ ਸੀ। ਮੈਂ ਫਿਰ ਆਪਣੇ ਮਨ ਦੀ ਬੇਤਾਬੀ ਨੂੰ ਸ਼ਬਦ ਦਿੰਦਿਆ ਕਿਹਾ 'ਤੇ ਅੱਛਾ ਡਾ: ਸਾਹਿਬ ਉਸ ਦਿਨ ਕੀ ਹੋਇਆ ਜਦੋਂ ਵਿਸਾਖੀ ਮਨਾਉਣ ਆਏ ਲੋਕਾਂ ਉਤੇ ਜਲ੍ਹਿਆਂ ਵਾਲੇ ਬਾਗ਼ ਵਿਚ ਜਨਰਲ ਡਾਇਰ ਨੇ ਗੋਲੀਆਂ ਚਲਾ ਕੇ ਸਾਰੀ ਧਰਤੀ ਮਾਸੂਮਾਂ ਦੇ ਲਹੂ ਨਾਲ ਰੰਗ ਦਿੱਤੀ ਸੀ। ਤੁਸੀਂ ਵੀ ਤੇ ਉਸ ਮੀਟਿੰਗ ਵਿਚ ਹਾਜ਼ਰ ਸੀ'? ਜਿਵੇਂ ਕੇਵਲ ਹਾਜ਼ਰ ਹੋਣ ਵਾਲੀ ਗੱਲ ਉਸ ਬੁੱਢੇ ਸੰਗਰਾਮੀਏਂ ਨੂੰ ਚੰਗੀ ਨਾ ਲਗੀ ਹੋਵੇ। ਉਹ ਆਪਣੇ ਗੁੱਸੇ ਨੂੰ ਦਬਾਂਦੇ ਹੋਏ ਕਹਿਣ ਲਗੇ, 'ਤੁਹਾਨੂੰ ਕਿਸ ਨੇ ਦਸਿਆ ਹੈ ਕਿ ਮੈਂ ਉਥੇ ਹਾਜ਼ਰ ਸਾਂ?' 'ਡਾ: ਸਾਹਿਬ ਮੈਨੂੰ ਕਿਸ ਨੇ ਦਸਣਾ ਸੀ' ਮੈਂ ਬੜੀ ਨਿਮਰਤਾ ਨਾਲ ਕਿਹਾ, 'ਮੈਂ ਤਾਂ ਕਿਤਾਬਾਂ ਵਿਚ ਪੜ੍ਹਿਆ ਹੈ ਕਿ ਤੁਸੀਂ ਉਸ ਦਿਨ ਸਟੇਜ ਉਤੇ ਹਾਜ਼ਰ ਸੀ'। ਉਹ ਜਾਣਨਾ ਚਾਹੁੰਦੇ ਸਨ ਕਿ ਇਹ ਕਿਸ ਲਿਖਾਰੀ ਨੇ ਲਿਖਿਆ ਹੈ? ਮੈਂ ਉਨ੍ਹਾਂ ਨੂੰ Dr. V. N.Datta ਦੁਆਰਾ ਰਚਿਤ Jallian Wala Bagh ਅਤੇ Arthur Swinson ਰਚਿਤ Six Minutes to Sunset ਦਾ ਹਵਾਲਾ ਦੇਂਦਿਆ ਕਿਹਾ, 'ਤੁਹਾਡੇ ਬਾਰੇ ਸਭ ਇਹੀ ਲਿਖਦੇ ਹਨ।' 'ਇਹ ਗਲਤ ਹੈ', ਡਾ: ਗੁਰਬਖਸ਼ ਰਾਏ ਗੁੱਸੇ ਵਿਚ ਆਉਂਦੇ ਹੋਏ ਬੋਲੇ, 'ਉਹ ਕੁਰੂਖ਼ਸ਼ੇਤਰ ਯੂਨੀਵਰਸਿਟੀ ਦਾ ਪ੍ਰਫੈਸਰ ਵੀ ਮੇਰੇ ਕੋਲ ਆਇਆ ਸੀ ਤੇ ਮੈਂ ਉਸ ਨੂੰ ਦਸਿਆ ਸੀ ਕਿ ਉਸ ਸਭਾ ਦੀ ਪ੍ਰਧਾਨਗੀ ਮੈਂ ਕਰ ਰਿਹਾ ਸਾਂ, ਪਰ ਉਸਨੇ ਫਿਰ ਵੀ ਆਪਣੀ ਪੁਸਤਕ ਵਿਚ ਗਲਤ ਛਾਪ ਦਿੱਤਾ ਹੈ। ਮੈਂ ਗੱਲ ਟੋਕਦੇ ਹੋਏ ਕਿਹਾ, 'ਪਰ ਡਾ: ਸਾਹਿਬ ਉਸ ਦਿਨ ਤਾਂ ਡਾ: ਕਿਚਲੂ ਹੋਰਾਂ ਨੇ ਪ੍ਰਧਾਨਗੀ ਕਰਨੀ ਸੀ'? 'ਆਹੋ ਪਰ ਉਹ ਤਾਂ ਪਹਿਲਾਂ ਹੀ ਸਤਪਾਲ ਹੋਰਾਂ ਨਾਲ ਗ੍ਰਿਫਤਾਰ ਹੋ ਚੁਕੇ ਸਨ ਅਤੇ ਉਨ੍ਹਾਂ ਨੂੰ ਧਰਮਸਾਲਾ ਜੇਲ੍ਹ ਵਿਚ ਭੇਜ ਦਿੱਤਾ ਗਿਆ ਸੀ। ਜਲ੍ਹਿਆਂ ਵਾਲੇ ਬਾਗ਼ ਦੀ ਸਭਾ ਵਿਚ ਸਟੇਜ ਉਤੇ ਉਨ੍ਹਾਂ ਦੀ ਫੋਟੋ ਨੂੰ ਰਖਿਆ ਗਿਆ ਸੀ ਤੇ ਮੈਨੂੰ..... ਉਹ ਰਤਾ ਕੁ ਰੁਕੇ ਹੀ ਸਨ ਕਿ ਮੈਂ ਵਾਕ ਪੂਰਾ ਕਰਦਿਆਂ ਕਿਹਾ - ਵਕਤ ਦਾ ਪ੍ਰਧਾਨ ਚੁਣਿਆ ਗਿਆ'। ਉਨ੍ਹਾਂ ਹਾਂ ਵਿਚ ਸਿਰ ਹਿਲਾਂਦਿਆ ਕਿਹਾ, 'ਆਹੋ ਉਸ ਮੀਟਿੰਗ ਦੀ ਪ੍ਰਧਾਨਗੀ ਮੈਂ ਕਰ ਰਿਹਾ ਸਾਂ' - ਮੈਂ ਇਸ ਬਾਰੇ ਹੋਰ ਕੁਝ ਕਹਿਣਾ ਯਾ ਪੁਛਣਾ ਯੋਗ ਨਾ ਸਮਝਿਆ। ਪਰ ਇਹ ਗੱਲ ਸਪਸ਼ਟ ਸੀ ਕਿ ਉਹ ਉਸ ਦਿਨ ਹੋਣ ਵਾਲੇ ਜਲਸੇ ਦੇ ਵਿਸ਼ੇਸ਼ ਅਧਿਕਾਰੀਆਂ ਵਿਚੋਂ ਸਨ।

ਮੇਰੀ ਵੱਧ ਰਹੀ ਉਤਸੁਕਤਾ ਨੂੰ ਮਹਿਸੂਸ ਕਰਦੇ ਹੋਏ ਉਹ ਮੂੜ੍ਹੇ ਤੋ ਉਠੇ। ਧੋਤੀ ਦੇ ਲੜ ਨਾਲੋਂ ਚਾਬੀਆਂ ਖੋਲ੍ਹਦੇ ਕਹਿਣ ਲਗੇ, 'ਠਹਿਰੋ ਮੈ ਤੁਹਾਨੂੰ ਉਨ੍ਹਾਂ ਦਿਨਾਂ ਦੀਆਂ ਆਪਣੀਆਂ ਕੁਝ ਤਸਵੀਰਾਂ ਤੇ ਪੁਰਾਣੀਆਂ Cuttings ਦਿਖਾਂਦਾ ਹਾਂ। ਸ਼ਾਇਦ ਉਹ ਆਪਣੀਆਂ ਗੱਲਾਂ ਦੀ

Digitized by Panjab Digital Library | www.panjabdigilib.org

ਪੁਸ਼ਟੀ ਲਈ ਇਹ ਸਭ ਕੁਝ ਮੇਰੇ ਅਗੇ ਰਖਣਾ ਚਾਹੁੰਦੇ ਸਨ। ਉਨ੍ਹਾਂ ਲਾਇਬ੍ਰੇਰੀ ਦਾ ਤਾਲਾ ਖੋਲ੍ਹਿਆ ਤੇ ਮੈਨੂੰ ਲਾਏਬ੍ਰੇਰੀ ਦੇ ਅੰਦਰ ਆਉਣ ਲਈ ਕਿਹਾ। ਲਾਏਬ੍ਰੇਰੀ ਦਾ ਆਕਾਰ ਤਕ ਕੇ ਮੈਂ ਸੰਕੋਚ ਕਰਦਿਆਂ ਕਿਹਾ, 'ਤੁਹਾਡੇ ਬਹੁਤ ਸਾਰੇ ਕਾਗਜ਼ ਖਿਲਰੇ ਪਏ ਹਨ। ਮੈਂ ਪਲੰਘ ਤੇ ਹੀ ਬੈਠਦਾ ਹਾਂ' ਉਹ ਵੀ ਭਾਂਪ ਗਏ ਕਿ ਉਸ ਲਾਏਬ੍ਰੇਰੀ ਵਿਚ ਕੇਵਲ ਇਕ ਆਦਮੀ ਦੇ ਖਲੋਣ ਲਈ ਹੀ ਥਾਂ ਹੋਣ ਕਰ ਕੇ ਮੈਂ ਸੰਕੋਚ ਕਰ ਗਿਆ ਹਾਂ। ਡਾਕਟਰ ਗੁਰਬਖਸ਼ ਰਾਏ ਬੜੇ ਗੰਭੀਰ ਹੋ ਕੇ ਕਹਿਣ ਲਗੇ ਸਰਦਾਰ ਸਾਹਿਬ ਪਿਛਲੇ ਕਈ ਸਾਲਾਂ ਤੋਂ ਮੈ ਰਾਤ ਦੇ ਇਕ ਇਕ ਵਜੇ ਤਕ ਇਸੇ ਲਾਇਬ੍ਰੇਰੀ ਵਿਚ ਬੈਠ ਕੇ Freedom Struggle of India ਦੇ ਉਤੇ ਕਿਤਾਬ ਲਿਖ ਰਿਹਾ ਹਾਂ। ਮੇਰੀਆਂ ਨਜ਼ਰਾਂ ਵਿਚ ਸ਼ਕ ਦੀ ਭਾਵਨਾ ਉਪਜਦੀ ਦੇਖ ਕੇ ਸ੍ਰੀ ਮਤੀ ਸੁਖਦੇਈ ਹੋਰੀਂ ਕਹਿਣ ਲਗੇ 'ਬੇਟਾ ਅਜੇ ਵ੍ਹੀ ਇਹ ਸਵੇਰੇ 4, 4:30 ਵਜੇ ਉੱਠਕੇ ਕਸਰਤ ਕਰਕੇ, ਨਹਾ ਧੋ ਕੇ, ਪਾਠ ਪੂਜਾ ਤੋਂ ਵੇਹਲੇ ਹੋ ਕੇ ਪੜ੍ਹਣ ਬੈਠ ਜਾਂਦੇ ਹਨ ਤੇ ਫਿਰ ਸਵੇਰ ਦਾ ਨਾਸ਼ਤਾ ਲੈ ਕੇ National Archives ਚਲੇ ਜਾਂਦੇ ਹਨ ਤੇ ਸ਼ਾਮ ਤਕ ਉੱਥੇ ਕੰਮ ਕਰਦੇ ਰਹਿੰਦੇ ਹਨ। ਰਾਤ ਦੀ ਰੋਟੀ ਖਾ ਕੇ ਫਿਰ ਆਪਣੀ ਲਾਏਬ੍ਰੇਰੀ ਵਿਚ ਬੈਠ ਜਾਂਦੇ ਹਨ। ਮੈਨੂੰ ਨਹੀਂ ਪਤਾ ਇਹ ਕਦੋਂ ਸੌਂਦੇ ਹਨ।' ਡਾ: ਗੁਰਬਖਸ਼ ਰਾਏ ਦਾ ਕੰਮ ਸੌਖਾ ਹੋ ਗਿਆ ਸੀ। ਪਰਦੇ ਵਾਲੀ ਥਾਂ ਤੇ ਲੋਹੇ ਦੀ ਪਤਲੀ ਜਾਲੀ ਲਗੀ ਹੋਣ ਕਾਰਨ ਉਹ ਲਾਏਬ੍ਰੇਰੀ ਚੋਂ ਹੀ ਟਾਈਪ ਕੀਤੇ ਹੋਏ ਕਾਗਜ਼ ਦਿਖਾ ਕੇ ਕਹਿਣ ਲਗੇ, ਅਹਿ ਸਾਰਾ ਕੰਮ ਮੈਂ ਪਿਛਲੇ 10, 12 ਸਾਲਾਂ ਵਿਚ ਕੀਤਾ ਹੈ। ਮੇਰੇ ਕੋਲ ਭਾਰਤੀ ਆਜ਼ਾਦੀ ਨਾਲ ਸਬੰਧਤ ਅਜੇਹੇ ਕਾਗਜ਼ ਹਨ ਕਿ .....ਉਹ ਫਿਰ ਚੁਪ ਕਰ ਗਏ ਤੇ ਲਾਏਬ੍ਰੇਰੀ ਦੀ ਬੱਤੀ ਬੰਦ ਕਰ ਕੇ ਅਖ਼ਬਾਰਾਂ ਦੀਆਂ ਕੁਝ ਪੁਰਾਨੀਆਂ Cuttings ਲਿਆ ਕੇ ਮੇਰੇ ਕੋਲ ਬੈਠ ਗਏ! ਮੈਂ ਗੱਲਾਂ ਦਾ ਸਿਲਸਿਲਾ ਹੋਰ ਲੰਮਾਂ ਨਹੀਂ ਸਾਂ ਕਰਨਾ ਚਾਹੁੰਦਾ ਉਹ ਵੀ ਸ਼ਾਮ ਢਲਦੀ ਤਕ ਕੇ ਸੁਖਦੇਈ ਦੀ ਤੀਬਰਤਾ ਨੂੰ ਮਹਿਸੂਸ ਕਰ ਰਹੇ ਸਨ ਜਿਸ ਨੇ ਅਜੇ ਰਾਤ ਦੀ ਸਬਜ਼ੀ ਰੋਟੀ ਬਣਾਉਣੀ ਸੀ।

'ਤੁਸੀਂ ਤਾਂ ਇਤਿਹਾਸ ਪੜ੍ਹਾਂਦੇ ਹੋ? ਤੁਹਾਨੂੰ ਤਾਂ ਪਤਾ ਹੈ ਕਿ ਜਲ੍ਹਿਆਂ ਵਾਲਾ ਬਾਗ਼ ਵਿਚ ਹੋਣ ਵਾਲੀ ਕਾਰਵਾਈ ਅੰਗਰੇਜ਼ਾਂ ਵਲੋਂ ਕੀਤੀਆਂ ਜਾ ਰਹੀਆਂ ਵਧੀਕੀਆਂ ਦੇ ਪ੍ਰਤੀਕਰਮ ਵਜੋਂ ਸੀ। ਜਦੋਂ ਭਾਰਤੀ ਸਿਪਾਹੀ ਅੰਗਰੇਜ਼ੀ ਰਾਜ ਦੀ ਰਕਸ਼ਾ ਲਈ ਪਹਿਲੇ ਵਿਸ਼ਵ ਮਹਾਂ ਯੁੱਧ ਵਿਚ ਆਪਣੇ ਦੇਸ਼ ਤੋਂ ਦੂਰ ਬਦੇਸ਼ਾਂ ਵਿਚ ਲੜ ਰਹੇ ਸਨ ਤਾਂ ਅੰਗਰੇਜ਼ ਸਰਕਾਰ ਨੇ ਰੌਲੈਟ ਐਕਟ ਵਰਗੇ ਕਾਲੇ ਕਾਨੂੰਨਾਂ ਨੂੰ ਭਾਰਤ ਵਾਸੀਆਂ ਉਤੇ ਲਾਗੂ ਕਰ ਦਿਤਾ ਤਾਂ ਕਿ ਇਸ ਗੁਲਾਮ ਦੇਸ਼ ਵਿਚ ਰਾਜਸੀ ਤੇ ਆਰਥਕ ਲੁੱਟ ਜਾਰੀ ਰਖੀ ਜਾ ਸਕੇ। ਇਸ ਕਾਨੂੰਨ ਦੇ ਅੰਤਰਗੱਤ ਕਿਸੇ ਵੀ ਵਿਅਕਤੀ ਉਤੇ ਬਿਨਾਂ ਮੁਕਦਮਾਂ ਚਲਾਏ ਉਸ ਨੂੰ ਜੇਲ੍ਹ ਵਿਚ ਬੰਦ ਕੀਤਾ ਜਾ ਸਕਦਾ ਸੀ। ਇਸ ਕਾਨੂੰਨ ਦੇ ਬਣਨ ਨਾਲ ਸਾਰੇ ਦੇਸ਼ ਵਿਚ ਰੋਸ ਦੀ ਲਹਿਰ ਫੈਲ ਗਈ। ਥਾਂ ਥਾਂ ਤੇ ਮੁਜ਼ਾਹਰੇ ਤੇ ਹੜਤਾਲਾਂ ਹੋਣ ਲਗੀਆਂ। ਸਰਕਾਰ ਨੇ ਇਨ੍ਹਾਂ ਮੁਜ਼ਾਹਿਰਿਆਂ ਨੂੰ ਦਬਾਉਣ ਵਾਸਤੇ ਕਈ ਥਾਂ ਤੇ ਲਾਠੀ ਚਾਰਜ ਅਤੇ ਗੋਲੀ ਦੀ ਵਰਤੋਂ ਵੀ ਕੀਤੀ। ਅੰਮ੍ਰਿਤਸਰ ਵਿਚ 30 ਮਾਰਚ ਤੇ 6 ਅਪ੍ਰੈਲ 1919 ਨੂੰ ਇਸ ਕਾਨੂੰਨ ਵਿਰੁੱਧ ਆਮ ਹੜਤਾਲਾਂ ਹੋਈਆਂ। ਪੰਜਾਬ ਵਿਚ ਵੱਧ ਰਹੇ ਰੋਸ ਨੂੰ ਤਕ ਕੇ ਅੰਗਰੇਜ਼ ਸਰਕਾਰ ਹਰਕਤ ਵਿਚ ਆ ਗਈ ਅਤੇ ਉਨ੍ਹਾਂ ਨੇ 9 ਅਪ੍ਰੈਲ 1919 ਨੂੰ ਰਾਮ ਨਉਮੀ ਦੇ ਅਵਸਰ ਉਤੇ ਪੰਜਾਬ ਦੇ ਦੋ ਮਹਿਬੂਬ ਨੇਤਾਵਾਂ ਡਾ: ਸਤਪਾਲ ਤੇ ਡਾ: ਕਿਚਲੂ ਨੂੰ ਗ੍ਰਿਫਤਾਰ ਕਰਕੇ ਧਰਮਸਾਲਾ ਜੇਲ੍ਹ ਵਿਚ ਭੇਜਣ ਦਾ ਹੁਕਮ ਦੇ ਦਿੱਤਾ। ਲੋਕ 10 ਅਪ੍ਰੈਲ ਨੂੰ

Digitized by Panjab Digital Library | www.panjabdigilib.org

ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦੀ ਕੋਠੀ ਵਲ ਚਲ ਪਏ। ਉਹ ਮਹਾਤਮਾ ਗਾਂਧੀ ਕੀ ਜੈ, ਡਾ: ਕਿਚਲੂ ਕੀ ਜੈ ਅਤੇ ਡਾ: ਸਤਪਾਲ ਕੀ ਜੈ ਦੇ ਨਾਹਰੇ ਲਾਂਦੇ ਤੁਰੇ ਜਾ ਰਹੇ ਸਨ ਕਿ ਰੇਲਵੇ ਪੁੱਲ ਤੇ ਪੁੱਜਣ ਤੇ ਉਨ੍ਹਾਂ ਉਤੇ ਗੋਲੀ ਚਲਾ ਦਿੱਤੀ ਗਈ। 'ਮੈਨੂੰ ਹੁਣ ਪੱਕਾ ਯਾਦ ਨਹੀਂ, ਡਾਕਟਰ ਗੁਰਬਖ਼ਸ਼ ਰਾਏ ਨੇ ਆਪਣੇ ਮੱਥੇ ਤੇ ਹੱਥ ਰੱਖ ਕੇ ਅੱਖਾਂ ਬੰਦ ਕਰਕੇ ਸੋਚਦਿਆਂ ਹੋਇਆ ਕਿਹਾ ਕਿ ਉਸ ਦਿਨ ਕਿਤਨੇ ਬੰਦੇ ਮਰੇ ਸਨ। ਹਾਂ ਮੈਂ ਇਹ ਜ਼ਰੂਰ ਕਹਾਂਗਾ ਕਿ ਮਗਰੋਂ ਹਿੰਦੁਸਤਾਨੀ ਵੀ ਸਖ਼ਤੀ ਤੇ ਉਤਰ ਆਏ ਸਨ ਤੇ ਇਨ੍ਹਾਂ ਨੇ ਵੀ ਕਈ ਅੰਗਰੇਜ਼ਾਂ ਨੂੰ ਮਾਰ ਸੁਟਿਆ ਤੇ ਉਨ੍ਹਾਂ ਦੇ ਬੈਂਕ ਜਲਾ ਦਿੱਤੇ'।

ਪੰਜਾਬ ਦੇ ਗਵਰਨਰ ਸਰ ਮਾਇਕਲ ਓ-ਡਾਇਰ ਨੇ ਸਥਿਤੀ ਦੀ ਗੰਭੀਰਤਾ ਨੂੰ ਤਕਦਿਆਂ ਹੋਇਆ ਜਨਰਲ ਡਾਇਰ ਨੂੰ ਜਲੰਧਰ ਤੋਂ ਸੈਨਾ ਸਹਿਤ ਆ ਜਾਣ ਦਾ ਆਦੇਸ਼ ਦੇ ਦਿੱਤਾ। 11 ਅਪ੍ਰੈਲ ਨੂੰ ਜਨਰਲ ਡਾਇਰ ਜਲੰਧਰ ਤੋਂ ਆ ਗਿਆ ਤੇ ਉਸ ਨੇ ਆਪਣੇ ਸੈਨਕਾਂ ਸਹਿਤ ਰਾਮ ਬਾਗ ਵਿਚ ਆ ਕੇ ਪੜਾ ਕੀਤਾ। ਉਸ ਨੇ ਆਉਂਦਿਆਂ ਹੀ ਸ਼ਹਿਰ ਵਿਚ ਮੀਟਿੰਗਾਂ ਅਤੇ ਜਲੂਸਾਂ ਤੇ ਪਾਬੰਦੀ ਲਾ ਦਿੱਤੀ।

ਡਾਕਟਰ ਗੁਰਬਖ਼ਸ਼ ਰਾਏ ਨੇ ਗੱਲ ਜਾਰੀ ਰਖਦਿਆਂ ਹੋਇਆ ਕਿਹਾ, 'ਸਾਡੀ ਇਕ ਮੀਟਿੰਗ 12 ਅਪ੍ਰੈਲ 1919 ਨੂੰ ਹਿੰਦੂ ਮਹਾ ਸਭਾ ਅੰਮ੍ਰਿਤਸਰ ਵਿਖੇ ਹੋਈ ਜਿਸ ਵਿਚ ਹਜ਼ਾਰਾਂ ਲੋਕ ਇਕੱਠੇ ਹੋਏ। ਮੈਂ ਗੱਲ ਟੋਕਦਿਆਂ ਹੋਇਆਂ ਪੁਛਿਆ, 'ਤੇ ਕੀ ਤੁਹਾਨੂੰ ਜਨਰਲ ਡਾਇਰ ਵਲੋਂ ਲਗਾਈ ਗਈ ਪਾਬੰਦੀ ਦਾ ਪਤਾ ਨਹੀਂ ਸੀ'? 'ਨਹੀਂ ਸਾਨੂੰ ਇਸ ਪਾਬੰਦੀ ਦਾ ਬਿਲਕੁਲ ਪਤਾ ਨਹੀਂ ਸੀ, ਵੈਸੇ ਵੀ ਜਨਰਲ ਡਾਇਰ ਵਲੋਂ ਇਸ ਪਾਬੰਦੀ ਸਬੰਧੀ ਮੁਨਿਆਦੀ 12 ਤਾਰੀਖ ਸ਼ਾਮ ਨੂੰ ਕਰਾਈ ਗਈ ਜਿਸ ਦਾ ਕੁਝ ਲੋਕਾਂ ਨੂੰ ਪਤਾ ਲਗ ਸਕਿਆ ਪਰ ਬਹੁਤਿਆਂ ਨੂੰ ਨਹੀਂ'।

ਤੁਸਾਂ ਫਿਰ 12 ਤਾਰੀਕ ਕੀ ਫੈਸਲਾ ਕੀਤਾ? ਮੈਂ ਫਿਰ ਪੁਛਿਆ, 'ਅਸਾਂ ਇਹੀ ਸਲਾਹ ਕੀਤੀ' ਡਾ: ਗੁਰਬਖਸ਼ ਰਾਏ ਨੇ ਕਿਹਾ, ' ਕਿ 13 ਅਪ੍ਰੈਲ ਵਾਲੀ ਮੀਟਿੰਗ ਜਲ੍ਹਿਆਂ ਵਾਲੇ ਬਾਗ਼ ਵਿਚ ਸਦੀ ਜ਼ਰੂਰ ਜਾਏ ਪਰ ਉੱਥੇ ਕੇਵਲ ਕੁਝ ਮਤੇ ਪਾਸ ਕਰਕੇ ਮੀਟਿੰਗ ਬਰਖ਼ਾਸਤ ਕਰ ਦਿੱਤੀ ਜਾਏ, ਕਿਉਂਕਿ ਅਗਲੇ ਦਿਨ ਵਾਪਰਣ ਵਾਲੀਆਂ ਕੁਝ ਕੁ ਭਿਆਨਕ ਘਟਨਾਵਾਂ ਦੀ ਕਨਸੋ ਸਾਨੂੰ ਪਹਿਲਾਂ ਹੀ ਮਿਲ ਗਈ ਸੀ'। ਜੇ ਤੁਹਾਨੂੰ ਪਤਾ ਲਗ ਗਿਆ ਸੀ ਕਿ ਅਗਲੀ ਭਲਕ ਕੀ ਹੋਣ ਵਾਲਾ ਹੈ ਤਾਂ ਫਿਰ ਤੁਸੀਂ ਕਿਉਂ ਚਲੇ ਗਏ? ਕੀ ਤੁਹਾਨੂੰ ਪਤਾ ਨਹੀਂ ਸੀ ਕਿ ਤੁਸੀਂ ਵੀ ਤਾਂ ਗੋਲੀ ਦਾ ਸ਼ਿਕਾਰ ਹੋ ਸਕਦੇ ਹੋ? ਮੈਂ ਆਪਣੀ ਤੀਬਰਤਾ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ। 'ਸਰਦਾਰ ਸਾਹਿਬ ਉਸ ਵੇਲੇ ਮਰਨ ਦੀ ਪ੍ਰਵਾਹ ਕਿਸ ਨੂੰ ਸੀ? ਲੋਕ ਤਾਂ ਆਮ ਗਾਇਆ ਕਰਦੇ ਸਨ :-

ਵਤਨ ਕੀ ਖ਼ਾਤਰ ਜੋ ਆਪਣੀ ਜਾਨ ਦੀਆ ਕਰਤੇ ਹੈਂ।
ਮਰਤੇ ਨਹੀਂ ਹੈ ਵੋਹ ਹਮੇਸ਼ਾਂ ਕੇ ਲੀਏ ਜੀਆ ਕਰਤੇ ਹੈਂ॥

ਵੈਸੇ ਵੀ ਤਾਂ ਮੇਰਾ ਉਸ ਦਿਨ ਉੱਥੇ ਪੁਜਣਾ ਬਹੁਤ ਜ਼ਰੂਰੀ ਸੀ। ਕਿਉਂਕਿ ਡਾ: ਕਿਚਲੂ ਅਤੇ ਡਾ: ਸਤਪਾਲ ਦੇ ਗ੍ਰਿਫ਼ਤਾਰ ਹੋ ਜਾਣ ਮਗਰੋਂ ਜਲਸੇ ਦੀ ਸਾਰੀ ਕਾਰਵਾਈ ਦਾ ਭਾਰ ਮੇਰੇ ਸਿਰ ਉਤੇ ਸੀ।

'ਲੋਕ ਦੁਪਹਿਰ ਮਗਰੋਂ ਹੀ ਜਲ੍ਹਿਆਂ ਵਾਲੇ ਬਾਗ ਵਿਚ ਇਕਠੇ ਹੋਣੇ ਸ਼ੁਰੂ ਹੋ

Digitized by Panjab Digital Library | www.panjabdigilib.org

ਗਏ। ਸਾਢੇ ਕੁ ਚਾਰ ਵਜੇ ਤਕ ਉਥੇ ਤਕਰੀਬਨ 10 ਹਜ਼ਾਰ ਨਰ ਨਾਰੀ ਤੇ ਬੱਚੇ ਇਕੱਠੇ ਹੋ ਚੁਕੇ ਸਨ ਤੇ ਅਜੇ ਹੋਰ ਆ ਰਹੇ ਸਨ। ਮੀਟਿੰਗ ਦੀ ਕਾਰਵਾਈ ਸ਼ੁਰੂ ਕਰਦਿਆਂ ਹੀ ਮੈਂ ਇਕ ਮਤਾ ਪੇਸ਼ ਕੀਤਾ ਜਿਸ ਵਿਚ ਸਰਕਾਰ ਦੀਆਂ ਵਧੀਕੀਆਂ ਦੀ ਨਖੇਦੀ ਕੀਤੀ ਗਈ ਸੀ। ਦੂਜਾ ਮਤਾ ਅਜੇ ਦੁਰਗਾ ਦਾਸ ਨੇ ਸ਼ੁਰੂ ਹੀ ਕੀਤਾ ਸੀ ਕਿ ਜਨਰਲ ਡੈਾਇਰ ਦੇ ਸੈਨਿਕ ਜਲ੍ਹਿਆਂ ਵਾਲੇ ਬਾਗ ਦੇ ਦਰਵਾਜੇ ਤੇ ਪੁਜ ਗਏ ਤੇ ਸ਼ੋਰ ਮੱਚ ਗਿਆ, 'ਆ ਗਏ...' 'ਆ ਗਏ...' 'ਆ ਗਏ...' ਮੈਂ ਮਤੇ ਨੂੰ ਵਿਚੇ ਹੀ ਰੋਕ ਕੇ ਲੋਕਾਂ ਨੂੰ ਕਿਹਾ ਕਿ ਉਹ ਖਿੰਡ ਪੁੰਡ ਜਾਣ'। ਮੈਂ ਗੱਲ ਟੋਕਦਿਆਂ ਕਿਹਾ ਕਿ ਕਿਤਾਬਾਂ ਵਿਚ ਤਾਂ ਜ਼ਿਕਰ ਆਉਂਦਾ ਹੈ ਕਿ ਜਲਸੇ ਵਿਚ ਬੜੀਆਂ ਗਰਮ ਤਕਰੀਰਾਂ ਹੋ ਰਹੀਆਂ ਸਨ। ਅਤੇ ਦੁਰਗਾ ਦਾਸ ਦੇ ਮਤਾ ਰਖਣ ਤੋਂ ਪਹਿਲਾਂ 7 ਵਿਅਕਤੀ ਜਿਨ੍ਹਾਂ ਵਿਚ ਤੁਸੀਂ ਵੀ ਸੀ, ਬੋਲ ਚੁਕੇ ਸੀਂ' ਸਰਦਾਰ ਸਾਹਿਬ ਤੁਸੀਂ ਫਿਰ ਉਨ੍ਹਾਂ ਕਿਤਾਬਾਂ ਦਾ ਹੀ ਜ਼ਿਕਰ ਕਰੋਗੇ, ਪਰ ਮੈ ਕਹਿੰਦਾਂ ਹਾਂ ਉਨ੍ਹਾਂ ਕੋਲ ਸਬੂਤ ਕੀ ਹੈ। ਮੈਂ ਖੁਦ ਸਟੇਜ ਉਤੇ ਸੀ ਤੇ ਸਟੇਜ ਦੀ ਕਾਰਵਾਈ ਨਿਭਾ ਰਿਹਾ ਸੀ। ਉਸ ਦਿਨ ਕੋਈ ਤਕਰੀਰ ਨਹੀਂ ਹੋਈ ਤੇ ਨਾ ਕੋਈ ਭਾਸ਼ਨ ਹੋਇਆ', ਡਾਕਟਰ ਗੁਰਬਖਸ਼ ਰਾਏ ਦੀ ਆਵਾਜ਼ ਵਿਚ ਜੋਸ਼ ਸੀ, ਠਰ੍ਹਮਾ ਸੀ ਤੇ ਸ਼ਾਇਦ ਇਕ ਸੱਚ ਵੀ, ਕਿਉਂਕਿ ਉਹ ਖੁਦ ਉੱਥੇ ਮੌਜੂਦ ਸਨ। 'ਕੇਵਲ ਮਤੇ ਰਖੇ ਗਏ ਸਨ। ਅਜੇ ਦੂਜਾ ਮਤਾ ਪੜ੍ਹਿਆ ਵੀ ਨਹੀਂ ਸੀ ਗਿਆ ਕਿ ਗੋਲੀਆਂ ਦੀ ਤਾੜ ਤਾੜ ਆਵਾਜ਼ ਸ਼ੁਰੂ ਹੋ ਗਈ।' ਪਹਿਲਾਂ ਤਾਂ ਲੋਕਾਂ ਸਮਝਿਆ ਕਿ ਸਰਕਾਰ ਉਨ੍ਹਾਂ ਨੂੰ ਡਰਾਉਣ ਲਈ ਫੋਕੇ ਫ਼ਾਇਰ ਕਰ ਰਹੀ ਹੈ । ਕੁਝ ਮੰਚਲਿਆਂ ਨੇ ਇਹ ਵੀ ਕਿਹਾ, 'ਓਏ ਫ਼ੋਕੀਆਂ... ਓਏ ਫ਼ੋਕੀਆਂ...' ਪਰ ਜਦੋਂ ਬੰਦੇ ਡਿੱਗ ਡਿੱਗ ਕੇ ਮਰਨ ਲਗੇ ਤਾਂ ਸਾਰੇ ਜਲਸੇ ਵਿਚ ਹਫੜਾ ਦਫੜੀ ਮੱਚ ਗਈ। ਜਿਸ ਨੂੰ ਜਿਧਰ ਮੂੰਹ ਲਗਾ ਨੱਸ ਤੁਰਿਆ।'

'ਤੁਸੀਂ ਜਲ੍ਹਿਆਂ ਵਾਲੇ ਬਾਗ ਵਿਚ ਕਿਤਨੀ ਦੇਰ ਤਕ ਰਹੇ?' ਮੈਂ ਪੁਛਿਆ।

'ਬੱਸ ਥੋੜ੍ਹੀ ਹੀ ਦੇਰ', ਉਨ੍ਹਾਂ ਕਿਹਾ। ਸਭ ਤੋਂ ਪਹਿਲਾਂ ਮੈਂ ਡਾ: ਕਿਚਲੂ ਦੀ ਤਸਵੀਰ ਕੁਰਸੀ ਤੋਂ ਚੁਕੀ, ਉਸ ਨੂੰ ਆਪਣੀ ਛਾਤੀ ਅੱਗੇ ਰੱਖ ਕੇ ਡਾਇਸ ਤੋਂ ਥੱਲੇ ਛਾਲ ਮਾਰ ਗਿਆ। ਗੋਲੀਆਂ ਦੀ ਤਾੜ ਤਾੜ ਜਾਰੀ ਸੀ। ਮੈ ਫੋਟੋ ਸਮੇਤ ਜ਼ਮੀਨ ਉਤੇ ਪੇਟ ਭਾਰ ਲੇਟ ਗਿਆ ਤੇ ਜਦੋਂ ਵੇਖਿਆ ਕਿ ਗੋਲੀਆਂ ਦੀ ਬੁਛਾੜ ਬੰਦ ਨਹੀਂ ਹੋ ਰਹੀ ਤਾਂ ਬਾਗ਼ ਦੇ ਇਕ ਖ਼ੁਫ਼ੀਆ ਰਸਤੇ ਥਾਨੀ ਜੋ ਕੇ ਮੋਚੀਆਂ ਦੇ ਮਹੱਲੇ ਵਿਚ ਨਿਕਲਦਾ ਸੀ ਬਾਹਰ ਚਲਾ ਗਿਆ।' ਮੈਨੂੰ ਬੁਢੇ ਸੰਗਰਾਮੀਏ ਦੇ ਸ਼ਬਦਾਂ ਵਿਚ ਕੁਝ ਕਮਜ਼ੋਰੀ ਦਾ ਭਾਵ ਮਹਿਸੂਸ ਹੋਇਆ। ਮੇਰੀ ਜ਼ਬਾਨ ਅਣਕਹੇ ਹੀ ਉਨ੍ਹਾਂ ਕੋਲੋਂ ਪੁਛ ਰਹੀ ਸੀ ਕਿ ਤੁਸੀਂ ਵੀ ਲੋਕਾਂ ਦੇ ਨਾਲ ਉੱਥੇ ਕਿਉਂ ਨ ਮਰ ਗਏ। ਡਾ: ਗੁਰਬਖ਼ਸ਼ ਰਾਏ ਆਪ ਹੀ ਕਹਿਣ ਲਗੇ, 'ਅਸਾਂ ਆਜ਼ਾਦੀ ਦੀ ਲਹਿਰ ਨੂੰ ਚਲਾਣਾ ਜੋ ਸੀ- ਸੋ ਵਾਹ ਲਗੇ ਸਾਡੀ ਕੋਸ਼ਿਸ਼ ਇਹੀ ਹੁੰਦੀ ਸੀ ਕਿ ਸ਼ਿਕਾਰ ਦੇ ਹੱਥ ਨਾ ਆਈਏ ਤੇ ਲੋਕਾਂ ਵਿਚ ਆਜ਼ਾਦੀ ਦਾ ਪ੍ਰਚਾਰ ਕਰ ਕਰ ਕੇ ਜਾਗ੍ਰਤੀ ਪੈਦਾ ਕਰਦੇ ਰਹੀਏ।'

'ਜਨਰਲ ਡਾਇਰ ਕਿਤਨੀ ਦੇਰ ਤਕ ਗੋਲੀਆਂ ਚਲਾਂਦਾ ਰਿਹਾ?' ਮੈਂ ਫਿਰ ਪੁਛਿਆ।

ਤਕਰੀਬਨ ਦਸ ਮਿੰਟ ਤਕ ਉਸ ਗੋਲੀਆਂ ਚਲਾਇਆਂ ਹੋਣਗੀਆਂ ਤੇ ਇਨ੍ਹਾਂ ਦਸਾਂ ਮਿੰਟਾਂ ਵਿਚ ਹਜ਼ਾਰਾਂ ਵਿਅਕਤੀ ਸਦਾ ਦੀ ਨੀਂਦ ਸੌਂ ਗਏ ਤੇ ਜਲ੍ਹਿਆਂ ਵਾਲੇ ਬਾਗ਼ ਦੀ ਧਰਤੀ ਸ਼ਹੀਦਾਂ ਦੇ ਲਹੂ ਨਾਲ ਕੇਵਲ ਇਕ ਹੀ ਦਿਨ ਵਿਚ ਸਾਧਾਰਨ ਬਾਗ ਤੋਂ ਬਦਲ ਕੇ ਆਜ਼ਾਦੀ

Digitized by Panjab Digital Library | www.panjabdigilib.org

ਦੇ ਪ੍ਰਵਾਨਿਆਂ ਲਈ ਜ਼ਿਆਰਤ ਗਾਹ ਬਣ ਗਈ।

ਯੇ ਅਬ ਵੋਹ ਪਹਿਲਾ ਸਾ ਜਲ੍ਹਿਆਂ ਵਾਲਾ ਬਾਗ਼ ਨਹੀਂ।
ਵਤਨ ਪਰਸਤੋਂ ਕਾ ਹੈ ਯੇ ਸ਼ਿਵਾਲਾ, ਸਿਰਫ਼ ਬਾਗ਼ ਨਹੀਂ॥

ਜਲ੍ਹਿਆਂ ਵਾਲੇ ਬਾਗ ਦੀ ਘਟਨਾ ਤੋਂ ਬਾਅਦ ਜਦੋਂ ਗ੍ਰਿਫਤਾਰੀਆਂ ਸ਼ੁਰੂ ਹੋਈਆਂ ਪੰਜਾਬ ਦੇ ਵਡੇ ਵਡੇ ਨੇਤਾਵਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਡਾ: ਗੁਰਬਖਸ਼ ਰਾਏ ਨੇ 1919 ਦਾ ਇਕ ਪੁਰਾਨਾ ਇਸ਼ਤਿਹਾਰ ਵਿਖਾਂਦਿਆਂ ਹੋਇਆ ਕਿਹਾ, 'ਅਹਿ ਲੋਕ ਸਨ ਜਿਨ੍ਹਾਂ ਨੂੰ ਗ੍ਰਿਫਤਾਰ ਕੀਤਾ ਗਿਆ।' ਉਸ ਇਸ਼ਤਿਹਾਰ ਵਿਚ ਡਾ: ਗੁਰਬਖ਼ਸ਼ ਰਾਏ ਦੀ ਵੀ ਤਸਵੀਰ ਸੀ।

ਮੈਂ ਗੱਲ ਦਾ ਰੁੱਖ ਬਦਲਣ ਲਈ ਸ੍ਰੀਮਤੀ ਸੁਖਦੇਵੀ ਕੋਲੋਂ ਪੁਛਿਆ, 'ਜਦੋਂ ਇਹ ਜੇਲ੍ਹ ਗਏ ਸਨ ਤਾਂ ਤੁਹਾਨੂੰ ਕਿਵੇਂ ਮਹਿਸੂਸ ਹੋਇਆ ਸੀ'? 'ਮਹਿਸੂਸ ਕੀ ਹੋਣਾ ਸੀ, ਸ੍ਰੀ ਮਤੀ ਸੁਖਦੇਈ ਨੇ ਬੜੀ ਦ੍ਰਿੜ੍ਹਤਾ ਨਾਲ ਕਿਹਾ, 'ਆਜ਼ਾਦੀ ਲਈ ਤੜਪ ਰਖਣ ਵਾਲਿਆਂ ਲਈ ਜੇਲ੍ਹ ਦੀਆਂ ਕੋਠੜੀਆਂ ਤਾਂ ਸਾਧਾਰਨ ਜਹੀ ਗੱਲ ਸਨ। ਮੈਂ ਆਪ ਵੀ ਕੁਝ ਚਿਰ ਲਈ ਲਾਹੌਰ ਜੇਲ੍ਹ ਵਿਚ ਕੈਦ ਰਹੀ ਸੀ। ਜਦੋਂ ਮਹਾਤਮਾਂ ਗਾਂਧੀ ਜੀ ਨੇ ਚਰਖੇ ਦਾ ਪ੍ਰਚਾਰ ਸ਼ੁਰੂ ਕੀਤਾ ਤਾਂ ਅਸੀਂ ਲਾਹੌਰ ਅਤੇ ਅੰਮ੍ਰਿਤਸਰ ਪ੍ਰਭਾਤ ਫੇਰੀਆਂ ਕਢਿਆ ਕਰਦੀਆਂ ਸਾਂ ਤੇ ਸੜਕਾਂ ਤੇ ਗਾਇਆ ਕਰਦੀਆਂ ਸਾਂ :-

ਭੈਣੋ ਚਰਖੇ ਸੇ ਦੇਸ਼ ਕਾ ਸੁਧਾਰ ਹੈ।
ਚਰਖਾ ਕਾਤੋ ਤੋ ਬੇੜਾ ਪਾਰ ਹੈ॥

ਗੱਲ ਦਾ ਵਿਸ਼ਾ ਬਦਲਦਾ ਤਕ ਕੇ ਡਾਕਟਰ ਗੁਰਬਖਸ਼ ਰਾਏ ਆਪਣੀ ਧਰਮ ਪਤਨੀ ਨੂੰ ਕਹਿਣ ਲਗੇ, 'ਉਹ ਆਪਣੀ ਤਸਵੀਰ ਦਿਖਾਈਂ ਨਾ ਸ੍ਰਦਾਰ ਹੋਰਾਂ ਨੂੰ।' ਮੈਂ ਉਹ ਤਸਵੀਰ ਪਹਿਲਾਂ ਹੀ ਉਨ੍ਹਾਂ ਦੀ ਐਲਬਮ ਵਿਚੋਂ ਵੇਖ ਚੁਕਾ ਸਾਂ। ਹੁਣ ਤਾਂ ਮੈਂ ਉਨ੍ਹਾਂ ਦੀ ਧਰਮ ਪਤਨੀ ਦੇ ਮੂੰਹੋਂ ਕੁਝ ਹੋਰ ਗੀਤ ਸੁਣਨਾ ਚਾਹੁੰਦਾ ਸਾਂ ਜੋ ਭਾਰਤੀ ਔਰਤਾਂ ਉਨ੍ਹਾਂ ਦਿਨਾਂ ਵਿਚ ਗਾਇਆ ਕਰਦੀਆਂ ਸਨ। ਮੈਂ ਫਿਰ ਸ੍ਰੀ ਮਤੀ ਸੁਖਦੇਈ ਹੋਰਾਂ ਕੋਲੋਂ ਪੁਛਿਆ, 'ਕੀ ਤੁਹਾਨੂੰ ਹੋਰ ਵੀ ਕੁਝ ਗੀਤ ਯਾਦ ਹਨ ਜੋ ਤੁਸੀਂ ਪ੍ਰਭਾਤ ਫੇਰੀ ਵੇਲੇ ਗਾਇਆ ਕਰਦੀਆਂ ਸੀ?' ਉਹ ਅਜੇ ਕਿਸੇ ਗੀਤ ਦੀ ਲਾਈਨ ਸੋਚ ਹੀ ਰਹੇ ਸਨ ਕਿ ਡਾਕਟਰ ਗੁਰਬਖਸ਼ ਰਾਏ ਗੁਣਗੁਣਾਉਣ ਲਗ ਪਏ ਤੇ ਕਹਿਣ ਲਗੇ, 'ਸੁਖਦੇਈ ਉਹ ਸੁਣਾ ਦੇ'

ਕਰ ਕਤਣ ਵਲ ਧਿਆਨ ਕੁੜੇ
ਮੈਨੂੰ ਗਾਂਧੀ ਦਾ ਫੁਰਮਾਨ ਕੁੜੇ।
ਜਦ ਚਰਖਾ ਘੂੰ ਘੂੰ ਕਰਦਾ ਸੀ
ਸਭ ਲੋਕ ਅਸਾਥੋਂ ਡਰਦਾ ਸੀ।
ਹੁਣ ਹੋਈ ਵੀਰਾਨ ਪੰਜਾਬ ਕੁੜੇ
ਕਰ ਕਤਣ ਵਲ ਧਿਆਨ ਕੁੜੇ।

ਮੇਰੀਆਂ ਗੱਲਾਂ ਦਾ ਰੁਖ ਬਦਲਿਆ ਤਕ ਕੇ ਡਾਕਟਰ ਗੁਰਬਖਸ਼ ਰਾਏ ਕਹਿਣ ਲਗੇ, 'ਮੈਂ ਤੁਹਾਨੂੰ ਉਰਦੂ ਪੰਜਾਬੀ ਦੀਆਂ ਕੁਝ ਲਾਈਨਾਂ ਸੁਣਾਉਂਦਾ ਹਾਂ ਜੋ ਉਨ੍ਹਾਂ ਦਿਨਾਂ ਵਿਚ ਲੋਕਾਂ ਦੀ ਜ਼ਬਾਨ ਤੇ ਆਮ ਸਨ :-

Digitized by Panjab Digital Library | www.panjabdigilib.org

ਹਮਾਰੇ ਵਾਸਤੇ ਜ਼ੰਜੀਰੇ ਤੌਕ ਗਹਿਣਾ ਹੈ
ਵਫ਼ਾ ਕੇ ਸ਼ੋਕ ਮੇਂ ਗਾਂਧੀ ਨੇ ਜਿਸ ਕੋ ਪਹਿਣਾ ਹੈ।
ਯੇ ਮਾਨਾ ਕਿ ਰੰਜੋ ਗੰਮ ਹਮ ਨੇ ਸਹਿਣਾ ਹੈ
ਮਗਰ ਕਹੋ ਵੋਹੀ ਜੋ ਹਮ ਕੋ ਕਹਿਣਾ ਹੈ॥

ਲਗਦਾ ਹੈ ਜਿਵੇਂ ਦੋਹਾਂ ਵਿਚ ਗੀਤਾਂ ਦਾ ਮੁਕਾਬਲਾ ਸ਼ੁਰੂ ਹੋ ਗਿਆ ਸੀ। ਅਜੇ ਗੁਰਬਖ਼ਸ਼ ਰਾਇ ਨੇ ਉਪਰਲੀਆਂ ਸਤਰਾਂ ਪੂਰੀਆਂ ਵੀ ਨਹੀਂ ਸਨ ਕੀਤੀਆਂ ਕਿ ਸ੍ਰੀਮਤੀ ਸੁਖਦੇਈ ਨੇ ਫਿਰ ਗਾਉਣਾ ਸ਼ੁਰੂ ਕਰ ਦਿੱਤਾ :-

ਚਰਖਾ ਚਰਖ ਕੋ ਨੀਚਾ ਦਿਖਾਏਗਾ
ਯੇ ਸਵਰਾਜ ਕੀ ਰਾਹ ਬਤਲਾਏਗਾ।
ਚਰਖਾ ਸਵਦੇਸ਼ੀ ਕੀ ਤਲਵਾਰ ਹੈ
ਚਰਖਾ ਕਾਤੋ ਤੋ ਬੇੜਾ ਪਾਰ ਹੈ॥

ਡਾ: ਗੁਰਬਖਸ਼ ਰਾਏ ਕਹਿਣ ਲਗੇ, ਲਉ ਜੀ ਮੈਂ ਤੁਹਾਨੂੰ ਉਰਦੂ ਦੀਆਂ ਦੋ ਲਾਇਨਾਂ ਸੁਣਾਉਂਦਾ ਹਾਂ:-

ਯੇ ਕਿਆ ਬਾਤ ਹੈ ਕਿ ਜ਼ੁਲਮ ਬਾਰ ਬਾਰ ਹੋ
ਹਮ ਕਹਿਤੇ ਹੈਂ ਕਰਮ ਵੀਰ ਗਾਂਧੀ ਕਾ ਜੈ ਜੈ ਕਾਰ ਹੋ
ਉਠੋ ਹਿੰਦੀਉ ਅਬ ਹੋਸ਼ਿਆਰ ਹੋ॥

ਮੈਂ ਇਕ ਵਾਰ ਫਿਰ ਗੱਲਾਂ ਨੂੰ ਮੋੜ ਕੇ ਜਲ੍ਹਿਆਂ ਵਾਲੇ ਬਾਗ਼ ਵਲ ਆਉਣਾ ਚਾਹੁੰਦਾ ਸੀ ਕਿਉਂਕਿ ਇਹੀ ਘਟਨਾ ਸੀ ਜਿਸ ਨਾਲ ਡਾਕਟਰ ਗੁਰਬਖ਼ਸ਼ ਰਾਏ ਦਾ ਨਾਂ ਵਿਸ਼ੇਸ਼ ਕਰਕੇ ਜੁੜਿਆ ਹੋਇਆ ਸੀ। ਮੈਂ ਫਿਰ ਪੁਛਿਆ, 'ਕੋਈ ਅਜੇਹੇ ਗੀਤ ਵੀ ਹਨ ਜੋ ਜਲ੍ਹਿਆਂ ਵਾਲੇ ਬਾਗ਼ ਦੀ ਘਟਨਾ ਨੂੰ ਬਿਆਨ ਕਰਦੇ ਹੋਣ'। ਦੋਵੇਂ ਪਤੀ ਪਤਨੀ ਇਕ ਦੂਜੇ ਵਲ ਤਕਣ ਲਗੇ ਪਏ - 'ਆਹੋ, ਔਰਤਾਂ ਗਾਉਂਦੀਆਂ ਤੇ ਸਨ ਪਰ ਮੈਨੂੰ ਹੁਣ ਉਸਦਾ ਕੇਵਲ ਇਕ ਟੱਪਾ ਹੀ ਯਾਦ ਹੈ', ਸੁਖਦੇਈ ਨੇ ਕਿਹਾ।

ਸ਼ਹੀਦਾਂ ਵਾਲਿਆ ਚੰਨਾ ਮੁਖੋਂ ਤਾਂ ਬੋਲ
ਪਿੱਟ ਪਿੱਟ ਹੋਈ ਹਾਂ ਕਮਲੀ, ਮੈਂ ਤੇਰੀ ਲੋਥ ਦੇ ਕੋਲ।

ਸੁਖਦੇਈ ਅਗੋਂ ਸੋਚ ਹੀ ਰਹੀ ਸੀ ਕਿ ਡਾ: ਗੁਰਬਖ਼ਸ਼ ਰਾਏ ਗੁਣ ਗੁਣਾਉਣ ਲਗ ਪਏ :-

ਬਾਗ਼ ਜਲ੍ਹਿਆਂ ਵਾਲਾ, ਵਗਿਆ ਖ਼ੂਨ ਦਾ ਨਾਲਾ
ਗਰਕ ਹੋਣ ਇਹ ਸ਼ਾਲਾ, ਜਿੰਨ੍ਹੇ ਕੀਤੇ ਕਲੋਲ।

ਇਸ ਦੇ ਚਾਰ ਬੰਦ ਸਨ। ਡਾ: ਗੁਰਬਖਸ਼ ਰਾਏ ਨੇ ਕਿਹਾ, ਮੈਨੂੰ ਬੱਸ ਇਕ ਹੋਰ ਯਾਦ ਹੈ :-

ਸੂਰਤ ਸੋਹਣੀ ਵੇ ਬੇਟਾ, ਕਾਹਨੂੰ ਖ਼ਾਕ ਰੋਲੀ
ਸੁਣ ਨੀ ਭੋਲੀਏ ਮਾਏ, ਡਾਇਰ ਮਾਰੀ ਏ ਗੋਲੀ।

Digitized by Panjab Digital Library | www.panjabdigilib.org

ਇਕ ਵਾਰ ਫਿਰ ਮੈਂ ਗੱਲ ਦਾ ਰੁਖ ਬਦਲ ਕੇ ਸੁਖਦੇਈ ਵਲ ਲੈ ਗਿਆ। ਉਨ੍ਹਾਂ ਦਿਨਾਂ ਵਿਚ ਪੰਜਾਬ ਵਿਚ ਕੇਹੜੀਆਂ ਪ੍ਰਸਿਧ ਔਰਤਾਂ ਸਨ ਜੇਹੜੀਆਂ ਇਸ ਸੰਗਰਾਮ ਵਿਚ ਹਿੱਸਾ ਲੈ ਰਹੀਆਂ ਸਨ। 'ਪੁੱਤਰ ਇਹ ਤਾਂ ਮੈਨੂੰ ਯਾਦ ਨਹੀਂ, ਪਰ ਆਮ ਘਰਾਂ ਦੀਆਂ ਔਰਤਾਂ ਵੀ ਮਰਦਾਂ ਨਾਲੋਂ ਕੁਰਬਾਨੀ ਵਿਚ ਕਿਸੀ ਤਰ੍ਹਾਂ ਘੱਟ ਨਹੀਂ ਸਨ। ਮਰਦ ਜੇਲ੍ਹਾਂ ਵਿਚ ਜਾਂਦੇ ਸਨ, ਅਸੀਂ ਘਰ ਬਚਿਆਂ ਨੂੰ ਪਾਲਦੀਆਂ ਸਾਂ। ਕਈ ਵਾਰ ਸਾਨੂੰ ਬੜੀਆਂ ਸਖ਼ਤ ਮੁਸੀਬਤਾਂ ਦਾ ਮੁਕਾਬਲਾ ਕਰਨਾ ਪੈਂਦਾ ਸੀ। ਅੰਗਰੇਜ਼ੀ ਅਫ਼ਸਰ ਵੀ ਸਾਨੂੰ ਆ ਕੇ ਪਰੇਸ਼ਾਨ ਕਰੀ ਰਖਦੇ ਸਨ। ਉਨ੍ਹਾਂ ਦਿਨਾਂ ਵਿਚ ਰਾਮਭੱਜ ਦੱਤ ਦੀ ਵਹੁਟੀ (ਜੇਹੜੀ ਕਿ ਬੰਗਾਲੀ ਕੁੜੀ ਸੀ) ਬੜੇ ਸੁਹਣੇ ਗੀਤ ਲਿਖਦੀ ਸੀ ਤੇ ਉਹ ਔਰਤਾਂ ਦੀ ਜ਼ਬਾਨ ਤੇ ਇਕ ਦਮ ਚੜ੍ਹ ਜਾਂਦੇ ਸਨ। ਇਹ ਗੀਤ ਉਸੇ ਦਾ ਹੀ ਹੈ :-

ਅਸਾਂ ਨਹੀਂ ਜੇ ਹਾਰਨਾ ਭਾਵੇਂ ਸਾਡੀ ਜਾਨ ਜਾਵੇ  
ਮਾਝੇ ਦੇ ਜ਼ੋਰ ਨਾਲ, ਦੁਆਬੇ ਦੇ ਸ਼ੋਰ ਨਾਲ  
ਗੋਲੀਆਂ ਦੀ ਮਾਰ ਕੋਲੋ, ਕੰਡਿਆਂ ਦੀ ਧਾਰ ਕੋਲੋਂ  
ਅਸਾਂ ਨਹੀਂ ਜੇ ਹਾਰਨਾਂ (ਭੈਣੋ)  
ਚਾਹੇ ਸਾਡੀ ਜਾਨ ਜਾਵੇ।

ਬੇਸ਼ੱਕ ਰਾਤ ਸਿਰ ਤੇ ਢਲਦੀ ਆ ਰਹੀ ਸੀ। ਸ਼ਾਇਦ ਹੁਣ ਸੁਖਦੇਈ ਨੂੰ ਵੀ ਰੋਟੀ ਸਬਜ਼ੀ ਦੀ ਚਿੰਤਾ ਨਹੀਂ ਸੀ ਰਹੀ ਹੁਣ ਉਹ ਵੀ ਉਨ੍ਹਾਂ ਗੱਲਾਂ ਦਾ ਅੰਗ ਬਣ ਚੁਕੀ ਸੀ, ਜੇਹੜੀਆਂ ਮੇਰੇ ਤੇ ਉਨ੍ਹਾਂ ਦੇ ਪਤੀ ਦੇ ਵਿਚਕਾਰ ਸ਼ੁਰੂ ਹੋਈਆਂ ਸਨ।

ਗੀਤ ਲਿਖਣ ਵਾਲੀ ਉਸ ਤੀਵੀਂ ਦਾ ਕੀ ਨਾਂ ਸੀ? ਮੈਂ ਪੁਛਿਆ।  
'ਸਰਲਾ ਦੇਵੀ', ਡਾ: ਗੁਰਬਖਸ਼ ਰਾਏ ਨੇ ਦਸਿਆ।  
ਉਹ ਔਰਤਾਂ ਦੇ ਇਕੱਠ ਵਿਚ ਆਮ ਗਾਇਆ ਕਰਦੀ ਸੀ :  
ਅਸਾਂ ਲੈ ਲੈਣੀ ਆਜ਼ਾਦੀ ਕੁੜੀਓ ਹੱਸ ਹੱਸ ਕੇ

ਗੱਲਾਂ ਦਾ ਸਿਲਸਿਲਾ ਕਾਫ਼ੀ ਲੰਮਾਂ ਹੋ ਚੁਕਾ ਸੀ। ਅਜੇ ਬਹੁਤ ਗੱਲਾਂ ਪੁਛਣ ਵਾਲੀਆਂ ਸਨ ਤੇ ਸ਼ਾਇਦ ਉਨ੍ਹਾਂ ਕੋਲ ਵੀ ਅਜੇ ਬਹੁਤ ਕੁਝ ਕਹਿਣ ਵਾਲਾ ਸੀ। 1919 ਤੋਂ ਬਾਅਦ ਦੀ ਉਨ੍ਹਾਂ ਦੀ ਸਾਰੀ ਜਿੰਦਗੀ ਪਈ ਸੀ। ਉਹ ਕਈ ਵਾਰ ਜੇਲ੍ਹ ਗਏ ਸਨ ਤੇ ਕਈ ਵਾਰ ਰਿਹਾ ਹੋਏ ਸਨ। 1919 ਵਿਚ ਉਨ੍ਹਾਂ ਨੂੰ Amritsar Conspiracy Case ਵਿਚ ਗ੍ਰਿਫ਼ਤਾਰ ਕੀਤਾ ਗਿਆ ਤੇ ਉਮਰ ਕੈਦ ਹੋਈ ਪਰ ਜਲਦੀ ਹੀ ਅੰਗਰੇਜ਼ ਸਰਕਾਰ ਨੇ ਸਾਰੇ ਕੈਦੀਆਂ ਨੂੰ ਰਿਹਾ ਕਰ ਦਿੱਤਾ। ਡਾਕਟਰ ਗੁਰਬਖਸ਼ ਰਾਏ ਦੇ ਨਾਲ ਦੂਜੇ ਕੈਦੀ ਉਨ੍ਹਾਂ ਦੇ ਮਿੱਤਰ ਦੀਨਾ ਨਾਥ ਸਨ। ਉਨ੍ਹਾਂ ਮੈਨੂੰ ਦਸਿਆ ਕਿ ਜੋ ਗੱਲ ਸ਼ਹੀਦ ਭਗਤ ਸਿੰਘ ਦੀ 20ਵੀਂ ਸਦੀ ਦੇ ਤੀਸਰੇ ਦਹਾਕੇ ਵਿਚ ਸੀ ਉਹੀ ਗੱਲ ਦੂਜੇ ਦਹਾਕੇ ਵਿਚ ਬੱਗਾ ਅਤੇ ਰਤਨ ਚੰਦ ਦੀ ਸੀ। ਬੇਸ਼ਕ ਉਹ ਦੋਵੇਂ ਅਨਪੜ੍ਹ ਸਨ, ਪਰ ਆਪਣੀ ਬਹਾਦਰੀ ਤੇ ਨਿਡਰਤਾ ਦੇ ਕਾਰਨ ਇਨ੍ਹਾਂ ਦੇ ਨਾਮ ਪੰਜਾਬ ਦੇ ਘਰ ਘਰ ਵਿਚ ਲੋਕਾਂ ਦੀ ਜ਼ਬਾਨ ਤੇ ਸਨ। ਜਿਨ੍ਹਾਂ ਦਿਨਾਂ ਵਿਚ ਸਰਦਾਰ ਭਗਤ ਸਿੰਘ ਲਾਹੌਰ ਜੇਲ੍ਹ ਵਿਚ ਕੈਦ ਸਨ, ਉਨ੍ਹਾਂ ਦਿਨਾਂ ਵਿਚ ਡਾ: ਗੁਰਬਖਸ਼ ਰਾਏ ਵੀ ਆਪਣੀਆਂ ਰਾਜਸੀ ਸਰਗਰਮੀਆਂ ਦੇ ਕਾਰਨ ਉਸੇ ਜੇਲ੍ਹ ਵਿਚ ਕੈਦ ਕੱਟ ਰਹੇ ਸਨ।

'ਕੀ ਤੁਸਾਂ ਸਰਦਾਰ ਭਗਤ ਸਿੰਘ ਨੂੰ ਵੇਖਿਆ ਸੀ'? ਭਗਤ ਸਿੰਘ ਦਾ ਨਾਂ ਸੁਣਦਿਆਂ

Digitized by Panjab Digital Library | www.panjabdigilib.org

ਹੀ ਉਨ੍ਹਾਂ ਦੀ ਧੌਣ ਇਕ ਵਾਰ ਬੜੇ ਮਾਣ ਤੇ ਗੌਰਵ ਨਾਲ ਉੱਚੀ ਹੋ ਗਈ। 'ਲੈ ਵੇਖਿਆ ਕਿਉਂ ਨਹੀਂ? ਇਨ੍ਹਾਂ ਦਾ ਘਰ ਲਾਹੌਰ ਵਿਚ ਸਾਡੇ ਘਰ ਦੇ ਨੇੜੇ ਹੀ ਸੀ। ਮੈਂ ਇਨ੍ਹਾਂ ਦੇ ਪਿਤਾ ਤੇ ਚਾਚਾ ਜੀ ਨੂੰ ਬੜੀ ਚੰਗੀ ਤਰ੍ਹਾਂ ਜਾਣਦਾ ਸਾਂ। ਭਗਤ ਸਿੰਘ ਬੜੀ ਦਲੇਰ ਤਬੀਅਤ ਦਾ ਨੌਜਵਾਨ ਸੀ'। ਗੱਲ ਕਰਦਿਆਂ ਕਰਦਿਆਂ ਉਨ੍ਹਾਂ ਦਾ ਗਲਾ ਭਰ ਆਇਆ। ਉਸ ਨੌਜਵਾਨ ਨੇ ਤਾਂ ਪੰਜਾਬ ਭਰ ਵਿਚ ਕੀ ਪੂਰੇ ਦੇਸ਼ ਭਰ ਵਿਚ ਆਜ਼ਾਦੀ ਦੇ ਅੰਦੋਲਨ ਨੂੰ ਅਜਿਹਾ ਤੇਜ਼ ਕਰ ਦਿੱਤਾ ਕਿ... ਕਿਸੇ ਹੋਰ ਨੇਤਾ ਨਾਲ ਟਾਕਰਾ ਕਰਦੇ ਕਰਦੇ ਉਹ ਰੁਕ ਗਏ। ਸ਼ਾਇਦ ਉਹ ਵੀ ਮਹਿਸੂਸ ਕਰਦੇ ਸਨ ਕਿ ਇਹੋ ਜਿਹਾ ਟਾਕਰਾ ਕਿਸੇ ਵੀ ਕਾਂਗਰਸੀ ਰਾਜ ਅਧਿਕਾਰੀ ਨੂੰ ਮਾੜਾ ਲੱਗ ਸਕਦਾ ਹੈ।

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ
ਗੱਲਾਂ ਕਰਨੀਆਂ ਢੇਰ ਸੁਖਲੀਆਂ ਨੇ
ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਪਾਇਆ
ਉਨ੍ਹਾਂ ਲੱਖ ਮੁਸੀਬਤਾਂ ਝਲੀਆਂ ਨੇ

ਅਚੇਤ ਹੀ ਉਹ 'ਗ਼ਦਰ' ਪਰਚੇ ਦੀਆਂ ਕੁਝ ਸਤਰਾਂ ਬੋਲ ਗਏ ਸਨ। ਮੈਂ ਹੈਰਾਨ ਸਾਂ ਕਿ 82 ਸਾਲ ਦਾ ਬਜ਼ੁਰਗ ਕਿਵੇਂ ਪੰਜਾਹ ਸੱਠ ਸਾਲ ਪੁਰਾਣੀਆਂ ਗੱਲਾਂ ਅਜੇ ਵੀ ਸੀਨੇ ਵਿਚ ਲੁਕੋ ਕੇ, ਸਾਂਭ ਕੇ ਇੰਝ ਬੈਠਾ ਹੈ ਜਿਵੇਂ ਇਹ ਕੱਲ੍ਹ ਦੀ ਗੱਲ ਹੋਵੇ ਤੇ ਸੁਤੰਤਰਤਾ ਸੰਗਰਾਮੀਏ ਰੱਲ ਕੇ ਇਹ ਗੀਤ ਗਾ ਰਹੇ ਹੋਣ।

'ਜਦੋਂ ਸਰਦਾਰ ਭਗਤ ਸਿੰਘ ਨੂੰ ਫਾਂਸੀ ਦਿੱਤੀ ਗਈ ਤੁਹਾਨੂੰ ਇਸ ਗੱਲ ਦਾ ਪਤਾ ਲਗਾ ਸੀ ਕਿ ਨਹੀਂ?' 'ਕਿਉਂ ਨਹੀਂ।' ਡਾਕਟਰ ਗੁਰਬਖਸ਼ ਰਾਏ ਨੇ ਕਿਹਾ, 'ਇਕ ਵਾਰ ਤਾਂ ਜੇਲ੍ਹ ਦੀਆਂ ਸਾਰੀਆਂ ਬੰਦ ਕੋਠੀਆਂ 'ਇਨਕਲਾਬ ਜਿੰਦਾ ਬਾਦ' ਦੇ ਆਕਾਸ਼ ਗੂੰਜਾਊ ਨਾਹਰਿਆਂ ਨਾਲ ਗੂੰਜਣ ਲਗ ਪਈਆਂ ਸਨ। ਇਹ ਸਰਦਾਰ ਭਗਤ ਸਿੰਘ ਦੇ ਆਖ਼ਰੀ ਸ਼ਬਦ ਸਨ। ਜੋ ਉਸ ਨੇ ਫ਼ਾਂਸੀ ਚੜ੍ਹਣ ਤੋਂ ਪਹਿਲਾਂ ਬੋਲੇ ਸਨ। ਜੇਲ੍ਹ ਵਿਚ ਹੋਰ ਕੈਦੀਆਂ ਨੇ ਵੀ ਉਨ੍ਹਾਂ ਨੂੰ 'ਇਨਕਲਾਬ ਜਿੰਦਾਬਾਦ' ਦੇ ਨਾਹਰਿਆ ਨਾਲ ਵਿਦਾਇਗੀ ਦਿੱਤੀ ਸੀ। ਅਸੀਂ ਵੀ ਸਮਝ ਗਏ ਸਾਂ ਕਿ ਹੁਣ ਸਰਦਾਰ ਭਗਤ ਸਿੰਘ ਬਸ ਆਖ਼ਰੀ ਪਲਾਂ ਦਾ ਮਹਿਮਾਣ ਰਹਿ ਗਿਆ ਹੈ।'

ਉਸ ਦੇ ਬਾਅਦ ਵੀ ਕਦੇ ਤੁਸੀ ਜੇਲ੍ਹ ਗਏ ਹੋ ਕਿ ਨਹੀਂ? ਮੈਂ ਫਿਰ ਪ੍ਰਸ਼ਨ ਕੀਤਾ। 'ਉਸ ਦੇ ਬਾਅਦ ਮੈਂ ਜੇਲ੍ਹ ਤਾਂ ਨਹੀਂ ਗਿਆ ਪਰ ਮੈਂ ਦੇਸ਼ ਪ੍ਰਤੀ ਆਪਣੇ ਫ਼ਰਜਾਂ ਤੋਂ ਕਦੇ ਅਵੇਸਲਾ ਵੀ ਨਹੀਂ ਹੋਇਆ। ਜਦੋਂ ਸਾਡੇ ਦੇਸ਼ ਨੂੰ ਆਜ਼ਾਦੀ ਮਿਲੀ ਮੈਂ ਉਦੋਂ ਲਾਹੌਰ ਹੀ ਸਾਂ। ਪਾਕਿਸਤਾਨ ਬਣਨ ਤੋਂ ਇਕ ਵਰ੍ਹਾ ਬਾਅਦ ਤਕ ਵੀ ਮੈਂ ਆਪਣੇ ਦੇਸ਼ ਵਾਸੀਆਂ ਨੂੰ ਮੁਸਲਮਾਨਾਂ ਦੇ ਕਬਜ਼ੇ ਚੋਂ ਬਚਾ ਕੇ ਦੇਸ਼ ਭੇਜਦਾ ਰਿਹਾ। ਮੈਂ ਤਕਰੀਬਨ 1000 ਔਰਤਾਂ ਦੀ ਇਜ਼ਤ ਤੇ ਆਬਰੂ ਬਚਾਈ ਹੋਵੇਗੀ। ਫ਼ਿਰਕੂ ਫ਼ਸਾਦਾਂ ਹੀ ਅੱਗ ਵਿਚ ਝੁਲਸਦੇ ਲੋਕਾਂ ਨੂੰ ਆਪਣੀ ਜਾਨ ਦੀ ਬਾਜ਼ੀ ਲਾ ਕੇ ਅੰਮ੍ਰਿਤਸਰ, ਅੰਬਾਲੇ ਤੇ ਹੋਰ ਥਾਵਾਂ ਤੇ ਭੇਜਦਾ ਰਿਹਾ ਹਾਂ।'

"ਤੁਹਾਨੂੰ ਭਾਰਤ ਸਰਕਾਰ ਨੇ ਸਨਮਾਨ ਵਜੋਂ ਤਾਮਰ ਪੱਤਰ ਵੀ ਭੇਟ ਕੀਤਾ ਹੈ"? ਮੇਰੇ ਕਹਿਣ ਦੀ ਦੇਰ ਸੀ ਕਿ ਉਹ ਪਾਟੀ ਹੋਈ ਧੋਤੀ ਦਾ ਲੜ ਫੜ ਕੇ ਕਹਿਣ ਲਗੇ, 'ਸਰਦਾਰ ਸਾਹਿਬ' ਤਨ ਦੀ ਗਰੀਬੀ ਤਾਮਰ ਪੱਤਰਾਂ ਨਾਲ ਨਹੀਂ ਢੱਕੀ ਜਾ ਸਕਦੀ। ਤਾਮਰ ਪੱਤਰ ਤਾਂ ਉਨ੍ਹਾਂ ਨੂੰ ਵੀ ਮਿਲ ਗਏ ਹਨ ਜਿਨ੍ਹਾਂ ਝੂਠੇ ਸਰਟੀਫੀਕੇਟ ਬਣਵਾ ਕੇ ਆਪਣੇ

Digitized by Panjab Digital Library | www.panjabdigilib.org

ਆਪ ਨੂੰ ਦੇਸ਼ ਭਗਤ ਜ਼ਾਹਿਰ ਕੀਤਾ ਹੈ। ਕਿਸੇ ਦਾ ਨਾਂ ਕੀ ਲੈਣਾ ਹੈ।' ਉਹ ਕਹਿੰਦੇ ਕਹਿੰਦੇ ਰੁਕ ਗਏ। 'ਜੇਹੜੇ ਕਦੇ ਅੰਗਰੇਜ਼ ਹਕੂਮਤ ਦੇ ਖ਼ੈਰ ਖਾਹ ਸਨ, ਅੱਜ ਉਹੀ ਆਜ਼ਾਦ ਭਾਰਤ ਵਿਚ ਦੇਸ਼ ਭਗਤ ਤੇ ਕੁਰਬਾਨੀ ਦੇ ਪੁੰਜ ਸਮਝੇ ਜਾਂਦੇ ਹਨ। ਚੜ੍ਹਣ ਲਈ ਕਾਰਾਂ ਤੇ ਰਹਿਣ ਲਈ ਬੰਗਲੇ ਹਨ ਤੇ' ... ਸੁਖਦੇਈ ਨੇ ਗੱਲ ਨੂੰ ਟੋਕਦਿਆਂ ਕਿਹਾ। 'ਛਡੋ ਜੀ ਤੁਸੀਂ ਕਿਹੜੀਆਂ ਗੱਲਾਂ ਲੈਕੇ ਬੈਠ ਗਏ ਹੋ। ਸਾਨੂੰ ਕੀ? ਅਸਾਂ ਕੇਹੜਾ ਕੋਈ ਕੁਰਬਾਨੀ ਕਿਸੇ ਲਾਲਚ ਲਈ ਕੀਤੀ ਸੀ। ਸ਼ੁਕਰ ਕਰੋ ਕਿ ਤੁਸੀਂ ਉਹ ਆਜ਼ਾਦੀ ਵੇਖਣ ਲਈ ਜੀਅ ਰਹੇ ਹੋ ਜੇਹੜੀ ਹੋਰ ਹਜ਼ਾਰਾਂ ਤੇ ਲਖਾਂ ਸ਼ਹੀਦ ਕਾਮਨਾ ਕਰਦੇ ਕਰਦੇ ਇਸ ਨੂੰ ਵੇਖਣ ਤੋਂ ਪਹਿਲਾਂ ਹੀ ਇਸ ਸੰਸਾਰ ਤੋਂ ਰੁਖਸਤ ਹੋ ਗਏ ਹਨ।'

'ਤੂੰ ਠੀਕ ਕਹਿੰਦੀ ਏਂ ਸੁਖਦੇਈਏ।' ਡਾਕਟਰ ਗੁਰਬਖ਼ਸ਼ ਰਾਏ ਨੇ ਕਿਹਾ।

ਇਸ ਮਗਰੋਂ ਉਨ੍ਹਾਂ ਹਉਕਾ ਭਰਿਆ ਤੇ ਫਿਰ ਆਪਣੀ ਧੋਤੀ ਤੇ ਲੜ ਨਾਲੋਂ ਚਾਬੀ ਖੋਲ੍ਹ ਕੇ, ਸਾਰੇ ਕਾਗਜ਼ ਆਪਣੀ ਲਾਇਬਰੇਰੀ ਵਿਚ ਸੰਭਾਲਣ ਚਲੇ ਗਏ।

Digitized by Panjab Digital Library | www.panjabdigilib.org

# ਬਾਬਾ ਖੜਕ ਸਿੰਘ

ਅਣਵੰਡੇ ਪੰਜਾਬ ਦਾ ਮਹਾਨ ਸਪੂਤ, ਪੱਕਾ ਦੇਸ਼ ਭਗਤ, ਦ੍ਰਿੜ੍ਹ ਇਰਾਦੇ ਤੇ ਕੁਰਬਾਨੀ ਦੇ ਜਜ਼ਬੇ ਨਾਲ ਓਤਪੋਤ ਬਾਬਾ ਖੜਕ ਸਿੰਘ ਉਨ੍ਹਾਂ ਸੁਤੰਤਰਤਾ ਸੰਗਰਾਮੀਆਂ ਵਿਚੋਂ ਹੈ ਜਿਸਨੇ ਆਪਣੇ ਜੀਵਨ ਦੇ 20 ਸਾਲ ਅੰਗਰੇਜ਼ਾਂ ਦੀਆਂ ਜੇਲ੍ਹਾਂ ਵਿਚ ਕੱਟ ਕੇ 15 ਅਗਸਤ ਸੰਨ 1947 ਨੂੰ ਸੁਤੰਤਰ ਭਾਰਤ ਵਿਚ ਆਜ਼ਾਦੀ ਦਾ ਸੂਰਜ ਚੜ੍ਹਦਾ ਵੇਖਣ ਦੀ ਖੁਸ਼ੀ ਤੇ ਮਾਣ ਹਾਸਲ ਕੀਤਾ। 20 ਜੂਨ 1949 ਨੂੰ ਉਸਦੇ 82ਵੇਂ ਜਨਮ ਦਿਨ ਦੇ ਮੌਕੇ ਤੇ ਪੰਡਤ ਜਵਾਹਰ ਲਾਲ ਨੇ ਦੇਸ਼ ਦੇ ਰਾਸ਼ਟ੍ਰੀਯ ਝੰਡੇ ਦੀ ਚਾਂਦੀ ਦੀ ਬਣੀ ਪ੍ਰਤਿਮੂਰਤੀ (replica) ਬਾਬਾ ਜੀ ਨੂੰ ਭੇਂਟ ਕਰਦਿਆਂ ਕਿਹਾ ਸੀ ਕਿ 'There are a few hands which can uphold the honour and preserve the dignity of the national flag, better than those of Baba Ji'. ਇਕ ਹੋਰ ਥਾਂ ਤੇ ਉਨ੍ਹਾਂ ਆਪਣੇ ਸੰਦੇਸ਼ ਵਿਚ ਕਿਹਾ ਸੀ, "I do not see any body in the country today who can be compared in courage, bravery and truthfulness with Baba ji".

ਬਾਬਾ ਖੜਕ ਸਿੰਘ ਦਾ ਸਮੁੱਚਾ ਜੀਵਨ ਤੱਪ, ਤਿਆਗ ਅਤੇ ਕੁਰਬਾਨੀ ਦਾ ਜੀਵਨ ਸੀ। ਉਹ ਆਪਣੇ ਇਰਾਦੇ ਵਿਚ ਇਤਨੇ ਮਜ਼ਬੂਤ ਸਨ ਕਿ ਉਨ੍ਹਾਂ ਨੂੰ ਅੰਗਰੇਜ਼ੀ ਸਾਮਰਾਜ ਦੀ ਕੋਈ ਵੀ ਸ਼ਕਤੀ, ਜ਼ੁਲਮ, ਅਥਵਾ ਲਾਲਚ ਕਦੇ ਝੁਕਾ ਨਹੀਂ ਸੀ ਸਕਿਆ। ਉਹ ਸਾਰੀ ਉਮਰ ਦੇਸ਼ ਦੀ ਏਕਤਾ ਅਤੇ ਆਜ਼ਾਦੀ ਲਈ ਜੂਝਦੇ ਰਹੇ। ਉਹ ਕਿਹਾ ਕਰਦੇ ਸਨ ਕਿ ਸਾਡੇ ਦੇਸ਼ ਵਾਸੀ - ਹਿੰਦੂ, ਮੁਸਲਮਾਨ, ਇਸਾਈ, ਪਾਰਸੀ ਅਤੇ ਸਿੱਖ ਸਭ ਇਸ ਦੀ ਸੰਤਾਨ ਹਨ ਅਤੇ ਇਨ੍ਹਾਂ ਨੂੰ ਇਕ ਸੂਤਰ ਵਿਚ ਬੰਨਣ੍ਹ ਵਾਲਾ ਨਾਮ 'ਭਾਰਤ' ਹੈ। ਦੇਸ਼ ਵਾਸੀ ਉਨ੍ਹਾਂ ਨੂੰ ਪਿਆਰ ਨਾਲ 'ਬੇਤਾਜ ਬਾਦਸ਼ਾਹ' ਕਿਹਾ ਕਰਦੇ ਸਨ।

ਬਾਬਾ ਖੜਕ ਸਿੰਘ ਦਾ ਜਨਮ ਅਣਵੰਡੇ ਪੰਜਾਬ ਦੇ ਨਗਰ ਸਿਆਲਕੋਟ (ਹੁਣ ਪਾਕਿਸਤਾਨ) ਵਿਖੇ 6 ਜੂਨ 1868 ਨੂੰ ਰਾਇ ਬਹਾਦਰ ਸ੍ਰ: ਹਰੀ ਸਿੰਘ ਦੇ ਘਰ ਹੋਇਆ। ਉਨ੍ਹਾਂ ਦੇ ਪਿਤਾ ਸਰਕਾਰੀ ਠੇਕੇਦਾਰ ਅਤੇ ਇਕ ਸਫ਼ਲ ਉਦਯੋਗਪਤੀ ਸਨ। ਸਿਆਲਕੋਟ ਵਿਚ ਉਨ੍ਹਾਂ ਦੀ ਡਾਕਟਰੀ ਔਜ਼ਾਰ ਅਤੇ ਕਿਰਪਾਨਾਂ ਬਣਾਉਣ ਦੀ ਫ਼ੈਕਟਰੀ ਸੀ। ਘਰ ਵਿਚ ਸਿੱਖੀ ਮਾਹੌਲ ਹੋਣ ਕਰਕੇ ਬਾਬਾ ਜੀ ਦੇ ਮਨ ਤੇ ਗੁਰਬਾਣੀ ਅਤੇ ਸਿੱਖ ਇਤਿਹਾਸ ਦਾ ਬਹੁਤ ਗਹਿਰਾ ਪ੍ਰਭਾਵ ਸੀ। ਗੁਰਦੁਆਰਾ ਸੁਧਾਰ ਲਹਿਰ ਅਤੇ ਆਜ਼ਾਦੀ ਦੇ ਸੰਘਰਸ਼ ਵਿਚ ਕੁੱਦਣ ਮਗਰੋਂ ਸਿੱਖੀ ਦੇ ਇਸ ਸ਼ਾਨਦਾਰ ਵਿਰਸੇ ਨੇ ਉਨ੍ਹਾਂ ਨੂੰ ਕਦੇ ਵੀ ਆਪਣੇ ਨਿਸ਼ਾਨੇ ਤੋਂ ਥਿੜਕਣ ਨਹੀਂ ਸੀ ਦਿੱਤਾ। ਅਟੱਲ ਇਰਾਦੇ ਅਤੇ ਸਦਾ ਚੜ੍ਹਦੀ ਕਲਾ ਵਿਚ ਰਹਿਣ ਵਾਲੇ ਬਾਬਾ ਖੜਕ ਸਿੰਘ ਨੇ ਦਸੰਬਰ 1929 ਵਿਚ ਲਾਹੌਰ ਵਿਖੇ ਬੋਲਦਿਆਂ ਕਿਹਾ ਸੀ:

'In the fight of India's freedom if you find a bullet in my back do not count me as one amongst the sikhs of the Gurus and do not

Digitized by Panjab Digital Library | www.panjabdigilib.org

cremate my dead body according to the sikh rites. A disciple of the Great Gurus is an ideal saint-soldier and is supposed to fight in the vanguard and face the bullet in the chest and not in the back. We the sikhs, shall never allow any foreigner to rule our motherland and we shall brooke no injustice.

ਬਾਬਾ ਖੜਕ ਸਿੰਘ ਦੇ ਪਿਤਾ ਸ੍ਰ: ਹਰੀ ਸਿੰਘ ਪੰਜਾਬ ਦੇ ਰੱਜੇ ਪੁੱਜੇ ਰਈਸਾਂ ਵਿਚੋਂ ਸਨ। ਉਨ੍ਹਾਂ ਦੀ ਸਰਕਾਰੇ ਦਰਬਾਰੇ ਬੜੀ ਪਹੁੰਚ ਤੇ ਇਜ਼ਤ ਸੀ। ਉਹ ਚਾਹੁੰਦੇ ਸਨ ਕਿ ਉਨ੍ਹਾਂ ਦਾ ਪੁੱਤਰ ਵੀ ਅੱਛੀ ਵਿਦਿਆ ਪ੍ਰਾਪਤ ਕਰਕੇ ਸਰਕਾਰੀ ਠੇਕੇਦਾਰ ਜਾਂ ਫਿਰ ਵਕੀਲ ਬਣ ਜਾਵੇ। ਆਮ ਤੌਰ ਤੇ ਵਡੇ ਘਰਾਂ ਦੇ ਲੋਕ ਵਕਾਲਤ ਦੀ ਪੜ੍ਹਾਈ ਲਈ ਆਪਣੇ ਬਚਿਆਂ ਨੂੰ ਇੰਗਲੈਂਡ ਭੇਜਿਆ ਕਰਦੇ ਸਨ। ਕਿਸੇ ਨੂੰ ਕੀ ਪਤਾ ਸੀ ਕਿ ਬਾਲਕ ਖੜਕ ਸਿੰਘ ਆਪਣੇ ਪਿਤਾ ਪੁਰਖੀ ਕਿੱਤੇ ਵਿਚ ਨਾ ਜਾ ਕੇ ਤੇ ਘਰ ਦੇ ਸਾਰੇ ਸੁੱਖ ਆਰਾਮ ਤਿਆਗ ਕੇ ਆਜ਼ਾਦੀ ਦੇ ਅਜੇਹੇ ਸੰਘਰਸ਼ ਵਿਚ ਕੁੱਦ ਪਵੇਗਾ ਜਿਸ ਦਾ ਸਾਰਾ ਰਸਤਾ ਕਸ਼ਟ, ਕੁਰਬਾਨੀ ਅਤੇ ਜੇਲ੍ਹ ਦੀਆਂ ਕਾਲ ਕੋਠਰੀਆਂ 'ਚੋਂ ਹੋ ਕੇ ਲੰਘਦਾ ਸੀ।

ਖੜਕ ਸਿੰਘ ਨੇ ਮੁੱਢਲੀ ਵਿਦਿਆ ਮਿਸ਼ਨ ਹਾਈ ਸਕੂਲ (ਸਿਆਲਕੋਟ) ਤੋਂ ਹਾਸਲ ਕੀਤੀ ਤੇ ਫ਼ਿਰ ਮਰੇ ਕਾਲਜ ਅਤੇ ਗਵਰਨਮੈਂਟ ਕਾਲਜ ਵਿਚ ਦਾਖ਼ਲ ਹੋ ਗਿਆ। ਇੰਟਰ ਦਾ ਇਮਤਿਹਾਨ ਪਾਸ ਕਰਕੇ ਉਸਨੇ ਗਵਰਨਮੈਂਟ ਕਾਲਜ ਲਾਹੌਰ ਵਿਚ ਦਾਖ਼ਲਾ ਲੈ ਲਿਅ। ਇੱਥੋਂ ਉਸਨੇ 1889 ਵਿਚ ਬੀ.ਏ. ਦੀ ਡਿਗਰੀ ਹਾਸਲ ਕੀਤੀ। ਇਸ ਕਾਲਜ ਚੋਂ ਗ੍ਰੈਜੂਏਟ ਹੋਣ ਵਾਲਿਆਂ ਦਾ ਇਹ ਪਹਿਲਾ ਬੈਚ (ਦਸਤਾ) ਸੀ। ਜਿਵੇਂ ਘਰ ਵਾਲੇ ਚਾਹੁੰਦੇ ਸਨ, ਖੜਕ ਸਿੰਘ ਬੀ.ਏ. ਕਰਨ ਮਗਰੋਂ ਵਕਾਲਤ ਦੀ ਪੜ੍ਹਾਈ ਲਈ 'ਲਾਅ ਕਾਲਜ ਅਲਾਹਬਾਦ' ਵਿਚ ਦਾਖ਼ਲ ਹੋ ਗਿਆ। ਪਰ ਅਚਾਨਕ ਪਿਤਾ ਜੀ ਦਾ ਦੇਹਾਂਤ ਹੋ ਜਾਣ ਕਾਰਨ ਖੜਕ ਸਿੰਘ ਪੜ੍ਹਾਈ ਵਿਚੇ ਛੱਡ ਕੇ ਸਿਆਲਕੋਟ ਪਰਤ ਆਇਆ। ਉਸਨੇ ਘਰ ਦੇ ਕੰਮ ਕਾਜ ਵਿਚ ਵਡੇ ਭਰਾ ਦਾ ਹੱਥ ਵਟਾਣਾ ਸ਼ੁਰੂ ਕਰ ਦਿੱਤਾ ਪਰ ਛੇਤੀ ਹੀ ਉਸਦਾ ਭਰਾ ਵੀ ਅਕਾਲ ਚਲਾਣਾ ਕਰ ਗਿਆ। ਹੁਣ ਘਰ ਦੀ ਜ਼ਮੀਨ ਜਾਇਦਾਦ ਅਤੇ ਫੈਕਟ੍ਰੀਆਂ ਦੀ ਦੇਖ ਰੇਖ ਦਾ ਭ੍ਰਾਰ ਖੜਕ ਸਿੰਘ ਤੇ ਆ ਪਿਆ।

19ਵੀਂ ਸਦੀ ਦੇ ਅਖ਼ੀਰ ਵਿਚ ਸ਼ੁਰੂ ਹੋਈਆਂ ਸਮਾਜਕ ਅਤੇ ਧਾਰਮਿਕ ਸੁਧਾਰਵਾਦੀ ਲਹਿਰਾਂ ਸਦਕਾ ਦੇਸ਼ ਵਿਚ ਇਕ ਨਵੀਂ ਜਾਗ੍ਰਿਤੀ ਪੈਦਾ ਹੋਣੀ ਸ਼ੁਰੂ ਹੋ ਗਈ ਸੀ। ਪੰਜਾਬ ਵਿਚ ਆਰੀਆ ਸਮਾਜ ਅਤੇ ਸਿੰਘ ਸਭਾ ਲਹਿਰ ਸਦਕਾ ਥਾਂ ਥਾਂ ਤੇ ਸਕੂਲ ਅਤੇ ਕਾਲਜ ਖੁਲ੍ਹਣੇ ਸ਼ੁਰੂ ਹੋ ਗਏ ਸਨ। ਅੰਮ੍ਰਿਤਸਰ, ਲਾਹੌਰ ਅਤੇ ਸਿਆਲਕੋਟ ਇਸ ਜਾਗ੍ਰਿਤੀ ਦੇ ਵਡੇ ਕੇਂਦਰ ਸਨ। ਸਿਆਲਕੋਟ ਵਿਚ ਸਿੰਘ ਸਭਾ ਦੀ ਸ਼ਾਖਾ ਅਤੇ ਖ਼ਾਲਸਾ ਹਾਈ ਸਕੂਲ ਸਥਾਪਿਤ ਕਰਨ ਵਿਚ ਬਾਬਾ ਖੜਕ ਸਿੰਘ ਦਾ ਬੜਾ ਵਡਾ ਯੋਗਦਾਨ ਸੀ। ਚੰਗੇ ਵਿੱਦਿਅਕ ਪਿਛੋਕੜ ਅਤੇ ਪੰਥਕ ਜਜ਼ਬੇ ਵਾਲਾ ਹੋਣ ਕਾਰਨ ਇਨ੍ਹਾਂ ਨੂੰ ਦੋਹਾਂ ਸੰਸਥਾਵਾਂ ਦਾ ਪ੍ਰਧਾਨ ਚੁਣ ਲਿਆ ਗਿਆ।

ਬਾਬਾ ਖੜਕ ਸਿੰਘ ਦੇ ਸੰਘਰਸ਼ਮਈ ਜੀਵਨ ਦਾ ਮੁੱਢ 'ਗੁਰਦੁਆਰਾ ਬਾਬੇ ਦੀ ਬੇਰ' (ਸਿਆਲਕੋਟ), ਗੁਰਦੁਆਰਾ ਰਕਾਬ ਗੰਜ ਸਾਹਿਬ (ਦਿੱਲੀ) ਦੇ ਕੰਧ ਢਾਏ ਜਾਣ ਦੇ ਮਸਲੇ ਅਤੇ ਨਨਕਾਣਾ ਸਾਹਿਬ ਦੀਆਂ ਘਟਨਾਵਾਂ ਨਾਲ ਹੁੰਦਾ ਹੈ। ਹੁਣ ਤਕ ਦੇਸ਼ ਵਿਚ ਕਈ ਹੋਰ ਘਟਨਾਵਾਂ ਵੀ

Digitized by Panjab Digital Library | www.panjabdigilib.org

ਵਾਪਰ ਚੁਕੀਆਂ ਸਨ ਜਿਨ੍ਹਾਂ ਕਰਕੇ ਖੜਕ ਸਿੰਘ ਦੇ ਮਨ ਵਿਚ ਅੰਗਰੇਜ਼ੀ ਸਾਮਰਾਜ ਵਿਰੁੱਧ ਜ਼ਬਰਦਸਤ ਨਫ਼ਰਤ ਪੈਦਾ ਹੋ ਚੁਕੀ ਸੀ। ਅਮਰੀਕਾ ਅਤੇ ਕੈਨੇਡਾ ਵਿਚ ਸ਼ੁਰੂ ਹੋਈ 'ਗ਼ਦਰ ਲਹਿਰ' ਦੇ ਨੌਜਵਾਨਾਂ ਨੂੰ ਫਾਂਸੀ ਅਤੇ ਕਾਲੇਪਾਣੀ ਦੀਆਂ ਸਜ਼ਾਵਾਂ, ਕੋਮਾਗਾਟਾ ਮਾਰੂ ਜਹਾਜ਼ ਦੇ ਮੁਸਾਫ਼ਰਾਂ ਨਾਲ ਬੱਜ ਬੱਜ ਘਾਟ ਤੇ ਕੀਤੀ ਗਈ ਕਾਰਵਾਈ, ਜਲ੍ਹਿਆਂ ਵਾਲਾ ਬਾਗ਼ ਵਿਚ ਜਨਰਲ ਡਾਇਰ ਵਲੋਂ ਨਿਹੱਥੇ ਭਾਰਤੀਆਂ ਨੂੰ ਗੋਲੀਆਂ ਨਾਲ ਭੁੰਨ ਦੇਣ ਦੀ ਬਰਬਰਤਾ ਅਤੇ ਸਰਕਾਰੀ ਸ਼ਹਿ ਤੇ ਮਹੰਤ ਨਰੈਣ ਦਾਸ ਵਲੋਂ ਨਨਕਾਣਾ ਸਾਹਿਬ ਪਹੁੰਚੇ ਜਥੇ ਨੂੰ ਜੰਡਾਂ ਨਾਲ ਬੰਨ੍ਹ ਕੇ ਅਤੇ ਤੇਲ ਪਾ ਕੇ ਸਾੜ ਦੇਣ ਵਰਗੇ ਦੁਖਦਾਈ ਅਤੇ ਸ਼ਰਮਨਾਕ ਹਾਦਸਿਆਂ ਨੇ ਬਾਬਾ ਖੜਕ ਸਿੰਘ ਨੂੰ ਆਜ਼ਾਦੀ ਦੇ ਸੰਘਰਸ਼ ਵਿਚ ਲੈ ਆਂਦਾ। ਚਾਹੇ ਇਹ 'ਗੁਰਦੁਆਰਿਆਂ ਨੂੰ ਸਰਕਾਰੀ ਮਹੰਤਾਂ ਤੋਂ ਆਜ਼ਾਦ ਕਰਾਉਣ ਦਾ ਸੁਆਲ ਸੀ ਜਾਂ ਵਡੇ ਧਰਮ-ਮੰਦਰ ਭਾਰਤ ਨੂੰ ਅੰਗਰੇਜ਼ਾਂ ਤੋਂ ਮੁਕਤ ਕਰਾਉਣ ਦਾ ਪ੍ਰਸ਼ਨ ਸੀ, ਬਾਬਾ ਜੀ ਤਨ, ਮਨ ਅਤੇ ਧੰਨ ਨਾਲ ਇਸ ਸੰਘਰਸ਼ ਵਿਚ ਕੁੱਦ ਪਏ। ਇਕ ਵਾਰ ਇਹ ਰਾਹ ਚੁਣ ਲੈਣ ਮਗਰੋਂ ਉਨ੍ਹਾਂ ਕਦੇ ਫਿਰ ਪਿੱਛੇ ਮੁੜਕੇ ਨਹੀਂ ਸੀ ਵੇਖਿਆ। ਉਨ੍ਹਾਂ ਦਾ ਇਕੋ ਹੀ ਨਿਸ਼ਾਨਾ ਸੀ ਅਤੇ ਉਹ ਸੀ ਦੇਸ਼ ਨੂੰ ਆਜ਼ਾਦ ਹੋਇਆ ਵੇਖਣ ਦੀ ਰੀਝ, ਜਿਸ ਲਈ ਉਹ ਆਪਣੇ ਜੀਵਨ ਦੀ ਕੋਈ ਵੀ ਕੁਰਬਾਨੀ ਕਰਨ ਲਈ ਸਦਾ ਤੱਤਪਰ ਸਨ।

1912 ਵਿਚ ਸਿੱਖ ਐਜੂਕੇਸ਼ਨਲ ਕਾਨਫਰੰਸ ਦਾ ਪੰਜਵਾਂ ਇਜਲਾਸ ਸਿਆਲਕੋਟ ਵਿਖੇ ਬੁਲਾਇਆ ਗਿਆ। ਇਸ ਕਾਨਫਰੰਸ ਦੀ ਸ਼ੁਰੂਆਤ ਜਨਵਰੀ 1908 ਵਿਚ ਹੋਈ ਸੀ। ਸਿਆਲਕੋਟ ਵਿਖੇ ਬੁਲਾਈ ਗਈ ਕੋਨਫਰੰਸ ਬਾਬਾ ਖੜਕ ਸਿੰਘ ਦੇ ਜਤਨਾਂ ਦਾ ਸਿੱਟਾ ਸੀ। ਉਹ ਸੁਆਗਤੀ ਕਮੇਟੀ ਦੇ ਪ੍ਰਧਾਨ ਅਤੇ ਇਸਦੇ ਸੰਚਾਲਕ ਸਨ। 1915 ਵਿਚ ਐਜੂਕੇਸ਼ਨਲ ਕਾਨਫਰੰਸ ਦਾ ਅਠਵਾਂ ਇਜਲਾਸ ਤਰਨ ਤਾਰਨ ਸਾਹਿਬ ਵਿਖੇ ਸਦਿਆ ਗਿਆ। ਇਸ ਕਾਨਫਰੰਸ ਦੀ ਪ੍ਰਧਾਨਗੀ ਬਾਬਾ ਖੜਕ ਸਿੰਘ ਨੇ ਕੀਤੀ। ਜਦੋਂ ਉਹ ਤਰਨ ਤਾਰਨ ਸਟੇਸ਼ਨ ਤੇ ਪਹੁੰਚੇ ਤਾਂ ਉਨ੍ਹਾਂ ਦਾ ਸੁਆਗਤ ਕਰਨ ਲਈ ਲੋਕਾਂ ਦੀ ਅਪਾਰ ਭੀੜ ਜੁੜੀ ਹੋਈ ਸੀ। ਸਟੇਸ਼ਨ ਦੇ ਬਾਹਰ 6 ਘੋੜਿਆਂ ਵਾਲੀ ਬੱਘੀ ਤਿਆਰ ਖੜੀ ਸੀ ਜਿਸ ਵਿਚ ਬੈਠ ਕੇ ਉਨ੍ਹਾਂ ਨੇ ਕਾਨਫਰੰਸ ਵਾਲੀ ਥਾਂ ਤੇ ਪਹੁੰਚਣਾ ਸੀ। ਇਹ ਪਰੰਪਰਾ ਪਹਿਲੀ ਸਿੱਖ ਐਜੂਕੇਸ਼ਨਲ ਕਾਨਫਰੰਸ ਦੇ ਸਮੇਂ ਤੋਂ ਹੀ ਸ਼ੁਰੂ ਹੋ ਗਈ ਸੀ। ਸਟੇਸ਼ਨ ਤੋਂ ਬਾਹਰ ਨਿਕਲਦਿਆਂ ਹੀ ਬਾਬਾ ਖੜਕ ਸਿੰਘ ਨੇ ਬੱਘੀ ਵਿਚ ਬੈਠਣ ਦੀ ਥਾਂ ਪੈਦਲ ਚਲਣਾ ਸ਼ੁਰੂ ਕਰ ਦਿੱਤਾ। ਪ੍ਰਬੰਧਕਾਂ ਦੇ ਜ਼ੋਰ ਪਾਉਣ ਅਤੇ ਪੁੱਛਣ ਤੇ ਉਨ੍ਹਾਂ ਨੇ ਬੜੀ ਨਿਮ੍ਰਤਾ ਨਾਲ ਕਿਹਾ, 'ਗੁਰੂ ਅਰਜਨ ਸਾਹਿਬ ਦੇ ਦਰਬਾਰ ਵਿਚ ਪਹੁੰਚਣ ਲਈ ਬੱਘੀ ਦੀ ਨਹੀਂ ਸ਼ਰਧਾ ਅਤੇ ਅਧੀਨਗੀ ਦੀ ਲੋੜ ਹੈ। ਮੈਂ ਤਾਂ ਉਨ੍ਹਾਂ ਦਾ ਇਕ ਨਿਮਾਣਾ ਜਿਹਾ ਸੇਵਕ ਹਾਂ'। ਆਪ ਦੇ ਅਥਾਹ ਸਿੱਖੀ ਪਿਆਰ ਨੂੰ ਵੇਖ ਕੇ ਸੰਗਤਾਂ ਹੈਰਾਨ ਰਹਿ ਗਈਆਂ ਤੇ ਪੈਦਲ ਹੀ ਉਨ੍ਹਾਂ ਨਾਲ ਗੁਰੂ ਦਰਬਾਰ ਅਤੇ ਕਾਨਫਰੰਸ ਵਾਲੀ ਥਾਂ ਲਈ ਚਲ ਪਈਆਂ।

ਜਦੋਂ ਕਾਨਫਰੰਸ ਚਲ ਰਹੀ ਸੀ ਤਾਂ ਸਰਕਾਰ ਪੱਖੀ ਧੜੇ ਦੇ ਲੋਕਾਂ ਨੇ ਪਹਿਲੇ ਵਿਸ਼ਵ ਯੁੱਧ ਵਿਚ ਜਰਮਨੀ ਦੀ ਹਾਰ ਅਤੇ ਅੰਗਰੇਜ਼ਾਂ ਦੀ ਜਿੱਤ ਦਾ ਮਤਾ ਪੇਸ਼ ਕਰਨਾ ਚਾਹਿਆ ਤੇ ਨਾਲ ਹੀ ਅੰਗਰੇਜ਼ੀ ਰਾਜ ਦੇ ਸਦਾ ਅਟੱਲ ਬਣੇ ਰਹਿਣ ਦੀ ਅਰਦਾਸ ਕਰਨੀ ਚਾਹੀ। ਬਾਬਾ ਖੜਕ ਸਿੰਘ ਨੇ ਅਜੇਹਾ ਕੋਈ ਮਤਾ ਪੇਸ਼ ਨਾ ਹੋਣ ਦਿੱਤਾ ਤੇ ਕਿਹਾ ਕਿ, 'ਮੈਂ ਗੁਰੂ ਨਾਨਕ ਦੇ ਘਰ ਵਿਚ ਆਪਣੇ ਦੇਸ਼ ਦੇ ਗੁਲਾਮ ਬਣੇ ਰਹਿਣ ਅਤੇ ਅੰਗਰੇਜ਼ੀ ਰਾਜ ਦੀ ਸਲਾਮਤੀ ਦੀ ਅਰਦਾਸ ਕਦੇ ਵੀ ਨਹੀਂ ਕਰ ਸਕਦਾ।' ਬਾਬਾ ਜੀ ਦੁਆਰਾ ਕੀਤੀ ਗਈ ਇਸ ਘੋਸ਼ਨਾ ਨਾਲ ਸਰਕਾਰ ਨੂੰ

Digitized by Panjab Digital Library | www.panjabdigilib.org

ਖੁਸ਼ ਕਰਨ ਵਾਲੇ ਲੋਕਾਂ ਨੂੰ ਬੜਾ ਵੱਡਾ ਝਟਕਾ ਲਗਾ।

1919 ਵਿਚ ਹੋਏ ਜਲ੍ਹਿਆਂ ਵਾਲਾ ਬਾਗ ਦੇ ਖ਼ੂਨੀ ਸਾਕੇ ਨੇ ਬਾਬਾ ਖੜਕ ਸਿੰਘ ਨੂੰ ਖੁਲ੍ਹੇ ਤੌਰ ਤੇ ਸਿੱਖ ਰਾਜਨੀਤੀ ਅਤੇ ਦੇਸ਼ ਦੀ ਆਜ਼ਾਦੀ ਦੇ ਪਿੜ ਵਿਚ ਲੈ ਆਂਦਾ। ਇਸੇ ਸਾਲ 'ਸੈਂਟਰਲ ਸਿੱਖ ਲੀਗ' ਦੀ ਸਥਾਪਨਾ ਕੀਤੀ ਗਈ, ਜਿਸ ਦੀ ਪਹਿਲੀ ਇਕਤ੍ਰਤਾ ਬਰੈਡਲੇ ਹਾਲ ਲਾਹੌਰ ਵਿਖੇ ਬੁਲਾਈ ਗਈ। ਬਾਬਾ ਖੜਕ ਸਿੰਘ ਨੂੰ ਸੈਂਟਰਲ ਸਿੱਖ ਲੀਗ ਦਾ ਪ੍ਰਧਾਨ ਅਤੇ ਸ੍ਰ: ਸਰਦੂਲ ਸਿੰਘ ਕਵੀਸ਼ਰ ਨੂੰ ਜਾਇੰਟ ਸੈਕਟਰੀ ਬਣਾਇਆ ਗਿਆ। ਆਉਣ ਵਾਲੇ ਵਰ੍ਹਿਆਂ ਵਿਚ ਇਹ ਸੰਸਥਾ ਸਿੱਖ ਰਾਜਨੀਤੀ ਦੀ ਮੁੱਖ ਵਾਹਣ ਬਣ ਗਈ। ਸ੍ਰ: ਮੰਗਲ ਸਿੰਘ, ਸ੍ਰ: ਹਰਚੰਦ ਸਿੰਘ ਲਾਇਲਪੁਰੀ, ਤੇ ਝੱਬਾਲ ਭਰਾਵਾਂ - ਸ੍ਰ: ਅਮਰ ਸਿੰਘ, ਸ੍ਰ: ਸਰਮੁਖ ਸਿੰਘ ਅਤੇ ਸ੍ਰ: ਜਸਵੰਤ ਸਿੰਘ ਤੋਂ ਇਲਾਵਾ ਰਾਸ਼ਟਰਵਾਦੀ ਵਿਚਾਰਧਾਰਾ ਰਖਣ ਵਾਲੇ ਪੰਜਾਬ ਦੇ ਲੋਕ ਇਸ ਜੱਥੇਬੰਦੀ ਨਾਲ ਜੁੜ ਗਏ। 1920 ਵਿਚ ਜਦੋਂ ਮਹਾਤਮਾ ਗਾਂਧੀ ਨੇ ਸਰਕਾਰ ਵਿਰੁੱਧ ਅਸਹਿਯੋਗ ਅੰਦੋਲਨ (Non-Co-operation Movement) ਦੀ ਸ਼ੁਰੂਆਤ ਕੀਤੀ ਤਾਂ ਬਾਬਾ ਖੜਕ ਸਿੰਘ ਨੇ ਵੱਧ ਚੜ੍ਹ ਕੇ ਇਸ ਅੰਦੋਲਨ ਵਿਚ ਭਾਗ ਲਿਆ ਤੇ ਥਾਂ-ਥਾਂ ਤੇ ਜਾ ਕੇ ਅੰਗਰੇਜ਼ ਸਰਕਾਰ ਦੇ ਜ਼ੁਲਮਾਂ ਦੀ ਬੜੇ ਕਰੜੇ ਸ਼ਬਦਾਂ ਵਿਚ ਨਿਖੇਧੀ ਕੀਤੀ। ਉਨ੍ਹਾਂ ਪੰਜਾਬ ਦੇ ਸਿੱਖਾਂ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਕਾਂਗਰਸ ਨਾਲ ਮਿਲ ਕੇ ਹਰ ਪੱਧਰ ਤੇ ਵਿਦੇਸ਼ੀ ਸਰਕਾਰ ਦਾ ਬਾਈਕਾਟ ਕਰਨ। ਪੰਜਾਬ ਵਿਚ ਅਜੇਹੀ ਲਹਿਰ ਨੂੰ ਸ਼ੁਰੂ ਕਰਨ ਵਾਲੇ ਪਹਿਲੇ ਸੁਤੰਤਰਤਾ ਸੰਗਰਾਮੀਏ ਬਾਬਾ ਰਾਮ ਸਿੰਘ ਸਨ ਜਿਨ੍ਹਾਂ ਨੂੰ ਅੰਗਰੇਜ਼ ਹਕੂਮਤ ਨੇ ਜਲਾਵਤਨ ਕਰਕੇ ਰੰਗੂਨ ਭੇਜ ਦਿੱਤਾ ਸੀ।

19-20 ਅਕਤੂਬਰ 1920 ਨੂੰ ਸੈਂਟਰਲ ਸਿੱਖ ਲੀਗ ਦਾ ਦੂਜਾ ਸਾਲਾਨਾ ਇਜਲਾਸ ਲਾਹੌਰ ਵਿਖੇ ਬੁਲਾਇਆ ਗਿਆ। ਇਸ ਕਾਨਫਰੰਸ ਦਾ ਮੁੱਖ ਏਜੰਡਾ ਗਾਂਧੀ ਜੀ ਦੁਆਰਾ ਸ਼ੁਰੂ ਕੀਤੇ ਅਸਹਿਯੋਗ ਅੰਦੋਲਨ ਬਾਰੇ ਵਿਚਾਰ ਕਰਨਾ ਤੇ ਰਾਸ਼ਟਰੀ ਹਿੱਤ ਲਈ ਉਨ੍ਹਾਂ ਦੇ ਹੱਥਾਂ ਨੂੰ ਮਜ਼ਬੂਤ ਕਰਨਾ ਸੀ। ਇਸ ਇਤਿਹਾਸਕ ਇਜਲਾਸ ਦੀ ਪ੍ਰਧਾਨਗੀ ਬਾਬਾ ਖੜਕ ਸਿੰਘ ਕਰ ਰਹੇ ਸਨ। ਉਨ੍ਹਾਂ ਨਾਲ ਸਟੇਜ ਤੇ ਬੈਠਣ ਵਾਲਿਆਂ ਵਿਚ ਮਹਾਤਮਾ ਗਾਂਧੀ ਤੋਂ ਛੁੱਟ ਸੈਫ਼-ਉ-ਦੀਨ ਕਿਚਲੂ, ਮੁਹੰਮਦ ਅਲੀ ਭਰਾ - ਮੁਹੰਮਦ ਅਲੀ ਅਤੇ ਸ਼ੌਕਤ ਅਲੀ ਤੇ ਮੌਲਾਨਾ ਆਜ਼ਾਦ ਵਰਗੇ ਰਾਸ਼ਟਰੀ ਨੇਤਾ ਸਨ। ਬਾਬਾ ਖੜਕ ਸਿੰਘ ਨੇ ਜਿੱਥੇ ਪੰਜਾਬ ਦੇ ਲੋਕਾਂ ਅਤੇ ਵਿਸ਼ੇਸ਼ ਕਰਕੇ ਸਿੱਖਾਂ ਨੂੰ ਇਸ ਅੰਦੋਲਨ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ ਉੱਥੇ ਨਾਲ ਹੀ ਇਹ ਵੀ ਗੱਲ ਕਹੀ ਕਿ ਪੰਜਾਬ ਲੈਜਿਸਲੇਟਿਵ ਕੌਂਸਲ ਅਤੇ ਇੰਡੀਅਨ ਲੈਜਿਸਐਟਿਵ ਅਸੈਂਬਲੀ ਵਿਚ ਸਿੱਖਾਂ ਦੀ ਨੁਮਾਇੰਦਗੀ ਵਧਾਈ ਜਾਵੇ। ਇਸ ਸੈਸ਼ਨ ਬਾਰੇ ਬੋਲਦਿਆਂ ਡਾ: ਸੈਫ਼-ਦੀਨ-ਕਿਚਲੂ ਨੇ ਜਿੱਥੇ ਬਾਬਾ ਖੜਕ ਸਿੰਘ ਦੀ ਦਲੇਰੀ ਅਤੇ ਸਿਆਸੀ ਦਾਨਿਸ਼ਮੰਦੀ ਦੀ ਤਾਰੀਫ ਕੀਤੀ, ਉਥੇ ਉਸਨੇ ਇਹ ਵੀ ਕਿਹਾ ਕਿ ਸਿੱਖਾਂ ਨੂੰ ਰਾਸ਼ਟਰੀ ਪਿੜ ਵਿਚ ਲਿਆਉਣ ਦਾ ਸੇਹਰਾ ਵੀ ਬਾਬਾ ਜੀ ਨੂੰ ਜਾਂਦਾ ਹੈ।

'I shall never forget the most historic session of the Sikh League that witnessed with my own eyes, in Lahore in 1920. The bold, courageous and statesman like lead given by Baba Kharak Singh carried the day and the Sikh community by an over whelming majority, passed the resolution on non-co-operation. Thus to Baba Kharak Singh goes the credit of bringing the Sikh community into the national fold'.

Digitized by Panjab Digital Library | www.panjabdigilib.org

ਬੇਸ਼ਕ ਚੌਰੀ ਚੌਰਾ ਦੀ ਘਟਨਾਂ ਤੋਂ ਬਾਦ ਮਹਾਤਮਾ ਗਾਂਧੀ ਨੇ ਅਸਹਿਯੋਗ ਅੰਦੋਲਨ ਵਾਪਸ ਲੈ ਲਿਆ ਸੀ। ਪਰ ਬਾਬਾ ਖੜਕ ਸਿੰਘ ਨੇ ਸਾਰੀ ਉਮਰ ਲਈ ਅੰਗਰੇਜ਼ਾਂ ਨਾਲ ਸਹਿਯੋਗ ਨਾ ਕਰਨ ਦਾ ਜਿਵੇਂ ਪ੍ਰਣ ਹੀ ਕਰ ਲਿਆ ਸੀ।

1920 ਤੋਂ 1925 ਦੇ ਵਿਚਕਾਰ ਪੰਜਾਬ ਵਿਚ ਅਕਾਲੀ ਲਹਿਰ ਸ਼ੁਰੂ ਹੋਈ ਜਿਸਦਾ ਮੁੱਖ ਨਿਸ਼ਾਨਾਂ ਸਿੱਖ ਗੁਰਦੁਆਰਿਆਂ ਨੂੰ ਅੰਗਰੇਜ਼ਾਂ ਦੁਆਰਾ ਨਿਯੁਕਤ ਕੀਤੇ ਮਹੰਤਾਂ ਦੇ ਕਬਜ਼ੇ ਚੋਂ ਆਜ਼ਾਦ ਕਰਵਾਉਣਾ ਅਤੇ ਗੁਰਦੁਆਰਿਆਂ ਦੇ ਪ੍ਰਬੰਧ ਵਿਚ ਆ ਚੁਕੀ ਗਿਰਾਵਟ ਨੂੰ ਦੂਰ ਕਰਨਾ ਸੀ। ਇਸਦੇ ਨਾਲ ਹੀ ਨਾਲ ਅਕਾਲੀ ਲਹਿਰ ਅੰਗਰੇਜ਼ਾਂ ਦੀ ਸ਼ਕਤੀ ਨੂੰ ਕਰਾਰੀ ਸੱਟ ਮਾਰ ਕੇ ਦੇਸ਼ ਦੀ ਆਜ਼ਾਦੀ ਲਈ ਰਾਹ ਸਾਫ਼ ਕਰਨਾ ਚਾਹੁੰਦੀ ਸੀ। ਜੁਲਾਈ 1921 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਵਿਚ ਬਾਬਾ ਖੜਕ ਸਿੰਘ ਨੂੰ ਸਰਬ ਸੰਮਤੀ ਨਾਲ ਇਸਦਾ ਪ੍ਰਧਾਨ ਚੁਣਿਆ ਗਿਆ। ਇਸ ਤੋਂ ਪਹਿਲਾਂ ਨਨਕਾਣਾ ਸਾਹਿਬ ਦੇ ਖ਼ੂਨੀ ਕਾਂਡ ਵਿਚ ਅਨੇਕਾਂ ਲੋਕ ਸ਼ਹੀਦ ਹੋ ਚੁਕੇ ਸਨ। ਇਸ ਘਟਨਾ ਤੋਂ ਬਾਦ ਨਨਕਾਣਾ ਸਾਹਿਬ, ਹਰਿਮੰਦਰ ਸਾਹਿਬ, ਅਕਾਲ ਤਖ਼ਤ ਤੇ ਕੁਝ ਹੋਰ ਗੁਰਦੁਆਰੇ ਪੰਥਕ ਕੰਟਰੋਲ ਵਿਚ ਆ ਚੁਕੇ ਸਨ। ਪਰ 'ਤੋਸ਼ਾਖਾਨੇ'ਦੀਆਂ ਚਾਬੀਆਂ ਅਜੇ ਵੀ ਸਰਕਾਰ ਵਲੋਂ ਨਿਯੁਕਤ ਸੁੰਦਰ ਸਿੰਘ ਰਾਮਗੜ੍ਹੀਆ ਦੇ ਕੋਲ ਸਨ। 29 ਅਕਤੂਬਰ 1921 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿਗ ਕਮੇਟੀ ਦੀ ਮੀਟਿੰਗ ਵਿਚ ਇਹ ਮਤਾ ਪਾਸ ਕੀਤਾ ਗਿਆ ਕਿ ਸੁੰਦਰ ਸਿੰਘ ਰਾਮਗੜ੍ਹੀਆ ਨੂੰ ਤੋਸ਼ਾਖਾਨੇ ਦੀਆਂ ਚਾਬੀਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ੍ਰ: ਖੜਕ ਸਿੰਘ ਨੂੰ ਸੌਂਪ ਦੇਣੀਆਂ ਚਾਹੀਦੀਆਂ ਹਨ। ਮਤਾ ਪਾਸ ਹੋਣ ਤੋਂ ਪਹਿਲਾਂ ਹੀ ਕਿਸੇ ਤਰ੍ਹਾਂ ਇਹ ਖ਼ਬਰ ਅੰਮ੍ਰਿਤਸਰ ਦੇ ਅੰਗਰੇਜ਼ ਡਿਪਟੀ ਕਮਿਸ਼ਨਰ ਕੋਲ ਪਹੁੰਚ ਗਈ। ਉਸਨੇ ਆਪਣੇ ਮਹਿਕਮੇ ਦੇ ਇਕ ਜੂਨੀਅਰ ਅਫ਼ਸਰ ਲਾਲਾ ਅਮਰ ਨਾਥ ਨੂੰ ਸੁੰਦਰ ਸਿੰਘ ਦੇ ਘਰ ਭੇਜ ਕੇ ਤੋਸ਼ਾਖਾਨੇ ਦੀਆਂ ਚਾਬੀਆਂ ਆਪਣੇ ਕੋਲ ਮੰਗਵਾ ਲਈਆਂ। ਇਹ ਖ਼ਬਰ ਮਿਲਦਿਆਂ ਹੀ ਬਾਬਾ ਖੜਕ ਸਿੰਘ ਨੇ ਚਾਬੀਆਂ ਹਾਸਲ ਕਰਨ ਲਈ ਮੋਰਚਾ ਲਗਾਣ ਦਾ ਐਲਾਨ ਕਰ ਦਿੱਤਾ। ਪੰਜਾਬ ਦੇ ਵੱਖੋ ਵਖਰੇ ਸ਼ਹਿਰਾਂ ਤੇ ਪਿੰਡਾਂ 'ਚੋਂ ਸਿੱਖ ਸਵੈ-ਸੇਵੀ ਜਥੇ (Volunteers) ਅੰਮ੍ਰਿਤਸਰ ਪਹੁੰਚਣੇ ਸ਼ੁਰੂ ਹੋ ਗਏ।

11 ਨਵੰਬਰ 1921 ਨੂੰ ਬਾਗ਼ ਅਕਾਲੀਆਂ, 12 ਨਵੰਬਰ ਨੂੰ ਲਾਹੌਰ ਅਤੇ 26 ਨਵੰਬਰ ਨੂੰ ਅਜਨਾਲਾ ਵਿਖੇ ਰੋਸ ਮੀਟਿੰਗਾਂ ਸਦੀਆਂ ਗਈਆਂ। ਇਸੇ ਆਸ਼ੇ ਦੀਆਂ ਮੀਟਿੰਗਾਂ ਗੁਜਰਾਂਵਾਲਾ, ਗੁੱਜਰ ਖਾਂ ਅਤੇ ਹੋਰ ਥਾਵਾਂ ਤੇ ਵੀ ਆਯੋਜਿਤ ਕੀਤੀਆਂ ਗਈਆਂ। ਇਨ੍ਹਾਂ ਰੋਸ ਮੀਟਿੰਗਾਂ ਵਿਚ ਬੋਲਦਿਆਂ ਸਿੱਖ ਨੇਤਾਵਾਂ ਨੇ ਕਿਹਾ, "ਕਿ ਸਾਨੂੰ ਸਰਕਾਰ ਨਾਲ ਕਿਸੇ ਤਰ੍ਹਾਂ ਦਾ ਸੰਪਰਕ ਨਹੀਂ ਰਖਣਾ ਚਾਹੀਦਾ ਅਤੇ ਨਾ ਹੀ ਉਨ੍ਹਾਂ ਨੂੰ ਕਿਸੇ ਪ੍ਰਕਾਰ ਦਾ ਸਹਿਯੋਗ ਦੇਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਲੈਜਿਸਲੇਟਿਵ ਕੌਂਸਲ ਦੇ ਸਿੱਖ ਨੁਮਾਇੰਦਿਆਂ ਤੇ ਸਿੱਖ ਸੈਨਿਕਾਂ ਨੂੰ ਵੀ ਆਪਣੀ ਨੌਕਰੀ ਤੋਂ ਅਸਤੀਫੇ ਦੇ ਕੇ ਇਸ ਸੰਘਰਸ਼ ਵਿਚ ਕੁੱਦ ਪੈਣਾ ਚਾਹੀਦਾ ਹੈ। ਚਾਬੀਆਂ ਦੇ ਮੋਰਚੇ ਦੀ ਵੱਧ ਰਹੀ ਲੋਕਪ੍ਰਿਯਤਾ ਅਤੇ ਸਿੱਖਾਂ ਵਿਚ ਵੱਧ ਰਹੇ ਰੋਸ ਨੂੰ ਵੇਖ ਕੇ ਸਰਕਾਰ ਨੇ ਬਾਬਾ ਖੜਕ ਸਿੰਘ ਅਤੇ ਕਈ ਸਿੱਖ ਨੇਤਾਵਾਂ ਨੂੰ ਗ੍ਰਿਫ਼ਤਾਰ ਕਰ ਲਿਆ। ਪਰ ਮਗਰੋਂ ਇਹ ਅਨੁਭਵ ਕਰਦਿਆਂ ਕਿ ਕਿਤੇ ਸਥਿਤੀ ਹੱਥ ਚੋਂ ਬਾਹਰ ਨਾ ਹੋ ਜਾਵੇ ਉਨ੍ਹਾਂ ਤੋਸ਼ਾਖ਼ਾਨੇ ਦੀਆਂ ਚਾਬੀਆਂ ਪੰਥ ਨੂੰ ਮੋੜ ਦੇਣ ਦਾ ਫ਼ੈਸਲਾ ਕਰ ਲਿਆ। ਚਾਬੀਆਂ ਪ੍ਰਾਪਤ ਕਰਨ ਤੋਂ ਪਹਿਲਾਂ ਬਾਬਾ ਖੜਕ ਸਿੰਘ ਚਾਹੁੰਦੇ ਸਨ ਕਿ ਉਹ ਸਾਰੇ ਅੰਦੋਲਨਕਾਰੀ ਰਿਹਾ ਕੀਤੇ ਜਾਣ ਜਿਨ੍ਹਾਂ ਨੂੰ ਚਾਬੀਆਂ ਦੇ ਮੋਰਚੇ ਦੇ ਸਬੰਧ ਵਿਚ ਗ੍ਰਿਫ਼ਤਾਰ ਕੀਤਾ

Digitized by Panjab Digital Library | www.panjabdigilib.org

ਗਿਆ ਸੀ। ਸਰਕਾਰ ਚਾਹੁੰਦੀ ਸੀ ਕਿ ਬਾਬਾ ਖੜਕ ਸਿੰਘ ਇਹ ਚਾਬੀਆਂ ਜਿਲ੍ਹਾ ਮੈਜਿਸਟ੍ਰੇਟ ਕੋਲੋਂ ਲੈ ਲੈਣ। ਪਰ ਬਾਬਾ ਜੀ ਨੇ ਸਪਸ਼ਟ ਕਿਹਾ ਕਿ ਸਰਕਾਰ ਦਾ ਕੋਈ ਨੁਮਾਇੰਦਾ ਅਕਾਲ ਤਖ਼ਤ ਸਾਹਿਬ ਵਿਖੇ ਸਜੇ ਦੀਵਾਨ ਵਿਚ ਇਹ ਚਾਬੀਆਂ ਪੰਥ ਨੂੰ ਵਾਪਸ ਕਰੇ। ਵਕਤ ਦੀ ਨਜ਼ਾਕਤ ਨੂੰ ਧਿਆਨ ਵਿਚ ਰਖਦਿਆਂ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇਂ ਬਾਬਾ ਜੀ ਦੀਆਂ ਸਾਰੀਆਂ ਸ਼ਰਤਾਂ ਪ੍ਰਵਾਨ ਕਰ ਲਈਆਂ। 17 ਜਨਵਰੀ 1922 ਨੂੰ ਅੰਗਰੇਜ਼ ਹਕੂਮਤ ਨੇ ਇਹ ਚਾਬੀਆਂ ਬਾਬਾ ਜੀ ਨੂੰ ਸੌਂਪ ਦਿੱਤੀਆਂ। ਚਾਬੀਆਂ ਦੇ ਮੋਰਚੇ ਦੀ ਸਫ਼ਲਤਾ ਮਗਰੋਂ ਮਹਾਤਮਾ ਗਾਂਧੀ ਨੇ ਬਾਬਾ ਖੜਕ ਸਿੰਘ ਨੂੰ ਵਧਾਈ ਦੀ ਤਾਰ ਭੇਜੀ ਜਿਸ ਵਿਚ ਲਿਖਿਆ ਸੀ, "ਦੇਸ਼ ਦੀ ਆਜ਼ਾਦੀ ਦੀ ਪਹਿਲੀ ਲੜਾਈ ਜਿੱਤੀ ਗਈ ਹੈ ਤੁਹਾਨੂੰ ਵਧਾਈ ਹੋਵੇ" (First battle for India's freedom won. Congratulations.) ਇਸ ਘਟਨਾ ਤੋਂ ਬਾਦ ਇਕ ਪੱਛਮੀ ਲਿਖਾਰੀ ਨੇ ਲਿਖਿਆ, ਕਿ ਪੰਜਾਬ ਦੀ ਅੰਗਰੇਜ਼ ਹਕੂਮਤ ਲਈ ਇਹ ਇਕ ਸ਼ਰਮਨਾਕ ਹਾਰ ਸੀ : "Never was there a more shameful defeat. The Punjab Government had humbled it self to the dust before the Gurdwara Parbandhak Committee." ਇਸ ਜਿੱਤ ਨੇ ਦੇਸ਼ ਵਿਚ ਵੱਧ ਰਹੀ ਰਾਸ਼ਟਰਵਾਦੀ ਭਾਵਨਾ ਨੂੰ ਬੜਾ ਬੱਲ ਪ੍ਰਦਾਨ ਕੀਤਾ। ਰਾਸ਼ਟਰੀ ਨੇਤਾਵਾਂ ਤੇ ਲੋਕਾਂ ਦੇ ਹੌਸਲੇ ਬੁਲੰਦ ਹੋਏ ਤੇ ਉਹ ਆਸ਼ਾਜਨਕ ਭਵਿੱਖ ਵਲ ਵੇਖਣ ਲਗ ਪਏ ਜਿਸ ਵਿਚ ਚਾਬੀਆਂ ਦਾ ਮੋਰਚਾ ਇਕ ਮਹੱਤਵ ਪੂਰਨ ਮੋੜ ਸੀ।

ਫਰਵਰੀ 1922 ਵਿਚ ਲਾਲਾ ਲਾਜਪਤ ਰਾਇ ਅਤੇ ਆਗ਼ਾ ਮੁਹੰਮਦ ਸਫ਼ਦਰ ਦੀ ਗ੍ਰਿਫ਼ਤਾਰੀ ਤੋਂ ਬਾਦ ਪੰਜਾਬ ਪ੍ਰਾਂਤ ਦੀ ਕਾਂਗ੍ਰਸ ਕਮੇਟੀ ਨੇ ਬਾਬਾ ਖੜਕ ਸਿੰਘ ਨੂੰ ਕਮੇਟੀ ਦਾ ਪ੍ਰਧਾਨ ਬਣਾਉਣ ਦਾ ਫੈਸਲਾ ਕੀਤਾ। ਇਹੋ ਜਿਹੇ ਮੌਕੇ ਤੇ ਜਦੋਂ ਕਿ ਸਰਕਾਰ ਜ਼ਰਾ ਜ਼ਰਾ ਗੱਲ (ਜਾਂ ਬਹਾਨੇ ਨਾਲ) ਨੇਤਾਵਾਂ ਨੂੰ ਜੇਲ੍ਹਾਂ ਵਿਚ ਸੁੱਟਣ ਤੋਂ ਰਤਾ ਸੰਕੋਚ ਨਹੀਂ ਸੀ ਕਰਦੀ, ਬਾਬਾ ਜੀ ਦੁਆਰਾ ਪ੍ਰਾਂਤ ਦੀ ਪ੍ਰਧਾਨਗੀ ਨੂੰ ਸਵੀਕਾਰ ਕਰਨਾ ਬੜੀ ਜੁਅਰਤ ਅਤੇ ਦਲੇਰੀ ਵਾਲੀ ਗੱਲ ਸੀ। ਮਹਾਤਮਾ ਗਾਂਧੀ ਨੇ ਇਸ ਗੱਲ ਤੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਬਾਬਾ ਜੀ ਨੇ ਪੰਜਾਬ ਕਾਂਗਰਸ ਕਮੇਟੀ ਦੀ ਪ੍ਰਧਾਨਗੀ ਸਵੀਕਾਰ ਕਰਕੇ ਆਪਣੇ ਆਪ ਨੂੰ ਨਹੀਂ ਸਗੋਂ ਪਾਰਟੀ ਨੂੰ ਮਾਣ ਬਖ਼ਸ਼ਿਆ ਹੈ। ਅਸੀਂ ਉਨ੍ਹਾਂ ਦੀ ਦਲੇਰੀ ਅਤੇ ਦ੍ਰਿੜ੍ਹਤਾ ਦੀ ਦਾਦ ਦੇਂਦੇ ਹਾਂ ਕਿ ਉਨ੍ਹਾਂ ਅਜੇਹੇ ਤੂਫ਼ਾਨੀ ਅਤੇ ਸੰਕਟਮਈ ਸਮੇਂ ਵਿਚ ਪ੍ਰਦੇਸ਼ ਕਾਂਗਰਸ ਦੀ ਪ੍ਰਧਾਨਗੀ ਦੀ ਵਾਗ ਡੋਰ ਸੰਭਾਲੀ ਹੈ।

In selecting Sardar Kharak Singh as the successor to Aga Mohamad Safdar as President of the Provincial Congress Committee, the Congress Committee has made an excellent choice. It could not have done better. In honouring Sardar Sahib the Committee has honoured itself.... I congratulate Sardar Kharak Singh, therefore, upon his courage in taking up the reigns of office at this stormy period of the nation's career (Young India)

ਪੰਜਾਬ ਕਾਂਗਰਸ ਕਮੇਟੀ ਦਾ ਪ੍ਰਧਾਨ ਬਣਨ ਮਗਰੋਂ ਬਾਬਾ ਖੜਕ ਸਿੰਘ ਨੇ ਲੋਕਾਂ ਨੂੰ ਸਾਮਰਾਜੀ ਸ਼ਕਤੀਆਂ ਵਿਰੁੱਧ ਜਾਗ੍ਰਿਤ ਹੋਣ ਲਈ ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ ਦਾ ਦੌਰਾ ਕੀਤਾ ਅਤੇ ਬੜੀ ਨਿਧੜਕਤਾ ਨਾਲ ਸਰਕਾਰ ਦੀਆਂ ਨੀਤੀਆਂ ਦੀ ਅਲੋਚਨਾ ਕੀਤੀ। ਉਨ੍ਹਾਂ ਇਹ ਵੀ

Digitized by Panjab Digital Library | www.panjabdigilib.org

ਕਿਹਾ ਕਿ ਅੰਗਰੇਜ਼ ਸਰਕਾਰ ਕਿਸ ਤਰ੍ਹਾਂ ਉਨ੍ਹਾਂ (ਦੇਸ਼ਵਾਸੀਆਂ) ਵਿਚਕਾਰ ਧਰਮ ਦੀਆਂ ਵੰਡੀਆਂ ਪਾ ਕੇ ਰਾਸ਼ਟਰ ਅੰਦੋਲਨ ਨੂੰ ਕਮਜ਼ੋਰ ਕਰਨ ਦਾ ਜਤਨ ਕਰ ਰਹੀ ਹੈ।

ਇਨ੍ਹਾਂ ਦਿਨਾਂ ਵਿਚ ਪੰਜਾਬ ਦੇ ਇਤਿਹਾਸਕ ਗੁਰਦੁਆਰਿਆਂ ਨੂੰ ਦੁਰਾਚਾਰੀ ਅਤੇ ਸਿੱਖ ਸਿਧਾਤਾਂ ਦੇ ਵਿਰੋਧੀ ਮਹੰਤਾਂ ਕੋਲੋਂ ਆਜ਼ਾਦ ਕਰਾਉਣ ਲਈ ਅਕਾਲੀ ਲਹਿਰ ਸਰਗਰਮ ਹੁੰਦੀ ਚਲੀ ਜਾ ਰਹੀ ਸੀ। ਬਾਬਾ ਜੀ ਗੁਰਦੁਆਰਿਆਂ ਦੀ ਸੁਤੰਤਰਤਾ ਲਈ ਵੀ ਬੜਾ ਕੰਮ ਕਰ ਰਹੇ ਸਨ ਅਤੇ ਚਾਂਹੁੰਦੇ ਸਨ ਕਿ ਅੰਗਰੇਜ਼ਾਂ ਦੀ ਸ਼ਹਿ ਤੇ ਕੰਮ ਕਰ ਰਹੇ ਇਹ ਮਹੰਤ ਗੁਰਦੁਆਰਿਆਂ ਦਾ ਪ੍ਰਬੰਧ ਪੰਥ ਦੇ ਹੱਥ ਸੌਂਪ ਕੇ ਇਕ ਪਾਸੇ ਹੋ ਜਾਣ। ਸਰਕਾਰੀ ਵਿਚੋਲਿਆਂ ਨੇ ਬਾਬਾ ਜੀ ਤਕ ਪਹੁੰਚ ਕਰਕੇ ਇਹ ਗੱਲ ਪਹੁੰਚਾਈ ਕਿ ਜੇ ਉਹ ਕਾਂਗਰਸ ਅਤੇ ਸਰਕਾਰ ਵਿਰੋਧੀ ਰਵੱਈਏ ਨੂੰ ਤਿਆਗ ਦੇਣ ਤਾਂ ਸਰਕਾਰ ਉਨ੍ਹਾਂ ਨਾਲ ਗੁਰਦੁਆਰਿਆਂ ਦਾ ਮਸਲਾ ਵੀ ਹੱਲ ਕਰਨ ਲਈ ਤਿਆਰ ਹੈ। ਬਾਬਾ ਜੀ ਨੇ ਸਰਕਾਰੀ ਵਿਚੋਲਿਆਂ ਰਾਹੀਂ ਪਹੁੰਚੀ ਇਸ ਪੇਸ਼ਕਸ਼ ਨੂੰ ਠੁਕਰਾ ਦਿੱਤਾ।

ਹੁਣ ਸਰਕਾਰ ਨੇ ਇਹ ਤਾੜ ਲਿਆ ਸੀ ਕਿ ਅੰਗਰੇਜ਼ੀ ਰਾਜ ਦਾ ਸਭ ਤੋਂ ਵੱਡਾ ਦੁਸ਼ਮਨ ਸ੍ਰ: ਖੜਕ ਸਿੰਘ ਹੈ ਅਤੇ ਉਹ ਦਿਨੋਂ ਦਿਨ ਸਿੱਖਾਂ ਦਾ ਸਭ ਤੋਂ ਸਿਰ ਕੱਢਵਾਂ ਆਗੂ ਬਣਦਾ ਜਾ ਰਿਹਾ ਹੈ। ਆਉਣ ਵਾਲੇ ਦਿਨਾਂ ਵਿਚ ਬ੍ਰਿਟਿਸ਼ ਰਾਜ ਨੂੰ ਉਸ ਦੀ ਲੋਕਪ੍ਰਿਯਤਾ ਤੋਂ ਸਖ਼ਤ ਖ਼ਤਰਾ ਪੈਦਾ ਹੋ ਸਕਦਾ ਸੀ। ਜੇ ਉਸ ਨੂੰ ਲਾਂਭੇ ਨਾ ਕੀਤਾ ਗਿਆ ਤਾਂ ਹਾਲਾਤ ਹੋਰ ਵਿਗੜ ਜਾਣ ਦਾ ਖਦਸ਼ਾ ਸੀ। ਇਸ ਗੱਲ ਨੂੰ ਧਿਆਨ ਵਿਚ ਰਖਦੇ ਹੋਏ ਉਹ ਕਿਸੇ ਬਹਾਨੇ ਬਾਬਾ ਜੀ ਨੂੰ ਗ੍ਰਿਫ਼ਤਾਰ ਕਰਕੇ ਪੰਜਾਬ ਤੋਂ ਦੂਰ ਕਿਸੇ ਜੇਲ੍ਹ ਵਿਚ ਭੇਜ ਦੇਣਾ ਚਾਹੁੰਦੇ ਸਨ। ਉਨ੍ਹਾਂ ਬਾਬਾ ਖੜਕ ਸਿੰਘ ਦੇ ਸਿਆਲਕੋਟ ਸਥਿਤ ਕਿਰਪਾਨਾਂ ਬਣਾਉਣ ਦੇ ਕਾਰਖਾਨੇ ਤੇ ਪਹਿਲਾ ਛਾਪਾ 21 ਮਾਰਚ 1921 ਨੂੰ ਅਤੇ ਦੂਸਰਾ ਛਾਪਾ 22 ਮਾਰਚ.1922 ਨੂੰ ਮਾਰਿਆ। ਉਨ੍ਹਾਂ ਕੁਲ 337 ਕਿਰਪਾਨਾਂ ਜ਼ਬਤ ਕੀਤੀਆਂ ਤੇ ਕਿਹਾ ਗਿਆ, ਕਿ ਸਿੱਖਾਂ ਨੂੰ ਕਿਰਪਾਨ ਪਹਿਨਣ ਦੀ ਆਜ਼ਾਦੀ ਤਾਂ ਹੈ ਪਰ ਇਨ੍ਹਾਂ ਨੂੰ ਬਗ਼ੈਰ ਕਿਸੇ ਲਾਇਸੈਂਸ ਦੇ ਬਣਾਉਣਾ ਗ਼ੈਰ ਕਾਨੂੰਨੀ ਹੈ। ਬਾਬਾ ਖੜਕ ਸਿੰਘ ਦਾ ਤਰਕ ਸੀ ਕਿ ਜੇ ਕਿਰਪਾਨ ਪਹਿਨਣ ਦੀ ਆਜ਼ਾਦੀ ਹੈ (ਅਤੇ ਇਸ ਲਈ ਕਿਸੇ ਲਾਇਸੈਂਸ ਦੀ ਲੋੜ ਨਹੀਂ) ਤਾਂ ਕਿਰਪਾਨਾਂ ਬਣਾਉਣ ਲਈ ਲਾਇਸੈਂਸ ਲੈਣਾ ਕਿਉਂ ਜ਼ਰੂਰੀ ਹੈ? ਸਰਕਾਰ ਨੇ ਉਨ੍ਹਾਂ ਦੇ ਕਿਸੇ ਵੀ ਤਰਕ ਨੂੰ ਨਾ ਮੰਨਦੇ ਹੋਏ ਉਨ੍ਹਾਂ ਨੂੰ 'ਅਸਲ੍ਹਾ ਐਕਟ' (Arms Act) ਥੱਲੇ ਗ੍ਰਿਫ਼ਤਾਰ ਕਰਕੇ ਨੌਂ ਮਹੀਨੇ ਦੀ ਸਖ਼ਤ ਕੈਦ ਸੁਣਾ ਦਿੱਤੀ। ਉਨ੍ਹਾਂ ਉਪਰ ਸਰਕਾਰ ਵਿਰੁੱਧ ਬਾਗੀਆਨਾਂ ਤੇ ਭੜਕਾਊ ਤਕਰੀਰਾਂ ਕਰਨ ਦਾ ਵੀ ਇਲਜ਼ਾਮ ਸੀ। ਉਨ੍ਹਾਂ ਇਕ ਵਾਰ ਜਰਨਵਾਲਾ, ਜ਼ਿਲ੍ਹਾ ਲਾਇਲਪੁਰ, (ਹੁਣ ਪਾਕਿਸਤਾਨ) ਵਿਚ ਬੋਲਦਿਆਂ ਕਿਹਾ ਸੀ, ਕਿ ਜੇ ਸਰਕਾਰ ਇਹ ਸਮਝਦੀ ਹੈ ਕਿ ਉਹ ਸਖ਼ਤੀ ਦੀ ਵਰਤੋਂ ਕਰਕੇ ਸਾਨੂੰ ਝੁਕਾ ਲੈਣਗੇ ਜਾਂ ਆਜ਼ਾਦੀ ਦੀ ਇਸ ਤਹਿਰੀਕ ਨੂੰ ਖ਼ਤਮ ਕਰ ਦੇਣਗੇ ਤਾਂ ਇਹ ਉਨ੍ਹਾਂ ਦੀ ਭੁੱਲ ਹੈ। ਸਰਕਾਰ ਨੇ ਇਸ ਜਲਸੇ ਨੂੰ ਨਾਕਾਮਯਾਬ ਕਰਨ ਲਈ ਭਾਰੀ ਗਿਣਤੀ ਵਿਚ ਬੰਦੂਕਧਾਰੀ ਪੁਲਸੀਆਂ ਨੂੰ ਭੇਜਿਆ ਸੀ ਤਾਂਕਿ ਜਲਸੇ ਵਿਚ ਜੁੜੇ ਲੋਕ ਉਨ੍ਹਾਂ ਨੂੰ ਵੇਖ ਕੇ ਇਧਰ ਉਧਰ ਹੋ ਜਾਣ। ਜਲਸੇ ਵਿਚ ਹਾਜ਼ਰ ਲੋਕਾਂ ਵਿਚ ਫੈਲੀ ਭਗਦੜ ਨੂੰ ਵੇਖਦਿਆਂ ਬਾਬਾ ਖੜਕ ਸਿੰਘ ਨੇ ਗਰਜਵੀਂ ਆਵਾਜ਼ ਵਿਚ ਕਿਹਾ ਸੀ, ''ਵੀਰੋ ਤੁਹਾਨੂੰ ਇਥੋਂ ਭੱਜਣ ਦੀ ਲੋੜ ਨਹੀਂ। ਜੇ ਇਹ ਪੁਲਿਸ ਵਾਲੇ ਗੋਲੀ ਵੀ ਚਲਾਣਗੇ ਤਾਂ ਇਨ੍ਹਾਂ ਦੀ ਪਹਿਲੀ ਗੋਲੀ ਆਪਣੇ ਸੀਨੇ ਵਿਚ ਖਾਣ ਲਈ ਮੈਂ ਇੱਥੇ ਖੜਾ ਹਾਂ।''

ਪਹਿਲਾਂ ਬਾਬਾ ਖੜਕ ਸਿੰਘ ਨੂੰ ਨੌਂ ਮਹੀਨੇ ਦੀ ਸਜ਼ਾ ਸੁਣਾਈ ਗਈ ਸੀ ਤੇ ਫਿਰ ਇਹ

Digitized by Panjab Digital Library | www.panjabdigilib.org

ਸਜ਼ਾ ਤਿੰਨ ਸਾਲ ਹੋਰ ਵਧਾ ਦਿੱਤੀ ਗਈ (ਉਨ੍ਹਾਂ ਦਾ ਦੋਸ਼ ਸਰਕਾਰ ਵਿਰੁੱਧ ਤਕਰੀਰਾਂ ਕਰਨਾ ਸੀ)। ਜਿਵੇਂ ਕਿ ਸਰਕਾਰ ਚਾਹੁੰਦੀ ਸੀ ਉਨ੍ਹਾਂ ਨੇ ਬਾਬਾ ਜੀ ਨੂੰ ਗ੍ਰਿਫ਼ਤਾਰ ਕਰਕੇ ਕੇਂਦਰੀ ਪਜੰਾਬ ਤੋਂ ਬਹੁਤ ਦੂਰ ਡੇਰ੍ਹਾ ਗਾਜ਼ੀ ਖ਼ਾਂ ਦੀ ਜੇਲ੍ਹ ਵਿਚ ਭੇਜ ਦਿੱਤਾ। ਇੱਥੇ ਇਨ੍ਹਾਂ ਨੂੰ ਵਿਸ਼ੇਸ਼ ਦਰਜਾ (ਤੇ ਵਿਸ਼ੇਸ਼ ਸਹੂਲਤਾਂ) ਦੇਣ ਦੀ ਪੇਸ਼ਕਸ਼ ਕੀਤੀ ਗਈ ਪਰ ਬਾਬਾ ਜੀ ਨੇ ਇਸ ਪੇਸ਼ਕਸ਼ ਨੂੰ ਠੁਕਰਾ ਦਿੱਤਾ। ਇਨ੍ਹਾਂ ਦਿਨਾਂ ਵਿਚ ਹੀ ਸਰਕਾਰ ਨੇ ਕਾਲੀ ਪੱਗ ਅਤੇ ਗਾਂਧੀ ਟੋਪੀ ਪਹਿਨਣ ਤੇ ਪਾਬੰਦੀ ਲਗਾ ਦਿੱਤੀ। ਬਾਬਾ ਜੀ ਨੇ ਇਸ ਪਾਬੰਦੀ ਦੇ ਵਿਰੋਧ ਵਿਚ ਸਿੱਖੀ ਕਛਿਹਰੇ ਤੋਂ ਇਲਾਵਾ ਬਾਕੀ ਸਾਰੇ ਕਪੜਿਆਂ ਦਾ ਤਿਆਗ ਕਰ ਦਿੱਤਾ ਅਤੇ ਕਿਹਾ ਕਿ ਉਹ ਆਪਣੇ ਸਰੀਰ ਤੇ ਉਦੋਂ ਤਕ ਕੋਈ ਬਸਤਰ ਧਾਰਨ ਨਹੀਂ ਕਰਨਗੇ ਜਦੋਂ ਤਕ ਕਿ ਸਰਕਾਰ ਕਾਲੀ ਪੱਗ ਅਤੇ ਗਾਂਧੀ ਟੋਪੀ ਦੇ ਪਹਿਨਣ ਤੋਂ ਪਾਬੰਦੀ ਹਟਾ ਨਹੀਂ ਲੈਂਦੀ। ਉਨ੍ਹਾਂ ਦੇ ਇਸ ਵਿਰੋਧ ਦੇ ਸਮਰਥਨ ਵਿਚ ਖ਼ਾਨ ਅਬਦੁਲ ਗ਼ਫ਼ਾਰ ਖਾਂ ਅਤੇ ਜੇਲ੍ਹ ਵਿਚ ਨਜ਼ਰਬੰਦ ਹੋਰ ਕਈ ਕੈਦੀ ਵੀ ਬਾਬਾ ਜੀ ਦੇ ਨਾਲ ਰੱਲ ਗਏ। ਸਰਕਾਰ ਨੇ ਬਾਬਾ ਜੀ ਦਾ ਇਹ ਹੱਠ ਤੋੜਨ ਦੀ ਬੜੀ ਕੋਸ਼ਿਸ਼ ਕੀਤੀ ਕਿ ਉਹ ਕਪੜੇ ਪਹਿਣ ਲੈਣ ਪਰ ਬਾਬਾ ਖੜਕ ਸਿੰਘ ਨੇ ਉਨ੍ਹਾਂ ਦੀ ਕਿਸੇ ਵੀ ਗੱਲ ਨੂੰ ਸਵੀਕਾਰ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਜਦੋਂ ਤਕ ਕਿ ਸਰਕਾਰ ਇਹ ਪਾਬੰਦੀ ਹਟਾ ਨਹੀਂ ਸੀ ਲੈਂਦੀ। ਫ਼ਰੰਟੀਅਰ ਇਲਾਕੇ ਦੀ ਅਤਿ ਦੀ ਸਰਦੀ ਦੇ ਬਾਵਜੂਦ ਬਾਬਾ ਜੀ ਆਪਣੇ ਫੈਸਲੇ ਦੇ ਅਟੱਲ ਰਹੇ। ਮਗਰੋਂ ਜਾ ਕੇ ਖ਼ਾਨ ਅਬਦੁਲ ਗ਼ਫਾਰ ਖ਼ਾਂ ਨੇ ਆਪਣੀ ਸ੍ਵੈਜੀਵਨੀ ਵਿਚ ਲਿਖਿਆ ਸੀ ਕਿ ਬਾਬਾ ਜੀ ਆਪਣੇ ਇਰਾਦੇ ਵਿਚ ਇਤਨੇ ਮਜ਼ਬੂਤ ਸਨ ਕਿ ਉਨ੍ਹਾਂ ਨੂੰ ਝੁਕਾ ਸਕਣਾ ਕਿਸੇ ਲਈ ਵੀ ਸੰਭਵ ਨਹੀਂ ਸੀ।

**Kharak Singh was a very powerful man, firm and immovable like a mountain. No body could order him about. Inspite of all the sufferings he never lost his courage and determination.**

ਬਾਬਾ ਜੀ ਦੀ ਜਿੱਦ ਨੂੰ ਵੇਖ ਕੇ ਸਰਕਾਰ ਨੇ ਕਾਲੀ ਪੱਗ ਬੰਨ੍ਹਣ ਤੋਂ ਪਾਬੰਦੀ ਹਟਾ ਲਈ ਪਰ ਗਾਂਧੀ ਟੋਪੀ ਲਈ ਪਾਬੰਦੀ ਬਰਕਰਾਰ ਰਖੀ। ਖਾਨ ਅਬਦੁਲ ਗ਼ਫ਼ਾਰ ਖਾਂ ਲਿਖਦੇ ਹਨ ਕਿ ਇਸ ਪਾਬੰਦੀ ਦਾ ਵਿਰੋਧ ਕਰਨ ਵਾਲੇ ਮੁਸਲਮਾਨ, ਕਾਂਗ੍ਰੇਸੀ ਨੇਤਾ ਅਤੇ ਵਰਕਰ ਵੀ ਹੌਲੀ ਹੌਲੀ ਪਿੱਛੇ ਹੱਟ ਗਏ। ਪਰ ਬਾਬਾ ਜੀ ਨੇ ਆਪਣਾ ਵਿਰੋਧ ਜਾਰੀ ਰਖਿਆ। ਪੰਜਾਬ ਸਰਕਾਰ ਵੱਲੋਂ ਉਨ੍ਹਾਂ ਦੇ ਗ੍ਰਹਿ ਵਿਭਾਗ ਦਾ ਮੈਂਬਰ ਸਰ ਜੌਹਨ ਮੇਨਾਰਡ ਬਾਬਾ ਜੀ ਨੂੰ ਮਿਲਣ ਡੇਰ੍ਹਾ ਗ਼ਾਜ਼ੀ ਖਾਂ ਦੀ ਜੇਲ੍ਹ ਵਿਚ ਗਿਆ ਤੇ ਬਾਬਾ ਜੀ ਨੂੰ ਕਹਿਣ ਲੱਗਾ ਕਿ ਸਰਕਾਰ ਨੇ ਕਾਲੀ ਪੱਗ ਬੰਨ੍ਹਣ ਤੋਂ ਪਾਬੰਦੀ ਹਟਾ ਲਈ ਹੈ ਹੁਣ ਤੁਸੀਂ ਆਪਣਾ ਹੱਠ ਤਿਆਗ ਕੇ ਬਸਤ੍ਰ ਧਾਰਨ ਕਰ ਲਉ। ਵੈਸੇ ਵੀ ਅਸਹਿਯੋਗ ਅੰਦੋਲਨ ਦੇ ਅਸਫ਼ਲ ਹੋ ਜਾਣ ਕਾਰਨ ਕਾਂਗਰਸ ਕਮਜ਼ੋਰ ਪੈ ਗਈ ਹੈ। ਚੰਗਾ ਹੈ ਕਿ ਤੁਸੀਂ ਸਰਕਾਰੀ ਗੱਲ ਮੰਨ ਜਾਉ। ਬਾਬਾ ਜੀ ਨੇ ਇਕ ਵਾਰ ਫਿਰ,ਕਿਹਾ ਕਿ ਕਿਸੇ ਇਕ ਪਾਰਟੀ ਦੇ ਕਮਜ਼ੋਰ ਪੈ ਜਾਣ ਨਾਲ ਕਿਸੇ ਵਡੀ ਤਹਿਰੀਕ ਨੂੰ ਕੋਈ ਫ਼ਰਕ ਨਹੀਂ ਪੈਂਦਾ। ਜਿਥੋਂ ਤਕ ਮੇਰਾ ਸਬੰਧ ਹੈ ਮੈਂ ਉਤਨੀ ਦੇਰ ਤਕ ਇਹ ਵਿਰੋਧ ਜਾਰੀ ਰਖਾਂਗਾ ਜਦੋਂ ਤਕ ਕਿ ਸਰਕਾਰ ਗਾਂਧੀ ਟੋਪੀ ਤੋਂ ਵੀ ਪਾਬੰਦੀ ਹਟਾ ਨਹੀਂ ਲੈਂਦੀ। ਸਰਕਾਰ ਵੱਲੋਂ ਭੇਜੇ ਗਏ ਨੁਮਾਇੰਦੇ ਦੀ ਅਸਫ਼ਲਤਾ ਤੋਂ ਬਾਅਦ ਬਾਬਾ ਖੜਕ ਸਿੰਘ ਦੀ ਕੈਦ ਦੀ ਮਿਆਦ ਹੋਰ ਵਧਾ ਦਿੱਤੀ ਗਈ। ਪਰ ਆਖ਼ਰ ਸਾਢੇ ਪੰਜ ਸਾਲ ਜੇਲ੍ਹ ਦੀਆਂ ਸਲਾਖਾਂ ਪਿੱਛੇ ਬੰਦ ਰਖਣ ਤੋਂ ਬਾਅਦ ਅੰਗਰੇਜ਼ ਸਰਕਾਰ ਨੇ ਬਾਬਾ ਜੀ ਦੀਆਂ ਸਾਰੀਆਂ ਸ਼ਰਤਾਂ ਮੰਨ ਕੇ 4 ਜੂਨ 1927 ਨੂੰ ਉਨ੍ਹਾਂ ਨੂੰ ਰਿਹਾ ਕਰ ਦਿੱਤਾ।

Digitized by Panjab Digital Library | www.panjabdigilib.org

ਜਦੋਂ ਬਾਬਾ ਜੀ ਡੇਰ੍ਹਾ ਗ਼ਾਜ਼ੀ ਖ਼ਾਂ ਦੀ ਜੇਲ੍ਹ ਵਿਚ ਕੈਦ ਸਨ ਤਾਂ ਅਕਾਲੀ ਲਹਿਰ ਦੇ ਅੰਤਰਗੱਤ ਪੰਜਾਬ ਦੇ ਇਤਿਹਾਸਕ ਗੁਰਦੁਆਰਿਆਂ ਨੂੰ ਮਹੰਤਾਂ ਦੇ ਕਬਜ਼ੇ 'ਚੋਂ ਆਜ਼ਾਦ ਕਰਵਾਉਣ ਲਈ ਸ਼ਾਂਤਮਈ ਅੰਦੋਲਨ ਚਲ ਰਿਹਾ ਸੀ। ਨਨਕਾਣਾ ਸਾਹਿਬ ਤੋਂ ਬਾਅਦ ਗੁਰੂ ਕੇ ਬਾਗ਼ ਅਤੇ ਜੈਤੋ ਦੇ ਮੋਰਚਿਆਂ ਦੌਰਾਨ ਅਕਾਲੀ ਜਥਿਆਂ ਨੇ ਜਿਸ ਸ਼ਾਂਤਮਈ ਅਤੇ ਦ੍ਰਿੜ੍ਹਤਾ ਦਾ ਪ੍ਰਗਟਾਵਾ ਕੀਤਾ ਉਸਨੇ ਸਾਰੇ ਦੇਸ਼ ਵਾਸੀਆਂ, ਪੱਛਮੀ ਦਰਸ਼ਕਾਂ ਅਤੇ ਸਿਆਸੀ ਨੇਤਾਵਾਂ ਨੂੰ ਚਕਿਤ ਕਰਕੇ ਰੱਖ ਦਿੱਤਾ। ਇਸਾਈ ਪਾਦਰੀ ਸੀ. ਐਫ. ਐਂਡਰੀਊਜ਼, ਜਿਸਨੇ ਗੁਰੂ ਕੇ ਬਾਗ਼ ਵਿਚ ਅਕਾਲੀ ਜਥਿਆਂ ਤੇ ਲਾਠੀਆਂ ਦੀ ਮਾਰ ਪੈਂਦੀ ਵੇਖੀ ਸੀ, ਉਸਨੇ ਲਿਖਿਆ ਕਿ :

I saw no act, no look of-defiance. It was a true martyrdom for them as they went foreward, a true act of faith, a true deed of devotion to God. ਅਕਾਲੀ ਵਾਲੰਟੀਅਰ ਜਿਹੜੇ ਕਿ ਅਕਾਲ ਤਖ਼ਤ ਤੋਂ ਸ਼ਾਂਤਮਈ ਰਹਿਣ ਦਾ ਪ੍ਰਣ ਕਰਕੇ ਇਥੇ ਪਹੁੰਚੇ ਸਨ, ਅੰਗਰੇਜ਼ਾਂ ਦੀਆਂ ਲਾਠੀਆਂ ਦੀ ਮਾਰ ਝਲਦੇ ਵੀ ਹੱਥ ਜੋੜ ਕੇ ਪ੍ਰਾਰਥਨਾ ਕਰੀ ਜਾ ਰਹੇ ਸਨ ਜਦੋਂ ਤਕ ਕਿ ਉਨ੍ਹਾਂ ਦੀ ਆਵਾਜ਼ ਹਮੇਸ਼ਾਂ ਹਮੇਸ਼ਾਂ ਲਈ ਚੁੱਪ ਨਹੀਂ ਸੀ ਕਰ ਦਿੱਤੀ ਗਈ। ਸੀ.ਐਫ. ਐਡਰੀਊਜ਼ ਨੇ ਲਿਖਿਆ ਸੀ ਕਿ, "ਮੈਂ ਇਥੇ (ਗੁਰੂ ਕੇ ਬਾਗ਼ ਵਿਚ) ਇਕ ਨਹੀਂ ਸੈਂਕੜੇ ਈਸਾ ਸੂਲੀ ਤੇ ਚੜ੍ਹਦੇ ਵੇਖੇ ਹਨ। ਆਖ਼ਰ ਸਰਕਾਰ ਨੂੰ ਝੁਕਣਾ ਪਿਆ ਤੇ 1925 ਵਿਚ ਸਿੱਖ ਗੁਰਦੁਆਰਾ ਐਕਟ ਦੇ ਬਣ ਜਾਣ ਨਾਲ ਗੁਰਦੁਆਰਿਆਂ ਦਾ ਪ੍ਰਬੰਧ ਪੰਥਕ ਹੱਥਾਂ ਵਿਚ ਆ ਗਿਆ। ਬਾਬਾ ਖੜਕ ਸਿੰਘ ਜੋ ਕਿ ਡੇਰ੍ਹਾ ਗਾਜ਼ੀ ਖ਼ਾਂ ਦੀ ਜੇਲ੍ਹ ਵਿਚ ਨਜ਼ਰਬੰਦ ਸਨ ਉਨ੍ਹਾਂ ਦੀ ਗ਼ੈਰ ਹਾਜ਼ਰੀ ਵਿਚ ਉਨ੍ਹਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪਹਿਲਾ ਪ੍ਰਧਾਨ ਚੁਣਿਆ ਗਿਆ। 1927 ਵਿਚ ਉਨ੍ਹਾਂ ਦੀ ਰਿਹਾਈ ਤੋਂ ਬਾਦ ਜਦੋਂ 1930 ਵਿਚ ਨਵੀਂਆਂ ਚੋਣਾ ਹੋਈਆਂ ਤਾਂ ਇਕ ਵਾਰ ਫਿਰ ਉਨ੍ਹਾਂ ਨੂੰ ਇਸੇ ਅਹੁਦੇ ਲਈ ਚੁਣ ਲਿਆ ਗਿਆ।

1928 ਵਿਚ ਜਦੋਂ ਸਾਈਮਨ ਕਮਿਸ਼ਨ ਹਿੰਦੁਸਤਾਨ ਆਇਆ ਤਾਂ ਬਾਬਾ ਜੀ ਨੇ ਇਸਦਾ ਬਾਈਕਾਟ ਕੀਤਾ ਜਿਸ ਤਰ੍ਹਾਂ ਦਿ ਦੇਸ਼ ਦੀਆਂ ਹੋਰ ਰਾਜਸੀ ਪਾਰਟੀਆਂ ਅਤੇ ਨੇਤਾਵਾਂ ਨੇ ਕੀਤਾ ਸੀ। ਇਸ ਕਮਿਸ਼ਨ ਦੇ ਵਾਪਸ ਜਾਣ ਮਗਰੋਂ ਨਹਿਰੂ ਰਿਪੋਰਟ ਦਾ ਰੌਲਾ ਪੈ ਗਿਆ। ਇਹ ਰਿਪੋਰਟ ਪੰਡਤ ਮੋਤੀ ਲਾਲ ਨਹਿਰੂ ਅਤੇ ਉਨ੍ਹਾਂ ਦੇ ਸਾਥੀਆਂ ਨੇ ਤਿਆਰ ਕੀਤੀ ਸੀ। ਇਸ ਵਿਚ ਦੇਸ਼ ਲਈ ਪੂਰਨ ਆਜ਼ਾਦੀ ਦੀ ਥਾਂ ਡੋਮੀਨੀਅਨ ਸਟੇਟਸ ਦੀ ਮੰਗ ਕੀਤੀ ਗਈ ਸੀ। ਇਸ ਰਿਪੋਟਟ ਵਿਚ ਸਿੱਖ ਹੱਕਾਂ ਨੂੰ ਵੀ ਨਜ਼ਰ ਅੰਦਾਜ਼ ਕੀਤਾ ਗਿਆ ਸੀ। ਬਾਬਾ ਜੀ, ਜੇਹੜੇ ਕਿ ਸ਼ੁਰੂ ਤੋਂ ਹੀ ਦੇਸ਼ ਲਈ ਪੂਰਨ ਆਜ਼ਾਦੀ ਦੀ ਮੰਗ ਕਰ ਰਹੇ ਸਨ ਅਤੇ ਜਿਨ੍ਹਾਂ ਸਿੱਖ ਸੰਘਰਸ਼ ਵਿਚ ਵੀ ਵੱਧ ਚੜ੍ਹ ਕੇ ਹਿੱਸਾ ਲਿਆ ਸੀ ਇਹੋ ਜਿਹੀ ਰਿਪੋਰਟ ਨੂੰ ਮੰਨਣ ਲਈ ਤਿਆਰ ਨਹੀਂ ਸਨ। ਉਨ੍ਹਾਂ ਨੇ ਇਸ ਰਿਪੋਰਟ ਦੇ ਵਿਰੋਧ ਵਿਚ ਥਾਂ ਥਾਂ ਤੇ ਤਕਰੀਰਾਂ ਕੀਤੀਆਂ ਅਤੇ ਦੇਸ਼ ਲਈ ਪੂਰਨ ਆਜ਼ਾਦੀ ਦੀ ਮੰਗ ਨੂੰ ਲੋਕਾਂ ਸਾਮ੍ਹਣੇ ਰਖਿਆ। ਬਾਬਾ ਜੀ ਵਲੋਂ ਚੁਕੇ ਗਏ ਇਸ ਕਦਮ ਦਾ ਅਸਰ ਇਹ ਹੋਇਆ ਕਿ ਦਸੰਬਰ 1929 ਵਿਚ ਲਾਹੌਰ ਵਿਖੇ ਹੋਏ ਕਾਂਗਰਸ ਦੇ ਇਜਲਾਸ ਵਿਚ ਆਜ਼ਾਦੀ ਦੀ ਜੰਗ ਦਾ ਅੰਤਿਮ ਨਿਸ਼ਾਨਾ ਦੇਸ਼ ਲਈ ਪੂਰਨ-ਸ੍ਵਰਾਜ ਘੋਸ਼ਿਤ ਕਰ ਦਿੱਤਾ ਗਿਆ ਅਤੇ ਨਾਲ ਹੀ ਨਹਿਰੂ ਰਿਪੋਰਟ ਨੂੰ ਲਾਗੂ ਨਾ ਕਰਨ ਦਾ ਵੀ ਫ਼ੈਸਲਾ ਕੀਤਾ ਗਿਆ ਜਿਸ ਵਿਚ ਸਿੱਖ ਹੱਕਾਂ ਨੂੰ ਨਜ਼ਰ ਅੰਦਾਜ਼ ਕੀਤਾ ਗਿਆ ਸੀ। ਬਾਬਾ ਖੜਕ ਸਿੰਘ ਦਾ ਮਹਾਤਮਾ ਗਾਂਧੀ ਅਤੇ ਪੰਡਤ ਨਹਿਰੂ ਨਾਲ ਇਹ ਪੈਕਟ (ਮੁਆਇਦਾ) ਹੋਇਆ, ਜਿਸ ਵਿਚ ਕਿਹਾ ਗਿਆ ਸੀ, 'ਕਿ

Digitized by Panjab Digital Library | www.panjabdigilib.org

ਜਦੋਂ ਦੇਸ਼ ਆਜ਼ਾਦ ਹੋਏਗਾ ਤਾਂ ਐਸਾ ਕੋਈ ਵਿਧਾਨ ਨਹੀਂ ਬਣਾਇਆ ਜਾਏਗਾ ਜੋ ਘੱਟ ਗਿਣਤੀਆਂ ਅਤੇ ਖਾਸ ਕਰਕੇ ਸਿੱਖਾਂ ਨੂੰ ਪੂਰੀ ਤਰ੍ਹਾਂ ਸੰਤੁਸ਼ਟ ਨਾ ਕਰਦਾ ਹੋਵੇ'।

ਇਨ੍ਹਾਂ ਦਿਨਾਂ ਵਿਚ ਹੀ ਦੇਸ਼ ਦੇ ਕੌਮੀ ਝੰਡੇ ਦੇ ਰੰਗਾਂ ਬਾਰੇ ਬੜਾ ਵਿਵਾਦ ਸੀ। ਝੰਡੇ ਦੇ ਤਿੰਨ ਰੰਗ - ਲਾਲ, ਹਰਾ ਤੇ ਸਫ਼ੈਦ ਸਨ। ਹਰਾ ਮੁਸਲਮਾਨਾਂ ਦਾ ਅਤੇ ਲਾਲ ਹਿੰਦੂਆਂ ਦਾ ਰੰਗ ਸਮਝਿਆ ਜਾਂਦਾ ਸੀ। ਸਫੈਦ ਰੰਗ ਘਟ ਗਿਣਤੀਆਂ ਦਾ ਸੀ। ਬਾਬਾ ਜੀ ਇਸ ਨੂੰ 'ਫਿਰਕੂ ਝੰਡਾ' ਕਿਹਾ ਕਰਦੇ ਸਨ। ਬਾਬਾ ਖੜਕ ਸਿੰਘ ਦੀ ਖਾਹਿਸ਼ ਮੁਤਾਬਕ ਲਾਹੌਰ ਦੇ ਇਜਲਾਸ ਮਗਰੋਂ ਕੌਮੀ ਝੰਡਾ ਕਮੇਟੀ ਬਣਾਈ ਗਈ ਜਿਸ ਨੇ ਲਾਲ ਰੰਗ ਦੀ ਥਾਂ ਕੇਸਰੀ ਰੰਗ (ਜਿਸਨੂੰ ਖ਼ਾਲਸਾਈ ਰੰਗ ਸਮਝਿਆ ਜਾਂਦਾ ਸੀ) ਤੇ ਝੰਡੇ ਦੇ ਵਿਚਕਾਰ ਅਸ਼ੋਕ ਚੱਕਰ ਰੱਖ ਕੇ ਦੇਸ਼ ਦੇ ਰਾਸ਼ਟਰੀ ਝੰਡੇ ਨੂੰ ਇਸਦਾ ਅਜੋਕਾ ਰੂਪ ਦਿੱਤਾ ਗਿਆ।

1930-31 ਵਿਚ ਲੰਡਨ ਵਿਚ ਹੋਣ ਵਾਲੀ ਗੋਲਮੇਜ਼ ਕਾਨਫਰੰਸ ਨੂੰ ਬਾਬਾ ਜੀ ਅੰਗਰੇਜ਼ਾਂ ਦਾ ਫਰੇਬ ਕਹਿ ਕੇ ਭੰਡਿਆ ਕਰਦੇ ਸਨ। ਬਾਬਾ ਜੀ ਇਸ ਹੱਕ ਵਿਚ ਨਹੀਂ ਸਨ ਕਿ ਮਹਾਤਮਾ ਗਾਂਧੀ ਜਾਂ ਦੇਸੀ ਰਾਜੇ ਉਸ ਕਾਨਫਰੰਸ ਵਿਚ ਸ਼ਿਰਕਤ ਕਰਨ ਜਿਸ ਵਿਚੋਂ ਕੁਝ ਵੀ ਨਿਕਲਣ ਦੀ ਸੰਭਾਵਨਾ ਨਹੀਂ ਸੀ। 1930 ਵਿਚ ਜਦੋਂ ਸਿਵਲ ਨਾਫੁਰਮਾਨੀ ਦੀ ਲਹਿਰ ਚਲੀ ਤਾਂ ਬਾਬਾ ਜੀ ਨੇ ਦੇਸ਼ ਵਾਸੀਆਂ ਨੂੰ ਇਸ ਵਿਚ ਸ਼ਾਮਲ ਹੋਣ ਲਈ ਕਿਹਾ ਅਤੇ ਆਪ ਇਸ ਦੀ ਰਹਿਨੁਮਾਈ ਕਰਨ ਲਗੇ। 17 ਅਗਸਤ 1932 ਨੂੰ ਜਦੋਂ ਇੰਗਲੈਂਡ ਦੇ ਪ੍ਰਧਾਨ ਮੰਤਰੀ ਸਰ ਰੈਮਜ਼ੇ ਮੈਕਡੋਨਲਡ ਨੇ ਕਮਿਊਨਲ ਅਵਾਰਡ ਦੀ ਘੋਸ਼ਨਾ ਕੀਤੀ ਤਾਂ ਬਾਬਾ ਜੀ ਨੇ ਇਸ ਦਾ ਵਿਰੋਧ ਕੀਤਾ। ਉਨ੍ਹਾਂ ਦੇ ਖਿਆਲ ਵਿਚ ਇਹ ਹਿੰਦੂ, ਮੁਸਲਮਾਨ ਅਤੇ ਸਿੱਖਾਂ ਨੂੰ ਖੁਸ਼ ਕਰਨ ਲਈ ਨਹੀਂ ਸਗੋਂ ਦੇਸ਼ ਨੂੰ ਧਰਮ ਦੇ ਨਾਮ ਤੇ ਵੰਡਣ ਦੀ ਚਾਲ ਸੀ ਤਾਂਕਿ ਉਨ੍ਹਾਂ ਦੀ ਦੇਸ਼ ਉਪਰ ਪਕੜ ਮਜ਼ਬੂਤ ਬਣੀ ਰਹੇ। ਉਨ੍ਹਾਂ ਨੇ ਪੰਜਾਬ ਪ੍ਰਾਂਤ ਦਾ ਦੌਰਾ ਕੀਤਾ ਤੇ ਲੋਕਾਂ ਨੂੰ ਇਸ 'ਅਵਾਰਡ' ਦੇ ਮਾੜੇ ਨਤੀਜਿਆਂ ਤੋਂ ਸੁਚੇਤ ਕੀਤਾ। ਉਨ੍ਹਾਂ ਦੀਆਂ ਤਕਰੀਰਾਂ ਤੋਂ ਪ੍ਰੇਸ਼ਾਨ ਹੋ ਕੇ ਸਰਕਾਰ ਨੇ ਉਨ੍ਹਾਂ ਨੂੰ ਫਿਰ ਗ੍ਰਿਫਤਾਰ ਕਰ ਲਿਆ।

ਬਾਬਾ ਜੀ ਨੇ ਜੇਲ੍ਹ 'ਚ ਰਹਿੰਦਿਆਂ ਕਮਿਊਨਲ ਅਵਾਰਡ ਅਤੇ 1935 ਦੇ ਐਕਟ ਦੀ ਕਰੜੀ ਆਲੋਚਨਾ ਕਰਦਿਆਂ ਇਕ ਪੈਮਫਿਲਟ ਲਿਖਿਆ ਜਿਸ ਵਿਚ ਉਨ੍ਹਾਂ ਨੇ ਕਿਹਾ ਸੀ ਕਿ 1935 ਦੇ ਐਕਟ ਦੇ ਅੰਤਰਗਤ ਦਿੱਤੀ ਪ੍ਰੋਵਿੰਸ਼ਲ ਅਟੌਨਮੀ ਅਰਧ ਗੁਲਾਮੀ ਤੋਂ ਵੱਧ ਹੋਰ ਕੁਝ ਨਹੀਂ ਸੀ। **'The act of 1935 in his words offered nothing except semi slavery to Indians under the glorified name of Provincial Autonomy.'** ਬਾਬਾ ਜੀ ਨੂੰ ਫ਼ਿਰਕਾ ਪ੍ਰਸਤੀ ਅਤੇ ਧਾਰਮਿਕ ਵੰਡੀਆਂ ਦੇ ਨਾਮ ਤੋਂ ਬੜੀ ਨਫ਼ਰਤ ਸੀ।

ਜਦੋਂ ਮੁਸਲਿਮ ਲੀਗ ਅਤੇ ਮਹੁੰਮਦ ਅਲੀ ਜਿਨਾਹ ਨੇ ਮੁਸਲਮਾਨਾਂ ਲਈ ਵਖਰੇ ਦੇਸ਼ (ਪਾਕਿਸਤਾਨ) ਦੀ ਗੱਲ ਕੀਤੀ ਤਾਂ ਬਾਬਾ ਖੜਕ ਸਿੰਘ ਨੇ ਕਈ ਸ਼ਹਿਰਾਂ ਵਿਚ ਅਖੰਡ-ਭਾਰਤ ਕਾਨਫਰੰਸਾਂ ਕੀਤੀਆਂ ਤੇ ਜ਼ੋਰਦਾਰ ਸ਼ਬਦਾਂ ਵਿਚ ਕਿਹਾ ਕਿ ਉਹ ਦੇਸ਼ ਦਾ ਬਟਵਾਰਾ ਨਹੀਂ ਚਾਹੁੰਦੇ। ਮਾਸਟਰ ਤਾਰਾ ਸਿੰਘ, ਜੋ ਹੁਣ ਤਕ ਸਿੱਖਾਂ ਦੇ ਇਕੋ ਇਕ ਨੇਤਾ ਦੇ ਤੌਰ ਤੇ ਉਭਰ ਕੇ ਸਾਮ੍ਹਣੇ ਆ ਚੁਕੇ ਸਨ ਉਹ ਵੀ ਪਾਕਿਸਤਾਨ ਬਣਨ ਦੇ ਹੱਕ ਵਿਚ ਨਹੀਂ ਸਨ। ਪਰ ਲਗਦਾ ਹੈ ਕਿ ਕਾਂਗਰਸੀ ਨੇਤਾ ਅੰਦਰਖ਼ਾਤੇ ਦੇਸ਼ ਦੀ ਵੰਡ ਦੀ ਤਜਵੀਜ਼ ਸ੍ਵੀਕਾਰ ਕਰ ਚੁਕੇ ਸਨ। ਇਹੀ ਕਾਰਨ ਹੈ ਕਿ ਕੈਬਨਿਟ ਮਿਸ਼ਨ ਅਤੇ ਕ੍ਰਿਪਸ ਮਿਸ਼ਨ ਦੀਆਂ ਮੁਲਾਕਾਤਾਂ ਸਮੇਂ ਮਹਾਤਮਾ ਗਾਂਧੀ ਨੇ ਉਨ੍ਹਾਂ ਨੂੰ

Digitized by Panjab Digital Library | www.panjabdigilib.org

ਇਨ੍ਹਾਂ ਮੀਟਿਗਾਂ ਵਿਚ ਹਿੱਸਾ ਲੈਣ ਦਾ ਸੱਦਾ ਨਹੀਂ ਸੀ ਦਿੱਤਾ।

1939 ਵਿਚ ਜਦੋਂ ਦੂਜਾ ਵਿਸ਼ਵ ਯੁੱਧ ਸ਼ੁਰੂ ਹੋਇਆ ਤਾਂ ਅੰਗਰੇਜ਼ ਚਾਹੁੰਦੇ ਸਨ ਕਿ ਇਹੋ ਜਿਹੇ ਨਾਜ਼ਕ ਮੌਕੇ ਤੇ ਹਿੰਦੁਸਤਾਨ ਹਿਟਲਰ ਦੇ ਵਿਰੁੱਧ ਉਨ੍ਹਾਂ ਦੀ ਮਦਦ ਕਰੇ। ਬਾਬਾ ਖੜਕ ਸਿੰਘ ਨੇ ਸਪਸ਼ਟ ਸ਼ਬਦਾਂ ਵਿਚ ਕਿਹਾ ਕਿ ਅਸੀਂ ਉਸ ਸਰਕਾਰ ਦੀ ਮਦਦ ਕਿਉਂ ਕਰੀਏ ਜਿਸ ਨੇ ਸਾਡੇ ਦੇਸ਼ ਤੇ ਇਤਨੇ ਜ਼ੁਲਮ ਢਾਹੇ ਹਨ? ਕੀ ਅਸੀਂ ਉਸ ਸਰਕਾਰ ਦੀ ਮਦਦ ਕਰੀਏ ਜਿਨ੍ਹਾਂ ਆਰਥਕ ਤੌਰ ਤੇ ਸਾਡੇ ਦੇਸ਼ ਨੂੰ ਨਿਚੋੜ ਕੇ ਰੱਖ ਦਿੱਤਾ ਹੈ? ਇਹ ਲੜਾਈ ਉਨ੍ਹਾਂ ਦੀ ਆਪਣੀ ਸਮਸਿਆ ਹੈ। ਉਨ੍ਹਾਂ ਨੂੰ ਆਪਣੀਆਂ ਸਮਸਿਆਵਾਂ ਨਾਲ ਆਪ ਜੂਝਣ ਦਿਉ। ਹੁਣ ਸਾਡੇ ਦੇਸ਼ ਵਾਸੀ ਉਨ੍ਹਾਂ ਲਈ ਆਪਣਾ ਲਹੂ ਨਹੀਂ ਡੋਲ੍ਹਣਗੇ :

"His majesty the King emperor had appealed to his subjects to lend there whole hearted support to the British Government and its allies in the war against Hitler. While I do not want Hitler or any other foreigner to conquer India yet I do not want to help the British who have so callously trampled our people under their iron heels. Why should we help the Britishers who killed hundreds of our innocent people in the Jallian Wala Bagh? Why should we help those who put hundreds of thousands of our compatriots in prison? Let them fight their own battle and let not the Indian soldiers spill their blood for those who have so ungratefully ignored our services in the previous war. This will teach a lesson to the arrogant Britishers for they never had any for us so why should we bother about their lot? We have our own problems to solve and instead of draining our resources for the victory of the British and their allies, let us converge our efforts for bettering the lot of our own people. Now is the right time to strike.

ਬਾਬਾ ਜੀ ਦੇ ਅਜੇਹੇ ਪ੍ਰਚਾਰ ਤੋਂ ਡਰ ਕੇ ਇਕ ਵਾਰ ਫਿਰ ਗੋਰੀ ਸਰਕਾਰ ਨੇ ਅਗਸਤ 1940 ਵਿਚ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ। ਲੜਾਈ ਅਜੇ ਜਾਰੀ ਸੀ। 1942 ਵਿਚ ਉਨ੍ਹਾਂ ਦੀਆਂ ਅੱਖਾਂ ਵਿਚ ਮੋਤੀਆਂ ਬਿੰਦ ਹੋ ਗਿਆ। ਅੱਖਾਂ ਦਾ ਆਪਰੇਸ਼ਨ ਕਰਾਉਣ ਲਈ ਉਨ੍ਹਾਂ ਨੂੰ ਜੇਲ੍ਹ ਵਿਚੋਂ ਰਿਹਾ ਕਰ ਦਿੱਤਾ ਗਿਆ। ਅਗਸਤ 1942 ਵਿਚ ਉਨ੍ਹਾਂ ਦੀ ਪਤਨੀ ਹੀਰਾ ਦੇਵੀ ਦਾ ਦੇਹਾਂਤ ਹੋ ਗਿਆ ਤੇ ਪੰਜ ਸਾਲ ਮਗਰੋਂ ਉਨ੍ਹਾਂ ਦਾ ਇਕੋ ਇਕ ਪੁੱਤਰ ਪ੍ਰਿਤਪਾਲ ਸਿੰਘ ਕੁਲੂ ਨੇੜੇ ਸੜਕ ਹਾਦਸੇ ਵਿਚ ਮਾਰਿਆ ਗਿਆ।

ਜਨਰਲ ਮੋਹਨ ਸਿੰਘ ਅਤੇ ਸੁਭਾਸ਼ ਚੰਦਰ ਬੋਸ ਆਈ.ਐਨ.ਏ. ਦੀ ਸਹਾਇਤਾ ਨਾਲ ਅੰਗਰੇਜ਼ਾਂ ਨੂੰ ਦੇਸ਼ ਚੋਂ ਬਾਹਰ ਕੱਢਣ ਦਾ ਜਤਨ ਕਰ ਰਹੇ ਸਨ। ਬਾਬਾ ਖੜਕ ਸਿੰਘ ਨੇ ਆਈ.ਐਨ.ਏ. ਦੇ ਸੈਨਿਕਾਂ ਨਾਲ ਆਪਣੀ ਹਮਦਰਦੀ ਜਤਾਂਦਿਆਂ ਲਿਖਿਆ ਕਿ ਉਹ ਸੱਚੇ ਤੇ ਪੂਰੇ ਦੇਸ਼ ਭਗਤ ਹਨ। ਅਜਿਹੇ ਸੂਰਬੀਰਾਂ ਨੂੰ ਸਰਕਾਰ ਵਿਰੋਧੀ ਜਾਂ ਗ਼ਦਾਰ ਕਹਿਣਾ ਸੁਤੰਤਰਤਾ ਦੀ ਭਾਵਨਾਂ ਅਤੇ ਮਨੁੱਖਤਾ ਦਾ ਅਪਮਾਨ ਹੋਵੇਗਾ। I Have all my sympathy for the I.N.A. ...

Digitized by Panjab Digital Library | www.panjabdigilib.org

It is full and pure patriotism and to call such heroes traitors is to insult humanity.

20 ਫਰਵਰੀ 1947 ਨੂੰ ਜਦੋਂ ਬ੍ਰਿਟਿਸ਼ ਪ੍ਰਧਾਨ ਮੰਤਰੀ ਲਾਰਡ ਐਟਲੀ ਨੇ ਸੰਪ੍ਰਦਾਇਕਤਾ ਦੇ ਆਧਾਰ ਤੇ ਦੇਸ਼ ਦੀ ਵੰਡ ਦਾ ਐਲਾਨ ਕੀਤਾ ਤਾਂ ਬਾਬਾ ਖੜਕ ਸਿੰਘ ਦੇ ਮਨ ਨੂੰ ਬੜਾ ਗਹਿਰਾ ਸਦਮਾ ਲਗਾ। ਉਹ ਸਦਾ ਦੇਸ਼ ਦੀ ਅਖੰਡਤਾ ਅਤੇ ਵੱਖੋ ਵੱਖਰੀਆਂ ਜਾਤੀਆਂ ਅਤੇ ਧਰਮਾਂ ਦੇ ਲੋਕਾਂ ਵਿਚ ਆਪਸੀ ਪਿਆਰ ਤੇ ਭਾਈਚਾਰੇ ਲਈ ਜੂਝਦੇ ਆਏ ਸਨ। 15 ਅਗਸਤ 1947 ਨੂੰ ਜਦੋਂ ਦੇਸ਼ ਦਾ ਵਿਭਾਜਨ ਹੋਇਆ ਤਾਂ ਉਨ੍ਹਾਂ ਨੂੰ ਵੀ ਲੱਖਾਂ ਹਿੰਦੂ ਤੇ ਸਿੱਖਾਂ ਨਾਲ ਆਪਣਾ ਘਰ-ਘਾਟ, ਪਵਿੱਤਰ ਧਾਰਮਿਕ ਅਸਥਾਨ ਅਤੇ ਆਪਣਾ ਸਭ ਕੁਝ ਤਿਆਗ ਕੇ ਸ਼ਰਨਾਰਥੀ ਬਣ ਕੇ ਹਿੰਦੁਸਤਾਨ ਆਉਣਾ ਪਿਆ। ਉਨ੍ਹਾਂ ਦਾ ਦੇਹਾਂਤ 6 ਅਕਤੂਬਰ ਸੰਨ 1963 ਨੂੰ ਹੋਇਆ।

ਉਨ੍ਹਾਂ ਦੇ 86ਵੇਂ ਜਨਮ ਦਿਨ ਦੇ ਅਵਸਰ ਤੇ ਅਭਿਨੰਦਨ ਗ੍ਰੰਥ ਦੇ ਵਿਮੋਚਨ ਸਮੇਂ ਦੇਸ਼ ਦੇ ਰਾਸ਼ਟਰਪਤੀ ਡਾ: ਰਾਜਿੰਦਰ ਪ੍ਰਸ਼ਾਦਿ, ਉਪ-ਰਾਸ਼ਟਰਪਤੀ ਡਾ: ਰਾਧਾ ਕ੍ਰਿਸ਼ਨਨ ਅਤੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਤੋਂ ਇਲਾਵਾ ਦੇਸ਼ ਦੀਆਂ ਅਨੇਕ ਪ੍ਰਸਿੱਧ ਹਸਤੀਆਂ ਇਸ ਮੌਕੇ ਤੇ ਹਾਜ਼ਰ ਸਨ। ਇਸ ਅਵਸਰ ਤੇ ਬੋਲਦਿਆਂ ਡਾ: ਰਾਜਿੰਦਰ ਪ੍ਰਸ਼ਾਦਿ ਨੇ ਕਿਹਾ ਸੀ, ਕਿ "ਉਨ੍ਹਾਂ ਦਾ ਜੀਵਨ ਰਾਸ਼ਟਰ ਅੰਦੋਲਨ ਨਾਲ ਇਤਨਾ ਇਕ ਮਿਕ ਹੋ ਚੁਕਾ ਹੈ ਕਿ ਦੋਹਾਂ ਨੂੰ ਵੱਖ ਕਰ ਸਕਣਾ ਸੰਭਵ ਨਹੀਂ। ਉਨ੍ਹਾਂ ਦੀ ਜ਼ਾਤ ਉੱਤੇ ਸਮੁੱਚੇ ਰਾਸ਼ਟਰ ਨੂੰ ਉਨ੍ਹਾਂ ਤੇ ਮਾਣ ਹੈ"। The life of Baba Kharak Singh has been truly a life of dedication in the national cause. He has been connected with the National Movement in the Country from its very inception. In fact, the story of his own life has been so intertwined with the history of the Indian Freedom Movement that it may well be said to supplement it.. He is indeed a person who adds dignity to the Community and the nation to which he belongs.' ਇਸ ਮੌਕੇ ਤੇ ਆਪਣੀਆਂ ਸ਼ੁਭ ਇਛਾਵਾਂ ਵਿਅਕਤ ਕਰਦਿਆਂ ਪੰਡਤ ਨਹਿਰੂ ਨੇ ਲਿਖਿਆ ਸੀ:

Ever since I took to public life in India, I have followed Baba Kharak Singh's career with admiration. In the days of our struggle for freedom, he was a pillar of strength and no threat or coercion could bend his iron will. By his example he inspired innumerable persons. It is right, therefore, that we should offer him tribute.

ਬਾਬਾ ਜੀ ਕਿਹਾ ਕਰਦੇ ਸਨ ਕਿ ਆਜ਼ਾਦੀ ਹਾਸਲ ਕਰਨ ਨਾਲੋਂ ਆਜ਼ਾਦੀ ਨੂੰ ਬਣਾਏ ਰਖਣਾ ਵਧਰੇ ਜ਼ਰੂਰੀ ਹੈ। Let us bear in mind that the preservation of freedom is more important than its achievement. ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਸਾਰੇ ਦੇਸ਼ ਵਾਸੀ ਧਰਮ, ਜਾਤਿ ਜਾਂ ਭਾਸ਼ਾ ਦੇ ਵਿਤਕਰਿਆਂ ਨੂੰ ਦੂਰ ਰੱਖ ਕੇ ਤਰੱਕੀ ਕਰਨ ਤੇ ਸਾਰਿਆਂ ਨੂੰ ਜੀਣ ਦੇ ਸਮਾਨ (ਬਰਾਬਰ) ਅਧਿਕਾਰ ਪ੍ਰਾਪਤ ਹੋਣ। 10 ਜੂਨ

Digitized by Panjab Digital Library | www.panjabdigilib.org

1951 ਨੂੰ ਆਪਣੇ 84ਵੇਂ ਜਨਮ ਦਿਨ ਦੇ ਮੌਕੇ ਤੇ ਰਾਮਲੀਲਾ ਮੈਦਾਨ ਵਿਚ ਆਯੋਜਿਤ ਇਕ ਸਮਾਰੋਹ ਵਿਚ ਬੋਲਦਿਆਂ ਉਨ੍ਹਾਂ ਕਿਹਾ ਸੀ : I have tried to serve my country and my beloved Panth by doing whatever human services the Almighty enabled me to render and I assure my people that until I breathe my last the idea of seeing India at the climax shall be supermost in my mind. That is the only desire left in my heart.

26 ਜਨਵਰੀ 1950 ਨੂੰ ਦੇਸ਼ ਦੇ ਗਣਤੰਤਰ ਦਿਵਸ ਦੇ ਮੌਕੇ ਤੇ ਬਾਬਾ ਜੀ ਨੇ ਕਿਹਾ ਸੀ : 'On this glorious day we must pay homage to the memory of all those who have suffered and died in the service of India and by whose untiring efforts we are blessed to witness this great day of our political liberation and national rejoicings'.

ਕਨਾਟ ਪਲੇਸ (ਰਿਵਾਲੀ ਸਿਨੇਮਾ) ਤੋਂ ਗੋਲਡਾਕਖਾਨੇ ਤਕ ਜਾਣ ਵਾਲੀ ਸੜਕ ਦਾ ਨਾਮ ਦੇਸ਼ ਦੇ ਇਸ ਮਹਾਨ ਸਪੂਤ ਦੇ ਨਾਮ ਤੇ ਬਾਬਾ ਖੜਕ ਸਿੰਘ ਮਾਰਗ ਰਖਿਆ ਗਿਆ ਹੈ। ਇਨ੍ਹਾਂ ਦਾ ਇਕ ਰੰਗੀਨ ਚਿੱਤਰ ਬਾਬਾ ਬਘੇਲ ਸਿੰਘ ਅਜਾਇਬ ਘਰ (ਗੁਰਦੁਆਰਾ ਬੰਗਲਾ ਸਾਹਿਬ) ਵਿਚ ਲਗਾ ਹੋਇਆ ਹੈ। ਸ੍ਰ: ਖੁਸ਼ਵੰਤ ਸਿੰਘ ਨੇ ਉਨ੍ਹਾਂ ਬਾਰੇ ਲਿਖਿਆ ਹੈ, In the history of every nation some figures stand out as landmarks by whose presence we recognise the events of time... Baba Kharak Singh is such a landmark... not only in the history of the Sikhs, but that of India iteself.'

Digitized by Panjab Digital Library | www.panjabdigilib.org

# ਸਿੱਖ ਗੁਰਦੁਆਰਿਆਂ ਦਾ ਯੋਗਦਾਨ

ਭਾਰਤ ਦੀ ਆਜ਼ਾਦੀ ਦੀ ਲੜਾਈ ਕੇਵਲ ਹਿੰਦੁਸਤਾਨ ਦੀਆਂ ਸੀਮਾਂਵਾਂ ਵਿਚ ਰਹਿ ਕੇ ਹੀ ਨਹੀਂ ਲੜੀ ਗਈ ਸਗੋਂ ਵਿਸ਼ਵ ਦੇ ਕਈ ਦੇਸ਼ਾਂ ਵਿਚ ਰਹਿ ਰਹੇ ਭਾਰਤੀਆਂ ਨੇ ਆਪੋ ਆਪਣੇ ਢੰਗ ਅਤੇ ਸਾਧਨਾਂ ਦੁਆਰਾ ਆਜ਼ਾਦੀ ਹਾਸਲ ਕਰਨ ਲਈ ਬੜੀਆਂ ਕੁਰਬਾਨੀਆਂ ਕੀਤੀਆਂ ਅਤੇ ਸੁਤੰਤਰਤਾ ਸੰਗਰਾਮ ਵਿਚ ਆਪਣਾ ਹਿੱਸਾ ਪਾਇਆ। ਕਦੇ ਇਸ ਲੜਾਈ ਦਾ ਖੇਤਰ ਕੈਨੇਡਾ ਅਤੇ ਅਮਰੀਕਾ ਸੀ ਜਿਥੋਂ ਗ਼ਦਰ ਲਹਿਰ ਸ਼ੁਰੂ ਹੋਈ ਅਤੇ ਕਦੇ ਇਹ ਇੰਡੀਅਨ ਨੈਸ਼ਨਲ ਆਰਮੀ (I.N.A.) ਦੇ ਸੂਰਬੀਰ ਸੈਨਿਕ ਸਨ ਜਿਨ੍ਹਾਂ ਨੇ ਬਰਮਾ, ਸਿੰਘਾਪੁਰ, ਮਲਾਇਆ, ਹਾਂਗ ਕਾਂਗ, ਜਰਮਨੀ ਅਤੇ ਜਾਪਾਨ ਤੋਂ ਦੇਸ਼ ਨੂੰ ਆਜ਼ਾਦ ਕਰਾਉਣ ਦੇ ਜਤਨ ਕੀਤੇ। ਇਸੇ ਆਜ਼ਾਦੀ ਦੀ ਖ਼ਾਤਰ ਮਦਨ ਲਾਲ ਢੀਂਗਰਾ ਅਤੇ ਸ੍ਰ: ਊਧਮ ਸਿੰਘ ਨੇ ਇੰਗਲੈਂਡ ਵਿਚ ਫ਼ਾਂਸੀ ਦੇ ਰਸਿਆਂ ਨੂੰ ਚੁੰਮਿਆਂ ਅਤੇ ਇਸੇ ਆਜ਼ਾਦੀ ਦੀ ਖ਼ਾਤਰ ਸ੍ਰ: ਦੀਵਾਨ ਸਿੰਘ ਕਾਲੇ ਪਾਣੀ ਅਤੇ ਹੋਰ ਅਨੇਕਾਂ ਇਨਕਲਾਬੀ ਅੰਡੇਮਾਨ ਅਤੇ ਨਿਕੋਬਾਰ ਟਾਪੂਆਂ ਤੇ ਆਪਣੇ ਪ੍ਰਾਣ ਨਿਛਾਵਰ ਕਰ ਗਏ। ਇਨ੍ਹਾਂ ਸਾਰੇ ਜਤਨਾਂ ਦੇ ਪਿੱਛੇ ਸਿੱਖ ਗੁਰਦੁਆਰਿਆਂ ਦਾ ਬਹੁਤ ਵਡਾ ਯੋਗਦਾਨ ਰਿਹਾ, ਜਿਨ੍ਹਾਂ ਵਿਚ ਇਕੱਠੇ ਹੋ ਕੇ ਭਾਰਤ ਦੇ ਦੇਸ਼ ਵਾਸੀ ਆਪਣੇ ਵਿਚਾਰ ਸਾਂਝੇ ਕਰਦੇ, ਇੰਗਲੈਂਡ ਅਤੇ ਕੈਨੇਡਾ ਦੀਆਂ ਗੋਰੀਆਂ ਸਰਕਾਰਾਂ ਦੇ ਵਿਰੁੱਧ ਮਤੇ ਪਾਸ ਕਰਦੇ ਅਤੇ ਦੇਸ਼ ਨੂੰ ਆਜ਼ਾਦ ਕਰਾਉਣ ਦੇ ਪ੍ਰੋਗਰਾਮ ਉਲੀਕਦੇ ਰਹੇ। ਆਜ਼ਾਦੀ ਦੇ ਇਸ ਲੰਮੇ ਸੰਘਰਸ਼ ਵਿਚ ਇਨਕਲਾਬੀ ਨੌਜਵਾਨਾਂ ਨੂੰ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਅਤੇ ਭਗਤ ਕਬੀਰ ਦੀ ਬਾਣੀ ਅਤੇ ਸ਼ਿਵਾਜੀ, ਮਹਾਰਾਣਾ ਪ੍ਰਤਾਪ, ਗੁਰੂ ਗੋਬਿੰਦ ਸਿੰਘ ਅਤੇ ਰਾਣੀ ਲਕਸ਼ਮੀ ਬਾਈ ਦੀਆਂ ਦੇਸ਼ ਪ੍ਰਤੀ ਕੀਤੀਆਂ ਕੁਰਬਾਨੀਆਂ ਨੇ ਬੜਾ ਪ੍ਰਭਾਵਿਤ ਕੀਤਾ। ਪੰਜਾਬ ਅਤੇ ਭਾਰਤ ਦੇ ਇਹ ਵੀਰ ਨਾਇਕ ਉਨ੍ਹਾਂ ਲਈ ਪ੍ਰੇਰਨਾ ਦਾ ਸਰੋਤ ਬਣੇ ਰਹੇ। ਬਹੁਤ ਸਾਰੇ ਇਨਕਲਾਬੀ ਨੌਜਵਾਨਾਂ ਦਾ ਆਦਰਸ਼ਕ - ਨਾਇਕ ਗੁਰੂ ਗੋਬਿੰਦ ਸਿੰਘ ਸੀ ਜਿਨ੍ਹਾਂ ਨੇ ਦੇਸ਼ ਅਤੇ ਧਰਮ ਲਈ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ ਸੀ।

ਦੇਸ਼ ਨੂੰ ਜਥੇਬੰਦਕ ਤੌਰ ਤੇ ਆਜ਼ਾਦ ਕਰਾਉਣ ਦੀ ਸ਼ੁਰੂਆਤ 1857 ਦੇ ਗ਼ਦਰ (ਜੰਗੇ ਆਜ਼ਾਦੀ) ਅਤੇ ਬਾਬਾ ਰਾਮ ਸਿੰਘ ਜੀ ਦੁਆਰਾ ਸਥਾਪਿਤ 'ਸੰਤ ਖਾਲਸਾ' ਨਾਲ ਹੋਈ। 1857 ਵਿਚ ਸੰਤ ਖ਼ਾਲਸਾ ਦੀ ਸਥਾਪਨਾ ਉਨ੍ਹਾਂ ਲੀਹਾਂ ਤੇ ਹੀ ਕੀਤੀ ਗਈ ਜਿਨ੍ਹਾਂ ਲੀਹਾਂ ਤੇ 1699 ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ ਸੀ। ਬਾਬਾ ਰਾਮ ਸਿੰਘ ਦੁਆਰਾ ਸਥਾਪਿਤ ਸੰਤ ਖਾਲਸਾ ਹੀ ਕੂਕਾ ਅੰਦੋਲਨ ਅਥਵਾ ਨਾਮਧਾਰੀ ਲਹਿਰ ਵਿਚ ਤਬਦੀਲ ਹੋ ਗਿਆ। ਡਾ. ਐਮ.ਐਮ.ਆਹਲੂਵਾਲੀਆ ਅਤੇ ਡਾ. ਫੌਜਾ ਸਿੰਘ ਨੇ Kuka Movement ਵਿਚ ਲਿਖਿਆ ਹੈ ਕਿ ਇਸ ਲਹਿਰ ਦੇ ਸਰੂਪ, ਵਿਚਾਰਧਾਰਾ ਅਤੇ ਸੰਚਾਲਨ ਵਿਧੀ ਦੇ ਪਿਛੋਕੜ ਵਿਚ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦੇ ਜੀਵਨ, ਉਪਦੇਸ਼ ਅਤੇ ਕੁਰਬਾਨੀਆਂ ਦੀ ਗਹਿਰੀ ਛਾਪ ਸੀ। ਬਾਬਾ ਰਾਮ ਸਿੰਘ ਦੇ ਅਨੁਯਾਈ ਉਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਦਾ ਹੀ ਸਾਕਾਰ ਰੂਪ

Digitized by Panjab Digital Library | www.panjabdigilib.org

(Incarnation) ਸਮਝਦੇ ਸਨ ਅਤੇ ਉਨ੍ਹਾਂ ਦੇ ਹਰ ਆਦੇਸ਼ ਤੇ ਆਪਾ ਵਾਰਣ ਲਈ ਤਿਆਰ ਸਨ। ਇਸ ਗੱਲ ਦਾ ਉਲੇਖ ਨਾਮਧਾਰੀ ਲਿਖਤਾਂ ਵਿਚ ਆਮ ਮਿਲਦਾ ਹੈ। ਇਸ ਵਿਚ ਸੰਦੇਹ ਨਹੀਂ ਕਿ ਬਾਬਾ ਰਾਮ ਸਿੰਘ ਦੇ ਮਨ ਵਿਚ ਸਿੱਖ ਗੁਰੂ ਸਾਹਿਬਾਨ ਅਤੇ ਵਿਸ਼ੇਸ਼ ਕਰਕੇ ਗੁਰੂ ਗੋਬਿੰਦ ਸਿੰਘ ਜੀ ਪ੍ਰਤੀ ਅਗਾਧ ਸ਼ਰਧਾ ਅਤੇ ਸਤਿਕਾਰ ਸੀ। ਉਨ੍ਹਾਂ ਦੁਆਰਾ ਅੰਗਰੇਜ਼ੀ ਸਾਮਰਾਜ ਵਿਰੁੱਧ ਲੜੀ ਗਈ ਜੰਗ ਦੀ ਪ੍ਰਿਸ਼ਟ ਭੂਮੀ ਵਿਚ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਥਾਪਿਤ ਖ਼ਾਲਸਾ ਪੰਥ, ਰਹਿਤ ਮਰਿਯਾਦਾ, ਆਜ਼ਾਦੀ ਦੀ ਸਪਿਰਿਟ ਅਤੇ ਕੁਰਬਾਨੀਆਂ ਦਾ ਲੰਮਾਂ ਇਤਿਹਾਸ ਪ੍ਰੇਰਨਾ ਸਰੋਤ ਵਜੋਂ ਕੰਮ ਕਰ ਰਿਹਾ ਸੀ। ਡਾ. ਆਹਲੂਵਾਲੀਆ ਲਿਖਦਾ ਹੈ : The Namdharis were essentially Sikhs, and they drew inspiration from the Sikh Gurus, more especially Guru Nanak and Guru Gobind Singh. The teachings of Guru Nanak and the heroic struggles of Guru Gobind Singh conditioned all their activity as well as their mental frame work. ਇਹੀ ਲੇਖਕ ਅਗੇ ਚਲ ਕੇ ਬਾਬਾ ਰਾਮ ਸਿੰਘ ਬਾਰੇ ਲਿਖਦਾ ਹੈ ਕਿ he gave to his disciples the original teachings and mission of Guru Gobind (Singh) and on the other, he decided to introduce swadeshi and non-co-operation against the British. This was his two pronged attack for the resurrection of a fallen nation, so that the flag may once again fly in the four winds as a symbol of liberty and religion. All this happened nearly one month before the great rebellion of 1857.

ਵੀਹਵੀਂ ਸਦੀ ਦੇ ਮੁੱਢਲੇ ਸੁਤੰਤਰਤਾ ਸੰਗਰਾਮੀਆਂ ਵਿਚੋਂ ਵੀਰ ਸਾਵਰਕਰ, ਜਿਨ੍ਹਾਂ ਦਾ ਪੂਰਾ ਨਾਮ ਵਿਨਾਇਕ ਦਮੋਦਰ ਸਾਵਰਕਰ ਸੀ, ਨੇ ਆਪਣੀ ਪੀੜ੍ਹੀ ਦੇ ਨੌਜਵਾਨਾਂ ਨੂੰ ਦੇਸ਼ ਦੇ ਅੰਦਰ ਅਤੇ ਦੇਸ਼ ਤੋਂ ਬਾਹਰ ਜਥੇਬੰਦ ਕਰਨ ਅਤੇ ਉਨ੍ਹਾਂ ਨੂੰ ਕ੍ਰਾਂਤੀ ਦੇ ਰਾਹ ਤੇ ਤੋਰਨ ਵਿਚ ਬੜਾ ਵਡਾ ਹਿੱਸਾ ਪਾਇਆ ਸੀ। ਸਾਵਰਕਰ ਦਾ ਜਨਮ 1883 ਵਿਚ ਨਾਸਿਕ ਦੇ ਨੇੜੇ ਪਿੰਡ ਭਜੂਰ ਦੇ ਇਕ ਬ੍ਰਾਹਮਣ ਪ੍ਰਵਾਰ ਵਿਚ ਹੋਇਆ ਸੀ। 1905 ਵਿਚ ਉਸਨੇ ਫ਼ਰਗੂਸਨ ਕਾਲਜ ਪੂਨਾ ਤੋਂ ਬੀ.ਏ. ਦਾ ਇਮਤਿਹਾਨ ਪਾਸ ਕੀਤਾ ਅਤੇ 1906 ਵਿਚ ਉਹ ਇੰਗਲੈਂਡ ਚਲਾ ਗਿਆ। ਇੱਥੇ ਉਸਨੇ ਕ੍ਰਿਸ਼ਨਾ ਵਰਮਾ ਨਾਲ ਮਿਲ ਕੇ ਭਾਰਤੀ ਨੌਜਵਾਨਾਂ ਨੂੰ ਦੇਸ਼ ਦੀ ਆਜ਼ਾਦੀ ਲਈ ਕੰਮ ਕਰਨ ਲਈ Free Indian Society ਅਤੇ 'ਅਭਿਨਵ ਭਾਰਤ' ਵਰਗੀਆਂ ਸੰਸਥਾਵਾਂ ਕਾਇਮ ਕੀਤੀਆਂ। ਉਹ India House ਵਿਚ ਹੁੰਦੀਆਂ ਇਕਤ੍ਰਤਾਵਾਂ ਵਿਚ ਬੜੀਆਂ ਜੁਸ਼ੀਲੀਆਂ ਤਕਰੀਰਾਂ ਕਰਿਆ ਕਰਦਾ ਸੀ। ਉਸਦੀਆਂ ਤਕਰੀਰਾਂ ਵਿਚ ਅਕਸਰ ਗੁਰੂ ਗੋਬਿੰਦ ਸਿੰਘ ਜੀ ਦੀਆਂ ਕੁਰਬਾਨੀਆਂ ਅਤੇ ਉਨ੍ਹਾਂ ਦੇ ਭਗਤੀ ਅਤੇ ਸ਼ਕਤੀ ਦੇ ਫ਼ਲਸਫ਼ੇ ਦਾ ਉਲੇਖ ਹੋਇਆ ਕਰਦਾ ਸੀ। ਵੀ. ਐਨ. ਦੱਤਾ Madan Lal Dhingra and the Revolutionary Movement ਵਿਚ ਲਿਖਦਾ ਹੈ ਕਿ 29 ਦਸੰਬਰ 1908 ਨੂੰ ਕੈਕਸਟਨ ਹਾਲ ਲੰਡਨ ਵਿਚ ਗੁਰੂ ਗੋਬਿੰਦ ਸਿੰਘ ਦਾ ਜਨਮ ਦਿਨ ਮਨਾਇਆ ਗਿਆ। ਵੀਰ ਸਾਵਰਕਰ ਤੋਂ ਇਲਾਵਾ ਆਏ ਸਰੋਤਿਆਂ ਨੂੰ ਸੰਬੋਧਨ ਕਰਨ ਵਾਲਿਆਂ ਵਿਚ ਬਿਪਿਨ ਚੰਦਰ ਪਾਲ, ਡਾਕਟਰ ਗੋਕਲ ਚੰਦ ਨਾਰੰਗ ਅਤੇ ਲਾਲਾ

Digitized by Panjab Digital Library | www.panjabdigilib.org

ਲਾਜਪਤ ਰਾਏ ਵੀ ਸ਼ਾਮਲ ਸਨ। ਇਨ੍ਹਾਂ ਨੇਤਾਵਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਕੁਰਬਾਨੀਆਂ ਦਾ ਜ਼ਿਕਰ ਕਰਦਿਆਂ ਨੌਜਵਾਨਾਂ ਨੂੰ ਪ੍ਰੇਰਿਆ ਕਿ ਜਦੋਂ ਹੋਰ ਸਾਰੇ ਰਸਤੇ (ਵਸੀਲੇ) ਬੰਦ ਹੋ ਜਾਣ ਤਾਂ ਆਪਣੇ ਆਦਰਸ਼ ਦੀ ਪ੍ਰਾਪਤੀ ਲਈ ਤਲਵਾਰ ਚੁਕਣੀ ਜਾਇਜ਼ ਹੈ। ਵੀ.ਐਨ.ਦੱਤਾ ਲਿਖਦਾ ਹੈ ਕਿ : Under Savarkar's leaderhsip, the activities gained momentum at India House, particularly at the end of 1908 and in the early months of 1909..... On 29 December 1908 at Caxton Hall, London, the birth centenary of Guru Gobind Singh was celebrated, which was presided over by Bipin Chander Pal, and attended by about 150 persons. Lala Lajpat Rai also spoke on the occasion but the most eloquent account of the life of (Guru)Gobind Singh was given by Dr. Gokul Chand Narang, a specialist on Sikh History who expounded the three tenets of Sikh political ethics, Degh, Teg, and Fateh. ਹੋਮ ਡਿਪਾਰਟਮੈਂਟ ਦੀਆਂ 1909 ਦੀਆਂ ਪ੍ਰੋਸੀਡਿੰਗਜ਼ ਵਿਚ ਦਰਜ ਹੈ ਕਿ ਸਾਵਰਕਰ ਦੇਗ਼ ਦਾ ਅਰਥ principle of foundation, ਤੇਗ਼ ਦਾ ਅਰਥ Sword ਅਤੇ ਫ਼ਤਹਿ ਦਾ ਅਰਥ Victory ਕਰਿਆ ਕਰਦਾ ਸੀ। ਪ੍ਰੀਤਮ ਸੈਨੀ 'ਸ਼ਹੀਦ ਮਦਨ ਲਾਲ ਢੀਂਗਰਾ' ਵਿਚ ਲਿਖਦਾ ਹੈ ਕਿ ਸਾਵਰਕਰ ਗੁਰੂ ਗੋਬਿੰਦ ਸਿੰਘ ਜੀ ਦੇ 'ਜ਼ਫ਼ਰਨਾਮੇ' ਦਾ ਇਹ ਸ਼ੇਅਰ ਆਪਣੀਆਂ ਸਭਾਵਾਂ ਵਿਚ ਦੁਹਰਾ ਕੇ ਸਰੋਤਿਆਂ ਨੂੰ ਹਥਿਆਰ ਬੰਦ ਹੋਕੇ ਬਰਤਾਨਵੀ ਸਾਮਰਾਜ ਨਾਲ ਟਕਰਾਉਣ ਅਤੇ ਦੇਸ਼ ਦੀ ਆਜ਼ਾਦੀ ਦੀ ਪ੍ਰਾਪਤੀ ਲਈ ਹਿੰਸਾਵਾਦੀ ਢੰਗ ਆਪਣਾਉਣ ਦੀ ਪ੍ਰੇਰਨਾ ਦਿਆ ਕਰਦਾ ਸੀ :

ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ।

(ਜਦ ਕੰਮ ਕਿਸੇ ਢੰਗ ਨਾਲ ਵੀ ਰਾਸ ਨ ਆਵੇ ਜਾਂ ਪਾਣੀ ਸਿਰ ਤੋਂ ਲੰਘ ਜਾਵੇ ਤਾਂ ਤਲਵਾਰ ਚੁਕਣੀ ਜਾਇਜ਼ ਹੈ।)

ਲਾਲਾ ਲਾਜਪਤ ਰਾਏ ਜਿਨ੍ਹਾਂ ਨੂੰ ਸ਼ੇਰੇ ਪੰਜਾਬ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਨੇ ਬਚਪਨ ਵਿਚ ਆਪਣੀ ਮਾਤਾ ਗੁਲਾਬ ਦੇਵੀ ਕੋਲੋਂ ਗੁਰੂ ਗੋਬਿੰਦ ਸਿੰਘ ਅਤੇ ਹੋਰ ਭਾਰਤੀ ਵੀਰਾਂ ਦੀਆਂ ਅਨੇਕ ਸਾਖੀਆਂ ਸੁਣੀਆਂ ਸਨ। ਉਨ੍ਹਾਂ ਦੇ ਜੀਵਨ ਤੇ ਰਾਣਾ ਪ੍ਰਤਾਪ, ਸ਼ਿਵਾਜੀ, ਰਾਣੀ ਲਕਸ਼ਮੀ ਬਾਈ ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਕੁਰਬਾਨੀਆਂ ਦੀ ਗਹਿਰੀ ਛਾਪ ਸੀ। ਇਸ ਗੱਲ ਦਾ ਜ਼ਿਕਰ ਉਨ੍ਹਾਂ ਨੇ 'ਯੰਗ ਇੰਡੀਆ' (Young India) ਵਿਚ ਘਟੋ ਘਟ ਦੋ ਥਾਂ ਤੇ ਕੀਤਾ ਹੈ। ਕਿਸੇ ਹੋਰ ਥਾਂ ਤੇ ਉਹ ਆਪਣੀ ਮਾਤਾ ਗੁਲਾਬ ਦੇਵੀ ਬਾਰੇ ਲਿਖਦੇ ਹਨ ਕਿ 'ਉਨ੍ਹਾਂ ਦਾ ਜਨਮ ਸਿੱਖ ਘਰਾਣੇ ਵਿਚ ਹੋਇਆ ਸੀ। ਮੇਰੇ ਨਾਨਾ ਜੀ, ਨਾਨੀ ਜੀ ਅਤੇ ਮਾਮੇ ਸਾਰੇ ਸਿੱਖ ਸਨ। ਉਹ ਸਵੇਰੇ ਉੱਠ ਕੇ ਗੁਰਬਾਣੀ ਦਾ ਪਾਠ ਕਰਿਆ ਕਰਦੇ ਸਨ।' ਲਾਲਾ ਲਾਜਪਤ ਰਾਏ ਨੇ ਆਪਣੀ ਮਾਤਾ ਦੇ ਆਦਰਸ਼ਕ ਜੀਵਨ ਤੋਂ ਬਹੁਤ ਕੁੱਝ ਗ੍ਰਹਿਣ ਕੀਤਾ ਸੀ'

ਜਦੋਂ ਕੈਨੇਡਾ ਅਤੇ ਅਮਰੀਕਾ ਵਿਚ ਗ਼ਦਰ ਲਹਿਰ ਸ਼ੁਰੂ ਹੋਈ ਤਾਂ ਉਦੋਂ ਵੀ ਗ਼ਦਰ ਪਰਚੇ ਦੇ ਉਪਰ ਗੁਰੂ ਨਾਨਕ ਦੇਵ ਜੀ ਦੀਆਂ ਇਨ੍ਹਾਂ ਪੰਕਤੀਆਂ ਨੂੰ 'ਜਉ ਤਉ ਪ੍ਰੇਮ ਖੇਲਣ ਕਾ

Digitized by Panjab Digital Library | www.panjabdigilib.org

ਚਾਉ' ਥੋੜ੍ਹੇ ਜਹੇ ਫ਼ਰਕ ਨਾਲ ਇਸ ਤਰ੍ਹਾਂ ਅੰਕਿਤ ਕੀਤਾ ਜਾਂਦਾ ਸੀ:

ਜੇ ਚਿਤ ਪ੍ਰੇਮ ਖੇਲਣ ਕਾ ਚਾਉ
ਸਿਰ ਧਰ ਤਲੀ ਗਲੀ ਮੇਰੀ ਆਉ॥

ਗ਼ਦਰ ਅਖ਼ਬਾਰ ਵਿਚ ਛਪਣ ਵਾਲੀਆਂ ਕਵਿਤਾਵਾਂ ਵਿਚ ਥਾਂ ਥਾਂ ਤੇ ਸਿੱਖ ਸ਼ਹੀਦਾਂ ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਕੁਰਬਾਨੀਆਂ ਨੂੰ ਯਾਦ ਕੀਤਾ ਜਾਂਦਾ ਸੀ ਅਤੇ ਨੌਜਵਾਨਾਂ ਨੂੰ ਵੰਗਾਰ ਪਾਈ ਜਾਂਦੀ ਸੀ:

ਸਿੰਘ ਨਾਮ ਰਖ ਕਿਉਂ ਗੁਲਾਮੀ ਵਾਲੀ ਛਟ ਚੁਕੀ,
ਗਿਦੜਾਂ ਦੇ ਵਾਂਗ ਕਿਉਂ ਲੁਕੋਂਦੇ ਫ਼ਿਰੋ ਜਾਨ ਨੂੰ।
ਆਉ ਜੰਗ ਦੇ ਮੈਦਾਨ ਨਹੀਂ ਛਡੋ ਸਿੰਘੀ ਨਾਮ,
ਐਵੇਂ ਲਾਜ ਕਿਉਂ ਲਗੋਂਦੇ ਹੋ ਗੋਬਿੰਦ ਸਿੰਘ ਦੇ ਨਾਮ ਨੂੰ।
ਸੂਰਜ ਦੇ ਵਾਂਗ ਨਾਮ ਰੋਸ਼ਨ ਹੈ ਗੁਰੂ ਜੀ ਦਾ
ਅਸੀਂ ਕੈਰ (ਕਾਇਰ) ਸਿੰਘ ਬਣੇ ਨਾਮ ਦੇ ਮਟਾਨ ਨੂੰ।
ਵਾਹ ਗੁਰੂ ਵਾਹ ਗੁਰੂ ਕਰ ਅਖਾਂ ਮੀਟ ਬੈਠੇ
ਭੁਲ ਗਏ ਸਿੰਘ ਯਾਰੋ ਰਾਜਨੀਤੀ ਗਿਆਨ ਨੂੰ।
ਜ਼ੁਲਮ ਮਿਟੋਨ ਲਈ ਆਪ ਸਾਡੇ ਪਿਤਾ ਜੀ ਨੇ,
ਯੁਧ ਵਿਚ ਜਾਇਕੇ ਤੇ ਕੀਤੇ ਸੀਸ ਦਾਨ ਨੂੰ।
ਛੋਟੇ ਛੋਟੇ ਲਾਲ ਗੁਰੂ ਵਾਰ ਦਿਤੇ ਥੌਂਡੇ ਉਤੇ
ਥੌਂਡੇ ਸਾਥ ਪੇਆਰ, ਪੇਆਰੀ ਕੀਤਾ ਨ ਸੰਤਾਨ ਨੂੰ।
ਪੜ੍ਹੋ ਕਾਰਨਾਮੇ, ਗੁਰਾਂ ਕੌਨ ਸੇ ਹੁਕਮ ਦੀਏ,
ਭੁਲ ਗੇ ਹੋ ਖ਼ਾਲਸਾ ਜੀ ਗੁਰੂ ਦੇ ਫੁਰਮਾਨ ਨੂੰ।
ਆਉ ਜੰਗ ਦੇ ਮਦਾਨ ਨਹੀਂ ਛੋੜੋ ਹਿੰਦੀ ਨਾਮ,
ਤੁਸਾਂ ਪੀਨਾਂ ਹੈ ਜੇ ਨਾਹੀ ਇਸ ਗ਼ਦਰ ਭਰੇ ਜਾਮ ਨੂੰ।
(ਗ਼ਦਰ, 21 ਅਗਸਤ 1915)

ਜਨਵਰੀ 1914 ਦੇ 'ਗ਼ਦਰ' ਪਰਚੇ ਵਿਚ ਸ਼ਹੀਦਾਂ ਨੂੰ ਯਾਦ ਕਰਕੇ ਨੌਜਵਾਨਾਂ ਨੂੰ ਪ੍ਰੇਰਿਆ ਗਿਆ ਕਿ ਦੇਸ਼ ਦੀ ਗੁਲਾਮੀ ਨੂੰ ਦੂਰ ਕਰਨ ਲਈ ਉਹ ਵੀ ਉਨ੍ਹਾਂ ਸ਼ਹੀਦਾਂ ਦੇ ਪਦ-ਚਿੰਨ੍ਹਾਂ ਤੇ ਚਲਕੇ ਦੇਸ਼ ਲਈ ਆਪਣਾ ਆਪ ਕੁਰਬਾਨ ਕਰ ਦੇਣ :

ਜੇਕਰ ਅਜ ਸਿੰਘ ਸੁਬੇਗ਼ ਹੁੰਦੇ, ਦਿੰਦੇ ਚਰਖੜੀ ਚਾਹੜ ਦਿਖਾਲ ਸਿੰਘੋ,
ਜੇ ਕਰ ਅਜ ਹੁੰਦਾ ਦੀਪ ਸਿੰਘ ਸੂਰਾ, ਹੱਥ ਪਕੜਦਾ ਤੇਗ਼ ਤੇ ਢਾਲ ਸਿੰਘੋ।
ਮੀਰਾ ਕੋਟੀਆ ਸਿੰਘ ਮੁਤਾਬ ਹੁੰਦਾ, ਦਿੰਦਾ ਗੋਰਿਆਂ ਹੱਥ ਵਿਖਾਲ ਸਿੰਘੋ,
ਅਸੀਂ ਉਨ੍ਹਾਂ ਦੇ ਪੁੱਤ ਤੇ ਪੋਤਰੇ ਹਾਂ, ਸਾਨੂੰ ਆਵੇ ਨਾ ਸ਼ਰਮ ਰੁਆਲ ਸਿੰਘੋ।

...

ਭਾਰਤ ਵਰਸ਼ ਦਾ ਭਾਰ ਉਤਾਰ ਦਿਉ, ਭਾਰਤ ਮਾਤਾ ਦੇ ਨੌ ਨਿਹਾਲ ਸਿੰਘੋ।
ਛੇਤੀ ਗ਼ਦਰ ਮਚੌਣ ਦੀ ਕਰੋ ਤਿਆਰੀ, ਫਤੇਹ ਦੇਵਸੀ ਤੁਸਾਂ ਅਕਾਲ ਸਿੰਘੋ।
(ਗ਼ਦਰ ਤੇ ਹਿੰਦੁਸਤਾਨ ਗ਼ਦਰ, ਜਨਵਰੀ 1914)

Digitized by Panjab Digital Library | www.panjabdigilib.org

ਦੇਸ਼ ਵਿਚ ਆਰਥਿਕ ਮੰਦਹਾਲੀ ਦੇ ਕਾਰਨ ਵੀਹਵੀਂ ਸਦੀ ਦੇ ਸ਼ੁਰੂ ਹੁੰਦਿਆਂ ਹੀ ਬਹੁਤ ਸਾਰੇ ਭਾਰਤੀ ਚੰਗੇ ਭਵਿੱਖ ਦੀ ਆਸ ਲੈਕੇ ਪ੍ਰਦੇਸਾਂ ਵਿਚ ਜਾਣੇ ਸ਼ੁਰੂ ਹੋ ਗਏ ਸ਼ਨ। ਮੁੱਢਲੇ ਪ੍ਰਵਾਸੀਆਂ ਵਿਚੋਂ ਵਧੇਰੇ ਕਰਕੇ ਪੰਜਾਬ ਦੇ ਕਿਸਾਨ ਅਤੇ ਭਾਰਤੀ ਸੈਨਾ ਵਿਚੋਂ ਸੇਵਾ ਮੁਕਤ ਹੋਏ ਸਿੱਖ ਨੌਜਵਾਨ ਸਨ ਜੇਹੜੇ ਬਰਮਾ, ਮਲਾਇਆ, ਸਿੰਘਾਪੁਰ, ਹਾਂਗ ਕਾਂਗ, ਸ਼ੰਘਾਈ, ਵੈਨਕੂਵਰ (ਕੈਨੇਡਾ) ਅਤੇ ਸਾਨਫ੍ਰਾਂਸਿਸਕੋ (ਅਮਰੀਕਾ) ਆਦਿ ਦੇਸ਼ਾਂ ਵਿਚ ਪਹੁੰਚ ਚੁਕੇ ਸਨ। ਜਿੱਥੇ ਉਨ੍ਹਾਂ ਨੇ ਆਪਣੇ ਲਈ ਨਵੇਂ ਨਵੇਂ ਆਰਥਿਕ ਵਸੀਲੇ ਲੱਭੇ ਉੱਥੇ ਨਾਲ ਹੀ ਉਨ੍ਹਾਂ ਨੇ ਆਪਣੀ ਸੰਸਕ੍ਰਿਤਿ ਅਤੇ ਸਭਿਆਚਾਰ ਨਾਲ ਜੁੜੇ ਰਹਿਣ ਲਈ ਥਾਂ ਥਾਂ ਤੇ ਗੁਰਦੁਆਰੇ ਵੀ ਸਥਾਪਿਤ ਕੀਤੇ। **Five Punjabi Centuries** ਵਿਚ ਛਪੇ ਆਪਣੇ ਇਕ ਲੇਖ 'Ghadar Movement : A New Consiousness ਵਿਚ ਡਾ: ਪੁਰੀ ਲਿਖਦਾ ਹੈ 'The spirit of community revitalization and protection of its identity was one of the two important influences which accompanied the relatively privileged among the emigrants to Canada and the U.S.A. Since they were Sikhs predominantly the early form of community activity and mobilzation in the alien environment centered round the Gurdwaras. ਵੀਹਵੀਂ ਸਦੀ ਦੇ ਦੂਜੇ ਦਸ਼ਕ ਵਿਚ ਜਦੋਂ ਦੇਸ਼ ਨੂੰ ਆਜ਼ਾਦ ਕਰਾਉਣ ਲਈ ਜਤਨ ਸ਼ੁਰੂ ਕੀਤੇ ਗਏ ਤਾਂ ਇਹ ਗੁਰਦੁਆਰੇ ਹੀ ਆਜ਼ਾਦੀ ਦੇ ਸੰਘਰਸ਼ ਦੇ ਪ੍ਰਮੁੱਖ ਕੇਂਦਰ ਬਣ ਗਏ। ਗ਼ਦਰ ਮੂਵਮੈਂਟ ਵਿਚ ਇਕ ਥਾਂ ਤੇ ਡਾ: ਹਰੀਸ਼ ਪੁਰੀ ਲਿਖਦਾ ਹੈ ਕਿ 'most meetings were held in Gurdwaras, but the dominant mood was anti British, defiant and militant. (P.45)

ਵੈਨਕੂਵਰ (ਕੈਨੇਡਾ) ਵਿਖੇ ਪਹਿਲਾ ਸਿੱਖ ਗੁਰਦੁਆਰਾ 22 ਜੁਲਾਈ 1906 ਨੂੰ ਜੌਹਨਸਨ ਸਟਰੀਟ ਵਿਚ ਇਕ ਕਿਰਾਏ ਦੀ ਇਮਾਰਤ ਵਿਚ ਸਥਾਪਿਤ ਕੀਤਾ ਗਿਆ। ਗੁਰਦੁਆਰੇ ਦੀ ਪੱਕੀ ਇਮਾਰਤ 1866, ਸੈਕਿੰਡ ਐਵੇਨੀਉ ਤੇ ਉਸਾਰੀ ਗਈ। ਨਵੇਂ ਉਸਾਰੇ ਗਏ ਗੁਰਦੁਆਰੇ ਦਾ ਉਦਘਾਟਨ 19 ਜਨਵਰੀ 1908 ਨੂੰ ਕੀਤਾ ਗਿਆ। ਇੱਥੋਂ ਦਾ ਪਹਿਲਾ ਗ੍ਰੰਥੀ ਭਾਈ ਬਲਵੰਤ ਸਿੰਘ (ਕੈਨੇਡੀਅਨ) ਨੂੰ ਬਣਾਇਆ ਗਿਆ। ਗੁਰਦੁਆਰੇ ਦੀ ਉਸਾਰੀ ਲਈ ਕੈਨੇਡਾ ਦੇ ਪੱਛਮੀ ਤੱਟ ਤੇ ਵਸੇ ਭਾਰਤੀਆਂ ਕੋਲੋਂ ਚੰਦਾ ਅਤੇ ਸਹਾਇਤਾ ਲਈ ਗਈ ਸੀ। ਇਸੇ ਗੁਰਦੁਆਰੇ ਦੀ ਦੇਖ ਰੇਖ ਵਿਚ ਖ਼ਾਲਸਾ ਦੀਵਾਨ ਸੁਸਾਇਟੀ ਹੋਂਦ ਵਿਚ ਆਈ। ਇਸ ਸੰਸਥਾ ਦਾ ਮੁੱਖ ਦਫ਼ਤਰ ਗੁਰਦੁਆਰੇ ਵਿਚ ਹੀ ਸਥਾਪਿਤ ਕੀਤਾ ਗਿਆ। ਆਉਣ ਵਾਲੇ ਵਰ੍ਹਿਆਂ ਵਿਚ ਖ਼ਾਲਸਾ ਦੀਵਾਨ ਸੁਸਾਇਟੀ ਨੇ ਕੈਨੇਡਾ ਵਿਚ ਵਸਦੇ ਭਾਰਤੀਆਂ ਨੂੰ ਸੰਘਠਿੱਤ ਕਰਨ ਅਤੇ ਉਨ੍ਹਾਂ ਵਿਚ ਰਾਸ਼ਟਰੀ ਚੇਤਨਤਾ ਪੈਦਾ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਡਾ: ਪੁਰੀ ਅਨੁਸਾਰ The Khalsa Diwan Committee of Stockton in the U.S.A. with Gurdwara as the centre of activity was another prominent organisation which followed a similar pattern.

23 ਅਕਤੂਬਰ 1909 ਨੂੰ ਵੈਨਕੂਵਰ ਦੇ ਗੁਰਦੁਆਰੇ ਵਿਚ ਹੋਈ ਮੀਟਿੰਗ ਵਿਚ ਇਹ ਮਤਾ ਪਾਸ ਕੀਤਾ ਗਿਆ ਕਿ ਅੰਤ੍ਰਿੰਗ ਕਮੇਟੀ ਦਾ ਕੋਈ ਵੀ ਮੈਂਬਰ ਅੰਗਰੇਜ਼ਾਂ ਵਲੋਂ ਮਿਲੇ ਕਿਸੇ ਮੈਡਲ, ਵਿਸ਼ੇਸ਼ ਡਰੈਸ ਜਾਂ ਚਿੰਨ੍ਹ ਦਾ ਪ੍ਰਯੋਗ ਨਹੀਂ ਕਰੇਗਾ। ਇਹ ਸਨਮਾਨ ਸਾਡੀ ਗੁਲਾਮੀ

Digitized by Panjab Digital Library | www.panjabdigilib.org

ਅਤੇ ਅੰਗਰੇਜ਼ਾਂ ਦੀ ਪ੍ਰਭੁਸੱਤਾ ਦੇ ਪ੍ਰਤੀਕ ਹਨ। ਇਸੇ ਮੀਟਿੰਗ ਵਿਚ ਅੰਗਰੇਜ਼ੀ ਰਾਜ ਦੀਆਂ ਵਧੀਕੀਆਂ ਦੀ ਵੀ ਖੁਲ੍ਹ ਕੇ ਨਿੰਦਾ ਕੀਤੀ ਗਈ। It was resolved that 'no member of the executive Committee of the Sikh Temple should wear any kind of medals, buttons, uniforms or insignia which may signify that the party wearing the article is nothing but a slave to the British supremacy.' ਪਾਸ ਕੀਤੇ ਗਏ ਇਸ ਮਤੇ ਤੋਂ ਬਾਦ ਭਾਈ ਭਾਗ ਸਿੰਘ ਕੈਨੇਡੀਅਨ ਨੇ ਉਹ ਸਾਰੇ ਸਰਟੀਫੀਕੇਟ, ਸਨਮਾਨ- ਪੱਤਰ ਅਤੇ ਵਸਤਾਂ ਨੂੰ ਅੱਗ ਲਗਾ ਕੇ ਜਲਾ ਦਿੱਤਾ ਜੋ ਉਸਨੂੰ ਅੰਗਰੇਜ਼ਾਂ ਦੀ ਨੌਕਰੀ ਸਮੇਂ ਉਸਦੀਆਂ ਵਧੀਆ ਸੇਵਾਵਾਂ ਕਰਕੇ ਦਿੱਤੇ ਗਏ ਸਨ। ਭਾਈ ਭਾਗ ਸਿੰਘ ਨੂੰ 5 ਸਤੰਬਰ 1914 ਨੂੰ ਇਸੇ ਗੁਰਦੁਆਰੇ ਦੇ ਅੰਦਰ ਅੰਗਰੇਜ਼ ਅਫ਼ਸਰ ਹਾਪਕਿਨਸਨ ਦੇ ਇਸ਼ਾਰੇ ਤੇ ਬੇਲਾ ਸਿੰਘ ਨੇ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ ਸੀ।

1913 ਦੇ ਸ਼ੁਰੂ ਵਿਚ ਗਿਆਨੀ ਭਗਵਾਨ ਸਿੰਘ ਦੇ ਮਲਾਇਆ ਅਤੇ ਹਾਂਗ ਕਾਂਗ ਤੋਂ ਕੈਨੇਡਾ ਆ ਜਾਣ ਨਾਲ ਅੰਗਰੇਜ਼ ਵਿਰੋਧੀ ਪ੍ਰਚਾਰ ਅਤੇ ਰਾਸ਼ਟਰੀ ਭਾਵਨਾ ਨੂੰ ਬਹੁਤ ਬੱਲ ਮਿਲਿਆ। ਕੈਨੇਡਾ ਆਉਣ ਤੋਂ ਪਹਿਲਾਂ ਉਹ ਪੇਰਾਕ (Perak) ਗੁਰਦੁਆਰੇ ਦਾ ਗ੍ਰੰਥੀ ਸੀ। ਉਹ ਬੜਾ ਪ੍ਰਭਾਵਸ਼ਾਲੀ ਵਕਤਾ ਅਤੇ ਇਨਕਲਾਬੀ ਵਿਚਾਰਾਂ ਵਾਲਾ ਨੌਜਵਾਨ ਸੀ। ਗੁਰਦੁਆਰੇ ਵਿਚ ਹੋਣ ਵਾਲੀਆਂ ਸਭਾਵਾਂ ਵਿਚ ਉਹ ਜਿੱਥੇ ਸਿੱਖ ਇਤਿਹਾਸ ਅਤੇ ਦਸਮ ਬਾਣੀ ਵਿਚੋਂ ਮਿਸਾਲਾਂ ਦੇ ਕੇ ਸਰੋਤਿਆਂ ਵਿਚ ਆਜ਼ਾਦੀ ਦੀ ਭਾਵਨਾ ਨੂੰ ਜਾਗ੍ਰਿਤ ਕਰਨ ਦਾ ਜਤਨ ਕਰਿਆ ਕਰਦਾ ਸੀ ਉੱਥੇ ਨਾਲ ਹੀ ਉਹ ਕਿਹਾ ਕਰਦਾ ਸੀ ਕਿ ਸਾਡਾ ਇਕੋ ਇਕ ਨਾਅਰਾ 'ਬੰਦੇ ਮਾਤ੍ਰਮ' ਹੋਣਾ ਚਾਹੀਦਾ ਹੈ ਜਿਸਦੀ ਗੂੰਜ ਅਤੇ ਵੰਗਾਰ ਥਲੇ ਅਸੀਂ ਆਪਣੀ ਆਜ਼ਾਦੀ ਦੇ ਲਕਸ਼ ਵਲ ਅਗੇ ਵੱਧ ਸਕਦੇ ਹਾਂ। ਭਾਈ ਭਗਵਾਨ ਸਿੰਘ ਦੇ ਅੰਗਰੇਜ਼ ਵਿਰੋਧੀ ਪ੍ਰਚਾਰ ਕਾਰਨ ਉਸਨੂੰ ਬਹੁਤੀ ਦੇਰ ਤਕ ਕੈਨੇਡਾ ਵਿਚ ਟਿਕਣ ਨਾ ਦਿੱਤਾ ਗਿਆ, ਪਰ ਅਗੇ ਚਲ ਕੇ ਲਾਹੌਰ ਕਾਂਸਪੀਰੇਸੀ ਕੇਸ ਦੀ ਵਿਸ਼ੇਸ਼ ਅਦਾਲਤ ਨੇ ਇਹ ਸਵੀਕਾਰ ਕੀਤਾ ਸੀ ਕਿ ਗ਼ਦਰ ਲਹਿਰ ਦੇ ਸ਼ੁਰੂ ਹੋਣ ਤੋਂ ਪਹਿਲਾਂ ਵੈਨਕੂਵਰ (ਦਾ ਗੁਰਦੁਆਰਾ) ਅੰਗਰੇਜ਼ੀ ਰਾਜ ਦੀ ਵਿਰੋਧਤਾ ਦਾ ਸਭ ਤੋਂ ਵਡਾ ਕੇਂਦਰ ਬਣ ਚੁਕਾ ਸੀ।

ਕੈਨੇਡਾ ਦੀ ਸਰਕਾਰ ਨੇ ਕਈ ਅਜੇਹੇ ਕਾਨੂੰਨ ਪਾਸ ਕਰ ਲਏ ਸਨ ਜਿੰਨ੍ਹਾਂ ਕਾਰਨ ਭਾਰਤੀ ਮੂਲ ਦੇ ਲੋਕਾਂ ਦਾ ਕੈਨੇਡਾ ਵਿਚ ਪ੍ਰਵੇਸ਼ ਪਾ ਸਕਣਾ ਲਗਭਗ ਅਸੰਭਵ ਹੀ ਹੋ ਗਿਆ ਸੀ। ਇਸਦੇ ਨਾਲ ਹੀ ਨਾਲ ਕੈਨੇਡਾ ਵਿਚ ਪਹੁੰਚ ਚੁਕੇ ਭਾਰਤੀਆਂ ਨੂੰ ਉਥੋਂ ਕੱਢਣ ਦੇ ਵੀ ਜਤਨ ਕੀਤੇ ਜਾ ਰਹੇ ਸਨ। ਇਸ ਦੇ ਪ੍ਰਤੀਕਰਮ ਵਜੋਂ ਗ਼ਦਰ ਲਹਿਰ ਸ਼ੁਰੂ ਹੋਣ ਤੋਂ ਪਹਿਲਾਂ ਹੀ ਉਥੋਂ ਦੇ ਭਾਰਤੀ ਪਰਵਾਸੀਆਂ ਨੇ ਇਨ੍ਹਾਂ ਵਿਤਕਰੇ ਭਰੇ ਕਾਨੂੰਨਾਂ ਅਤੇ ਬ੍ਰਿਟਿਸ਼ ਸਾਮਰਾਜ ਵਿਰੁੱਧ ਆਪਣੀ ਲੜਾਈ ਸ਼ੁਰੂ ਕਰ ਦਿੱਤੀ ਸੀ। ਬਾਬਾ ਗੁਰਦਿੱਤ ਸਿੰਘ ਦੁਆਰਾ ਕਿਰਾਏ ਤੇ ਲੈ ਕੇ ਚਲਾਇਆ ਗਿਆ ਜਹਾਜ਼, ਕੋਮਾਗਾਟਾ ਮਾਰੂ (ਗੁਰੂ ਨਾਨਕ ਜਹਾਜ਼) ਇਸੇ ਲੜਾਈ ਦੀ ਹੀ ਇਕ ਕੜੀ ਸੀ ਜਿਸ ਨੇ ਅੰਗਰੇਜ਼ ਸਾਮਰਾਜੀਆਂ ਦੀ 'ਇਨਸਾਫ਼ ਪਸੰਦ' ਨੀਤੀ ਦਾ ਪਾਜ ਉਘੇੜ ਕੇ ਸੰਸਾਰ ਦੇ ਸਾਮ੍ਹਣੇ ਰੱਖ ਦਿੱਤਾ। ਜਹਾਜ਼ ਚਲਾਉਣ ਦਾ ਫ਼ੈਸਲਾ ਵੀ ਹਾਂਗ ਕਾਂਗ ਦੇ ਗੁਰਦੁਆਰੇ (ਗੁਰਦੁਆਰਾ ਸਭਾ, ਹਾਂਗ ਕਾਂਗ) ਵਿਚ ਮਨਾਏ ਗਏ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਦੇ ਮੌਕੇ ਤੇ ਹੀ ਲਿਆ ਗਿਆ ਸੀ। The voyage of the Komagata

Digitized by Panjab Digital Library | www.panjabdigilib.org

Maru ਵਿਚ Hugh Johnston ਲਿਖਦਾ ਹੈ ਕਿ 3 ਜਨਵਰੀ 1914 ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦਿਹਾੜਾ ਸੀ। ਬਾਬਾ ਗੁਰਦਿੱਤ ਸਿੰਘ ਉਨ੍ਹਾਂ ਦਿਨਾਂ ਵਿਚ ਆਪਣੇ ਬਿਜ਼ਨਸ ਦੇ ਇਕ ਮਸਲੇ ਦੇ ਸਬੰਧ ਵਿਚ ਹਾਂਗ ਕਾਂਗ ਠਹਿਰਿਆ ਹੋਇਆ ਸੀ। ਗੁਰਪੁਰਬ ਵਾਲੇ ਦਿਨ ਉਸਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹਰ ਸਿੱਖ ਨੂੰ ਦੇਸ਼ ਦੀ ਆਜ਼ਾਦੀ ਲਈ ਆਪਣਾ ਸਭ ਕੁਝ ਕੁਰਬਾਨ ਕਰ ਦੇਣਾ ਚਾਹੀਦਾ ਹੈ ਜਿਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਭਾਰਤਵਰਸ਼ ਲਈ ਕੀਤਾ ਸੀ। 'The main purpose of every Sikh', he said, 'was to fight for independence because Guru Gobind Singh died for his country'.

ਕੋਮਾਗਾਟਾ ਮਾਰੂ (ਗੁਰੂ ਨਾਨਕ ਜਹਾਜ਼) 4 ਅਪ੍ਰੈਲ 1914 ਨੂੰ ਹਾਂਗ ਕਾਂਗ ਤੋਂ ਰਵਾਨਾ ਹੋਇਆ ਤੇ 23 ਮਈ 1914 ਨੂੰ ਵੈਨਕੂਵਰ ਪਹੁੰਚ ਗਿਆ। ਜਿਵੇਂ ਕਿ ਜਹਾਜ਼ ਦੇ ਮੁਸਾਫ਼ਰਾਂ ਦੇ ਮਨ ਵਿਚ ਸ਼ੁਰੂ ਤੋਂ ਹੀ ਇਹ ਤੌਖਲਾ ਸੀ ਕਿ ਪਤਾ ਨਹੀਂ ਉਨ੍ਹਾਂ ਨੂੰ ਕੈਨੇਡਾ ਦਾਖ਼ਲ ਹੋਣ ਵੀ ਦਿੱਤਾ ਜਾਵੇਗਾ ਕਿ ਨਹੀਂ। ਇੱਥੇ ਪਹੁੰਚ ਕੇ ਉਹ ਤੌਖ਼ਲਾ ਅਸਲੀਅਤ ਵਿਚ ਬਦਲ ਗਿਆ। ਜਹਾਜ਼ ਨੂੰ ਬੰਦਰਗਾਹ ਤੇ ਲਗਣ ਅਤੇ ਮੁਸਾਫ਼ਰਾਂ ਨੂੰ ਉਤਰਨ ਦੀ ਆਗਿਆ ਨਾ ਦਿੱਤੀ ਗਈ ਬੇਸ਼ਕ ਉਹ ਆਵਾਸੀ ਕਾਨੂੰਨਾ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਕੇ ਇੱਥੇ ਪਹੁੰਚੇ ਸਨ। 2 ਮਹੀਨੇ ਤਕ ਇਹ ਜਹਾਜ਼ ਵੈਨਕੂਵਰ ਨੇੜੇ ਖ਼ਾਰੇ ਸਮੁੰਦਰ ਵਿਚ ਹੀ ਖਲੋਤਾ ਰਿਹਾ। ਜਦੋਂ ਇਸ ਜਹਾਜ਼ ਨੂੰ ਵਾਪਸ ਹਾਂਗ ਕਾਂਗ ਅਥਵਾ ਕਲਕਤਾ ਭੇਜਣ ਲਈ ਕੈਨੇਡਾ ਦੀ ਸਰਕਾਰ ਨੇ The Sea Lion ਅਤੇ The Rainbow ਨਾਮ ਦੇ ਜੰਗੀ ਬੇੜੇ ਭੇਜੇ ਤਾਂ 21 ਜੁਲਾਈ 1914 ਈਸਵੀ ਨੂੰ ਵੈਨਕੂਵਰ ਦੇ ਗੁਰਦੁਆਰੇ ਵਿਚ ਇਕ ਇਕੱਠ ਹੋਇਆ ਜਿਸ ਵਿਚ ਇਹ ਮਤਾ ਪਾਸ ਕੀਤਾ ਗਿਆ ਕਿ 'ਜੇ ਗੋਰੀ ਸਰਕਾਰ ਨੇ ਮੁਸਾਫ਼ਰਾਂ ਤੇ ਗੋਲੀਆਂ ਚਲਾਈਆਂ ਤਾਂ ਉਹ ਵੈਨਕੂਵਰ ਨੂੰ ਅੱਗ ਲਗਾ ਕੇ ਸੁਆਹ ਕਰ ਦੇਣਗੇ।' ਜਦੋਂ ਗੁਰਦੁਆਰੇ ਵਿਚ ਕੀਤੇ ਗਏ ਇਸ ਫ਼ੈਸਲੇ ਦੀ ਖ਼ਬਰ ਕੈਨੇਡਾ ਦੇ ਅਧਿਕਾਰੀਆਂ ਨੂੰ ਮਿਲੀ ਤਾਂ ਨਾ ਸਿਰਫ਼ ਉਨ੍ਹਾਂ ਫੌਜੀ ਕਾਰਵਾਈ ਹੀ ਰੋਕ ਦਿੱਤੀ ਸਗੋਂ ਮੁਸਾਫ਼ਰਾਂ ਨੂੰ ਮੁੜਣ ਲਈ ਰਾਸ਼ਨ ਪਾਣੀ ਦੇਣ ਦੀ ਸ਼ਰਤ ਵੀ ਪ੍ਰਵਾਨ ਕਰ ਲਈ। ਇਹ ਕੋਮਾਗਾਟਾ ਮਾਰੂ ਜਹਾਜ਼ ਦੀ ਆਪਣੇ ਆਪ ਵਿਚ ਇਕ ਬੜੀ ਵਡੀ ਜਿੱਤ ਸੀ।

ਦੋ ਮਹੀਨੇ ਸਮੁੰਦਰ ਵਿਚ ਰੁਕੇ ਰਹਿਣ ਮਗਰੋਂ ਕੋਮਾਗਾਟਾ ਮਾਰੂ 23 ਜੁਲਾਈ 1914 ਨੂੰ ਵੈਨਕੂਵਰ ਤੋਂ ਵਾਪਸੀ ਸਫ਼ਰ ਲਈ ਚਲ ਪਿਆ। ਰਸਤੇ ਵਿਚ ਯੋਕੋਹਾਮਾਂ, ਹਾਂਗ ਕਾਂਗ, ਕੋਬੇ ਅਤੇ ਸਿੰਘਾਪੁਰ ਰੁਕਦਾ ਹੋਇਆ ਇਹ ਜਹਾਜ਼ 29 ਸਤੰਬਰ 1914 ਨੂੰ ਕਲਕਤੇ ਦੇ ਨੇੜੇ ਬੱਜ ਬੱਜ ਘਾਟ ਪਹੁੰਚ ਗਿਆ। ਪੁਲਿਸ ਵਲੋਂ ਕੀਤੀ ਗਈ ਫਾਇਰਿੰਗ ਵਿਚ ਅਨੇਕ ਮੁਸਾਫਰ ਸ਼ਹੀਦ ਹੋ ਗਏ। ਬਾਬਾ ਗੁਰਦਿੱਤ ਸਿੰਘ ਆਪਣੇ ਕੁਝ ਸਾਥੀਆਂ ਸਮੇਤ ਉਥੋਂ ਨਿਕਲ ਜਾਣ ਵਿਚ ਕਾਮਯਾਬ ਹੋ ਗਏ। ਉਸਤੋਂ ਬਾਦ ਕਰੀਬ ਸੱਤ ਸਾਲ ਤਕ ਉਹ ਭੇਸ ਬਦਲ ਕੇ ਦੇਸ਼ ਦੇ ਵੱਖ ਵੱਖ ਸਥਾਨਾਂ ਤੇ ਵਿਚਰਦੇ ਰਹੇ। ਆਖ਼ਰ ਮਹਾਤਮਾ ਗਾਂਧੀ ਦੀ ਸਲਾਹ ਤੇ ਉਨ੍ਹਾਂ 15 ਨਵੰਬਰ 1921 ਨੂੰ ਨਨਕਾਣਾ ਸਾਹਿਬ ਦੇ ਸਥਾਨ ਤੇ ਆਪਣੇ ਆਪ ਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ। ਪੁਲਿਸ ਨੇ ਉਨ੍ਹਾਂ ਦੀ ਗ੍ਰਿਫ਼ਤਾਰੀ ਲਈ 10,000 ਰੁਪੈ ਦਾ ਇਨਾਮ ਰਖਿਆ ਹੋਇਆ ਸੀ। ਗ੍ਰਿਫ਼ਤਾਰੀ ਤੋਂ ਪਹਿਲਾਂ ਉਨ੍ਹਾਂ ਨੇ ਨਨਕਾਣਾ ਸਾਹਿਬ ਵਿਚ ਜੁੜੇ ਜਨ-ਸਮੂਹ ਨੂੰ ਕਰੀਬ ਦੋ ਘੰਟੇ ਤਕ ਸੰਬੋਧਨ ਕਰਦਿਆਂ ਅੰਗਰੇਜ਼ੀ ਸਾਮਰਾਜ ਦੀ ਸਖ਼ਤ ਆਲੋਚਨਾ ਕੀਤੀ ਅਤੇ ਕੋਮਾਗਾਟਾ

Digitized by Panjab Digital Library | www.panjabdigilib.org

ਮਾਰੂ ਜਹਾਜ਼ ਦੇ ਮੁਸਾਫ਼ਰਾਂ ਨਾਲ ਵਾਪਰੀ ਦੁਖਾਂਤਕ ਘਟਨਾ ਦਾ ਜ਼ਿਕਰ ਬੜੇ ਵਿਸਥਾਰ ਨਾਲ ਕੀਤਾ।

ਉਨ੍ਹਾਂ ਦੇ ਬਿਆਨਾਂ ਨੇ ਆਜ਼ਾਦੀ ਦੀ ਲਹਿਰ ਨੂੰ ਇਕ ਨਵਾਂ ਬਲ ਪ੍ਰਦਾਨ ਕੀਤਾ ਜਿਵੇਂ ਕਿ ਮਗਰੋਂ ਵਾਪਰਨ ਵਾਲੀਆਂ ਘਟਨਾਵਾਂ ਤੋਂ ਪਤਾ ਚਲਦਾ ਹੈ। ਕੁਝ ਮਹੀਨੇ ਪਹਿਲਾਂ ਇਥੇ ਹੀ 20 ਫਰਵਰੀ 1921 ਨੂੰ ਮਹੰਤ ਨਰਾਇਣ ਦਾਸ ਦੇ ਗੁੰਡਿਆਂ ਨੇ ਭਾਈ ਲਛਮਣ ਸਿੰਘ ਅਤੇ ਦਲੀਪ ਸਿੰਘ ਦੇ ਜਥੇ ਤੇ ਗੋਲੀਆਂ ਚਲਾ ਕੇ 130 ਤੋਂ ਵੱਧ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ ਸੀ। ਮਾਰਚ 11, 1921 ਨੂੰ The Times ਵਿਚ ਛਪੀ ਇਕ ਖ਼ਬਰ ਵਿਚ ਲਿਖਿਆ ਸੀ ਕਿ ਮਹਾਤਮਾ ਗਾਂਧੀ ਨੇ ਆਪਣੀ ਨਨਕਾਣਾ ਫੇਰੀ ਸਮੇਂ ਇਹ ਗੱਲ ਕਹੀ ਹੈ ਕਿ 'Everything points to a second edition of Dyerism, more barbarous and more fiendish than the barbarism at Jallianwala Bagh'. ਨਨਕਾਣਾ ਸਾਹਿਬ ਦੀ ਘਟਨਾ ਨੇ ਅਕਾਲੀ ਲਹਿਰ ਨੂੰ ਅਜੇਹਾ ਮੋੜ ਦਿੱਤਾ ਕਿ ਇਹ ਲਹਿਰ ਗੁਰਦੁਆਰਿਆਂ ਦੀ ਆਜ਼ਾਦੀ ਦੇ ਨਾਲ ਨਾਲ ਦੇਸ਼ ਦੀ ਆਜ਼ਾਦੀ ਦੀ ਲਹਿਰ ਬਣ ਗਈ। ਜਦੋਂ ਚਾਬੀਆਂ ਦੇ ਮੋਰਚੇ ਦੀ ਸਫ਼ਲਤਾ ਤੋਂ ਬਾਦ ਅੰਗਰੇਜ਼ ਅਧਿਕਾਰੀਆਂ ਨੇ ਅਕਾਲ ਤਖ਼ਤ ਸਾਹਿਬ ਤੇ ਸਜੇ ਦੀਵਾਨ ਵਿਚ ਬਾਬਾ ਖੜਕ ਸਿੰਘ ਨੂੰ ਤੋਸ਼ਾ ਖਾਨੇ ਦੀਆਂ ਚਾਬੀਆਂ ਲਿਆਕੇ ਭੇਂਟ ਕੀਤੀਆਂ ਤਾਂ ਮਹਾਤਮਾ ਗਾਂਧੀ ਨੇ ਬਾਬਾ ਖੜਕ ਸਿੰਘ ਨੂੰ ਤਾਰ ਰਾਹੀਂ ਵਧਾਈ ਦਿੰਦਿਆਂ ਲਿਖਿਆ ਸੀ, 'First Battle for India's freedom won, Congratulations'. ਸ਼ਾਂਤੀ ਦਾ ਦੂਤ ਕਹਾਉਣ ਵਾਲਾ ਮਹਾਤਮਾ ਗਾਂਧੀ ਗੁਰੂ ਕੇ ਬਾਗ਼ ਵਿਚ ਅਕਾਲੀਆਂ ਦੁਆਰਾ ਵਿਖਾਏ ਗਏ ਜ਼ਬਤ, ਸਹਿਨਸ਼ੀਲਤਾ ਅਤੇ ਸ਼ਾਂਤ ਮਈ ਅੰਦੋਲਨ ਤੋਂ ਬੇਹਦ ਪ੍ਰਭਾਵਿਤ ਹੋਇਆ ਸੀ। ਇਸ ਮੋਰਚੇ ਵਿਚ ਸ਼ਹੀਦ ਹੋਏ ਅਕਾਲੀਆਂ ਦੇ ਸਬੰਧ ਵਿਚ ਪਾਦਰੀ ਐਂਡਰੀਉਜ਼ ਨੇ ਲਿਖਿਆ ਸੀ ਕਿ ਮੈਂ ਇਥੇ ਇਕ ਨਹੀਂ ਅਨੇਕਾਂ ਈਸਾ ਮਸੀਹ ਸੂਲੀ ਤੇ ਚੜ੍ਹਦੇ ਅਤੇ ਸ਼ਹੀਦ ਹੁੰਦੇ ਵੇਖੇ ਹਨ। ਪੰਡਤ ਨਹਿਰੂ ਜੋ ਉਨ੍ਹਾਂ ਦਿਨਾਂ ਵਿਚ ਨਾਭਾ ਜੇਲ੍ਹ ਵਿਚ ਸਨ ਉਨ੍ਹਾਂ 23 ਨਵੰਬਰ 1923 ਦੇ ਆਪਣੇ ਮੂਲ-ਡਰਾਫਟ ਵਿਚ ਲਿਖਿਆ ਸੀ। I was in Jail when the Guru ka Bagh struggle was gallantly fought and won by the Sikhs. I marvelled at the courage and sacrifice of the Akalis and wished that I could be given an opportunity of showing my deep admiration of them by some form of service. That opportunity has now been given to me and I earnestly hope that I shall prove worthy of their high tradition and fine courage. Sat Sri Akal.

ਗੁਰਦੁਆਰਿਆਂ ਦੀ ਆਜ਼ਾਦੀ ਲਈ ਚਲਾਏ ਗਏ ਅੰਦੋਲਨ ਨੇ ਸ੍ਰ: ਭਗਤ ਸਿੰਘ ਦੇ ਜੀਵਨ ਨੂੰ ਵੀ ਬਹੁਤ ਪ੍ਰਭਾਵਿਤ ਕੀਤਾ ਸੀ। ਜਦੋਂ ਅਕਾਲੀ ਮੋਰਚਿਆਂ ਵਿਚ ਹਿੱਸਾ ਲੈਣ ਲਈ ਜਾ ਰਿਹਾ ਇਕ ਜਥਾ ਉਨ੍ਹਾਂ ਦੇ ਪਿੰਡ ਬੰਗਾ ਵਿਚੋਂ ਲੰਘਿਆ ਤਾਂ ਭਗਤ ਸਿੰਘ ਨੇ ਆਪਣੇ ਸਾਥੀਆਂ ਸਮੇਤ ਉਸ ਜਥੇ ਦਾ ਨਿੱਘਾ ਸੁਆਗਤ ਕੀਤਾ ਅਤੇ ਜਥੇ ਨੂੰ ਪਿੰਡ ਦੀਆਂ ਸੀਮਾਵਾਂ ਤਕ ਵਿਦਾ ਕਰਨ ਲਈ ਗਿਆ। ਅਕਾਲੀਆਂ ਦੁਆਰਾ ਸ਼ੁਰੂ ਕੀਤੀ ਗਈ ਇਸ ਜੱਦੋ-ਜਹਿਦ ਨੂੰ ਰਾਸ਼ਟਰੀ ਅੰਦੋਲਨ ਦਾ ਹੀ ਹਿੱਸਾ ਸਮਝਿਆ ਗਿਆ ਤੇ ਉਸ ਸਮੇਂ ਦੇ ਕਾਂਗਰਸੀ ਨੇਤਾਵਾਂ ਨੇ ਉਨ੍ਹਾਂ ਦੀ ਅੰਗਰੇਜ਼ਾਂ ਵਿਰੁੱਧ ਇਸ ਲੜਾਈ ਵਿਚ ਹਰ ਪ੍ਰਕਾਰ ਦੀ ਸਹਾਇਤਾ ਦੇਣ ਲਈ ਕਈ ਮਤੇ ਪਾਸ ਕੀਤੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੱਲ ਉਤੇ

Digitized by Panjab Digital Library | www.panjabdigilib.org

ਸਰਕਾਰ ਵਲੋਂ ਕੀਤੇ ਗਏ ਹਮਲਿਆਂ ਨੂੰ ਆਜ਼ਾਦੀ ਦੀ ਲਹਿਰ ਨੂੰ ਕੁਚਲਣ ਦਾ ਜਤਨ ਕਹਿੰਦਿਆਂ Congress described it as a direct challange to the right of free association of all Indians and a blow aimed at all movements for freedom. ਸਤਿਆਗ੍ਰਹਿ ਕਮੇਟੀ ਦੇ ਕਨਵੀਨਰ ਡਾ: ਕਿਚਲੂ ਨੇ ਅਕਾਲੀਆਂ ਨੂੰ ਰਾਸ਼ਟਰੀ ਅੰਦੋਲਨ ਦਾ ਇਕੋ ਇਕ ਜੀਊਂਦਾ ਤੇ ਗਤੀਸ਼ੀਲ ਅੰਗ ਕਹਿ ਕੇ ਉਨ੍ਹਾਂ ਦੇ ਰੋਲ ਦੀ ਸਲਾਹਣਾ ਕੀਤੀ, The Akalis were eulogized as the only living wing of the national movement and the strongest community in India because of the triumph of Satyagraha of which they had given full proof'. ਇਸੇ ਸਬੰਧ ਵਿਚ 'ਦੀ ਅਕਾਲੀ' ਤੇ 'ਪ੍ਰਦੇਸੀ' ਦੇ ਹਵਾਲੇ ਨਾਲ 'Akali Movement' ਵਿਚ ਡਾ: ਮਹਿੰਦਰ ਸਿੰਘ ਲਿਖਦੇ ਹਨ : The Akalis have shown to the Indians how a most arrogant, oppressive, cunning and deceitful bureaucracy can be brought to its knees by means of non-violent Satyagraha. By sacrifices at Guru Ka Bagh, they have destroyed the prestige of the bureaucracy and raised the dignity of India.'

ਜਦੋਂ 30 ਜਨਵਰੀ 1928 ਨੂੰ ਅੰਮ੍ਰਿਤਸਰ ਵਿਚ ਹੋਈ All Parties Sikh Conference ਵਿਚ ਸਾਈਮਨ ਕਮਿਸ਼ਨ ਦਾ ਬਾਈਕਾਟ ਕਰਨ ਦਾ ਫ਼ੈਸਲਾ ਲਿਆ ਗਿਆ ਤਾਂ ਬਾਬਾ ਖੜਕ ਸਿੰਘ ਕਾਂਗਰਸ ਪਾਰਟੀ ਦੀਆਂ ਜਿੰਮੇਵਾਰੀਆਂ ਦੇ ਨਾਲ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵੀ ਪ੍ਰਧਾਨ ਸਨ।

ਮਈ 1930 ਵਿਚ ਮਹਾਤਮਾ ਗਾਂਧੀ ਦੀ ਗ੍ਰਿਫ਼ਤਾਰੀ ਅਤੇ ਸਿਵਲ ਨਾ ਫੁਰਮਾਨੀ ਦੇ ਹਕ ਵਿਚ ਦੇਸ਼ ਵਿਆਪੀ ਹੜਤਾਲ ਰਖੀ ਗਈ। ਦਿੱਲੀ ਵਿਚ ਇਸ ਹੜਤਾਲ ਦਾ ਮੁੱਖ ਕੇਂਦਰ ਚਾਂਦਨੀ ਚੌਂਕ ਸੀ। ਹੜਤਾਲ ਨੂੰ ਵਿਫ਼ਲ ਬਣਾਉਣ ਲਈ ਪੁਲਿਸ ਨੇ ਪਹਿਲਾਂ ਲੋਕਾਂ ਤੇ ਲਾਠੀ ਚਾਰਜ ਤੇ ਫ਼ਿਰ ਫ਼ਾਇਰੰਗ ਸ਼ੁਰੂ ਕਰ ਦਿੱਤੀ। ਬਹੁਤ ਸਾਰੇ ਲੋਕ ਆਪਣੀ ਜਾਨ ਬਚਾਉਣ ਲਈ ਗੁਰਦੁਆਰਾ ਸੀਸ ਗੰਜ ਸਾਹਿਬ ਦੇ ਅੰਦਰ ਚਲੇ ਗਏ। 6 ਮਈ 1930 ਨੂੰ ਗੁਰਦੁਆਰਾ ਸੀਸ ਗੰਜ ਉਪਰ ਪੁਲਿਸ ਵਲੋਂ ਕੀਤੀ ਗਈ ਫ਼ਾਇਰਿੰਗ ਅਤੇ ਪੱਥਰ ਸੁਟਣ ਦੀ ਘਟਨਾ ਨਾਲ ਜਿੱਥੇ ਬਹੁਤ ਸਾਰੇ ਲੋਕ ਜ਼ਖਮੀ ਹੋ ਗਏ ਉਥੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਵੀ ਕਾਫ਼ੀ ਨੁਕਸਾਨ ਪਹੁੰਚਿਆ। ਡਾ: ਮਹਿੰਦਰ ਸਿੰਘ ਆਪਣੇ ਇਕ ਲੇਖ 'History of Gurdwara Sis Ganj' ਵਿਚ ਲਿਖਦਾ ਹੈ ਕਿ The action of local police greatly agitated the Sikh masses in particular and the nationalist forces in general'. ਇਸਤੋਂ ਪਹਿਲਾਂ ਗੁਰਦੁਆਰਾ ਰਕਾਬ ਗੰਜ ਸਾਹਿਬ ਦੀ ਕੰਧ ਢਾਹੇ ਜਾਣ ਦੀ ਘਟਨਾ ਨੇ ਵੀ ਸਿੱਖਾਂ ਨੂੰ ਗੁਰਦੁਆਰਾ ਸੁਧਾਰ ਲਹਿਰ ਦੇ ਨਾਲ ਨਾਲ ਰਾਸ਼ਟਰੀ ਅੰਦੋਲਨ ਦੀ ਮੁੱਖ ਧਾਰਾ ਨਾਲ ਜੋੜ ਦਿੱਤਾ ਸੀ। ਹੁਣ ਸੀਸ ਗੰਜ ਸਾਹਿਬ ਦੀ ਘਟਨਾ ਤੋਂ ਬਾਦ 26 ਫਰਵਰੀ 1931 ਨੂੰ ਮਹਾਤਮਾ ਗਾਂਧੀ ਗੁਰਦੁਆਰਾ ਸੀਸ ਗੰਜ ਸਾਹਿਬ ਆਏ ਅਤੇ ਪੁਲਿਸ ਦੁਅਰਾ ਕੀਤੀ ਗਈ ਇਸ ਕਾਰਵਾਈ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ। ਉਨ੍ਹਾਂ ਨੂੰ ਕੁਝ ਚਿਰ ਪਹਿਲਾਂ ਹੀ ਗਾਂਧੀ ਇਰਵਨ ਸਮਝੌਤੇ ਦੇ ਤਹਿਤ ਰਿਹਾ ਕੀਤਾ ਗਿਆ ਸੀ। ਸੀਸ ਗੰਜ ਵਿਚ ਬੋਲਦਿਆਂ ਉਨ੍ਹਾਂ ਨੇ ਇਹ ਵੀ ਕਿਹਾ ਕਿ ਸਿੱਖਾਂ ਨੂੰ

Digitized by Panjab Digital Library | www.panjabdigilib.org

ਕਾਂਗਰਸ ਨਾਲ ਮਿਲ ਕੇ ਕੰਮ ਕਰਨਾ ਚਾਹੀਦਾ ਹੈ ਤੇ ਉਨ੍ਹਾਂ ਨੂੰ ਕਾਂਗਰਸ ਤੋਂ ਕਿਸੇ ਵੀ ਤਰ੍ਹਾਂ (ਦਾ ਤੌਖਲਾ ਰਖਣ) ਅਤੇ ਡਰਨ ਦੀ ਲੋੜ ਨਹੀਂ।

ਜਦੋਂ ਦੇਸ਼ ਵਿਚ ਇਹ ਗਤੀਵਿਧੀਆਂ ਚਲ ਰਹੀਆਂ ਸਨ ਤਾਂ ਪੰਜਾਬ ਅਤੇ ਪੰਜਾਬੀ ਦੇ ਪ੍ਰਸਿੱਧ ਸ਼ਾਇਰ ਦੀਵਾਨ ਸਿੰਘ ਕਾਲੇ ਪਾਣੀ ਨੂੰ ਜੋ ਕਿ ਭਾਰਤੀ ਸੈਨਾ ਵਿਚ ਮੈਡੀਕਲ ਅਫ਼ਸਰ ਸੀ ਨੂੰ ਅੰਡੇਮਾਨ (ਕਾਲੇਪਾਣੀ) ਦੇ ਟਾਪੂਆਂ ਤੇ ਭੇਜ ਦਿੱਤਾ ਗਿਆ। ਉਥੇ ਭੇਜਣ ਦਾ ਵੱਡਾ ਕਾਰਨ ਉਸਦੇ ਰਾਸ਼ਟਰਵਾਦੀ ਵਿਚਾਰ ਸਨ। ਸਰਕਾਰੀ ਨੌਕਰੀ ਵਿਚ ਹੁੰਦਿਆਂ ਹੋਇਆਂ ਵੀ ਉਸਦੀ ਹਮਦਰਦੀ ਹਮੇਸ਼ਾ ਉਨ੍ਹਾਂ ਨਾਲ ਸੀ ਜੋ ਦੇਸ਼ ਦੀ ਆਜ਼ਾਦੀ ਲਈ ਜੂਝ ਰਹੇ ਸਨ। ਦੀਵਾਨ ਸਿੰਘ ਨੇ ਇਸ ਸਜ਼ਾ ਨੂੰ ਸਜ਼ਾ ਨਾ ਮੰਨ ਕੇ ਉਥੋਂ ਦੇ ਲੋਕਾਂ ਦੀ ਭਲਾਈ ਅਤੇ ਰਾਸ਼ਟਰਵਾਦੀ ਵਿਚਾਰਾਂ ਦੇ ਪ੍ਰਚਾਰ ਨੂੰ ਆਪਣੇ ਜੀਵਨ ਦਾ ਮਨੋਰਥ ਬਣਾ ਲਿਆ। ਉਸਨੂੰ ਅਪ੍ਰੈਲ 1927 ਵਿਚ ਪੋਰਟ ਬਲੇਅਰ ਭੇਜਿਆ ਗਿਆ ਸੀ। ਉਸਨੇ ਉਥੇ ਪਹੁੰਚ ਕੇ ਆਪਣੀਆਂ ਸਰਕਾਰੀ ਸੇਵਾਵਾਂ ਦੇ ਨਾਲ ਨਾਲ ਉਨ੍ਹਾਂ ਲੋਕਾਂ ਵਿਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਜੋ ਅਨਪੜ੍ਹ, ਗਰੀਬ ਅਤੇ ਸਮਾਜਕ ਤੌਰ ਤੇ ਪਛੜੇ ਹੋਏ ਸਨ। 1 ਅਗਸਤ 1937 ਵਿਚ ਉਸਨੇ ਪੋਰਟ ਬਲੇਅਰ ਵਿਚ ਪਹਿਲੇ ਸਿੱਖ ਗੁਰਦੁਆਰੇ ਦੀ ਸਥਾਪਨਾ ਕੀਤੀ ਜੋ ਕੁਝ ਹੀ ਸਮੇਂ ਵਿਚ ਲੋਕਾਂ ਵਿਚ ਸਮਾਜਕ, ਸਭਿਆਚਾਰਕ ਅਤੇ ਵਿਦਿਅਕ ਕ੍ਰਾਂਤੀ ਲਿਆਉਣ ਦਾ ਮਾਧਿਅਮ ਬਣ ਗਿਆ। ਇਸ ਗੁਰਦੁਆਰੇ ਨੂੰ ਚਲਾਉਣ ਵਾਲੀ ਕਮੇਟੀ ਵਿਚ 12 ਸਿੱਖ, 10 ਹਿੰਦੂ, 2 ਮੁਸਲਮਾਨ ਅਤੇ ਇਕ ਇਸਾਈ ਧਰਮ ਨਾਲ ਸਬੰਧ ਰਖਣ ਵਾਲੇ ਵਿਯਕਤੀ ਸ਼ਾਮਲ ਕੀਤੇ ਗਏ। ਪਿਛੋਂ ਇਸ ਗੁਰਦੁਆਰੇ ਦੀ ਸੰਚਾਲਨ ਕਮੇਟੀ ਦੀ ਸੰਖਿਆ ਵਧਾ ਕੇ 45 ਕਰ ਦਿੱਤੀ ਗਈ। A Titan in the Andamans ਵਿਚ ਐਮ.ਐਸ.ਢਿਲੋਂ ਲਿਖਦੇ ਹਨ ਕਿ It was a unique example in the world where individuals professing different faiths were together governing a relgious institution belonging to one community. ਅਗੇ ਚਲ ਕੇ ਇਹੀ ਲੇਖਕ ਲਿਖਦਾ ਹੈ ਕਿ the new Gurdwara at Aberdeen became the meeting ground of the Indian people of all cultures, speaking different languages, professing different faiths and with different hertiage participated in large numbers on all festive occasions - religious, cultural, educational and national. ਇਸੇ ਕਿਸਮ ਦੇ ਵਿਚਾਰ The Heroes of Cellular Jail ਵਿਚ S.N. Aggarwal ਨੇ ਵਿਯਕਤ ਕੀਤੇ ਹਨ। ਇਹ ਗੁਰਦੁਆਰਾ ਲੋਕਾਂ ਵਿਚ ਰਾਸ਼ਟਰੀ ਚੇਤਨਾ ਜਾਗ੍ਰਿਤ ਕਰਨ ਵਿਚ ਬੜਾ ਸਹਾਈ ਹੋਇਆ। The Gurdwara besides being a place of worship also became instrumental for bringing about a social, cultural and educational revolution in the lives of local people.

ਇਸ ਗੁਰਦੁਆਰੇ ਵਿਚ ਲੋਕ ਬਿਨਾਂ ਕਿਸੇ ਜਾਤਿ, ਜਨਮ, ਅਤੇ ਧਾਰਮਿਕ ਵਿਤਕਰੇ ਦੇ ਇਕ ਥਾਂ ਤੇ ਆਕੇ ਜੁੜਦੇ ਅਤੇ ਆਪਣੇ ਦਿਨ ਤਿਉਹਾਰ ਬੜੇ ਉਤਸਾਹ ਨਾਲ ਮਨਾਉਂਦੇ ਸਨ। ਉਨ੍ਹਾਂ ਵਿਚ ਆ ਰਹੀ ਵਿਦਿਅਕ ਜਾਗ੍ਰਿਤੀ ਨੇ ਉਨ੍ਹਾਂ ਨੂੰ ਦੇਸ਼ ਦੀ ਮੁੱਖ ਧਾਰਾ ਨਾਲ ਜੋੜ ਦਿੱਤਾ। ਦੂਜੀ ਵਿਸ਼ਵ ਜੰਗ ਦੇ ਸਮੇਂ ਜਦੋਂ ਜਾਪਾਨੀਆਂ ਨੇ 1942 ਦੇ ਅਖ਼ੀਰ ਵਿਚ ਅੰਡੇਮਾਨ

Digitized by Panjab Digital Library | www.panjabdigilib.org

ਟਾਪੂਆਂ ਤੇ ਆਪਣਾ ਕਬਜ਼ਾ ਕੀਤਾ ਤਾਂ ਦੀਵਾਨ ਸਿੰਘ ਕਾਲੇਪਾਣੀ ਨੂੰ ਪਕੜ ਲਿਆ ਗਿਆ। ਸਾਰੀ ਉਮਰ ਆਪਣੇ ਹੀ ਢੰਗ ਨਾਲ ਬ੍ਰਿਟਿਸ਼ ਸਾਮਰਾਜ ਦਾ ਵਿਰੋਧ ਕਰਨ ਵਾਲੇ ਦੀਵਾਨ ਸਿੰਘ ਉਪਰ ਅੰਗਰੇਜ਼ਾਂ ਦਾ ਜਾਸੂਸ ਹੋਣ ਦਾ ਇਲਜ਼ਾਮ ਲਗਾ ਕੇ 14 ਜਨਵਰੀ 1944 ਨੂੰ ਉਸਨੂੰ ਬੜੀ ਬੇਰਹਿਮੀ ਨਾਲ ਸ਼ਹੀਦ ਕਰ ਦਿੱਤਾ ਗਿਆ। ਇਸੇ ਤਰ੍ਹਾਂ ਪੰਜਾਬ ਦਾ ਇਕ ਹੋਰ ਕੌਮੀ ਸ਼ਹੀਦ ਸ੍ਰ: ਊਧਮ ਸਿੰਘ ਲੰਡਨ ਦੇ ਸ਼ੈਫ਼ਰਡਜ਼ ਬੁਸ਼, ਸਿਨਕਲੇਅਰ ਰੋਡ ਵਾਲੇ ਗੁਰਦੁਆਰੇ ਵਿਚ ਅਕਸਰ ਜਾਇਆ ਕਰਦਾ ਸੀ ਜਿੱਥੇ ਉਹ ਕਈ ਵਾਰ ਜੁਸ਼ੀਲੀਆਂ ਤਕਰੀਰਾਂ ਵੀ ਕਰਦਾ ਸੀ। ਇੱਥੇ ਕਥਾ ਕੀਰਤਨ ਦੇ ਨਾਲ ਨਾਲ ਦੇਸ਼ ਦੇ ਰਾਜਸੀ ਹਾਲਾਤ ਬਾਰੇ ਵੀ ਚਰਚਾ ਹੁੰਦੀ ਸੀ। ਊਧਮ ਸਿੰਘ ਇਨ੍ਹਾਂ ਇਕਤ੍ਰਤਾਵਾਂ ਵਿਚ ਬੜੀ ਦਿਲਚਸਪੀ ਲਿਆ ਕਰਦਾ ਸੀ। ਉਸਨੂੰ ਸਰ ਮਾਈਕਲ-ਓਡਵਾਇਰ ਦੇ ਕਤਲ ਦੇ ਦੋਸ਼ ਵਿਚ 31 ਜੁਲਾਈ ਸੰਨ 1940 ਨੂੰ ਪੈਨਟਨਵੀਲ ਜੇਲ੍ਹ (ਲੰਡਨ) ਵਿਚ ਫ਼ਾਂਸੀ ਦੇ ਦਿੱਤੀ ਗਈ ਸੀ।

ਦੂਜੀ ਵਿਸ਼ਵ ਜੰਗ ਤੋਂ ਬਾਦ ਦੇਸ਼ ਦੇ ਰਾਜਸੀ ਹਾਲਾਤ ਬੜੀ ਤੇਜ਼ੀ ਨਾਲ ਬਦਲ ਰਹੇ ਸਨ। ਮੁਸਲਿਮ ਲੀਗ ਦੁਆਰਾ ਅਪਣਾਈ ਗਈ ਫਿਰਕੂ ਨੀਤੀ ਅਤੇ ਮੁਹੰਮਦ ਅਲੀ ਜਿਨਾਹ ਦੀ ਜਿੱਦ ਕਾਰਨ ਦੇਸ਼ ਦਾ ਬਟਵਾਰਾ ਹੋਣਾ ਲਗਭਗ ਨਿਸ਼ਚਿਤ ਹੋ ਚੁਕਾ ਸੀ। 20 ਫਰਵਰੀ 1947 ਨੂੰ ਇੰਗਲੈਂਡ ਦੇ ਪ੍ਰਧਾਨ ਮੰਤਰੀ ਐਟਲੀ ਨੇ ਪਾਰਲੀਮੈਂਟ ਵਿਚ ਇਹ ਘੋਸ਼ਿਤ ਕਰ ਦਿੱਤਾ ਕਿ ਜੂਨ 1948 ਤੋਂ ਪਹਿਲਾਂ ਪਹਿਲਾਂ ਅੰਗਰੇਜ਼ ਹਿੰਦੁਸਤਾਨ ਨੂੰ ਛੱਡ ਕੇ ਚਲੇ ਜਾਣਗੇ। ਜਦੋਂ ਦੇਸ਼ ਦੀ ਆਜ਼ਾਦੀ ਦੀਆਂ ਤਿਆਰੀਆਂ ਹੋ ਰਹੀਆਂ ਸਨ ਤਾਂ ਪੱਛਮੀ ਪੰਜਾਬ ਅਤੇ ਪੂਰਬੀ ਬੰਗਾਲ ਵਿਚ ਫ਼ਿਰਕੂ ਫ਼ਸਾਦ (Communal riots) ਸ਼ੁਰੂ ਹੋ ਗਏ। ਲੋਕ ਇਕ ਦੂਜੇ ਦੇ ਲਹੂ ਦੇ ਪਿਆਸੇ ਹੋ ਗਏ। ਇਕ ਦੂਜੇ ਨੂੰ ਕਤਲ ਕਰਨ, ਅੱਗਾਂ ਲਗਾਣ, ਅਗਵਾ ਕਰਨ ਅਤੇ ਔਰਤਾਂ ਨੂੰ ਜਬਰਨ ਬੇਪਤ ਕਰਨ ਦੀਆਂ ਵਾਰਦਾਤਾਂ ਜੰਗਲ ਦੀ ਅੱਗ ਵਾਂਗ ਸਾਰੇ ਪੰਜਾਬ ਵਿਚ ਫ਼ੈਲ ਗਈਆਂ। ਮੰਦਿਰ, ਅਤੇ ਗੁਰਦੁਆਰੇ ਢਾਹੇ ਜਾਣ ਲਗ ਪਏ। ਕਾਫ਼ਲਿਆਂ ਦੇ ਕਾਫ਼ਲੇ, ਵਹਿਸ਼ੀ ਦਰਿੰਦਿਆਂ ਦੀਆਂ ਤਲਵਾਰਾਂ, ਛਵ੍ਹੀਆਂ, ਟੋਕੇ ਅਤੇ ਗੰਡਾਸਿਆਂ ਦੇ ਸ਼ਿਕਾਰ ਹੋ ਗਏ। ਖੂਹਾਂ ਅਤੇ ਦਰਿਆਵਾਂ ਦੇ ਪਾਣੀਆਂ ਵਿਚ ਜ਼ਹਿਰ ਘੋਲ ਦਿੱਤਾ ਗਿਆ। ਮਾਂਵਾਂ ਦੇ ਸਾਮ੍ਹਣੇ ਉਨ੍ਹਾਂ ਦੇ ਪੁੱਤ ਅਤੇ ਪੁੱਤਰਾਂ ਦੇ ਸਾਮ੍ਹਣੇ ਉਨ੍ਹਾਂ ਦੇ ਮਾਪਿਆਂ ਨੂੰ ਕੋਹ ਕੋਹ ਕੇ ਮਾਰ ਦਿੱਤਾ ਗਿਆ। ਇਹੋ ਜਹੇ ਹਾਲਾਤ ਵਿਚ ਵੰਡੇ ਜਾ ਰਹੇ ਦੇਸ਼ ਦੇ ਸ਼ਰਨਾਰਥੀਆਂ ਨੂੰ ਗੁਰਦੁਆਰਿਆਂ ਨੇ ਸ਼ਰਨ ਦਿੱਤੀ। ਮੁਸਲਿਮ ਲੀਗੀਆਂ ਦੇ ਹਮਲਿਆਂ ਦਾ ਡੱਟ ਕੇ ਮੁਕਾਬਲਾ ਕਰਨ ਅਤੇ ਇਜ਼ਤ ਨਾਲ ਲੜ ਮਰਨ ਦੀ ਪ੍ਰੇਰਨਾ ਦਿੱਤੀ। ਇਹੋ ਜਹੀਆਂ ਅਨੇਕ ਘਟਨਾਵਾਂ ਦਾ ਜ਼ਿਕਰ ਭੀਸ਼ਮ ਸਾਹਨੀ ਨੇ ਆਪਣੀ ਰਚਨਾ 'ਤਮਸ' ਅਤੇ ਸਮਸ਼ੇਰ ਸਿੰਘ ਅਸ਼ੋਕ ਨੇ 'ਮੁਸਲਿਮ ਲੀਗੀਆਂ ਦੇ ਅਤਿਆਚਾਰ' ਵਿਚ ਕੀਤਾ ਹੈ। ਇਹ ਸੁਤੰਤਰਤਾ ਸੰਗਰਾਮ ਦੇ ਦੁਖਾਂਤ ਦਾ ਆਖ਼ਰੀ ਪੰਨਾ ਸੀ। ਖੁਸ਼ਵੰਤ ਸਿੰਘ ਦੇ ਸ਼ਬਦਾਂ ਵਿਚ ਦੁਨੀਆਂ ਦੇ ਇਤਿਹਾਸ ਵਿਚ ਇਸਤੋਂ ਵਡੀ ਖੂਨ ਖ਼ਰਾਬੇ ਅਤੇ ਆਬਾਦੀ ਦੇ ਤਬਦਾਲੇ ਦੀ ਘਟਨਾ ਅਜ ਤਕ ਨਹੀਂ ਸੀ ਵਾਪਰੀ। (Never in the history of the world was there a bigger exchange of populations attended with so much blood shed." ਆਖਰ 15 ਅਗਸਤ 1947 ਨੂੰ ਦੇਸ਼ ਆਜ਼ਾਦ ਹੋ ਗਿਆ।

ਆਜ਼ਾਦੀ ਦੀ ਇਸ ਲੜਾਈ ਵਿਚ ਸਿੱਖ ਗੁਰਦੁਆਰਿਆਂ ਨੇ ਜੋ ਯੋਗਦਾਨ ਪਾਇਆ ਉਸ ਨੂੰ ਕਿਸੇ ਵੀ ਤਰਾਂ ਅਖੋਂ ਉਹਲੇ ਨਹੀਂ ਕੀਤਾ ਜਾ ਸਕਦਾ। ਇਸਦੇ ਨਾਲ ਹੀ ਨਾਲ ਇਕ

Digitized by Panjab Digital Library | www.panjabdigilib.org

ਹੋਰ ਤੱਥ ਜੋ ਸਾਨੂੰ ਚੇਤੇ ਰਖਣਾ ਚਾਹੀਦਾ ਹੈ ਉਹ ਇਹ ਹੈ ਕਿ The Sikhs made sacrifices wholly out of proportion to their demographic strength for India's fight for freedom. Their contribution to the number of persons sent to gallows, sentenced to transportaion for life, otherwise imprisoned and subjected to fines was, to say the least, overwhelming (Sangat Singh).

20 ਤੋਂ 26 ਜਨਵਰੀ 1987 ਨੂੰ ਪਟਿਆਲਾ ਵਿਖੇ ਮਨਾਏ ਗਏ Archives Week ਦੇ ਅਵਸਰ ਤੇ ਉਦੋਂ ਦੇ Director, Archives and Cultural Affairs, Punjab, ਡਾ: ਜਸਬੀਰ ਸਿੰਘ ਆਹਲੂਵਾਲੀਆ ਨੇ 'Punjab's Role in National Freedom Struggle' ਦੀ ਭੂਮਿਕਾ ਵਿਚ ਲਿਖਿਆ ਸੀ, 'With its galaxy of martyrs and heroes, Punjab has played historic role in the National Freedom Struggle. Its record is unique in terms of sufferings and sacrifices for the independence of India, as also for its unity and intergrity.



Gate view of the Cellular Jail.

Digitized by Panjab Digital Library | www.panjabdigilib.org

13, ਅਪ੍ਰੈਲ 1919 ਨੂੰ ਜਲ੍ਹਿਆਂ ਵਾਲੇ ਬਾਗ
ਵਿੱਚ ਹੋਏ ਕੌਮੀ ਅਪਮਾਨ ਦਾ ਲੰਡਨ ਜਾ ਕੇ
ਬਦਲਾ ਚੁਕਾਣ ਵਾਲਾ ਪੰਜਾਬੀ ਸਪੂਤ



ਸ੍ਰ. ਊਧਮ ਸਿੰਘ ਸੁਨਾਮ
ਉਰਫ
ਰਾਮ ਮੁਹੰਮਦ ਸਿੰਘ

Digitized by Panjab Digital Library | www.panjabdigilib.org

# BIBLIOGRAPHY
# ਪੁਸਤਕ ਆਧਾਰ ਸੂਚੀ

ਮੂਲ ਸਰੋਤ - **Original Sources.**

ਗ਼ਦਰ ਕਵਿਤਾ (1913-1917)

ਗ਼ਦਰ ਅਖ਼ਬਾਰ ਦੇ ਪੁਰਾਣੇ ਪਰਚੇ (ਅਮਰੀਕਾ ਅਤੇ ਕੈਨੇਡਾ ਦੀਆਂ ਲਾਇਬਰੇਰੀਆਂ ਵਿਚੋਂ)

Records on Freedom Movement (National Archives of India) New Delhi

Autobiographies, Speeches, Letters and Trial Proceedings of the Freedom Fighters.

**Secondary Sources**

Aggarwal, S.N., The Heroes of Cellular Jail, Punjabi University Patiala, 1995

Ahluwalia, M.L., Bhai Maharaj Singh, Punjabi University, Patiala, 1972.

Ahluwalia, M.L.; Land Marks in Sikh History (1699-1947), New Delhi, 1996.

Ahluwalia, M.L., The Punjab's Pioneer Freedom Fighters, Orient Longman, New Delhi, 1963.

Ahluwalia, M.M; Kukas, The freedom fighters of the Punjab, Allied Publishers, New Delhi, 1965

Alfred Draper, Amritsar (The Massacre that Ended the Raj), Macmillan, Delhi, 1981.

Bajwa, Fauja Singh, Kuka Movement, Moti Lal Banarsi Dass Delhi 1965.

Bakshi, S.R., Bhagat Singh, and His Ideology, Captial Publishers, New Delhi, 1981.

Bakshi, S.R., Bhagat Singh, Patriot and Martyr, Anmol Publications, New Delhi, 1990.

Bedi, Rana, Bammi, Indian Martyrs and Revolutionaries, All India Freedom Fighters Sainik Sangh, New Delhi, 1977.

Bhai Nahar Singh, Kirpal Singhl, Rebels against the British Rule (Guru Ram Singh and the Kuka Sikhs), Atlantic Publishers and Distributors, New Delhi, 1989.

Digitized by Panjab Digital Library | www.panjabdigilib.org

Bhargava, Moti Lal, Architects of Indian Freedom Struggle, Deep & Deep Publications, New Delhi, 1981.

Bhatia, H.S. and S. R. Bakshi, National Movement and the Sikhs, Deep and Deep Publications, New Delhi, 2000.

Bipin Chandra, India's Struggle for Indpendence, Penguin Books, New Delh, 1988.

Bipin Chandra, Tripathi and Barun De, Freedom Struggle, National Book Trust of India, 1993.

Birdwood, C.B., India's Freedom Struggle (Role of Muslims & the Sikhs) Discovery Publishing House, Delhi, 1988.

Bose, Arun Coomer, Indian Revolutionaries Abroad (1905-1922), Bharti Bhawan, Patna, 1971.

Buch, M.A., Rise and Growth of Indian Militant Nationalism, Baroda, India, 1940.

Chopra, P.N. (Chief Editor), India's Struggle for Freedom : Role of Associated Movements, Agam Parkashan, Delhi, 1985.

Chowdhary, Darshan Lal, Violence in the Freedom Movement of Punjab, B.R. Publishing Corp. Delhi, 1986.

Cristine Effenberg, The Political Status of the Sikhs during the Indian National Movement (1935-1947), Archives Publishers, New Delhi - 1989.

Darbara Singh, Ten Eminent Sikhs, Literature House, Amritsar, 1982.

Datta, V.N., Amritsar, Past and Present, The Municipal Committee, Amritsar, 1967..

Datta, V.N., Jallian Wala Bagh, Lyall Book Depot, Ludhiana, 1969.

Datta, V.N. Madan Lal Dhingra and the Revolutionary Movement, Vikas Publishing House, New Delhi, 1978.

Deol, G.S., The Role of the Ghadar Party in National Movement, Delhi, 1969.

Deol, G.S; Shaheed-i-Azam Sardar Bhagat Singh, Deep Prakashan, Ludhiana, 1978.

Dhillon, Mohinder Singh, A Titan in the Andamans - Diwan Singh

Digitized by Panjab Digital Library | www.panjabdigilib.org

Kalepani, Angad Publishers, Chandigarh, 1994.

Dilgeer, Harjinder Singh, The Sikh Reference Book, The Sikh Educational Trust Edmonton, Alberta, Canada, 1997.

Durlabh Singh, Formation and Growth of the I.N.A., Lahore, 1946.

Fauja Singh, Eminent Freedom Fighters of Punjab, Punjabi University, Patiala, 1972.

Fauja Singh (Chief Editor), Who's Who Punjab Freedom Fighters (Two Vols.) Punjabi University, Patiala, 1972.

Ganda Singh (ed.) History of Freedom Movement in the Punjab Vol. IV (Deportation of Lala Lajpat Rai and Sardar Ajit Singh), Patiala, 1978.

Ganda Singh (ed.), Seditious Literature in the Punjab, Punjabi University, Patiala, 1988.

Ganda Singh, Some Confidential Papers of the Akali Movement, S.G.P.C. Amritsar, 1965.

Ganda Singh (Ed.), The Singh Sabha and other Socio-Religious movements in the Punjab (1850-1925), Punjabi University, Patiala, 1997.

Ganda Singh, The Indian Mutiny of 1857 and the Sikhs, Gurdwara Parbandhak Committee, Delhi, 1969.

Ganguly, Anil B; Ghadar Revolution in America, Metropolitan, New Dehi, 1980.

Garewal, J.S., 'Kartar Singh Sarabha' in Dictionary of National Biography, Vol. IV, Calcutta, 1974.

Ghosh, S; Remebering our Revolutionaries, Marxist Study Forum, Hyderabad, 1994.

Giani, K.S., Independence Movement in East Asia, Singh Brothers, Anarkali, Lahore, 1947.

Gulati, K.C., The Akalis Past and Present, Asha Janak Publications, Delhi, 1974.

Gupta, Manmathnath, Bhagat Singh and His Times, Lipi Parkashan, Delhi, 1977.

Gupta, Manmathnath, History of the Indian Revolutionary Movement, Somaiya Publications, New Delhi, 1972.

Digitized by Panjab Digital Library / www.panjabdigilib.org

Gurdial Singh, Freedom Struggle of India and Sikhs in India, Sant Ishar Singh Rarewala Education Trust, Ludhiana, 1991.

Gurdit Singh, The Voyage of the Komagata Maru, Calcutta, n.d.

Gurmit Singh, Gandhi and Sikhs, Usha Institute of Religious Studies, Sirsa, 1969.

Harbans Singh, The Encyclopaedia of Sikhism (Four Vols.), Punjabi University, Patiala, 1992-1998.

Harbans Singh, The Heritage of the Sikhs, Manohar Publications, Delhi, 1983.

Ikram Ali, A History of the Punjab (1799-1947), Low Price Publications, Delhi, 1993.

Indu Banga (Ed.) Five Punjabi Centuries, Manohar, New Delhi, 1997.

Isamonger, F.C. and J.Slattery, An account of the Ghadar Conspiracy, n.d.

I. Talbot, Punjab and the Raj (1849-1947), Manohar, New Delhi, 1988.

Jaswinder Singh, Kuka Movement, Atlantic Publishers, New Delhi, 1985.

Jhonston Hugh, The Voyage of the Komagata Maru, Oxford University Press, Delhi, 1979.

Joginder Singh, The Sikh Resurgence, National Book Organisation, New Delhi, 1997.

Joseph T.O. Connell, M. Israel, W.G. Oxtoby, Sikh History and Religion in the Twentieth Century, Manohar Publications, Delhi, 1990.

Josh, Sohan Singh, Hindustan Ghadar Party, Peoples Publishing House, New Delhi, 1977.

Josh, Sohan Singh, Tragedy of Komagata Maru, Delhi, 1975.

Joshi, Vijaya Chandra, Lala Lajpat Rai, Writings and Speeches, University Publishers, Delhi, 1966.

Kehar Singh Bhai & Kirpal Singh (Ed.), Struggle for Free Hindustan, Vol. I, Delhi, 1986.

Ker, James Campbell, Political Trouble in India, Calcutta, 1917.

Kharak Singh (Ed.), Current Thought on Sikhism, Institute of Sikh Studies, Chandigarh, 1966.


Digitized by Panjab Digital Library | www.panjabdigilib.org

Khullar, K.K. Madan Lal Dhingra, Ministry of I&B Govt. of India, New Delhi, 1983.

Khullar, K.K., Road To Freedom, Oshan Publications, New Delhi, 1997.

Khullar, K.K., Shaheed Bhagat Singh, Hem Publications, New Delhi, 1981.

Khushwant Singh, A History of the Sikhs, (Two Vols.), Princeton, New Jersey, 1963-1991.

Khushwant Singh, Mewa Singh Shahid, 'The Sikh Review' August 1964.

Khushwant Singh and Satindra Singh, Ghadaar 1915, R.K. Publishing House, New Delhi, 1966.

Kukas-The Freedom Fighters of the Punjab, Allied Publishers, New Delhi, 1965.

Lajpat Rai, Unhappy India, B. Publishing Co, 1928.

Manmohan Kaur, Role of Women in the Freedom Movement, (1857-1947), Sterling Publishers, Delhi-1968.

Mathur, J.P., Indian Revolutinary movement in the United States of America, Delhi, 1970.

Mittal, S.C. Freedom movement in Punjab (1905-29), Concept Publishing Co. Delhi, 1977.

Mohan, Kamlesh, Militant Nationalism in the Punjab, 1919-1935, Delhi-1985.

Mohan Singh, Gen., Soldier's Contribution to Indian Independence, Delhi-1974.

Mohinder Singh, The Akali Struggle, a Retorspect, Atlantic Publishers, New Delhi, n.d.

Mohinder Singh, History of Gurdwara Sis Ganj, 'Guru Tegh Bahadur' (ed. by G.S. Talib), Punjabi University, Patiala, 1976.

Mohinder Singh, The Akali Movement, The Macmillan Co., Delhi, 1978.

Mohinder Singh, Baba Kahark Singh, Sehgal Book Distributors, New Delhi, 1993.

Digitized by Panjab Digital Library | www.panjabdigilib.org

Mookerji, Radha Kumud (Chief editor), Baba Kharak Singh Abhinandan Granth, New Delhi, 1953.

Nagendra Kumar, Indian National Movement, Janki Prakashan, Patna, 1979.

Nahar Singh, Kirpal Singh (Ed.), Struggle for Free Hindustan, Atlantic Publishers, New Delhi, 1986.

Nayar Kuldip, The Martyr-Bhagat Singh, Experiments in Revolution, Har Anand Publications, New Delhi, 2000

Nijjar, B.S. History of the Babbar Akalis, Jalandhar, 1987.

Nijjar, B.S. Punjab Under the British Rule (1847-1947).

Param Bakhshish Singh and Devider Kumar Verma (Ed.), Punjab and the Freedom Struggle, Punjabi University, Patiala, 1998.

Pardaman Singh & J.S. Dhanki (ed.), Buried Alive (Speeches & Writings of Ajit Singh), Gitanjali Publishing House, New Delhi, 1984

Pradhan, G.P; India's Freedom Struggle, Popular Prakashan, Bombay, 1990.

Puri, Harish K., Ghadar Movement, Guru Nanak Dev University, Amritsar, 1993.

Rai, Satya M., Punjabi Heroic Tradition (1907-1947), Punjabi University, Patiala, 1978.

Saggar Balraj, Who's Who in The History of Punjab (1800-1849), National Book Organisation, New Delhi-1993.

Sahgal Nayantara, Freedom Movement in India, National Council of Educational Research & Training, New Delhi, 1970.

Sahni Bhisham, Jallian Wala Bagh, National Book Trust, India, 1997.

Sahni, Ruchi Ram, Struggle for Reform in Sikh Shrines, Amritsar, n.d.

Sangat Singh, The Sikhs in History, Uncommon Books, New Delhi-1996.

Sen, S.P., Dictionary of National Biography, Calcutta, 1973.

Sikander Singh, Udham Singh, Chattar Singh Jiwan Singh, Amrtisar, 1998.

Swinson, Arthur, Six Minutes to Sunset, Peter Davies, London, 1964.

Talbot, IAN, Punjab and the Raj (1849-1947), Manohar, New

Digitized by Panjab Digital Library | www.panjabdigilib.org

Delhi-1988.

The Director, I.B. Home Department, Govt. of India, The Ghadar Directory, Punjabi University, Patiala, 1997.

Tuteja, K.L., Sikh Politics, Kurukshetra, 1984.

Vasanta Madhava, History of the Freedom Movement in India, Navrang, New Delhi - 1995.

ਪੰਜਾਬੀ ਪੁਸਤਕਾਂ :

ਅਸ਼ੋਕ, ਸ਼ਮਸ਼ੇਰ ਸਿੰਘ, ਪੰਜਾਬ ਦੀਆਂ ਲਹਿਰਾਂ, ਅਸ਼ੋਕ ਪੁਸਤਕਮਾਲਾ, ਪਟਿਆਲਾ, 1974.

ਅਗਰਵਾਲ, ਬੀ. ਆਰ; ਆਜ਼ਾਦੀ ਦੇ ਮੁਕੱਦਮੇ (ਅਨੁਵਾਦਕ ਡਾ: ਨਰੇਸ਼), ਨੈਸ਼ਨਲ ਬੁਕ ਟ੍ਰਸਟ, ਨਵੀਂ ਦਿੱਲੀ, 1996.

ਅਨਜਾਣ, ਤਾਰਾ ਸਿੰਘ, ਸਭਹਨ ਕੇ ਸਿਰਮੌਰ (ਜੀਵਨੀ ਬਾਬਾ ਰਾਮ ਸਿੰਘ), ਨਾਮਧਾਰੀ ਦਰਬਾਰ, ਲੁਧਿਆਣਾ, 1986.

ਅਰੋੜਾ, ਏ.ਸੀ; ਪੰਜਾਬੀ ਦੀਆਂ ਲੋਕ ਲਹਿਰਾਂ (1849-1947), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996.

ਆਹਲੂਵਾਲੀਆ, ਐਮ. ਐਲ., ਕਿਰਪਾਲ ਸਿੰਘ, ਪੰਜਾਬ ਦੇ ਮੋਢੀ ਸੁਤੰਤਰਤਾ ਸੰਗਰਾਮੀਏ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1966.

ਆਜ਼ਾਦ, ਅਵਤਾਰ ਸਿੰਘ, ਸ਼ਹੀਦ ਭਗਤ ਸਿੰਘ, ਹਿੰਦ ਪਬਲਿਸ਼ਰਜ਼, ਅੰਮ੍ਰਿਤਸਰ, 1953.

ਸੰਗਤ ਸਿੰਘ, ਇਤਿਹਾਸ ਵਿਚ ਸਿੱਖ, ਵਿਸ਼ੇਸ਼ ਪੁਸਤਕਾਂ, ਨਵੀਂ ਦਿੱਲੀ, 1999.

ਸਤਨਾਮ ਸਿੰਘ, ਸਿੱਖ ਧਰਮ ਦੀ ਇਤਿਹਾਸਕ ਡਾਇਰੈਕਟਰੀ, (1469-1997), ਗੁਰਮਤਿ ਲਿਟਰੇਚਰ ਪ੍ਰਚਾਰ ਕੇਂਦਰ, ਅੰਮ੍ਰਿਤਸਰ।

ਸੰਧੂ, ਵਿਰਿੰਦਰ, ਯੁੱਗ ਪੁਰਸ਼, ਭਗਤ ਸਿੰਘ ਤੇ ਉਨ੍ਹਾਂ ਦਾ ਯੁੱਗ, ਭਾਸ਼ਾ ਵਿਭਾਗ, ਪਟਿਆਲਾ, 1975.

ਸਵਰਨ ਸਿੰਘ, ਆਜ਼ਾਦੀ ਦੇ ਸੁੱਚੇ ਵਣਜਾਰੇ, ਵੈਲਵਿਸ਼ ਪਬਲਿਸ਼ਰਜ਼, ਦਿੱਲੀ, 1998.

ਸਵਰਨ ਸਿੰਘ, ਸਰਦਾਰ ਭਗਤ ਸਿੰਘ, ਵੈਲਵਿਸ਼ ਪਬਲਿਸ਼ਰਜ਼, ਦਿੱਲੀ, 1998.

ਸੁਜਾਨ ਸਿੰਘ, ਧਰਤੀ ਦੇ ਲਾਲ, ਪੰਜਾਬੀ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, ਚੰਡੀਗੜ੍ਹ, 1965.

ਸੁਦਰਸ਼ਨ ਸਿੰਘ (ਡਾ:), ਪੰਜਾਬ ਦਾ ਇਤਿਹਾਸ (1849-1947), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1991.

Digitized by Panjab Digital Library | www.panjabdigilib.org

ਸੂਬਾ ਸਿੰਘ, ਦੀਵਾਨ ਸਿੰਘ ਕਾਲੇਪਾਣੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986.

ਸੈਂਸਰਾ, ਗੁਰਚਰਨ ਸਿੰਘ, ਗ਼ਦਰ ਪਾਰਟੀ ਦਾ ਇਤਿਹਾਸ, ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ, 1969.

ਸੈਨੀ, ਪ੍ਰੀਤਮ, ਸ਼ਹੀਦ ਮਦਨ ਲਾਲ ਢੀਂਗਰਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986.

ਸੁੰਦਰ ਸਿੰਘ, ਬੱਬਰ ਅਕਾਲੀ ਲਹਿਰ, ਅੰਮ੍ਰਿਤਸਰ, 1970.

ਹਉਰਾ, ਕੁਲਦੀਪ ਸਿੰਘ, ਜੁਝਾਰੂ ਸੂਰਮੇ, ਨਿਊਏਜ ਬੁਕ ਸੈਂਟਰ, ਅੰਮ੍ਰਿਤਸਰ, n.d.

ਕਪੂਰ ਸਿੰਘ (ਸਿਰਦਾਰ), ਸਪਤ ਸ਼੍ਰਿੰਗ, ਹਿੰਦ ਪਬਲਿਸ਼ਰਜ਼, 1958.

ਕਾਨ੍ਹ ਸਿੰਘ, ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1960.

ਕਿਚਲੂ ਤੌਫ਼ੀਕ, ਸੈਫੁਦੀਨ ਕਿਚਲੂ, (ਅਨੁ: ਰਾਜਿੰਦਰ ਸਿੰਘ), ਨੈਸ਼ਨਲ ਬੁਕ ਟ੍ਰਸਟ, ਇੰਡੀਆ, 1992.

ਕਿਰਪਾਲ ਸਿੰਘ, ਪੰਜਾਬ ਦਾ ਬਟਵਾਰਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1972.

ਕੇਸਰ ਸਿੰਘ, ਸ਼ਹੀਦ ਊਧਮ ਸਿੰਘ, ਨੈਸ਼ਨਲ ਪ੍ਰੈਸ ਆਫ ਇੰਡੀਆ, ਦਿੱਲੀ, 1973.

ਕੇਸਰ ਸਿੰਘ, ਗ਼ਦਰ ਲਹਿਰ ਦੀ ਕਵਿਤਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995.

ਖੋਸਲਾ, ਐਮ. ਐਲ., ਲਾਲਾ ਲਾਜਪਤ ਰਾਏ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969.

ਗੰਡਾ ਸਿੰਘ (ਸੰਪਾਦਕ), ਕੂਕਿਆਂ ਦੀ ਵਿੱਥਿਆ, ਅੰਮ੍ਰਿਤਸਰ, 1946.

ਗੰਡਾ ਸਿੰਘ (ਸੰਪਾਦਕ), ਪੰਜਾਬ (ਭਾਈ ਜੋਧ ਸਿੰਘ ਅਭਿਨੰਦਨ ਗ੍ਰੰਥ), ਖ਼ਾਲਸਾ ਕਾਲਜ, ਪਟਿਆਲਾ, 1962.

ਗਰੇਵਾਲ, ਜੇ. ਐਸ. ਅਤੇ ਪੁਰੀ ਕੇ. ਐਚ., ਊਧਮ ਸਿੰਘ ਦੀਆਂ ਚਿੱਠੀਆਂ (ਅਨੁਵਾਦਕ, ਐਸ. ਐਸ. ਹਾਂਸ), ਗੁਰੂ ਨਾਨਕ ਯੂਨੀਵਰਸਿਟੀ, ਅੰਮ੍ਰਿਤਸਰ, 1974.

ਗਾਂਧੀ, ਸੁਰਜੀਤ ਸਿੰਘ, ਸੁਤੰਤਰਤਾ ਸੰਗਰਾਮੀ ਭਾਈ ਕਿਸ਼ਨ ਸਿੰਘ ਜੀ ਗੜਗੱਜ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995.

ਗਿਆਨੀ, ਨਾਹਰ ਸਿੰਘ, ਆਜ਼ਾਦੀ ਦੀਆਂ ਲਹਿਰਾਂ, ਲੁਧਿਆਣਾ, 1960.

ਗਿਆਨੀ, ਨਾਹਰ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਬਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1967.

ਗਿਆਨੀ, ਪ੍ਰਤਾਪ ਸਿੰਘ, ਗੁਰਦੁਆਰਾ ਸੁਧਾਰ, ਅਰਥਾਤ ਅਕਾਲੀ ਲਹਿਰ, ਅੰਮ੍ਰਿਤਸਰ, 1975.

ਗਿਆਨੀ, ਭਜਨ ਸਿੰਘ (ਡਾ:), ਆਜ਼ਾਦੀ ਸੰਗ੍ਰਾਮ ਤੇ ਪੰਜਾਬ ਦੇ ਸ਼ਹੀਦ, ਪੰਜਾਬੀ ਅਕਾਦਮੀ, ਦਿੱਲੀ, 1997.

Digitized by Panjab Digital Library | www.panjabdigilib.org

ਗਿਆਨੀ ਭਜਨ ਸਿੰਘ, ਸਾਡੇ ਸ਼ਹੀਦ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1991.

ਗਿਆਨੀ, ਲਾਲ ਸਿੰਘ, ਪੰਜਾਬ ਦੀ ਵੀਰ ਪਰੰਪਰਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1971.

ਗੁਰਚਰਨ ਸਿੰਘ (ਡਾ:), ਸ਼ਹੀਦ ਊਧਮ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995.

ਗੁਰਚਰਨ ਸਿੰਘ (ਡਾ:) ਕਰਤਾਰ ਸਿੰਘ ਸਰਾਬਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994.

ਗੁਰਚਰਨ ਸਿੰਘ, ਜਗਜੀਤ ਸਿੰਘ, ਪੰਜਾਬ ਦਾ ਇਤਿਹਾਸ, ਪੂਨਮ ਪ੍ਰਕਾਸ਼ਨ, ਫਿਲੌਰ, 1987.

ਗੁਰਦੇਵ ਸਿੰਘ ਗਿੱਲ, ਦੀਵਾਨ ਸਿੰਘ ਕਾਲੇ ਪਾਣੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994.

ਘੁੰਮਣ, ਬਿਕਰਮ ਸਿੰਘ, ਪੰਜਾਬ ਦੇ ਸੁਤੰਤਰਤਾ ਸੰਗਰਾਮੀਏ, ਵਾਰਿਸ ਸ਼ਾਹ, ਫਾਊਂਡੇਸ਼ਨ, ਅੰਮ੍ਰਿਤਸਰ, 1999.

ਜੱਸ, ਜਸਵੰਤ ਸਿੰਘ, ਬਾਬਾ ਸੋਹਣ ਸਿੰਘ ਭਕਨਾ, ਨਿਊ ਬੁਕ ਕੰਪਨੀ, ਜਲੰਧਰ, 1969.

ਜੱਸ, ਜਸਵੰਤ ਸਿੰਘ, ਬਾਬਾ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ, ਜਲੰਧਰ, 1970.

ਜੱਸ, ਜਸਵੰਤ ਸਿੰਘ, ਦੇਸ਼ ਭਗਤ ਬਾਬੇ, ਨਿਊਬੁਕ ਕੰਪਨੀ, ਜਲੰਧਰ, 1975.

ਜੱਸ, ਜਸਵੰਤ ਸਿੰਘ, ਬਾਬਾ ਰਾਮ ਸਿੰਘ ਨਾਮਧਾਰੀ, ਨਿਊਬੁਕ ਕੰਪਨੀ, ਜਲੰਧਰ, 1987.

ਜਗਜੀਤ ਸਿੰਘ, ਗ਼ਦਰ ਪਾਰਟੀ ਲਹਿਰ, ਤਰਨਤਾਰਨ, 1955.

ਜੀਵਨ ਬਾਬਾ ਗੁਰਦਿੱਤ ਸਿੰਘ, ਮੇਹਰ ਸਿੰਘ, ਸੁਰਿੰਦਰ ਸਿੰਘ, ਬਾਜਾਰ ਮਾਈ ਸੇਵਾ, ਅੰਮ੍ਰਿਤਸਰ, n.d.

ਜੋਸ਼, ਸੋਹਨ ਸਿੰਘ, ਅਕਾਲੀ ਮੋਰਚਿਆਂ ਦਾ ਇਤਿਹਾਸ, ਨਵਯੁੱਗ ਪਬਲਿਸ਼ਰਜ਼, ਦਿੱਲੀ, 1972.

ਜੋਸ਼, ਸੋਹਨ ਸਿੰਘ, ਕਾਮਾਗਾਟਾ ਮਾਰੂ ਦਾ ਦੁਖਾਂਤ, ਪੰਜਾਬ ਬੁਕ ਸੈਂਟਰ, ਚੰਡੀਗੜ੍ਹ, 1976.

ਜੋਸ਼, ਸੋਹਨ ਸਿੰਘ, ਭਗਤ ਸਿੰਘ ਨਾਲ ਮੇਰੀਆਂ ਮੁਲਾਕਾਤਾਂ ਅਤੇ ਚਾਰ ਹੋਰ ਮੁੱਢਲੇ ਇਨਕਲਾਬੀ, ਆਰਸੀ ਪਬਲਿਸ਼ਰਜ਼, ਦਿੱਲੀ, 1977.

ਜੋਗਿੰਦਰ ਸ਼ਮਸ਼ੇਰ, ਲੰਡਨ ਦੇ ਸ਼ਹੀਦ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1992.

ਜੌਹਰ, ਸੁਰਿੰਦਰ ਸਿੰਘ, ਲਾਲਾ ਲਾਜਪਤ ਰਾਏ (ਜੀਵਨੀ), ਯੂਨੀਟੀ ਪਬਲਿਸ਼ਰਜ਼, ਲੁਧਿਆਣਾ, 1965.

'ਤੇਗ਼', ਅਮਰ ਸਿੰਘ, ਫ਼ਰੰਗੀ ਦੀਆਂ ਜੇਲ੍ਹਾਂ ਵਿਚ ਦੇਸ਼ ਭਗਤ, ਵਿਸ਼ਵਕਰਮਾ ਫ਼ਾਊਂਡੇਸ਼ਨ ਇੰਟਰਨੈਸ਼ਨਲ (ਟਰਸੱਟ) ਲੁਧਿਆਣਾ, 1983.

Digitized by Panjab Digital Library | www.panjabdigilib.org

ਦਰਸ਼ਨ ਸਿੰਘ, ਸਿੱਖ ਅਤੇ ਆਜ਼ਾਦੀ ਦੀ ਲਹਿਰ, ਈਸਟਰਨ ਪੰਜਾਬ ਪਬਲਿਸ਼ਰਜ਼, ਨਵੀਂ ਦਿੱਲੀ, n.d.

ਦਰਦ, ਹੀਰਾ ਸਿੰਘ, ਬਾਬਾ ਗੁਰਦਿੱਤ ਸਿੰਘ ਦਾ ਜੀਵਨ, ਲਾਹੌਰ, 1923.

ਦਰਦ, ਹੀਰਾ ਸਿੰਘ, ਭਾਰਤ ਦੇ ਬੰਦੀ ਛੋੜ, ਨਿਊ ਬੁਕ ਕੰਪਨੀ, ਜਲੰਧਰ, 1961.

ਦਾਮੋਦਰ ਸਿੰਘ, ਪ੍ਰਦੇਸੀ ਗੁਰਦੁਆਰਿਆਂ ਦਾ ਇਤਿਹਾਸ, ਲੋਕ ਜੀਵਨ, ਨਵੀਂ ਦਿੱਲੀ, 1960.

ਦਿਉਲ, ਜੀ. ਐਸ; ਸ਼ਹੀਦ ਅਜੀਤ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1973.

ਦਿਉਲ, ਜੀ. ਐਸ (ਡਾ:), ਸ਼ਹੀਦ ਭਗਤ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1968.

ਦਿਉਲ, ਜੀ. ਐਸ. (ਡਾ:), ਗ਼ਦਰ ਪਾਰਟੀ ਅਤੇ ਭਾਰਤ ਦਾ ਕੌਮੀ ਅੰਦੋਲਨ, ਸਿੱਖ ਇਤਿਹਾਸ ਰੀਸਰਚ ਬੋਰਡ, ਸ੍ਰੀ ਅੰਮ੍ਰਿਤਸਰ, 1970.

ਦੀਵਾਨ ਸਿੰਘ ਕਾਲੇਪਾਣੀ, ਸਹਿਜ ਸੰਸਾਰ, ਸੁਮੀਤ ਪ੍ਰਕਾਸ਼ਨ, ਚੰਡੀਗੜ੍ਹ, 1985.

ਦੀਵਾਨ ਸਿੰਘ ਕਾਲੇਪਾਣੀ, ਵਗਦੇ ਪਾਣੀ (1938), ਅੰਤਿਮ ਲਹਿਰਾਂ (1964), ਸੁਮੀਤ ਪ੍ਰਕਾਸ਼ਨ, ਚੰਡੀਗੜ੍ਹ।

ਦੀਵਾਨ ਸਿੰਘ ਕਾਲੇਪਾਣੀ, ਮੇਰਾ ਜੀਵਨ, ਮੇਰਾ ਗੀਤ, ਸੁਮੀਤ ਪ੍ਰਕਾਸ਼ਨ, ਚੰਡੀਗੜ੍ਹ, 1983.

ਨਿੱਝਰ, ਬਖ਼ਸ਼ੀਸ਼ ਸਿੰਘ, ਬੱਬਰ ਅਕਾਲੀਆਂ ਦਾ ਇਤਿਹਾਸ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1991.

ਨਿੱਝਰ, ਐਮ. ਐਸ; ਬੱਬਰ ਅਕਾਲੀ ਲਹਿਰ ਦਾ ਇਤਿਹਾਸ, ਨਵਯੁੱਗ ਪਬਲਿਸ਼ਰਜ, ਦਿੱਲੀ, 1986.

ਬਿਪਨ ਚੰਦਰ, ਤ੍ਰਿਪਾਠੀ ਅਤੇ ਬਰੁਨ ਡੇ, ਸੁਤੰਤ੍ਰਤਾ ਸੰਗ੍ਰਾਮ (ਅਨੁਵਾਦਕ ਸੰਧੂ), ਨੈਸ਼ਨਲ ਬੁਕ ਟ੍ਰਸਟ, ਨਵੀਂ ਦਿੱਲੀ, 1972.

ਬਿਮਲਾ ਆਨੰਦ, ਮਾਸਟਰ ਤਾਰਾ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995.

ਮਖ਼ਸੂਸਪੁਰੀ, ਸੁੰਦਰ ਸਿੰਘ ਬੱਬਰ, ਇਤਿਹਾਸ ਬੱਬਰ ਅਕਾਲੀ ਲਹਿਰ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1961.

ਮਜੀਠਾ, ਰਾਮ ਸਿੰਘ, ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿਚ ਪੰਜਾਬ, (ਦੋ ਭਾਗ), ਪੰਜਾਬ ਸਟੇਟ ਫਰੀਡਮ ਫ਼ਾਈਟਰਜ਼ ਐਸੋਸੀਏਸ਼ਨ, ਮੋਗਾ, 1988.

ਮਾਨ ਸਿੰਘ, ਆਜ਼ਾਦੀ ਦੀ ਸ਼ਮਾ ਦੇ ਸਿੱਖ ਪ੍ਰਵਾਨੇ, ਆਲ ਇੰਡੀਆ ਸਿੱਖ ਕੌਂਸਲ, ਨਵੀਂ ਦਿੱਲੀ, 1973.

ਮੁਸਾਫ਼ਿਰ, ਗੁਰਮੁਖ ਸਿੰਘ, ਵੀਹਵੀਂ ਸਦੀ ਦੇ ਸ਼ਹੀਦ, ਪੰਜਾਬੀ ਯੂਨੀਵਰਸਿਟੀ, ਪਟਿਆਲਾ

Digitized by Panjab Digital Library | www.panjabdigilib.org

ਰਣਧੀਰ ਸਿੰਘ, ਜੇਲ੍ਹ ਚਿੱਠੀਆਂ, ਅੰਮ੍ਰਿਤਸਰ, 1938.

ਰਾਏ, ਸਤਿਆ ਐਮ, ਪੰਜਾਬੀ ਵੀਰ ਪਰੰਪਰਾ (1900-1947) ਅਨੁਵਾਦਕ ਡੀ. ਐਸ. ਉੱਪਲ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987.

ਰੂਪ ਸਿੰਘ (ਸੰਪਾਦਕ), ਪ੍ਰਮੁੱਖ ਸਿੱਖ ਸ਼ਖਸੀਅਤਾਂ, ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, 1996.

## हिन्दी

अमर कथा राम प्रसाद बिस्मिल, आत्मा राम एण्ड संस, दिल्ली, १६८८.

गुप्त, मन्मथनाथ, क्रान्तिकारी आन्दोलन का वैचारिक इतिहास, निधि प्रकाशन, दिल्ली।

जयव्रत चटर्जी, कहानी वीर सपूतों की, पाण्डुलिपि प्रकाशन, दिल्ली.

वर्मा, ईश्वर प्रसाद, अमर शहीद गणेश शंकर, साहित्य केन्द्र प्रकाशन, दिल्ली.

जयव्रत चटर्जी, कहानी वीर सपूतों की, पाण्डूलिपि प्रकाशन, दिल्ली.

वर्मा, ईश्वर प्रसाद, अमर शहीद गणेश शंकर, साहित्य केन्द्र प्रकाशन, दिल्ली.

वीरेन्द्र सिन्धु (ed.), मेरे क्रांतिकारी साथी (सः भगत सिंह), राजपाल एण्ड सन्ज़, दिल्ली, (n.d.)

वीरेन्द्र सिन्धु (ed.), सरदार भगत सिंह, पत्र और दस्तावेज़, राजपाल एण्ड सन्ज़, दिल्ली, १६७७.

शास्त्री देवव्रत, गणेशशंकर विद्यार्थी, आत्मा राम एण्ड संस, दिल्ली, १६८८.

श्री व्यथित हृदय, कर्मवीर शहीदों की गाथाएं, किताब घर, दिल्ली.

श्री व्यथित हृदय, स्वाधीनता संग्राम के क्रांतिकारी सेनानी, समायिक प्रकाशन, दिल्ली,१६८६.

## ਅਖ਼ਬਾਰਾਂ ਤੇ ਰਸਾਲੇ

1. ਅਜੀਤ (ਪੰਜਾਬੀ) ਜਲੰਧਰ
2. ਟ੍ਰਿਬਿਊਨ (ਪੰਜਾਬੀ) ਚੰਡੀਗੜ੍ਹ
3. ਅੰਗਰੇਜ਼ੀ ਅਖਬਾਰਾਂ, ਰਸਾਲੇ ਤੇ ਆਜ਼ਾਦੀ ਸਬੰਧੀ ਛਪੇ ਵਿਸ਼ੇਸ਼ ਅੰਕ

Digitized by Panjab Digital Library | www.panjabdigilib.org

ਦੇਸ਼ ਦੀ ਆਜ਼ਾਦੀ ਲਈ
ਕੁਰਬਾਨ ਹੋਣ ਵਾਲੇ
ਸਮੂੰਹ ਸ਼ਹੀਦਾਂ
ਨੂੰ ਪ੍ਰਣਾਮ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਪੰਜਾਬ ਦੇ ਲੋਕਾਂ ਅਤੇ ਵਿਸ਼ੇਸ਼ ਕਰਕੇ ਸਿੱਖਾਂ ਨੇ ਆਪਣੀ ਸੰਖਿਆ ਦੀ ਨਿਸਬਤ ਦੇਸ਼ ਦੀ ਆਜ਼ਾਦੀ ਲਈ ਸਭ ਤੋਂ ਵੱਧ ਕੁਰਬਾਨੀਆਂ ਕੀਤੀਆਂ ਹਨ। ਸੁਤੰਤਰਤਾ ਲਈ ਚਲਾਏ ਗਏ ਸੰਘਰਸ਼ ਦੌਰਾਨ ਜਿਨ੍ਹਾਂ 121 ਭਾਰਤੀਆਂ ਨੂੰ ਫਾਂਸੀ ਤੇ ਲਟਕਾਇਆ ਗਿਆ ਉਨ੍ਹਾਂ ਵਿਚੋਂ 73 ਸਿੱਖ ਸਨ। ਉਮਰ ਕੈਦ ਲਈ ਕਾਲੇ ਪਾਣੀ ਭੇਜੇ ਗਏ 2664 ਭਾਰਤੀਆਂ ਵਿਚੋਂ 2147 ਸਿੱਖ ਸਨ ਅਤੇ ਇਸੇ ਤਰ੍ਹਾਂ ਜਲ੍ਹਿਆਂਵਾਲਾ ਬਾਗ ਵਿਚ ਸ਼ਹੀਦ ਹੋਏ 1302 ਮਰਦ ਤੀਵੀਆਂ ਅਤੇ ਬਚਿਆਂ ਵਿਚੋਂ 799 ਸਿੱਖ ਸਨ। ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਜਦੋਂ ਵੀ ਭਾਰਤ ਦੀ ਆਜ਼ਾਦੀ ਦਾ ਇਤਿਹਾਸ ਲਿਖਿਆ ਜਾਂਦਾ ਹੈ ਤਾਂ ਸਾਡੇ ਇਤਿਹਾਸਕਾਰ ਸਿੱਖਾਂ ਦੀਆਂ ਕੁਰਬਾਨੀਆਂ ਨੂੰ ਬਿਲਕੁਲ ਨਜ਼ਰਅੰਦਾਜ਼ ਕਰਕੇ ਕੇਵਲ 2-4 ਹਸਤੀਆਂ ਤੇ ਹੀ ਆ ਕੇ ਕੇਂਦਰਿਤ ਹੋ ਜਾਂਦੇ ਹਨ। ਇਹ ਉਨ੍ਹਾਂ ਸ਼ਹੀਦਾਂ ਨਾਲ ਬੇਇਨਸਾਫੀ ਹੈ ਜਿਨ੍ਹਾਂ ਨੇ ਦੇਸ਼ ਦੇ ਮੱਥੇ ਤੇ ਆਜ਼ਾਦੀ ਦਾ ਸੂਰਜ ਚੜ੍ਹਦਾ ਵੇਖਣ ਲਈ ਆਪਣੀ ਜਿੰਦ ਜਾਨ, ਜ਼ਮੀਨ ਅਤੇ ਜਾਇਦਾਦ ਸਭ ਕੁਝ ਦਾਅ ਤੇ ਲਗਾ ਦਿੱਤੀ ਸੀ। ਇਸ ਪੁਸਤਕ ਵਿਚ ਕੁਲ 28 ਲੇਖ ਹਨ ਜਿਨ੍ਹਾਂ ਵਿਚੋਂ ਬਹੁਤੇ ਗ਼ਦਰ ਲਹਿਰ ਨਾਲ ਸਬੰਧਤ ਹਨ। ਪ੍ਰਮੁੱਖ ਕ੍ਰਾਂਤੀਕਾਰੀਆਂ ਵਿਚੋਂ ਸ੍ਰ: ਕਰਤਾਰ ਸਿੰਘ ਸਰਾਭਾ, ਸ੍ਰ: ਭਗਤ ਸਿੰਘ ਅਤੇ ਸ੍ਰ: ਊਧਮ ਸਿੰਘ ਦੀਆਂ ਕੁਰਬਾਨੀ ਦੇ ਨਾਲ-ਨਾਲ ਮੁੱਢਲੇ ਸੁਤੰਤਰਤਾ ਸੈਨਾਨੀਆਂ ਵਿਚੋਂ ਭਾਈ ਮਹਾਰਾਜ ਸਿੰਘ ਅਤੇ ਬਾਬਾ ਰਾਮ ਸਿੰਘ ਦਾ ਵੀ ਜ਼ਿਕਰ ਕੀਤਾ ਗਿਆ ਹੈ, ਜਿਨ੍ਹਾਂ ਨੇ ਆਜ਼ਾਦੀ ਦੀ ਸ਼ਮ੍ਹਾ ਨੂੰ ਰੌਸ਼ਨ ਕਰਨ ਲਈ ਸਭ ਤੋਂ ਪਹਿਲਾਂ ਪੰਜਾਬ ਵਿਚ ਇਸ ਸੰਗ੍ਰਾਮ ਦੀ ਸ਼ੁਰੂਆਤ ਕੀਤੀ ਸੀ। ਅਣਗੌਲੇ ਸ਼ਹੀਦਾਂ ਵਿਚੋਂ ਭਾਈ ਮੇਵਾ ਸਿੰਘ, ਭਾਈ ਰਣ ਸਿੰਘ, ਹਰੀ ਕਿਸ਼ਨ ਅਤੇ ਭਾਈ ਆਤਮਾ ਸਿੰਘ ਦਾ ਉਲੇਖ ਇਨ੍ਹਾਂ ਸ਼ਹੀਦਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੈ। ਆਖ਼ਰੀ ਲੇਖ ਆਜ਼ਾਦੀ ਦੀ ਜੰਗ ਵਿੱਚ ਸਿੱਖ ਗੁਰਦੁਆਰਿਆਂ ਦੇ ਯੋਗਦਾਨ ਨਾਲ ਸਬੰਧ ਰੱਖਦਾ ਹੈ। ਜਿਥੇ ਸਿੱਖ ਗੁਰਦੁਆਰੇ ਮਨੁੱਖ ਮਾਤਰ ਲਈ ਪਿਆਰ ਅਤੇ ਭਾਈਚਾਰੇ ਦਾ ਸੰਦੇਸ਼ ਦਿੰਦੇ ਹਨ, ਉਥੇ ਇਨ੍ਹਾਂ ਗੁਰਦੁਆਰਿਆਂ ਨੇ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿੱਚ ਦੇਸ਼ ਭਗਤਾਂ ਨੂੰ ਪਨਾਹ ਦੇ ਕੇ ਅਜਿਹੀ ਜ਼ਮੀਨ ਤਿਆਰ ਕੀਤੀ ਜਿੱਥੋਂ ਪ੍ਰੇਰਨਾ ਲੈ ਕੇ ਆਜ਼ਾਦੀ ਦੇ ਕਈ ਪਰਵਾਨੇ ਹੱਸ-ਹੱਸ ਕੇ ਫਾਂਸੀ ਦੇ ਤਖ਼ਤਿਆਂ ਤੇ ਝੂਲ ਗਏ। ਲੇਖਕ ਨੇ ਭਾਵੁਕ ਹੋਣ ਦੀ ਥਾਂ ਆਪਣੀਆਂ ਦਲੀਲਾਂ ਨੂੰ ਇਤਿਹਾਸਕ ਤੱਥਾਂ ਉਤੇ ਆਧਾਰਿਤ ਕੀਤਾ ਹੈ। ਇਸ ਤਰ੍ਹਾਂ ਇਹ ਪੁਸਤਕ ਦੇਸ਼ ਦੇ ਕੌਮੀ ਅੰਦੋਲਨ ਵਿੱਚ ਪੰਜਾਬ ਵਲੋਂ ਪਾਏ ਗਏ ਯੋਗਦਾਨ ਵਿੱਚ ਇਕ ਮਹੱਤਵਪੂਰਨ ਵਾਧਾ ਸਾਬਤ ਹੋਵੇਗੀ।

B-1663

Digitized by Panjab Digital Library | www.panjabdigilib.org